# ਧੀਰੇ ਦੀਆਂ ਪੈੜਾਂ



ਪ੍ਰਿਤਮ ਸਿੰਘ ਬੇਦੀ

4

Sri Satguru Jagjit Singh Ji Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਬੀਤੇ ਦੀਆਂ ਪੈੜਾਂ

Sri Satguru Jagjit Singh Ji Elibrary NamdhariElibrary@gmail.com

**ਏਸੇ ਕਲਮ ਤੋਂ :**

1. ਸਿਮਰਨ (ਕਵਿਤਾ)
2. ਸ੍ਰੀ ਜੀਵਨ ਨਗਰ
3. ਸ੍ਰੀ ਭੈਣੀ ਸਾਹਿਬ (ਹਿੰਦੀ ਵੀ)
4. ਸਤਿਗੁਰੂ ਜਗਜੀਤ ਸਿੰਘ : ਇਕ ਪਰਿਵਰਤਨ
5. ਇਸਤਰੀਆਂ ਦਾ ਪਹਿਲਾ ਮੁਕਤੀਦਾਤਾ
6. ਸੂਬਾ ਸਾਹਿਬ ਸਿੰਘ (ਹਿੰਦੀ ਵੀ)
7. ਸੂਬਾ ਬਚਨ ਸਿੰਘ
8. ਬੀਤੇ ਦੀਆਂ ਪੈੜਾਂ—ਭਾਗ 1, 2, 3

Sri Satguru Jagjit Singh Ji Elibrary NamdhariElibrary@gmail.com

# ਬੀਤੇ ਦੀਆਂ ਪੈੜਾਂ-4

**ਅੱਖੀਂ ਡਿੱਠੀ, ਕੰਨੀਂ ਸੁਣੀ ਰੌਚਿਕ ਗੁਰੂ ਗਾਥਾ**
**ਨਾਮਧਾਰੀ ਸਮਾਜ ਦੇ ਅਨੇਕਾਂ ਸਿੱਖਾਂ, ਸ਼ਰਧਾਲੂਆਂ**
**ਅਤੇ ਹੋਰ ਨੇੜਿਓਂ ਡਿੱਠੇ ਅਲੌਕਿਕ ਚਰਿੱਤਰਾਂ ਦਾ ਮਨ ਮੌਲਦਾ ਵਰਣਨ**

**ਪ੍ਰੀਤਮ ਸਿੰਘ ਕਵੀ**

**ਪ੍ਰੀਤਮ ਸਿੰਘ ਕਵੀ ਸਾਹਿਤ ਪ੍ਰਕਾਸ਼ਨ**
**ਨਵੀਂ ਦਿੱਲੀ**

Sri Satguru Jagjit Singh Ji Elibrary NamdhariElibrary@gmail.com

**BEETE DIAN PAIRAN (Vol. 4)**
**by**
**Pritam Singh Kavi**

1993
ਪਹਿਲੀ ਵਾਰ, 1100 ਕਾਪੀਆਂ

ਸਾਧਾਰਨ : 65 ਰੁਪਏ
ਲਾਇਬਰੇਰੀ : 150 ਰੁਪਏ

ਪ੍ਰਕਾਸ਼ਕ :
ਪ੍ਰੀਤਮ ਸਿੰਘ ਕਵੀ ਸਾਹਿਤ ਪ੍ਰਕਾਸ਼ਨ
ਜੇ-3/199 ਏ, ਰਾਜੌਰੀ ਗਾਰਡਨ,
ਨਵੀਂ ਦਿੱਲੀ-110027
ਫ਼ੋਨ : 5438202

ਛਾਪਕ :
ਜਨਰਲ ਪ੍ਰੈਸ
ਪਲਈਆਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ-110006

Sri Satguru Jagjit Singh Ji Elibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ

Sri Satguru Jagjit Singh Ji Elibrary NamdhariElibrary@gmail.com

# ਮਨ ਦੀ ਬਾਤ

ਮੈਂ ਉਨ੍ਹਾਂ ਸਾਰੀਆਂ ਸ਼ਕਤੀਆਂ ਪ੍ਰਤੀ ਦਿਲੋਂ ਕ੍ਰਿਤੱਗਿਅ ਹਾਂ, ਜੋ ਮੇਰੀ ਇਸ ਪੁਸਤਕ ਦੇ ਪ੍ਰਕਾਸ਼ਨ ਵਿਚ ਸਹਾਇਕ ਹੋਈਆਂ ਪਰ ਇਸ ਵਾਰ ਮੈਂ ਸ਼ਬਦਾਂ ਦੁਆਰਾ ਆਪਣੇ ਮਨੋਂ ਸ਼ੁਕਰਗੁਜ਼ਾਰੀ ਕੇਵਲ ਉਸ ਵਿਅਕਤੀ ਦੀ ਕਰਨੀ ਚਾਹੁੰਦਾ ਹਾਂ ਜਿਸ ਨੇ "ਬੀਤੇ ਦੀਆਂ ਪੈੜਾਂ" ਦੀ ਚੋਲੀ ਦੀ, ਡੀਜ਼ਾਈਨਿੰਗ ਕੀਤੀ। ਇਹ ਨੌਜਵਾਨ ਸੱਜਣ ਚਿੱਤਰਕਾਰ ਸੁਖਵੰਤ ਸਿੰਘ ਜਲੰਧਰ ਹੈ। ਜਦੋਂ ਉਸ ਨੇ ਮੇਰੇ ਲਈ ਇਹ ਕੰਮ ਕੀਤਾ ਓਦੋਂ ਉਹ ਪਤਨੀ ਦੇ ਸਵਰਗ ਸਿਧਾਰਨ ਦੇ ਸਦਮੇ ਨਾਲ ਰੋਮ ਰੋਮ ਅਕੁਲਾਈ ਦਸ਼ਾ ਵਿਚ ਸੀ। ਉਹ ਨਿਰਮਾਣ, ਸਨੇਹਸ਼ੀਲ, ਸੁਹਿਰਦ ਅਤੇ ਕੋਮਲ ਭਾਵਨਾਵਾਂ ਨਾਲ ਓਤ ਪ੍ਰੋਤ ਰਹਿਣ ਵਾਲਾ ਹੈ। ਮੇਰੇ ਵਾਰ ਵਾਰ ਦੇ ਕਹਿਣ ਤੇ ਉਸ ਨੇ ਆਪਣੀ ਕਿਰਤ ਭੇਟਾ ਵੀ ਸਵੀਕਾਰ ਨਹੀਂ ਕੀਤੀ।

ਪਰ ਮੈਂ ਕਿੰਨਾ ਕੁਲੱਖਣ ਸਾਬਤ ਹੋਇਆ ਕਿ ਉਸ ਪਿਆਰੇ ਇਨਸਾਨ ਲਈ ਦੋ ਸ਼ਬਦ ਵੀ ਨਹੀਂ ਕਹਿ ਸਕਿਆ। ਇਸ ਵਾਰ ਦੋ ਸਾਲਾਂ ਤੋਂ ਮੈਂ ਮਨ ਹੀ ਮਨ ਪਿਆਰੇ ਸੁਖਵੰਤ ਨੂੰ ਚਿਤਵਦਾ ਰਿਹਾ ਹਾਂ : ਸੁਖਵੰਤ, ਮੈਂ ਤੇਰਾ ਰਿਣੀ ਹਾਂ ਤੇ ਖਿਮਾ ਯਾਚਕ ਹਾਂ ਕਿ ਤੈਨੂੰ ਪਾਠਕਾਂ ਨਾਲ ਪਰਚਿਤ ਨਹੀਂ ਕਰਵਾਇਆ।

ਪਾਠਕ ਅੰਦਾਜ਼ਾ ਕਰਨ ਚਿੱਤਰਕਾਰ ਨੇ ਚੋਲੀ ਨੂੰ ਕੇਸਰੀਆ ਰੰਗ ਦੇ ਕੇ ਤਪ, ਤਿਆਗ ਅਤੇ ਕੁਰਬਾਨੀ ਦੀ ਭੂਮੀ ਤਿਆਰ ਕੀਤੀ ਉਸ ਵਿਚ ਮਾਰਗ ਉਤੇ ਦੋ ਸਫੇਦ ਲੀਹਾਂ ਪਾ ਕੇ ਬੀਤੇ ਸਮੇਂ ਦੀ ਪੈੜ ਨੂੰ ਅਨਰੂਪਿਆ, ਅਤੇ ਰਥ ਨੂੰ ਕਾਲਾ ਰੰਗ ਦੇ ਕੇ ਕਲਿਜੁਗ ਦੇ ਕਾਲੇ ਪਹਿਰੇ ਨੂੰ ਸਾਕਾਰਿਆ। ਇਸ ਦੇ ਉਪਰ ਸਫੇਦ ਮਾਲਾ ਦੇ ਮਣਕਿਆਂ ਦਾ ਚੱਕਰ ਬਣਾ ਕੇ ਸਾਤਵਿਕ ਲੋਕਾਂ ਦਾ ਕਲਿਜੁਗ ਵਿਚ ਸਤਿਜੁਗੀ ਭਾਵ ਦਰਸਾਇਆ ਹੈ। ਕਲਿਜੁਗ ਮੇਂ ਸਤਿਜੁਗ ਵਰਤਾਊਂ। ਤਬੀ ਬਾਹੂਰਾਂ ਬਪ ਕਹਾਊਂ। ਦੀ ਭਾਵਨਾ ਨੂੰ ਹੀ ਰੇਖਾਂਕਿਤ ਕੀਤਾ ਗਿਆ ਹੈ। ਚਿੱਤਰਕਾਰ ਨੇ ਮਾਲੂਮ ਨਹੀਂ ਕਿਹੜੇ ਅਰਥ ਦਿਤੇ ਹੋਣ ਪਰ ਮੈਨੂੰ ਇਹੋ ਅਰਥ ਪ੍ਰਤੀਤ ਹੋਏ ਹਨ।

ਖਿਮਾ ਯਾਚਨਾ ਆਪਣੇ ਪਾਠਕਾਂ ਅਤੇ ਪਾਤਰਾਂ ਦੋਹਾਂ ਤੋਂ ਹੈ ਕਿਉਂਕਿ ਆਪਣੇ ਸਾਰੇ ਜਤਨਾਂ ਦੇ ਬਾਵਜੂਦ ਕਿਤੇ ਕਿਤੇ ਪਰੂਫਾਂ ਦੀਆਂ ਗ਼ਲਤੀਆਂ ਰਹਿ ਹੀ ਗਈਆਂ ਨੇ ਅਤੇ ਬਾਜ਼ੀ ਥਾਵੀਂ ਇਕ ਇਕ ਦੇ ਦੋ ਨਾਮ ਵੀ ਹੋ ਗਏ ਹਨ। ਇਸ ਵਾਰ ਸਾਹਿਬ ਦਸਮੇਸ਼ ਜੀ ਦੀਆਂ ਤੁਕਾਂ ਹੀ ਮੇਰੀ ਮਦਦ ਕਰਦੀਆਂ ਹਨ : ਭੂਲ ਚੂਕ ਕਬਿ ਲੇਹੁ ਸੁਧਾਰੇ।



Sri Satguru Jagjit Singh Ji Elibrary NamdhariElibrary@gmail.com

ਪ੍ਰਸਤਾਵਨਾ ਲੇਖਕ ਸਿੱਖ ਪੰਥ ਦੀ ਸਮਰਪੱਕ ਵਿਭੂਤੀ, ਵਿਦੂਸ਼ੀ ਡਾ: ਮਹਿੰਦਰ ਕੌਰ ਗਿੱਲ, ਜੋ ਕਿ ਗੁਰਬਾਣੀ, ਗੁਰਇਤਿਹਾਸ ਅਤੇ ਗੁਰਸਿੱਖੀ ਚਰਿੱਤਰ ਦੀ ਪੰਡਿਤਾ ਹੈ ਨੇ-ਮੇਰੀ ਕਿਰਤ ਬਾਰੇ ਮੁਲਾਂਕਣ ਕਰਕੇ ਮੈਨੂੰ ਮਾਣ ਬਖਸ਼ਿਆ ਹੈ। ਮੈਂ ਡਾ: ਗਿੱਲ ਪ੍ਰਤੀ ਹਿਰਦੇ ਦੀਆਂ ਗਹਿਰਾਈਆਂ ਵਿਚੋਂ ਧੰਨਵਾਦ ਕਰਦਾ ਹਾਂ।

ਇਸ ਵਾਰ ਪੋਥੀ ਦਾ ਰੰਗ ਪਛਾਣ ਦੀ ਪਾਰੋਂ ਬਦਲਿਆ ਹੈ ਤਾਕਿ ਰੰਗੋਂ ਹੀ ਖੰਡ ਦੇ ਅੰਕ ਦਾ ਅੰਦਾਜ਼ਾ ਹੋ ਸਕੇ।

—ਪ੍ਰੀਤਮ ਸਿੰਘ ਕਵੀ
18-2-93



Sri Satguru Jagjit Singh Ji Elibrary NamdhariElibrary@gmail.com

# ਪੈੜ ਜੋ ਕਿਤੇ ਮੁਕਦੀ ਨਹੀਂ !

ਕਵੀ ਪ੍ਰੀਤਮ ਸਿੰਘ ਜੀ ਬਾਰੇ ਜਦ ਕਦੀ ਵੀ ਖ਼ਿਆਲ ਆਉਂਦਾ ਹੈ ਮਨ ਨਿਰਮਲਤਾ ਨਾਲ ਭਰ ਜਾਂਦਾ ਹੈ । ਇਹਨਾਂ ਦੇ ਪਹਿਲੋਂ ਪਹਿਲ ਦਰਸ਼ਨ ਮੈਨੂੰ ਲੁਧਿਆਣੇ ਦੇ ਲਾਗੇ ਭਾਸ਼ਾ ਵਿਭਾਗ ਦੁਆਰਾ ਕਰਵਾਏ ਗਏ ਇਕ ਸੈਮੀਨਾਰ ਵਿਚ ਹੋਏ । ਮੇਰੇ 'ਤੇ ਸੁਆਲਾਂ ਦੀ ਸੰਘਣੀ ਬੁਛਾੜ ਹੋਈ ਸੀ ਤੇ ਮੈਂ ਘਬਰਦੀ ਘਬਰਾਉਂਦੀ ਜਦੋਂ ਪੰਡਾਲ ਤੋਂ ਬਾਹਰ ਆਈ ਤਾਂ ਕੁਝ ਸੁਹਿਰਦ ਸ੍ਰੋਤਿਆਂ ਨੇ ਪ੍ਰਸ਼ੰਸਕ ਬੋਲਾਂ ਨਾਲ ਮੇਰਾ ਉਤਸਾਹ ਵਧਾਇਆ । ਕਵੀ ਜੀ ਉਹਨਾਂ ਵਿਚੋਂ ਇਕ ਸਨ । ਉੱਜਲ ਦੀਦਾਰ, ਰੌਸ਼ਨ ਅੱਖਾਂ, ਭਖਦਾ ਚੇਹਰਾ, ਚੁਸਤ ਪਹਿਰਾਵਾ, ਫਰਕਦੇ ਬੁਲ੍ਹ, ਮੇਰੇ 'ਤੇ ਬੜਾ ਨਿਰਮਲ ਪ੍ਰਭਾਵ ਪਿਆ ਤੇ ਮੈਂ ਸਹਿਜ ਹੀ ਵਾਹਿਗੁਰੂ ਵਾਹਿਗੁਰੂ ਕਰਨ ਲਗ ਪਈ । ਇਕ ਬੜਾ ਹੀ ਪਵਿੱਤਰ ਅਹਿਸਾਸ ਮਨ ਵਿਚ ਜਾਗਿਆ । ਸ਼ਾਇਦ, ਪਵਿੱਤਰਤਾ ਦੀ ਸਿਫ਼ਤ ਹੀ ਅਜੇਹੀ ਹੈ ਕਿ ਆਪਣੇ ਘੇਰੇ ਵਿਚ ਆਉਣ ਵਾਲੀ ਹਰ ਵਸਤ ਨੂੰ ਪੁਨੀਤ ਕਰ ਲੈਂਦੀ ਹੈ । ਨਾ ਮੈਂ ਹੀ ਪੁਛਿਆ ਕਿ ਉਹ ਕਿਥੋਂ ਆਏ ਸਨ ਤੇ ਨਾ ਉਹਨਾਂ ਹੀ ਦਸਿਆ । ਬੜੀ ਸੰਖੇਪ ਜੇਹੀ ਮੁਲਾਕਾਤ ਸੀ ਤੇ ਬਸ ! ਸੈਮੀਨਾਰ ਤੋਂ ਬਾਅਦ ਮੈਂ ਸਿੱਧਾ ਦਿੱਲੀ ਆਉਣਾ ਸੀ । ਸਫ਼ਰ ਦੇ ਦੌਰਾਨ ਕਿੰਨੀ ਹੀ ਵਾਰ ਇਹ ਪੁੱਛਣਾ ਮੇਰੇ ਮਨ ਵਿਚ ਜਾਗੀ ਕਿ ਉਸ ਮਿਲਣ-ਛਿਣ ਵਿਚ ਮੈਂ ਕਿਉਂ ਅਚੇਤ ਵਾਹਿਗੁਰੂ ਵਾਹਿਗੁਰੂ ਕਰਨ ਲਗ ਪਈ ਸਾਂ ? ਇਹ ਅਚਾਨਕ ਇੰਜ ਕਿਉਂ ਹੋਇਆ ਸੀ ? ਸ਼ਾਇਦ ਕਿਸੇ ਅਜਿਹੇ ਪਲ ਹੀ ਗੁਰਬਾਣੀ ਦੀ ਇਹ ਤੁਕ ਆਪਣਾ ਮਰਮ ਅਰਥ ਸਾਫ਼ ਕਰਵਾਉਂਦੀ ਹੈ :

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥

ਉਦੋਂ ਬਾਅਦ ਵੀ ਮਨ ਵਿਚ ਕਈ ਵਾਰ ਖ਼ਿਆਲ ਆਉਂਦਾ ਰਿਹਾ ਕਿ ਉਹ ਨਿਰਮਲ ਬਾਣੇ ਵਾਲੇ ਮਹਾਂਪੁਰਖ ਫੇਰ ਵੀ ਕਦੀ ਮਿਲਣ । ਦਰਅਸਲ, ਮੈਨੂੰ ਪਤਾ ਹੀ ਨਹੀਂ ਸੀ ਕਿ ਉਹ ਮੇਰੇ ਹੀ ਸ਼ਹਿਰ ਦੇ ਵਾਸੀ ਸਨ । ਇਕ ਦਿਨ ਕਿਸੇ ਆਪਣੇ ਕੰਮੀ ਮੈਂ ਭਾਪਾ ਪ੍ਰੀਤਮ ਸਿੰਘ ਜੀ ਨੂੰ ਮਿਲਣ ਗਈ । ਭਾਪਾ ਜੀ ਅਜੇ ਆਏ ਨਹੀਂ ਸਨ ਪਰ ਕੀ ਵੇਖਾਂ ਸਾਹਮਣਿਓਂ ਕਵੀ ਜੀ ਤੁਰੇ ਆ ਰਹੇ ਸਨ । ਉਸੇ ਤਰ੍ਹਾਂ ਬੁਲ੍ਹ ਫਰਕ ਰਹੇ ਸਨ, ਸਹਿਜ ਇਕਾਗਰ, ਜਿਵੇਂ ਕੋਈ ਰੂਹਾਨੀ ਵਸਤ ਲੱਭ ਪਏ, ਮੈਂ ਸੰਜਮ ਤੇ ਸ਼ਰਧਾ ਨਾਲ ਫਤਹਿ ਬੁਲਾਈ । ਹੁਣ ਨਾਮਧਾਰੀ ਜੀਵਨ-ਸ਼ੈਲੀ, ਚਿੰਤਨ ਤੇ ਇਤਿਹਾਸ ਨੂੰ ਜਾਣਨ ਦੀ ਜਿਗਿਆਸਾ ਹੋਰ ਤਿੱਖੀ ਹੋ ਗਈ । ਮੈਂ ਕਵੀ ਜੀ ਦੀਆਂ ਲਿਖਤਾਂ ਨੂੰ ਵੇਖਣ-ਚਾਖਣ ਲਗ ਪਈ । ਇਸੇ ਦੌਰਾਨ ਸ੍ਰ: ਹਰਵਿੰਦਰ ਸਿੰਘ ਹੰਸਪਾਲ ਹੋਰਾਂ ਵੀ ਇਕ ਦੋ ਮਹੱਤਵ ਪੂਰਣ ਕਿਤਾਬਾਂ ਦਿੱਤੀਆਂ । ਜ਼ਾਹਿਰ ਹੈ, ਪੜ੍ਹਨੀਆਂ ਸਨ ।



Sri Satguru Jagjit Singh Ji Elibrary NamdhariElibrary@gmail.com

ਚੀੜੇ ਦੀਆਂ ਪੈੜਾਂ ਭਾਗ 1,2,3 ਮੇਰੇ ਮੇਜ਼ ਤੇ ਹੀ ਪਈਆਂ ਰਹਿੰਦੀਆਂ ਹਨ ਮੈਂ ਆਪਣਾ ਲੇਖਨ-ਕਾਰਜ ਆਰੰਭ ਕਰਨ ਤੋਂ ਪਹਿਲੇ ਇਸ ਵਿਚੋਂ ਦੋ ਤਿੰਨ ਸਫੇ ਪੜ੍ਹ ਲੈਂਦੀ ਹਾਂ। ਇਹ ਰਚਨਾ ਟੁਕੜਿਆਂ ਵਿਚ ਪੜ੍ਹੀ ਜਾ ਸਕਦੀ ਹੈ। ਇਸ ਦਾ ਹਰ ਟੁਕੜਾ ਆਪਣੇ ਆਪ ਵਿਚ ਸੰਪੂਰਣ ਹੈ। ਠੀਕ, ਉਸੇ ਤਰ੍ਹਾਂ ਜਿਸ ਤਰ੍ਹਾਂ ਰੇਲ ਦੇ ਸਾਰੇ ਡੱਬੇ ਆਪਣੇ ਆਪ ਵਿਚ ਸੰਪੂਰਣ ਹੁੰਦੇ ਹਨ ਤੇ ਇਕ ਵੱਡੇ ਸਿਸਟਮ ਦਾ ਅੰਗ ਵੀ। ਇਸ ਰਚਨਾ ਵਿਚਲੇ ਟੁਕੜੇ ਵਖਰੇ ਵਖਰੇ ਵੀ ਹਨ ਤੇ ਇਕ ਵਡੇਰੇ ਵਿਆਪਕ ਭਾਵਨ-ਸੰਸਾਰ ਦਾ ਹਿੱਸਾ ਵੀ। ਮੇਰੇ ਚੇਤੇ ਵਿਚ ਲੌਨਜਾਈਨਸ ਦੀ ਪੰਕਤੀ ਯਾਦ ਹੋ ਆਈ ਹੈ: "ਜਿਤਨੀ ਵੱਡੀ ਭਾਵਨਾ ਦੀ ਉਡਾਣ ਹੋਵੇਗੀ, ਉਤਨੀ ਜ਼ਿਆਦਾ ਹੀ ਰਚਨਾ ਸੰਜੀਵ ਹੋਵੇਗੀ" (On the sublime ਜਾਂ ਉਦਾਤ ਬਾਰੇ) ਗੱਲ ਤਾਂ ਭਾਵਨਾ ਦੀ ਉਚਾਣ ਦੀ ਹੈ। ਕਵੀ ਜੀ ਨੇ ਚੀੜੇ ਪਲਾਂ ਨੂੰ ਭਾਵਨਾ ਨਾਲ ਸਿਰਜਿਆ ਹੈ। ਸਿਮਰਤੀ ਨੂੰ ਅਮਰ ਹੋਣ ਲਈ ਸਿਰਜਣ-ਪ੍ਰਕਿਰਿਆ ਥਾਣੀਂ ਲੰਘਣਾ ਹੀ ਪੈਂਦਾ ਹੈ। ਇਹੋ ਸਿਮਰਤੀ ਦੀ ਹੋਣੀ ਹੈ। ਉਂਞ ਸੰਸਾਰਕ ਵਿਹਾਰ ਵਿਚ:

"ਕਬੀਰ ਆਖੀ ਕੇਰੇ ਮਾਟੁਕੇ ਪਲੁ ਪਲੁ ਗਈ ਬਿਹਾਇ।"

ਪਰ ਚੀੜੇ ਪਲਾਂ ਦੀ ਪੁਨਰ ਸੁਰਜੀਤੀ ਕਲਾਕਾਰ ਦਾ ਹੀ ਕਮਾਲ ਹੈ। ਜ਼ਾਹਿਰ ਹੈ, "ਚੀੜੇ ਦੀਆਂ ਪੈੜਾਂ" ਵਿਚ ਸਿਮਰਤੀ ਸਿਰਜਣਾ ਬਣ ਕੇ ਰਹਿਣ ਲਗ ਪਈ ਹੈ। ਇਹ ਕੌਤਕ ਸਿਮਰਤੀ ਤੇ ਸਿਰਜਣਾ ਦੇ ਸੁਮੇਲ ਚੋਂ ਪੈਦਾ ਹੋਇਆ ਹੈ। "ਚੀੜੇ ਦੀਆਂ ਪੈੜਾਂ" ਨੂੰ ਖੋਜਣਾ ਕਿਸੇ ਇਕ ਅੰਧ ਦੇ ਨਸੀਬ ਵਿਚ ਹੀ ਹੁੰਦਾ ਹੈ। ਜੀਵਿਆ ਅਨੁਭਵ ਜਦੋਂ ਯਾਦ ਵਿਚ ਰੂਪਾਂਤਰਿਤ ਹੁੰਦਾ ਹੈ ਤਾਂ ਉਸ ਵਿਚ ਬੇਪਨਾਹ ਸ਼ਕਤੀ ਹੁੰਦੀ ਹੈ। ਉਦੋਂ ਅਨੁਭਵ ਸੰਚਾਰ ਦੀ ਦੌਲਤ ਨਾਲ ਮਾਲਾਮਾਲ ਹੁੰਦਾ ਤੇ ਸਿਮਰਤੀ ਨੂੰ ਸਿਰਜਣ ਦਾ ਇਕ ਕਾਰਗਰ ਸਾਧਨ ਵੀ। ਉਦੋਂ ਇਹ ਵੰਨਸੁਵੰਨ ਸਾਹਿਤ-ਰੂਪਾਂ ਵਿਚ ਤਬਦੀਲ ਹੋਣ ਦੀ ਸਮਰੱਥਾ ਰੱਖਦਾ ਹੈ। ਜਾਂ ਵੰਨਸੁਵੰਨ ਸਾਹਿਤ ਰੂਪਾਂ ਨਾਲ ਸਾਂਝ। ਉਦੋਂ ਇਹ ਸਾਹਿਤ ਬਣੇ, ਇਤਿਹਾਸ ਬਣੇ, ਡਾਇਰੀ ਬਣੇ, ਸਾਖੀ ਬਣੇ, ਜੀਵਨੀ ਬਣੇ, ਨਾਮਾ ਬਣੇ, ਬਚਨਾਵਲੀ ਜਾਂ ਕਿਸੇ ਲਘੂ ਕਾਲ-ਖੰਡ ਦਾ ਬ੍ਰਿਤਾਂਤਕ ਚਿੱਤਰ। ਮੇਰੀ ਜਾਚੇ, ਇਸ ਪੁਸਤਕ ਨੂੰ ਉਪਰ ਸੰਕੇਤਕ ਕਿਸੇ ਇਕ ਨਾਮ ਨਾਲ ਨਹੀਂ ਬੰਨ੍ਹਿਆ ਜਾ ਸਕਦਾ।

ਇਹ ਮਿਸ਼ਰਤ ਬਿਰਤੀ ਵਾਲੀ ਰਚਨਾ ਹੈ। ਇਸ ਗੱਲ ਦਾ ਰਤਾ ਕੁ ਵਿਸਤਾਰ ਉਚਿਤ ਹੈ। ਆਪਣੇ ਕਥਨ ਦੀ ਸਪੱਸ਼ਟਤਾ ਲਈ ਮੈਂ ਗੁਰਬਾਣੀ ਦਾ ਪਰਮਾਣ ਲੈਣਾ ਚਾਹਾਂਗੀ।

ਮੱਧਕਾਲ ਵਿਚ ਪੰਜਾਬੀ ਸਾਹਿਤ ਵਿਸ਼ੇਸ਼ ਕਰ ਕੇ ਧਰਮ ਮੁਖ ਰਿਹਾ ਹੈ ਜਿਸ ਵਿਚ ਗੁਰਬਾਣੀ ਸਰਬ ਸ੍ਰੇਸ਼ਟ ਹੈ। ਗੁਰਬਾਣੀ-ਸੰਰਚਨਾ ਮਿਸ਼ਰਤ ਬਿਰਤੀ ਵਾਲੀ ਹੈ। ਬਾਣੀ ਸੰਗੀਤ ਯੁਕਤ ਤਾਂ ਹੈ ਪਰ ਕੇਵਲ ਰਾਗ ਨਹੀਂ। ਇਸ ਵਿਚ ਅਧਿਆਤਮ ਗਿਆਨ ਮੌਜੂਦ ਹੈ ਪਰ ਇਹ ਸ਼ੁਧ ਸ਼ਾਸਤਰ ਨਹੀਂ। ਇਸ ਵਿਚ ਕਾਵਿ-ਰੂਪਾਂ ਦੀ ਸੰਘਣੀ ਵਰਤੋਂ ਹੋਈ ਹੈ ਪਰ ਇਹ ਸ਼ੁਧ ਕਾਵਿ-ਸ਼ਾਸਤਰ ਨਹੀਂ। ਤੇ ਨਾ ਹੀ ਨਿਰੋਲ ਸੁਹਜ ਸ਼ਾਸਤਰ। ਇਸ ਵਿਚ ਅਨੇਕ ਭਾਸ਼ਾ ਸ਼ੈਲੀਆਂ ਦੀ ਵਰਤੋਂ ਹੋਈ ਹੈ ਪਰ ਇਹ ਭਾਸ਼ਾ ਸ਼ਾਸਤਰ ਨਹੀਂ। ਇਸ ਵਿਚ ਤਤਕਾਲੀ ਸਮਾਜ ਦੀ ਕਰੜੀ ਆਲੋਚਨਾ ਹੋਈ



Sri Satguru Jagjit Singh Ji Elibrary NamdhariElibrary@gmail.com

ਹੈ ਪਰ ਇਹ ਨਿਰੋਲ ਸੁਹਜ ਸ਼ਾਸਤਰ ਨਹੀਂ । ਇਸ ਵਿਚ ਵੰਨਸੁਵੰਨ ਲੋਕ-ਜੁਗਤਾਂ ਦੀ ਵਰਤੋਂ ਹੋਈ ਹੈ ਪਰ ਇਹ ਨਿਰੋਲ ਲੋਕ ਸੰਸਕ੍ਰਿਤੀ ਦਾ ਰੂਪ ਨਹੀਂ । ਗੁਰਬਾਣੀ ਵਿਚ ਰਾਗ ਕੀਰਤਨ ਤਕ ਸੀਮਤ ਹੈ । ਕਲਾਸੀਕਲ ਗਾਇਕ ਪੱਧਤੀ ਅਨੁਸਾਰ ਨਹੀਂ ਜਿਸ ਵਿਚ ਸੰਗੀਤ ਕੌਸ਼ਲ ਨੂੰ ਪ੍ਰਮੁਖਤਾ ਪ੍ਰਾਪਤ ਹੋਵੇ । ਬਾਣੀ ਵਿਚ ਕਾਵਿ-ਰੂਪ, ਲੋਕ-ਰੂਪ, ਸੁਹਜ ਸ਼ਾਸਤਰ ਤੇ ਭਾਸ਼ਾ ਆਦਿ ਦਾ ਸੰਬੰਧ ਨਿਰੋਲ ਸੰਚਾਰ-ਜੁਗਤਾਂ ਤਕ ਹੀ ਸੀਮਤ ਹੈ । ਇਹ ਸਾਰੀਆਂ ਜੁਗਤਾਂ ਰੱਬੀ ਸੰਦੇਸ਼ ਗਾਉਣ ਹਿਤ ਹੀ ਸਾਰਥਕਤਾ ਨੂੰ ਗ੍ਰਹਿਣ ਕਰਦੀਆਂ ਹਨ । ਭਾਵਨਾ ਅਤੇ ਦਰਸ਼ਨ ਜਦੋਂ ਕ੍ਰਮਵਾਰ ਪ੍ਰਗੀਤ ਅਤੇ ਕਥਨ ਦਾ ਰੂਪ ਗ੍ਰਹਿਣ ਕਰਦੇ ਹਨ ਤਾਂ ਬਾਣੀ ਸੰਰਚਨਾ ਦਾ ਉਦੈ ਹੁੰਦਾ ਹੈ । ਬਾਣੀ ਵਿਚ ਅਨੇਕ ਮਤ ਮਤਾਂਤਰਾਂ ਦੇ ਦਰਸ਼ਨ ਹੋ ਜਾਂਦੇ ਹਨ । ਮਨੁੱਖ ਦੇ ਮਨੁੱਖੀਮਨ ਦਾ ਵੰਨਸੁਵੰਨ ਵਰਤਾਰਾ ਬਾਣੀ-ਸੰਸਕ੍ਰਿਤੀ ਦਾ ਅੰਗ ਬਣ ਗਿਆ ਹੈ । ਸਪੱਸ਼ਟ ਹੈ, ਬਾਣੀ ਦੀ ਕਿਰਤੀ ਮਿਸ਼੍ਰਤ ਹੈ । ਇਸ ਵਿਚ ਅਨੇਕ ਮੁਖ ਸ਼ਾਸਤਰਾਂ, ਚਿੰਤਨ-ਵਿਧੀਆਂ, ਜੀਵਨ-ਸ਼ੈਲੀਆਂ ਦਾ ਸਮਨਵੈ ਹੈ । ਸਮਨਵੈ ਮੁਖ ਹੋਣ ਕਰ ਕੇ ਹੀ ਬਾਣੀ ਦਾ ਸੁਭਾਉ ਸੰਜੁਗਤੀ ਵਾਲਾ ਹੈ । ਆਪਣੇ ਇਸੇ ਗੁਣ ਕਾਰਣ ਬਾਣੀ ਪੰਜਾਬੀਆਂ ਦੇ ਲੋਕ ਮਾਨਸ ਦਾ ਸਹਿਜ ਅੰਗ ਬਣ ਗਈ ਹੈ ।

ਇਹ ਤਾਂ ਹੋਈ ਮਿਸ਼੍ਰਤ ਸ਼ੈਲੀ ਦੀ ਹਲਕੀ ਜੇਹੀ ਵਿਆਖਿਆ । ਹੁਣ ਇਸ ਮਾਡਲ ਅਨੁਸਾਰ "ਬੀਤੇ ਦੀਆਂ ਪੈੜਾਂ" ਨੂੰ ਵਾਚਣਾ ਉਚਿਤ ਹੈ । ਇਸ ਰਚਨਾ ਵਿਚ ਇਤਿਹਾਸਕ ਅੰਸ਼ ਹਨ, ਜੀਵਨੀ ਆਤਮਕ ਵੇਰਵੇ ਹਨ । ਤਾਰੀਖ਼ਾਂ ਸੰਨ ਰਖਣ ਕਰਕੇ ਇਹ ਡਾਇਰੀ ਦੀ ਦਿੱਖ ਰੱਖਦੀ ਹੈ । ਸਤਿਗੁਰਾਂ ਦੇ ਬਚਨਾਂ ਦਾ ਮਜਮੂਆ ਹੋਣ ਕਰ ਕੇ ਬਚਨਾਵਲੀ ਹੈ । ਇਤਿਹਾਸਕ ਹਸਤੀਆਂ ਦੇ ਸਬੰਧੀ ਵਿਸ਼ੇਸ਼ ਨਾਲ ਜੁੜੇ ਬ੍ਰਿਤਾਂਤ-ਟੋਟੇ ਰੱਖਣ ਕਰ ਕੇ ਸਾਹਿਤ ਦੇ ਨੇੜੇ ਹੈ । ਜ਼ਾਹਿਰ ਹੈ, ਇਸ ਰਚਨਾ ਦੀ ਵਿਸ਼ੇਸ਼ਤਾ ਇਸ ਦੀ ਮਿਸ਼੍ਰਤ ਸ਼ੈਲੀ ਕਰ ਕੇ ਹੈ । ਇਥੇ ਜਾਣਨ ਜੋਗ ਤੱਥ ਤਾਂ ਇਹ ਹੈ, ਇਹ ਰਚਨਾ ਅਨੇਕ ਮੁਖ ਵੇਰਵਿਆਂ ਨਾਲ ਸੰਪੰਨ ਹੋਣ ਦੇ ਬਾਵਜੂਦ ਵੀ ਇਸ ਦੀ ਮੂਲ ਸੇਧ ਨਾਮਧਾਰੀ ਸਮਾਜ ਦੀ ਚਿੰਤਨ-ਸ਼ੈਲੀ ਨਾਲ ਜੁੜੀ ਹੋਈ ਹੈ । ਅਗਾਧ ਸ਼ਰਧਾ-ਭਾਵਨਾ ਜਿਸਦਾ ਖਾਸਾ ਹੈ । ਇਸੇ ਸ਼ਰਧਾ ਭਾਵਨਾ ਕਰ ਕੇ ਉਪਰ ਅੰਕਿਤ ਸਾਰੇ ਵੇਰਵੇ ਇਕ ਸੂਤ ਪ੍ਰੋਏ ਧਾਗੇ ਵਿਚ ਵਖੋ ਵਖ ਮਣਕੇ ਵੀ ਹਨ ਤੇ ਇਕ ਮਾਲਾ ਵੀ । ਜ਼ਾਹਿਰ ਹੈ, ਇਹ ਰਚਨਾ ਮਿਸ਼੍ਰਤ ਸ਼ੈਲੀ ਦਾ ਉੱਤਮ ਨਮੂਨਾ ਹੈ । ਇਸ ਵਿਚ ਜੀਵਨ ਦਾ ਅਪਾਰ ਸੁਹਜ ਹੈ । ਨਾਮਧਾਰੀ ਸਮਾਜ ਦੇ ਜੀਵਨ-ਜੁਗਤ ਨਾਲ ਜੁੜੇ ਅਨੇਕਾਂ ਸੰਕੇਤ ਹਨ । ਸਤਿਗੁਰਾਂ ਦਾ ਵਖੋ ਵਖ ਘਟਨਾਵਾਂ ਸਮੇਂ ਵਖੋ ਵਖਰਾ ਵਿਹਾਰ, ਉਹਨਾਂ ਦਾ ਸਤਿਸੰਗ, ਨਾਮ-ਸਿਮਰਨ, ਕੀਰਤਨ-ਮੋਹ, ਸੰਗੀਤ ਵਿਚਲੀ ਪਾਰੰਗਤਾ, ਵਿਵੇਕ ਬੁਧਿ, ਕੌਮੀ ਸੰਗਠਨ, ਦੇਸ਼ ਭਗਤੀ, ਇਤਿਹਾਸਕ ਹਸਤੀਆਂ, ਮੇਲੇ ਇਤਿਆਦਿ ਦਾ ਗਤੀਸ਼ੀਲ ਦੀਦਾਰ ਇਸ ਪੁਸਤਕ ਵਿਚ ਮੌਜੂਦ ਹੈ ।

ਇਸ ਪੁਸਤਕ ਦਾ ਮੁੱਲ-ਮਹੱਤਵ ਇਕ 'ਰੈਡੀ ਰੈਕਨਰ' ਵਰਗਾ ਵੀ ਹੈ ਜਿਸ ਤਰ੍ਹਾਂ ਰੈਡੀ ਰੈਕਨਰ ਦੀ ਵਰਤੋਂ ਹਰ ਬੰਦਾ ਨਹੀਂ ਕਰ ਸਕਦਾ, ਗਣਿਤ ਨੂੰ ਸਮਝਣ ਵਾਲਾ ਹੀ ਕਰ ਸਕਦਾ ਹੈ । ਇਸੇ ਤਰ੍ਹਾਂ ਇਸ ਪੁਸਤਕ ਤੋਂ ਲਾਭ ਹੰਸ-ਨੀਰ ਵਾਲਾ



Sri Satguru Jagjit Singh Ji Elibrary NamdhariElibrary@gmail.com

ਹੀ ਲੈ ਸਕਦਾ ਹੈ। ਜੇ ਕੋਈ ਚਾਹੇ ਨਿਰੋਲ ਸਤਿਗੁਰਾਂ ਦੇ ਬਚਨ ਹੀ ਪੜ੍ਹਨੇ ਹਨ ਤਾਂ ਉਸ ਨੂੰ ਸਫ਼ੇ ਫਰੋਲ ਕੇ ਉਥੋਂ ਤਕ ਪਹੁੰਚਣਾ ਪਏਗਾ। ਜੇ ਕੋਈ ਇਤਿਹਾਸਕ ਵੇਰਵੇ ਇਕੱਠੇ ਕਰਨੇ ਚਾਹੇ ਤਾਂ ਸਾਰੀ ਰਚਨਾ ਵਿਚੋਂ ਲੰਘਣਾ ਹੀ ਪਏਗਾ। ਜੇ ਕੋਈ ਦੇਸ਼ ਦੀਆਂ ਨਾਮੀ ਹਸਤੀਆਂ ਬਾਰੇ ਜਾਣਨਾ ਚਾਹੇ ਤਾਂ ਸਾਰੇ ਵਰਕੇ ਫਰੋਲਣੇ ਹੀ ਪੈਣਗੇ। ਪਰ ਜੇ ਫਰੋਲਣ ਦਾ ਢੰਗ ਆ ਗਿਆ ਤਾਂ ਸਭ ਕੁਝ "ਰੈਡੀ ਰੈਕਨਰ" ਦੀ ਤਰ੍ਹਾਂ ਤਿਆਰ ਹੀ ਮਿਲੇਗਾ।

ਇਹ ਪੁਸਤਕ ਭਾਰਤ ਦੇ ਸਾਂਝੇ ਵਿਰਸੇ ਨੂੰ ਰੂਪਮਾਨ ਕਰਨ ਵਲ ਵੀ ਰੁਚਿਤ ਹੈ ਪਰ ਆਪਣੀ ਮੂਲ-ਤੰਦ ਨਾਮਧਾਰੀ ਭਾਵਨਾ ਨੂੰ ਹੱਥੋਂ ਗੁਆਚਣ ਨਹੀਂ ਦੇਂਦੀ। ਸਰਬ ਸਾਂਝੀਵਾਲਤਾ ਦੀ ਭਾਵਨਾ ਇਸ ਵਿਚ ਵਿਆਪਕ ਹੈ। ਇਸ ਵਿਚ ਹਰ ਧਰਮ ਦੇ ਪ੍ਰਾਣੀਆਂ ਦਾ ਜ਼ਿਕਰ ਸਹਿਜ ਸੁਭਾਵੇਂ ਢੰਗ ਨਾਲ ਹੋਇਆ ਹੈ। ਭਾਰਤ ਵਿਚ ਵਾਪਰਦੇ ਸਮੇਂ-ਸਮੇਂ ਦਾ ਸੰਘਰਸ਼, ਰਾਜਸੀ ਤਬਦੀਲੀਆਂ, ਲੋਕਾਂ ਦੀ ਲੁੱਟ-ਖਸੁੱਟ, ਜ਼ੋਰ ਜਬਰ, ਸਮਾਜਿਕ ਵਰਤਾਰੇ ਦੇ ਵੰਨਸੁਵੰਨ ਰੰਗ ਇਸ ਪੁਸਤਕ ਵਿਚ ਤਾਣੇ ਪੇਟੇ ਵਾਂਗ ਵਿਆਪਕ ਹਨ। ਜਿਸ ਤਰ੍ਹਾਂ ਖੱਡੀ 'ਤੇ ਰੰਗ ਬਿਰੰਗੇ ਧਾਗਿਆਂ ਨੂੰ ਤਾਣੇ ਪੇਟੇ ਵਿਚ ਇਸ ਤਰ੍ਹਾਂ ਪਰੋਇਆ ਜਾਂਦਾ ਹੈ ਕਿ ਇਕ ਖੂਬਸੂਰਤ ਡੀਜ਼ਾਇਨ ਨਿਖਰ ਆਉਂਦਾ ਹੈ। ਇਸ ਰਚਨਾ ਦੀ ਹੇਠਲੀ ਤਹਿ ਵਿਚ ਭਾਰਤ ਦਾ ਸਾਂਝਾ ਸਭਿਆਚਾਰ ਝਲਕਾਂ ਮਾਰਦਾ ਹੈ ਤੇ ਨਿਖਰ ਕੇ ਆਉਂਦੀ ਹੈ ਕਵੀ ਜੀ ਦੀ ਸ਼ਰਧਾ ਯੁਕਤ ਪ੍ਰੇਮ-ਭਾਵਨਾ ਜਿਸ ਦੇ ਨਾਇਕ ਨਾਮਧਾਰੀ ਸਮਾਜ ਨਾਲ ਜੁੜੇ "ਸਤਿਗੁਰੂ ਸਾਹਿਬਾਨ" ਹਨ ਉਹਨਾਂ ਦਾ ਜੀਵਨ-ਵਿਹਾਰ ਇਸ ਰਚਨਾ ਵਿਚਲਾ ਕਰਮ-ਖੇਤਰ ਹੈ। ਇਸ ਵਿਚ ਵਿਚਰਦੇ ਉਹ 'ਜੀਵਨ ਨਗਰ' ਜੇਹੀ ਖੂਬਸੂਰਤ ਪੁਸਤਕ ਰਚਦੇ ਹਨ। ਇਸ ਵਿਚਲਾ ਬਿਆਨ ਵੈਭਵ, ਨਾਟਕੀ ਅੰਦਾਜ਼, ਪ੍ਰਬੰਧ ਪ੍ਰਕਿਰਿਆ, ਨਿੱਕੇ ਨਿੱਕੇ ਵਾਕ, ਛੋਟੇ ਛੋਟੇ ਨਜ਼ਾਰੇ, ਸ਼ਰਧਾ ਦੇ ਹੁਲਾਰੇ ਆਪਣਾ ਹੀ ਰੰਗ ਸਿਰਜਦੇ ਹਨ। ਧਰਤੀ-ਧਾਰਕ ਬੜੀ ਸ਼ਿੱਦਤ ਨਾਲ ਚਿੱਤਰਿਆ ਗਿਆ ਹੈ। ਉਸ ਦੀ ਪ੍ਰਕਾਰ ਵਿਚੋਂ ਮਾਨੁਸ਼ੀ ਧਰਤੀ ਨਾਲ ਜੁੜੇ ਪਰਮਾਰਥਕ ਵੇਰਵੇ ਰੂਪਮਾਨ ਵੀ ਹੁੰਦੇ ਹਨ ਤੇ ਪਹਿਚਾਨਣੇ ਵਰਗਾ ਰੰਗ ਵੀ ਸਿਰਜਦੇ ਹਨ। ਨਿਰਜਨ ਇਕਾਂਤ ਦਾ ਸੰਘਣੀ ਵਸੋਂ ਵਿਚ ਵਟ ਜਾਣਾ ਇਕ ਕ੍ਰਿਸ਼ਮਾ ਵੀ ਹੈ, ਰੱਬੀ ਮੇਹਰ ਵੀ ਤੇ ਸਤਿਗੁਰਾਂ ਦੇ ਨਦਰਿ-ਕਰਮ ਦੀ। ਬੇਘਰਾਂ ਦੀ ਪਨਾਹ, ਨਿਰਾਸਿਆਂ ਦੀ ਆਸਰਾ, ਤ੍ਰਿਖਾਵੰਤਾਂ ਦੀ ਤ੍ਰਿਪਤ ਭੂਮੀ ਹੈ, ਜੀਵਨ ਨਗਰ। ਇਹ ਨਿਹਾਇਤ ਖੂਬਸੂਰਤ ਬਿਰਤਾਂਤ-ਰਚਨਾ ਹੈ।

ਕਵੀ ਪ੍ਰੀਤਮ ਸਿੰਘ ਕਵਿਤਾ ਰਚਦਿਆਂ ਵੀ ਸਿਮਰਨ ਨਾਲ ਜੁੜੇ ਰਹਿੰਦੇ ਹਨ। ਲੋਕ-ਪਰਲੋਕ ਇਕੋ ਥਾਂ ਖੜੋ ਕੇ ਰਸ ਰੂਪੀ ਰਚਨਾ ਦੀ ਆਬਸ਼ਾਰ ਨੂੰ ਪ੍ਰਵਾਹਿਤ ਕਰਦੇ ਹਨ ਜਿਸ ਦਾ ਕਾਵਿ-ਮਾਧਿਅਮ ਬਣ ਜਾਂਦੇ ਹਨ : ਕਵੀ ਪ੍ਰੀਤਮ ਸਿੰਘ। ਕਵੀ ਜੀ ਦੇ ਬੋਲ ਹਨ :—

ਮੈਂ ਸਮਝਾਂ, ਮੈਂ ਹੀ ਹਾਂ ਤੇਰਾ, ਇਹ ਪਰ ਮੇਰੀ ਭੁੱਲ ਏ।
ਬਣ-ਤ੍ਰਿਣ, ਜੀਵ-ਜੰਤ, ਨਦ-ਪਰਬਤ, ਇਹ ਵੀ ਤੇਰਾ ਫੁੱਲ ਏ।



Sri Satguru Jagjit Singh Ji Elibrary NamdhariElibrary@gmail.com

ਚਾਹਣ ਜਿੰਨਾ ਹਰ ਇਕ ਨੂੰ ਦੇਵੇਂ, ਅਮੁੱਕ ਤਿਰਾ ਭੰਡਾਰਾ :
ਪੰਟ ਵਾਂਗ, ਚਾਹੀਏ ਸੋ ਪਾਈਏ, ਕੋਈ ਨਾ ਤੇਰੋ ਤੁੱਲ ਏ।

ਨਾਮ-ਅਭਿਆਸੀ ਜਦੋਂ ਸਿਮਰਨ ਨਾਲ ਜੁੜਦੇ ਹਨ ਤਾਂ ਜ਼ਰਰੇ-ਜ਼ਰਰੇ, ਕਣ-ਕਣ ਵਿਚ ਪ੍ਰਭੂ ਦੀ ਵਿਆਪਕਤਾ ਨੂੰ ਅਨੁਭਵਦੇ ਹਨ। ਇਹੋ ਪ੍ਰੇਮ ਦੀ ਸਰਬੋਚ ਅਵਸਥਾ ਹੈ। ਉਸ ਨੂੰ ਉਸ ਦਾ ਪਿਆਰਾ ਆਪ ਤੋਂ ਦੂਰ ਨਹੀਂ ਲਗਦਾ ਤੇ ਸਗੋਂ ਉਸ ਦੇ ਆਪੇ ਦਾ ਵਿਸਤਾਰ ਵੀ ਇਤਨਾ ਵਿਸ਼ਾਲ ਹੋ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਸ੍ਰਿਸ਼ਟੀ ਦੀ ਹਰ ਵਸਤ ਦਾ ਅੰਗ ਮਹਿਸੂਸ ਕਰਨ ਲਗ ਪੈਂਦਾ ਹੈ। ਇਹ ਕਈ ਜਨਮਾਂ ਦੀ ਤਪੱਸਿਆ ਦਾ ਫਲ ਹੈ। ਜ਼ਾਹਿਰ ਹੈ, ਇਹ ਕਵੀ ਪਾਰਗਾਮੀ ਸੀਰ ਵਾਲਾ ਹੈ। ਛਲਕਦਾ ਗਿਆਨ ਤੇ ਰੱਬੀ ਸਨੇਹ ਕਾਵਿ-ਬੋਲਾਂ ਰਾਹੀਂ ਰੂਪਮਾਨ ਹੋਇਆ ਹੈ। ਪਰ ਹੈ ਇਹ ਵੀ ਭਾਵਨਾ-ਵਿਆਪਾਰ। ਸਤਿਗੁਰੂ-ਭਾਵਨਾ ਦਾ ਹੀ ਚਮਤਕਾਰ ਇਕ ਮੁਖ ਵਿਚਾਰ ਹਰ ਥਾਂ ਨਜ਼ਰ ਆਉਂਦਾ ਹੈ।

ਕਵੀ ਜੀ ਦਾ ਸਿਰਜਣ-ਸੰਸਾਰ ਗਦ ਨਾਲ ਸੰਬੰਧਿਤ ਹੈ ਜਾਂ ਪਦ ਨਾਲ ਇਸ ਦਾ ਪਹਿਲਾ ਪਛਾਣ-ਚਿਹਨ ਭਾਵਨਾਤਮਕ ਹੈ। ਸ਼ੁਧ-ਭਾਵਨਾ ਉਪਰ ਉਸਰਿਆ ਇਹਨਾਂ ਦਾ ਸਾਹਿਤ-ਕਰਮ ਇਹਨਾਂ ਦੀ ਬੁਧਿ ਬਿਬੇਕ ਦਾ ਝਾਵਲਾ ਵੀ ਦੇਂਦਾ ਹੈ, ਤੇ ਹੰਸ-ਨੀਰ ਦਾ ਪ੍ਰਗਟਾਵਾ ਵੀ ਕਰਦਾ ਹੈ। ਇਸੇ ਕਾਰਣ ਵਾਧੂ ਫੋਕਟ ਕਟ ਛਾਂਟ ਦਿੱਤੇ ਗਏ ਹਨ। "ਬੀਤੇ ਦੀਆਂ ਪੈੜਾਂ" ਇਹਨੀ ਕ੍ਰਾਂਤੀ ਰਚਨਾ ਹੈ। ਇਸ ਦੀ ਜਾਣਕਾਰੀ ਨਿੱਜੀ ਡਾਇਰੀ ਤੋਂ ਸੰਸਮਰਣ ਤਕ ਦੀ ਹੈ। ਇਸ ਵਿਚ ਸਪੱਸ਼ਟਤਾ, ਸੰਖੇਪਤਾ, ਚੇਤਨਸ਼ੀਲਤਾ, ਨਾਗਰਿਕਤਾ, ਸਾਦਗੀ, ਇਮਾਨਦਾਰੀ, ਸੁਹਜ-ਸੁਆਦ, ਵਿਲਖਣਤਾ ਤੇ ਸੰਤੁਲਨ ਆਦਿ ਸਾਰੇ ਗੁਣ ਜੋ ਚੰਗੀ ਵਾਰਤਕ ਲਈ ਲੋੜੀਂਦੇ ਹਨ, ਮੌਜੂਦ ਹਨ। ਨਵੀਂ ਨਿਕੋਰ, ਦਿਲਕੋਰ ਮਾਰਦੀ ਸ਼ੈਲੀ ਪੰਜਾਬੀ-ਵਾਰਤਕ ਦੀ ਪ੍ਰਾਪਤੀ ਹੈ। ਇਸ ਵਿਚ ਬ੍ਰਿਤਾਂਤਕ ਚੰਗਣ ਖ਼ਾਸੀ ਗੂੜ੍ਹੀ ਹੈ। ਨਾਮਧਾਰੀ ਸਮਾਜ ਦੀ ਇਹ ਰੈਫਰੈਂਸ ਬੁਕ ਹੈ। ਇਸ ਤੋਂ ਹਰ ਕੋਈ ਲਾਭਵੰਤ ਹੋ ਸਕਦਾ ਹੈ।

ਕਮਾਲ ਅਚਰਜ ਹੈ, ਕਵੀ ਪ੍ਰੀਤਮ ਸਿੰਘ ਇਕ ਮੁਖ ਵਿਚਾਰ ਆਪਣੀ ਸਾਧਨਾ ਵਿਚ ਲਿਵਲੀਨ ਕਿਸੇ ਧਿਆਨੀ ਜੋਗੀ ਵਾਂਗ ਨਿਰੰਤਰ ਉਦਮਸ਼ੀਲ ਹਨ। ਇਹਨਾਂ ਦੀ ਆਦਿ-ਦ੍ਰਿੜੀ ਸਤਿਗੁਰੂ ਸ਼ਰਧਾ-ਭਾਵਨਾ ਦੀ ਅਡੋਲ ਪੇਸ਼ਕਾਰੀ ਹੈ। ਇਹਨਾਂ ਦੀਆਂ ਰਚਨਾਵਾਂ ਵਿਚ ਜਿਥੇ ਜ਼ਿੰਦਗੀ ਦਾ ਅਨੁਭਵ ਧੜਕਦਾ, ਉਮਲਦਾ ਤੇ ਛਲਕਦਾ ਦਿਸਦਾ ਹੈ ਉਥੇ ਪਹੁਫੁਟਾਲੇ ਵਰਗੀ ਸਜਰੇਪਨ ਦੀ ਵੀ ਛਾਪ ਹੈ। ਕਵੀ ਜੀ ਕੋਮਲ ਅਤੇ ਕਰੜੇ ਸ਼ਰਧਾਵਾਨ ਹਨ। ਇਹਨਾਂ ਪਾਸ ਓਤਕ ਦਾ ਠਰੰਮਾ ਹੈ। ਮਾਣ ਰਖਣਾ, ਦਾਨਾਈ ਨਾਲ ਵਰਤਣਾ, ਖਿੜੇ ਮੱਥੇ ਮਿਲਣਾ ਇਹਨਾਂ ਦੇ ਸੁਭਾਉ ਦੇ ਮੀਰੀਗੁਣ ਹਨ।

ਅਜੇਹੇ ਨਿਸ਼ਠਾਵਾਨ ਸੰਤ-ਸਾਹਿਤਕਾਰ ਤੇ ਅਨਿੰਨ ਸਤਿਗੁਰੂ-ਸੇਵਕ ਨੂੰ ਮੇਰਾ ਨਮਸਕਾਰ ਹੈ!

14.2.1993

ਮਹਿੰਦਰ ਕੌਰ ਗਿੱਲ (ਡਾ:)
(ਪ੍ਰਿੰਸੀਪਲ, ਮਾਤਾ ਸੁੰਦਰੀ ਕਾਲਿਜ, ਦਿੱਲੀ)



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

## 2 ਜਨਵਰੀ 1979, ਮੰਗਲਵਾਰ
## ਨਵੀਂ ਦਿੱਲੀ

**ਪਛਤਾਵਾ**

ਅੱਜ ਮੈਂ 3 ਵਜੇ ਬਾਅਦ ਦੁਪਹਿਰ ਜਲੰਧਰ ਵਲੋਂ ਦਿੱਲੀ ਪੁੱਜਾ। ਘਰ ਆਉਂਦਿਆਂ ਪਤਾ ਲੱਗਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੱਲ੍ਹ ਅਤੇ ਬੀਤੀ ਪਰਸੋਂ ਏਥੇ, ਅਰਥਾਤ ਦਿੱਲੀ ਵਿਚ ਸਨ। ਭਾਵ 31 ਦਸੰਬਰ ਸਾਲ 1978 ਦੇ ਅੰਤਮ ਦਿਨ ਅਤੇ ਨਵੇਂ ਸਾਲ 1979 ਦੇ ਪ੍ਰਥਮ ਦਿਨ ਸਤਿਗੁਰੂ ਜੀ ਨੇ ਦਿੱਲੀ ਵਿਖੇ ਬਿਤਾਏ। ਦਿੱਲੀ ਦੇ ਨਾਮਧਾਰੀਆਂ ਦਾ ਸੁਭਾਗ ਸੀ ਕਿ ਉਨ੍ਹਾਂ ਪਿਛਲਾ ਸਾਲ ਵੀ ਦਰਸ਼ਨਾਂ ਨਾਲ ਸੁਭਾਗਾ ਕੀਤਾ ਅਤੇ ਨਵੇਂ ਸਾਲ ਦਾ ਆਰੰਭ ਵੀ ਦਰਸ਼ਨ ਕਰਕੇ ਕੀਤਾ। ਮੈਨੂੰ ਅਫ਼ਸੋਸ ਹੋਇਆ ਕਿ ਮੈਂ ਕਿਉਂ ਇਹਨੀਂ ਦਿਨੀਂ ਦਿੱਲੀ ਨਹੀਂ ਸਾਂ। ਵੈਸੇ, ਇਹ ਦਿਨ ਮੈਨੂੰ ਮਿਲੀ ਪਹਿਲੀ ਇਤਲਾਹ ਤੋਂ ਬਦਲ ਚੁਕੇ ਸਨ।

**ਡਾ: ਕਪੂਰ**

ਮੇਰੇ ਵਡੇ ਲੜਕੇ ਮਨਧੀਰ ਸਿੰਘ ਤੋਂ ਪਤਾ ਲੱਗਾ ਕਿ ਬੀਤੇ ਦਿਨ ਡਾ: ਕਰਮ ਸਿੰਘ ਕਪੂਰ, ਸਹਾਇਕ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਏਥੇ ਮੈਨੂੰ ਮਿਲਣ ਆਏ ਸਨ। ਫਿਰ ਉਹ ਸ. ਹਰਵਿੰਦਰ ਸਿੰਘ ਹੰਸਪਾਲ ਵਲ ਚਲੇ ਗਏ। ਸਬੱਬ ਨਾਲ ਉਹ ਵੀ ਨਾ ਮਿਲੇ। ਸ੍ਰੀ ਸਤਿਗੁਰੂ ਜੀ ਦਾ ਪੂਸਾ ਰੋਡ ਕੋਠੀ ਵਿਖੇ ਪਤਾ ਲਗਾ ਤਾਂ ਆਪ ਕੋਠੀ ਨੂੰ ਹੀ [illegible] ਲੈ ਗਏ। ਉਹਨਾਂ ਨੂੰ ਕੋਈ ਪਰਵਾਰਕ ਨਿੱਜੀ ਕੰਮ ਸੀ।

## 3 ਜਨਵਰੀ 1979, ਬੁੱਧਵਾਰ
## ਨਵੀਂ ਦਿੱਲੀ

ਇਨੇ ਜਦੋਂ ਗੁਰਦੇਵ ਸਿੰਘ-ਹਰਭਜਨ ਸਿੰਘ (ਸਰੋਦ-ਸਿਤਾਰ) ਹੁਰੀਂ ਮਿਲੇ ਤਾਂ ਪਛਤਾਵਾ ਹੋਰ ਵੀ ਵਧ ਗਿਆ। ਇਨ੍ਹਾਂ ਦੱਸਿਆ, ਸੱਚੇ ਪਾਤਸ਼ਾਹ ਅੱਜ ਹੀ ਬੈਂਗਲੌਰ ਵਾਸਤੇ ਹਵਾਈ ਜਹਾਜ਼ ਤੇ ਚੜ੍ਹੇ ਸਨ। ਮੈਂ ਦਿੱਲੀ ਆਇਆ ਵੀ, ਅੱਧਾ ਦਿਨ ਦਰਸ਼ਨ ਲਾਹਾ ਨਾ ਲੈ ਸਕਿਆ।

ਇਹਨਾਂ ਤੋਂ ਪਤਾ ਲੱਗਾ ਕਿ ਸਤਿਗੁਰੂ ਜੀ ਦਿੱਲੀ ਰਿਹਾਇਸ਼ ਦੇ ਦਿਨੀਂ ਰੋਜ਼ਾਨਾ ਡਾ: ਅਮਰ ਭਾਰਤੀ ਦੇ ਘਰ ਹਰੀ ਨਗਰ ਜਾ ਕੇ ਉਸ ਦੀ ਲਿਖੀ ਹੋਈ ਪੁਸਤਕ ਦਾ ਖਰੜਾ ਸੁਣਦੇ ਰਹੇ ਹਨ। ਠਾਕੁਰ ਉਦੇ ਸਿੰਘ ਜੀ, ਸੰਤ ਪੂਰਬਾ ਅਤੇ ਸ. ਹੰਸਪਾਲ ਆਪ ਜੀ ਦੀ ਛਾਇਆ ਵਿਚ ਹੁੰਦੇ ਸਨ।



Sri Satguru Jagjit Singh Ji Elibrary NamdhariElibrary@gmail.com

## ਠਾਕੁਰ ਉਦੇ ਸਿੰਘ ਜੀ

ਇਕ ਵਜੇ ਦੇ ਕਰੀਬ 1/6 B ਪੂਸਾ ਰੋਡ ਕੋਠੀ ਗਿਆ, (ਸੇਠ ਤਰਲੋਕ ਸਿੰਘ ਦੀ ਕੋਠੀ, ਜਿਥੇ ਸ੍ਰੀ ਸਤਿਗੁਰੂ ਜੀ ਦਿੱਲੀ ਆਇਆਂ ਵਿਸ਼ਰਾਮ ਕੀਤਾ ਕਰਦੇ ਹਨ) ਠਾਕੁਰ ਉਦੇ ਸਿੰਘ ਜੀ ਯੂ.ਪੀ. ਫਾਰਮ ਤੇ ਪਹੁੰਚਣ ਲਈ ਰੇਲਵੇ ਯਾਤਰਾ ਕਰਨ ਹਿਤ ਕਾਰ ਦੁਆਰਾ ਜਾਂਦੇ ਮਿਲੇ। ਇਨ੍ਹਾਂ ਨਾਲ ਸੇਵਕ ਹਰਭਜਨ ਸਿੰਘ, ਸੰਤ ਕਿਰਪਾਲ ਸਿੰਘ ਝੱਬਰ, ਅਤੇ ਕਾਕਾ ਹਰਦਿਆਲ ਸਿੰਘ ਸਨ। ਠਾਕੁਰ ਜੀ ਨੇ ਦੱਸਿਆ ਕਿ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਦੋਹਾਂ ਥਾਵਾਂ ਦੀ ਖੇਤੀਬਾੜੀ ਦੀ ਨਿਗਰਾਨੀ ਦੀ ਆਗਿਆ ਕੀਤੀ ਹੈ, ਜੀਵਨ ਨਗਰ ਅਤੇ ਯੂ.ਪੀ. ਬਿਰਲੇ ਵਾਲਾ ਫਾਰਮ ਅਰਥਾਤ ਨਾਮਧਾਰੀ ਫਾਰਮ ਦੀ।

ਗੁਰਦੇਵ ਸਿੰਘ ਸਰੰਦ ਨੇ ਪੁਸ਼ਟੀ ਕੀਤੀ ਕਿ ਠਾਕੁਰ ਉਦੇ ਸਿੰਘ ਜੀ ਦਾ ਉਦਾਰ ਵਤੀਰਾ, ਮਸਲਿਆਂ ਵੱਲ ਉਸਾਰੂ ਪਹੁੰਚ ਅਤੇ ਆਪ ਸੰਗਤ ਨਾਲ ਮਿਲ ਕੇ ਕੰਮ ਕਰਨ ਦੀ ਰੁਚੀ ਸੇਵਕਾਂ ਅਤੇ ਨੌਕਰਾਂ ਨੂੰ ਸੰਤੁਸ਼ਟੀ ਦਿੰਦੀ ਹੈ।

## ਪ੍ਰੋਗਰਾਮ ਸਤਿਗੁਰਾਂ ਦਾ

ਸੇਠ ਸਪੁਤਰ ਧਰਮ ਸਿੰਘ ਚਾਵਲਾ ਨੇ ਦੱਸਿਆ ਕਿ ਸੱਚੇ ਪਾਤਸ਼ਾਹ ਅੱਜ ਬੰਗਲੌਰ ਠਹਿਰਣਗੇ, ਕੱਲ੍ਹ ਬੰਬਈ ਆਉਣਗੇ ਅਤੇ ਪਰਸੋਂ ਅਰਥਾਤ 5 ਜਨਵਰੀ ਨੂੰ ਬੰਬਈਓਂ ਨੈਰੋਬੀ (ਕੀਨੀਆ, ਅਫਰੀਕਾ) ਲਈ ਹਵਾਈ ਸਫਰ ਕਰਨਗੇ। ਆਪ ਜੀ ਦੀ ਸੇਵਾ ਵਿਚ ਸ੍ਰੀ ਮਾਤਾ ਚੰਦ ਕੌਰ ਜੀ (ਗੁਰੂ ਕੇ ਮਹਿਲ) ਅਤੇ ਸੇਠ ਮਹਿੰਦਰ ਸਿੰਘ ਪੁਰਖਾ ਜਾਣਗੇ। ਪਤਾ ਇਹ ਵੀ ਲੱਗਾ ਕਿ 15 ਜਨਵਰੀ ਤੱਕ ਨੈਰੋਬੀ ਰਹਿ ਕੇ 16 ਨੂੰ ਦਿੱਲੀ ਪਰਤਣਗੇ।

## ਠਾਕੁਰ ਦਲੀਪ ਸਿੰਘ ਜੀ

ਸੇਠ ਚਾਵਲਾ ਦੀ ਕੋਠੀ ਹੀ ਮੈਨੂੰ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਵੱਡੇ ਸਪੁੱਤਰ ਠਾਕੁਰ ਦਲੀਪ ਸਿੰਘ ਜੀ ਮਿਲੇ। ਉਹਨਾਂ ਆਪਣੀ ਹਾਂਗ ਕਾਂਗ ਫੇਰੀ ਦਾ ਅਨੁਭਵ ਦੱਸਿਆ। ਠਾਕੁਰ ਜੀ ਅਤੇ ਸਤਿਗੁਰੂ ਜੀ ਦਾ ਨਿੱਜੀ ਸਕੱਤਰ ਸੰਤ ਹਰਪ੍ਰੇਮ ਸਿੰਘ ਇਕੱਠੇ ਹੀ ਹਾਂਗ ਕਾਂਗ ਗਏ। ਸਵਰਗਵਾਸੀ ਸੇਠ ਗੁਰਬਖ਼ਸ਼ ਸਿੰਘ ਪ੍ਰੀਤਮ ਦਾ ਸਪੁੱਤਰ ਸੇਠ ਕੁਲਦੀਪ ਸਿੰਘ ਚਾਵਲਾ ਵੀ ਇਨ੍ਹਾਂ ਦਾ ਸਾਥੀ ਸੀ। ਇਹ ਤ੍ਰੈ ਚਾਰ ਦਿਨ ਸੇਠ ਪਿਆਰਾ ਸਿੰਘ ਜੀ ਦੇ ਸਪੁੱਤਰ ਸੇਠ ਨੌਨਿਧ ਸਿੰਘ ਦੇ ਘਰ ਰਹੇ। ਸੇਠ ਨੌਨਿਧ ਸਿੰਘ ਪਰਵਾਰ ਨੇ ਏਨਾ ਸਤਿਕਾਰ, ਨਿੱਘ ਅਤੇ ਮਿੱਠਤ ਦਿੱਤੀ ਕਿ ਠਾਕੁਰ ਜੀ ਬਹੁਤ ਪ੍ਰਭਾਵਤ ਹੋਏ ਲਗਦੇ ਸਨ। ਠਾਕੁਰ ਜੀ ਕਿਹਾ : ਬੋਲਚਾਲ ਦੀ ਸੁਅੱਛਤਾ ਅਤੇ ਮਿੱਠਤ ਦੀ ਜਾਚ ਲਾਉਣ ਲਈ ਇਕ ਸਕੂਲ ਲਾਉਣ ਦੀ ਲੋੜ ਹੈ ਤਾਕਿ ਮਾਈਆਂ ਬੀਬੀਆਂ ਨੂੰ ਵਧੀਆ ਤੇ ਪ੍ਰਭਾਵਸ਼ਾਲੀ ਬੋਲਚਾਲ ਦੀ ਜਾਚ ਆ ਜਾਵੇ!

## ਸਿਮ੍ਰਤੀ ਮੰਦਰ

ਠਾਕੁਰ ਦਲੀਪ ਸਿੰਘ ਜੀ ਨਾਲ ਸ. ਨਿਰਮਲ ਸਿੰਘ ਇੰਜਨੀਅਰ ਭੈਣੀ ਸਾਹਿਬ



Sri Satguru Jagjit Singh Ji Elibrary NamdhariElibrary@gmail.com

ਤੇ ਉਨ੍ਹਾਂ ਦਾ ਭਰਾ (ਸ਼ਾਂਇਦ ਛੋਟਾ) ਏਧਰ ਓਧਰ ਟੈਕਸੀ ਤੇ ਘੁੰਮਦੇ ਘੁਮਾਂਦੇ ਰਹੇ । ਸ. ਨਿਰਮਲ ਸਿੰਘ ਨੂੰ ਮੈਂ ਸ੍ਰੀ ਭੈਣੀ ਸਾਹਿਬ ਵਿਖੇ ਤਿਆਰ ਹੋ ਰਹੇ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਬਾਰੇ ਪੁੱਛਿਆ ਤਾਂ ਉੱਤਰ ਮਿਲਿਆ : ਸਿਰਫ ਛੱਤ ਪਾਉਣੀ ਰਹਿੰਦੀ ਹੈ । ਮਾਤਾ ਜੀ ਸ੍ਰੀ ਸਤਿਗੁਰੂ ਜੀ ਨਾਲ ਨੈਰੋਬੀ ਚਲੇ ਗਏ ਹਨ । ਉਨ੍ਹਾਂ ਦਾ ਜਾਣ ਨੂੰ ਜੀ ਤਾਂ ਨਹੀਂ ਸੀ ਕਰਦਾ, ਵਿਚੇ ਸੇਵਾ ਛੱਡ ਕੇ, ਪਰ ਸਤਿਗੁਰੂ ਜੀ ਦੇ ਹੁਕਮ ਕਰਕੇ ਆਪ ਨੇ ਜਾਣਾ ਪਰਵਾਨ ਕੀਤਾ । ਮਾਤਾ ਜੀ ਸਾਨੂੰ ਹੁਕਮ ਦੇ ਗਏ ਹਨ ਕਿ ਜਦ ਤਕ ਉਹ ਨਾ ਆਉਣ, ਤਦ ਤਕ ਅਗੇ ਉਸਾਰੀ ਨਾ ਚਲਾਈ ਜਾਵੇ । ਉਂਜ ਵੀ ਸਾਧ ਸੰਗਤ ਤੇ ਤਨਖਾਹਦਾਰ ਕਾਮੇ ਜਿਵੇਂ ਮਾਤਾ ਜੀ ਦਾ ਹੁਕਮ ਮੰਨਦੇ ਹਨ, ਹੋਰ ਕਿਸੇ ਦਾ ਨਹੀਂ ਮੰਨਦੇ ।

### ਕਿਰਪਾ ਹੋਵੇ ਤਾਂ

ਆਪਣੇ ਮਿੱਤਰ ਸੰਤ ਅਵਤਾਰ ਸਿੰਘ ਨਾਮਧਾਰੀ ਪ੍ਰਿੰਟਿੰਗ ਵਰਕਸ, ਸਦਰ ਬਾਜ਼ਾਰ ਨੂੰ ਮਿਲਿਆ ਤਾਂ ਉਹਨਾਂ ਦੱਸਿਆ ਕਿ ਉਹ ਗਾਜ਼ੀਆਬਾਦ (ਯੂ.ਪੀ.) ਇਲਾਕੇ ਵਿਚ ਆਪਣਾ ਦੂਜਾ ਪ੍ਰੈਸ ਲਾਉਣ ਦੀਆਂ ਤਿਆਰੀਆਂ ਵਿਚ ਹਨ । ਅੰਮ੍ਰਿਤਸਰੋਂ ਦੋ ਮਸ਼ੀਨਾਂ ਪ੍ਰਿੰਟਿੰਗ ਲਈ ਅਤੇ ਇਕ ਕੱਟਿੰਗ ਲਈ, ਲਿਆਕੇ ਫਿੱਟ ਕਰ ਬੈਠੇ ਹਨ, ਇਕ ਮਰਸਰੀ ਮਸ਼ੀਨ 20" × 26" ਦੀ ਲੈਣ ਜਾਣ ਵਾਲੇ ਹਨ । ਸੌਦਾ ਹੋ ਗਿਆ ਹੈ । ਰਕਮ ਮਸ਼ੀਨ ਆਪ ਚਲਾ ਕੇ ਦੇਣੀ ਹੈ । 70 ਹਜ਼ਾਰ ਤਾਰਨਾ ਪਵੇਗਾ । ਪਰ ਸਤਿਗੁਰੂ ਜੀ ਵਲੋਂ ਅਜੇ 'ਕਿਰਪਾ' ਨਹੀਂ ਹੋਈ, ਜੇ ਸਮੇਂ ਸਿਰ ਹੋ ਜਾਵੇ ਤਾਂ ਚੰਗੀ ਸੌਖੀ ਕਿਰ੍ਹ ਪਵੇ ।

## 5 ਜਨਵਰੀ 1979, ਸ਼ੁੱਕਰਵਾਰ
## ਨਵੀਂ ਦਿੱਲੀ

### ਸਹਿਯੋਗ

ਸੰਤ ਅਵਤਾਰ ਸਿੰਘ ਨਾ: ਪ੍ਰਿੰ: ਵ: ਨੂੰ ਮਿਲਣ ਗਿਆ, ਤਾਂ ਉਨ੍ਹਾਂ ਦੱਸਿਆ ਨਵੇਂ ਪ੍ਰੈਸ ਦੇ ਉਦਘਾਟਨ ਹਿਤ ਉਹ ਨਾਮਧਾਰੀ ਮਰਿਆਦਾ ਅਨੁਸਾਰ 12.1.79 ਨੂੰ ਅਖੰਡ ਪਾਠ ਆਰੰਭ ਕਰ ਕੇ 14 ਜਨਵਰੀ ਨੂੰ ਭੋਗ ਪੁਆਣਗੇ । ਪਾਠੀਆਂ ਦੀ ਤਿਆਰੀ ਲਈ ਉਹ ਮੈਨੂੰ ਨਾਲ ਲੈ ਜਾ ਕੇ ਖ਼ਿਆਲੇ (ਨਵੀਂ ਦਿੱਲੀ) ਪਿੰਡ ਪੁੱਜੇ । ਓਥੇ ਸੰਤ ਸੁਰਿੰਦਰ ਸਿੰਘ ਅਤੇ ਹੋਰ ਦੋ ਚਾਰ ਨਾਮਧਾਰੀ ਘਰਾਂ ਦੇ ਉੱਦਮ ਨਾਲ ਸ੍ਰੀ ਗੁਰੂ ਸਿੰਘ ਸਭਾ ਦੇ ਗੁਰਦੁਆਰੇ ਨਾਮਧਾਰੀ ਮਰਿਆਦਾ ਅਨੁਸਾਰ ਅਖੰਡ ਪਾਠ ਹੋ ਰਿਹਾ ਸੀ । ਸੁਰਿੰਦਰ ਸਿੰਘ ਹੁਰਾਂ ਦੱਸਿਆ : ਅਸਾਂ ਏਥੇ ਸਿੰਘ ਸਭਾ ਤੋਂ ਸਹਿਯੋਗ ਲਿਆ ਹੈ ਅਤੇ ਬੜਾ ਪ੍ਰਭਾਵਸ਼ਾਲੀ, ਭੋਗ ਦੇ ਮੌਕੇ ਤੇ, ਦੀਵਾਨ ਸਜਾਵਾਂਗੇ ।

ਸਹਿਯੋਗ ਦਾ ਆਦਾਨ ਪ੍ਰਦਾਨ ਹੀ ਜ਼ਿੰਦਗੀ ਨੂੰ ਸੁਖਾਵਿਆਂ ਬਣਾਉਂਦਾ ਹੈ ।

ਸੰਤ ਸਵਰਨ ਸਿੰਘ ਵਿਸ਼ਨੂੰ ਗਾਰਡਨ ਵਾਲਿਆਂ ਨੂੰ ਮਿਲ ਕੇ ਅਸਾਂ 12 ਤਾਰੀਖ਼ ਲਈ ਅਖੰਡ ਪਾਠੀ ਨਿਸ਼ਚਿਤ ਕਰ ਲਏ । ਰਾਤ ਅਵਤਾਰ ਸਿੰਘ ਜੀ ਸਾਡੇ ਪਾਸ ਹੀ ਰਹੇ ।



Sri Satguru Jagjit Singh Ji Elibrary NamdhariElibrary@gmail.com

## 6 ਜਨਵਰੀ 1979, ਸ਼ਨੀਵਾਰ
## ਨਵੀਂ ਦਿੱਲੀ

### ਜਿਹੜਾ ਝੱਲੇ ਗੁਰਾਂ ਦੀਆਂ

ਸੰਤ ਗੁਰਮੁਖ ਸਿੰਘ 'ਕੰਵਲ' ਪਾਸ ਮੈਂ ਅਤੇ ਗੁਰਦੇਵ-ਹਰਭਜਨ ਸਿੰਘ ਗਏ, ਨਾਲ ਹੀ ਸ੍ਰੀ ਸਤਿਗੁਰੂ ਜੀ ਦੇ ਪਸੰਦੀਦਾ ਗਵੱਈਏ ਸ੍ਰੀ ਰਾਜਨ ਮਿਸ਼ਰਾ ਸਨ। ਕੰਵਲ ਜੀ ਦੀ ਘੜੀਆਂ ਦੀ ਦੁਕਾਨ, ਕਰੋਲ ਬਾਗ਼ ਵਿਚ ਹੈ। ਚਰਚਾ ਛਿੜੀ, ਤਾਂ ਸ. ਗੁਰਮੁਖ ਸਿੰਘ ਨੇ ਕਿਹਾ : ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਸੰਗੀਤ ਕਲਾ ਦੇ ਮਹਾਨ ਗਿਆਤਾ ਸਨ। ਅਸਾਂ ਅਫ਼ਰੀਕਾ ਵਿਚ ਵੇਖਿਆ ਕਿ ਸਾਨੂੰ ਉਨ੍ਹਾਂ ਦੇ ਬੋਲ ਕੋਈ ਨਹੀਂ ਸੀ ਦਿਸਦਾ। ਉਹਨਾਂ ਦੀ ਸ਼ਖ਼ਸੀਅਤ ਪ੍ਰਭਾਵਸ਼ਾਲੀ ਤਾਂ ਸੀ ਹੀ, ਜਾਦੂ ਭਰੀ ਵੀ ਸੀ। ਇਕ ਸਮਾਗਮ ਸਮੇਂ ਧਰਮਸਾਲਾ ਦੇ ਬਾਹਰ 10-12 ਨਿੰਦਕ ਖਲੋਤੇ ਹੋਏ ਸਨ। ਖੜੇ ਗੱਪ-ਸ਼ਪੌੜੇ ਚਲਦੇ ਰਹੇ। ਤਦੇ ਸ਼ਬਦ ਚ ਸ੍ਰੀ ਸਤਿਗੁਰੂ ਜੀ ਦੀ ਵਾਰ ਆ ਗਈ। ਸੱਚੇ ਪਾਤਸ਼ਾਹ ਖਿੜੇ-ਖਿੜੇ ਅੰਦਰੋਂ ਨਿਕਲੇ ਤਾਂ ਚਿਹਰੇ ਦਾ ਨੂਰ ਤਕ ਨਿੰਦਕਾਂ ਤੋਂ ਵੀ ਜਰਿਆ ਨਾ ਗਿਆ। ਸਾਥੋਂ ਵੀ ਪਹਿਲਾਂ ਚਰਨਾਂ ਤੇ ਸਿਰ ਝੁਕਾ ਕੇ ਉਨ੍ਹਾਂ ਨਮਸਕਾਰ ਕੀਤੀ। ਅਸਾਂ ਮਹਿਸੂਸ ਕੀਤਾ ਕਿ ਜੋ ਨਾਮਧਾਰੀ ਧਾਰਨਾ ਪੜ੍ਹਦੇ ਹੁੰਦੇ ਸਨ, "ਜਿਹੜਾ ਝੱਲੇ ਗੁਰਾਂ ਦੀਆਂ ਝਾਲਾਂ" ਸੋ ਠੀਕ ਹੀ ਹੈ।

### ਵਾਹ ਓਇ ਬੰਦਿਆ !

ਸ੍ਰੀ ਕੰਵਲ ਤੋਂ ਵਿਹਲੇ ਹੋ ਕੇ, ਸ੍ਰੀ ਰਾਜਨ ਮਿਸ਼ਰਾ ਨੂੰ ਨਾਲ ਲੈ, ਚਾਂਦਨੀ ਚੌਕ ਵਿਚੋਂ ਗੁਰਦੇਵ ਸਿੰਘ ਸਰੋਫ ਦੇ ਸ਼ੌਕ ਨੂੰ ਮੁਖ ਰਖ 'ਨੀਲਮ' ਖ਼ਰੀਦਣ ਗਏ। ਉਸ ਨੇ ਕਿਤੋਂ ਸੁਣਿਆ ਹੈ ਕਿ ਜੇ ਨੀਲਮ ਦਾ ਪੱਥਰ ਕੋਲ ਰੱਖਿਆਂ ਸੂਤ ਆ ਜਾਇ ਤਾਂ ਜ਼ਿੰਦਗੀ ਵਿਚ ਲਹਿਰਾਂ ਬਹਿਰਾਂ ਹੋ ਜਾਂਦੀਆਂ ਹਨ, ਜੇ ਨੁਕਸਾਨ ਕਰਨ ਤੇ ਆ ਜਾਇ ਤਾਂ ਵੀ ਪਰਲੇ ਦਰਜੇ ਦਾ। ਵਾਹ ਬੰਦਿਆ! ਕੋਈ ਨਾ ਕੋਈ ਵਹਿਮ ਗਲ ਪਾ ਕੇ ਹੀ ਤੁਰਦਾ ਹੈਂ!

### ਇੰਜ ਵੀ ਹੁੰਦਾ ਹੈ

ਅੱਜ ਦਿੱਲੀ ਵਿਚ ਲੋਕਲ ਬੱਸਾਂ ਬੰਦ ਹਨ। ਪੁਲਿਸ ਅਤੇ ਡੀ.ਟੀ.ਸੀ. ਵਾਲਿਆਂ ਦੀ ਮੁੱਠਭੇੜ ਹੋ ਗਈ ਹੈ। ਤਮਾਮ ਡਰਾਈਵਰਾਂ ਨੇ ਕੱਲ੍ਹ ਦੀ ਹੜਤਾਲ ਕੀਤੀ ਹੋਈ ਹੈ। ਡਰਾਈਵਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਕਿਸੇ ਸਾਥੀ ਨੇ ਇਕ ਜੇਬ ਕਤਰੇ ਨੂੰ ਫੜਿਆ। ਉਸ ਨੇ ਛੁਰਾ ਮਾਰ ਕੇ ਡਰਾਈਵਰ ਦੀ ਜਾਨ ਲੈ ਲਈ। ਜੇ ਜੇਬ ਕਤਰੇ ਨੂੰ ਪੁਲਿਸ ਦੇ ਹਵਾਲੇ ਕੀਤਾ ਤਾਂ ਪੁਲਸੀਆਂ ਦੋਸ਼ੀ ਨੂੰ ਛੱਡ ਦਿਤਾ। ਲੋਕਲ ਬੱਸਾਂ ਦੀ ਹੜਤਾਲ ਕਾਰਨ ਸਕੂਟਰਾਂ ਟੈਕਸੀਆਂ ਵਾਲਿਆਂ ਦੀ ਚਾਂਦੀ ਹੋ ਰਹੀ ਹੈ। ਮੂੰਹ ਮੰਗੇ ਮੁੱਲ ਤੋਂ ਮੁਸਾਫ਼ਰ ਢੋਏ ਜਾ ਰਹੇ ਹਨ। ਇਹ ਦਿੱਲੀ ਹੈ, ਰਾਜਧਾਨੀ ਹੈ।



Sri Satguru Jagjit Singh Ji Elibrary NamdhariElibrary@gmail.com

## 14 ਜਨਵਰੀ 1979, ਐਤਵਾਰ
## ਸਾਹਿਬਾਬਾਦ, (ਗ਼ਾਜ਼ੀਆਬਾਦ, ਯੂ.ਪੀ.)

**ਸੰਤ ਅਵਤਾਰ ਸਿੰਘ ਨਾ: ਪ੍ਰਿੰ: ਵ:**

ਸੰਤ ਅਵਤਾਰ ਸਿੰਘ ਸਪੁਤ੍ਰ ਸੰਤ ਵਜ਼ੀਰ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਸਾਹਿਬਾਬਾਦ, ਦੇ ਸਥਾਨ ਤੇ ਪ੍ਰੈਸ ਸਥਾਪਤੀ ਲਈ ਦੋ ਛਪਾਈ ਮਸ਼ੀਨਾਂ ਅੰਮ੍ਰਿਤਸਰੋਂ ਖ਼ਰੀਦ ਕੇ ਲਾ ਦਿੱਤੀਆਂ ਹਨ ਅਤੇ ਇਕ ਪ੍ਰਿੰਟਿੰਗ ਮਸ਼ੀਨ ਅਗਲੇ ਐਤਵਾਰ ਬੈਂਗਲੋਰ (ਕਰਨਾਟਕ) ਤੋਂ ਲੈਣ ਜਾਣਾ ਹੈ। ਇਸ ਪ੍ਰੈਸ ਦੇ ਉਦਘਾਟਨ ਅਤੇ ਸਪੁੱਤਰ ਦੀਪ ਸਿੰਘ ਦੇ ਘਰ ਹੋਏ ਜੋੜੇ ਲੜਕਿਆਂ ਦੀ ਖ਼ੁਸ਼ੀ ਵਿਚ, ਨਾਮਧਾਰੀ ਧਰਮਸਾਲਾ ਸਾਹਿਬਾਬਾਦ ਵਿਖੇ, ਸਾਧ ਸੰਗਤ ਅਤੇ ਰਿਸ਼ਤੇਦਾਰਾਂ ਨੇ ਮੀਂਹ ਝੜੀ ਦੀ ਪਰਵਾਹ ਨਾ ਕਰਕੇ, ਆਸਾ ਦੀ ਵਾਰ ਦਾ ਕੀਰਤਨ ਸੁਣਿਆ।

ਇਕ ਅਖੰਡ ਪਾਠ ਅਤੇ ਇਕ ਸਾਧਾਰਨ ਪਾਠ ਦਾ ਭੋਗ ਸੰਤ ਅਵਤਾਰ ਸਿੰਘ ਵਲੋਂ ਪੁਆਇਆ ਗਿਆ। ਇਸ ਤੋਂ ਉਪਰੰਤ ਸੰਤ ਬਲਵੰਤ ਸਿੰਘ, ਸੰਤ ਅਵਤਾਰ ਸਿੰਘ ਦੇ ਛੋਟੇ ਭਾਈ ਨੇ ਕੀਰਤਨ ਵਿਆਖਿਆ ਕੀਤੀ। ਸੰਤ ਬਲਵੰਤ ਸਿੰਘ ਗੁਰਬਾਣੀ ਦਾ ਕੀਰਤਨ ਬੜੀ ਪ੍ਰਚੱਲਤ ਰਾਗਾਂ ਵਿਚ, ਸੰਗਤ ਨੂੰ ਨਾਲ ਲੈ, ਕਰਦਾ ਹੈ, ਉਸ ਦੀ ਵਿਆਖਿਆ ਤੇ ਸਾਖੀਆਂ ਬੜੀਆਂ ਆਕਰਸ਼ਕ ਰਹਿੰਦੀਆਂ ਹਨ ਅਤੇ ਉਹ ਆਪਣਾ ਮੂਡ ਏਨਾ ਭਾਵਾਤਮਕ ਬਣਾ ਲੈਂਦਾ ਹੈ ਕਿ ਉਹਦੀਆਂ ਅੱਖਾਂ ਦੇ ਕੋਨਿਆਂ ਵਿਚ ਪਾਣੀ ਆ ਜਾਂਦਾ ਹੈ। ਸੰਗਤ ਉਤੇ ਉਹਦਾ ਮੁਨਾਸਬ ਪ੍ਰਭਾਵ ਪੈਂਦਾ ਹੈ।

ਕੀਰਤਨ ਉਪਰੰਤ ਮੈਂ ਸੰਤ ਅਵਤਾਰ ਸਿੰਘ ਦੀ ਥਾਂ, ਮਿੱਤਰ ਹੋਣ ਦੇ ਨਾਤੇ, ਸਾਧ ਸੰਗਤ ਅਤੇ ਬਲਵੰਤ ਸਿੰਘ ਜੀ ਦਾ ਧਨਵਾਦ ਕੀਤਾ ਤਾਂ ਸੰਤ ਅਮਰ ਸਿੰਘ ਗੱਡ, (80) ਨਵੀਂ ਕਰੀਮ, ਦਿੱਲੀ ਵਾਲੇ, ਜੁ ਸੰਤ ਅਵਤਾਰ ਸਿੰਘ ਦੇ ਸਹੁਰਾ ਸਾਹਿਬ ਹਨ, ਮਾਈਕ ਸਾਹਵੇਂ ਕੁਝ ਬੋਲਣ ਲਈ ਉਠੇ। ਉਨ੍ਹਾਂ ਕਿਹਾ :

"ਮੇਰੀ ਲੜਕੀ ਸ਼ੀਲਾ (ਹੁਣ ਮਨਜੀਤ ਕੌਰ) ਜਦ ਜੁਆਨ ਹੋਈ ਤਾਂ ਮੈਂ ਆਪਣੇ ਇਕ ਮਿੱਤਰ ਬੂਟਾ ਸਿੰਘ ਨੂੰ ਕਿਹਾ, ਕੋਈ ਚੰਗਾ ਲੜਕਾ ਦੱਸੇ। ਇਕ ਮੌਸ ਫੁੱਟਦਾ ਨਾਮਧਾਰੀ ਗੱਭਰੂ, ਆਪਣੇ ਪੈਰ ਨਾਲ, ਇਕ ਪ੍ਰੈਸ ਵਿਚ, ਟ੍ਰੇਡਲ ਮਸ਼ੀਨ ਚਲਾ ਰਿਹਾ ਸੀ। ਹੱਥ, ਪੈਰ, ਮੂੰਹ, ਕੰਮ ਕਰਦਿਆਂ ਕਾਲੇ ਹੋਏ-ਹੋਏ। ਉਸ ਲੜਕੇ ਨੇ, ਦੂਜਿਆਂ ਨਾਮਧਾਰੀਆਂ ਵਾਂਗ, ਮੇਰਾ ਸਤਿਕਾਰ ਚਰਨੀਂ ਹੱਥ ਲਾ ਕੇ ਕੀਤਾ। ਮੈਂ ਬਿਨਾਂ ਹੋਰ ਕੁਝ ਕਹਿਣ ਤੋਂ, ਉਹਦੀ ਜੇਬ ਵਿਚ ਦੋ ਰੁਪਏ (ਉਦੋਂ ਮਮਾਨਤ ਨਹੀਂ ਸੀ) ਪਾ ਆਇਆ। ਫਿਰ ਆਪਣੇ ਸੱਜਣ ਨੂੰ ਨਾਲ ਲੈ ਉਹਦੀ ਮਾਂ ਨੂੰ ਜਾ ਮਿਲਿਆ। ਉਸ ਨੂੰ ਦੱਸਿਆ ਕਿ ਉਹਦਾ ਲੜਕਾ ਮੰਗ ਆਇਆ ਹਾਂ। ਉਸ ਨੇ ਸਨੰਮਰ ਆਖਿਆ : ਸਾਡੇ ਪਾਸ ਖ਼ਰਚ ਕਰਨ ਨੂੰ ਕੁਝ ਨਹੀਂ, ਕੇਵਲ ਸਤਿਗੁਰੂ ਦਾ ਨਾਮ ਹੀ ਹੈ। ਮੈਂ ਆਖਿਆ, ਇਸ ਤੋਂ ਵੱਧ ਸਾਨੂੰ ਹੋਰ ਕੀ ਲੋੜ ? ਜਿਸ ਕੋਲ ਸਤਿਗੁਰੂ ਦਾ ਨਾਮ, ਉਸ ਕੋਲ ਲੱਖ ਪਾਤਸ਼ਾਹੀਆਂ !



Sri Satguru Jagjit Singh Ji Elibrary NamdhariElibrary@gmail.com

ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥
ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥

ਤੁਸੀਂ ਕੋਈ ਚਿੰਤਾ ਨ ਕਰੋ। ਪਰ ਇਹ ਖ਼ਾਨਦਾਨ ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ ਸ਼ਾਹ ਹੁਕਮ ਸਿੰਘ ਸਖਾਣਿਆਂ ਵਾਲਿਆਂ ਦਾ ਖ਼ਾਨਦਾਨ ਸੀ, ਜਿਸ ਪਾਸੋਂ ਲੋਕੀਂ ਤੋਲ ਕੇ ਰੁਪਏ ਲਿਆ ਕਰਦੇ ਸਨ ਤੇ ਤੋਲ ਕੇ ਹੀ ਵਾਪਸ ਕੀਤਾ ਕਰਦੇ ਸਨ। ਸ਼ਾਹ ਜੀ ਕਿਹਾ ਕਰਦੇ ਸਨ, ਗਿਣਤੀਆਂ ਕੌਣ ਕਰੇ ? ਰਵੇ ਏਨੀ ਬਾਦਸ਼ਾਹੀ ਸੀ। ਪਿਤਾ ਦੀ ਕੁਵੇਲੇ ਮਿਰਤੂ ਹੋਣ ਕਾਰਨ ਛੋਟੇ ਛੋਟੇ ਬੱਚੇ ਪਾਲਣੇ ਦੁਭਰ ਹੋਏ ਪਏ ਸਨ। ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਨੰਤ ਕਿਰਪਾ ਸਦਕਾ, ਅੱਜ ਹੋਰ, ਕੱਲ੍ਹ ਹੋਰ ਕਰਦਿਆਂ ਸੁਹਣੀ ਪਰਵਾਰਕ ਜ਼ਿੰਦਗੀ ਅਵਤਾਰ ਸਿੰਘ ਚਲਾਂਦਾ ਆਇਆ ਹੈ ਅਤੇ ਅੱਜ ਤਾਂ ਇਸ ਤੇ ਸਤਿਗੁਰੂ ਦੀ ਬੇਓੜਕੀ ਬਖ਼ਸ਼ਿਸ਼ ਹੈ।"

ਆਪਣੇ ਸਹੁਰੇ ਦੇ ਬੈਠਦਿਆਂ ਹੀ ਅਵਤਾਰ ਸਿੰਘ ਉਠ ਕੇ ਮਾਈਕ ਸਾਹਵੇਂ ਆ ਗਏ। ਕਣਕ ਵਰਣਾ ਲੰਮਾ ਦਾਹੜਾ, ਉਭਰਵੀਆਂ ਮੁੱਛਾਂ, ਦਰਮਿਆਨਾ ਕੱਦ ਕਾਠ। ਭੀਰੀਂ ਭਰਵਾਨ। ਅਵਤਾਰ ਸਿੰਘ ਜੀ ਬੋਲੇ :

"ਸਾਧ ਸੰਗਤ ਜੀ, ਜੋ ਮੈਂ ਅੱਜ ਅਖੰਡ ਪਾਠ ਕਰਵਾਣ ਅਤੇ ਆਪ ਜੀ ਦੀ ਪ੍ਰਾਹੁਣਚਾਰੀ ਕਬੂਲਣ ਦੇ ਯੋਗ ਹੋਇਆ ਹਾਂ, ਸੱਚੀ ਗੱਲ ਹੈ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਿਹਰ ਸਦਕਾ ਹੀ ਹੋਇਆ ਹਾਂ। (10 ਅਪਰੈਲ 1966 ਦੀ: ਵਿਚ) ਸੰਤ ਮੰਗਲ ਸਿੰਘ ਡਾਇਲਪੁਰੀ ਦੇ ਸੰਗ ਸਮੇਂ ਪ੍ਰੀਤਮ ਸਿੰਘ, ਅਮਰ ਭਾਰਤੀ, ਐਸ. ਐਸ. ਮਨਪੋਰ ਦੀ ਜਾਣਕਾਰੀ ਵਜੋਂ ਬਾਣੀ ਨਜ਼ਰ ਕਿਆ। ਕੁਝ ਇਕਾਂਤ ਵੇਖ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ : ਕਿਰਪਾ ਕਰੋ ਮੇਰੇ ਤੇ ! ਸਤਿਗੁਰਾਂ ਬਚਨ ਕੀਤਾ : ਦੱਸ, ਕੀ ਗੱਲ ਹੈ ?

"ਸੱਚੇ ਪਾਤਸ਼ਾਹ ਮਾਇਆ ਚਾਹੀਦੀ ਹੈ।"

"ਕਿੰਨੀ ?"

"ਦਸ ਹਜ਼ਾਰ ਜੀ।"

"(ਵਿਨੋਦ ਨਾਲ) 'ਮਾਇਆ' ਤਾਂ ਤੇਰੀ ਮਾਸੀ ਹੈ ਪਟਨੇ ਵਾਲੀ, ਉਹ ਤਾਂ ਪਹਿਲਾਂ ਹੀ ਤੇਰੇ ਕੋਲ ਹੈ, ਸਾਡੇ ਪਾਸ ਤਾਂ ਖ਼ੁਸ਼ੀਆਂ ਹੀ ਹਨ।"

"ਪਰ ਮੈਨੂੰ ਤਾਂ ਜੀ ਨਕਦ ਨਾਵਾਂ ਚਾਹੀਦਾ ਹੈ, ਦਸ ਹਜ਼ਾਰ, ਵਾਪਸ ਕਰ ਦਿਆਂਗਾ।"

"ਕਿੰਨੇ ਚਿਰ ਵਿਚ ?"

"ਬਸ ਜੀ, ਦੋਹ ਸਾਲਾਂ ਵਿਚ।"

"ਦੋ ਸਾਲ ਕੌਣ ਉਡੀਕੇਗਾ, ਸਾਨੂੰ ਤਾਂ ਸਾਲ ਵਿਚ ਵਾਪਸ ਮਿਲਣੇ ਚਾਹੀਦੇ ਹਨ।"

"ਜੇ ਆਪ ਕਿਰਪਾ ਕਰੋਗੇ ਤਾਂ ਸਾਲ ਵਿਚ ਹੀ ਵਾਪਸ ਹੋ ਜਾਣਗੇ।" ਅਤੇ ਏਨਾ ਸੁਣ ਕੇ ਆਪ ਜੀ ਨੇ ਅੰਦਰ ਬੈਠੇ ਮਹਾਰਾਜ ਜੀ ਵਲ ਇਸ਼ਾਰਾ ਕਰ ਦਿਤਾ। "ਪੈਸੇ ਤਾਂ



Sri Satguru Jagjit Singh Ji Elibrary NamdhariElibrary@gmail.com

ਉਹ ਵੇਖਣਗੇ, ਉਹਨਾਂ ਖਾਸ ਹੀ ਹੁੰਦੇ ਹਨ, ਉਨ੍ਹਾਂ ਤੋਂ ਪੁੱਛ ਲੈ। ਸਾਡੇ ਪਾਸ ਤਾਂ ਖ਼ੁਸ਼ੀਆਂ ਹੀ ਖ਼ੁਸ਼ੀਆਂ ਹਨ।"

"ਕਿਰਪਾ ਕਰੋ, ਆਪ ਖ਼ੁਸ਼ੀਆਂ ਬਖਸ਼ੋ। ਪੈਸੇ ਬਾਰੇ ਮਹਾਰਾਜ ਜੀ ਨੂੰ ਪੁੱਛ ਵੇਖਾਂਗਾ।" ਅਤੇ ਅਗਲੇ ਦਿਨ ਹੀ ਮੈਂ ਇਕ ਮਸ਼ੀਨ ਖ਼ਰੀਦਣ ਚਲਾ ਗਿਆ। ਇਹ ਸਤਿਗੁਰਾਂ ਦੀ ਕਿਰਪਾ ਅਤੇ ਖ਼ੁਸ਼ੀਆਂ ਹੀ ਸਨ ਕਿ ਮੈਨੂੰ ਸੱਚਮੁੱਚ ਦਸ ਹਜ਼ਾਰ ਰੁਪਏ ਦੀ ਮਸ਼ੀਨ ਢਾਈ ਹਜ਼ਾਰ ਵਿਚ ਮਿਲ ਗਈ। ਅਤੇ ਮੈਂ 'ਨਾਮਧਾਰੀ ਪ੍ਰਿੰਟਿੰਗ ਵਰਕਸ' ਨਾਂ ਦਾ ਪ੍ਰੈਸ ਬਸਤੀ ਹਰਫੂਲ ਸਿੰਘ, ਸਦਰ ਬਾਜ਼ਾਰ, ਦਿੱਲੀ, ਵਿਚ ਸਟਾਰਟ (ਸ਼ੁਰੂ) ਕਰ ਦਿਤੀ। ਅੱਜ ਵੀ ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਖ਼ੁਸ਼ੀਆਂ ਦੀ ਬਦੌਲਤ ਹੈ ਕਿ ਮੈਂ ਨਵੀਂ ਬਿਲਡਿੰਗ ਬਣਾ ਕੇ ਦੂਜਾ ਪ੍ਰੈਸ, ਦੂਜੇ ਪ੍ਰਾਂਤ ਵਿਚ ਆਰੰਭ ਕਰਨ ਜਾ ਰਿਹਾ ਹਾਂ।"

ਸੰਤ ਅਵਤਾਰ ਸਿੰਘ ਪ੍ਰੈਸ ਮੁਬਾਰੰਭ ਦੇ ਬਹਾਨੇ ਆਪਣੇ ਪੋਤਰਿਆਂ, ਦੀਪ ਸਿੰਘ ਦੇ ਜੋੜੇ ਬੱਚਿਆਂ ਦਾ ਧਮਾਣ ਵੀ ਕਰ ਰਿਹਾ ਹੈ। ਲੜਕੀ ਵਲੋਂ ਕੁੜਮ ਸੰਤ ਝੰਡਾ ਸਿੰਘ (ਰੋਸ਼ਣਪੁਰੀ) ਰੋਸ਼ਨਆਰਾ ਰੋਡ ਵਾਲੇ ਅਤੇ ਡਾ: ਕਪੂਰ ਸਿੰਘ ਕਾਨਪੁਰੀ (ਲੜਕੇ ਵਲੋਂ ਕੁੜਮ) ਵੀ ਮੌਜੂਦ ਸਨ।

## ਨਾਮਧਾਰੀ ਧਰਮਸਾਲਾ ਸਾਹਿਬਾਬਾਦ

ਜਿਥੇ ਸੰਗਤ ਨੇ ਆਸਾ ਦੀ ਵਾਰ ਦਾ ਕੀਰਤਨ ਅਤੇ ਪਾਠਾਂ ਦੇ ਭੋਗ ਪੈਂਦੇ ਸੁਣੇ ਇਹ ਸਥਾਨ, ਨਾਮਧਾਰੀ ਧਰਮਸਾਲਾ ਸਾਹਿਬਾਬਾਦ, ਸਵਰਗਵਾਸੀ ਠੇਕੇਦਾਰ ਚੰਨਣ ਸਿੰਘ, ਨਾਮਧਾਰੀ ਕੱਤਾ ਮਿੱਲ, ਸਾਹਿਬਾਬਾਦ (ਜ਼ਿ: ਗ਼ਾਜ਼ੀਆਬਾਦ, ਯੂ. ਪੀ:) ਅਤੇ ਸੰਤ ਚਰਨ ਸਿੰਘ ਜੀ (ਬਾਲੀ ਨਗਰ) 'ਜਨਤਾ ਆਇਰਨ ਮਿਲਜ਼' ਵਾਲਿਆਂ ਦੇ ਉੱਦਮ ਤੇ ਅਗਵਾਈ ਅਤੇ ਸਾਧ ਸੰਗਤ ਦੇ ਸਹਿਯੋਗ ਨਾਲ ਏਥੇ ਸਥਾਪਤ ਹੋਈ। ਧਰਮਸਾਲਾ ਨਾਲ ਸੰਬੰਧਤ ਚਾਰ ਨਵੀਆਂ ਦੁਕਾਨਾਂ ਬਣਾਈਆਂ ਗਈਆਂ ਹਨ। ਪੁਰਾਣੀਆਂ ਛੋਟੀਆਂ ਚਹੁੰਆਂ ਦੁਕਾਨਾਂ ਦਾ 300/- ਮਾਸਿਕ ਕਰਾਇਆ ਮਿਲਦਾ ਹੈ। ਸੰਤ ਗੁਰਦਿਆਲ ਸਿੰਘ (?) ਏਥੋਂ ਦਾ ਰੂਹੀ ਹੈ। ਕਾਫ਼ੀ ਪੂੰਜੀ ਜਗ੍ਹਾ ਅਤੇ ਲੋੜ ਜੋਗੇ ਕਮਰੇ ਹਨ। ਸਾਹਿਬਾਬਾਦ ਵਿਚ ਇਸ ਵੇਲੇ 15 ਕੁ ਘਰ ਨਾਮਧਾਰੀਆਂ ਦੇ ਹਨ ਜੁ ਆਪਣੀ ਧਰਮਸਾਲਾ ਤੇ ਮਾਣ ਕਰ ਸਕਦੇ ਹਨ।

## ਰਮੇਸ਼ ਨਗਰ, ਨਾਮਧਾਰੀ ਕਾਲੋਨੀ ਵਿਚ

ਸ਼ਾਮੀਂ 5.30 ਵਜੇ ਘਰ ਆਇਆਂ ਪਤਾ ਲਗਾ ਕਿ ਪ੍ਰਮੁਖ ਨਾਮਧਾਰੀ ਪ੍ਰਚਾਰਕ ਪੰਡਿਤ ਗੋਪਾਲ ਸਿੰਘ ਹੁਰਾਂ, ਸੰਤ ਕੁਲਦੀਪ ਸਿੰਘ ਢੋਡਾ ਪ੍ਰਬੰਧਕ ਨਾਮਧਾਰੀ ਧਰਮਸਾਲਾ ਨੂੰ ਘੱਲ ਕੇ ਮੈਨੂੰ ਰਾਤ 8.30 ਵਜੇ ਦੇ ਦੀਵਾਨ ਸਮੇਂ ਯਾਦ ਕੀਤਾ ਹੈ ਅਤੇ ਕਹਾ ਭੇਜਿਆ ਹੈ ਕਿ ਮੈਂ ਜ਼ਰੂਰ ਆਵਾਂ।

ਰਾਤੀਂ ਧਰਮਸਾਲਾ ਰਮੇਸ਼ ਨਗਰ ਪਹੁੰਚਾ ਤਾਂ ਸੰਤ ਗਿਆਨ ਸਿੰਘ ਖਾਰੇ ਵਾਲਾ ਮੁਖ ਰੂਪ ਵਿਚ ਸ਼ਬਦ ਪੜ੍ਹ ਰਿਹਾ ਸੀ, ਪੰਡਿਤ ਜੀ ਪਾਸ ਬੈਠੇ ਹੋਏ ਸਨ। ਪੰਡਿਤ



Sri Satguru Jagjit Singh Ji Elibrary NamdhariElibrary@gmail.com

ਜੀ ਦੇ ਪਰੇਰੇ ਡਾ: ਅਮਰ ਭਾਰਤੀ ਵੀ ਮੌਜੂਦ ਸਨ। ਹੋਰ ਸੰਗਤ ਵੀ ਕਾਫ਼ੀ ਸੀ। ਪੰਡਿਤ ਜੀ ਦੀ ਵਾਰੀ ਆਈ ਤਾਂ ਆਪ ਨੇ ਡੇਢ ਘੰਟੇ ਲਈ ਮੁਕਤਸਰ ਦੇ ਸ਼ਹੀਦਾਂ, ਚਾਲ੍ਹੀ ਮੁਕਤਿਆਂ, ਅਤੇ ਭਾਈ ਮਹਾਂ ਸਿੰਘ ਦਾ ਬੇਦਾਵਾ ਪਰਵਾਣ ਵਾਲਾ ਪ੍ਰਸੰਗ ਬੜੀ ਰੌਚਕਤਾ ਨਾਲ ਸੁਣਾਇਆ।

ਅਖ਼ੀਰ ਜਿਹੇ ਵਿਚ ਸ. ਹਰਵਿੰਦਰ ਸਿੰਘ, ਕੁਲਭਜਨ ਸਿੰਘ ਅਤੇ ਗੁਰਮੁਖ ਸਿੰਘ ਹਜ਼ੂਰੀ ਡਰਾਈਵਰ ਵੀ ਆ ਗਏ। ਇਹਨਾਂ ਦੱਸਿਆ ਕਿ ਸਤਿਗੁਰੂ ਜੀ ਬਾਰੇ ਅਜੇ ਕੁਝ ਨਿਸ਼ਚਿਤ ਨਹੀਂ ਕਿ ਆਪ ਜੀ ਅੱਜ ਦਿੱਲੀ ਪਧਾਰ ਰਹੇ ਹਨ ਕਿ ਨਹੀਂ। ਏਥੇ ਇਹ ਵੀ ਸ਼ਿਣਕ ਪਈ ਕਿ ਸੱਚੇ ਪਾਤਸ਼ਾਹ ਜੀ 20 ਜਨਵਰੀ ਨੂੰ ਹੀ ਪਰਤਣਗੇ ਜਦੋਂ ਕਿ ਪੰਡਿਤ ਜੀ ਦੇ ਕਹਿਣ ਅਨੁਸਾਰ 17-18 ਜਨਵਰੀ ਮਲੇਰ ਕੋਟਲੇ, ਨਾਮਧਾਰੀ ਸ਼ਹੀਦਾਂ ਦੇ ਮੇਲੇ ਤੇ ਦਰਸ਼ਨ ਅਵੱਸ਼ ਦੇਣੇ ਹੁੰਦੇ ਹਨ।

## 15 ਜਨਵਰੀ 1979, ਸੋਮਵਾਰ
## ਨਵੀਂ ਦਿੱਲੀ

### ਪ੍ਰੋਗਰਾਮ ਸਤਿਗੁਰਾਂ ਦਾ

ਸ. ਹਰਵਿੰਦਰ ਸਿੰਘ ਹੰਸਪਾਲ ਦੇ ਘਰ ਕਰੀਬ 10 ਵਜੇ ਮੈਂ ਗਿਆ। ਉਸ ਵੇਲੇ ਉਹਦੀ ਪਤਨੀ ਚਰਨਜੀਤ ਕੌਰ, ਹੰਸਪਾਲ ਦੇ ਦਫ਼ਤਰ ਉਸ ਨੂੰ ਫ਼ੋਨ ਕਰ ਰਹੀ ਸੀ: ਗੁਰਦੇਵ (ਸਰੋਦ)-ਦਾ ਲਖਨਊ ਤੋਂ ਫ਼ੋਨ ਆਇਆ ਹੈ ਕਿ ਬਿਰਜੂ ਮਹਾਰਾਜ (ਪ੍ਰਸਿਧ ਨਰਤਕ) 5 ਫ਼ਰਵਰੀ ਨੂੰ ਨਿਰਤ ਕਰ ਸਕਣਗੇ। ਮੁਨੱਵਰ ਅਲੀ (ਪ੍ਰਸਿੱਧ ਗਾਇਕ) ਵੀ ਉਸੇ ਦਿਨ ਲਈ ਰਾਜ਼ੀ ਹੋਏ ਹਨ। ਗੁਰਦੇਵ ਨੇ ਕਿਹਾ ਹੈ, ਸਾਰੇ ਪ੍ਰੋਗਰਾਮ ਨੂੰ ਦੋਬਾਰਾ ਨਜ਼ਰਸਾਨੀ ਕਰ ਕੇ ਫੇਰ ਛਪਣ ਲਈ ਦੇਈਏ। ਉਸ ਨਾਲ ਗੱਲ ਕਰਨ ਲਈ ਇਹ ਫ਼ੋਨ ਨੰ: ਨੋਟ ਕਰ ਲਓ। ਉਸ ਨੇ ਟੈਲੀਫ਼ੋਨ ਨੰ: ਨੋਟ ਕਰਵਾਏ ਅਤੇ ਫਿਰ ਮੇਰੇ ਵਾਰੇ ਦੱਸਿਆ। ਮੈਨੂੰ ਚੰਗਾ ਲਗਾਇਆ ਗਿਆ ਤਾਂ ਮੇਰੀ ਪੁੱਛ ਦੇ ਉਤਰ ਵਿਚ ਸ. ਹੰਸਪਾਲ ਨੇ ਕਿਹਾ,'ਸਤਿਗੁਰੂ ਜੀ ਅੱਜ ਤਾਂ ਨਹੀਂ', ਪਰ ਕੱਲ੍ਹ ਜ਼ਰੂਰ ਆ ਰਹੇ ਹਨ। ਇਹ 'ਕਨਫਰਮ' (ਪੱਕਾ) ਹੋ ਗਿਆ ਹੈ। ਅਜੇ ਇਹ ਪਤਾ ਨਹੀਂ ਲੱਗਾ ਕਿ ਆਪ ਕਦੋਂ ਅਤੇ ਕਿਸ ਜਹਾਜ਼ ਤੇ ਆਉਣਗੇ। ਪਹਿਲਾਂ ਉਤਾਰਾ ਕੋਠੀ ਹੋਵੇਗਾ।

ਬੀਬੀ ਚਰਨਜੀਤ ਨੇ ਦੱਸਿਆ ਕਿ ਠਾਕੁਰ ਦਲੀਪ ਸਿੰਘ ਜੀ ਵੀ ਦਿੱਲੀ ਪਹੁੰਚੇ ਹੋਏ ਹਨ।

### ਇਕ ਵਿਰੋਧ ਪੱਤਰ

ਰਾਤੀਂ 8.15 ਮੈਂ ਅਤੇ ਸ. ਹੰਸਪਾਲ ਡਾ: ਅਮਰ ਭਾਰਤੀ ਦੇ ਘਰ, ਹਰੀ ਨਗਰ, ਗਏ ਜਿਥੇ ਡਾਇਰੈਕਟਰ ਆਲ ਇੰਡੀਆ ਰੇਡੀਓ ਦਿੱਲੀ ਨੂੰ 4.1.79 ਸ਼ਾਮੀਂ 8.30 ਵਜੇ ਸ੍ਰੀ ਨੇਮੀ ਸ਼ਰਣ ਮਿੱਤਲ ਦੀ 'ਸਾਮਿਅਕੀ' ਵਿਚ ਪੜ੍ਹੀ ਗਈ ਇਕ ਵਾਰਤਾ ਉਤੇ ਇਤਰਾਜ਼ ਲਈ ਚਿੱਠੀ ਲਿਖੀ ਕਿ ਉਨ੍ਹਾਂ ਕਿਸ ਆਧਾਰ ਤੇ ਇਹ



Sri Satguru Jagjit Singh Ji Elibrary NamdhariElibrary@gmail.com

ਗਲਤ ਤਾਰੀਖੀ ਘਟਨਾ ਬਰਾਡਕਾਸਟ ਕੀਤੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਦੇੜ ਵਿਖੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿੱਤੀ ਅਤੇ ਅਗਲੇ ਦਿਨ ਜੋਤੀ ਜੋਤ ਸਮਾ ਗਏ।

ਏਥੇ ਹੀ ਮਹਾਰਾਜ ਬੀਰ ਸਿੰਘ ਜੀ ਦੇ ਲੇਖਾਂ ਦੀ ਭੂਮਿਕਾ ਜੁ ਸ੍ਰੀ ਅਮਰ ਭਾਰਤੀ ਨੇ ਲਿਖੀ ਸੀ, ਨੂੰ ਪੜ੍ਹਿਆ, ਵਿਚਾਰਿਆ ਅਤੇ ਦਰੁਸਤ ਕਰ ਕੇ ਛਪਵਾਣ ਦੇ ਖ਼ਿਆਲ ਨਾਲ ਮੇਰੇ ਹਵਾਲੇ ਕੀਤੀ। 11 ਵਜੇ ਘਰ ਪਹੁੰਚਿਆ।

## 16 ਜਨਵਰੀ 1979, ਮੰਗਲਵਾਰ
## ਨਵੀਂ ਦਿੱਲੀ

### ਹਾਇ ! ਕਦ ਆਵੋਗੇ ?

ਸਿੱਕਦਿਆਂ, ਉਡੀਕਦਿਆਂ ਮਸਾਂ ਕਿਤੇ ਅੱਜ ਦਾ ਦਿਨ ਆਇਆ। ਅੱਜ ਸਤਿਗੁਰਾਂ ਅਫਰੀਕਾ ਵਿਚੋਂ ਆਉਣਾ ਸੀ। ਆਸਮਾਨ ਲੋਹੜੀ ਵਾਲੇ ਦਿਨ ਤੋਂ ਹੀ ਦਿਆਲੂ ਸੀ, ਥੋੜ੍ਹੀ ਕੂ ਬਰਸਾਤ ਹੋ ਗਈ ਸੀ, ਪਰ ਕੱਲ੍ਹ ਸਾਰਾ ਦਿਨ ਧੁਪੀਲਾ ਰਿਹਾ। ਅੱਜ ਅੱਧੀ ਰਾਤ ਤੋਂ ਹੀ ਬੂੰਦਾਬਾਂਦੀ ਹੋ ਰਹੀ ਹੈ। ਇਹ ਨਿਸਚਿਤ ਹੋ ਗਿਆ ਹੈ ਕਿ ਅੱਜ ਸਤਿਗੁਰੂ ਜੀ ਭਾਰਤ ਦੀ ਰਾਜਧਾਨੀ ਵਿਚ ਪਧਾਰ ਰਹੇ ਹਨ, ਪਰ ਕਿਉਂਕਿ ਆਪ ਜੀ ਨੇ ਬੰਬਈ ਉਤਰ ਕੇ ਦਿੱਲੀ ਆਉਣਾ ਹੈ, ਸੁ ਅਜੇ ਆਮਦ ਦਾ ਸਹੀ ਟਾਈਮ ਪਤਾ ਨਹੀਂ ਲੱਗ ਰਿਹਾ। ਤਾਂ ਵੀ ਸ. ਹੰਸਪਾਲ ਦੇ ਟੈਲੀਵਿਜ਼ਨ ਦਫ਼ਤਰ ਵਿਚ ਅਸਾਂ ਦੋ ਵਜੇ ਤਕ ਇਕੱਤਰ ਹੋਣਾ ਸੀ, ਹੰਸਪਾਲ, ਭਾਰਤੀ ਅਤੇ ਮੈਂ।

ਇਕ ਵਜੇ ਤੋਂ ਬੂੰਦਾਬਾਂਦੀ ਤੇਜ਼ ਬਰਸਾਤ ਵਿਚ ਵਟ ਗਈ। ਬੱਦਲ ਧੂਕ ਧੂਕ ਕੇ ਵਰਸ ਰਹੇ ਸਨ। ਦਿੱਲੀ ਪੂਰੀ ਤਰ੍ਹਾਂ ਇਸ਼ਨਾਨ ਕਰ ਰਹੀ ਸੀ। ਰੁੱਖਾਂ ਦੀ ਹਰਿਆਵਲ ਸੈਨੀਆਂ ਮਾਰ ਰਹੀ ਸੀ। ਨਿਖਾਰ ਜਿਵੇਂ ਹੁਲਾਰ ਤੇ ਸੀ। ਅਤੇ ਜਦੋਂ ਅਸੀਂ ਵਟੀਆਂ ਦੀ ਕੂਕ ਠੀਕ ਬਾਅਦ, ਤਿੰਨ ਵਜੇ ਤਕ ਪਾਲਮ ਏਅਰ ਪੋਰਟ ਤੇ ਪੁੱਜੇ ਤਾਂ ਇਕ ਜ਼ਾਲਮ ਸੂਚਨਾ ਮਿਲ ਗਈ : ਜਹਾਜ਼ ਇਕ ਘੰਟਾ ਲੇਟ ਆਵੇਗਾ। ਸਤਿਗੁਰੂ ਜੀ ਏਅਰ ਬੱਸ ਤੇ ਪਹੁੰਚ ਰਹੇ ਸਨ। ਅਤੇ ਫੇਰ ਦੱਸਿਆ ਗਿਆ, 4.30 ਵਜੇ ਹੀ ਏਅਰ ਬੱਸ ਆ ਸਕੇਗੀ। ਅਜੇ ਘੜੀ ਦੀਆਂ ਸੂਈਆਂ 4 ਦੇ ਅੰਕ ਤੇ ਪਹੁੰਚੀਆਂ ਹੀ ਸਨ ਕਿ ਇਕ ਹੋਰ ਐਲਾਨ ਸੁਣਾਈ ਪਿਆ : ਏਅਰ ਬੱਸ ਘੰਟਾ ਭਰ ਹੋਰ ਲੇਟ ਹੈ।

ਹਵਾਈ ਅੱਡੇ ਤੇ ਏਨੀ ਭੀੜ ਸੀ, ਜਿਵੇਂ ਮੁਸਾਫ਼ਰ ਦਿੱਲੀ ਰੇਲਵੇ ਸਟੇਸ਼ਨ ਤੇ ਕਿਸੇ ਐਕਸਪ੍ਰੈਸ ਗੱਡੀ ਦੀ ਇੰਤਜ਼ਾਰ ਵਿਚ ਹੋਣ। ਆਮ ਕਰਕੇ ਗੂੜ੍ਹਾ ਨੀਲਾ ਰੰਗ ਹੀ ਲੋਕਾਂ ਨੇ ਪਹਿਨਿਆ ਹੋਇਆ ਸੀ। ਸਰਦੀਆਂ ਕਾਰਨ ਭਾਰੇ ਕਪੜੇ ਹਰੇਕ ਦੇ ਪਿੰਡੇ ਤੇ ਸਨ।

ਜਿਸ ਜਿਸ ਨੂੰ ਪਤਾ ਲੱਗਾ, ਉਹ ਬਰਸਾਤ ਵਿਚ ਵੀ ਸਤਿਗੁਰਾਂ ਦੇ ਸੁਆਗਤ ਵਿਚ ਪਹੁੰਚ ਗਿਆ। ਜ਼ਿਕਰ-ਯੋਗ ਹਨ : ਠਾਕੁਰ ਦਲੀਪ ਸਿੰਘ ਜੀ, ਠਾਕੁਰ ਉਦੈ ਸਿੰਘ ਜੀ, ਸ. ਹਰਵਿੰਦਰ ਸਿੰਘ ਹੰਸਪਾਲ, ਡਾ: ਅਮਰ ਭਾਰਤੀ, ਪ੍ਰੀਤਮ ਸਿੰਘ ਕਵੀ, ਬੀਬੀ



Sri Satguru Jagjit Singh Ji Elibrary NamdhariElibrary@gmail.com

ਕੁਸ਼ੱਲਿਆ (ਮਸੇਟ, ਥਾਈਲੈਂਡ), ਸੇਠ ਦਰਸ਼ਨ ਸਿੰਘ ਸਰਦੇਵ, ਸ੍ਰੀ ਸੁਖਦੇਵ ਸਿੰਘ ਭੈਣੀ ਸਾਹਿਬ, ਸੰਤ ਕੁਲਰਾਖ ਸਿੰਘ ਡਰਾਈਵਰ, ਸੰਤ ਰਘੁਬੀਰ ਸਿੰਘ ਡਰਾਈਵਰ, ਸੰਤ ਅਮਰ ਸਿੰਘ ਨੰਬਰਦਾਰ ਜੀਵਨ ਨਗਰ ਅਤੇ ਪੰਜ ਸੱਤ ਹੋਰ ।

**ਅਹੁ ਆ ਗਏ !**

ਇੰਡੀਅਨ ਏਅਰ ਲਾਈਨ ਦੀ ਏਅਰ ਬਸ 5.35 ਤੇ ਸਾਮ੍ਹਣੇ ਆ ਗਈ । ਸਤਿਗੁਰੂ ਜੀ ਦੇ, ਜਹਾਜ਼ ਤੋਂ ਸਵਾਰੀਆਂ ਲਿਆਉਣ ਵਾਲੀ ਬਸ ਤੇ ਮੂਹਰਲੀਆਂ ਸੀਟਾਂ ਤੇ ਸੰਗਤ ਨੂੰ ਦਰਸ਼ਨ ਹੋਏ ਤਾਂ ਉਮਾਹ ਨਾਲ ਕਈ ਕੂਹਕ ਉਠੇ : ਅਹੁ ਸਤਿਗੁਰੂ ਜੀ ! ਅਹੁ ਸੱਚੇ ਪਾਤਸ਼ਾਹ !! ਸੁਆਗਤ ਹਾਲ ਵਿਚ ਪਹਿਲਾਂ ਸ੍ਰੀ ਸਤਿਗੁਰੂ ਜੀ, ਫਿਰ ਮਾਤਾ ਜੀ, ਸ੍ਰੀ ਪੁਰਖਾ ਅਤੇ ਸ. ਸੁਰਿੰਦਰ ਸਿੰਘ ਮਨਚੰਦਾ ਆਏ । ਇਹ ਵੀ ਪਤਾ ਲੱਗਾ ਕਿ ਸ. ਮਨਚੰਦਾ ਸਤਿਗੁਰੂ ਜੀ ਨਾਲ ਪ੍ਰੇਮ ਕਾਰਨ ਹੁਣ ਵੀ 13-14 ਦਿਨ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਰਹਿ-ਬਿਤਾ ਕੇ ਆਇਆ ਹੈ। ਇਹ ਸੱਜਣ ਸਦਾ ਆਪਣੇ ਖ਼ਰਚ ਤੇ ਸ੍ਰੀ ਸਤਿਗੁਰੂ ਜੀ ਨਾਲ ਹਵਾਈ ਸਫ਼ਰ ਫ਼ਸਟ ਕਲਾਸ ਸੀਟਾਂ ਤੇ ਕਰਦਾ ਹੈ।

ਸਤਿਗੁਰੂ ਜੀ ਨੇ ਆਪਣਾ ਖੱਬਾ ਹੱਥ ਸੱਜੇ ਹੱਥ ਵਿਚ ਲਿਆ ਹੋਇਆ ਸੀ । ਚੀਚੀ ਵਾਲੇ ਪਾਸੇ ਹਥੇਲੀ ਉਤੇ ਚੌੜੀ ਟੇਪ ਲੱਗੀ ਹੋਈ ਸੀ । ਸਤਿਗੁਰਾਂ ਮੁਸਕਰਾ ਕੇ ਸਾਰੀ ਸੰਗਤ ਵਲ ਵੇਖ ਹੱਥ ਜੋੜੇ ਅਤੇ ਸੁਆਗਤਕਾਰੀ ਚਰਨੀਂ ਲੱਗ ਲੱਗ ਨਮਸ-ਕਾਰਾਂ ਕਰਨ ਲੱਗੇ । ਬੀਬੀ ਕੁਸ਼ੱਲਿਆ ਨੇ ਮੌਕਾ ਵੇਖਿਆ ਤਾਂ ਇਕ ਟੇਢ-ਪਗੜੀ ਸਿੱਖ ਨੇ ਵੀ ਸਨਿਮਰ ਚਰਨੀਂ ਹੱਥ ਲਾਇਆ । ਬੀਬੀ ਕੁਸ਼ੱਲਿਆ ਨੇ ਸਤਿਗੁਰਾਂ ਨੂੰ ਦੱਸਿਆ : ਇਹ ਸ. ਨਰਿੰਦਰ ਸਿੰਘ ਸੇਠੀ ਹਨ, ਹਰਮਹਿੰਦਰ ਸਿੰਘ ਸੇਠੀ ਮਸੇਟ (ਥਾਈਲੈਂਡ) ਹੁਰਾਂ ਦੇ ਭਾਈ । ਇਹ ਦੋ ਮਹੀਨਿਆਂ ਤੋਂ ਭਾਰਤ ਠਹਿਰੇ ਹੋਏ ਹਨ । ਸ੍ਰੀ ਸਤਿਗੁਰੂ ਜੀ ਨੇ ਦੋਹਾਂ ਦੀ ਪਰਵਾਰਕ ਸੁਖ ਸਾਂਦ ਪੁੱਛੀ ।

ਇਕ ਬੀਬੀ ਅੱਜ ਫ਼ਿਕਰ ਵਿਚ ਸੀ । ਮੈਨੂੰ ਉਸਨੇ ਦੱਸਿਆ : ਸਤਿਗੁਰੂ ਜੀ ਨੇ ਮੇਰੇ ਲੜਕੇ ਦਾ 20 ਤਾਰੀਖ਼ ਤਕ ਆਨੰਦ ਕਾਰਜ ਕਰ ਦੇਣਾ ਹੈ । ਲੜਕੀ ਪਤਾ ਨਹੀਂ ਕਿਹੋ ਜਿਹੀ ਹੈ । ਸਾਨੂੰ ਪਤਾ ਹੀ ਨਹੀਂ । ਪਰ ਲੜਕੀ ਵਾਲਿਆਂ ਨੇ ਸਾਰੇ ਧੁਮਾ ਦਿਤਾ ਹੈ ਕਿ ਲੜਕੀ ਫਲਾਣੇ ਨਾਲ ਵਿਆਹੀ ਜਾ ਰਹੀ ਹੈ । ਦੁਬਿਧਾ ਵਿਚ ਪਈ ਬੀਬੀ ਕਦੇ ਆਖੇ : ਸਤਿਗੁਰੂ ਜੀ ਦੀ ਰਜ਼ਾ, ਭਲਾ ਹੀ ਕਰਨਗੇ ! ਦੂਜੀ ਘੜੀ ਸੋਚੇ : ਜੇ ਕੁੜੀ ਕਾਲੀ ਹੋਈ, ਮੁੰਡਾ ਤਾਂ ਮੇਰਾ ਬਹੁਤ ਚੰਗਾ ਹੈ ! ਪਤਾ ਨਹੀਂ, ਘਰ ਕਿਹੋ ਜਿਹਾ ਹੈ ! ਫੇਰ ਇਕ ਹੋਰ ਸਿੱਖ ਦਾ ਨਾਂ ਲੈ ਕੇ ਆਖੇ : ਫਲਾਣਾ ਸਿੱਖ ਆਪਣੀ ਲੜਕੀ ਵਾਸਤੇ ਬਿਆਸੀਆ ਬੰਦਾ ਟੋਲਦਾ ਫਿਰਦਾ ਹੈ ਜਿਹੜਾ ਮਾਸ ਸ਼ਰਾਬ ਨ ਵਰਤਦਾ ਹੋਵੇ । ਇਹ ਕਿਹੋ ਜਿਹੇ ਸਿੱਖ ਹਨ ਅਤੇ ਇਹਨਾਂ ਦੀਆਂ ਕੁੜੀਆਂ ਨਾਮਧਾਰੀਆਂ ਤੋਂ ਕਿਉਂ ਭੱਜਦੀਆਂ ਹਨ !

ਸ੍ਰੀ ਸਤਿਗੁਰੂ ਜੀ ਨੇ ਠਾਕੁਰ ਉਦੇ ਸਿੰਘ ਜੀ ਵਲ ਨੇਹ ਨਾਲ ਨਿਹਾਰ ਹੋਰ ਵੀ ਅਨੇਕਾਂ ਨੂੰ ਇਕ ਇਕ ਦੋ ਦੋ ਪਿਆਰੇ ਸ਼ਬਦ ਬੋਲ ਕੇ ਮੋਹ ਲਿਆ । ਮੇਰੇ ਹੱਥ ਵਿਚ ਛੋਟੀ



Sri Satguru Jagjit Singh Ji Elibrary NamdhariElibrary@gmail.com

ਟੇਪ ਰਿਕਾਰਡਰ ਵੇਖ ਕੇ ਆਖਿਓ ਨੇ : ਇਸ ਵਾਰ ਜਦੋਂ ਕੀਨੀਆ ਦੇ ਪ੍ਰੈਜ਼ੀਡੈਂਟ ਨੂੰ ਮਿਲੇ, ਤਸਵੀਰਾਂ ਤਾਂ ਸਾਡੀਆਂ ਲੱਥ ਗਈਆਂ ਪਰ ਗੱਲ ਬਾਤ ਰੀਕਾਰਡ ਨਹੀਂ ਹੋ ਸਕੀ, ਟੇਪ ਰਿਕਾਰਡਰ ਕਿਸੇ ਕੋਲ ਨਾ ਹੋਣ ਕਰਕੇ। ਪ੍ਰੈਜ਼ੀਡੈਂਟ ਮਿ: ਡੇਨੀਅਲ ਆਰਪ ਮੋਈ ਬੜੇ ਪ੍ਰੇਮ ਨਾਲ ਮਿਲਿਆ।

ਬਚਨ ਬਿਲਾਸ ਹੁੰਦੇ-ਕਰਦਿਆਂ ਅਸੀਂ ਸਾਰੇ ਹੀ ਉਦਯੋਗ ਭਵਨ ਵਿਚੋਂ ਨਿਕਲ ਤੁਰੇ। ਕੋਈ ਸਤਿਗੁਰੂ ਜੀ ਦੇ ਨਾਲ ਨਾਲ, ਕੋਈ ਪਿਛੇ ਪਿਛੇ। ਮੈਂ ਪੁੱਛ ਲਿਆ : ਆਪ ਜੀ ਰਾਤ ਦਿੱਲੀ ਰਹੋਗੇ ? ਉੱਤਰ ਮਿਲਿਆ : ਵੇਖੋ, ਡੇਰੇ ਗਿਆਂ ਪਤਾ ਲੱਗੇਗਾ। ਉਂਜ ਆਸਾ ਦੀ ਵਾਰ ਸਵੇਰੇ ਮਲੇਰ ਕੋਟਲੇ ਜਾ ਕੇ ਸੁਣਨੀ ਹੈ। ਨਾਲ ਹੀ ਸਤਿਗੁਰੂ ਜੀ ਨੇ ਦੱਸਿਆ : ਇੰਗਲੈਂਡ ਦੀ ਸੰਗਤ ਵਲੋਂ ਆਗ੍ਰਹਿ ਸੀ ਕਿ ਭਾਵੇਂ ਇਕ ਦਿਨ ਹੀ ਵਲੈਤ ਆਵੋ, ਪਰ ਦਰਸ਼ਨ ਜ਼ਰੂਰ ਹੋਣ। ਇਹ ਸੋਚ ਕੇ ਕਿ ਇੰਗਲੈਂਡ ਦੀ ਸੰਗਤ ਕਾਫ਼ੀ ਲੋੜ ਮਹਿਸੂਸ ਕਰ ਰਹੀ ਹੈ, ਟਿਕਟਾਂ ਮੰਗਵਾ ਲਈਆਂ। ਉਥੇ ਨਾਮਧਾਰੀ ਸਿੰਘਾਂ ਨੇ ਕੰਮਾਂ ਕਾਰਾਂ, ਨੌਕਰੀਆਂ ਆਦਿ ਤੋਂ ਛੁੱਟੀਆਂ ਵੀ ਲੈ ਲਈਆਂ ਪਰ ਮਹਾਰਾਜ ਜੀ ਨੇ ਬੈਂਗਲੋਰ ਤੋਂ ਫੋਨ ਕਰ ਦਿਤਾ ਕਿ ਦੇਸ਼ ਜ਼ਰੂਰ ਪਰਤਿਆ ਜਾਵੇ। ਮਲੇਰ ਕੋਟਲੇ ਦੇ ਮੇਲੇ ਤੇ ਸੰਗਤ ਦਰਸ਼ਨ ਚਾਹੇਗੀ।

ਇੰਜ ਬਚਨ ਬਿਲਾਸ ਕਰਦਿਆਂ ਲਾਂਜ ਵਿਚ ਆ, ਸਤਿਗੁਰੂ ਜੀ ਆਪਣੀ ਗੱਡੀ ਵਿਚ ਬੈਠ ਗਏ। ਸ੍ਰੀ ਮਾਤਾ ਜੀ ਅਤੇ ਦੋਵੇਂ ਭਤੀਜੇ ਵੀ ਏਸੇ ਗੱਡੀ ਵਿਚ ਆ ਚੜ੍ਹੇ। ਗੁਰਮੁਖ ਸਿੰਘ ਗੱਡੀ ਨੂੰ ਸਹਿਜੇ ਹੀ ਖਿਸਕਾ ਕੇ ਲੈ ਗਿਆ।

ਡਾ: ਅਮਰ ਭਾਰਤੀ ਅਤੇ ਮੈਂ ਹੰਸਪਾਲ ਜੀ ਵਾਲੀ ਗੱਡੀ ਵਿਚ ਬੈਠ ਗਏ। ਇਸ ਵਿਚ ਸੇਠ ਮਹਿੰਦਰ ਸਿੰਘ ਪੂਰਬਾ ਵੀ ਸੀ। ਉਸਨੇ ਦੱਸਿਆ : ਸੱਚੇ ਪਾਤਸ਼ਾਹ ਜੀ 10-11 ਦਿਨ ਨੈਰੋਬੀ ਵਿਖੇ ਹੀ ਰਹੇ। ਦਰਸ਼ਨ ਕਰਨ ਦੇ ਚਾਹਵਾਨ ਦੂਰ ਨੇੜੇ ਦੇ ਸ਼ਹਿਰਾਂ ਤੋਂ ਆ ਕੇ ਏਥੇ ਹੀ ਦਰਸ਼ਨ ਕਰਦੇ ਰਹੇ। ਇਕ ਦਿਨ ਨੈਰੋਬੀ ਨੈਸ਼ਨਲ ਪਾਰਕ ਦੇ ਵੀ ਦਰਸ਼ਨ ਮੇਲੇ ਹੋ ਗਏ। ਅਤੇ ਹੁਣ ਤੁਹਾਡੇ ਪਾਸ ਹਾਂ।

## ਕੋਠੀ 1/6 ਵੀ ਵਿਖੇ

ਅਸੀਂ 6.15 ਤਕ ਕੋਠੀ ਪੂਸਾ ਰੋਡ ਪਹੁੰਚ ਗਏ। ਸੱਚੇ ਪਾਤਸ਼ਾਹ ਜੀ ਵੀ ਅਜੇ ਕਾਰੋਂ ਉਤਰੇ ਹੀ ਸਨ ਕਿ ਦਰਸ਼ਨ ਪ੍ਰੇਮੀ ਇਸਤਰੀ ਪੁਰਸ਼ਾਂ ਨੂੰ ਖੜੇ ਖੜੋਤੇ ਹੀ ਨਿਵਾਜ ਆਪ ਉਪਰਲੇ ਕਮਰੇ ਲਈ ਪੌੜੀਆਂ ਚੜ੍ਹ ਗਏ।

ਮੈਂ ਵੀ ਪੌੜੀਆਂ ਚੜ੍ਹ ਗਿਆ। ਵੇਖਿਆ ਕਿ ਸ. ਹੰਸਪਾਲ ਅਤੇ ਗਿਆਨੀ ਜਸਵੰਤ ਸਿੰਘ ਸਤਿਗੁਰੂ ਜੀ ਪਾਸ ਕਿਸੇ ਲੜਕੀ ਦੇ ਵਿਆਹ ਬਾਰੇ ਗੱਲ ਕਰ ਰਹੇ ਸਨ। ਸ੍ਰੀ ਸਤਿਗੁਰੂ ਜੀ ਪਾਸ ਪੁਰਾਣੇ ਸੇਵਕ ਸੇਠ ਗੁਲਜ਼ਾਰ ਸਿੰਘ ਨੇ ਇਕ ਚਿੱਠੀ ਦਿੱਤੀ। ਸਤਿਗੁਰਾਂ ਵਿਚਾਲੇ ਜਿਹਿਉਂ ਵੇਖ ਕੋਲ ਖੜੇ ਸੰਤ ਅਮਰ ਸਿੰਘ ਜੀਵਨ ਨਗਰ ਨੂੰ ਦੇ ਦਿਤੀ : ਤੇਰੇ ਪੜ੍ਹਨ ਯੋਗ ਹੈ। ਜਿੰਨੀ ਕੁ ਪੜ੍ਹੀ ਹੈ, ਉਸ ਵਿਚ ਕਿਸੇ ਲਈ ਕੰਘੇ ਨੂੰ ਟਿੱਪੀ, ਜੱਜਾ ਅਤੇ ਰਾਰਾ ਪੜ੍ਹ ਕੇ ਇਹ ਤੈਨੂੰ ਹੀ ਦੇਣ ਯੋਗ ਜਾਪੀ।

ਗਿਆਨੀ ਜਸਵੰਤ ਸਿੰਘ ਨੇ ਰੀਪੋਰਟ ਕੀਤਾ : ਮੈਤਰਾ ਵੀਡੀਓ ਨੂੰ ਠੀਕ ਕਰਨ



Sri Satguru Jagjit Singh Ji Elibrary NamdhariElibrary@gmail.com

ਤੇ ਬੜਾ ਜ਼ੋਰ ਲੱਗਾ ਹੈ। ਇਸ ਵਿਚ ਸੈਂਟੀਮੀਟਰ ਦੇ ਲੱਖਵੇਂ ਹਿੱਸੇ ਦਾ ਫ਼ਰਕ ਵੀ ਰਹਿ ਜਾਏ ਤਾਂ ਬੜਾ ਖ਼ਰਾਬ ਕਰਦਾ ਹੈ। ਸਤਿਗੁਰੂ ਜੀ ਨੇ ਕਿਹਾ : ਇਸ ਵਿਚ ਕੁਛ ਨ ਕੁਛ ਨੁਕਸ ਨਿਕਲਦਾ ਹੀ ਰਹਿਣਾ ਹੈ। ਨਵਾਂ ਵੀ ਨਹੀਂ ਤੂੰ ਲਿਆਉਣ ਦਿੰਦਾ! ਗਿਆਨੀ ਜੀ ਬੋਲੇ : ਉਹ ਨਵਾਂ ਤਾਂ ਕਮਜ਼ੋਰ ਸਾਊਂਡ (ਆਵਾਜ਼) ਦਾ ਹੈ। ਮੈਨੂੰ ਨਾਲ ਲੈ ਕੇ ਜਾਓ ਤਾਂ ਮੈਂ ਖ਼ੁਦ ਵੇਖ ਕੇ ਲਿਆਵਾਂ!

ਸਤਿਗੁਰੂ ਜੀ ਨੂੰ, ਅੰਦਰ ਚੱਲ ਕੇ ਬੈਠਣ ਦੀ ਬੇਨਤੀ ਕੀਤੀ ਗਈ। ਸਤਿਗੁਰਾਂ ਸਪੱਸ਼ਟ ਕੀਤਾ ਕਿ ਖਿਲਾਰਾ ਪਿਆ ਹੋਣ ਕਰਕੇ ਅੰਦਰ ਬੈਠਣ ਦਾ ਸੁਆਦ ਨਹੀਂ ਆਉਣਾ। ਮਾਤਾ ਜੀ ਬੋਲੇ : ਜੀ ਮੈਂ ਖਿਲਾਰਾ ਸੰਭਾਲ ਲੈਂਦੀ ਹਾਂ, ਆਪ ਕੁਛ ਮਿੰਟ ਬੈਠ ਕੇ ਸਾਹ ਜ਼ਰੂਰ ਲੈ ਲਓ, ਫਿਰ ਸਫ਼ਰ ਵਿਚ ਪੈਣਾ ਹੈ।

ਏਨੇ ਚਿਰ ਨੂੰ ਧਰਮ ਸਿੰਘ ਚਾਵਲਾ ਨੇ ਆ ਦੱਸਿਆ : ਸੱਚੇ ਪਾਤਸ਼ਾਹ ਬੈਂਗਲੋਰ ਫ਼ੋਨ ਕੀਤਾ ਹੈ ਜੀ, ਪਰ ਮਹਾਰਾਜ ਜੀ ਕਿਤੇ ਅੱਗੇ ਪਿੱਛੇ ਹਨ, ਮਿਲੇ ਨਹੀਂ। ਕਹਿ ਆਇਆ ਹਾਂ ਕਿ ਉਹ ਆਉਣ ਤੇ ਆਪ ਜੀ ਨੂੰ ਕੰਟੈਕਟ ਕਰਨ। ਅਤੇ ਨਾਲ ਹੀ ਦੱਸਿਆ : ਬੀਬਾ ਜੀ ਦੀ ਅਰਜ਼ ਹੈ ਕਿ ਸਤਿਗੁਰੂ ਜੀ ਦਿੱਲੀ ਆਉਂਦਿਆਂ ਹੀ ਮੈਨੂੰ ਫ਼ੋਨ ਕਰਨ। "ਕੁੜੀ ਅਜੇ ਅੰਮ੍ਰਿਤਸਰ ਹੀ ਹੈ? ਚੰਗਾ, ਫ਼ੋਨ ਮਿਲਾ ਕੇ ਮੈਨੂੰ ਬੁਲਾ ਲਓ।" ਸਤਿਗੁਰਾਂ ਬਚਨ ਕੀਤਾ। ਅਤੇ ਸੜਕ ਵਾਲੇ ਪਾਸੇ ਉਪਰਲੇ ਕਮਰੇ ਵਿਚ ਫ਼ੋਨ ਮਿਲਾ ਕੇ ਫੇਰ ਬੇਨਤੀ ਕੀਤੀ ਗਈ। ਸੱਚੇ ਪਾਤਸ਼ਾਹ ਪੰਜ ਚਾਰ ਮਿੰਟ ਫ਼ੋਨ ਦੁਆਰਾ ਪੁੱਤਰੀ ਨੂੰ ਨਿਵਾਜ਼ ਕੇ ਆ ਗਏ।

**ਕੈਨੀਆ ਦੀਆਂ ਗੱਲਾਂ**

ਅੰਦਰ ਆ ਕੇ ਦੀਨ ਦਿਆਲ ਜੀ ਨੇ ਹੰਸਪਾਲ, ਅਮਰ ਭਾਰਤੀ ਅਤੇ ਮੈਨੂੰ ਕੋਲ ਬੁਲਾ ਲਿਆ। ਠਾਕੁਰ ਜੀ, ਗੁਲਜ਼ਾਰ ਸਿੰਘ ਅਤੇ ਸੰਤ ਅਮਰ ਸਿੰਘ ਪਾਸ ਹੀ ਸਨ। ਮਾਤਾ ਜੀ ਦੁਆਰਾ ਇਕ ਅਟੈਚੀ 'ਚੋਂ ਕੱਢੇ ਅਖ਼ਬਾਰਾਂ ਵਿਚੋਂ ਦੋ ਰੰਗੀਨ ਫ਼ੋਟੋ ਕੱਢ ਕੇ ਸ੍ਰੀ ਸਤਿਗੁਰੂ ਜੀ ਨੂੰ ਵਖਾਏ ਗਏ। ਆਪ ਜੀ ਨੇ ਸਾਡੇ ਤੇ ਕਿਰਪਾ ਕੀਤੀ : ਇਹ ਮੇਰੇ ਨਾਲ ਕੈਨੀਆ ਦੇ ਪ੍ਰੈਜ਼ੀਡੈਂਟ ਮਿ: ਡੈਨੀਅਲ ਆਰਪ ਮੋਈ ਹਨ। ਅਹਿ ਚਾਰਲਸ ਜੌਂਜੋ ਹਨ, ਅਟਾਰਨੀ ਜਨਰਲ। ਇਹ ਸਾਡੇ ਬਹੁਤ ਮਿਲਣ ਵਾਲਾ ਹੈ। ਇਹਨੂੰ ਪ੍ਰੈਜ਼ੀਡੈਂਟ ਬਣਾਉਣ ਦੀ ਤਜਵੀਜ਼ ਸੀ ਪਰ ਇਸ ਨੇ ਆਪਣੀ ਪਹਿਲੀ ਪਦਵੀ ਨੂੰ ਹੀ ਉਚਿਤ ਸਮਝਿਆ। ਇੰਗਲੈਂਡ ਵਿਚ ਇਸ ਨੂੰ 'ਕਿੰਗ ਮੇਕਰ' ਸਮਝਿਆ ਜਾਂਦਾ ਹੈ। ਹੰਢਿਆ ਵਰਤਿਆ ਆਦਮੀ ਹੈ।

ਸਤਿਗੁਰਾਂ ਹੋਰ ਬਚਨ ਕੀਤਾ : ਕੁਰਬੀਨ ਸਿੰਘ ਹਰਬੰਸ ਸਿੰਘ 'ਬੰਨੀ' ਮੇਰੇ ਮਿਲਣ ਲਈ ਪੁੱਛਣ ਗਏ ਤਾਂ ਕੁਰਬੀਨ ਸਿੰਘ ਦੇ ਗਲ ਸਾਡੇ ਵਾਲੇ ਕਪੜੇ ਸਨ। ਸਿੱਧੀ ਦਸਤਾਰ ਵੇਖ ਕੇ ਪੁਛਿਓ ਸੂ ਮੇਰੇ ਬਾਰੇ। ਉਨ੍ਹਾਂ ਦੱਸਿਆ ਕਿ ਉਹ ਤਾਂ ਵਕਤ ਪੁਛਣ ਲਈ ਆਏ ਹਨ। ਮਿ: ਜੌਂਜੋ ਨੇ ਅਗਲੇ ਦਿਨ ਦੇ 10 ਵਜੇ ਦਾ ਸਮਾਂ ਦੇ ਦਿਤਾ। ਪ੍ਰੈਜ਼ੀਡੈਂਟ ਮੋਈ ਨੇ ਵੀ ਜੌਂਜੋ ਦੇ ਕੋਲ ਹੀ ਆ ਕੇ ਮਿਲਣਾ ਸੀ। ਮੇਰੇ ਜਾਣ ਤਕ ਅਜੇ ਜੌਂਜੋ ਨਹੀਂ ਸੀ ਆਇਆ। ਪ੍ਰੈਜ਼ੀਡੈਂਟ ਬੜੇ ਪਿਆਰ ਨਾਲ ਮਿਲਿਆ।



Sri Satguru Jagjit Singh Ji Elibrary NamdhariElibrary@gmail.com

ਮਿ: ਜੌਂਜੋ ਦੇ ਆਉਣ ਤੇ ਜਾਂ ਮਿ: ਮੋਈ ਨੇ ਉਸਨੂੰ ਮੇਰੇ ਬਾਰੇ ਦੱਸਣਾ ਚਾਹਿਆ ਤਾਂ ਉਹ ਤੁਰਤ ਬੋਲਿਆ : ਮੈਂ ਇਹਨਾਂ ਨੂੰ ਪਹਿਲਾਂ ਤੋਂ ਹੀ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ। ਪ੍ਰੈਜ਼ੀਡੈਂਟ ਉਤੇ ਮਿ: ਜੌਂਜੋ ਦੇ ਕਹਿਣ ਦਾ ਬੜਾ ਅੱਛਾ ਪ੍ਰਭਾਵ ਪਿਆ।

ਸਤਿਗੁਰਾਂ ਦੱਸਿਆ : ਮਿ: ਮੋਈ ਨੇ ਸਾਡੀ ਭਾਰਤੀਆਂ ਦੀ, ਖਾਸ ਕਰ ਨਾਮ-ਧਾਰੀਆਂ ਦੀ ਉਸ ਵੇਲੇ ਬੜੀ ਮਦਦ ਕੀਤੀ ਜਦੋਂ ਲੋਕ ਕੀਨੀਆ ਛੱਡ-ਛੱਡ ਇੰਗਲੈਂਡ ਨੂੰ ਦੌੜ ਰਹੇ ਸਨ ਅਤੇ ਫਿਰ ਉਥੋਂ ਕੀਨੀਆ ਲਈ ਵਾਪਸੀ ਨਹੀਂ ਸੀ ਹੋ ਸਕਦੀ। ਪਰ ਮੋਈ ਸਾਡੇ ਲਈ ਸਹਾਇਕ ਸਾਬਤ ਹੋਇਆ। ਓਦੋਂ ਇਹ ਵਾਈਸ ਪ੍ਰੈਜ਼ੀਡੈਂਟ ਸੀ।

ਦੂਜੀ ਤਸਵੀਰ ਵਿਚ ਪ੍ਰੈਜ਼ੀਡੈਂਟ ਮੋਈ ਅਤੇ ਚਾਰਲਜ ਜੌਂਜੋ ਦੇ ਦਰਮਿਆਨ ਸ੍ਰੀ ਸਤਿਗੁਰੂ ਜੀ ਸਨ ਪਿੱਛੇ ਅਤੇ ਨਾਲ ਕੁਝ ਹੋਰ ਨੈਰੋਬੀ ਦੇ ਮੰਨੇ ਦੰਨੇ ਨਾਮਧਾਰੀ।

ਮੁੱਖ ਫੋਟੋ ਉਤੇ ਪ੍ਰੈਜ਼ੀਡੈਂਟ ਡੈਨੀਅਲ ਆਰਪ ਮੋਈ ਦੇ ਹਸਤਾਖਰ ਅਤੇ ਮਿਤੀ 12.1.79 ਪਈ ਹੋਈ ਸੀ। ਸਤਿਗੁਰੂ ਜੀ ਨੇ ਫੋਟੋ ਸੰਭਾਲਦਿਆਂ ਚੁਟਕੀ ਲਈ : ਰਾਜਿੰਦਰ ਸਿੰਘ, ਸਾਡਾ ਫੋਟੋਗ੍ਰਾਫਰ ਇਨਾਮ ਦੇ ਕਾਬਿਲ ਹੈ, ਉਸਨੇ ਤੁਰਤ ਫੋਟੋ ਲੈ ਕੇ ਸਾਡੀ ਵਾਪਸੀ ਤਕ ਤਿਆਰ ਕਰ ਕੇ ਲਿਆ ਦਿਤੀਆਂ।

ਸਤਿਗੁਰੂ ਜੀ ਨੇ ਹੋਰ ਦੱਸਿਆ : 1972 ਵਿਚ ਜਦੋਂ ਅਸੀਂ ਸਾਰੇ ਦੇਸਾਂ ਵਿਚ ਸਤਿਗੁਰੂ ਰਾਮ ਸਿੰਘ ਪਰਦੇਸ ਗਮਨ ਸ਼ਤਾਬਦੀ ਮਨਾ ਰਹੇ ਸਾਂ, ਅਟਾਰਨੀ ਜਨਰਲ ਮਿ: ਚਾਰਲਸ ਜੌਂਜੋ ਸਾਡੇ ਫੰਕਸ਼ਨ ਵਿਚ ਆਇਆ ਅਤੇ ਇਸ ਨੇ ਜ਼ਬਾਨੀ ਹੀ ਬੜੀ ਸ਼ਾਨਦਾਰ ਤਕਰੀਰ ਕੀਤੀ ਸੀ।

ਕੀਨੀਆ ਦੇ ਪਹਿਲੇ ਪ੍ਰੈਜ਼ੀਡੈਂਟ ਮਿ: ਜੋਮੋ ਕੀਨਿਆਟਾ ਨੂੰ ਚੇਤੇ ਕਰਦਿਆਂ, ਸਤਿਗੁਰਾਂ ਫ਼ਰਮਾਇਆ : ਮੈਂ ਮਿ: ਮੋਈ ਅਤੇ ਮਿ. ਜੌਂਜੋ ਨੂੰ ਦੱਸਿਆ ਸੀ ਕਿ ਇਕ ਵਾਰ ਮੈਂ ਪ੍ਰੈਜ਼ੀਡੈਂਟ ਜੋਮੋ ਕੀਨਿਆਟਾ ਦੇ ਘਰ ਉਸਨੂੰ ਮਿਲਣ ਗਿਆ ਸਾਂ ਅਤੇ ਉਸਨੂੰ ਸੱਦਾ ਦੇ ਆਇਆ ਸਾਂ ਕਿ ਉਹ ਭਾਰਤ ਆਵੇ ਅਤੇ ਸਾਡੇ ਘਰ ਜ਼ਰੂਰ ਪਹੁੰਚੇ। ਉਸਨੇ ਬੜੇ ਸਤਿਕਾਰ ਨਾਲ 'ਹਾਂ' ਕੀਤੀ ਸੀ ਪਰ ਫਿਰ ਉਹਦਾ ਸਰੀਰ ਰੋਗ ਗ੍ਰਸਤ ਹੋ ਗਿਆ ਅਤੇ ਉਹ ਕਿਤੇ ਵੀ ਬਾਹਰ ਨਾ ਗਿਆ ਤੇ ਚਲ ਵਸਿਆ। ਮੈਂ ਇਸ ਜੋੜੀ ਨੂੰ ਆਖਿਆ ਕਿ ਉਸਦਾ ਇਕਰਾਰ ਤੁਸੀਂ ਪੂਰਾ ਕਰੋ। ਭਾਰਤ ਆਓ ਤਾਂ ਮੇਰੇ ਘਰ ਆਉਣਾ ਨਾ ਭੁੱਲਣਾ। ਉਹਨਾਂ ਵੀ 'ਹਾਂ' ਕੀਤੀ ਹੈ, "ਜਦੋਂ ਵੀ ਆਏ ਅਸੀਂ ਦੋਵੇਂ ਆਵਾਂਗੇ।"

ਸਤਿਗੁਰਾਂ ਇਕ ਕਮੀ ਮਹਿਸੂਸ ਕੀਤੀ : ਉਥੇ ਇਸ ਗੱਲ ਦੀ ਘਾਟ ਰਹੀ ਕਿ ਕੋਈ ਲੇਖਕ ਕੋਲ ਨਹੀਂ ਸੀ। ਨਹੀਂ ਤਾਂ, ਗੁਰੂ ਰਾਮ ਸਿੰਘ ਪ੍ਰਕਾਸ਼ੋਤਸਵ ਬਾਰੇ ਜੋ ਕੁਝ ਉਹਨਾਂ ਨੂੰ ਲਿਖ ਕੇ ਦੇ ਦਿੰਦੇ ਸਾਰੇ ਦੇਸ਼ ਵਿਚ ਪ੍ਰਚਾਰਤ-ਪਰਸਾਰਤ ਹੋ ਜਾਣਾ ਸੀ। ਹੁਣ ਵੀ ਤੁਸੀਂ, ਅੱਜ ਹੀ ਰਾਤੀਂ ਅੰਗਰੇਜ਼ੀ ਵਿਚ ਕੁਝ ਸ਼ਬਦ ਲਿਖ ਕੇ ਭੇਜ ਦਿਓ, ਸ: ਗੁਰਚੇਨ ਸਿੰਘ ਅਤੇ ਸੂਬਾ ਦਰਸ਼ਨ ਸਿੰਘ ਜੀ ਨੂੰ!

ਸ. ਹੰਸਪਾਲ ਦਾ ਜੀ ਕਰਦਾ ਸੀ ਕਿ ਉਹ ਸਿੱਧਿਆਂ ਹੀ ਪ੍ਰੈਜ਼ੀਡੈਂਟ ਨੂੰ ਚਿੱਠੀ ਟਾਈਪ ਕਰਵਾ ਭੇਜੇ ਪਰ ਸੱਚੇ ਪਾਤਸ਼ਾਹ ਸ. ਗੁਰਚੇਨ ਸਿੰਘ ਦੀ ਮਾਰਫ਼ਤ ਹੀ ਪ੍ਰੈਜ਼ੀਡੈਂਟ ਮੋਈ ਨਾਲ ਗੱਲ ਕਰਨਾ ਚਾਹੁੰਦੇ ਸਨ।



Sri Satguru Jagjit Singh Ji Elibrary NamdhariElibrary@gmail.com

ਸ. ਕੁਲਬੀਰ ਸਿੰਘ ਬਾਰੇ ਸਤਿਗੁਰਾਂ ਦੱਸਿਆ , ਉਹਨੇ ਮੈਨੂੰ ਨਾਮਧਾਰੀ ਨਿਤਨੇਮ ਗੁਟਕੇ ਦੀ ਕੀਮਤ ਪੁਛੀ । ਮੈਨੂੰ 40 ਸ਼ਲਿੰਗ ਦੱਸੀ ਗਈ ਸੀ । ਮੇਰੇ ਦੱਸਣ ਤੇ ਉਸ ਕਿਹਾ, ਅਸੀਂ ਖਲ ਖਲੋਤੇ ਹੋਰ ਥਾਵਾਂ ਤੇ ਹਜ਼ਾਰਾਂ ਰੁਪਏ ਖ਼ਰਚ ਦਿੰਦੇ ਹਾਂ ਜੇ ਗੁਟਕੇ ਦੀ ਕੀਮਤ 100 ਸ਼ਲਿੰਗ ਹੋਵੇ ਤਾਂ ਕੀ ਫ਼ਰਕ ਪੈਂਦਾ ਹੈ ਅਤੇ ਉਸਨੇ 100-100 ਸ਼ਲਿੰਗ ਪ੍ਰਤੇਕ ਗੁਟਕੇ ਦਾ ਵੱਟ ਕੇ ਦਿੱਤਾ ਹੈ (ਸ੍ਰੀ ਸਤਿਗੁਰੂ ਜੀ ਦੇ ਨਾਲ ਗਏ ਸਿੰਘਾਂ ਹੱਥੀਂ 100 ਗੁਟਕਾ ਕੀਨੀਆ ਵਾਸਤੇ ਭੇਜਿਆ ਸੀ ।)

ਸਤਿਗੁਰਾਂ ਆਪਣੇ ਇਕ ਸੇਵਕ ਦੀ ਗੱਲ ਸੁਣਾਈ : ਮੈਂ ਉਸਨੂੰ ਕਿਹਾ ਸੀ ਕਿ ਐਰਵਕਨ ਅਤੇ ਇਹ ਚੱਦਰਾਂ ਸੂਟਕੇਸ ਵਿਚ ਰੱਖ ਲੈਣੀਆਂ ਸਨ । ਪਰ ਉਸ ਨੇ ਉੱਤਰ ਦਿੱਤਾ : ਕੋਈ ਨਹੀਂ ਜੀ, ਮੱਥੇ ਉਤੇ ਰੱਖ ਲਵਾਂਗੇ । ਐਂਵੇਂ ਵੀ ਇੰਜ ਹੀ ਕਰੀਦਾ ਹੈ । 'ਚੇਤਾ ਭੁੱਲ ਗਿਆ' ਕਹਿਣ ਦੀ ਥਾਂ ਉਸਦਾ ਬਦਲ ਪੇਸ਼ ਕਰ ਦਿੱਤਾ ।

## ਚਲੋ ਚਲੀ ਕਿਵੇਂ ਦੀ

ਸ਼ਾਮ ਦੇ 6.30 ਹੋ ਚੁੱਕੇ ਸਨ । ਸਤਿਗੁਰੂ ਜੀ ਨੇ ਘੜੀ ਵਲ ਦ੍ਰਿਸ਼ਟੀਪਾਤ ਕਰ ਕੇ ਆਖਿਆ : ਚਲੋ ਕੁਰੀਏ ! ਕੱਲ੍ਹ ਆਸਾ ਦੀ ਵਾਰ ਸ਼ਹੀਦਾਂ ਦੇ ਮੇਲੇ ਤੇ ਮਲੇਰ ਕੋਟਲੇ ਸੁਣਨੀ ਹੈ । ਸਾਮਾਨ ਫਟਾਫਟ ਗੱਡੀਆਂ ਵਿਚ ਧਰ ਲਓ ।

ਨਾਲ ਜਾਣ ਵਾਲੇ ਗੱਡੀਆਂ ਵੱਲ ਨੂੰ ਉਲਰੇ ।

ਏਨੇ ਚਿਰ ਨੂੰ ਕਿਸੇ ਆਣ ਬੇਨਤੀ ਕੀਤੀ : ਸੱਚੇ ਪਾਤਸ਼ਾਹ ਜੀ, ਬਾਹਰੋਂ 'ਕਾਲ' ਆਈ ਹੈ, ਆਪ ਜੀ ਵਾਸਤੇ । 6.45 ਵਜੇ ਤਕ ਅਨੇਕਾਂ ਹੋਰ ਨਰ ਨਾਰ ਦਰਸ਼ਨ ਕਰਨ ਵਾਸਤੇ ਆ ਗਏ । ਸਤਿਗੁਰੂ ਜੀ ਦੇ ਦਰਸ਼ਨ ਪਾਵਕ ਨਿਕਟੀ ਘੇਰਾ ਵਿਚ ਖਲੋਤੇ ਹੀ ਰਹਿੰਦੇ ਹਨ । ਅਤੇ ਇੰਜ ਖਲੋਤਿਆਂ ਕਈਆਂ ਨੂੰ ਘੰਟਾ ਘੰਟਾ ਲੰਘ ਜਾਂਦਾ ਹੈ । ਇਹਨਾਂ ਇੰਤਜ਼ਾਰ ਦੀਆਂ ਘੜੀਆਂ ਵਿਚ ਹਰ ਕੋਈ ਸੁਖ ਮਹਿਸੂਸ ਕਰਦਾ ਹੈ ।

ਮੈਨੂੰ ਜੀਵਨ ਨਗਰ ਵਿਚ ਦੀ ਇਕ ਉਡੀਕ-ਘੜੀ ਯਾਦ ਆਈ ਹੈ । ਜਦ ਮੈਂ ਖੜਾ ਖਲੋਤਾ ਥੱਕ ਗਿਆ ਤਾਂ ਇਕ ਰੁਬਾਈ ਉਤਰੀ :

ਓ ਵਿਹਲੇ ਦਿਓ ਕਿਟਕਿਓ ! ਕੁਸੀਂ ਹੀ ਬੈਠ ਪਓ
ਰੇਸ਼ਮ ਚਰਨਾਂ ਵਾਲੜੇ ਦੀ ਕੋਈ ਬਾਤ ਕਹੋ
ਕੁਸੀਂ ਖ਼ੁਸ਼ ਹੋ ਜਾਣਦੇ, ਉਸਦਾ ਤਰਸ, ਦਇਆ :
ਰੁਕਣਾ ਕਿਹਾ ਮਲੂਕੜਾ ਜਿਉਂ ਫੁੱਲੋਂ ਖ਼ੁਸ਼ਬੋ ।

ਟੈਲੀਫ਼ੋਨ ਕਾਲ ਤੋਂ ਵਿਹਲੇ ਹੋ ਕੇ ਆਇਆਂ, ਸ੍ਰੀ ਸਤਿਗੁਰੂ ਜੀ ਨੂੰ, ਜੁੜੀ ਹੋਈ ਸੰਗਤ ਨੇ ਛੇਤੀ ਛੇਤੀ ਮੱਥਾ ਟੇਕਿਆ । 7.10 ਤੇ ਦੀਨ ਦਿਆਲ ਤੁਰਨ ਨੂੰ ਤਿਆਰ ਹੀ ਸਨ ਕਿ 'ਕੌਮੀ ਏਕਤਾ' ਦੇ ਸੰਪਾਦਕ ਸ. ਰਾਜਿੰਦਰ ਸਿੰਘ ਭਾਟੀਆ ਨੂੰ ਹੰਸਪਾਲ ਸਾਹਿਬ ਨਾਲ ਲੈ ਕੇ ਆ ਗਏ । ਉਹ ਕਾਲੀ ਪੱਗ ਵਾਲਾ ਸੱਜਣ ਸਤਿਗੁਰੂ ਜੀ ਦੇ ਬੈਠਣ ਕਮਰੇ ਵਿਚ ਇਕਾਂਤ ਹੋ ਗਿਆ । ਸ. ਹੰਸਪਾਲ ਤਾਂ ਬਾਹਰ ਆ ਗਿਆ, ਠਾਕੁਰ ਦਲੀਪ



Sri Satguru Jagjit Singh Ji Elibrary NamdhariElibrary@gmail.com

ਸਿੰਘ ਜੀ ਗੱਲ ਬਾਤ ਸਮੇਂ ਮੌਜੂਦ ਸਨ। ਪੰਦਰਾਂ ਕੁ ਮਿੰਟ ਦੀ ਇਸ ਇਕਾਂਤ ਪਿਛੋਂ 'ਕੌਮੀ ਏਕਤਾ' ਵਾਲੇ ਬਾਹਰ ਆ ਗਏ। ਫਿਰ ਮਹਾਰਾਜ ਨਿਹਾਲ ਸਿੰਘ ਜੀ ਦੇ ਛੋਟੇ ਸਪੁੱਤਰ ਕਰਨਲ ਵਿਸ਼ੇਸ਼ਰ ਸਿੰਘ ਜੀ ਇਕ ਦੋ ਸਰੋਪਾਂ ਨਾਲ ਆਣ ਪਹੁੰਚੇ। ਹੁਣ ਸਤਿਗੁਰੂ ਜੀ ਨੇ, ਚਾਚੇ ਦੇ ਪੁੱਤ ਭਰਾ ਜੀ ਦਾ ਮਾਣ ਰਖਣਾ ਸੀ। ਇਹ ਉਠੇ ਤਾਂ ਸੇਠ ਪਿਆਰਾ ਸਿੰਘ ਬੈਂਕੋਕ ਸੁਪਤਨੀ ਬੀਬੀ ਪ੍ਰਕਾਸ਼ ਕੌਰ ਨਾਲ ਹਾਜ਼ਰ ਹੋ ਗਏ। ਪੰਜ ਕੁ ਮਿੰਟ ਸਮਾਂ ਉਨ੍ਹਾਂ ਨੂੰ ਵੀ ਮਿਲਿਆ। ਐਨੇ ਨੂੰ ਬੈਂਗਲੋਰ ਤੋਂ ਮਹਾਰਾਜ ਬੀਰ ਸਿੰਘ ਜੀ ਦਾ ਫੋਨ ਆ ਗਿਆ। ਸਤਿਗੁਰੂ ਜੀ ਅੰਦਰ ਦੇ ਬਸਤਰ ਅਤੇ ਸਵੈਟਰ ਪਹਿਨੀਂ ਭੱਜੇ ਭੱਜੇ ਫੋਨ ਕਮਰੇ ਵਿਚ ਗਏ: ਪੰਜ ਮਿੰਟ ਏਥੇ ਵੀ ਲਗ ਗਏ।

ਫਿਰ ਸੱਚੇ ਪਾਤਸ਼ਾਹ ਜੀ ਦਾ ਸਮਾ ਲੈਣ ਹੰਸਪਾਲ ਜੀ ਅਤੇ ਭਾਰਤੀ ਜੀ ਨੇ ਆ 'ਦਰਸ਼ਨ' ਦਿਤੇ। ਭਾਰਤੀ ਨੂੰ ਦਿਲਚਸਪੀ ਸੀ ਕਿ ਉਹਦਾ 'ਪੰਜਾਬੀ ਸੂਬੇ' ਬਾਰੇ ਪੈਂਫਲਿਟ ਦੋਬਾਰਾ ਛਪੇ ਅਤੇ ਉਸ ਵਿਚ ਸ੍ਰੀ ਸਤਿਗੁਰੂ ਜੀ ਵਲੋਂ ਪਾਏ ਗਏ ਭਾਗ ਨੂੰ ਸ਼ਾਮਲ ਕਰਕੇ ਛਾਪਿਆ ਜਾਏ ਅਤੇ ਇਸ ਕਾਰਜ ਲਈ 'ਨਵਾਂ ਹਿੰਦੁਸਤਾਨ' ਦੀਆਂ ਫਾਈਲਾਂ ਦਰਕਾਰ ਸਨ। ਸਤਿਗੁਰੂ ਜੀ ਨੇ ਠਾਕੁਰ ਦਲੀਪ ਸਿੰਘ ਜੀ. ਨੂੰ ਬੁਲਾ ਕੇ ਇਹ ਜ਼ਿੰਮੇ ਲਾਇਆ ਕਿ 'ਪੰਜਾਬੀ ਸੂਬਾ' ਵਾਲਾ ਟ੍ਰੈਕਟ ਅਤੇ 'ਨਵਾਂ ਹਿੰਦੁਸਤਾਨ' ਤਲਾਸ਼ ਕਰਕੇ ਭਾਰਤੀ ਜੀ ਨੂੰ ਭੇਜ ਦਿਤਾ ਜਾਵੇ। ਸਤਿਗੁਰੂ ਜੀ ਨੇ ਠਾਕੁਰ ਜੀ ਨੂੰ ਸੰਬੋਧਨ ਕੀਤਾ: ਇਹ ਪੈਂਫਲਿਟ ਆਦਿ ਉਹ ਲੈ ਕੇ ਗਏ ਹਨ ਜਿਨ੍ਹਾਂ ਨੇ ਮੁੜ ਕੇ ਨਹੀਂ ਸੀ ਦੇਣੇ। ਸੋ ਤੁਸੀਂ ਜੀਵਨ ਨਗਰੋਂ ਲਭਵਾ ਕੇ ਭੇਜੋ।

ਹੁਣ ਗੁਰਦੇਵ ਸਿੰਘ ਸਰੋਦ ਲਖਨਊ ਦੀ ਸੰਗੀਤ ਕਾਨਫਰੰਸ ਦੀਆਂ ਤਿਆਰੀ-ਸਰਗਰਮੀਆਂ ਸੁਣਾਨ ਆ ਗਿਆ। 8 ਵਜੇ ਰਾਤੀਂ ਖਸਾ ਹੀ ਸਤਿਗੁਰੂ ਜੀ ਆਪਣੀ ਕਾਰ ਦੁਆਰਾ ਭੈਣੀ ਸਾਹਿਬ ਨੂੰ ਚਲੇ। ਕਾਰ ਨੂੰ ਸੰਤ ਗੁਰਮੁਖ ਸਿੰਘ ਚਲਾ ਰਿਹਾ ਸੀ। ਡਰਾਈਵਰ ਨਾਲ ਆਪ ਜੀ ਬੈਠੇ, ਪਿਛੇ ਮਾਤਾ ਜੀ ਅਤੇ ਸੰਤ ਪੂਰਨਾ। ਠਾਕੁਰ ਜੀ ਵਡੇ, ਅੱਜ ਰਾਤ ਏਥੇ ਰਹਿਣਗੇ, ਛੋਟੇ 9 ਵਜੇ ਰਾਤ ਦੀ ਗੱਡੀ ਤੇ ਯੂ.ਪੀ. ਫਾਰਮ ਲਈ ਜਾਣਗੇ!

## ਲਖਨਊ ਸ਼ਾਸਤਰੀ ਸੰਗੀਤ ਸਮੇਲਨ ਬਾਰੇ

ਗੁਰਦੇਵ ਸਿੰਘ ਸਰੋਦ ਲਖਨਊ ਤੋਂ ਅੱਜ ਦੋ ਵਜੇ ਹੀ ਦਿੱਲੀ ਪੁੱਜਾ ਹੈ। ਉਸ ਨੇ ਮੈਨੂੰ ਦੱਸਿਆ ਕਿ ਉਸ ਪਿਛਲੇ ਚਾਰ ਦਿਨਾਂ ਵਿਚ ਲਖਨਊ ਵਿਚ, ਸਤਿਗੁਰੂ ਪ੍ਰਤਾਪ ਸਿੰਘ ਛੋਟੇ ਸ਼ਾਸਤਰੀ ਸੰਗੀਤ ਸੰਮੇਲਨ ਬਾਰੇ ਬਹੁਤ ਸਾਰਾ ਕੰਮ ਕਰ-ਕਰਵਾ ਲਿਆ ਹੈ: ਇਕ ਤਾਂ ਪ੍ਰੋਗਰਾਮ ਦੇ ਕਲਮੀ ਪੋਸਟਰ ਅਤੇ ਬੈਨਰ ਵਡੇ ਵਡੇ ਤਿਆਰ ਕਰਵਾ ਕੇ ਹੋਟਲਾਂ, ਰੰਗਸ਼ਾਲਾਵਾਂ, ਸਿਨਮਿਆਂ ਅਤੇ ਪਬਲਿਕ ਥਾਵਾਂ ਉਤੇ ਲੁਆ ਦਿਤੇ ਹਨ, ਦੂਜੇ ਇਕ ਸੁਰੱਜੀ ਲੇਖਿਕਾ ਸੁਸ਼ੀਲਾ ਮਿਸਰਾ ਤੋਂ ਪਿਛਲੇ ਸੰਗੀਤ ਸੰਮੇਲਨਾਂ ਅਤੇ ਕੁਹਾਣੇ (ਪ੍ਰੀਤਮ ਸਿੰਘ ਕਵੀ ਰਚਿਤ) ਲੇਖ ਉਸ ਨੂੰ ਦਖਾ ਕੇ ਹਿੰਦੀ, ਅੰਗਰੇਜ਼ੀ ਅਖ਼ਬਾਰਾਂ ਵਿਚ ਮਜ਼ਮੂਨ ਦੇਣ ਲਈ ਲੇਖ ਲਿਖਵਾਏ ਹਨ। ਰਿਹਾਇਸ਼ੀ ਕਮਰੇ ਕਲਾਕਾਰਾਂ ਲਈ ਬੁਕ ਕਰਵਾਏ ਹਨ। ਕਾਨਫਰੰਸ ਦਾ ਸਾਰਾ ਖ਼ਰਚ ਕਰਨ ਵਾਲੇ



Sri Satguru Jagjit Singh Ji Elibrary NamdhariElibrary@gmail.com

ਠੇਕੇਦਾਰ ਸੇਠ ਹਰਭਜਨ ਸਿੰਘ ਦਾ ਬੇਟਾ ਭਾਈ ਸ. ਹਰਮੀਤ ਸਿੰਘ ਸਦਾ ਮੇਰੇ ਨਾਲ ਰਿਹਾ ਅਤੇ ਖੁਸ਼ੀ ਦੇ ਖ਼ਰਚੇ ਅਦਾ ਕਰਦਾ ਰਿਹਾ । ਛੋਟੇ ਸੰਗੀਤ ਸਮੇਲਨ ਦੇ ਲੈਟਰ ਪੇਡ ਛਪਵਾ ਕੇ ਖ਼ੁਸ਼ੀ ਦੀਆਂ ਸਰਕਾਰੀ ਆਗਿਆਵਾਂ ਲਈ ਪ੍ਰਬੰਧਕਾਂ ਨੂੰ ਦਰਖ਼ਾਸਤਾਂ ਦੇ, ਆਗਿਆ-ਪ੍ਰਾਪਤੀ ਦੀ ਮੁਹਿੰਮ ਚਲਾਈ । 300 ਵੱਡੇ ਵੱਡੇ ਪੋਸਟਰ ਛਪਵਾ ਕੇ ਲਖਨਊ ਵਿਚ ਪ੍ਰਾਪੇਗੰਡੇ ਦੇ ਤੌਰ ਤੇ ਲਗਵਾ ਦਿਤੇ । ਮਿ: ਜੋਸ਼ੀ ਜੋ ਕਿ ਟੀ.ਵੀ. ਸਟੇਸ਼ਨ ਦਾ ਇੰਚਾਰਜ ਹੈ, ਉਸ ਨੂੰ ਮਿਲ ਕੇ ਸਤਿਗੁਰਾਂ ਦਾ ਸਾਖਿਆਤਕਾਰ ਕਰਨ ਲਈ ਰਜ਼ਾਮੰਦ ਕੀਤਾ । ਉਹ ਡਰੇ ਕਿ ਲਖਨਊ ਵਿਚ ਧਾਰਮਿਕ ਤਣਾਉ ਅਗੇ ਹੀ ਹੈ, ਕੋਈ ਹੋਰ ਬਿਪਤਾ ਨਾ ਪੈ ਜਾਵੇ ! ਮੈਂ ਸਪੱਸ਼ਟ ਕੀਤਾ ਕਿ ਮਾਮਲਾ ਧਰਮ ਦਾ ਨਹੀਂ, ਕਲਚਰ ਦਾ ਹੈ, ਸ਼ਾਸਤਰੀ ਸੰਗੀਤ ਦਾ ਹੈ ! ਉਸ ਨੇ ਰਜ਼ਾਮੰਦੀ ਪਰਗਟ ਕੀਤੀ ਤਾਂ ਚੈਨ ਆਇਆ । ਬੀਬੀ ਸੁਸ਼ੀਲਾ ਮਿਸ਼ਰਾ ਪ੍ਰੋਡਿਊਸਰ ਲਖਨਊ ਰੇਡੀਓ ਨੇ ਬਹੁਤ ਸਹਿਯੋਗ ਦਿੱਤਾ ।

## 17 ਜਨਵਰੀ 1979, ਬੁੱਧਵਾਰ
## ਨਵੀਂ ਦਿੱਲੀ

### ਇਕ ਚਿੱਠੀ ਦੀ ਉਪਜ

ਰਾਤੀਂ 8 ਵਜੇ ਮੈਂ ਅਤੇ ਸ. ਹਰਵਿੰਦਰ ਸਿੰਘ ਫਿਰ ਡਾ: ਅਮਰ ਭਾਰਤੀ ਦੇ ਘਰ ਗਏ । ਓਥੇ ਖਾਂਦੇ ਪੀਂਦਿਆਂ ਇਕ ਚਿੱਠੀ ਤਿਆਰ ਕੀਤੀ, ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ । ਇਹ ਚਿੱਠੀ ਨਾਮਧਾਰੀ ਦਰਬਾਰ ਦੇ ਸਕੱਤਰ ਅਥਵਾ ਸ੍ਰੀ ਸਤਿਗੁਰੂ ਜੀ ਦੇ ਨਿੱਜੀ ਸਕੱਤਰ ਦੁਆਰਾ ਪ੍ਰਧਾਨ ਮੋਈ, ਕੀਨੀਆ ਨੂੰ ਭੇਜੀ ਜਾਣੀ ਸੀ । ਮੇਰੇ ਦੁਆਰਾ ਲਿਖਤ, ਤ੍ਰਿਮੂਰਤੀ ਦੁਆਰਾ ਪਰਵਾਨਤ ਪੱਤ੍ਰ ਇਸ ਪਰਕਾਰ ਹੈ :

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਸੇਵਾ ਵਿਖੇ,
ਸਤਿਕਾਰਯੋਗ ਪ੍ਰਧਾਨ ਸਾਹਿਬ,
ਕੀਨੀਆ, ਅਫ਼ਰੀਕਾ,
ਨੈਰੋਬੀ ।

ਸਤਿਕਾਰ ਯੋਗ ਜੀ,

ਮੈਨੂੰ ਪਰਮ ਪਾਵਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਗਿਆ ਕੀਤੀ ਹੈ ਕਿ ਮੈਂ ਆਪ ਜੀ ਨੂੰ ਸਤਿਗੁਰੂ ਜੀ ਦੇ ਕੀਤੇ ਸਤਿਕਾਰ ਅਤੇ ਦਿਤੇ ਸਹਿਯੋਗ ਦੀ ਭਾਵਨਾ ਦੀ ਕਦਰਸ਼ਨਾਸੀ, ਆਪ ਜੀ ਅਤੇ ਸ੍ਰੀ ਚਾਰਲਸ ਜੋਂਜੋ ਦੀ ਸੁਹਿਰਦ ਮਿਲਣੀ ਦੀ



Sri Satguru Jagjit Singh Ji Elibrary NamdhariElibrary@gmail.com

ਪ੍ਰਸ਼ੰਸਾ ਵਜੋਂ ਪੱਤਰ ਲਿਖਾਂ । ਆਪ ਜੀ ਦੀ ਮਿਲਣੀ ਦਾ ਨਿੱਘ, ਭਾਰਤੀ ਲੋਕਾਂ ਵਲ ਹਾਰਦਿਕ ਪਹੁੰਚ, ਅਤੇ ਨਾਮਧਾਰੀਆਂ ਲਈ ਖ਼ਾਸ ਕਰ ਵਰਤੀ ਸੁਹਿਰਦਤਾ, ਸ੍ਰੀ ਸਤਿਗੁਰੂ ਜੀ ਵਲੋਂ ਵਿਸ਼ੇਸ਼ ਸਲਾਹੇ ਗਏ ਹਨ । ਇਸ ਸੁਹਿਰਦ ਸਹਿਯੋਗ ਦੇ ਕਾਰਨ ਭਾਰਤ ਅਤੇ ਕੀਨੀਆ ਦੇ ਲੋਕਾਂ ਦੀ ਦੋਸਤੀ ਦਾ ਹੋਰ ਪਸਾਰ ਹੁੰਦੇ ਰਹਿਣਾ ਕੁਦਰਤੀ ਹੈ ।

ਸ੍ਰੀ ਸਤਿਗੁਰੂ ਜੀ ਦਿਲੋਂ ਚਾਹੁੰਦੇ ਹਨ ਕਿ ਆਪ ਕਿਸੇ ਨੇੜੇ ਦੀ ਵਿਹਲ ਵਿਚ ਭਾਰਤ ਆਓ । ਸ੍ਰੀ ਸਤਿਗੁਰੂ ਜੀ ਆਪਣੇ ਹੈੱਡ ਕੁਆਰਟਰ ਸ੍ਰੀ ਭੈਣੀ ਸਾਹਿਬ (ਪੰਜਾਬ) ਵਿਚ ਆਪ ਜੀ ਦਾ ਸੁਆਗਤ ਕਰਦਿਆਂ ਪ੍ਰਸੰਨਤਾ ਅਨੁਭਵ ਕਰਨਗੇ ।

ਇਹਨਾਂ ਹੀ ਦਿਨਾਂ ਵਿਚ, ਭਾਰਤ ਆਉਣ ਦਾ ਇਕ ਅੱਛਾ ਬਹਾਨਾ ਵੀ ਹੈ । ਪਹਿਲੀ ਫ਼ਰਵਰੀ ਨੂੰ ਸਾਡੇ ਦੇਸ਼ ਦਾ ਇਕ ਮਹਾਨ ਉਤਸਵ ਹੈ—ਬਸੰਤ ਪੰਚਮੀ ਅਤੇ ਇਸ ਪਰਬ ਨਾਲ ਸਾਡਾ, ਨਾਮਧਾਰੀਆਂ ਦਾ, ਵੀ ਸੰਬੰਧ ਹੈ । ਸਿੱਖ ਜਗਤ ਦੇ ਬਾਰ੍ਹਵੇਂ ਸਤਿਗੁਰੂ ਬਸੰਤ ਪੰਚਮੀ ਵਾਲੇ ਦਿਨ ਹੀ ਅਵਤਰੇ ਸਨ । ਇਹ ਤਿਉਹਾਰ ਦੁਨੀਆ ਭਰ ਵਿਚ ਫੈਲੇ ਨਾਮਧਾਰੀ ਬੜੇ ਉਤਸ਼ਾਹ ਅਤੇ ਉਮਾਹ ਨਾਲ ਮਨਾਉਣਗੇ । ਮੁਖ ਫੰਕਸ਼ਨ, ਇਸ ਸਾਲ, ਲਖਨਊ—ਪੁਰਾਣੇ ਨਵਾਬਾਂ ਦੀ ਰਾਜਧਾਨੀ—ਵਿਚ ਹੋਵੇਗਾ, ਜਿਸ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਰਸ਼ਨ ਦੇਣ ਦੀ ਕਿਰਪਾ ਕਰਨਗੇ । ਇਸ ਦੇ ਨਾਲ ਹੀ 2 ਤੋਂ 6 ਫ਼ਰਵਰੀ 1979 ਤਕ ਭਾਰਤੀ ਸ਼ਾਸਤਰੀ ਸੰਗੀਤ ਦਾ ਸਮਾਗਮ ਵੀ ਨਾਮਧਾਰੀ ਸਮਾਜ ਵਲੋਂ ਹੋ ਰਿਹਾ ਹੈ, ਜਿਸ ਵਿਚ ਭਾਰਤ ਭਰ ਦੇ ਸਰਬ ਸ੍ਰੇਸ਼ਟ ਸੰਗੀਤ ਕਲਾਕਾਰ ਭਾਗ ਲੈਣਗੇ ।

ਅਜਿਹੇ ਸਮੇਂ, ਸ੍ਰੀ ਸਤਿਗੁਰੂ ਜੀ ਦਾ ਧਿਆਨ ਆਪ ਜੀ ਵਲ ਗਿਆ । ਸ੍ਰੀ ਸਤਿਗੁਰੂ ਜੀ ਚਾਹੁੰਦੇ ਹਨ ਕਿ ਜੇ ਇਹਨਾਂ ਦਿਨਾਂ ਵਿਚ ਆਪ ਅਤੇ ਮਿ: ਚਾਰਲਸ ਜੋਂਜੋ ਸਮਾਂ ਕਢ ਸਕੋ ਤਾਂ ਆਪ ਦਾ ਸੁਆਗਤ, ਇਨ੍ਹਾਂ ਸਮਾਗਮਾਂ ਸਮੇਂ ਕਰ ਕੇ ਅਤਿਅੰਤ ਪ੍ਰਸੰਨਤਾ ਅਨੁਭਵ ਕਰਨਗੇ ।

ਉਮੀਦ ਹੈ ਆਪ ਦਾ ਹੁੰਗਾਰਾ ਸਾਨੂੰ ਪ੍ਰਸੰਨਤਾ ਦੇਣ ਵਾਲਾ ਹੋਵੇਗਾ ।

ਆਪ ਜੀ ਦੇ ਸਤਿਕਾਰ ਵਿਚ,

... ... ...

ਗੱਲਾਂ ਬਾਤਾਂ ਅਤੇ ਵਿਚਾਰ ਵਟਾਂਦਰਾ ਕਰਦਿਆਂ ਸਾਡੇ ਤਿੰਨਾਂ ਦਰਮਿਆਨ ਇਹ ਵੀ ਤੈ ਹੋਇਆ ਕਿ ਇਸ ਦੀ ਮੁਨਾਸਬ ਅੰਗਰੇਜ਼ੀ ਸ੍ਰੀ ਸ਼ਿਵ ਲਾਲ, ਟੈਗੋਰ ਗਾਰਡਨ ਵਾਲਿਆਂ ਪਾਸੋਂ ਕਰਵਾਈ ਜਾਏ । ਅਤੇ ਰਾਤ ਦੇ 10 ਵਜੇ ਮੈਂ ਤੇ ਸ੍ਰੀ ਹੰਸਪਾਲ ਨੇ ਸ਼ਿਵ ਲਾਲ ਜੀ ਦਾ ਕੁੰਡਾ ਜਾ ਖੜਕਾਇਆ । ਸ਼ਿਵ ਲਾਲ ਹੋਏ ਵਰਤੇ ਪੱਤਰਕਾਰ ਹਨ ਅਤੇ ਹੁਣ ਇਲੈਕਟੋਰਲ ਪਾਲਿਟਿਕਸ ਅਤੇ ਲਾਅ ਉਤੇ, ਸਾਰਵਦੇਸ਼ਿਕ ਡਿਕਸ਼ਨਰੀ ਤਿਆਰ ਕਰ ਰਹੇ ਹਨ ।

ਪੌੜੀਆਂ ਉਤਰ ਕੇ ਸ੍ਰੀ ਸ਼ਿਵ ਲਾਲ ਨੇ ਬੂਹਾ ਖੋਲ੍ਹਿਆ । ਚਿੱਠੀ ਸੁਣ ਕੇ ਪ੍ਰਸੰਨ ਹੋਏ । ਅਗਲੀਆਂ ਪਿਛਲੀਆਂ ਕਈ ਗੱਲਾਂ ਕਰਦਿਆਂ ਫ਼ੈਸਲਾ ਹੋਇਆ ਕਿ ਕਲ੍ਹਕੇ



Sri Satguru Jagjit Singh Ji Elibrary NamdhariElibrary@gmail.com

ਸਵੇਰੇ ਇਸ ਚਿੱਠੀ ਦੀ ਇੰਗਲਿਸ਼ ਤਿਆਰ ਕੀਤੀ ਜਾਏ।

ਵਾਪਸੀ ਸਮੇਂ ਹੰਸਪਾਲ ਨੇ ਮੈਨੂੰ ਇਹ ਵੀ ਦੱਸਿਆ : ਸਤਿਗੁਰਾਂ ਦੇ ਸਕੱਤਰ ਤਰਸੇਮ ਸਿੰਘ ਨੇ ਫ਼ੋਨ ਤਾਂ ਕੀਤਾ ਸੀ ਕਿ ਕਈ ਹੋਰੀਂ ਅਤੇ ਹੰਸਪਾਲ ਜੀ ਮਲੇਰ ਕੋਟਲੇ ਜ਼ਰੂਰ ਪਹੁੰਚਣ ਪਰ ਮੈਂ (ਹੰਸਪਾਲ) ਚੁੱਪ ਹੀ ਕਰ ਰਿਹਾ।...ਉਂਜ ਸਤਿਗੁਰਾਂ ਨੇ ਆਪ ਵੀ ਮੈਨੂੰ ਆਗਿਆ ਨਹੀਂ ਕੀਤੀ।

ਸ. ਹੰਸਪਾਲ ਨੇ ਦੱਸਿਆ ਕਿ ਸਤਿਗੁਰੂ ਜੀ ਦੀ ਇੱਛਾ ਤਾਂ ਇਸ ਵਾਰ ਵਲਾਇਤ ਜਾਣ ਦੀ ਹੀ ਸੀ ਪਰ ਮਹਾਰਾਜ ਜੀ ਦੇ ਕਹਿਣ ਨੂੰ ਆਪ ਜੀ ਨੇ ਟਾਲਿਆ ਨਹੀਂ।

## 18 ਜਨਵਰੀ 1979, ਵੀਰਵਾਰ
## ਨਵੀਂ ਦਿੱਲੀ

### ਚੰਗਾ ਸ਼ਿਵ ਲਾਲ ਦੀਆਂ

ਸਵੇਰੇ 9 ਵਜੇ ਹੀ ਮੈਂ,ਸ੍ਰੀ ਸ਼ਿਵ ਲਾਲ ਕੇ ਮਕਾਨ ਈ.ਡੀ. 32-2 ਟੈਗੋਰ ਗਾਰਡਨ ਜਾ ਪੁੱਜਾ। ਸ੍ਰੀ ਸ਼ਿਵ ਲਾਲ ਬਾਹਰੋਂ, ਕਿਸੇ ਇਲਾਕੇ ਦੇ ਕੌਂਸਲਰ ਨੂੰ ਮਿਲ ਕੇ ਆ ਰਹੇ ਸਨ। ਮੇਰੀ ਲਿਖੀ ਪ੍ਰੈਜ਼ੀਡੈਂਟ ਮੋਦੀ ਨੂੰ ਚਿੱਠੀ ਦੀ ਭਾਵਨਾ, ਸ਼ਬਦਾਵਲੀ ਦੀ ਪ੍ਰਸ਼ੰਸਾ ਕਰਦਿਆਂ ਆਪ ਉਨ੍ਹਾਂ ਪ੍ਰਭਾਵਸ਼ਾਲੀ ਇੰਗਲਿਸ਼ ਵਿਚ ਅਨੁਵਾਦ ਕੀਤਾ।

ਮੈਨੂੰ ਨਾਸ਼ਤਾ ਕਰਵਾਂਦਿਆਂ ਸ੍ਰੀ ਸ਼ਿਵ ਲਾਲ ਨੇ ਦੱਸਿਆ : ਸੰਨ 1953 ਦੀ ਗੱਲ ਹੈ। ਮੈਂ ਕੂਕਿਆਂ ਬਾਰੇ ਕੁਝ ਸਮੱਗਰੀ ਇਕੱਤਰ ਕੀਤੀ। ਮੇਰਾ ਖ਼ਿਆਲ ਹੈ ਅੰਗਰੇਜ਼ੀ ਅਖ਼ਬਾਰਾਂ ਵਿਚ ਕਦੇ ਇਨ੍ਹਾਂ ਦਾ ਜ਼ਿਕਰ ਨਹੀਂ ਸੀ ਛਪਿਆ। ਤਾਦਾਦ ਇਹਨਾਂ (ਕੂਕਿਆਂ-ਨਾਮਧਾਰੀਆਂ) ਦੀ ਥਾੜੀ ਸੀ ਪਰ ਇਹਨਾਂ ਦੀ ਮਹਾਨਤਾ, ਇਹਨਾਂ ਦੀ ਸਿਦਕ ਨਾ ਕੁਰਬਾਨੀ ਦਾ ਮਹੱਤਵ ਲੋਕਾਂ ਵਿਚ ਏਨਾ ਪਰਚਾਰਿਤ ਨਹੀਂ ਸੀ। ਮੈਂ ਇਹਨਾਂ ਤੇ ਮਸਾਲਾ ਸ਼ੌਕ ਨਾਲ ਹੀ ਇਕੱਠਾ ਕੀਤਾ ਅਤੇ ਓਦੋਂ ਛਪਦੇ "ਹਿੰਦੁਸਤਾਨ ਸਟੈਂਡਰਡ" ਰੋਜ਼ਾਨਾ ਦੇ ਕਿਸੇ ਸੰਡੇ ਐਡੀਸ਼ਨ ਵਿਚ, ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਦੇ ਕੇ ਛਪਵਾਇਆ।

"'ਦੂਸਰੇ ਦਿਨ ਹੀ 5-7 ਨਾਮਧਾਰੀ, ਸਫ਼ੈਦ ਕਮਰਕਸਾਂ ਤੇ ਸਿੱਧੀਆਂ ਦਸਤਾਰਾਂ ਵਾਲੇ "ਹਿੰਦੁਸਤਾਨ ਸਟੈਂਡਰਡ" ਦੇ ਦਫ਼ਤਰ ਵਿਚ ਘੋਸ਼ ਨਾਮੀ ਇਕ ਸੱਜਣ ਨੂੰ ਜਾ ਮਿਲੇ। ਕਹਿਣ ਲੱਗੇ, ਜਿਸ ਦਾ ਲੇਖ ਕੱਲ੍ਹ, ਸਾਡੇ ਸਤਿਗੁਰਾਂ ਬਾਰੇ ਛਪਿਆ ਹੈ, ਉਸ (ਭਾਵ ਸ਼ਿਵ ਲਾਲ) ਦਾ ਸਾਨੂੰ ਐਡਰੈਸ ਦਿਓ। ਉਹ ਬੰਦਾ ਸਾਨੂੰ ਮਿਲਾਓ। ਘੋਸ਼ ਨਿਊਜ਼ ਐਡੀਟਰ ਸੀ। ਉਹ ਡਰ ਗਿਆ, ਕਿਧਰੇ ਕੋਈ ਤੌਹੀਨ ਆਮੇਜ਼ ਸ਼ਬਦ ਨ ਛਪ ਗਿਆ ਹੋਵੇ। ਇਹ ਸਿੱਖ ਜੁ ਕੱਠੇ ਹੋ ਕੇ ਆਏ ਹਨ। ਉਸਨੇ ਸ਼ਿਵ ਲਾਲ ਨੂੰ ਮਿਲਣ ਦਾ ਕਾਰਨ ਪੁਛਿਆ ਤਾਂ ਸਿੰਘਾਂ ਦੱਸਿਆ ਕਿ ਉਨ੍ਹਾਂ ਉਸ ਪਰਚੇ ਦੀਆਂ 500 ਕਾਪੀਆਂ ਖ਼ਰੀਦਣੀਆਂ ਹਨ ਜਿਸ ਵਿਚ ਉਹਨਾਂ ਦੇ ਸਤਿਗੁਰਾਂ ਬਾਰੇ ਕੁਝ ਛਪਿਆ ਹੈ। ਘੋਸ਼ ਦੇ ਸਾਹ ਵਿਚ ਸਾਹ ਆਇਆ ਅਤੇ ਉਸਨੇ ਉਹਨਾਂ ਨੂੰ ਮੇਰਾ ਪਤਾ ਲਿਖ ਕੇ ਦੇ ਦਿਤਾ।



Sri Satguru Jagjit Singh Ji Elibrary NamdhariElibrary@gmail.com

"ਉਹਨੀਂ ਦਿਨੀਂ, ਮੈਂ ਫ੍ਰੀ ਲਾਨਸਿੰਗ (ਆਜ਼ਾਦ ਲੇਖਨ) ਕਰਿਆ ਕਰਦਾ ਸਾਂ। ਵਡੇ ਵਡੇ ਅਖ਼ਬਾਰਾਂ ਜਿਵੇਂ 'ਹਿੰਦੁਸਤਾਨ ਸਟੈਂਡਰਡ', 'ਨੈਸ਼ਨਲ ਹੇਰਲਡ' ਆਦਿ ਵਾਸਤੇ ਲੇਖ ਲਿਖਦਾ ਸਾਂ ਅਤੇ 'ਟ੍ਰਿਬਿਊਨ' ਦਾ ਤਾਂ ਮੈਂ ਨਿਸ਼ਚਿਤ ਸੁਤੰਤਰ ਲੇਖਕ ਸਾਂ।

"ਨਾਮਧਾਰੀ ਸਿੰਘ ਲਭਦੇ-ਲਭਦੇ ਮੇਰੇ ਘਰ ਆ ਗਏ। ਇਹਨਾਂ 'ਚੋਂ ਮੈਨੂੰ ਦੋਂਹ ਬੰਦਿਆਂ ਦੇ ਹੀ ਨਾਮ ਯਾਦ ਹਨ, ਇਕ ਸੀ ਸ. ਸੁੱਚਾ ਸਿੰਘ, 24, ਆਰਾਮ ਬਾਗ ਲੇਨ ਵਾਲਾ, ਦੂਜਾ ਸੀ, ਸ. ਕਰਤਾਰ ਸਿੰਘ ਸੇਖੀ ਐਮ. ਐਲ. ਏ. ਦਿੱਲੀ। ਇਹਨਾਂ ਮੇਰੀ ਲਿਖਤ ਦੀ ਪ੍ਰਸ਼ੰਸਾ ਕਰਦਿਆਂ ਮੈਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨਾਂ ਦਾ ਅਵਸਰ ਦਿਤਾ। ਪਹਾੜ ਗੰਜ ਵਿਚ ਬਸੰਤ ਪੰਚਮੀ ਦਾ ਮੇਲਾ ਸੀ। ਮੈਨੂੰ ਵੀ ਬੁਲਾ ਲਿਆ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਹਿਲੀ ਵਾਰ ਦਰਸ਼ਨ ਕੀਤੇ। ਕਰਤਾਰ ਸਿੰਘ ਸੇਖੀ ਹੋਰਾਂ, ਸਾਧ ਸੰਗਤ ਵਿਚ ਖਲੋ, ਮੈਨੂੰ ਵੀ ਖਲ੍ਹਾਰ, ਦਿੱਲੀ ਦੀ ਸੰਗਤ ਵਲੋਂ ਉਨ੍ਹਾਂ ਲੇਖਾਂ ਬਾਰੇ ਮੇਰਾ ਧੰਨਵਾਦ ਕੀਤਾ। ਪਰ ਜਿੰਨਾ ਮਾਣ ਮੈਨੂੰ ਉਸ ਵੇਲੇ ਸਤਿਗੁਰੂ ਜੀ ਨੇ ਦਿਤਾ, ਉਸ ਦੀ ਤਾਜ਼ਗੀ ਅੱਜ ਵੀ ਮੇਰੇ ਸੀਨੇ ਵਿਚ ਕਾਇਮ ਹੈ। ਇਕ ਤਾਂ ਆਪ ਜੀ ਨੇ ਮੈਨੂੰ ਉੱਨ ਦੀ ਸਫ਼ੈਦ ਅਠੋਤਰੀ ਮਾਲਾ ਦੇ ਕੇ ਨਿਵਾਜਿਆ, ਦੂਜੇ ਆਪ ਉੱਠ ਕੇ ਸੰਗਤ ਵਿਚ ਮੈਨੂੰ ਮਾਣ ਦਿਤਾ। ਆਖਿਆ : "ਸੇਖੀ ਜੀ ਤੁਸੀਂ ਤਾਂ ਕੇਵਲ ਦਿੱਲੀ ਦੇ ਨਾਮਧਾਰੀਆਂ ਵਲੋਂ ਧੰਨਵਾਦ ਕਰਦੇ ਹੋ, ਮੈਂ ਸਾਰੀ ਦੁਨੀਆਂ ਦੇ ਨਾਮਧਾਰੀਆਂ ਵਲੋਂ ਸ਼ਿਵ ਲਾਲ ਜੀ ਦੇ ਇਸ ਉੱਦਮ ਦੀ ਸ਼ਲਾਘਾ ਕਰਦਾ ਹਾਂ।" ਇਹ ਬੋਲਣਾ ਸ਼ਿਵ ਲਾਲ ਜੀ ਦਾ ਅੰਦਰੋਂ ਕੁਝ ਅਨੁਭਵ ਕਰ ਕੇ ਸੀ। ਉਹ ਮੇਰੇ ਨਾਲ ਵਿੱਚੋਂ ਜੋੜੇ ਤੇ ਬੈਠੇ ਨਾਮਧਾਰੀਆਂ ਬਾਰੇ ਹੋਰ ਜਾਣਕਾਰੀ ਵੀ ਸਾਂਝੀ ਕਰ ਰਹੇ ਸਨ। ਦਰਸ਼ਨੀਆਨਾ ਕੱਦ, ਛਿਉਂਆਂ ਸਰੀਰ, ਤਾਜ਼ਾ ਤਾਜ਼ਾ ਰੰਗ। ਸ੍ਰੀ ਸ਼ਿਵ ਲਾਲ ਨੇ ਅੱਗੇ ਕਿਹਾ : ਮੇਰੇ ਏਸੇ ਲੰਮੇ ਲੇਖ ਦਾ 'ਤੇਜ' ਵਾਲਿਆਂ ਉਰਦੂ ਵਿਚ ਟ੍ਰਾਂਸਲੇਸ਼ਨ ਕਰ ਕੇ ਛਾਪਿਆ। ਉਹਨਾਂ ਦਾ ਪਰਚਾ ਵੀ ਨਾਮਧਾਰੀਆਂ 4-5 ਹਜ਼ਾਰ ਖ਼ਰੀਦ ਕੇ ਵੰਡਿਆ। ਪਰ ਮੇਰੇ ਏਸ ਲੇਖ ਦਾ 'ਹਿੰਦੁਸਤਾਨ ਸਟੈਂਡਰਡ' ਵਾਲਿਆਂ ਤੇ ਚੰਗਾ ਅਸਰ ਪਿਆ। ਉਹ ਸਮਝਦੇ ਸਨ, ਮੇਰੀ ਲਿਖਤ ਵਿਚ ਸਦਾਚਾਰ ਵੀ ਹੈ ਅਤੇ ਜੋਸ਼ ਵੀ ਹੈ। ਉਹ ਹੋਰ ਲੇਖਾਂ ਲਈ ਵੀ ਆਗ੍ਰਹਿ ਕਰਨ ਲਗੇ।

"ਪਰ ਇਕ ਦਿਨ ਮੈਨੂੰ ਇਹਨਾਂ ਲੇਖਾਂ ਤੋਂ ਹੋਰ ਵੀ ਵਧੇਰੇ ਅਨੁਭਵ ਹੋਇਆ। ਨੌਕਰੀ ਕਰਨ ਦੀ ਲੋੜ ਪੈ ਗਈ। ਮੈਂ 'ਸਟੇਟਸਮੈਨ' ਦਾ ਦਰਵਾਜ਼ਾ ਜਾ ਖੜਕਾਇਆ। ਇਹ ਅਖ਼ਬਾਰ ਸਟੈਂਡਰਡ ਦਾ ਵੀ ਸੀ ਅਤੇ ਪ੍ਰਭਾਵਸ਼ਾਲੀ ਵੀ। ਇਸ ਦੇ ਇੰਚਾਰਜ ਨਿਊਜ਼ ਐਡੀਟਰ ਮਿ: ਬ੍ਰਾਸਲੈਂਡ ਦੇ ਸਾਹਮਣੇ ਮੈਨੂੰ ਜਾਣਾ ਪਿਆ। ਮੈਂ ਆਪਣੇ ਲੇਖਾਂ ਦੀਆਂ ਕੱਟਿੰਗਜ਼ ਇਸ ਦੇ ਪੇਸ਼ ਕੀਤੀਆਂ। ਇਹ ਅੰਗਰੇਜ਼ ਸਤਿਗੁਰੂ ਰਾਮ ਸਿੰਘ ਜੀ ਦੀ ਫੋਟੋ ਵਾਲਾ ਲੇਖ ਵੇਖ ਕੇ ਅਟਕ ਗਿਆ। ਉਸ ਨੇ ਇਸ ਨੂੰ ਵਿਚੋਂ-ਵਿਚੋਂ ਪੜ੍ਹਿਆ ਅਤੇ ਮੈਨੂੰ ਕਿਹਾ, "ਓਹੋ, ਤੂੰ ਕੂਕਿਆਂ ਨੂੰ ਵੀ ਜਾਣਦਾ ਹੈਂ। ਮੈਂ ਵੀ ਇਹਨਾਂ ਬਾਰੇ ਬਹੁਤ ਕੁਝ ਸਮਝਦਾ ਹਾਂ" ਅਤੇ ਮੇਰੇ ਵਲ ਘੋਖਵੀਂ ਨਜ਼ਰ ਸੁਟ ਕੇ ਬੋਲਿਆ : ਮਿ: ਸ਼ਿਵ ਲਾਲ ਅਜੇ ਤੇਰੀ ਲੋੜ ਨਹੀਂ।



Sri Satguru Jagjit Singh Ji Elibrary NamdhariElibrary@gmail.com

ਸ੍ਰੀ ਸ਼ਿਵ ਲਾਲ ਨੇ ਦੱਸਿਆ : ਉਸ ਦਿਨ ਮੈਂ ਸਮਝਿਆ ਕਿ ਜਿਸ ਲੇਖ ਨੂੰ ਮੈਂ ਲੋਕਾਂ ਲਈ ਸਾਧਾਰਣ ਜਾਣਕਾਰੀ ਦੇਣ ਵਾਲਾ ਸਮਝਦਾ ਸਾਂ, ਉਸ ਦਾ ਇਕ ਅੰਗਰੇਜ਼ ਕਿੰਨਾ ਮਹੱਤਵ ਮੰਨਦਾ ਸੀ । ਅੰਗਰੇਜ਼ ਨੂੰ ਏਨੀ ਕਾਫੀ ਨਫਰਤ ਸੀ ਕਿ ਉਸ ਲੇਖ ਤੋਂ ਅਗੇ ਉਸ ਨੂੰ ਮੇਰੇ ਬਾਰੇ ਹੋਰ ਸਮਝਣ ਦੀ ਲੋੜ ਨਾ ਪਈ ।

"ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਕਦੇ ਦਿੱਲੀ ਆਉਂਦੇ, ਮੈਨੂੰ ਬੁਲਾ ਕੇ ਮਿਲਣ ਦਾ ਸੁਭਾਗ ਬਖਸ਼ਦੇ । ਮੈਂ ਉਨ੍ਹਾਂ ਦੇ ਬਚਨ ਬੜੇ ਧਿਆਨ ਨਾਲ ਸੁਣਦਾ ਅਤੇ ਉਨ੍ਹਾਂ ਦੀ ਗਹਿਰਾਈ ਅਤੇ ਯਥਾਰਥ ਨੂੰ ਸਮਝਦਾ । ਇਕ ਗੱਲ ਮੈਨੂੰ ਹੁਣ ਵੀ ਯਾਦ ਹੈ । ਇਕ ਵਾਰ ਮੇਰੇ ਨਾਲ ਜ਼ਿਕਰ ਕਰਦਿਆਂ ਉਹਨਾਂ 'ਮੌਤ' ਬਾਰੇ ਇੰਜ ਦੱਸਿਆ ਕਿ ਇਹ ਸਰੀਰ ਦੇ ਅੰਦਰ ਅੰਦਰਲੇ ਸਵਾਸਾਂ ਦਾ ਬਾਹਰਲੀ ਪੌਣ ਨਾਲ ਮਿਲਣਾ ਮਾਤਰ ਹੈ । ਜਦੋਂ ਸਾਡੇ ਅੰਦਰਲੇ ਸਵਾਸ ਅਤੇ ਬਾਹਰ ਦੀ ਪੌਣ ਮਿਲ ਜਾਣ ਤਾਂ ਸਮਝੋ ਮੌਤ ਹੋ ਗਈ । ਚਾਰ ਕੁ ਸਾਲ ਬਾਅਦ ਮੈਂ ਕਾਫੀ ਹਾਊਸ ਵਿਚ ਇਕ ਯੋਗੀ ਵਿਦਵਾਨ ਨੂੰ ਮਿਲਿਆ । ਉਸ ਦੀ ਲਿਖੀ ਇਕ ਕਿਤਾਬ ਉਸ ਦੇ ਪਾਸ ਸੀ । ਉਸ ਦੇ ਵਰਕੇ ਫੋਲਦਿਆਂ ਮੈਂ ਸਤਿਗੁਰਾਂ ਵਾਲਾ ਲੇਖ ਹੀ ਪੜ੍ਹਿਆ । ਉਂਜ ਤਾਂ ਖਉਰੇ ਮੈਨੂੰ ਯਕੀਨ ਨਾ ਹੁੰਦਾ ਪਰ ਇਸ ਯੋਗੀ ਦੀ ਅੰਗਰੇਜ਼ੀ ਵਿਚ ਲਿਖੀ ਪੁਸਤਕ ਦੇ ਸ਼ਬਦਾਂ ਨੇ ਮੈਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਾਕ ਯਾਦ ਕਰਵਾ ਦਿਤੇ । ਮੁਬਾਰਕ ਸੀ ਕਿ ਮੈਂ ਸਤਿਗੁਰੂ ਸੂਰਜ ਦੇ ਗਿਆਨ ਅਗੇ ਸਿਰ ਨਿਵਾਂਦਾ ।

ਸ਼ਿਵ ਲਾਲ ਜੀ ਨੇ ਜ਼ਰਾ ਕੁ ਰੁਕ, ਮੌਕਾ ਟਟੋਲ, ਫੇਰ ਬੋਲਣਾ ਸ਼ੁਰੂ ਕੀਤਾ : ਸਤਿਗੁਰਾਂ ਦੀ ਮੈਨੂੰ ਇਕ ਹੋਰ ਗੱਲ ਯਾਦ ਆਈ ਹੈ । ਉਹ ਪਸ਼ੂਆਂ ਦੇ, ਖ਼ਾਸ ਕਰ ਘੋੜਿਆਂ ਦੀਆਂ ਨਸਲਾਂ ਅਤੇ ਗੁਣਾਂ-ਔਗੁਣਾਂ ਦੇ ਕਿੰਨੇ ਜਾਣਕਾਰ ਸਨ । ਉਹਨਾਂ ਦਾ ਡਾਕਟਰ ਕਰਮ ਸਿੰਘ ਜੁ ਪਹਿਲਾਂ ਕਰਮ ਦੀਨ ਸੀ, ਸਤਿਗੁਰਾਂ ਦੇ ਦਿਸ਼ਾ ਨਿਰਦੇਸ਼ਨ ਤੇ ਘੋੜਿਆਂ ਦਾ ਇਲਾਜ ਕੀਤਾ ਕਰਦਾ ਸੀ । ਮੈਨੂੰ ਦੱਸਿਆ ਗਿਆ ਕਿ ਇਕ ਘੋੜਾ ਜੁ ਡਰਬੀ ਦੀ ਰੇਸ ਜਿੱਤ ਕੇ ਆਇਆ, ਉਹ ਪੈਰਾਂ ਵਿਚਲੇ ਕੈਂਸਰ ਰੋਗ ਨਾਲ ਗ੍ਰਸਤ ਸੀ । ਸਤਿਗੁਰਾਂ ਨੇ ਉਸ ਦੇ ਮਾਲਿਕ ਤੋਂ ਕੌਡੀਆਂ ਦੇ ਭਾ ਖਰੀਦਿਆ, ਉਸ ਦੇ ਕੈਂਸਰ ਦਾ ਇਲਾਜ ਕਰਕੇ ਉਸ ਨੂੰ ਡਰਬੀ ਜੇਤੂ ਬਣਾ ਦਿਤਾ । ਪਰ ਜੇ ਉਹਨਾਂ ਤਜਰਬਿਆਂ ਨੂੰ ਮਨੁੱਖਾਂ ਉਤੇ ਲਾਗੂ ਕੀਤਾ ਜਾਵੇ, ਸੰਭਵ ਹੈ ਕੈਂਸਰ ਦਾ ਸੌਖਾ ਅਤੇ ਸਸਤਾ ਇਲਾਜ ਕੀਤਾ ਜਾ ਸਕੇ ।" ਅਤੇ ਮਿ: ਸ਼ਿਵ ਲਾਲ ਨੇ ਕਰਮ ਸਿੰਘ ਦੇ ਜਿਊਂਦੇ ਹੋਣ ਬਾਰੇ ਪੁੱਛਿਆ ।

ਮੇਰੀ ਮਿਲਣੀ ਸਮੇਂ ਸ਼ਿਵ ਲਾਲ ਨੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਜ਼ਿਕਰ ਵੀ ਕੀਤਾ । ਸੁਲੇਖਕ ਨੇ ਕਿਹਾ : ਇਕ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਭੈਣੀ ਸਾਹਿਬ ਬੁਲਾ ਲਿਆ । ਪਰ ਉਹ ਮੇਰੇ ਪਹੁੰਚਣ ਤੱਕ ਜੀਵਨ ਨਗਰ ਨੂੰ ਚਲੇ ਗਏ । ਤਦ ਮੈਨੂੰ ਵਰਤਮਾਨ ਸਤਿਗੁਰੂ ਜੀ ਨਾਲ ਮਿਲਣ ਦਾ ਇਤਿਫਾਕ ਹੋਇਆ । ਇਹਨਾਂ ਵੀ ਮੇਰੇ ਤੇ ਨਜ਼ਰਿ ਇਨਾਇਤ ਰਖੀ । ਮੇਰੇ ਲਿਖਣ ਵਿਚ ਇਹਨਾਂ ਦੀ ਪ੍ਰੇਰਨਾ ਰਹੀ ਹੈ ।

ਸ੍ਰੀ ਸ਼ਿਵ ਲਾਲ ਨੇ ਮੇਰੇ ਨਾਲ ਗੱਲਾਂ ਕਰਦਿਆਂ ਕੂਕਾ ਤਹਿਰੀਕ ਦੇ ਆਗਾਜ਼ ਨੂੰ



Sri Satguru Jagjit Singh Ji Elibrary NamdhariElibrary@gmail.com

ਧਿਆਨ ਵਿਚ ਲਿਆਂਦਾ : ਇਹ ਸਾਰੇ ਜਾਣਦੇ ਹਨ ਕਿ ਮਹਾਤਮਾ ਗਾਂਧੀ ਅਤੇ ਸਵਾਮੀ ਦਇਆ ਨੰਦ ਨੇ ਉਹਨਾਂ ਲੀਹਾਂ ਤੇ ਹੀ ਆਪਣੀਆਂ ਤਹਿਰੀਕਾਂ ਚਲਾਈਆਂ ਜਿਨ੍ਹਾਂ ਦੀ ਸ਼ੁਰੂਆਤ ਗੁਰੂ ਰਾਮ ਸਿੰਘ ਜੀ ਨੇ ਕੀਤੀ ਸੀ। ਬੁਲੰਦ ਸ਼ਹਿਰ ਵਿਚੋਂ ਇਕ ਕਿਤਾਬ ਲੱਭੀ ਹੈ, ਜੋ ਕਿ ਡਾਇਰੀ ਹੈ.ਇਸ ਹੱਥ ਲਿਖਤ ਡਾਇਰੀ ਵਿਚ ਸੰਨ 1857 ਦੇ ਵੇਲੇ ਦਾ ਜ਼ਿਕਰ ਕੀਤਾ ਗਿਆ ਹੈ — ਦੋ ਵਿਅਕਤੀ ਆਏ ਇਕ ਬਜ਼ੁਰਗ ਲਗਦੇ ਸਰਦਾਰ ਸਨ ਇਕ ਅੰਨ੍ਹਾ ਆਦਮੀ ਜੁ ਮਥੁਰਾ ਦਾ ਸੁਆਮੀ ਸੀ ਕੋਈ। ਮੈਂ ਇਸ ਨਤੀਜੇ ਤੇ ਪਹੁੰਚ ਗਿਆ ਹਾਂ, ਡਾਇਰੀ ਵਿਚ ਦੱਸੀ ਰੂਪਰੇਖਾ ਤੋਂ ਕਿ ਸਰਦਾਰ ਸ਼ਾਇਦ ਸਤਿਗੁਰੂ ਰਾਮ ਸਿੰਘ ਖ਼ੁਦ ਸਨ (ਜਾਂ ਨਾਮਧਾਰੀ ਸੂਬਾ ਸਾਹਿਬ ਸਿੰਘ—ਪ.ਸ.ਕ.) ਤੇ ਜੋ ਅੰਨ੍ਹਾ ਵਿਅਕਤੀ ਸੀ ਉਹ ਸਵਾਮੀ ਵਿਰਜਾਨੰਦ ਸਨ ਜੋ ਸਵਾਮੀ ਦਇਆਨੰਦ ਦੇ ਗੁਰੂ ਸਨ। ਸਵਾਮੀ ਦਇਆ ਨੰਦ ਨੇ ਜੋ ਪਿਛੋਂ ਜਾ ਕੇ ਤਹਿਰੀਕ ਚਲਾਈ, ਇਹੋ ਜਿਹੀ ਹੀ ਕੂਕਿਆਂ ਨੇ ਬਾਈਕਾਟ ਦੀ ਮੂਵਮੈਂਟ ਚਲਾਈ ਸੀ। ਇਸ ਤੋਂ ਪਤਾ ਲਗਦਾ ਹੈ ਕਿ ਦੋਵੇਂ ਤਹਿਰੀਕਾਂ ਲਗਭਗ ਬਰਾਬਰ ਦੇ ਸਮੇਂ ਵਿਚ ਹੀ ਜਾਰੀ ਹੋਈਆਂ ਅਤੇ ਥੋੜ੍ਹੇ ਚਿਰ ਬਾਅਦ ਇਹਨਾਂ ਦੀ ਨਵਿਰਤੀ ਲਈ ਹੀ ਸਿੰਘ ਸਭਾ ਲਹਿਰ ਚਲੀ। ਬਗਾਵਤਾਂ ਦੇ ਸਮੇਂ ਨੂੰ ਜੇ ਵੇਖੀਏ ਤਾਂ ਕੂਕਿਆਂ ਦੀ ਬਗਾਵਤ 13 ਅਪਰੈਲ 1857 ਤੋਂ ਆਰੰਭ ਹੋਈ ਤੇ ਗ਼ਦਰ ਦੇ ਨਾਂ ਨਾਲ ਜਾਣੀ ਜਾਂਦੀ ਬਗਾਵਤ ਮਹੀਨਾ ਬਾਅਦ ਸ਼ੁਰੂ ਹੋਈ—ਮਈ ਵਿਚ। ਸੁ ਇਹ ਸਾਰੀਆਂ ਗੱਲਾਂ ਹਿੰਦੁਸਤਾਨ ਦੇ ਇਤਿਹਾਸ ਵਿਚ ਆਪਣੀ ਥਾਂ ਅਤੇ ਮਹੱਤਵ ਰਖਦੀਆਂ ਹਨ।

ਮੈਂ ਪੁਛਿਆ : ਮੈਂ ਸੁਣਿਐਂ ਤੁਸਾਂ ਨਦੇੜ ਕੌਤਕ ਤੋਂ ਬਾਅਦ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਹੋਂਦ ਬਾਰੇ ਲਿਖਿਆ ਹੈ। ਉਹ ਕੀ ਹੈ, ਲੇਖ ਜਾਂ ਪੁਸਤਕ ? ਉਸ ਬਾਰੇ ਵੀ ਕੁਝ ਦੱਸੋ।

ਸ਼ਿਵ ਲਾਲ ਜੀ ਨੇ ਸੀਟ ਬਦਲਦਿਆਂ ਮੇਰੀ ਪੁੱਛ ਦਾ ਉੱਤਰ ਦਿੱਤਾ : ਮੈਂ ਇਕ ਅਖ਼ਬਾਰ ਕੱਢਦਾ ਸਾਂ "ਇੰਡੀਅਨ ਪ੍ਰਾਗ੍ਰੈਸ।" ਮੈਂ ਕੁਝ ਮਸਾਲਾ ਕੱਠਾ ਕਰ ਕੇ ਇਸ ਵਿਚ ਲਿਖ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਸ਼ਾਇਦ ਨਦੇੜ ਕਾਂਡ ਤੋਂ ਬਾਅਦ ਵੀ ਹੈ ਸਨ। ਅੰਗਰੇਜ਼ੀ ਵਿਚ ਇਸ ਵਿਸ਼ੇ ਤੇ ਖ਼ਬਰੇ ਮੇਰੀ ਹੀ ਪਹਿਲ ਸੀ। ਕੁਝ ਸਮੱਗਰੀ ਮੈਂ ਆਪ ਇਕੱਠੀ ਕੀਤੀ, ਕੁਝ ਨਾਮਧਾਰੀਆਂ ਤੋਂ ਵੀ ਮੱਦਦ ਲਈ। ਮੇਰੀ ਅਖ਼ਬਾਰ ਖੋਜ ਕਰਨ ਵਾਲੀਆਂ ਲਗਭਗ ਸਭ ਸੰਸਥਾਵਾਂ ਵਿਚ ਜਾਂਦੀ ਸੀ। ਉਸ ਨੇ ਹਰੇਕ ਘੋਖਾਊ ਲਈ ਕੌਤੂਹਲ ਪੈਦਾ ਕਰ ਦਿੱਤਾ, ਆਖ਼ਰ ਇਹ ਮਾਜਰਾ ਕੀ ਏ ? ਅੰਗਰੇਜ਼ੀ ਅਖ਼ਬਾਰਾਂ ਨੇ ਇਸ ਤੇ ਕਾਫ਼ੀ ਟੀਕਾ ਟਿੱਪਣੀ ਵੀ ਕੀਤੀ। ਅਤੇ ਕਈਆਂ ਨੇ ਮੇਰਾ ਮਜ਼ਮੂਨ ਦੋਬਾਰਾ ਵੀ ਛਾਪਿਆ।

ਸ਼ਿਵ ਲਾਲ ਜੀ ਨੇ ਸਪੱਸ਼ਟ ਕੀਤਾ : ਪੰਜਾਬੀ ਅਖ਼ਬਾਰਾਂ ਰਸਾਲਿਆਂ ਵਿਚ ਵੀ ਚਰਚਾ ਹੋਈ। ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਸਿਕ ਪੱਤਰ "ਗੁਰਦੁਆਰਾ ਗਜ਼ਟ" ਦਾ ਜ਼ਿਕਰ ਕਰਦਾ ਹਾਂ। ਉਸ ਨੇ ਮੇਰੇ ਖ਼ਿਲਾਫ਼ ਕਾਫ਼ੀ ਗੱਲਾਂ ਕੀਤੀਆਂ ਅਥਵਾ ਲਿਖਿਆ। ਮੈਨੂੰ ਸਮਝ ਨਹੀਂ ਆਈ ਕਿ ਮੇਰੀ ਖੋਜ ਵੀ ਅੰਨ੍ਹੀ



Sri Satguru Jagjit Singh Ji Elibrary NamdhariElibrary@gmail.com

ਵਿਰੋਧਤਾ ਕਰਨ ਦੀ ਉਸ ਨੂੰ ਵੀ ਲੋੜ ਸੀ । ਪਰ ਜਾਪਦਾ ਹੈ, ਉਸ ਨੂੰ ਕਿਹਾ ਗਿਆ ਸੀ ਕਿ ਸਿੱਖ ਲਿਟਰੇਚਰ ਵਿਚ ਅਜਿਹੀ ਦਖ਼ਲ ਅੰਦਾਜ਼ੀ ਵਿਰੁੱਧ ਰੌਲਾ ਪਾਇਆ ਜਾਏ । ਜਾਂ ਉਹਨਾਂ ਨੂੰ ਆਪਣੀ ਗੱਦੀ ਦਾ ਵਿਰੋਧ ਹੁੰਦਾ ਜਾਪ ਰਿਹਾ ਹੋਵੇ । ਪਰ ਮੈਂ ਤਾਂ ਆਪ ਖੋਜ ਵਿਚ ਮਸਰੂਫ਼ ਸਾਂ । ਮੈਂ ਨਦੇੜ ਗਿਆ । ਓਥੋਂ ਦੇ ਬੜੇ-ਬੁੱਢਿਆਂ ਨੂੰ ਪੁੱਛਣ ਤੇ ਆਮ ਰਵਾਇਤਾਂ ਜਿਹੀਆਂ ਤੋਂ ਇਹੋ ਪਤਾ ਲਗਦਾ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਓਥੋਂ ਚਲੇ ਗਏ ਹੋਣ । "ਸਵਾਰੀ ਕਰ ਗਏ" "ਚੜ੍ਹਾਈ ਕਰ ਗਏ" ਅਜਿਹੇ ਸ਼ਬਦ ਉਹ ਤਾਂ ਸਤਿਗੁਰਾਂ ਦੇ ਸਣਦੇਹੀ ਚਲੇ ਜਾਣ ਤੋਂ ਵਰਤੋਂ ਵਿਚ ਲਿਆਉਂਦੇ ਹਨ । ਜਿਵੇਂ ਅਸੀਂ ਹੁਣ "ਚੜ੍ਹਾਈ ਕਰ ਗਿਆ" ਵਰਤਦੇ ਹਾਂ, ਮੈਨੂੰ ਜਾਪਦਾ ਹੈ ਮੌਤ ਵਾਸਤੇ ਇਹ ਸ਼ਬਦ ਉਸ ਤੋਂ ਪਿਛੋਂ ਹੀ ਵਰਤੇ ਜਾਣ ਲੱਗੇ, ਮਿਰਤੂ ਦੀ ਭਿਆਨਕਤਾ ਘਟਾਣ ਵਾਸਤੇ ।

"ਇਕ ਮੈਨੂੰ ਗੁਰਦੁਆਰਾ ਨਦੇੜ ਵਿਖੇ ਕੈਲੰਡਰ ਟੰਗਿਆ ਬੜਾ ਚੰਗਾ ਲੱਗਾ । ਉਸ ਵਿਚ ਘੋੜੇ ਉਤੇ ਬੈਠਿਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਆਕਾਸ਼ ਵਲ ਜਾਂਦਿਆਂ ਵਿਖਾਇਆ ਗਿਆ ਸੀ । ਕੁਝ ਲੋਕਾਂ ਦਾ ਖ਼ਿਆਲ ਸੀ ਕਿ ਦਸਮੇਸ਼ ਪਾਤਸ਼ਾਹ ਓਥੇ ਪੂਰੇ ਨਹੀਂ ਹੋਏ ਸਗੋਂ ਘੋੜੇ ਤੇ ਚੜ੍ਹ ਕੇ ਗ਼ਾਇਬ ਹੋ ਗਏ ।" ਮੇਰੇ ਪੁੱਛਣ ਤੇ ਸ਼ਿਵ ਲਾਲ ਜੀ ਨੇ ਦੱਸਿਆ ਕਿ ਉਹ 1971-72 ਵਿਚ ਨਦੇੜ ਗਏ ਸਨ ।

"ਕਨਿੰਘਮ ਨੇ ਸਿੱਖ ਹਿਸਟਰੀ ਲਿਖੀ ਹੈ" ਗੱਲ ਜਾਰੀ ਰਖਦਿਆਂ ਸ਼ਿਵ ਲਾਲ ਬੋਲੇ : ਨਦੇੜ ਉਹ ਆਪ ਗਿਆ ਸੀ ਪਰ ਉਹ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਤ ਸਮੇਂ ਦਾ ਕੋਈ ਠੋਸ ਤੇ ਸਹੀ ਜਵਾਬ ਨਹੀਂ ਦੇ ਸਕਿਆ । ਸ਼ਾਇਦ ਅੰਗਰੇਜ਼ਾਂ ਦਾ ਇਹ ਇੰਟ੍ਰੈਸਟ ਸੀ ਕਿ ਗੁਰੂ ਗੋਬਿੰਦ ਸਿੰਘ ਓਥੇ ਸ਼ਾਂਤ ਹੋ ਗਏ । ਉਸ ਦਾ ਕਾਰਨ ਸ਼ਾਇਦ ਇਹ ਸੀ ਕਿ ਓਦੋਂ ਪੰਜਾਬ ਵਿਚ ਮੂਵਮੈਂਟਸ ਬਹੁਤ ਉਠ ਰਹੀਆਂ ਸਨ । ਜਿਹੜਾ ਵੀ ਕੋਈ ਉਠਦਾ ਸੀ, ਉਹ ਕਹਿੰਦਾ ਸੀ ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਚੇਲਾ ਹਾਂ ਅਤੇ ਉਸ ਦੀ ਗੱਦੀ ਦਾ ਵਾਰਸ ਹਾਂ । ਅੰਗਰੇਜ਼ਾਂ ਦਾ ਖ਼ਿਆਲ ਸੀ ਕਿ ਜਿਹੜੀ ਵੀ ਉਹਨਾਂ ਖ਼ਿਲਾਫ਼ ਬਗ਼ਾਵਤ ਉਠਦੀ ਹੈ ਉਸੇ ਦਾ ਲੀਡਰ ਗੁਰੂ ਗੋਬਿੰਦ ਸਿੰਘ ਦਾ ਨਾਮ ਲੈਂਦਾ ਹੈ, ਕਿਤੇ ਐਸਾ ਨਾ ਹੋਵੇ ਕਿ ਇਸ ਨਾਮ ਦੇ ਪ੍ਰਭਾਵ ਥੱਲੇ ਲੋਕ ਸਮੂਲਚੇ ਸਾਡੇ ਖ਼ਿਲਾਫ਼ ਲੋਹਾ ਲੈਣ ਲਈ ਉਠ ਖਲੋਣ ਜਾਂ ਸਾਡੇ ਹੇਠੋਂ ਨਿਕਲ ਜਾਣ । ਇਸ ਲਈ ਐਸੀ ਕਹਾਣੀ ਜਿਹੀ ਬਣਾ ਦਿਤੀ ਕਿ ਗੁਰੂ ਗੋਬਿੰਦ ਸਿੰਘ ਜੀ ਨਦੇੜ ਵਿਖੇ ਸਮਾਪਤ ਹੋ ਗਏ ਅਤੇ ਗੁਰਿਆਈ ਆਦਿ ਗ੍ਰੰਥ ਜੀ ਨੂੰ ਦੇ ਗਏ । ਜਾਂ ਜਿਨ੍ਹੂੰ ਪੰਜ ਪੋਥੀ ਕਿਹਾ ਜਾਂਦਾ ਹੈ । ਅੱਜ ਕੱਲ੍ਹ ਤਾਂ ਓਸੇ ਨੂੰ ਹੀ ਗੁਰੂ ਗ੍ਰੰਥ ਸਾਹਿਬ ਕਿਹਾ ਜਾਂਦਾ ਹੈ । ਅੰਗਰੇਜ਼ਾਂ ਨੇ ਇਹ ਮੱਤ ਪ੍ਰਚੱਲਤ ਕਰਨ ਵਾਸਤੇ ਓਦੋਂ ਸਵਾ ਲੱਖ ਪੋਥੀਆਂ ਛਾਪ ਕੇ ਲੋਕਾਂ ਵਿਚ ਮੁਫ਼ਤ ਵੰਡੀਆਂ । ਸਿੱਖੀ ਦੀ ਸੰਭਾਲ ਦੀ ਠੇਕੇਦਾਰੀ ਵੀ ਅੰਗਰੇਜ਼ ਨੇ ਲੈ ਲਈ । ਫ਼ੌਜਾਂ ਵਿਚ ਗੁਰਦੁਆਰੇ ਅਤੇ ਸਿੱਖੀ ਅਸੂਲਾਂ ਦੀ ਪਾਬੰਦੀ ਤੇ ਸੰਭਾਲ ਆਪਣੇ ਜ਼ਿੰਮੇ ਲੈ ਲਈ ।

ਸ੍ਰੀ ਸ਼ਿਵ ਲਾਲ ਮੁਸਕੁਰਾਏ ਅਤੇ ਫਿਰ ਹੱਸਦੇ ਹੱਸਦੇ ਕਹਿਣ ਲੱਗੇ : ਭਈ ਜੀ, ਮੈਂ



Sri Satguru Jagjit Singh Ji Elibrary NamdhariElibrary@gmail.com

ਤਾਂ ਸਗੋਂ ਕਦੇ ਕਦੇ ਕਿਹਾ ਕਰਦਾ ਹਾਂ ਕਿ ਇਹ ਤਿਰਕਾਂ ਵਾਲੇ ਸਿੱਖ ਅੰਗਰੇਜ਼ਾਂ ਦੇ ਬਣਾਏ ਸਿੱਖ ਹਨ, ਅਸਲੀ ਸਿੱਖ ਤਾਂ ਨਾਮਧਾਰੀ ਹੀ ਹਨ ਜੁ ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਦੇ ਹਨ। ਆਮ ਸਿੱਖਾਂ ਦਾ ਇਸ ਵਿਚ ਕੋਈ ਦੋਸ਼ ਨਹੀਂ, ਉਹਨਾਂ ਨੂੰ ਪਤਾ ਹੀ ਨਹੀਂ ਕਿ ਇਹ ਸਭ ਤਬਦੀਲੀਆਂ ਕਿਉਂ ਤੇ ਕਿਵੇਂ ਵਾਪਰਦੀਆਂ ਗਈਆਂ। ਇਹਦੇ ਵਾਸਤੇ ਮੈਨੂੰ ਅਫਸੋਸ ਵੀ ਹੈ ਕਿ ਨਾਮਧਾਰੀਆਂ ਵੀ ਕੁਝ ਵਿਸ਼ੇਸ਼ ਨਹੀਂ ਕੀਤਾ। ਇਸ ਸਦਾਕਤ ਦੀ ਖੋਜ ਅਤੇ ਪਰਚਾਰ ਨੂੰ ਹੱਥ ਨਹੀਂ ਪਾਇਆ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲਿਆਂ ਨੂੰ ਮੇਰੇ ਛਪੇ "ਇੰਡੀਅਨ ਪ੍ਰਾਗ੍ਰੈਸ" ਵਿਚਲੇ ਲੇਖਾਂ ਤੋਂ ਐਨੀ ਪਰੇਸ਼ਾਨੀ ਹੋਈ ਕਿ ਇਹ ਮਹਾਰਾਸ਼ਟਰ ਵਿਚ ਪਹੁੰਚੇ ਅਤੇ ਓਥੇ ਜਾ ਕੇ ਇਹਨਾਂ ਕਿਸੇ ਕਮੇਟੀ ਜਾਂ ਗੁਰਦੁਆਰਾ ਕਮੇਟੀ ਤੋਂ ਮਤਾ ਪਾਸ ਕਰਵਾਇਆ ਕਿ ਸ਼ਿਵ ਲਾਲ ਨਾਂ ਦਾ ਕੋਈ ਬੰਦਾ ਏਥੇ ਨਹੀਂ ਆਇਆ ਅਤੇ ਉਹ ਝੂਠ ਬੋਲਦਾ ਹੈ ਕਿ ਉਹ ਕਦੇ ਨਦੇੜ ਆਇਆ ਹੈ।

ਸ਼ਿਵ ਲਾਲ ਠਹਾਕਾ ਮਾਰ ਕੇ ਹੱਸੇ : ਮੈਨੂੰ ਇਹ ਗੱਲ ਬੜੀ ਫ਼ਜ਼ੂਲ ਜਿਹੀ ਲੱਗੀ ਕਿ ਮੈਂ ਜੇ ਨਦੇੜ ਗਿਆ ਸਾਂ ਤਾਂ ਤਸਵੀਰ ਖਿਚਾਂਦਾ। ਸੈਂਕੜੇ ਆਦਮੀ ਓਥੇ ਤੀਰਥ ਯਾਤਰਾ ਕਰਨ ਜਾਂਦੇ-ਆਉਂਦੇ ਹਨ ਅਤੇ ਜੇ ਮੈਂ ਓਥੇ ਜਾ ਆਇਆ ਤਾਂ ਕੀ ਫ਼ਰਕ ਪੈ ਗਿਆ। ਪਰ ਮੈਂ ਓਥੇ ਗਿਆ, ਆਸਾ ਦੀ ਵਾਰ ਸੁਣੀ, ਗੁਰੂ ਕਾ ਲੰਗਰ ਛਕਿਆ, ਉਹਨਾਂ ਦਾ ਸਾਰਾ ਸਿਸਟਮ ਵੇਖਿਆ ਅਤੇ ਮੈਂ ਸਗੋਂ ਮਹਿਸੂਸ ਕੀਤਾ ਕਿ ਸਿੱਖਾਂ ਅਤੇ ਮੋਨਿਆਂ ਦਾ ਜੁ ਪਰਸਪਰ ਤਅੱਲਕ ਹੈ ਉਹ ਏਥੇ ਨਦੇੜ ਗੁਰਦੁਆਰੇ ਤੋਂ ਪਤਾ ਲਗਦਾ ਹੈ। ਓਥੇ ਉਹੋ ਪਰੰਪਰਾ ਚਲੀ ਆਉਂਦੀ ਹੈ। ਹਿੰਦੂ ਸਿੱਖਾਂ ਦਾ ਓਥੇ ਠੀਕ ਤਰ੍ਹਾਂ ਤਾਲਮੇਲ ਹੈ।

## ਕੂਕਾ ਸਪਲੀਮੈਂਟ 'ਨਵਾਂ ਜ਼ਮਾਨਾ' ਦਾ

ਸ੍ਰੀ ਸ਼ਿਵ ਲਾਲ ਹੁਰਾਂ ਤੋਂ ਵਿਹਲਾ ਹੋ ਜਾਂ ਮੈਂ ਘਰ ਆਇਆ ਤਾਂ ਡਾਕ ਵਿਚ 17.1.79 ਦਾ 'ਨਵਾਂ ਜ਼ਮਾਨਾ' ਜਲੰਧਰ ਦਾ ਰੋਜ਼ਾਨਾ ਪਰਚਾ ਆਇਆ ਵੇਖਿਆ। ਉਸ ਦਾ ਤੀਜਾ ਪੇਜ ਅੱਜ ਇਕ 'ਕੂਕਾ ਸਪਲੀਮੈਂਟ' ਸੀ। ਇਸ ਵਿਚ ਸੀ.ਪੀ.ਆਈ. ਪੰਜਾਬ ਦੇ ਇਕ ਸਕੱਤਰ ਕਾ: ਤੁਲਸੀ ਰਾਮ ਦਾ ਕੂਕਾ ਤਹਿਰੀਕ ਨੂੰ ਸਮਰਪਿਤ ਲੇਖ ਸੀ। ਸ. ਜਗਦੀਸ਼ ਸਿੰਘ 'ਵਰਿਆਮ' ਅਤੇ ਸ. ਦਲੀਪ ਸਿੰਘ 'ਨਿਰੀਖਿਅਕ' ਨੇ ਵੀ ਕੂਕੇ ਸਿੰਘਾਂ ਦੀ ਮਲੇਰਕੋਟਲਾ ਵਿਖੇ ਸ਼ਹਾਦਤ ਨੂੰ ਧਿਆਨ ਵਿਚ ਲਿਆ, ਲੋਕ ਗੀਤਾਂ ਵਿਚ ਕੂਕਾ ਤਹਿਰੀਕ ਦਾ ਪ੍ਰਭਾਵ ਵਰਣਨ ਕੀਤਾ ਸੀ ਅਤੇ ਇੰਜ ਹੀ ਹੋਰ ਬਹੁਤ ਕੁਝ।

## 'ਪ੍ਰੀਤ ਲੜੀ' ਦੀ ਕੂਕਾ ਸੰਖੇਪਤ

ਨਾਲ ਹੀ ਇਕ ਪਰਚਾ 'ਪ੍ਰੀਤ ਲੜੀ' ਜਨਵਰੀ 1979 ਦਾ ਦੂਜੀ ਡਾਕ ਵਿਚ ਪ੍ਰਾਪਤ ਹੋਇਆ ਇਸ ਦੇ 63 ਤੋਂ 66 ਸਫ਼ੇ ਤੇ ਮੇਰੀ ਲਿਖੀ ਹੋਈ ਥਾਈਲੈਂਡ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ 19.10.78 ਨੂੰ ਮਹਾ ਮਹਿਮ ਡਾਕਟਰ ਸੁਚਾਟ ਦੇ ਉਦਮ ਨਾਲ ਸਥਾਪਤ ਹੋਣ ਵਾਲੇ ਸਰਬ ਸੰਸਾਰ ਸ਼ਾਂਤੀ ਮੰਦਰ ਦੀ, ਪੱਥਰ ਰਖਣ ਦੀ, ਰੀਪੋਰਟ



Sri Satguru Jagjit Singh Ji Elibrary NamdhariElibrary@gmail.com

ਸੀ । ਜਿਸ ਵਿਚ ਉਪਰ ਸੰਪਾਦਕ ਵਲੋਂ ਇਕ ਨੋਟ ਸੀ : "ਨਾਮਧਾਰੀ ਸੰਪਰਦਾ ਦੇ ਸਤਿਗੁਰੂ ਜਗਜੀਤ ਸਿੰਘ ਜੀ ਬੜੀ ਹੀ ਪਿਆਰੀ, ਗੁਣਵਾਨ ਤੇ ਸਰਬੰਗੀ ਸ਼ਖ਼ਸੀਅਤ ਹਨ । ਉਹਨਾਂ ਦੇ ਅੰਦਰ ਸੰਸਾਰ ਅਮਨ ਲਈ ਅਦੁੱਤੀ ਲਗਨ ਹੈ । ਉਹਨਾਂ ਸੰਸਾਰ ਅਮਨ ਲਹਿਰ ਵਿਚ ਵਡਮੁੱਲਾ ਹਿੱਸਾ ਪਾਇਆ ਹੈ । ਇਹਦੇ ਆਦਰਸ਼ਾਂ ਨੂੰ ਪੰਜਾਬ, ਭਾਰਤ ਤੇ ਵਿਦੇਸ਼ਾਂ ਵਿਚ ਪ੍ਰਚਾਰਿਆ ਹੈ ।

"ਸਚੇ ਧਾਰਮਿਕ ਨੇਤਾ ਅਮਨ ਦੇ ਮਹਾਨ ਮਨੁੱਖੀ ਆਦਰਸ਼ ਨੂੰ ਪਰਣਾਏ ਹੋਏ ਹੁੰਦੇ ਹਨ—ਇਹਦਾ ਇਕ ਪ੍ਰਮਾਣ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਹੈ । ਪਿਛਲੇ ਸਾਲ 19 ਅਕਤੂਬਰ 1978 ਨੂੰ ਬਾਈਲੈਂਤ ਵਿਚ ਧਾਰਮਿਕ ਨੇਤਾਵਾਂ ਦਾ ਅਮਨ ਲਈ ਇਕ ਵੱਡਾ ਇਕੱਠ ਹੋਇਆ ਸੀ, ਉਸ ਵਿਚ ਇਹਨਾਂ ਦਾ ਉਚੇਚਾ ਹਿੱਸਾ ਸੀ ।

"ਇਸ ਸਮਾਗਮ ਦੀ ਇਕ ਅੱਖੀਂ ਡਿੱਠੀ ਰਿਪੋਰਟ ਪ੍ਰੀਤਮ ਸਿੰਘ ਕਵੀ ਦੀ ਕਲਮ ਤੋਂ ਅਸੀਂ ਆਪਣੇ ਪਾਠਕਾਂ ਦੀ ਜਾਣਕਾਰੀ ਲਈ ਛਾਪ ਰਹੇ ਹਾਂ ।

"ਅੱਜ ਜਦੋਂ ਸਾਡੇ ਦੇਸ਼ ਵਿਚ ਕਈ ਥਾਈਂ ਅਲੀਗੜ੍ਹ, ਲਖਨਊ, ਕਾਨਪੁਰ, ਦਿੱਲੀ, ਅੰਮ੍ਰਿਤਸਰ ਵਿਚ ਧਾਰਮਿਕ ਵਖੇਵਿਆਂ ਤੇ ਝਗੜਿਆਂ ਤੋਂ ਲਹੂ ਡੁਲ੍ਹਿਆ ਅਤੇ ਲੋਕਾਂ ਦਾ ਅਮਨ ਭੰਗ ਹੋਇਆ ਹੈ ਕਈ ਥਾਈਂ ਹੋ ਰਿਹਾ ਹੈ, ਓਦੋਂ ਅਸੀਂ ਆਸ ਕਰਦੇ ਹਾਂ ਕਿ ਧਾਰਮਿਕ ਨੇਤਾਵਾਂ ਦਾ ਇਹ ਮਹਾਨ ਇਕੱਠ ਧਰਮ ਵਿਚ ਅਕੀਦਾ ਰਖਣ ਵਾਲੇ ਲੋਕਾਂ ਲਈ ਇਕ ਸੁਖਾਵਾਂ ਸੁਨੇਹਾ ਬਣ ਸਕੇਗਾ । (ਸੰਪਾਦਕ)"

## ਸ੍ਰੀ ਜੀਵਨ ਨਗਰ ਸਥਾਪਨਾ ਦਿਵਸ
## 24 ਜਨਵਰੀ 1979, ਬੁੱਧਵਾਰ

22.1.79 ਨੂੰ ਦਿੱਲੀਓਂ ਚੱਲ ਰਾਤ ਰਾਣੀਆਂ ਅਤੇ 23 ਨੂੰ ਸੰਤ ਨਗਰ ਰਿਹ, 24 ਜਨਵਰੀ ਨੂੰ 10.30 ਵਜੇ ਜੀਵਨ ਨਗਰ ਪਹੁੰਚਾ ।

ਜੀਵਨ ਨਗਰ ਜੁ ਸ੍ਰੀ ਸਤਿਗੁਰੂ ਜੀ ਦੇ ਬਿਨਾ ਇਕ ਉਜਾੜ ਨਗਰੀ ਹੀ ਲਗਦੀ ਹੈ, ਅੱਜ ਇਸ ਦਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ । ਮਾਤਾ ਚੰਦ ਕੌਰ ਜੀ ਤਾਂ ਅਫ਼ਰੀਕਾ ਦੀ ਕੀਨੀਆ ਸਟੇਟ ਤੋਂ ਵਾਪਸ ਦੇਸ਼ ਪਰਤ ਅਗਲੇ ਜਾਂ ਅਗਲੇਰੇ ਦਿਨ ਦੇ ਹੀ ਏਥੇ ਪੁੱਜੇ ਹੋਏ ਹਨ ਪਰ ਮਹਾਰਾਜ ਬੀਰ ਸਿੰਘ ਜੀ ਅਪਣੀ ਸੁਪਤਨੀ ਬੀਬੀ ਦਲੀਪ ਕੌਰ ਜੀ ਨਾਲ 22 ਜਨਵਰੀ ਦੀ ਰਾਤ ਨੂੰ ਹੀ ਏਥੇ ਪਹੁੰਚੇ । ਇਹ ਦੰਪਤੀ ਬੰਗਲੌਰ ਤੋਂ ਆਈ ਸੀ । ਠਾਕੁਰ ਉਦੇ ਸਿੰਘ ਜੀ ਵੀ ਕੁਝ ਦਿਨ ਪਹਿਲਾਂ ਦੇ ਏਥੇ ਆਕੇ ਪ੍ਰਬੰਧ ਆਦਿ ਕਰਦੇ ਰਹੇ । ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਸੇਵਕਾਂ ਸਮੇਤ ਬੀਤੀ ਰਾਤ ਹੀ ਸ੍ਰੀ ਜੀਵਨ ਨਗਰ ਪਧਾਰੇ ।

### ਕੰਗਣ ਪੁਰ ਬਰਸਾਨਾ

ਮੇਰੇ ਜੀਵਨ ਨਗਰ ਪਹੁੰਚਣ ਤੋਂ ਪਹਿਲਾਂ ਹੀ ਸਾਰਾ ਗੁਰੂ ਪਰਵਾਰ ਕੰਗਣ ਪੁਰ (ਸਰਸਾ ਦੇ ਨੇੜੇ) ਪ੍ਰਸ਼ਾਦ ਛਕਣ ਲਈ ਚਲਾ ਗਿਆ ਸੀ । ਬਾਅਦ ਵਿਚ ਮੈਨੂੰ ਸੰਤ



Sri Satguru Jagjit Singh Ji Elibrary NamdhariElibrary@gmail.com

ਮਹਿੰਦਰ ਸਿੰਘ ਪੂਰਬਾ ਤੋਂ ਪਤਾ ਲਗਾ ਕਿ ਕੋਟਫਟਪੁਰ ਦੇ ਸੰਤ ਲਾਲ ਸਿੰਘ, ਜੋ ਕਿ ਸ੍ਰੀ ਪੂਰਬਾ ਦੇ ਸਹੁਰੇ ਹਨ, ਦੇ ਘਰ ਲੰਗਰ ਦਾ ਪ੍ਰਬੰਧ ਸੀ। ਸੰਤ ਲਾਲ ਸਿੰਘ ਦਾ ਵੱਡਾ ਸਪੁੱਤਰ ਸੰਤ ਕਰਨੈਲ ਸਿੰਘ ਅਤੇ ਉਸ ਦੀ ਸੁਪਤਨੀ ਬੀਬੀ ਅਮਰਜੋਤ ਕੌਰ ਜੁ ਮੇਰੇ ਚਿਰ-ਮਿੱਤਰ ਬਾਵਾ ਨਿਰੰਜਨ ਸਿੰਘ ਕਰੀਵਾਲਾ ਦੀ ਪੁੱਤਰੀ ਹੈ, ਘਰ ਸਤਿਗੁਰੂ ਜੀ ਨੇ ਦਰਸਨ ਦੇ ਕੇ ਆਪਣੀ ਇਕ ਸੱਚੀ ਭਗਤਣੀ ਅਤੇ ਭਗਤ ਨੂੰ ਨਿਵਾਜਿਆ ਹੈ। ਬਾਵਾ ਨਿਰੰਜਣ ਸਿੰਘ, ਉਪ ਪ੍ਰਧਾਨ ਜਨਤਾ ਪਾਰਟੀ ਸਰਸਾ, ਸਤਿਗੁਰਾਂ ਦੇ ਮੁਖਾਲਿਫ ਧੜੇ ਦੇ ਵੀ ਆਗੂ ਹਨ,ਅੱਜਕਲ੍ਹ ਉਹ ਜ਼ੋਰ ਨਹੀਂ ਮੁਖਾਲਫਤ ਦਾ,ਪਰ ਬੇਟੀ ਅਮਰਜੋਤ ਕੌਰ ਸਤਿਗੁਰੂ ਜੀ ਦੀ ਅਰਾਧਨਾ ਅਤੇ ਸੇਵਾ ਕਰ ਕੇ ਪੇਕੇ ਪਰਵਾਰ ਲਈ ਸੁਮਤ ਅਤੇ ਸੁੱਖ ਮੰਗਦੀ ਰਹਿੰਦੀ ਹੈ।

## ਮੁੜ ਜੀਵਨ ਨਗਰ

9 ਕੁ ਵਜੇ ਦੇ ਗਏ ਹੋਏ ਸ੍ਰੀ ਸਤਿਗੁਰੂ ਆਪਣੇ ਪਰਵਾਰ ਨਾਲ 1 ਵਜੇ ਦੇ ਕਰੀਬ ਜੀਵਨ ਨਗਰ ਪਰਤੇ। ਸਤਿਗੁਰੂ ਜੀ ਕੁਝ ਆਰਾਮ ਕਰਨ ਹਿਤ ਕੋਠੀ ਵਿਚ ਜਾ ਬਿਰਾਜੇ। ਕੋਠੀ ਬਸ ਨਾਮ ਦੀ ਹੀ ਕੋਠੀ ਹੈ। ਉਂਜ ਉੱਚੀਆਂ ਦੀਵਾਰਾਂ ਦੇ ਵਲਗਣ ਵਿਚ-ਬੇਢੰਗ ਉੱਸਰੀ, ਦੁਆਲਿਉਂ ਲਗਭਗ ਬੰਦ ਪਰ ਖੁਲ੍ਹੇਦਾਰ ਹੈ। ਕੋਠੀ ਪੱਕੀ, ਉਪਰ ਇਕ ਚੁਬਾਰਾ ਬੱਧਾ।

ਮੈਂ ਸਤਿਗੁਰੂ ਜੀ ਦਾ ਪਤਾ ਕਰਨ ਗਿਆ ਤਾਂ ਅੰਮ੍ਰਿਤਸਰ ਵਾਲਾ, ਰਾਣੀਆਂ, ਨਥੋੜਾ, ਸੰਤ ਨਗਰ, ਦਮਦਮਾ, ਖੂਹ ਅੰਬਰਸਰੀਆਂ ਆਦਿ ਪਿੰਡਾਂ ਦੇ ਸਿੰਘ, ਸਤਿਗੁਰੂ ਜੀ ਦੀ ਇੰਤਜ਼ਾਰ ਕਰਦੇ, ਬੈਠੇ, ਖਲੋਤੇ ਨਜ਼ਰ ਪਏ। ਨਿਤਨੇਮ 3 ਤੋਂ 4 ਵਜੇ ਤਕ ਹੋਣਾ ਸੀ। ਮੈਂ ਥੋੜ੍ਹਾ ਕੋਠੀ ਦੁਆਲੇ ਘੁੰਮ ਫਿਰ, ਜਾਣਕਾਰਾਂ ਨੂੰ ਮਿਲ ਮਿਲਾ ਕੇ ਆਪਣੇ ਸੰਪਾਦਕੀ ਸਮੇਂ ਦੇ ਸਥਾਨ ਤੇ ਆ ਢੁਕਿਆ।

## ਸਤਿਜੁਗ ਦਾ ਦਫ਼ਤਰ

ਜਾਂ ਮੈਂ 'ਸਤਿਜੁਗ' ਸਪਤਾਹਕ ਦੇ ਵਰਤਮਾਨ ਸੰਪਾਦਕ ਸੰਤ ਆਤਮਾ ਸਿੰਘ ਸਨਖਤਰਾ ਦੇ ਡੇਰੇ ਅਥਵਾ ਦਫ਼ਤਰ ਗਿਆ ਤਾਂ ਉਦਾਸ ਜਿਹੇ ਵਿੱਸਰੇ ਵਿਹੜੇ ਵਿਚ ਦੋ ਬੁੱਢੀਆਂ ਰੂਹਾਂ ਮੰਜਿਆਂ ਤੇ ਲੰਮੀਆਂ ਪੈ, ਧੁੱਪ ਸੇਕ ਰਹੀਆਂ ਨਜ਼ਰ ਪਈਆਂ— ਸੰਤ ਹਜ਼ੂਰ ਸਿੰਘ ਚੰਦ੍ਰਹਾਂਸ ਅਤੇ ਸੂਬੇਦਾਰ ਇੰਦਰ ਸਿੰਘ (ਚੱਕੋਵਾਲੀਆ) ਸਰਸਾ। ਅੰਦਰ ਝਾਤ ਮਾਰੀ ਤਾਂ ਮੈਲੇ ਕੁਚੈਲੇ ਕੱਪੜੇ, ਅਲਮਾਰੀਆਂ ਅਤੇ ਨਿਕਸੁਕ ਨਾਲ ਭਰਿਆ ਟੇਬਲ ਵੇਖ ਕੇ ਮੈਨੂੰ ਆਪਣੇ ਸਮੇਂ ਦਾ ਇਹ ਥਾਂ ਯਾਦ ਆਇਆ, ਸਵੱਛ, ਸੁਥਰਾ ਅਤੇ ਫੁੱਲਾਂ ਖਿੜਿਆ।

## ਸੰਤ ਕਿਸ਼ਨ ਸਿੰਘ 'ਹਿਸਟੋਰੀਅਨ'

ਏਥੇ ਹੀ ਮੈਨੂੰ 82 ਸਾਲ ਦੇ ਬਿਰਧ ਕਿਸ਼ਨ ਸਿੰਘ ਨੰਗਲ ਅਥਵਾ 'ਹਿਸਟੋਰੀਅਨ' ਮਿਲੇ। ਉਹਨਾਂ ਆਪਣੇ ਨਿਜੀ ਜਤਨਾਂ ਨਾਲ ਨਾਮਧਾਰੀ ਇਤਿਹਾਸ ਨਾਲ ਸੰਬੰਧਤ ਕਈ ਪੁਸਤਕਾਂ ਲਿਖੀਆਂ ਤੇ ਛਪਵਾਈਆਂ ਹਨ। ਅੱਜ ਦੇ ਦਿਹ ਬਾਬਾ ਜੀ ਸਾਡੇ ਨਾਂ ਕਰੇ



Sri Satguru Jagjit Singh Ji Elibrary NamdhariElibrary@gmail.com

ਪੁਰਾਣੇ ਮਿੱਤਰ ਹਨ ਪਰ ਇਹਨਾਂ ਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਇਹ ਸਤਿਗੁਰੂ ਰਾਮ ਸਿੰਘ-ਗੁਰੂ ਹਰੀ ਸਿੰਘ ਜੀ ਦੇ ਸਮਕਾਲੀ ਬਾਬਾ ਕਾਹਲਾ ਸਿੰਘ ਨੌਗਲ ਦੇ ਸਪੁੱਤਰ ਹਨ ਅਤੇ ਉਨ੍ਹਾਂ ਵਾਲਾ ਇਤਿਹਾਸਕ ਕਾਰਜ ਆਪਣੀ ਪਹੁੰਚ ਨਾਲ ਹੀ ਕਰ ਰਹੇ ਹਨ।

ਸੰਤ ਬਿਸ਼ਨ ਸਿੰਘ ਨੇ ਮੈਨੂੰ ਆਪਣੀਆਂ ਦੋ ਪੁਸਤਕਾਂ ਦੇ ਖਰੜੇ ਵਿਖਾਏ ਜੋ ਉਹ ਜਲਦੀ ਹੀ ਛਪਵਾਣਾ ਚਾਹੁੰਦੇ ਹਨ। ਅਤੇ ਨਾਲ ਹੀ ਦੱਸਿਆ ਕਿ ਉਹਨਾਂ ਪਾਸ ਸਫ਼ਾ ਜੰਗ, ਮਲੇਰ ਕੋਟਲਾ ਕਾਂਡ ਦੀ ਵੀਰਾਂਗਣਾ ਮਾਈ ਇੰਦ ਕੌਰ ਦਾ ਅਤੇ ਇਕ ਸ਼ਹੀਦ ਸਿੰਘਾਂ ਦਾ ਗੜਵਾ ਪਿਆ ਹੈ ਅਤੇ ਪੁਛਿਆ ਉਹ ਕਿਵੇਂ ਇਸ ਇਤਿਹਾਸਕ ਨਿਧੀ ਨੂੰ ਸੰਭਾਲਣ। ਮੈਂ ਕਿਹਾ : ਮੈਨੂੰ ਦੇ ਦਿਓ। ਤੁਹਾਡੇ ਨਾਂ ਨਾਲ ਸਾਰੀਆਂ ਚੀਜ਼ਾਂ ਸੰਭਾਲ ਰਖਾਂਗਾ, ਜਦੋਂ ਸਤਿਗੁਰੂ ਜੀ 'ਨਾਮਧਾਰੀ ਯਾਦਗਾਰੀ ਮਿਊਜ਼ੀਅਮ' ਬਣਵਾਣਗੇ, ਪੇਸ਼ ਕਰ ਦਿਆਂਗਾ। ਪਰ ਬਿਸ਼ਨ ਸਿੰਘ ਜੀ ਕਹਿਣ ਲੱਗੇ : ਸਤਿਗੁਰੂ ਮੈਨੂੰ ਹੁਕਮ ਕਰਨ ਤਾਂ ਤੁਹਾਨੂੰ ਦੇ ਦਿਆਂ। ਅਤੇ ਮੈਂ ਅੱਗੇ ਗੱਲ ਨਾ ਤੋਰੀ।

## ਦੀਵਾਨ ਸਥਾਨ ਵਿਚ

ਫਿਰਦਾ ਫਿਰਾਂਦਾ ਮੈਂ ਦੀਵਾਨ ਸਥਾਨ ਵਿਖੇ ਪੁੱਜਾ। ਵਰਨੀਆਂ ਵਾਲੇ ਖੇਤਰ ਵਿਚ ਮੰਦਰ ਅਤੇ ਇਤਿਹਾਸਕ ਵਣ ਦੇ ਰੁੱਖ ਦੇ ਵਿਚਕਾਰੇ ਖੁੱਲ੍ਹੀ ਥਾਂ ਤੇ ਪਰਾਲੀ ਵਿਛੀ ਸਥਾਨ ਤੇ ਸੰਤ ਸੇਵਾ ਸਿੰਘ ਸੂਬੇਦਾਰ ਜਗਾਧਰੀ ਨੇ ਬਹੁਤ ਪ੍ਰਭਾਵਸ਼ਾਲੀ ਦੀਵਾਨ ਸਜਾਇਆ ਹੋਇਆ ਸੀ। ਇਕ ਵਜੇ ਤੋਂ ਬੈਠੇ, ਦੁਆਲੇ ਦੇ ਪਿੰਡਾਂ ਦੇ ਇਸਤਰੀ ਪੁਰਸ਼ ਸੇਵਾ ਸਿੰਘ ਜੀ ਦੁਆਰਾ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸੰਬੰਧਤ ਪ੍ਰਸੰਗ ਸੁਣਦਿਆਂ ਵਡ-ਪਰਤਾਪੀ ਦੀ ਮਹਿਮਾ ਦਾ ਬਖਾਨ ਗ੍ਰਹਿਣ ਕਰ ਰਹੇ ਸਨ। ਇਸ ਸਮੇਂ ਹਾਜ਼ਰੀ ਭਾਵੇਂ ਬਹੁਤੀ ਨਹੀਂ ਸੀ, ਪਰ ਕਾਫ਼ੀ ਸੀ।

ਜਦੋਂ ਮੈਂ ਦੁਬਾਰਾ ਦੀਵਾਨ ਵਿਚ ਆਇਆ, 3.30 ਹੋ ਚੁੱਕੇ ਸਨ। ਸਾਧ ਸੰਗਤ ਪਹਿਲਾਂ ਤੋਂ ਕਿਤੇ ਬਹੁਤੀ ਨਾਮ ਸਿਮਰਨ ਕਰਦੀ ਬੈਠੀ ਹੋਈ ਸੀ। ਸ੍ਰੀ ਸਤਿਗੁਰੂ ਜੀ ਵਿਚਕਾਰੇ ਆਪਣੇ ਆਸਣ ਤੇ ਸਿੱਧੇ ਅਡੋਲ ਬੈਠੇ ਹੋਏ ਭਜਨ ਕਰ ਰਹੇ ਸਨ। ਸਾਰੀ ਸੰਗਤ ਦੀ ਰਸਨਾ ਨਾਮ ਜਪਦੀ, ਕੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਕੀਤੇ ਹੋਏ ਬਚਨ ਸੁਣਦੇ ਅਤੇ ਨੇਤਰ ਗੁਰੂ ਦੇ ਦਰਸ਼ਨ ਪਰਸ ਪੁੰਨੀਤ ਹੋ ਰਹੇ ਸਨ। ਸਤਿਗੁਰੂ ਸੂਰਜ ਵੱਲੀ ਪਿੱਠ ਕੀਤੀ, ਅੱਖੀਂ ਦੀ ਚਾਦਰ ਸੀਸ ਤਕ ਓੜ੍ਹੀ ਨਿਸ਼ਚਲ ਸਮਾਧੀ ਵਿਚ ਸਨ। ਪੁਰਾਣਾ ਸੇਵਕ ਗੁਲਜ਼ਾਰ ਸਿੰਘ ਚੌਰ ਕਰਦਿਆਂ, ਮੱਥਾ ਟਿਕਦੀ ਮਾਇਆ ਨੂੰ ਆਸਣ ਦੇ ਇਕ ਕੰਨੇ ਹੇਠ ਰੱਖੀ ਜਾ ਰਿਹਾ ਸੀ। ਸ੍ਰੀ ਸਤਿਗੁਰੂ ਜੀ ਦੇ ਚੌਗਾ ਘੇਰੇ ਵਿਚ ਹੇਠ ਲਿਖੇ ਵਿਅਕਤੀ ਬੈਠੇ ਸਨ : ਸੰਤ ਕਿਰਪਾਲ ਸਿੰਘ ਛੱਬਰ, ਸੰਤ ਚਤਰ ਸਿੰਘ ਜੀ ਰੁੱਪ ਜੱਲ੍ਹਣ ਵਾਲੇ, ਨਿੱਜੀ ਸਕੱਤਰ ਸੰਤ ਤਰਸੇਮ ਸਿੰਘ, ਸੰਤ ਹਰਬੰਸ ਸਿੰਘ ਜੀ ਡੇਰਾ ਸੰਤ ਨਗਰ, ਉਸਤਾਦ ਨੌਥਾ ਸਿੰਘ ਜੀ (85), ਸ੍ਰੀ ਗੁਰਦੇਵ ਸਿੰਘ ਮਦਾਰੀਆ, ਸੰਤ ਅਮਰ ਸਿੰਘ ਨੰਬਰਦਾਰ, ਬਾਬਾ ਸੁੰਦਰ ਸਿੰਘ ਜੀ ਫਰੀਦ (82), ਠਾਕੁਰ ਉਦੈ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ, ਸੰਤ ਮਹਿੰਦਰ ਸਿੰਘ ਪੁਰਬਾ।

## ਪੂਰਾ ਸਿੰਘ ਦੀ ਬੇਨਤੀ

4 ਵਜੇ ਨਿਤਨੇਮ ਦੀ ਅਰਦਾਸ ਸੰਤ ਸੁਰਜਨ ਸਿੰਘ ਮੁਹਾਵੀਆਂ (80 ਸਾਲ ਤੋਂ ਉਪਰ ਦੇ) ਕੀਤੀ। ਉਪ੍ਰੰਤ ਸੰਤ ਪੂਰਾ ਸਿੰਘ ਸੇਠੀ ਧਰਮਪੁਰੀਏ ਨੇ, ਹੱਥ ਜੋੜ, ਪਾਸ ਆ, ਬੈਠ ਕੇ, ਕੱਲ੍ਹ ਸਵੇਰੇ ਉਨ੍ਹਾਂ ਦੇ ਘਰ ਭੋਗ ਪੈਣ ਸਮੇਂ ਦਰਸ਼ਨ ਦੇਣ ਦੀ, ਸ੍ਰੀ ਸਤਿਗੁਰੂ ਜੀ ਨੂੰ ਬੇਨਤੀ ਕੀਤੀ। ਸ੍ਰੀ ਸਤਿਗੁਰੂ ਜੀ ਨੇ ਮਹਾਰਾਜ ਜੀ ਨਾਲ ਇਸ ਸਿੰਘ ਦੀ ਅਰਦਾਸ ਬਾਰੇ ਜ਼ਿਕਰ ਕੀਤਾ। ਸੰਤ ਅਮਰ ਸਿੰਘ ਨੇ ਬੋਲ ਕੇ ਕਿਹਾ : ਜ਼ਰੂਰ ਜਾਇਆ ਜਾਇ ਜੀ। ਸਤਿਗੁਰੂ ਜੀ : ਤਰਸੇਮ ਸਿੰਘ ਨਾਲ ਗੱਲ ਕਰ ਲਓ ਤੇ ਪੁੱਛ ਲਓ। ਅਮਰ ਸਿੰਘ ਨੇ ਵਿਅੰਗ ਕੀਤਾ ; ਤਰਸੇਮ ਸਿੰਘ ਕੌਣ ਹੁੰਦੈ ਜੀ ਦੱਸਣ ਵਾਲਾ। ਇਹ ਸਾਡਾ ਇਲਾਕਾ ਹੈ, ਜਿਥੇ ਮਰਜ਼ੀ ਹੈ ਤੇ ਜਿਦ੍ਹੀ ਮਰਜ਼ੀ ਹੈ ਅਸੀਂ ਅਰਜ਼ ਕਰੀਏ। ਸਤਿਗੁਰੂ ਮੁਸਕਰਾ ਪਏ : ਇਸ ਇਲਾਕੇ ਵਿਚ ਸੱਚਮੁੱਚ ਹੀ ਅਮਰ ਸਿੰਘ ਦੀ ਚਲਦੀ ਹੈ।

ਸ੍ਰੀ ਸਤਿਗੁਰੂ ਜੀ ਨੇ ਸੰਤ ਪੂਰਾ ਸਿੰਘ ਨਾਲ ਪਿਆਰ ਭਰੇ ਬਚਨ ਕਰ ਕੇ, ਉਸ ਨਾਲ ਕੱਲ੍ਹ, ਦੀਵਾਨ ਤੋਂ ਪਿਛੋਂ, ਚੱਲਣ ਦਾ ਇਕਰਾਰ ਕਰ ਲਿਆ। ਅਤੇ 5.30 ਵਜੇ ਆਪਣੇ ਕੁਝ ਸੇਵਕਾਂ ਨੂੰ ਨਾਲ ਲੈ, ਦੋਹਾਂ ਕਾਰਾਂ ਤੇ, ਧਰਮਪੁਰੇ (ਸਰਸਾ) ਪੂਰਾ ਸਿੰਘ ਦੇ ਘਰ ਚਰਨ ਪਾਉਣ ਪਧਾਰੇ।

## ਸੰਤ ਗੁਲਜ਼ਾਰ ਸਿੰਘ

ਸੰਤ ਗੁਲਜ਼ਾਰ ਸਿੰਘ ਸਤਿਗੁਰੂ ਜੀ ਦਾ ਸਾਥੀ ਹਜ਼ੂਰੀਆ ਹੈ। ਜਦ ਉਹ ਮੱਥਾ ਟਿਕੀ ਰਕਮ ਇਕੱਠੀ ਕਰਨ ਲੱਗਾ ਤਾਂ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ : ਪੂਰਬੇ ਨੂੰ ਫੜਾ ਦੇਹ। ਏਨੀ ਗੱਲ ਨਾਲ ਹੀ ਬਹੁਤ ਕੁਝ ਹੋ ਗਿਆ। ਥੋੜ੍ਹੀ ਦੇਰ ਬਾਅਦ ਜਾਂ ਮੈਂ ਵੇਖਿਆ ਤਾਂ ਉਹ ਦੂਜੀ ਪਾਲ ਵਿਚ ਸੀ, ਉਸ ਦੀ ਥਾਂ ਸੰਤ ਹਰਬੰਸ ਸਿੰਘ ਮੈਂਬਰ (ਸੰਤ ਨਗਰੀਆ, ਹਾਲ ਯੂ. ਪੀ. ਫਾਰਮ) ਚੌਰੀ ਕਰਨ ਤੇ ਭੇਟਾ ਸੰਭਾਲਨ ਆ ਬੈਠੇ। ਦੀਵਾਨ ਅੰਤ ਨੇੜੇ ਸੰਤ ਪੂਰਬਾ ਨੇ ਇਕ ਲਿਫ਼ਾਫ਼ਾ ਸੰਤ ਹਰਬੰਸ ਸਿੰਘ ਵਲ ਵਧਾਇਆ ਕਿ ਉਸ ਵਿਚ ਭੇਟਾ-ਰਕਮ ਪਾਈ ਜਾਇ ਪਰ ਉਨ੍ਹਾਂ ਭਾਵ ਨ ਸਮਝ, ਲਿਫ਼ਾਫ਼ਾ ਉਲਟਾਵਾਂ ਸ਼ੁਰੂ ਕਰ ਦਿਤਾ। ਸੰਤ ਗੁਲਜ਼ਾਰ ਸਿੰਘ ਫੇਰ ਔਰੇ ਆਇਆ। ਪਰ ਇਸ ਵਾਰ ਰਕਮ ਲਿਫ਼ਾਫ਼ੇ ਵਿਚ ਪਾ ਮਹਿੰਦਰ ਸਿੰਘ ਪੂਰਬਾ ਨੂੰ ਫੜਾ ਦਿਤੀ।

## ਕੀਰਤਨ ਆਰੰਭ

4 ਵਜੇ ਤੋਂ ਕੀਰਤਨ ਦਾ ਆਰੰਭ ਹੋਇਆ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ੍ਰੀ ਜੀਵਨ ਨਗਰ ਦੇ ਸੱਤ ਬੱਚੇ, ਜੁ 10 ਸਾਲ ਤੋਂ ਘੱਟ ਉਮਰ ਦੇ ਸਨ ਅਤੇ ਜਿਨ੍ਹਾਂ 'ਚੋਂ ਕੁਝ ਕੁ ਨਾਮ ਇਹ ਹਨ, ਅਜਮੇਰ ਸਿੰਘ ਸਪੁੱਤਰ ਸੰਤ ਗੁਰਦੇਵ ਸਿੰਘ ਲਾਂਗਰੀ, ਸ਼ੋਭਾ ਸਿੰਘ ਦਾ ਲੜਕਾ ਨਾਨਕ ਸਿੰਘ, ਮਸਤਾਨ ਗੜ੍ਹ ਦੇ ਇਕ ਸਿੰਘ ਦਾ ਬੇਟਾ ਅਤੇ ਹੋਰ, ਕੀਰਤਨ ਕਰਨ ਲੱਗੇ। ਇਹ ਸਾਰੇ ਬੱਚੇ ਭੈਰੋ ਦੇ ਅਤੇ ਸ੍ਰੀ ਹਜ਼ੂਰ ਸਿੰਘ



Sri Satguru Jagjit Singh Ji Elibrary NamdhariElibrary@gmail.com

ਚੰਦ੍ਰਹਾਸ ਦੇ ਸ਼ਾਗਿਰਦ ਹਨ। ਇਹਨਾਂ ਬੱਚਿਆਂ ਨੇ ਬਿੰਦਰਾਬਨੀ ਸਾਰੰਗ ਵਿਚ 'ਐਸੀ ਹੋਇ ਪਰੀ' ਸ਼ਬਦ ਗਾਇਆ।

ਮਹਾਰਾਜ ਜੀ ਨੇ ਸ਼ਬਦ ਸਮਾਪਤੀ ਉਪ੍ਰੰਤ ਜਿਵੇਂ ਸ੍ਰੀ ਚੰਦ੍ਰਹਾਸ ਦੇ ਹਿਤ ਵਿਚ ਆਖਿਆ : ਬੱਚੇ ਨਿੱਕੇ ਜਿਹੇ ਚੰਗੇ ਹੀ ਰਹੇ ਨੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ : (ਟੇਪ ਰੀਕਾਰਡਰ ਵਲ ਵੇਖ ਕੇ) ਮਸ਼ੀਨ ਵੀ ਛੋਟੀ ਹੈ, ਪਰ ਕੰਮ ਚੰਗਾ ਕੀਤਾ ਸੂ।

## ਸੰਤ ਦਰਸ਼ਨ ਸਿੰਘ-ਖਜ਼ਾਨ ਸਿੰਘ ਰਾਗੀ

ਰਾਗੀਆਂ ਵਿਚੋਂ ਸੰਤ ਖਜ਼ਾਨ ਸਿੰਘ ਨਾਭਿਓਂ ਏਥੇ ਪਹੁੰਚ ਚੁਕੇ ਸਨ ਪਰ ਉਨ੍ਹਾਂ ਦੇ ਖੱਬੇ ਹੱਥ ਦੀ ਪਹਿਲੀ ਉਂਗਲ ਤੇ ਛੋਟਾ ਜਿਹਾ ਜ਼ਖਮ ਜਾਂ ਕੱਟ ਸੀ ਜਿਸ ਨਾਲ ਤਬਲਾਵਾਦਨ ਵਿਚ ਵਿਘਨ ਪੈਣਾ ਸੀ। ਸਤਿਗੁਰੂ ਜੀ ਨੇ, ਨੇੜੇ ਹੀ ਕਿਤੇ ਪਏ ਆਪਣੇ ਬ੍ਰੀਫਕੇਸ ਵਿਚੋਂ, ਪੂਰਬਾ ਦੁਆਰਾ ਆਪਣੇ ਕੋਲ ਕਢਵਾ ਛੋਟੀ ਕੈਂਚੀ ਅਤੇ ਜ਼ਖਮਾਂ ਤੇ ਲਾਣ ਵਾਲੇ ਟੇਪ ਕਢ ਕੇ, ਆਪ ਖਜ਼ਾਨ ਸਿੰਘ ਹੁਰਾਂ ਵਲ ਭੇਜੀ। ਉਹ ਇਸ ਨਾਲ ਜ਼ਖਮ ਬੰਦ ਕਰ ਕੇ ਤਬਲਾ ਵਜਾਣ ਲੱਗੇ। ਇੰਜ ਸਤਿਗੁਰਾਂ ਦਾ ਧਿਆਨ ਸਾਨੂੰ ਸਭ ਨੂੰ ਸੁਖ ਦਿੰਦਾ ਹੈ।

ਖਜ਼ਾਨ ਸਿੰਘ ਜੀ ਤੋਂ ਵੱਡੇ ਭਾਈ ਸੰਤ ਦਰਸ਼ਨ ਸਿੰਘ ਵੀ ਪਾਸ ਬੈਠੇ ਹੋਏ ਸਨ ਪਰ ਕੰਧੇ ਉਤੇ ਢੋਈ, ਪਾਸਾ ਮਾਰੀ, ਸਿਰ ਸੁੱਟੀ, ਜਿਵੇਂ ਸਰੀਰ ਕੰਮ ਨਹੀਂ ਕਰ ਰਿਹਾ ਹੁੰਦਾ। ਪਰ ਇਹਨਾਂ ਦਾ ਸਪੁੱਤਰ ਹਰਬੰਸ ਸਿੰਘ ਘੁੱਲਾ ਐਨ ਮੌਕੇ ਉਤੇ ਆ ਗਿਆ ਅਤੇ ਸਤਿਗੁਰੂ ਜੀ ਨੇ ਆਪ ਦਿਲਰੁਬਾ ਫੜ ਕੇ ਰਾਗ 'ਬਿਲਾ' ਵਿਚ ਮੰਗਲਾ-ਚਰਣ ਕੀਤਾ। ਪਰ ਘੁੱਲੇ ਨੇ ਸੁਰਾਂ ਲਾਉਂਦਿਆਂ 'ਭੀਮ ਪਲਾਸੀ' ਬਣਾ ਦਿਤੀ। ਸਤਿਗੁਰੂ ਜੀ ਨੇ ਸੁਰਾਂ ਦਾ ਨਿਖਾਰ ਫੇਰ ਬਿਲੇ ਵਿਚ ਕਰ ਕੇ ਸ਼ਬਦ ਲਿਆ : ਗੋਬਿੰਦ ਕੇ ਗੁਣ ਗਾਵਉ ਸਾਧੋ ਹੈ। ਮਹਾਰਾਜ ਬੀਰ ਸਿੰਘ ਜੀ ਨੇ ਨਾਲ ਮਿਲ, ਪ੍ਰਮਾਣਾਂ ਆਦਿ ਨਾਲ ਕੀਰਤਨ ਵਿਚ ਸਹਾਇਤਾ ਕੀਤੀ।

ਸ਼ਬਦ ਸਮਾਪਤੀ 5.30 ਵਜੇ ਹੋ ਗਈ। ਰਾਤ ਨੂੰ ਕੀਰਤਨ ਸੰਤ ਭਗਵਾਨ ਸਿੰਘ ਅਤੇ ਸੰਤ ਸ਼ੇਰ ਸਿੰਘ ਤਰੌਂਗਿਆਂ ਵਾਲੇ (ਸਰਸਾ) ਦੇ ਜਥੇਦਾਰ ਕਰਨਗੇ।

## ਸ੍ਰੀ ਪ੍ਰਤਾਪ ਸਰੋਵਰ

ਸ੍ਰੀ ਜੀਵਨ ਨਗਰ ਵਿਖੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦਾ ਉਹਨਾਂ ਦਾ ਆਪਣਾ ਹੀ ਸਥਾਪਤ ਕੀਤਾ ਇਕ ਤਾਲਾਬ ਹੈ। ਉਹ ਬੜੇ ਲੰਮੇ ਸਮੇਂ ਦਾ ਅਣਗੌਲਿਆ ਪਿਆ ਸੀ। ਅੱਜ ਸੱਚੇ ਪਾਤਸ਼ਾਹ ਜੀ ਨੇ ਕਹਿ ਕੇ ਸੰਤ ਆਤਮਾ ਸਿੰਘ ਸਨਖਤਰਾ ਤੋਂ, ਉਸਾਰੀ ਲਈ ਜਤਨ ਕਰਨ ਦੀ ਅਪੀਲ ਕਰਵਾਈ। ਸ਼ਾਮ ਦੇ ਇਸ ਦੀਵਾਨ ਵਿਚ ਚੰਦ ਸ਼ਬਦ ਸ੍ਰੀ ਹਜ਼ੂਰ ਨੇ ਵੀ ਫ਼ਰਮਾਏ :

"ਜਿੰਨਾ ਮਾਤਾ ਪਿਤਾ ਨੂੰ ਫ਼ਿਕਰ ਬੱਚਿਆਂ ਦਾ ਹੁੰਦਾ ਹੈ, ਓਨਾ ਬੱਚਿਆਂ ਨੂੰ ਮਾਤਾ ਪਿਤਾ ਦਾ ਨਹੀਂ ਹੁੰਦਾ। ਜਿਵੇਂ ਸਤਿਗੁਰਾਂ ਨੇ ਇਹ ਜਗਾਹ (ਸ੍ਰੀ ਜੀਵਨ ਨਗਰ) ਵਸਾਈ,



Sri Satguru Jagjit Singh Ji Elibrary NamdhariElibrary@gmail.com

ਮੈਂ ਸਮਝਦਾ ਹਾਂ, ਇਹ ਸਤਿਗੁਰਾਂ ਦੀ ਏਨੀ ਵੱਡੀ ਕਿਰਪਾ ਹੈ ਕਿ ਕਥਨ ਨਹੀਂ ਕੀਤੀ ਜਾ ਸਕਦੀ...।

"ਜਿਹੜਾ ਕੋਈ ਆਦਮੀ ਆਪਣੇ ਆਪ ਕੰਮ ਕਰਨੋਂ ਸੰਕੋਚਦਾ ਹੈ, ਸਤਿਗੁਰੂ ਉਸੇ ਦੇ ਹੱਥੋਂ ਕਰਵਾਂਦਾ ਹੈ। ਅੱਜ ਮੈਂ ਸਰਸੇ ਵਲ ਜਾਂਦਿਆਂ ਵੇਖਿਆ ਕਿ ਸੜਕ ਚੌੜੀ ਹੋ ਰਹੀ ਹੈ। ਇਹ ਉਹੀ ਕਰਵਾ ਰਹੇ ਹਨ, ਜਦੋਂ ਹੁਕਮਰਾਨ ਨਹੀਂ ਸਨ ਹੁੰਦੇ, ਐਮ. ਐਲ. ਏ. ਹੁੰਦੇ ਸਨ (ਚੌਧਰੀ ਦੇਵੀ ਲਾਲ ਮੁਖ ਮੰਤਰੀ ਹਰਿਆਣਾ ਬਾਰੇ), ਓਦੋਂ ਇੱਟਾਂ-ਰੋੜੀ ਸੁੱਟੀ ਹੋਈ ਵੀ ਚੁਕਵਾ ਕੇ ਲੈ ਗਏ ਸਨ। ਕਿਤੇ ਐਲਨਾਬਾਦ ਵਲ। ਜਾਕੇ ਉਹਨਾਂ ਮੀਲ ਪੱਥਰਾਂ ਤੇ ਪੋਚਾ ਫੇਰ ਕੇ 'ਜੀਵਨ ਨਗਰ' ਨਹੀਂ ਰਹਿਣ ਦਿਤਾ, ਪਰ ਇਹ ਉਹਨਾਂ ਦੀ ਮਜਬੂਰੀ ਹੈ ਕਿ ਸੜਕ ਬਨਾਉਣੀ ਪੈ ਰਹੀ ਹੈ।

"ਜਿਨ੍ਹਾਂ ਦੀਆਂ ਅੱਖਾਂ ਸਾਉਣ ਵਿਚ ਬੰਦ ਹੋ ਜਾਣ ਉਨ੍ਹਾਂ ਨੂੰ, ਫਿਰ ਭਾਵੇਂ ਥਲੀ ਵਿਚ ਲੈ ਜਾਓ, ਹਰਾ ਹੀ ਹਰਾ ਦਿੱਸੇਗਾ। ਐਸ ਵੇਲੇ ਉਨ੍ਹਾਂ ਨੂੰ ਇਸ ਜਗ੍ਹਾ ਦੀ ਕਦਰ ਨਹੀਂ ਜੁ ਸੜਕਾਂ ਅਤੇ ਪਿੰਡਾਂ ਵਿਚ ਧਰਤੀ ਲੱਭਦੇ ਫਿਰਦੇ ਹਨ (ਅਰਥਾਤ ਸਰਕਾਰੀ ਆਦਮੀ) ਪਰ ਇਹ ਨਗਰ ਉਹ ਹੈ ਜਿਥੇ ਕਾਂ ਵੀ ਤਿਹਾਏ ਮਰ ਜਾਂਦੇ ਸਨ, ਪਾਣੀ ਨਹੀਂ ਸੀ ਲੱਭਦਾ। ਇਹ ਇਲਾਕਾ ਐਸਾ ਰਿਹਾ ਹੈ, ਜਿਥੇ ਇੱਕ ਸਾਲ ਜੇ ਫਸਲ ਲੱਗ ਜਾਇ ਤਾਂ ਅਗਲੇ ਸੱਤ ਸਾਲ ਸੋਕਾ ਰਹਿੰਦਾ ਸੀ। ਤੁਸੀਂ ਹੁਣ ਅੰਦਾਜ਼ਾ ਲਾਓ, ਸੱਤਾਂ ਪੁਸ਼ਤਾਂ ਦੀ ਮਾਇਆ (ਹਰ ਸਾਲ) ਜਮਾ ਕਰਨ ਵਾਲੀ ਗੱਲ ਨਹੀਂ ਬਣੀ ਪਈ ?

"ਕੰਮ ਉਹੀ ਚੰਗਾ ਏ ਜੋ ਸਤਿਗੁਰੂ ਦੀ ਕਿਰਪਾ ਨਾਲ, ਸਤਿਗੁਰੂ ਦੀ ਰਾਹੀਂ ਹੁੰਦਾ ਏ। ਇਹੋ ਜ਼ਮੀਨਾਂ ਜੇ ਅਸੀਂ ਖਰੀਦਦੇ ਤਾਂ ਗੱਲ ਹੋਰ ਸੀ। ਮਾਇਆ ਵਿਚ ਫਸਣ ਵਾਲੀ ਗੱਲ ਸੀ। ਪਰ ਸਤਿਗੁਰਾਂ ਦੇ ਹੁਕਮ ਨਾਲ ਉਨ੍ਹਾਂ ਰਾਹੀਂ ਖਰੀਦੀ ਗਈ ਏ। ਹੁਕਮ ਮੰਨਣ ਨਾਲ ਸਾਡਾ ਕਲਿਆਣ ਵੀ ਹੋ ਅਤੇ ਮਾਇਆ ਵੀ ਕਰੂਰੀ ਹੋ ਗਈ।

"ਸਤਿਗੁਰੂ ਦੇ ਪਾਸਿਓਂ ਆਈ ਹੋਈ ਗੱਲ ਦਾ ਫ਼ਰਕ ਇੰਜ ਪੈਂਦਾ ਏ ਜਿਵੇਂ ਜੋੜੇ ਵਾਲੇ ਚਰਨ ਵੀ ਸਭ ਪਵਿੱਤਰ ਥਾਵਾਂ ਤੇ ਪੈ ਕੇ ਜਾਣਾ ਹੁੰਦਾ ਏ ਪਰ ਚਮੜੇ ਦੀਆਂ ਬਣੀਆਂ ਕਾਠੀਆਂ, ਜਿਨ੍ਹਾਂ ਉਤੇ ਅਸੀਂ ਸਾਰੇ ਹੀ ਬੈਠ ਜਾਂਦੇ ਹਾਂ, ਸਤਿਗੁਰੂ ਦੇ ਬਚਨ ਕਰਕੇ ਪਵਿੱਤਰ ਹੋ ਗਈਆਂ। ਉਹਨਾਂ ਲਈ ਲਿਖਿਆ ਏ :

ਤਿਨ ਕੇ ਤੁਰੇ, ਜੀਨ, ਖੁਰਗੀਰ ਸਭ ਪਵਿਤ ਹਹਿ
ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ।

ਸਤਿਗੁਰਾਂ ਦੇ ਹੁਕਮ ਨਾਲ ਹੀ ਪਵਿੱਤਰ ਹੁੰਦਾ ਏ ਸਭ ਕੁਛ।

"ਛੱਪੜਾਂ ਵਿਚ ਕੁਛ ਵੀ ਨਹੀਂ ਪਿਆ ਹੁੰਦਾ। ਉਹਨਾਂ ਵਾਸਤੇ ਲਿਖਿਆ ਏ :

ਜੇ ਅਗੇ ਤੀਰਥ ਹੋਇ ਤਾ ਮਲੁ ਲਹੈ, ਛਪੜ ਨਾਤੈ ਸਗਵੀ ਮਲੁ ਲਾਏ।
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ।

ਸਤਿਗੁਰੂ ਆਪ ਤੀਰਥ ਹੈ ਅਤੇ ਜਿਥੇ ਚਾਹੇ ਤੀਰਥ ਬਣਾ ਸਕਦਾ ਹੈ।

"ਪਿੰਡਾਂ ਵਾਲੇ ਆਪੋ ਆਪਣੀ ਥਾਈਂ ਕੱਠੇ ਹੋ ਕੇ ਸਲਾਹ ਕਰ ਲਓ। ਇਹ

ਤੁਸੀਂ ਵੇਖ ਲਓ ਜੀਵਨ ਨਗਰ ਦਾ ਮਾਮਲਾ ਕਿੰਨਾ ਆਉਂਦਾ ਹੈ। ਜੇ ਪੰਜਾਹ ਹਜ਼ਾਰ ਆਉਂਦਾ ਏ, ਸੱਤਰ ਅੱਸੀ ਹਜ਼ਾਰ ਆਉਂਦਾ ਹੈ ਤਾਂ ਏਨਾ ਕੁ ਹੀ ਨਾਲ ਹੋਰ ਜੋੜ ਲਓ। ਏਸ ਤਰ੍ਹਾਂ ਕਰ ਲਓ ਜਾਂ ਹੋਰ ਕੋਈ ਸਲਾਹ ਕਰ ਲਓ। ਮੇਰਾ ਇਹ ਬੜਾ ਜੀ ਕਰਦਾ ਏ ਕਿ ਤੁਹਾਡਾ ਹਿੱਸਾ ਇਹਦੇ (ਤਾਲਾਬ ਉਸਾਰੀ) ਵਿਚ ਪਵੇ।

"ਭੈਣੀ ਸਾਹਿਬ ਵਾਲਾ ਮੰਦਰ ਵੀ, ਮੇਰਾ ਜੀ ਕਰਦਾ ਸੀ, ਸਾਰਾ ਤੁਸੀਂ (ਜੀਵਨ ਨਗਰ ਵਾਲੇ) ਬਣਾ ਦਿੰਦੇ। ਇਸ ਇਲਾਕੇ ਨੂੰ ਮਾਇਆ ਵਲੋਂ ਘਾਟ ਕੋਈ ਨਹੀਂ। ਪਰ ਜਦੋਂ ਮਨ ਸੁੱਕ ਜਾਣ, ਖੁਸ਼ਕ ਹੋ ਜਾਣ, ਫੇਰ ਪੈਸੇ ਭਲੇ ਪਾਸੇ ਨਹੀਂ ਲੱਗਦੇ। ਮੇਰਾ ਇਹ ਜੀ ਕਰਦਾ ਹੈ ਕਿ ਤੁਹਾਡਾ ਇਸ ਕੰਮ (ਤਾਲਾਬ ਉਸਾਰੀ) ਵਿਚ ਹਿੱਸਾ ਪੈਣਾ ਚਾਹੀਦਾ ਹੈ। ਸਤਿਗੁਰੂ ਸੱਚੇ ਪਾਤਸ਼ਾਹ (ਸਤਿਗੁਰੂ ਪ੍ਰਤਾਪ ਸਿੰਘ ਜੀ) ਨੇ ਤੁਹਾਡੇ ਵਾਸਤੇ ਸਰੋਵਰ ਬਣਾਇਆ ਹੈ, ਇਹ ਜੀਵਨ ਨਗਰ ਵਾਲਾ। ਆਖਿਆ ਬੜਿਆਂ ਨੇ ਹੈ ਮੈਨੂੰ ਪਰ 'ਗੱਲਾਂ ਨਾਲ ਤਪਾਵਸ ਨ ਹੋਂਵਦੀ' ਜੇ ਸਾਰੀ ਦੁਨੀਆ ਆਖੀ ਜਾਏ, 'ਵਿਹੁ ਖਾਕੇ ਬੰਦਾ ਮਰ ਜਾਂਦਾ ਏ' 'ਵਿਹੁ ਖਾ ਕੇ ਬੰਦਾ ਮਰ ਜਾਂਦਾ ਏ' ਪਰ ਮਰ ਨਹੀਂ ਸਕਦਾ, 'ਵਿਸੁ ਖਾਧੀ ਤਤ ਕਾਲ ਮਰ ਜਾਇ।' ਆਖਣ ਦੀ ਲੋੜ ਨਹੀਂ ਰਹਿੰਦੀ ਕੰਮ ਮੁੱਕ ਜਾਂਦਾ ਏ ਸਾਰਾ। ਸੋ ਇਹ ਅਮਲੀ ਰੂਪ ਵਿਚ ਕੰਮ ਹੋਣਾ ਹੈ।

"ਇਕ ਸ਼ਰਮਾ ਜੀ ਹੈਨ ਵਲਾਇਤੋਂ, ਸ਼ਾਇਦ ਨਾਮ ਉਨ੍ਹਾਂ ਦਾ ਤੀਰਥ ਰਾਮ ਹੈ। ਉਸਤਾਦ ਅਮਜਦ ਅਲੀ ਵਲਾਇਤ ਗਏ (ਬਰਮਿੰਘਮ), ਉਨ੍ਹਾਂ ਓਥੇ ਸ਼ਾਪਿੰਗ ਕਰਨੀ ਸੀ। ਸ਼ਰਮਾ ਜੀ ਦੇ ਮਿਲਣ ਵਾਲਾ ਇਕ ਬੰਦਾ ਸੀ, ਉਨ੍ਹਾਂ ਉਸ ਨੂੰ ਕਹਿ ਕੇ ਸਟੋਰ ਰਾਤ ਨੂੰ ਬਾਰਾਂ ਵਜੇ ਖੁਲ੍ਹਾਇਆ। ਪੁਲਿਸ ਨੂੰ ਪੁਛ ਕੇ ਖੁਲ੍ਹਾਇਆ ਕਿਉਂਕਿ ਜੇਕਰ ਲਗਣ ਤੋਂ ਦੁਬਾਰਾ ਖੁਲ੍ਹਣ ਤਾਂ ਅਲਾਰਮ ਖੜਕ ਪੈਂਦੇ ਹਨ, ਪੁਲਿਸ ਚੋਰ ਸਮਝ ਲੈਂਦੀ ਹੈ। ਇੰਜ ਬੂਹੇ ਖੁਲ੍ਹਾ ਕੇ ਜਿੰਨੀ ਸ਼ਾਪਿੰਗ (ਚੀਜ਼ਾਂ ਖਰੀਦੀਆਂ) ਕਰਨੀ ਸੀ, ਕੀਤੀ। ਬਿਲਿੰਗ (ਰੁਪੈ ਪੈਸੇ ਦੇਣੇ) ਬਾਰੇ ਗੱਲ ਹੋਈ ਤਾਂ ਸ਼ਰਮਾ ਜੀ ਕਹਿਣ ਲੱਗੇ: ਬਿੱਲ ਦੁਕਾਨਦਾਰਾਂ ਨੇ ਬਣਾਉਣੇ ਹਨ ਮੈਂ ਤਾਂ ਸਿਰਫ਼ ਬੂਹੇ ਖੁਲ੍ਹਾ ਸਕਦਾ ਹਾਂ। ਜਦੋਂ ਬਿੱਲ ਦੇ ਪੈਸੇ ਪੁਛੇ ਤਾਂ ਸਟੋਰ ਵਾਲਿਆਂ ਕਿਹਾ: ਪੈਸੇ ਨਹੀਂ ਲੈਣੇ। ਖਾਂ ਸਾਹਿਬ ਨੇ ਕਿਹਾ: ਇਹ ਤਾਂ ਤੁਸੀਂ ਬਹੁਤ ਵੱਡੀ ਗੱਲ ਕਰਨ ਲੱਗੇ ਹੋ। ਦੁਕਾਨਦਾਰ ਨੇ ਕਿਹਾ: ਖੂਹ 'ਚੋਂ ਪਾਣੀ ਕੱਢੀ ਦਾ ਹੈ, ਪਾਈਦਾ ਨਹੀਂ। ਜਦੋਂ ਮਨ ਭਰਿਆ ਹੋਵੇ, ਓਦੋਂ ਇੰਜ ਹੀ ਕਰੀਦਾ ਹੈ। ਖੂਹ 'ਚੋਂ ਪਾਣੀ ਕੱਢੀਦਾ ਹੈ, ਪਾਈਦਾ ਨਹੀਂ। ਪਾਣੀ ਥਲਿਓਂ ਆਪੇ ਆ ਜਾਂਦਾ ਹੈ। ਸੋ ਤੁਸਾਂ ਤਾਂ ਪਾਣੀ ਕਢਣਾ ਹੈ, ਪਾਣੀ ਆਪੇ ਸਤਿਗੁਰੂ ਜਾਣਗੇ।"

ਸਤਿਗੁਰਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਕੋ ਜਲ ਥਲ ਕਰਨ ਨੂੰ ਯਾਦ ਕਰਵਾਇਆ, ਕਿਵੇਂ ਹਨੂਮਾਨ ਗੜ੍ਹ ਤਕ ਪਾਣੀ ਹੀ ਪਾਣੀ ਹੋ ਗਿਆ ਹੈ। ਫਿਰ ਸਤਿਗੁਰਾਂ ਬਚਨ ਕੀਤਾ: ਤੁਸੀਂ ਉੱਦਮ ਕਰੋ, ਆਪਣਾ ਹਿੱਸਾ ਪਾਓ। ਜਿਹੜੇ ਪੈਸੇ ਏਥੇ ਆ ਜਾਣਗੇ, ਉਹ ਵਿਚ ਸਿਨਮੇ ਤੇ ਨਹੀਂ ਲਗਣਗੇ। ਵਕੀਲਾਂ ਤੇ ਖ਼ਰਚ ਨਹੀਂ ਹੋਣਗੇ। ਉਹਨਾਂ ਜਿਥੇ ਲਗਣਾ ਸੀ, ਲੱਗ ਚੁੱਕੇ ਹੋਣਗੇ। ਮੈਂ ਸਿਰਫ਼ ਏਨੀ ਹੀ ਅਰਜ਼ ਕਰਨੀ ਸੀ।



Sri Satguru Jagjit Singh Ji Elibrary NamdhariElibrary@gmail.com

## ਸਿਆਮ ਸੁੰਦਰ, ਦਿੱਲੀ

ਹੁਣ ਫੇਰ ਸੰਤ ਸੁਰਜਨ ਸਿੰਘ ਮੁਹਾਦਾ ਪੁਰਾਂ ਅਰਦਾਸ ਕੀਤੀ। ਦੀਵਾਨ ਸਮਾਪਤੀ ਤੋਂ ਸਤਿਗੁਰੂ ਜੀ ਉਠੇ ਤਾਂ ਇਕ ਹਿੰਦੂ ਜੈਂਟਲਮੈਨ ਜੁ ਸਾਰਾ ਸਮਾਂ ਸਤਿਗੁਰੂ ਜੀ ਦੇ ਸਾਹਵੇਂ ਬੈਠ ਕੇ ਦਰਸ਼ਨ ਕਰਦਾ ਅਤੇ ਕੀਰਤਨ ਸੁਣਦਾ ਰਿਹਾ ਸੀ, ਉਠ ਕੇ ਹੱਥ ਜੋੜ ਖਲੋ ਗਿਆ। ਨਮਸਕਾਰ ਕੀਤੀ ਤੇ ਆਪਣੇ ਬਾਰੇ ਦੱਸਿਆ ਕਿ ਉਸ ਦਾ ਨਾਮ ਸਿਆਮ ਸੁੰਦਰ ਹੈ, ਦਿੱਲੀਓਂ ਆਇਆ ਹੈ। ਦਰਸ਼ਨ ਕਰਨ ਨੂੰ ਬਹੁਤ ਜੋਸ਼ ਕਰਦਾ ਸੀ। ਸਤਿਗੁਰਾਂ ਦੇ ਪੁੱਛਣ ਤੇ ਉਸ ਦੱਸਿਆ ਕਿ ਚਾਂਦਨੀ ਚੌਕ ਵਿਚ ਉਹਦੀ ਸਰਾਫੇ ਦੀ ਦੁਕਾਨ ਹੈ, ਸਿਆਮ ਸੁੰਦਰ ਐਂਡ ਸਨਜ਼।

ਬਾਅਦ ਵਿਚ ਮੈਨੂੰ ਮਿਲ ਕੇ ਉਸ ਨੇ ਭਜਨ ਛੇਟ ਦੀ ਇੱਛਾ ਪਰਗਟ ਕੀਤੀ। ਉਹ ਸਤਿਗੁਰਾਂ ਨੂੰ ਆਪਣਾ ਗੁਰੂ ਧਾਰਨ ਕਰਨਾ ਚਾਹੁੰਦਾ ਸੀ।

## ਤਾਲਾਬ ਹਿਤ ਮਾਇਆ

ਦੀਵਾਨ ਉਪ੍ਰੰਤ ਮੈਂ ਤਾਲਾਬ ਦੀ ਮਾਇਆ ਦੇ ਖ਼ਜ਼ਾਨਚੀਆਂ, ਸ: ਹਰਮੀਤ ਸਿੰਘ ਸਰਪੰਚ ਸ੍ਰੀ ਜੀਵਨ ਨਗਰ, ਅਤੇ ਸ: ਮਹਿੰਦਰ ਸਿੰਘ (ਨੰਬਰਦਾਰ ਅਮਰ ਸਿੰਘ ਦੇ ਛੋਟੇ ਭਾਈ) ਨੂੰ ਪੁੱਛਿਆ ਕਿ ਰਕਮ ਕਿੰਨੀ ਕੁ ਉਗਰਾਹੀ ਗਈ ਹੈ ਅੱਜ ? ਉੱਤਰ ਮਿਲਿਆ : ਤੇਰਾਂ ਹਜ਼ਾਰ ਤੋਂ ਕੁਝ ਵੱਧ।

ਮੇਰਾ ਡੇਰਾ ਸਵਰਗਵਾਸੀ ਸੰਤ ਗੁਰਬਚਨ ਸਿੰਘ ਢੱਟੀਆਂ ਦੇ ਘਰ ਸੀ। ਉਹ ਮੇਰਾ ਸਹਿਪਾਠੀ ਅਤੇ ਬੜਾ ਸਾਊ ਮਨੁੱਖ ਸੀ। ਉਸ ਦੀ ਸੁਪਤਨੀ ਬੀਬੀ ਅਮਰ ਕੌਰ ਅਤੇ ਧੀਆਂ ਰਘੁਬੀਰ, ਜਸਪਾਲ ਤੇ ਹਰਪਾਲ ਘਰ ਆਏ ਬਹੁਤ ਸਾਰੇ ਸਿੱਖਾਂ ਦੀ ਸੇਵਾ ਵਿਚ ਮਗਨ ਸਨ। ਇਹ ਘਰ ਸਾਧ ਸੰਗਤ ਦੀ ਸੇਵਾ ਹਿਰਦਿਓਂ ਕਰਦਾ ਹੈ।

## ਸਥਾਪਨਾ ਦਿਵਸ ਸ੍ਰੀ ਜੀਵਨ ਨਗਰ
## 25 ਜਨਵਰੀ 1979, ਵੀਰਵਾਰ

ਆਸਾ ਦੀ ਵਾਰ ਦਾ ਕੀਰਤਨ ਭਾਵੇਂ 4 ਵਜੇ ਅੰਮ੍ਰਿਤ ਵੇਲੇ ਤੋਂ ਹੋ ਰਿਹਾ ਸੀ ਮੈਂ 6.30 ਵਜੇ ਹੀ ਪੁੱਜ ਸਕਿਆ। ਜੀਵਨ ਨਗਰ ਮੰਦਰ ਵਿਚ ਕੀਰਤਨ ਹੋ ਰਿਹਾ ਸੀ, ਬਾਹਰ ਸ਼ਾਮਿਆਨੇ ਦਾ ਪ੍ਰਬੰਧ ਵੀ ਸੀ। ਸੰਗਤ ਪ੍ਰੇਮ ਪੂਰਵਕ ਕੀਰਤਨ ਸੁਣ ਰਹੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਿਲਰੁਬਾ ਅਤੇ ਮਹਾਰਾਜ ਬੀਰ ਸਿੰਘ ਜੀ ਤਬਲਾ ਵਜਾਉਂਦੇ ਕੀਰਤਨ ਦੀ ਅਗਵਾਈ ਕਰ ਰਹੇ ਸਨ। ਸਨਮੁਖ ਸੰਤ ਖ਼ਜ਼ਾਨ ਸਿੰਘ ਰਾਗੀ ਤੇ ਹਰਬੰਸ ਸਿੰਘ ਘੁੱਲਾ ਵਾਰ ਦੀ ਮੁਖ ਜ਼ਿੰਮੇਵਾਰੀ ਚੁਕਤਾ ਰਹੇ ਸਨ। ਦਸਾਂ ਤੋਂ ਘੱਟ ਉਮਰ ਦਾ ਇਕ ਬੱਚਾ ਰਛਪਾਲ ਸਿੰਘ ਸਪੁਤ੍ਰ ਸੰਤ ਕਸ਼ਮੀਰ ਸਿੰਘ ਜੀਵਨ ਨਗਰ ਸ਼ੁਧ ਉਚਾਰਨ ਕਰਦਿਆਂ ਪਉੜੀਆਂ ਪੜ੍ਹ ਰਿਹਾ ਸੀ। ਸਰਦੀ ਖ਼ੂਬ ਵਾਹਵਾ ਹੀ ਸੀ।

7.30 ਤਕ ਕੀਰਤਨ ਹੋਇਆ। ਸੰਤ ਦਲੀਪ ਸਿੰਘ ਜਥੇਦਾਰ ਨੇ ਅਰਦਾਸ



Sri Satguru Jagjit Singh Ji Elibrary NamdhariElibrary@gmail.com

ਕੀਤੀ ਤਾਂ ਸੰਤ ਆਤਮਾ ਸਿੰਘ ਸਨਖਤਰਾ ਨੇ ਤਕਰੀਰ ਕੀਤੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਸ਼ ਦੇ ਦਿਨ ਜੀਵਨ ਨਗਰ ਇਲਾਕੇ ਦੀ ਜ਼ਮੀਨ ਖਰੀਦਣ ਬਾਰੇ ਤੇ ਰਜਿਸਟਰੀ ਕਰਵਾਣ ਬਾਰੇ। ਮਾਘ ਦੇ ਮਹੀਨੇ ਦੀ ਮਹਿਮਾ ਵੀ ਕੀਤੀ ਅਤੇ ਸਾਰੇ ਦਿਨ ਦੇ ਪ੍ਰੋਗਰਾਮ ਵਿਚ ਹੇਠ ਲਿਖੇ ਜਥੇਦਾਰਾਂ ਦੇ ਹੱਲੇ ਦੇ ਦੀਵਾਨਾਂ ਦਾ ਸਮਾਂ ਵੰਡਿਆ : ਮਾ: ਕਪੂਰ ਸਿੰਘ, ਸੂਬਾ ਮੇਲਾ ਸਿੰਘ ਜੀ, ਜਥੇਦਾਰ ਨਿਰੰਜਨ ਸਿੰਘ। ਰਾਤ ਨੂੰ ਸੰਤ ਜੋਗਿੰਦਰ ਸਿੰਘ ਕਵੀਸ਼ਰ ਅਤੇ ਪੰਡਿਤ ਗੋਪਾਲ ਸਿੰਘ ਜੀ।

## ਸੰਤ ਅਮਰ ਸਿੰਘ ਨੰਬਰਦਾਰ

20 ਮਿੰਟ ਲਈ ਸੰਤ ਅਮਰ ਸਿੰਘ ਨੇ ਆਪਣੇ ਭਾਵ ਇਸ ਪਰਕਾਰ ਦੱਸੇ : ਇਹ ਬੜਾ ਚੰਗਾ ਹੋਇਆ ਹੈ ਕਿ ਸਤਿਗੁਰੂ ਜੀ ਨੇ ਇਸ ਪਾਸੇ ਉੱਦਮ ਕੀਤਾ ਹੈ। ਪਹਿਲਾਂ, ਸੰਤ ਸਰਮ ਸਿੰਘ, ਸ਼ਾਇਦ ਉਹ ਪੱਖੋਕਿਆਂ ਦਾ ਸੀ, ਉਸ ਨੂੰ ਕੋੜ੍ਹ ਵਰਗਾ ਕੋਈ ਰੋਗ ਸੀ, ਅਸੀਂ ਉਸ ਨੂੰ ਵੇਖਦੇ ਰਹੇ ਹਾਂ, ਉਸ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਗਿਆ ਕੀਤੀ ਕਿ ਉਹ ਬਾਹਰ ਤਾਲਾਬ ਕੰਢੇ ਰਿਹਾ ਕਰੇ, ਰੋਜ਼ਾਨਾ ਉਸ ਵਿਚ ਸਵੇਰੇ ਸ਼ਨਾਨ ਕਰਿਆ ਕਰੇ, ਪ੍ਰਸ਼ਾਦ ਪਾਣੀ ਵੀ ਓਥੇ ਹੀ ਕਰੇ। ਸਾਲ ਪਿਛੋਂ ਉਹ ਅਰੋਗ ਹੋ ਗਿਆ। ਉਸ ਦੀ ਦੇਹੀ ਕੰਚਨ ਵਰਗੀ ਹੋ ਗਈ। ਫੇਰ ਉਹ ਆਪ ਆ ਕੇ ਲੰਗਰ ਵਿਚੋਂ ਪ੍ਰਸ਼ਾਦ ਛਕਦਾ ਰਿਹਾ। ਏਥੇ ਬੈਠੇ 75 ਪਰਸੈਂਟ ਸਜਣਾਂ ਨੇ ਸੰਤ ਸਰਮ ਸਿੰਘ ਨੂੰ ਵੇਖਿਆ ਹੋਵੇਗਾ। ਦੂਜੇ ਤਾਲਾਬਾਂ ਬਾਰੇ ਤਾਂ ਅਸੀਂ ਸੁਣੀਅਰ ਹੀ ਹਾਂ, ਇਹ ਸਾਡੇ ਪ੍ਰਤਖ ਵੇਖਣ ਦੀ ਗੱਲ ਹੈ।

—ਪੰਜ ਸਾਲ ਪਹਿਲਾਂ ਵੀ, ਇਸ ਨੂੰ, (ਤਾਲਾਬ ਨੂੰ) ਬਣਵਾਉਣ ਦਾ ਉਪਰਾਲਾ ਕੀਤਾ ਗਿਆ ਪਰ ਕਿਸੇ ਕਾਰਣ, ਕਾਰਜ ਵਿਚੇ ਛੱਡਣਾ ਪਿਆ।

—ਸੰਤ ਬਘੇਲ ਸਿੰਘ, ਸਾਡੇ ਇਲਾਕੇ ਦੇ ਹੀ ਇਕ ਸੱਜਣ ਨੇ ਉੱਦਮ ਕਰਕੇ ਸਰਸੇ ਦਾ ਤਾਲਾਬ ਤਿਆਰ ਕਰਵਾਇਆ ਹੈ। ਸਭ ਤੋਂ ਵੱਧ ਉਗਰਾਹੀ ਸਾਡੇ ਇਲਾਕੇ ਵਿਚੋਂ ਗਈ। ਜਦੋਂ ਉਹ ਸੰਤ ਬੰਡਣਪੁਰ (ਸਰਸੇ ਨੇੜੇ ਪਿੰਡ) ਉਗਰਾਹੀ ਕਰਨ ਗਏ ਤਾਂ ਸ: ਮਸਤਾਨ ਸਿੰਘ ਸੱਦੋਵਾਲੀਏ ਨੇ ਪੁੱਛਿਆ, ਸਾਨੂੰ ਨਾਮਧਾਰੀਆਂ ਨੂੰ ਓਥੇ ਦੀਵਾਨ ਲਾਉਣ ਅਤੇ ਆਪਣੀ ਅਰਦਾਸ ਕਰਨ ਦਿਓਗੇ ? ਜਵਾਬ ਮਿਲਿਆ : ਦੀਵਾਨ ਤਾਂ ਭਾਵੇਂ ਲਾ ਲਇਓ ਪਰ ਅਰਦਾਸ [illegible] ਦੀ ਹੀ ਕਰਨੀ ਪਏਗੀ। ਸਿੰਘਾਂ ਨੇ ਆਖਿਆ : ਫਿਰ ਕਾਹਦੀ ਉਗਰਾਹੀ ? ਅਤੇ ਹੁਣ ਇਹ ਆਪਣਾ ਤੀਰਥ ਹੈ। ਨਿਰੇ ਜੀਵਨ ਨਗਰ, ਨਿਰੇ ਹਰਿਆਣੇ ਜਾਂ ਪੰਜਾਬ ਦਾ ਹੀ ਨਹੀਂ ਸਾਰੇ ਹੀ ਨਾਮ-ਧਾਰੀਆਂ ਦਾ ਹੈ।

—ਜਦੋਂ ਅਸੀਂ ਬਾਹਰ ਜਾਂਦੇ ਹਾਂ ਤਾਂ ਕੀ ਨਾਮਧਾਰੀ, ਕੀ ਗੈਰ ਨਾਮਧਾਰੀ, ਸਾਰੇ ਹੀ ਸਾਨੂੰ ਆਖਦੇ ਹਨ : ਜੀਵਨ ਨਗਰ ਵਾਲਿਓ, ਤੁਸੀਂ ਐਵੇਂ ਲੱਗੇ ਤਾਂ ਇਹ ਤੀਰਥ ਉਜਾੜੋਗੇ।

ਫਿਰ ਨੰਬਰਦਾਰ ਨੇ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਉਹ ਕੁਝ



Sri Satguru Jagjit Singh Ji Elibrary NamdhariElibrary@gmail.com

ਬੰਦੇ ਟਿੱਕ ਕੇ ਉਨ੍ਹਾਂ ਦੀ ਕਮੇਟੀ ਬਣਾਨ ਜੋ ਤਾਲਾਬ-ਉਸਾਰੀ ਲਈ ਰਕਮਾਂ ਦੀ ਉਗਰਾਹੁਣ ਤੇ ਬਾਕੀ ਦੀ ਜ਼ਿਮੇਵਾਰੀ ਵੀ ਲੈਣ। ਅਤੇ ਨਾਲ ਹੀ ਸਾਧ ਸੰਗਤ ਨੂੰ ਆਖਿਆ ਕਿ ਜੇ ਸਤਿਗੁਰੂ ਕਿਰਪਾ ਕਰਨਗੇ ਤਾਂ ਬਹੁਤ ਛੇਤੀ ਤਾਲਾਬ ਦਾ ਕਾਰਜ ਨੇਪਰੇ ਚੜ੍ਹ ਜਾਵੇਗਾ। ਅਮਰ ਸਿੰਘ ਨੇ ਤਜਵੀਜ਼ ਦਿੱਤੀ ਕਿ ਸੰਤ ਬਘੇਲ ਸਿੰਘ ਵਾਂਗ, ਸਾਡੇ ਵੀ, ਕੋਈ ਬਿਹੰਗਮ ਸਿੰਘ ਡਟ ਜਾਵੇ ਤਾਂ ਉਸੇ ਤਰ੍ਹਾਂ ਸੇਵਾ ਕਰ-ਕਰਵਾ ਸਕਦਾ ਹੈ।

ਸੰਤ ਅਮਰ ਸਿੰਘ ਨੇ ਜੀਵਨ ਨਗਰ ਦੇ ਹਰ ਘਰ ਨੂੰ ਪ੍ਰੇਰਿਆ ਕਿ ਜਿਨ੍ਹਾਂ ਪਾਸ ਟਰੈਕਟਰ ਹੋਣ ਉਹ ਇੱਟਾਂ ਮਿੱਟੀ ਆਦਿ ਢੋਅ ਕੇ ਸਹਾਇਤਾ ਕਰਨ। ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਉਹ ਅੱਜ ਸਮਾਂ ਕੱਢ ਕੇ ਤਾਲਾਬ ਤੇ ਦਰਸ਼ਨ ਦੇਣ ਅਤੇ ਇਕ ਕਮਰੇ ਤੇ ਵਰਾਂਡੇ ਲਈ ਜਗਾਹ ਤਜਵੀਜ਼ ਕਰਨ।

## ਜ਼ਰੂਰਤ ਅਮਲ, ਤਜਵੀਜ਼ਾਂ ਨਹੀਂ

ਨੰਬਰਦਾਰ ਦੀ ਤਕਰੀਰ ਦਾ ਸੱਚੇ ਪਾਤਸ਼ਾਹ ਜੀ ਨੇ ਇਨ੍ਹਾਂ ਸ਼ਬਦਾਂ ਨਾਲ ਜਵਾਬ ਦਿੱਤਾ : ਇਹਨਾ ਗੱਲਾਂ ਨਾਲ ਨਾ ਓਥੇ ਇੱਟਾਂ ਪਹੁੰਚਣੀਆਂ ਨੇ ਅਤੇ ਨਾ ਕੋਠਾ ਬਣਨਾ ਏ। ਇਸ ਤਰ੍ਹਾਂ ਕਰੀਏ ਕਿ ਸਾਧ ਸੰਗਤ ਪ੍ਰਸ਼ਾਦ ਪਾਣੀ ਛਕ ਲਵੇ ਅਤੇ ਜ਼ਰੂਰਤ ਭੱਠੇ ਤੋਂ ਟ੍ਰਾਲੀਆਂ ਰਾਹੀਂ ਇੱਟਾਂ ਢੋਅ ਲਈਆਂ ਜਾਣ। ਭੱਠੇ ਵਾਲੇ ਸਾਨੂੰ ਇੱਟਾਂ ਦੇਈ ਜਾਣ, ਹਿਸਾਬ ਕਿਤਾਬ ਫੇਰ ਕਰ ਲਵਾਂਗੇ। ਇੱਟਾਂ ਤਲਾਅ ਤੇ ਲੈ ਚਲੋ। ਓਨੇ ਚਿਰ ਨੂੰ ਤਾਲਾਬ ਤੇ ਜਾ ਕੇ ਅਸੀਂ ਵੀ ਅੰਗ ਲਵਾਂਗੇ ਕਿ ਕੀ ਕੁਝ, ਕਿਸ ਤਰ੍ਹਾਂ ਦਾ ਅਤੇ ਕਿਥੇ ਬਣਾਨਾ ਹੈ। ਕੋਠੇ ਦਾ ਵੀ ਗਿ: ਗੁਰਦਿਆਲ ਸਿੰਘ (ਸੰਤ ਨਗਰ), ਸੇਵਾ ਸਿੰਘ (ਸਰਸਾ) ਹੁਰੀਂ ਜਾਂ ਜਿਹੜੇ ਹੋਰ ਸਿਆਣੇ ਹੋਣ ਮਿਲ ਕੇ ਤਜਵੀਜ਼ ਕਰ ਲੈਣ।

ਸਤਿਗੁਰੂ ਜੀ ਨੇ ਹਰਮੀਤ ਸਿੰਘ ਸਰਪੰਚ ਅਤੇ ਮਹਿੰਦਰ ਸਿੰਘ ਜੀਵਨ ਨਗਰ ਨੂੰ ਉਗਰਾਹੀ ਲਿਖਣ ਅਤੇ ਸੰਭਾਲਣ ਦੀ ਜ਼ਿਮੇਵਾਰੀ ਲਾ ਦਿੱਤੀ। ਉਗਰਾਹੀ ਇਕੱਤਰ ਹੋਣੀ ਸ਼ੁਰੂ ਹੋ ਗਈ। 10 ਵਜੇ ਤਕ 39 ਹਜ਼ਾਰ ਹੋ ਚੁੱਕੀ ਸੀ, ਨਕਦ ਵੀ ਅਤੇ ਇਕਰਾਰੀ ਵੀ।

## ਸਰੋਵਰ ਕਿਨਾਰੇ

ਦੀਵਾਨ ਦੀ ਸਮਾਪਤੀ ਪਿਛੋਂ ਸੱਚੇ ਪਾਰਬ੍ਰਹਮ ਕੁਝ ਚੋਣਵੇਂ ਬੰਦਿਆਂ ਨੂੰ ਨਾਲ ਲੈ, ਸਰੋਵਰ ਕੰਢੇ ਗਏ ਅਤੇ ਤਦ ਤੋਂ ਹੀ ਸਿੰਘ-ਸਿੰਘਣੀਆਂ ਦੀ ਤਾਲਾਬ ਤੇ ਪਹੁੰਚਣਾ ਸ਼ੁਰੂ ਹੋ ਗਏ। ਸਤਿਗੁਰੂ ਜੀ ਇਕ ਵਾਰ ਦੁਪਹਿਰੇ ਗਏ ਅਤੇ ਤੀਜੀ ਵਾਰ ਸ਼ਾਮ ਦੇ ਦੀਵਾਨ ਉਪਰੰਤ ਪਧਾਰੇ। ਮੈਂ ਵੀ ਤਦ ਸਰੋਵਰ ਤੇ ਗਿਆ। ਮੈਂ ਵੇਖ ਕੇ ਹੈਰਾਨ ਰਹਿ ਗਿਆ, ਸਰੋਵਰ ਦੇ ਆਲੇ ਦੁਆਲੇ ਉੱਚੀ ਮਿੱਟੀ ਦਾ ਬੰਨ੍ਹ ਤਿਆਰ ਹੋ ਗਿਆ। ਝੀਂਡੇ, ਰੁੱਖ ਅਤੇ ਝਾੜੀਆਂ ਸਾਫ਼ ਕਰ ਦਿੱਤੀਆਂ ਗਈਆਂ। ਪੂਰਬ ਦੀ ਬਾਹੀ ਵੱਲੋਂ ਬਿਨਾਂ ਛੱਤ ਤੋਂ ਇਕ ਕਮਰਾ ਤਿਆਰ ਹੋ ਗਿਆ। ਸਤਿਗੁਰੂ ਜੀ ਨੂੰ ਤਸੱਲੀ ਹੋਈ ਕਿ ਜਤਨ ਕੀਤਿਆਂ ਕਮਰਾ ਬਣ ਗਿਆ ਹੈ। ਕਿਹਾ ਜਾਂਦਾ ਹੈ ਕਿ ਮਾਤਾ ਜੀ ਨੇ ਅੱਜ



Sri Satguru Jagjit Singh Ji Elibrary NamdhariElibrary@gmail.com

ਸਾਰਾ ਦਿਨ ਸਰੋਵਰ-ਸੇਵਾ ਕਰਦਿਆਂ-ਕਰਵਾਂਦਿਆਂ ਬਿਤਾਇਆ ਹੈ । ਵਾਪਸੀ ਜਾਂਦਿਆਂ ਸਤਿਗੁਰਾਂ ਮੈਨੂੰ ਵੇਖ, ਪੁੱਛਿਆ : ਵੇਖ ਆਏ ਓ ਕੈਨਾ ?

12 ਵਜੇ ਤਕ ਜੀਵਨ ਨਗਰ ਵਿਖੇ ਮਹਿਮਾ ਗਹਿਮ ਹੋ ਗਈ । ਨੇੜੇ ਦੇ ਪਿੰਡਾਂ ਵਿਚੋਂ ਟਰੈਕਟਰ ਟਰਾਲੀਆਂ ਅਤੇ ਬਹੁਤ ਸਾਰੀ ਸੰਗਤ ਆ ਜੁੜੀ । 2.30 ਵਜੇ ਤੋਂ ਨਾਮ ਸਿਮਰਨ ਜਾਰੀ ਹੋ ਗਿਆ । ਅੱਧਾ ਘੰਟਾ ਰਹਿੰਦਿਆਂ ਮੈਂ ਵੀ ਪਹੁੰਚ ਗਿਆ । ਸਤਿਗੁਰੂ ਸੂਰਜ ਦੁਆਲੇ ਸਿੱਖ-ਕਿਰਨਾਂ ਦਾ ਕੋਈ ਅੰਤ ਸ਼ੁਮਾਰ ਨਹੀਂ ਸੀ । ਦਰਸ਼ਨ-ਧਾਰਕਾਂ ਦੀਆਂ ਕਤਾਰਾਂ ਲੰਮੀਆਂ ਸਨ, ਮੈਂ ਵੀ ਜਾ ਸ਼ਾਮਲ ਹੋਇਆ ਪਰ ਦੀਨ ਦਿਆਲ ਜੀ ਨੇ ਸੰਤ ਤਰਲੋਕ ਸਿੰਘ ਨੂੰ ਭੇਜ ਕੇ ਦਰਸ਼ਨ ਦੇਣ ਦਾ ਫੌਰੀ ਅਵਸਰ ਪੈਦਾ ਕਰ ਦਿੱਤਾ ।

3.30 ਤੋਂ ਕੀਰਤਨ ਜਾਰੀ ਹੋ ਗਿਆ : ਵਿਰਹੋ ਮੈਂ ਦੀਵਾਨੀ, ਆਕਲ ਬਾਵਲ । ਸਤਿਗੁਰੂ ਜੀ ਨੇ ਦਿਲਰੁਬਾ ਨਾਲ ਆਪ ਵੀ ਅੰਮ੍ਰਿਤ-ਵਰਖਾ ਕੀਤੀ । ਸੰਤ ਸੁਰਜਨ ਸਿੰਘ ਦੀ ਅਰਦਾਸ ਨਾਲ ਇਸ ਸਮਾਗਮ ਦੀ ਸਮਾਪਤੀ ਹੋਈ ।

ਰਾਤ ਦੇ ਦੀਵਾਨ ਸੰਤ ਜੀਊਣ ਸਿੰਘ ਕਵੀਸ਼ਰ, ਸੰਤ ਰਾਥਾ ਸਿੰਘ ਕਵੀਸ਼ਰ, ਜਥੇਦਾਰ ਮੇਵਾ ਸਿੰਘ ਸੰਤ ਨਗਰ ਅਤੇ ਜਥੇਦਾਰ ਪ੍ਰੀਤਮ ਸਿੰਘ ਪੱਧਰੀ ਵਾਰੋ ਵਾਰੀ ਸਜਾਣਗੇ ।

ਸਾਧ ਸੰਗਤ ਲੰਗਰ ਛਕਣ-ਛਕਾਣ ਲਗ ਪਈ । ਸਾਧ ਸੰਗਤ ਦੀ ਠੋਸ ਗਿਣਤੀ ਪੰਜ ਹਜ਼ਾਰ ਤੋਂ ਵੱਧ ਹੈ । ਬਹੁਤ ਸਾਰੇ ਘਰੋ ਘਰੀ ਵੀ ਪਹੁੰਚ ਗਏ ।

## ਕੁਝ ਹੋਰ ਜਾਣਕਾਰੀ ਦੀਆਂ ਗੱਲਾਂ

ਸੰਤ ਪ੍ਰੀਤਮ ਸਿੰਘ ਡਰਾਈਵਰ ਸਪੁੱਤਰ ਸੰਤ ਉਜਾਗਰ ਸਿੰਘ ਮਾਛੀ ਦੇ ਘਰ ਸ: ਨਰਾਇਣ ਸਿੰਘ ਜਲੰਧਰੀ, (ਜਗਦੀਸ਼ ਸਿੰਘ "ਵਰਿਆਮ" ਦਾ ਛੋਟਾ ਭਾਈ) ਮੈਨੇਜਰ ਫ਼੍ਰੈਂਡਜ਼ ਬੈਂਕ ਦੀ ਪਰਵਾਰਕ ਰਿਹਾਇਸ਼ ਹੈ । ਮੈਨੂੰ ਪਿਆਰ ਕਰਦਾ ਹੋਣ ਕਰਕੇ ਉਸ ਆਗ੍ਰਹਿ ਕੀਤਾ ਕਿ ਰਾਤ ਉਹਨਾਂ ਵਲ ਹੀ ਰਹਾਂ । ਏਥੇ ਮੈਨੂੰ ਡਰਾਈਵਰ ਪ੍ਰੀਤਮ ਸਿੰਘ ਨੇ ਮੇਰੀਆਂ ਪੁੱਛਾਂ ਦੇ ਉੱਤਰ ਵਿਚ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਦੀ ਸਪੁਤਰੀ ਬੀਬਾ ਸਾਹਿਬ ਕੌਰ ਜੀ ਦਾ ਸਾਕ 17-ਓ ਬੀਕਾਨੇਰ ਦੇ ਸ: ਮਹਿੰਦਰ ਸਿੰਘ ਦੇ ਛੋਟੇ ਲੜਕੇ ਨਾਲ, ਜੁ ਅੱਜਕਲ੍ਹ ਬੀਕਾਨੇਰ ਪੜ੍ਹ ਰਿਹਾ ਅਤੇ ਨਿੱਕੀ ਨਿੱਕੀ ਦਾੜ੍ਹੀ ਵਾਲਾ ਖ਼ੂਬਸੂਰਤ ਜਵਾਨ ਹੈ, ਹੋਅ ਹੋ ਚੁੱਕਾ ਹੈ । ਲੜਕਾ ਵੇਖਣ ਲਈ ਮਹਾਰਾਜ ਬੀਰ ਸਿੰਘ ਜੀ, ਸੰਤ ਗੁਲਜ਼ਾਰ ਸਿੰਘ ਪਿੰਡ ਦਮਦਮਾ ਆਦਿ ਗਏ ਸਨ । ਸਤਿਗੁਰੂ ਜੀ ਵਲੋਂ ਇਸ ਸੰਬੰਧ ਨੂੰ ਪਰਵਾਨਗੀ ਮਿਲ ਗਈ ਹੈ । ਸੰਤ ਮਹਿੰਦਰ ਸਿੰਘ ਸਰਹਾਲੀ ਵਾਲੇ, ਸਤਿਗੁਰੂ ਰਾਮ ਸਿੰਘ-ਗੁਰੂ ਹਰੀ ਸਿੰਘ ਜੀ ਦੇ ਸਮਕਾਲੀ ਅਤੇ ਪਰਮ ਸਿਦਕੀ ਸਿੱਖ ਸ: ਬਾਮ ਸਿੰਘ ਦੀ ਕੁਲ ਵਿਚੋਂ ਬੜੇ ਗੁਰਮੁਖ, ਮਿਲਾਪੜੇ, ਸਿਦਕੀ ਅਤੇ ਤਕੜੀ ਜ਼ਮੀਨ ਦੇ ਮਾਲਿਕ ਹਨ ।

ਮੈਂ ਕੁਝ ਦਿਨ ਪਹਿਲਾਂ ਦਿੱਲੀਓਂ ਇਹ ਗੱਲ ਸੁਣੀ ਸੀ, ਜੀਵਨ ਨਗਰ ਇਲਾਕੇ



Sri Satguru Jagjit Singh Ji Elibrary NamdhariElibrary@gmail.com

ਵਿਚ ਵੀ ਮੇਰੇ ਕੰਨੀਂ ਪਈ ਪਰ ਅੱਜ ਇਹ ਜ਼ਰੂਰੀ ਗੱਲ ਤਸਦੀਕ ਹੋ ਗਈ ਹੈ ਕਿਉਂਕਿ ਬੀਬਾ ਜੀ ਵਾਸਤੇ ਵਰ ਘਰ ਵੇਖਣ ਵਾਲਿਆਂ ਨੂੰ ਪ੍ਰੀਤਮ ਸਿੰਘ ਹੀ ਡਰਾਈਵ ਕਰ ਕੇ ਲੈ ਗਿਆ ਸੀ।

ਮੇਰੇ ਸਰਨਾਵੀਏਂ ਨੇ ਮੈਨੂੰ ਇਹ ਵੀ ਦੱਸਿਆ ਕਿ ਪਹਿਲਾਂ ਤਾਂ ਸ੍ਰੀ ਜੀਵਨ ਨਗਰ ਅਤੇ ਮਸਤਾਨ ਗੜ੍ਹ ਦਾ ਪ੍ਰਬੰਧ ਠਾਕੁਰ ਦਲੀਪ ਸਿੰਘ ਜੀ ਦੇ ਪਾਸ ਸੀ ਪਰ ਹੁਣ ਪਿਛਲੇ ਕੁਛ ਕੁ ਦਿਨਾਂ ਤੋਂ, ਮਸਤਾਨ ਗੜ੍ਹ ਤਾਂ ਠਾਕੁਰ ਉਦੈ ਸਿੰਘ ਜੀ ਦੀ ਨਿਗਰਾਨੀ ਹੇਠ ਹੈ ਅਤੇ ਜੀਵਨ ਨਗਰ ਸੰਤ ਬਲਦੇਵ ਸਿੰਘ ਬੇੜ੍ਹ ਮਿਰਜ਼ਾਪੁਰ ਦੀ ਸੁਪਰਵਾਈਜ਼ਰੀ ਹੇਠ ਹੈ।

—ਮੈਨੂੰ ਅੱਜ ਸਤਿਗੁਰੂ ਜੀ ਦੇ ਦਰਸ਼ਨ ਦੀਵਾਨ ਦੇ ਸਮੇਂ ਹੀ ਹੋਏ।

## ਸੂਬਾ ਰੇਸ਼ਮ ਸਿੰਘ ਜੀ

ਇਸ ਮੇਲੇ ਤੇ ਕੈਨੇਡਾ ਦੇ ਸੂਬਾ ਜੀ, ਖ਼ੂਬਸੂਰਤ ਨੌਜਵਾਨ ਸੰਤ ਰੇਸ਼ਮ ਸਿੰਘ ਵੀ ਆਪਣੀ ਸੁਪਤਨੀ ਬੀਬੀ ਰਾਣੀ ਅਤੇ ਇਕ ਬੱਚੇ ਨਾਲ ਆਏ ਹੋਏ ਹਨ। ਮੈਂ ਜਦੋਂ 1974 ਵਿਚ ਸਤਿਗੁਰੂ ਜੀ ਨਾਲ ਕੈਨੇਡਾ ਗਿਆ ਸਾਂ, ਸੰਤ ਰੇਸ਼ਮ ਸਿੰਘ ਜੀ ਵੈਰਾਗਮਈ ਹੋਏ ਆਪਣੀ ਵਸੋਂ ਦੇ ਸ਼ਹਿਰ ਟੋਰਾਂਟੋ ਤੋਂ ਵਾਪਸੀ ਸਮੇਂ ਸਤਿਗੁਰਾਂ ਦੇ ਨਾਲ ਹੀ ਵੈਨਕੂਵਰ ਲਈ ਚੱਲ ਪਏ ਸਨ। ਪਰ ਇਹ ਵੈਨਕੂਵਰ ਸੈੱਟ ਨਾ ਹੋ ਸਕੇ ਅਤੇ ਵਾਪਸ ਟੋਰਾਂਟੋ ਆ ਗਏ।

ਮੇਰੇ ਪੁੱਛਣ ਤੇ ਜਵਾਨ ਸੂਬਾ ਰੇਸ਼ਮ ਸਿੰਘ ਜੀ ਨੇ ਦੱਸਿਆ ਕਿ ਵੈਨਕੂਵਰ ਦੀ ਸੰਗਤ ਤਾਂ ਜਿੰਨੀ ਸਤਿਗੁਰੂ ਜੀ ਕਾਇਮ ਕਰ ਆਏ ਸਨ, ਓਨੀ ਹੀ ਤਿਆਰ ਬਰ ਤਿਆਰ ਹੈ ਪਰ ਟੋਰਾਂਟੋ ਵਿਚ ਕੁਛ ਆਦਮੀ ਸਾਥ ਛੱਡ ਗਏ ਹਨ। ਰੇਸ਼ਮ ਸਿੰਘ ਜੀ ਇਕ ਮਹੀਨਾ ਹੋਰ ਭਾਰਤ ਵਿਚ ਠਹਿਰਨਗੇ। ਅੱਜ ਉਨ੍ਹਾਂ, ਸਤਿਗੁਰਾਂ ਦੀਆਂ ਦੀਵਾਨ ਵਿਚ ਫੋਟੋ ਲਾਹ ਲਾਹ, ਰੀਝਾਂ ਲਾਹ ਲਈਆਂ।

### ਸਥਾਪਨਾ ਦਿਵਸ ਸ੍ਰੀ ਜੀਵਨ ਨਗਰ
### 26 ਜਨਵਰੀ 1979, ਸ਼ੁਕਰਵਾਰ

ਅੱਜ ਸਮੁੱਚਾ ਭਾਰਤ ਦੇਸ਼ ਤਾਂ 26 ਜਨਵਰੀ ਨੂੰ ਰੀਪਬਲਿਕ ਡੇ ਦੇ ਤੌਰ ਤੇ ਮਨਾ ਰਿਹਾ ਹੈ, ਪਰ ਏਥੇ ਅੱਜ ਸਥਾਪਨਾ ਦਿਵਸ ਮੇਲੇ ਦੇ ਭੋਗ ਦਾ ਦਿਨ ਹੈ। ਆਸਾ ਦੀ ਵਾਰ ਦਾ ਕੀਰਤਨ ਸਮਾਪਤ ਹੋਣ ਤੋਂ ਪਹਿਲਾਂ ਪ੍ਰਬੰਧਕ ਨੰਬਰਦਾਰ ਅਮਰ ਸਿੰਘ ਨੂੰ ਇਸ਼ਾਰਾ ਕੀਤਾ ਗਿਆ ਕਿ 7.30 ਤੋਂ ਅਗਲੀ ਕਾਰਵਾਈ ਮੰਦਰ ਵਿਚ ਨਹੀਂ ਸਗੋਂ ਖੁਲ੍ਹੇ ਵਿਚ ਹੋਵੇਗੀ। ਮੇਰੇ ਦੀਵਾਨ ਵਿਚ ਆਇਆਂ, ਸੰਤ ਬਲਦੇਵ ਸਿੰਘ ਰਾਣੀਆਂ ਨੇ ਮੈਨੂੰ ਇਕ ਪੈਕਟ ਲਿਆ ਕੇ ਦਿੱਤਾ ਜਿਸ ਵਿਚ ਮਾਸਿਕ ਪੱਤਰ 'ਵਰਿਆਮ' ਜਲੰਧਰ ਦੇ ਕੁਝ ਅੰਕ ਸਨ ਅਤੇ ਇਸ ਦੇ ਸੰਪਾਦਕ ਸ: ਜਗਦੀਸ਼ ਸਿੰਘ ਵਲੋਂ, ਮੇਰੇ, ਪੂਰਬੇ ਅਤੇ ਉਹਦੇ ਛੋਟੇ ਭਾਈ ਸ: ਨਰਾਇਣ ਸਿੰਘ ਲਈ ਪੱਤਰ ਸਨ। ਮੈਂ ਉਠ ਕੇ, ਸਤਿਗੁਰੂ ਜੀ ਦੇ ਆਸਣ ਪਾਸ ਜਾ, ਨਮਸਕਾਰ ਕਰ, ਤਿੰਨ ਪਰਚੇ ਵਰਿਆਮ ਦੇ ਆਪ ਜੀ ਨੂੰ ਭੇਟ ਕੀਤੇ।



Sri Satguru Jagjit Singh Ji Elibrary NamdhariElibrary@gmail.com

ਉਸ ਸਮੇਂ ਸ੍ਰੀ ਸਤਿਗੁਰੂ ਜੀ ਆਪਣੇ ਕੁਟਕੇ ਤੋਂ ਦਸਮੇਸ਼ ਜੀ ਦੀ ਬਾਣੀ, ਚੰਡੀ ਦੀ ਵਾਰ, ਦਾ ਪਾਠ ਗੁਪਤ ਰੂਪ ਵਿਚ ਕਰ ਰਹੇ ਸਨ ਅਰਥਾਤ ਉੱਚੀ ਨਹੀਂ ਸਨ ਪੜ੍ਹ ਰਹੇ। ਇੰਜ ਹੀ ਅਨੇਕਾਂ ਸਰੀਰ ਹੋਰ ਵੀ ਆਪਣੇ ਆਪਣੇ ਕੁਟਕਿਆਂ ਤੇ ਚੰਡੀ ਪਾਠ ਕਰਨ ਵਿਚ ਜੁਟੇ ਹੋਏ ਸਨ।

ਜਦੋਂ ਆਸਾ ਦੀ ਵਾਰ ਦੀ ਸਮਾਪਤੀ ਹੋ ਗਈ ਤਾਂ ਅਨੰਦ ਦੇ ਕੀਰਤਨ ਤੋਂ ਪਹਿਲਾਂ ਹੀ ਆਸਣ ਅਤੇ ਸੰਗਤ ਬਾਹਰ ਖੁਲ੍ਹੇ ਸਥਾਨ, ਸ਼ਾਮਿਆਨੇ ਹੇਠ ਆ ਗਏ। ਸਤਿਗੁਰੂ ਜੀ ਨੇ 'ਵਰਿਆਮ' ਬਾਰੇ ਮੇਰੇ ਨਾਲ ਜ਼ਿਕਰ ਕੀਤਾ : ਹੋਰ ਤਾਂ ਅਜੇ ਪੜ੍ਹਿਆ ਨਹੀਂ ਪਰ ਮੈਨੂੰ ਇਸ ਵਿਚ 'ਦਸਮੇਸ਼ ਕਾਵਿ' ਦੀ ਚੋਣ ਬੜੀ ਚੰਗੀ ਲੱਗੀ ਹੈ।

ਦੋ ਬੀੜਾਂ ਤੋਂ ਭੋਗਾਂ ਦੇ ਸ਼ਲੋਕ ਪੜ੍ਹੇ ਜਾਣ ਲੱਗੇ। ਭੋਗ ਪੈਂਦਿਆਂ-ਪੈਂਦਿਆਂ ਕੁਝ ਲੋਕ ਭਜਨ ਪੁੱਛਣ ਲਈ ਸੇਵਾ ਵਿਚ ਆਏ। ਸੂਬਾ ਮੇਲਾ ਸਿੰਘ ਜੀ ਦੁਆਰਾ ਭਜਨ ਦਸਵਾ ਦਿੱਤਾ ਗਿਆ। ਫਿਰ ਕੁਝ ਹੋਰ ਇਸਤਰੀਆਂ ਪੁਰਸ਼ ਹਾਜ਼ਰ ਹੋਏ। ਸਭ ਨੇ ਆਪਣੇ ਆਪਣੇ ਰੋਗਾਂ ਦੀ ਨਵਿਰਤੀ ਲਈ ਅਰਜ਼ਾਂ ਕੀਤੀਆਂ। ਸਤਿਗੁਰੂ ਜੀ ਨੇ ਇਕ ਇਕ ਮਾਲਾ ਭਜਨ ਅਤੇ ਇਕ ਇਕ ਭਗਉਤੀ ਵੀ ਫੇਰ ਕੇ ਅਰਦਾਸ ਕਰਨ ਦਾ ਆਦੇਸ਼ ਦਿੱਤਾ। 8 ਵਜੇ ਤਕ ਭੋਗ ਪੈ ਗਏ ਅਤੇ ਰਾਗੀਆਂ ਅਨੰਦ ਦਾ ਪਾਠ ਕੀਤਾ। ਮੇਲੇ ਦੀ ਸਮਾਪਤੀ ਦੀ ਅਰਦਾਸ ਪੰ: ਗੋਪਾਲ ਸਿੰਘ ਜੀ ਨੇ ਕੀਤੀ। ਇਸ ਅਨੁਸਾਰ :

ਇਕ ਸਾਧਾਰਨ ਪਾਠ ਦਾ ਭੋਗ ਇਕ ਕਵੀ ਨਮਿਤ,<br>
ਚਾਰ ਪਾਠਾਂ ਦੇ ਭੋਗ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ,<br>
ਛੇ ਪਾਠ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਕੀਤੇ ਗਏ।

ਅਰਦਾਸ ਉਪ੍ਰੰਤ ਪ੍ਰੀਤਮ ਸਿੰਘ ਕਵੀ ਵਲੋਂ ਸਵਾ ਘੰਟੇ ਦੀ ਤਕਰੀਰ ਇਸ ਇਲਾਕੇ ਦੇ ਹਾਲਾਤ ਨੂੰ ਮੁਖ ਰਖ ਕੀਤੀ ਗਈ। ਨੌਜਵਾਨ ਹਲਕਿਆਂ ਵਲੋਂ ਕਾਫ਼ੀ ਅੱਛਾ ਹੁੰਗਾਰਾ ਮਿਲਿਆ।

## ਸ੍ਰੀ ਸਤਿਗੁਰੂ ਜੀ ਵਲੋਂ ਸਮਾਪਨ

"...ਸਾਧ ਸੰਗਤ ਨੇ ਕਵੀ ਹੁਰਾਂ ਤੋਂ ਬੜਾ ਕੁਝ ਸੁਣਿਆ ਹੈ। ਕੱਠੇ ਹੀ ਪੜ੍ਹਦੇ ਰਹੇ ਹਾਂ ਉਹਨਾਂ ਨੂੰ ਮੇਰੇ ਨਾਲੋਂ ਲਿਖਣਾ ਵੀ ਬਹੁਤਾ ਆ ਜਾਂਦਾ ਹੈ ਤੇ ਬੋਲਣਾ ਵੀ ਬਹੁਤਾ। ਹੁਣ ਅੱਗੇ ਨਾਲੋਂ ਹੋਰ ਬਹੁਤਾ ਆ ਗਿਆ ਹੈ। (ਨੀਕੀ ਕੀਰੀ ਮਹਿ ਕਲ ਰਾਖੈ।) ਗੱਲ, ਨਿੱਕੇ ਹੁੰਦਿਆਂ ਤੋਂ, ਜਾਪਦਾ ਹੈ ਸਤਿਗੁਰਾਂ ਦੀ ਕਿਰਪਾ ਵਾਲੀ ਗੱਲ ਹੈ। ਉਹ ਕੀ ਗੱਲ ਹੈ? ਕਵੀ ਹੁਰਾਂ ਨੂੰ ਤੇ ਮੈਨੂੰ ਪਤਾ ਹੈ, ਕੀ ਗੱਲ ਹੈ!

"ਸਭ ਤੋਂ ਪਹਿਲਾਂ, ਸ਼ੁਰੂ ਹੁੰਦਿਆਂ ਹੀ, ਕਵੀ ਹੁਰਾਂ ਜਿਹੜੀ ਗੱਲ ਆਖੀ ਸੀ ਉਹ ਨਾਸਤਕਾਂ ਦੇ ਆਖਣ ਵਾਲੀ ਨਹੀਂ। ਸਾਡੇ ਸੁਣਨ ਵਾਲੀ ਜ਼ਰੂਰ ਹੈ। ਗੁਰੂ ਨਾਨਕ ਨੇ ਜਿਹੜੀ ਕਲਿਜੁਗ ਵਾਲੀ ਗੱਲ ਆਖੀ ਸੀ, ਅਸੀਂ ਉਸ ਵਿਚ ਕਿਵੇਂ ਕਿਵੇਂ ਆਪਣਾ ਹਿੱਸਾ ਪਾ ਰਹੇ ਹਾਂ। ਜੇ ਅਸੀਂ ਪਾ ਰਹੇ ਹਾਂ ਤਾਂ ਸਾਨੂੰ ਮੋੜ ਪੈਂਦਾ ਹੈ ਕਿ ਨਹੀਂ ਪੈਂਦਾ। ਸਤਿਗੁਰੂ ਕਿਰਪਾ ਕਰੇ, ਮੋੜ ਪਵੇ ਤਾਂ ਹੀ ਠੀਕ ਹੈ।



Sri Satguru Jagjit Singh Ji Elibrary NamdhariElibrary@gmail.com

"ਲੋਕ ਚੋਟੀਆਂ ਤੇ ਚੜ੍ਹਦੇ ਹਨ। ਕਈ ਵਿਚਾਰੇ ਮਰ ਵੀ ਜਾਂਦੇ ਹਨ। ਪਰ ਦੂਸਰੇ ਇਹ ਨਹੀਂ ਸੋਚਦੇ ਕਿ ਅਸਾਂ ਹੁਣ ਨਹੀਂ ਚੜ੍ਹਨਾ। ਚੜ੍ਹਨ ਵਾਲੇ ਵੇਖਦੇ ਹਨ ਕਿ ਕਿਨ ਚੋਟੀਆਂ ਸਰ ਕੀਤੀਆਂ ਹਨ। ਏਸੇ ਤਰ੍ਹਾਂ ਗੁਰੂ ਸਿੱਖੀ ਵਾਲੇ ਪਾਸੇ ਵੀ ਚੜ੍ਹਨ ਵਾਲੇ ਹਟਦੇ ਨਹੀਂ। "ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ।"... "ਰਾਜੁ ਕੇ ਬੈਕੁੰਠ ਛੂਟਹਿ ਲੇ ਤਾਰਉ। ਹਿਰਦਹਿ ਤ ਪ੍ਰੇਮ ਕੇ ਚਾਬੁਕ ਮਾਰਉ।" ਏਸ ਪਾਸੇ ਜੋ ਚੜ੍ਹਨ ਵਾਲੇ ਹਨ, ਉਨ੍ਹਾਂ ਵਿਚੋਂ ਇਕ ਦੀ ਮਿਸਾਲ ਦਿੰਦਾ ਹਾਂ। ਕਬੀਰ ਜਿਧਰ ਗਿਆ ਏ। "ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ। ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ।" ਚੜ੍ਹਦਿਆਂ ਚੜ੍ਹਦਿਆਂ ਉਸ ਨੇ ਅੱਗੇ ਜਾ ਕੇ ਇਹ ਵੀ ਆਖ ਦਿੱਤਾ:

ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ।
ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗੜ ਕੋ ਰਾਜਾ।

ਜਦੋਂ ਰਾਜਾ ਹੀ ਫੜ ਲਿਆ, ਫੇਰ ਅੱਗੇ ਕੀ ਕਿਹਾ? ਅੱਗੇ ਵੀ ਜਾਣਦਾ ਹੈ:

ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ।
ਦਾਸੁ ਕਮੀਰੁ ਚੜਿ੍ਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ।

ਉਹ ਰਾਜ ਮਿਲ ਗਿਆ ਜਿਹੜਾ ਨਾਸ ਨਹੀਂ ਹੋਣ ਵਾਲਾ, ਜਿਸ ਨੂੰ ਕਿਸੇ ਦਾ ਡਰ ਨਹੀਂ, ਜਿਸ ਦਾ ਨਾ ਕੋਈ ਅੰਤ ਕਰ ਸਕਦਾ ਹੈ ਨਾ ਅੰਤ ਪਾ ਸਕਦਾ ਹੈ। ਇਹ ਅਜਿਹੀਆਂ ਹੀ ਗੱਲਾਂ ਹਨ, ਜਿਵੇਂ ਅਸੀਂ ਅਮਰੀਕਾ ਦੀ ਗੱਲ ਕਰੀਏ, ਇੰਗਲੈਂਡ ਦੀ ਗੱਲ ਕਰੀਏ ਕਿ ਉਹ ਬਹੁਤ ਚੰਗੇ ਹਨ। ਏਦੂੰ ਨਾਲੋਂ ਤਾਂ ਅਫਰੀਕਾ ਵੀ ਚੰਗਾ ਹੈ, ਓਥੇ ਪੈਸੇ ਬਹੁਤੇ ਮਿਲਦੇ ਹਨ, ਏਦੂੰ ਨਾਲੋਂ ਤਾਂ ਸਿਆਮ ਵੀ ਚੰਗਾ ਹੈ ਓਥੇ ਵੀ ਪੈਸੇ ਬਹੁਤੇ ਕਮਾਏ ਜਾਂਦੇ ਹਨ। ਵਲਾਇਤ ਦਾ, ਇਕ ਆਦਮੀ ਨੇ ਏਨਾ ਫ਼ਰਕ ਦੱਸਿਆ ਅਮਰੀਕਾ ਨਾਲੋਂ ਕਿ ਜਿੰਨਾ ਕੰਮ ਵਲਾਇਤ ਵਿਚ ਸੱਤਾਂ ਦਿਨਾਂ ਵਿਚ ਹੁੰਦਾ ਹੈ, ਅਮਰੀਕਾ ਵਿਚ ਇੱਕੋ ਦਿਨ ਹੋ ਜਾਂਦਾ ਹੈ। ਜੇ ਕੰਮ ਏਨਾ ਵੱਧ ਹੋ ਜਾਂਦਾ ਹੈ ਤਾਂ ਪੈਸੇ ਵੀ ਉਸੇ ਹਿਸਾਬ ਨਾਲ ਵਧਣਗੇ।

"ਮੈਂ ਸਾਧ ਸੰਗਤ ਅੱਗੇ ਅਰਜ਼ ਕਰਾਂਗਾ ਕਿ ਤੁਸਿ ਰਾਜੀ ਹੋਣਾ ਤਾਂ ਮਨ ਦਾ ਸੁਭਾਉ ਹੀ ਹੈ।...ਸਾਰੀਆਂ ਗੱਲਾਂ ਛਡ ਕੇ, ਏਕਤਾ ਤੇ ਉਸਾਰੀ ਦਾ ਕਰੀਏ, ਏਸੇ ਵਿਚ ਸਾਡੀ ਸ਼ਕਤੀ ਹੈ, ਏਸੇ ਵਿਚ ਕਲਿਆਣ ਹੈ।"

ਅਤੇ ਅੱਜ ਦਾ ਦੀਵਾਨ ਸਮਾਪਤ ਹੋ ਗਿਆ।

## ਆਨੰਦ ਵਿਚ ਅੜਚਨ

ਆਸਾ ਦੀ ਵਾਰ ਸਮੇਂ ਬਾਹਰ ਖੁਲ੍ਹੇ ਵਿਚ ਇਕ ਹਵਨ ਹੋਇਆਂ। ਹਵਨ ਕੁੰਡ ਦੇ ਚਹੁੰਦੇ ਪਾਸੇ ਆਸਣ ਵਿਛਿਆ ਹੋਇਆ ਸੀ, ਉੱਪਰ ਬੈਠਾ ਜੋੜਾ ਵਿਆਹ ਦੀ ਇੰਤਜ਼ਾਰ ਵਿਚ ਸੀ। ਆਸਾ ਦੀ ਵਾਰ ਦੇ ਭੋਗ ਉਪਰੰਤ ਵਿਆਹ ਵਾਲੇ ਜੋੜੇ ਦੇ ਮਾਪੇ ਅਤੇ ਵਿਚੋਲਾ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਆ ਬੈਠੇ। ਵਿਚੋਲੇ ਅਰਜ਼ ਕੀਤੀ: ਮੈਂ

Sri Satguru Jagjit Singh Ji Elibrary NamdhariElibrary@gmail.com

ਤਾਂ ਬਹੁਤ ਜ਼ੋਰ ਲਗਾ ਕੇ ਇਨ੍ਹਾਂ ਨੂੰ ਏਥੇ ਵਿਆਹ ਕਰਵਾਣ ਲਈ ਲਿਆਇਆਂ।

ਸਤਿਗੁਰੂ ਜੀ : ਤੁਸਾਂ ਬੜੀ ਗ਼ਲਤੀ ਕੀਤੀ। ਏਥੇ ਏਸ ਹਾਲਤ ਵਿਚ ਕਿਉਂ ਲਿਆਏ ?

ਗੱਲ ਗ਼ਲਤ ਇਹ ਹੋ ਗਈ ਕਿ ਸਰਸੇ ਦੇ ਲਾਗੇ ਦੋਹ ਪਿੰਡਾਂ ਦਾ ਲੜਕਾ ਅਤੇ ਲੜਕੀ ਸ਼ਾਦੀ ਲਈ ਬੈਠੇ ਤਾਂ ਸਤਿਗੁਰਾਂ ਨੂੰ ਪਤਾ ਲੱਗਾ ਕਿ ਲੜਕਾ ਨਾਮਧਾਰੀ ਨਹੀਂ। ਉਸ ਦੀ ਦਾਹੜੀ ਵੀ ਕੈਂਚੀ ਨਾਲ ਕੱਟੀ ਹੋਈ ਸੀ। ਸਤਿਗੁਰਾਂ ਇਹ ਆਨੰਦ ਰੋਕ ਦਿੱਤਾ। ਵਿਚੋਲੇ ਨੇ ਬੜੇ ਤਰਲੇ ਲਏ, ਪਰ ਸਤਿਗੁਰੂ ਜੀ ਦਾ ਕਥਨ ਸੀ : ਫੇਰ ਬੁਰਿਆਈ ਮੈਨੂੰ ਹੀ ਮਿਲਣੀ ਹੈ। ਸਿੰਘ : ਸੱਚੇ ਪਾਤਸ਼ਾਹ, ਮੈਂ ਤਾਂ ਬਹੁਤ ਦੁਖੀ ਹੋ ਕੇ ਏਥੇ ਲਿਆਇਆ ਹਾਂ।

ਸਤਿਗੁਰੂ ਜੀ : ਜਦੋਂ ਦਾੜ੍ਹੀ ਆਵੇਗੀ, ਵਿਆਹ ਕਰ ਦਿਆਂਗੇ, ਪਰ ਅੱਜ ਨਹੀਂ। ਪਹਿਰਾਵਾ ਠੀਕ ਕਰੇ, ਫੇਰ ਵਿਆਹ ਕਰਾਂਗੇ। ਮੈਂ ਦਾੜ੍ਹੀ ਮੁੰਨੇ ਨੂੰ ਏਥੇ ਵਿਆਹ ਦੀ ਇਜਾਜ਼ਤ ਨਹੀਂ ਦੇਣੀ।

ਜਦੋਂ ਨਿਰਾਸ ਹੋ ਮਾਪੇ ਉਠ ਗਏ, ਕਿਸੇ ਨੇ ਕੋਲੋਂ ਸਿਫ਼ਾਰਸ਼ ਕੀਤੀ : ਕਰ ਦੇਣਾ ਸੀ ਵਿਆਹ ਸੱਚੇ ਪਾਤਸ਼ਾਹ !

ਸਤਿਗੁਰੂ ਜੀ : ਗ਼ਲਤੀ ਉਸ ਦੇ ਪਿਤਾ ਦੀ ਹੈ। ਉਹ ਇਸ ਹਾਲਤ ਵਿਚ ਬੱਚੇ ਨੂੰ ਕਿਉਂ ਲਿਆਇਆ ? ਦਾੜ੍ਹੀ ਮੁੰਨੇ ਦਾ ਮੈਂ ਵਿਆਹ ਕਰ ਦਿਆਂ, ਕੱਲ੍ਹ ਨੂੰ ਤੁਸੀਂ ਹੀ ਆਖੋਗੇ ਕਿ ਹੁਣ ਸਾਡੇ ਮੁੰਡੇ ਦਾ ਵੀ ਕਰ ਦਿਓ। ਮੈਂ ਤਾਂ ਉਨ੍ਹਾਂ ਨੂੰ ਕਹਿ ਦਿੱਤਾ ਹੈ, ਵਿਆਹ ਕਰ ਦਿਆਂਗੇ ਦਾੜ੍ਹੀ ਠੀਕ ਹੋ ਲੈਣ ਦਿਓ। ਕਾਇਦੇ ਮੁਤਾਬਕ ਇਹ ਵਿਆਹ ਹੋ ਨਹੀਂ ਸਕਦਾ ਕਿਉਂਕਿ ਮੁੰਡਾ ਗ਼ੈਰ ਨਾਮਧਾਰੀ ਹੈ।

ਅਤੇ ਇਹ ਵਿਆਹ ਨਹੀਂ ਹੋ ਸਕਿਆ।

## 27 ਜਨਵਰੀ 1979, ਸ਼ਨੀਵਾਰ

**ਨਵੀਂ ਦਿੱਲੀ**

### ਲਖਨਊ ਨੂੰ ਰਵਾਨਗੀਆਂ

ਮੈਂ ਸਵੇਰੇ 7 ਵਜੇ ਦਾ ਜੀਵਨ ਨਗਰੋਂ ਚੱਲਿਆ ਹੋਇਆ, ਬੱਸ ਦੁਆਰਾ ਸਫ਼ਰ ਕਰ ਰਹਿੰਦੇ ਵੇਲੇ 4 ਵਜੇ ਹੀ ਦਿੱਲੀ ਪਹੁੰਚਿਆ। ਜਿਉਂ ਹੀ ਮੈਂ ਰਾਜੌਰੀ ਗਾਰਡਨ, ਘਰ ਵੱਲ ਜਾਣ ਲਈ ਜੈਨਰਲ ਸਟੋਰ ਬੱਸ ਸਟਾਪ ਤੇ ਉਤਰਿਆ, ਮੈਨੂੰ ਪਹਿਲੀ ਬੱਸ ਤੋਂ ਉਤਰੇ ਕੁਝ ਨਾਮਧਾਰੀ ਸਰੀਰ ਨਜ਼ਰੀਂ ਪਏ। ਇਹਨਾਂ 'ਚੋਂ ਪਰਮੁਖ ਸਨ : ਪੰਡਿਤ ਗੋਪਾਲ ਸਿੰਘ, ਸੰਤ ਹਜ਼ੂਰ ਸਿੰਘ ਚੰਦਰਹਾਸ, ਜਥੇਦਾਰ ਨਿਰੰਜਨ ਸਿੰਘ ਕੱਕੜ, ਜਥੇਦਾਰ ਦਲੀਪ ਸਿੰਘ ਸੰਤ ਨਗਰ, ਸੰਤ ਪਿਆਰਾ ਸਿੰਘ ਨਾਭ, ਸੰਤ ਮਹਿੰਦਰ ਸਿੰਘ ਹਲਦਵਾਨੀ ਆਦਿ। ਗਿਣਤੀ ਚੋਂ 20 ਜਣੇ। ਇਹਨਾਂ ਰਮੇਸ਼ ਨਗਰ ਦਸਮੇ ਜੀ ਦੀਦਾਰ ਕਰੇ। ਰਾਤ ਦਿੱਲੀ ਕੱਟ ਕੇ ਸਵੇਰੇ ਲਖਨਊ ਨੂੰ ਰੇਲ ਤੇ ਚੜ੍ਹਨਗੇ।



Sri Satguru Jagjit Singh Ji Elibrary NamdhariElibrary@gmail.com

ਇਸ ਜਥੇ ਵਿਚ ਬਹੁਤੇ ਜਣੇ ਜੀਵਨ ਨਗਰ ਦੇ ਹੀ ਸਨ। ਲਖਨਊ ਵਿਚ ਬਸੰਤ ਪੰਚਮੀ ਦਾ ਮਹਾਨ ਮੇਲਾ ਸੀ ਅਤੇ ਇਹਨਾਂ 'ਚੋਂ ਬਹੁਤੇ ਪ੍ਰਬੰਧਕ ਸਨ, ਦੀਵਾਨ, ਲੰਗਰ, ਹੱਟੀ ਆਦਿ ਦੀਆਂ ਜ਼ਿੰਮੇਵਾਰੀਆਂ ਨਜਿੱਠਣ ਵਾਲੇ।

ਸਤਿਗੁਰੂ ਜੀ ਬਾਰੇ ਮਾਲੂਮ ਹੋਇਆ ਕਿ ਆਪ ਜੀ ਅਤੇ ਨਾਲ ਦਾ ਜੱਥਾ 29 ਨੂੰ ਲੁਧਿਆਣਿਓਂ ਟਰੇਨ ਤੇ ਸ਼ਾਹਜਹਾਨਪੁਰ ਜਾਣਗੇ ਅਤੇ ਫਿਰ ਗੋਲਾ ਗੋਕਰਨ ਨਾਥ ਨਾਮਧਾਰੀ ਫਾਰਮ ਤੇ ਰਾਤ ਰਹਿ ਕੇ 31 ਜਨਵਰੀ ਤਕ ਲਖਨਊ ਪਧਾਰਨਗੇ।

ਇਸ ਵਰ੍ਹੇ ਸਤਿਗੁਰੂ ਪ੍ਰਤਾਪ ਸਿੰਘ ਛੇਵਾਂ ਸਿਮ੍ਰਤੀ ਸੰਗੀਤ ਸਮੇਲਨ ਲਖਨਊ ਹੋ ਰਿਹਾ ਹੈ, 2 ਤੋਂ 6 ਫਰਵਰੀ ਤਕ ਅਤੇ ਇਹਦਾ ਕੁਲ ਖਰਚਾ ਸਵਰਗਵਾਸੀ ਸੰਤ ਸੇਤਾ ਸਿੰਘ ਜੀ ਦੇ ਸਪੁੱਤਰ ਠੇਕੇਦਾਰ ਹਰਭਜਨ ਸਿੰਘ ਅਤੇ ਠੇਕੇਦਾਰ ਜੀ ਦੇ ਭਾਈ ਕਰ ਰਹੇ ਹਨ।

ਯੂ. ਪੀ. ਦੀ ਸਾਧ ਸੰਗਤ ਵਲੋਂ ਇਸ ਸਾਲ ਦਾ ਬਸੰਤ ਮੇਲਾ 31 ਜਨਵਰੀ ਅਤੇ 1 ਫਰਵਰੀ 1979 ਨੂੰ ਵੀ ਲਖਨਊ ਵਿਖੇ ਹੋ ਰਿਹਾ ਹੈ।

## ਸਤਿਗੁਰੂ ਪ੍ਰਤਾਪ ਸਿੰਘ ਛੇਵਾਂ ਸਿਮ੍ਰਤੀ ਸੰਗੀਤ ਸਮੇਲਨ
## 27 ਜਨਵਰੀ 1979, ਐਤਵਾਰ
## ਨਵੀਂ ਦਿੱਲੀ

### ਲਖਨਊ ਵੱਲ ਨੂੰ

ਅਜੇ ਸਵੇਰ ਦੇ 9 ਵੀ ਨਹੀਂ ਸਨ ਵੱਜੇ ਕਿ ਸ੍ਰੀ ਗੁਰਦੇਵ ਸਿੰਘ ਸਰੰਦ ਰਮੇਸ਼ ਨਗਰੋਂ ਮੇਰੇ ਘਰ ਆ ਗਿਆ। ਉਸ ਨੇ ਦੱਸਿਆ : ਇਸ ਵਾਰ ਬਹੁਤ ਸਾਰੇ ਸੱਜਣ ਤਾਂ ਲੁਧਿਆਣਿਓਂ ਹੀ ਸਿੱਧੇ ਲਖਨਊ ਲਈ ਗੱਡੀ ਫੜਨਗੇ। ਹਰਭਜਨ ਸਿੰਘ (ਸਿਤਾਰ) ਅਤੇ ਸੰਗੀਤ ਵਿਦਿਆਰਥੀ ਮੋਹਣ ਸਿੰਘ, ਸੁਖਦੇਵ ਸਿੰਘ ਆਦਿ ਵੀ ਲੁਧਿਆਣਿਓਂ ਹੀ ਜਾਣਗੇ। ਹਰਵਿੰਦਰ ਸਿੰਘ ਹੰਸਪਾਲ ਅਤੇ ਕੁਲਭਜਨ ਸਿੰਘ ਸਮੇਤ ਪਰਵਾਰ ਜਾ ਰਹੇ ਹਨ ਪਹਿਲੀ ਜਾਂ ਦੂਜੀ ਫਰਵਰੀ ਨੂੰ। ਇਕ ਜਥਾ ਲਖਨਊ ਨੂੰ ਚਲਾ ਵੀ ਗਿਆ ਹੈ। ਆਪਾਂ ਆਪਣਾ ਪ੍ਰਬੰਧ ਕਰੀਏ, ਟਿਕਟਾਂ ਬੁਕ ਕਰਾਈਏ। ਤੁਹਾਡਾ ਸਹਿਪਾਠੀ ਤੇ ਲੇਖਕ ਪ੍ਰੀਤਮ ਸਿੰਘ ਪੰਛੀ ਵੀ ਇਰਾਦਾ ਰਖਦਾ ਹੈ, ਉਸ ਦਾ ਇੰਤਜ਼ਾਮ ਵੀ ਕਰੀਏ।

ਅਤੇ ਅਸੀਂ ਦੋਵੇਂ ਬਰਸਾਤੀ ਦਿਨ ਵਿਚ ਭੱਜ ਨੱਠ ਕਰਦੇ ਸ਼ਾਮ ਤਕ ਗੋਮਤੀ ਐਕਸਪ੍ਰੈਸ, 29.1.79 ਤਾਰੀਖ ਦੀਆਂ ਟਿਕਟਾਂ ਬੁਕ ਕਰਵਾ ਕੇ ਰਮੇਸ਼ ਨਗਰ ਗੁਰਦੇਵ ਸਿੰਘ ਦੇ ਘਰ ਪੁੱਜੇ। ਸ. ਹਰਵਿੰਦਰ ਸਿੰਘ ਹੰਸਪਾਲ ਵੀ ਆ ਗਿਆ। ਅਤੇ ਮਹਾਰਾਜ ਜੀ ਦੀ ਛਪਣ ਵਾਲੀ ਪੁਸਤਕ ਦੀ ਚਰਚਾ ਹੁੰਦੀ ਰਹੀ।

ਲਖਨਊ ਸੰਗੀਤ ਸਮੇਲਨ ਦਾ ਪ੍ਰੋਗਰਾਮ ਕਾਰਡ ਸੁਹਣਾ ਬਣਿਆ ਹੈ ਅਤੇ ਨਾਮਧਾਰੀਆਂ ਬਾਰੇ ਜਾਣਕਾਰੀ ਵੀ ਅੱਛੀ ਦਿੱਤੀ ਗਈ ਹੈ।



Sri Satguru Jagjit Singh Ji Elibrary NamdhariElibrary@gmail.com

## ਛੇਵਾਂ ਸਿਮ੍ਰਤੀ ਸੰਗੀਤ ਸੰਮੇਲਨ, ਲਖਨਊ
## 29 ਜਨਵਰੀ 1979, ਸੋਮਵਾਰ
## ਨਵੀਂ ਦਿੱਲੀ—ਲਖਨਊ

ਸਾਰਾ ਦਿਨ ਲਖਨਊ ਜਾਣ ਦੀ ਤਿਆਰੀ ਵਿਚ ਬੀਤਿਆ। ਗੋਮਤੀ ਐਕਸਪ੍ਰੈਸ ਨੇ 4.10 ਵਜੇ ਦਿੱਲੀਓਂ ਪ੍ਰਸਥਾਨ ਕਰਨਾ ਸੀ। ਮੈਂ, ਗੁਰਦੇਵ ਸਿੰਘ ਅਤੇ ਸੁਰਜੀਤ ਸਿੰਘ (ਸਾਰੰਗੀ) ਰਮੇਸ਼ ਨਗਰੋਂ ਟੈਕਸੀ ਲੈ ਕੇ 3.30 ਤੇ ਨਵੀਂ ਦਿੱਲੀ ਸਟੇਸ਼ਨ ਲਈ ਚਲੇ। ਪ੍ਰੋ. ਪ੍ਰੀਤਮ ਸਿੰਘ ਪੰਛੀ ਵੀ ਪਲੇਟ ਫਾਰਮ ਤੇ ਉਪਸਥਿਤ ਸੀ।

ਚਾਹੀਦਾ ਤਾਂ ਇਹ ਸੀ ਕਿ ਗੋਮਤੀ ਐਕਸਪ੍ਰੈਸ 4.10 ਤੇ ਚਲ ਕੇ ਰਾਤ 11 ਵਜੇ ਤਕ ਲਖਨਊ ਪਹੁੰਚਦੀ ਪਰ ਇਹ ਤਾਂ ਮੁੱਢ ਤੋਂ ਹੀ ਇੰਜ ਚੱਲੀ ਕਿ ਲੇਟ ਪਹੁੰਚਣ ਦਾ ਅਨੁਮਾਨ ਹੋ ਗਿਆ। 12 ਵਜੇ ਅੱਧੀ ਰਾਤੀਂ ਲਖਨਊ ਸਟੇਸ਼ਨ ਤੇ ਪਹੁੰਚੇ। ਹਸਦੇ ਹਸਾਂਦਿਆਂ ਸਫ਼ਰ ਮੁਕਾ ਕੇ ਲਖਨਊ ਆਲਮ ਬਾਗ ਵਿਚ ਸ. ਹਰਭਜਨ ਸਿੰਘ ਠੇਕੇਦਾਰ ਦੇ ਘਰ ਜਾ ਅੱਪੜੇ।

ਦਰ ਖੜਕਾਇਆ। ਬੂਹਾ ਖੁਲ੍ਹਦਿਆਂ ਹੀ ਠੇਕੇਦਾਰ ਸਾਹਿਬ ਦੇ ਮਾਤਾ ਬੀਬੀ ਗੁਰਦਿਆਲ ਕੌਰ ਜੀ ਨਜ਼ਰ ਆਏ। ਸੁਆਗਤ ਕਰਦਿਆਂ ਉਹਨਾਂ ਨਵੀਂ ਉੱਸਰੀ ਉਪਰਲੀ ਮਨਜ਼ਲ ਵਿਚ ਸਾਨੂੰ ਬਿਸਰਾਮ ਉਤਾਰਾ ਦੇ ਦਿੱਤਾ। ਇਕ ਵਜੇ ਨੀਂਦ ਦੀ ਬੁੱਕਲ ਵਿਚ ਸਾਂ।

## 30 ਜਨਵਰੀ 1979, ਮੰਗਲਵਾਰ
## ਲਖਨਊ (ਯੂ. ਪੀ.)

ਅੰਮ੍ਰਿਤ ਵੇਲੇ ਤੋਂ ਜਥੇਦਾਰ ਦਲੀਪ ਸਿੰਘ ਸੰਤ ਨਗਰ ਦੇ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਕੀਤਾ ਹੋਇਆ ਸੀ। ਅਸੀਂ ਇਸ਼ਨਾਨ ਪਾਣੀ ਕਰਕੇ ਉਠੇ ਤਾਂ ਸੰਤ ਜੀਉਣ ਸਿੰਘ ਕਵੀਸ਼ਰ ਆਪਣੇ ਜਥੇ ਸੁਰਿੰਦਰ ਸਿੰਘ-ਹਰਦੇਵ ਸਿੰਘ ਨਾਲ ਗਲੀ ਵਿਚ ਫਿਰਦੇ ਨਜ਼ਰ ਪਏ। ਸੰਤ ਹਰਭਜਨ ਸਿੰਘ ਠੇਕੇਦਾਰ ਦੀ ਮਾਤਾ ਕਵੀਸ਼ਰ ਜੀ.ਦੀ ਮਾਸੀ ਦੀ ਧੀ ਭੈਣ ਹੈ। ਆਸਾ ਦੀ ਵਾਰ ਦੇ ਕੀਰਤਨ ਪਿਛੋਂ ਮਹੰਤ ਆਤਮਾ ਸਿੰਘ ਸਨਖਤਰਾ ਦੀ ਤਕਰੀਰ ਵੀ ਸੁਣਨ ਨੂੰ ਮਿਲੀ। ਪੰਡਿਤ ਗੋਪਾਲ ਸਿੰਘ ਅਤੇ ਇਨ੍ਹਾਂ ਨਾਲ ਆਇਆ ਜਥਾ ਵੀ ਬੜੀ ਰਸੌਲੀ ਵਿਚ ਸੀ। ਪੰਡਿਤ ਜੀ ਨੂੰ ਅੱਜਕਲ੍ਹ ਖੱਬੇ ਮੋਢੇ ਵਿਚ ਜੋੜ ਦੀ ਦਰਦ ਬੜਾ ਪਰੇਸ਼ਾਨ ਕਰ ਰਹੀ ਹੈ। ਕੱਲ੍ਹ ਅਤੇ ਅੱਜ ਦੇ ਟੀਕੇ ਨੇ ਕੁਝ ਫਰਕ ਪਾਇਆ ਹੈ।

10 ਕੁ ਵਜੇ ਸਾਨੂੰ ਸਹਿਯਾਤਰੀਆਂ ਨੂੰ ਬੜੀ ਉਮਦਾ ਜਗ੍ਹਾ ਰਿਹਾਇਸ਼ ਲਈ ਮਿਲ ਗਈ—ਸ. ਕੁਲਦੀਪ ਸਿੰਘ ਸਪੁੱਤਰ ਡਾ: ਕਪੂਰ ਸਿੰਘ ਕਾਨਪੁਰੀ ਦਾ ਮਕਾਨ। ਦੋ ਕਮਰੇ ਸਾਡੇ ਲਈ ਸਨ : ਇਕ ਦਫ਼ਤਰ, ਇਕ ਨਿਵਾਸ। ਟੈਲੀਫੋਨ ਦੀ ਵਰਤੋਂ ਅਤੇ ਖਾਣ ਪੀਣ ਦੀ ਚਿੰਤਾ ਨ ਹੋਵੇਗੀ। ਸ. ਕੁਲਦੀਪ ਸਿੰਘ ਦੇ ਘਰੋਂ ਬੀਬੀ ਰਵਪਾਲ ਕੌਰ, ਸੰਤ ਬਲਵੰਤ ਸਿੰਘ ਜੀ (ਸੰਤ ਭਰਾਵਾਂ 'ਚੋਂ ਵੱਡੇ) ਡਾਲਟਨ ਗੰਜ ਵਾਲਿਆਂ ਦੀ ਪੁੱਤਰੀ ਅਤੇ ਸੇਵਕ ਸੁਭਾਈ ਹੈ।



Sri Satguru Jagjit Singh Ji Elibrary NamdhariElibrary@gmail.com

## ਤਿਆਰੀ ਸੰਗੀਤ ਸਮੇਲਨ ਦੀ

ਉਪ੍ਰੋਕਤ ਘਰ ਸਮਾਨ ਰਖ ਰਖਾਅ, ਪ੍ਰਸ਼ਾਦ ਪਾਣੀ ਛਕ, ਸਾਡਾ ਗਰੁਪ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸਮੇਲਨ ਦੀਆਂ ਤਿਆਰੀਆਂ ਹਿਤ ਚੜ੍ਹਿਆ।

ਆਲ ਇੰਡੀਆ ਰੇਡੀਓ, ਲਖਨਊ, ਦੀ ਮਿਊਜ਼ਿਕ ਡਾਇਰੈਕਟਰ ਬੀਬੀ ਸੁਸ਼ੀਲਾ ਮਿਸ਼ਰਾ ਨੂੰ ਮਿਲੇ। ਉਸ ਨੂੰ ਗੁਰਦੇਵ ਸਿੰਘ ਸਰੋਦ ਨੇ ਫ਼ੋਨ ਕਰ ਰਖਿਆ ਸੀ ਕਿ ਉਹ ਅੰਗਰੇਜ਼ੀ ਪੇਪਰ 'ਪਾਇਓਨੀਅਰ' ਦੇ ਮੁਖੀ ਮਿ: ਘੋਸ਼ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਅਤੇ ਸ਼ਾਸਤਰੀ ਸੰਗੀਤ ਸਮੇਲਨ ਬਾਰੇ ਲੇਖ ਲਵਾਣ ਲਈ ਪੱਤਰ ਲਿਖੇ। ਬੀਬੀ ਸੁਸ਼ੀਲਾ ਮਿਸ਼ਰਾ ਨੇ ਹੀ ਗੁਰਦੇਵ ਸਿੰਘ ਦੇ ਦੱਸਣ ਅਤੇ ਕਹਿਣ ਤੇ ਕੁਝ ਪਰਚੂਨ ਸਮੱਗਰੀ ਲੈ ਲਖਨਊ ਦੇ ਲੋਕਾਂ ਅਤੇ ਪ੍ਰਾਂਤ ਦੇ ਅਖ਼ਬਾਰ ਪ੍ਰੇਮੀਆਂ ਲਈ ਲੇਖ ਲਿਖਿਆ ਸੀ। ਫਰ ਕਾਪੀ ਵੇਖਣ ਤੋਂ ਇਕ ਦੋ ਸੋਧਾਂ ਵੀ ਕੀਤੀਆਂ। ਬੀਬੀ ਨੇ ਸ਼ਾਨਦਾਰ ਇੰਗਲਿਸ਼ ਵਿਚ ਲੇਖ ਤਿਆਰ ਕੀਤਾ। ਫਿਰ ਇਕ ਸੱਜਣ ਆ ਗਏ, ਪ੍ਰਹਿਲਾਦ ਨਾਰਾਇਣ ਮਿਸ਼ਰਾ, ਯੂ. ਪੀ. ਕਨਜ਼ਿਊਮਰ ਗੁਡਜ਼ ਕੋ-ਆਪ. ਦੇ ਸੇਲਜ਼ ਮੈਨੇਜਰ, ਜਿਹਨਾਂ ਆਪਣੇ ਦਫ਼ਤਰ 'ਚੋਂ ਟਾਈਪ ਕਰਵਾ ਕੇ 4 ਕਾਪੀਆਂ ਸਾਡੇ ਹੱਥ ਫੜਾਈਆਂ। ਫੇਰ ਅਸੀਂ ਟੈਕਸੀ ਕਰ ਕੇ ਰੇਡੀਓ ਡਾਇਰੈਕਟਰ ਸ੍ਰੀ ਕੇ. ਕੇ. ਮਾਥੁਰ ਪਾਸ ਗਏ। ਖੁਲ੍ਹਾ ਖੁਲ੍ਹਾ ਉਹਦਾ ਦਫ਼ਤਰ, ਮੋਹਕ ਮਿਲਵਰਤਣ ਅਤੇ ਪੰਜਾਬੀ ਵਿਚ ਬੋਲ ਚਾਲ। ਮੁਆਫ਼ਕ ਵਿਚ ਸਤਿ ਸ੍ਰੀ ਅਕਾਲ।

ਮਿ: ਮਾਥੁਰ ਨੇ ਏਨੇ ਵਿਸ਼ਾਲ ਸੰਗੀਤ ਸਮੇਲਨ ਦੇ ਫ਼ੀਸ-ਫ੍ਰੀ ਹੋਣ ਤੇ ਹੈਰਾਨੀ ਪਰਗਟ ਕੀਤੀ ਅਤੇ ਵਡਿਆਈ ਕੀ। ਅਸਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਪ੍ਰੇਮ ਅਤੇ ਲਖਨਊ ਦੇ ਨਾਮਧਾਰੀਆਂ ਦੀ ਸੇਵਾ ਭਾਵਨਾ ਅਤੇ ਦੇਸ਼ ਭਗਤੀ ਭਰੇ ਵਿਚਾਰਾਂ ਦੀ ਚਰਚਾ ਕੀਤੀ। ਮਿ: ਮਾਥੁਰ ਨੇ ਭਰਪੂਰ ਸਹਿਯੋਗ ਦਾ ਵਚਨ ਦਿੱਤਿਆਂ ਸਾਡੇ ਲਖਨਊ ਵਿਚ ਇਸ ਮਹਾਨ ਸੰਗੀਤ ਸਮੇਲਨ ਦੇ ਕਰਨ ਤੇ ਭਰਪੂਰ ਖ਼ੁਸ਼ੀ ਪਰਗਟ ਕੀਤੀ।

ਸੁਸ਼ੀਲਾ ਮਿਸ਼ਰਾ ਦਾ ਲੇਖ 'ਦੀ ਪਾਇਓਨੀਅਰ' ਵਾਲਿਆਂ ਨੂੰ ਸ੍ਰੀ ਸਤਿਗੁਰੂ ਜੀ ਦੀ ਫੋਟੋ ਨਾਲ ਦਿਤਾ ਅਤੇ 360/- ਦੇ ਕੇ ਪਹਿਲੀ ਫ਼ਰਵਰੀ ਨੂੰ ਤੀਸਰੇ ਪੇਜ ਤੇ ਇਸ਼ਤਿਹਾਰ ਛਪਵਾਣ ਲਈ ਵੀ ਪੱਕੀ ਕਰ ਆਏ। ਅਸੀਂ ਬੀਬੀ ਮਿਸ਼ਰਾ ਦੇ ਘਰ ਦੇਖ ਗਏ। ਵਿਸ਼ਾਲ, ਸਾਫ਼ ਸੁਥਰੀ ਅਤੇ ਆਰਟਿਸਟਿਕ ਦੇਖ ਦਿੰਦੀ ਉਹਦੀ ਕੋਠੀ ਇਸ ਗਲੋਂ ਉਦਾਸ ਉਦਾਸ ਸੀ ਕਿ ਉਸ ਦਾ ਮਾਲਿਕ, ਸੁਸ਼ੀਲਾ-ਪਤੀ ਮਿਸ਼ਰਾ 3-4 ਸਾਲ ਪਹਿਲਾਂ ਦਾ ਗੁਜ਼ਰ ਚੁਕਾ ਸੀ ਪਰ ਬੀਬੀ ਨੇ ਸਾਨੂੰ ਸੇਵਾ ਅਤੇ ਸਹਿਯੋਗ ਦੇ ਕੇ ਸੰਗੀਤ ਸਮੇਲਨ ਦੀ ਤਿਆਰੀ ਵਿਚ ਮੁਖ ਸਹਾਇਕ ਦੀ ਭੂਮਿਕਾ ਨਿਭਾਈ।

ਏਥੋਂ ਅਸੀਂ ਬੀਬੀ ਸ਼ਿਵਾਨੀ ਨੂੰ ਮਿਲਣ ਗਏ, ਗੁਲਿਸਤਾਂ ਦੇ 66 ਨੰ: ਕੁਆਰਟਰ ਵਿੱਚ। ਇਹ ਵੀ ਵੱਡੀ ਉਮਰ ਦੀ ਗੋਰੀ ਨਛੋਹ ਵਿਧਵਾ ਇਸਤਰੀ ਹੈ ਜਿਹੜੀ ਸੰਗੀਤ ਉਤੇ ਬਹੁਤ ਵਧੀਆ ਲਿਖ ਸਕਦੀ ਹੈ। ਇਸ ਨੂੰ ਟਾਈਪ ਕੀਤਾ ਇੰਗਲਿਸ਼ ਮੈਟਰ ਦਿਤਾ ਅਤੇ ਆਖਿਆ ਕਿ ਇਹ ਹਿੰਦੀ ਵਿਚ ਕੁਝ ਪਹਿਲਾਂ ਵੀ ਲਿਖੇ ਤੇ ਛਪਵਾਏ।



Sri Satguru Jagjit Singh Ji Elibrary NamdhariElibrary@gmail.com

ਅਤੇ ਸੰਗੀਤ ਸਮੇਲਨ ਬਾਰੇ ਅਖ਼ਬਾਰਾਂ ਵਿਚ ਹੋਣ ਤੋਂ ਬਿਨਾ, ਰੋਜ਼ਾਨਾ ਸੁਣਨ ਵੀ ਆਵੇ। ਉਹਦੀ ਮੰਗ ਸੀ : ਕੋਈ ਆ ਕੇ ਲੈ ਜਾਵੇ ਤੇ ਛਡ ਜਾਵੇ, ਮੈਂ ਇਕੱਲੀ ਹਾਂ। ਇਹ ਵੀ ਸੰਗੀਤ ਸਮੇਲਨ ਦੇ ਫ੍ਰੀ ਹੋਣ ਤੇ ਹੈਰਾਨ ਸੀ ਤੇ ਲਖਨਊ ਵਿਚ ਕਰਨ ਕਰਕੇ ਪ੍ਰਸੰਨ ਵੀ। ਬੀਬੀ ਸ਼ਿਵਾਨੀ ਹਿੰਦੀ ਵਿਚ ਬਹੁਤ ਪ੍ਰਸਿੱਧ ਅਤੇ ਉੱਤਮ ਨਾਵਲਿਸਟ ਹੈ। 'ਸੁਤੰਤਰ ਭਾਰਤ' ਦੀ ਸਤੰਭ ਲੇਖਿਕਾ ਹੈ।

ਅਸਾਂ ਐਨ ਸਮੇਲਨ ਦੇ ਆਯੋਜਨ ਲਈ, ਬੱਚਿਆਂ ਦੇ ਕਿਸੇ ਪ੍ਰੋਗਰਾਮ ਸਮੇਂ 'ਰਵਿੰਦ੍ਰਾਲਿਆ' ਵੀ ਵੇਖਿਆ। ਵਧੀਆ ਆਰਕੀਟੈਕਚਰ, ਸੁੰਦਰ ਦਿੱਖ।

ਅਤੇ ਫਿਰ ਅਸੀਂ ਲਖਨਊ ਰੇਲਵੇ ਸਟੇਸ਼ਨ ਦੇ ਸਹਾਇਕ ਸਟੇਸ਼ਨ ਮਾਸਟਰ ਆਰ. ਸੀ. ਜਾਇਸਵਾਲ ਨੂੰ ਜਾ ਮਿਲੇ ਜਦੋਂ ਕਿ ਸਹਾਇਕ ਸਟੇਸ਼ਨ ਮਾਸਟਰ ਕੇ. ਪੀ. ਸਕਸੈਨਾ ਨੂੰ ਮਿਲਣਾ ਸੀ, ਪਰ ਇਸ ਸੱਜਣ ਦੀ ਡਿਊਟੀ ਸਵੇਰ ਦੀ ਹੈ। ਮਿ: ਜਾਇਸਵਾਲ ਤੋਂ ਸੰਗੀਤ ਕਲਾਕਾਰਾਂ ਦੀ ਵਾਪਸੀ ਲਈ ਰੇਲਵੇ ਬਰਥਾਂ ਦੀ ਰੀਜ਼ਰ-ਵੇਸ਼ਨ ਮੰਗੀ ਜੋ ਬਖ਼ੁਸ਼ੀ ਪਰਵਾਨ ਕੀਤੀ ਗਈ। ਪਰ ਸਾਡੇ ਪੰਛੀ ਦਾ ਮਨ ਸਕਸੈਨਾ ਲਈ ਲੋਚਦਾ ਸੀ। ਸਕਸੈਨਾ ਹਿੰਦੀ ਵਿਚ ਪ੍ਰਸਿਧ ਹਾਸ ਵਿਅੰਗ ਲੇਖਕ ਹੈ ਜਿਸ ਦਾ ਲਖਨਵੀ ਅੰਦਾਜ਼ ਬੜਾ ਆਕਰਸ਼ਕ ਹੈ। ਇਸ ਨੂੰ ਕੱਲ੍ਹ ਸਵੇਰੇ ਮਿਲਣ ਦੀ ਕੋਸ਼ਿਸ਼ ਕਰਾਂਗੇ।

ਸ੍ਰੀ ਕੁਲਦੇਵ ਸਿੰਘ ਸਰੋਦ ਇਸ ਸੰਗੀਤ ਸਮੇਲਨ ਦਾ ਮੁਖ ਸੰਬੰਧਕ ਹੈ। ਇਸ ਦੀ ਯੋਗਤਾ ਇਸ ਕਾਰਜ ਲਈ ਸਲਾਹੁਣਯੋਗ ਹੈ। ਮਿਲਣੀਆਂ ਗਿਲਣੀਆਂ ਕਰਨੀਆਂ ਅਤੇ ਉਨ੍ਹਾਂ ਤੋਂ ਆਪਣਾ ਮਤਲਬ ਕਿਵੇਂ ਸਾਧਣਾ ਹੈ, ਇਸ ਨੂੰ ਆਉਂਦਾ ਹੈ।

7 ਵਜੇ ਟੈਕਸੀ ਛਡ ਵਾਪਸ ਕਰਨੀ ਸੀ ਪਰ ਜਾਂਦੇ-ਜਾਂਦੇ ਸ. ਨਰਿੰਦਰ ਸਿੰਘ ਦੇ 'ਪ੍ਰਕਾਸ਼ ਪ੍ਰੈਸ' ਵਿਚ ਵੀ ਬੀਬੀ ਸੁਸ਼ੀਲਾ ਮਿਸ਼ਰਾ ਦੇ ਲੇਖ ਦੀਆਂ ਟਾਈਪ ਕੀਤੀਆਂ 3 ਕਾਪੀਆਂ ਦੇ ਆਏ ਤਾਕਿ ਪਹਿਲੀ ਫ਼ਰਵਰੀ ਦੀ ਰਾਤ ਨੂੰ 6 ਵਜੇ ਦਾ ਇਕ ਫੋਲਡਰ 2000 ਦੀ ਗਿਣਤੀ ਵਿਚ ਮਿਲ ਸਕੇ।

## ਠੇਕੇਦਾਰ ਸੰਤ ਦੇ ਘਰ

ਅਜਿਹਾ ਕਰਦਿਆਂ ਜਦੋਂ ਇਸ ਸਮੇਲਨ ਦੇ ਮੁਖ ਆਯੋਜਕ ਸੰਤ ਸਰਦਾਰ ਹਰਭਜਨ ਸਿੰਘ ਠੇਕੇਦਾਰ ਦੇ ਘਰ ਪਹੁੰਚੇ ਤਾਂ ਏਥੇ ਨਾਮਧਾਰੀ ਧਰਮਸਾਲਾ ਲਖਨਊ ਦੇ ਸਾਬਕਾ ਮਹੰਤ ਅਤਰ ਸਿੰਘ ਜੀ ਨੂੰ ਮਿਲੇ। ਇਹਨਾਂ ਨਾਮਧਾਰੀ ਧਰਮਸਾਲਾ ਦਾ ਪ੍ਰਬੰਧ ਕਈ ਵਰ੍ਹੇ ਬੜੀ ਜੁਗਤ ਨਾਲ ਚਲਾਇਆ ਸੀ। ਇਹਨਾਂ ਮਹੰਤ ਜੀ ਦੀ ਸਪੁੱਤਰੀ ਬੀਬੀ ਕ੍ਰਿਪਿੰਦਰ ਕੌਰ ਠੇਕੇਦਾਰ ਹਰਭਜਨ ਸਿੰਘ ਹੁਰਾਂ ਦੀ ਪਤਨੀ ਹੈ।

ਘਰ ਵਿਚ ਹੀ ਸਾਧ ਸੰਗਤ ਦੇ ਲੰਗਰ ਦਾ ਇੰਤਜ਼ਾਮ ਸੀ। ਸੰਤ ਮਹਿੰਦਰ ਸਿੰਘ ਦਮਦਮਾ ਨਾਲ ਹੋਰ ਬਾਂਗਰੀ ਸੰਤ ਨਗਰ ਦੇ ਸੰਤ ਗੁਰਬਚਨ ਸਿੰਘ ਮੱਠਾ, ਸੰਤ ਨਿਸ਼ਾਨ ਸਿੰਘ, ਸੰਤ ਧਾਨਾ ਸਿੰਘ ਅਤੇ ਸੰਤ ਗੁਰਨਾਮ ਸਿੰਘ ਸਨ।

ਜਥੇਦਾਰ ਨਿਰੰਜਨ ਸਿੰਘ ਕੱਕੜ ਨਾਲ ਉਸ ਦੇ ਸਹਾਇਕ ਸੰਤ ਗੁਰਬਖ਼ਸ਼ ਸਿੰਘ



Sri Satguru Jagjit Singh Ji Elibrary NamdhariElibrary@gmail.com

ਅਤੇ ਸੰਤ ਗੁਰਨਾਮ ਸਿੰਘ ਸਨ। ਫਿਰ ਸੰਤ ਗਿਆਨ ਸਿੰਘ-ਦਾਨ ਸਿੰਘ ਦਾ ਪਤਾ ਲੱਗਾ। ਇਹ ਵੀ ਬਸੰਤ ਪਰਬ ਲਈ ਆਏ ਸਨ। ਸੂਬਾ ਮੇਲਾ ਸਿੰਘ ਜੀ ਰਛੀਨ, ਸੂਬਾ ਸੇਵਾ ਸਿੰਘ ਜੀ ਜਗਾਧਰੀ ਅਤੇ ਸੰਤ ਦਲੀਪ ਸਿੰਘ ਜਮਨਾ ਨਗਰ ਵੀ ਬਸੰਤ ਮੇਲੇ ਵਿਚ ਦੀਵਾਨ ਲਗਾਣਗੇ ਅਤੇ ਸੰਗੀਤ ਸਮੇਲਨ ਦਾ ਲਾਭ ਲੈਣਗੇ।

ਜਾਂ ਮੈਂ ਠੇਕੇਦਾਰ ਹਰਭਜਨ ਸਿੰਘ ਹੁਰਾਂ ਨੂੰ ਇਹ ਪੁੱਛਿਆ ਕਿ ਮੇਲੇ ਅਤੇ ਸੰਗੀਤ ਸੰਮੇਲਨ ਦਾ ਖ਼ਰਚਾ ਕੌਣ ਕਰ ਰਿਹਾ ਹੈ, ਤਾਂ ਉਹ ਤਾਂ ਨਮਰਤਾ ਵੱਸ ਸੰਕੋਚ ਹੀ ਕਰ ਰਹੇ ਸਨ, ਪਰ ਪੰ: ਗੋਪਾਲ ਸਿੰਘ, ਜੋ ਉਸੇ ਘੜੀ ਸਾਡੇ ਦਰਮਿਆਨ ਆਏ ਸਨ, ਨੇ ਦੱਸਿਆ: ਖ਼ਰਚ ਤਾਂ ਦੋਹਾਂ ਆਯੋਜਨਾਂ ਦਾ ਸੰਤ ਹਰਭਜਨ ਸਿੰਘ ਹੁਰਾਂ ਵਲੋਂ ਹੀ ਹੋ ਰਿਹਾ ਹੈ ਪਰ ਸਹਿਯੋਗ ਸਾਰੀ ਨਾਮਧਾਰੀ ਸੰਗਤ ਦੇ ਰਹੀ ਹੈ। ਪੰਡਿਤ ਜੀ ਨਾਲ ਜਥੇ ਵਿਚ ਸੰਤ ਗੁਰਬਖ਼ਸ਼ ਸਿੰਘ ਹਰਸੇ, ਸੰਤ ਗੁਰਮੁਖ ਸਿੰਘ ਖਾਰਾ ਆਦਿ ਹੋਰ ਵੀ ਆਏ ਸਨ।

ਬੀਬੀ ਗੁਰਦਿਆਲ ਕੌਰ ਸੁਪਤਨੀ ਸਵ: ਸੰਤ ਸੋਤਾ ਸਿੰਘ ਨੇ ਦੱਸਿਆ: ਅਸੀਂ 40 ਸਾਲਾਂ ਤੋਂ ਲਖਨਊ ਦੇ ਵਸਨੀਕ ਹਾਂ। ਜਦੋਂ ਮੇਰਾ ਵਿਆਹ ਹੋਇਆ, ਮੈਂ 12 ਸਾਲ ਦੀ ਸਾਂ। ਇਸ ਵੇਲੇ ਮੇਰੇ ਤਿੰਨ ਪੁੱਤਰ ਹਨ, ਹਰਭਜਨ ਸਿੰਘ, ਹਰਦੀਪ ਸਿੰਘ ਅਤੇ ਹਰਮੀਤ ਸਿੰਘ। ਪੁੱਤਰੀਆਂ ਤਿੰਨ ਹਨ, ਮਨਜੀਤ, ਸੁਰਿੰਦਰ ਅਤੇ ਨਰਿੰਦਰ। ਮੇਰੇ ਪਤੀ ਜੀ 65 ਸਾਲ ਦੀ ਉਮਰੇ ਪੂਰੇ ਹੋ ਗਏ। ਅਸਾਂ ਚਾਲੀ ਸਾਲ ਵਿਵਾਹਤ ਜੀਵਨ ਬਤੀਤ ਕੀਤਾ। ਸਾਡਾ ਅਨੰਦ ਕਾਰਜ ਭੈਣੀ ਸਾਹਿਬ ਹੋਇਆ ਸੀ।

ਅੱਜ ਰਾਤੀਂ ਪੰ: ਗੋਪਾਲ ਸਿੰਘ ਜੀ ਨੇ ਇਕ ਮੰਦਰ ਵਿਚ ਹੋਲੇ ਦਾ ਦੀਵਾਨ ਸਜਾਇਆ।

## 31 ਜਨਵਰੀ 1979, ਬੁੱਧਵਾਰ
## ਲਖਨਊ (ਯੂ. ਪੀ.)

### ਲਖਨਊ

ਅਵਧ ਦੇ ਨਵਾਬਾਂ ਦੀ ਰਾਜਧਾਨੀ। ਚੌੜੀਆਂ ਸੜਕਾਂ ਦਾ ਆਲਾ-ਦੁਆਲਾ ਸੁੰਦਰ। ਸੜਕਾਂ ਚੰਗੀਆਂ ਅਤੇ ਸੁਥਰੀਆਂ। ਇਹਨਾਂ ਦੇ ਨਾਲ ਲਗਦੇ ਮਕਾਨ, ਭਵਨ ਸੁਹਣੇ। ਵਿਧਾਨ ਸਭਾ ਭਵਨ ਵਿਸ਼ਾਲ। ਮੇਨ ਸੜਕਾਂ ਤੋਂ ਹਟਵੇਂ ਮਕਾਨ ਜਾਂ ਬਿਲਡਿੰਗਾਂ ਕੋਈ ਢਹਿਰੀਆਂ ਨਹੀਂ। ਲੋਕ ਦਰਮਿਆਨੀ ਆਰਥਕਤਾ ਦੇ। ਸੜਕਾਂ ਉੱਤੇ ਰਿਕਸ਼ੇ ਅਤੇ ਟੈਂਪੂ ਆਮ ਪਰ ਕਾਰਾਂ ਘੱਟ। ਤਾਂ ਵੀ ਮੁਖ ਸੜਕਾਂ ਤੇ ਨਜ਼ਰ ਪੈਂਦੇ ਲੋਕ ਅਣਵੱਥ ਨਹੀਂ।

ਆਲਮ ਬਾਗ਼ ਵਿਖੇ ਹੀ ਸੰਤ ਗਿਆਨ ਸਿੰਘ, ਦਾਨ ਸਿੰਘ ਅਤੇ ਸੰਤ ਦਲੀਪ ਸਿੰਘ ਦੇ ਜਥਿਆਂ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਜਿਸ ਦੀ ਸਮਾਪਤੀ 7.30 ਤੇ ਹੋਈ। ਮੰਚ ਸਕੱਤਰ ਸੰਤ ਆਤਮਾ ਸਿੰਘ ਸਨਖਤਰਾ ਸੰਪਾਦਕ 'ਸਤਿਜੁਗ' ਨੇ ਪ੍ਰੋਗਰਾਮ ਦੱਸਿਆ: ਜਥੇਦਾਰ ਸੇਵਾ ਸਿੰਘ ਜਗਾਧਰੀ ਅਤੇ ਜਥੇਦਾਰ ਦਲੀਪ ਸਿੰਘ



Sri Satguru Jagjit Singh Ji Elibrary NamdhariElibrary@gmail.com

ਦੇ ਅੱਜ ਦੀਵਾਨ ਲੱਗਣਗੇ । ਸਤਿਗੁਰੂ ਜੀ 10 ਵਜੇ ਤਕ ਲਖਨਊ ਵਿਖੇ ਦਰਸ਼ਨ ਦੇਣਗੇ ।

ਦੀਵਾਨ ਸਥਾਨ 120'×150' ਦਾ ਵਡੇ ਰਥਵੇਂ ਪਿੰਡਾਲ ਵਿਚ ਸੁਨਿਸਚਿਤ ਹੈ । ਇਸ ਦਾ ਸੁਆਗਤ ਦੁਆਰ ਆਕਰਸ਼ਕ ਅਤੇ ਚਮਚਮਾਂਦਾ ਹੈ । ਇਹ ਆਰਾਮ ਬਾਗ਼ ਦੇ ਬਾਹਿਰ ਚਰਗੇਤ ਸਟੇਸ਼ਨ ਅਤੇ ਬਾਰਾਂਦਰੀ ਦੇ ਨਜ਼ਦੀਕ ਹੈ ।

## ਆਓ–ਆਦੀ ਅਤੇ ਸੁਆਗਤ

9.30 ਵਜੇ ਤਕ ਗੋਲਾ ਗੋਕਰਨ ਨਾਥ (ਯੂ.ਪੀ.) ਨਾਮਧਾਰੀ ਫਾਰਮ ਤੋਂ ਸੰਗਤ ਦੀ ਪਹਿਲੀ ਕਿਸ਼ਤ ਆਈ । ਸ੍ਰੀ ਸਤਿਗੁਰੂ ਜੀ ਦੇ ਲਾਂਗਰੀ, ਹੋਰ ਸਿੰਘ ਅਤੇ ਕੁਝ ਸਿੰਘ ਦਿੱਲੀਓਂ ਵੀ । ਰਾਤ ਹੀ, ਡਾਲਟਨ ਗੰਜ (ਬਿਹਾਰ) ਤੇ ਕਾਨਪੁਰ ਤੋਂ ਵੀ ਕਾਫ਼ੀ ਸੰਗਤ ਪਹੁੰਚ ਗਈ ਹੈ ਅਤੇ ਇਸ ਸਮੇਂ ਸਾਰੀ ਸੰਗਤ ਸਤਿਗੁਰੂ ਜੀ ਦੀ ਇੰਤਜ਼ਾਰ ਵਿਚ ਹੈ । ਸੰਤ ਹਰਭਜਨ ਸਿੰਘ ਠੇਕੇਦਾਰ ਨੇ ਬਹੁਤ ਸਾਰੇ ਫੁੱਲ-ਹਾਰ ਮੰਗਵਾ ਕੇ, ਸੰਗਤਾਂ ਦੇ ਮੁਖੀਆਂ ਦੇ ਹੱਥ ਫੜਾਏ ਹੋਏ ਹਨ । ਸਭ ਸੱਜਣ ਦੋਵੱਲੀ ਕਤਾਰਾਂ ਬੰਨ੍ਹ ਕੇ ਸਤਿਗੁਰੂ ਜੀ ਦੀ ਆਮਦ ਵਾਲੇ ਪਾਸੇ ਅੱਖੀਆਂ ਗੱਡੀ ਤਕ ਰਹੇ ਹਨ । ਡਾਲਟਨ ਗੰਜ, ਕਾਨਪੁਰ, ਬਨਾਰਸ, ਗਵਾਲੀਅਰ (ਮੱਧ ਭਾਰਤ) ਅਤੇ ਮੰਡੀ (ਹਿਮਾਚਲ ਪ੍ਰਦੇਸ਼) ਦੇ ਵਿਸ਼ੇਸ਼ ਸਿੰਘ ਉਡੀਕ ਵਿਚ ਸਮਿੰਮਰ ਸ਼ਾਮਲ ਹਨ । ਯੂ.ਪੀ. ਦੇ ਪਿੰਡਾਂ ਵਿਚੋਂ ਬਹੁਤ ਸਾਰੀਆਂ ਨਾਮਧਾਰੀ ਇਸਤਰੀਆਂ ਵੀ ਇਸ ਮਹਿੰਗੀ ਝਲਕ ਦੀਆਂ ਮੁਤਲਾਸ਼ੀ ਹਨ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਰਸਡੀ ਕਾਰ ਆਲਮ ਬਾਗ਼ ਦੇ ਅੰਦਰ ਨਗਰ ਦੇ ਪੁਰਾਣੇ ਗੇਟ ਵਿਚ ਦੀ ਲੰਘ ਸਾਹਮਣੇ ਆਉਂਦੀ ਦਿੱਸੀ ਤਾਂ ਬਿਜਲੀ ਦੀ ਤੇਜ਼ੀ ਨਾਲ ਖ਼ੁਸ਼ੀ ਦੀ ਇਕ ਲਹਿਰ ਸਭ ਹਿਰਦਿਆਂ ਵਿਚ ਮਚਲ ਉਠੀ । ਆਸਮਾਨ ਗੁੰਜਾਊ ਜੈਕਾਰਿਆਂ ਨਾਲ ਆਪ ਜੀ ਦਾ ਪ੍ਰਥਮ ਸੁਆਗਤ ਹੋਇਆ । ਮੁਸਕਰਾਂਦੇ-ਮੁਸਕਰਾਂਦੇ ਖੱਦਰ ਬਸਤਰਧਾਰੀ ਸਤਿਗੁਰੂ ਜੀ ਗੱਡੀ ਵਿਚੋਂ ਨਿਕਲੇ ਤਾਂ ਸਭ ਤੋਂ ਪਹਿਲਾਂ ਸ. ਹਰਭਜਨ ਸਿੰਘ ਠੇਕੇਦਾਰ ਨੇ ਹਜ਼ੂਰ ਦੇ ਗਲੇ ਊੱਨ ਦੀ ਅਣੋਖੀ ਮਾਲਾ ਪਹਿਨਾਅ ਕੇ ਸੁਆਗਤ ਕੀਤਾ । ਫਿਰ ਹਾਰਾਂ ਵਾਲਿਆਂ ਦੀ ਵਾਰੀ ਆ ਗਈ । ਸਤਿਗੁਰੂ ਜੀ ਦਾ ਹਾਰਾਂ ਨਾਲ ਚਿਹਰਾ ਲੁਕ ਹੀ ਚੱਲਿਆ ਤਾਂ ਆਪ ਜੀ ਨੇ ਹੱਸਦੇ ਹੱਸਦੇ ਕਿਹਾ : ਹਰਭਜਨ ਸਿੰਘ ਨੇ ਮੇਰੀ ਗੱਲ ਮੰਨੀ ਹੈ, ਹੁਣ ਮੈਂ ਉਸ ਤੋਂ ਪੁਛ ਕੇ ਹੀ ਗਲੋਂ ਹਾਰ ਲਾਹਵਾਂਗਾ । ਅਤੇ ਫੇਰ ਕੁਝ ਹਾਰ ਲਾਹ ਕੇ ਨਾਲ ਦੇ ਸੇਵਕ ਨੂੰ ਫੜਾ ਦਿਤੇ । ਮੈਨੂੰ ਫੋਟੋ ਲੈਣ ਦਾ ਅਵਸਰ ਮਿਲ ਗਿਆ ।

## ਠੇਕੇਦਾਰ ਦੇ ਘਰ

ਨਮਸਕਾਰਾਂ ਅਭਿਵਾਦਨਾਂ ਦਾ ਉੱਤਰ ਦਿੰਦਿਆਂ, ਸ੍ਰੀ ਸਤਿਗੁਰੂ ਜੀ ਠੇਕੇਦਾਰ ਜੀ ਦੇ ਮਕਾਨ ਦੀ ਉਪਰਲੀ ਛੱਤੇ, ਵਿਛੀਆਂ ਹੋਈਆਂ ਦਰੀਆਂ ਗਲੀਚਿਆਂ ਉਤੇ ਆਪਣੇ ਲਈ ਤਿਆਰ ਆਸਣ ਉਤੇ ਬਿਰਾਜਮਾਨ ਹੋਏ । ਹਲਕੀ ਹਲਕੀ ਧੁੱਪ ਸੁਖ ਦੇ ਰਹੀ ਸੀ । ਇਸ ਅਵਸਰ ਤੇ ਸੂਬਾ ਮਹਿੰਦਰ ਸਿੰਘ ਜੀ ਅਤੇ ਲੇਖਕ ਸੰਤ ਮੋਹਰ ਸਿੰਘ

Sri Satguru Jagjit Singh Ji Elibrary NamdhariElibrary@gmail.com

ਕਾਨਪੁਰ, ਸੰਤ ਬਲਵੰਤ ਸਿੰਘ ਭਾਟਣ ਗੰਜ, ਸ. ਹਰਭਜਨ ਸਿੰਘ ਆਦਿ ਵਿਸ਼ੇਸ਼ ਆਪ ਜੀ ਦੇ ਪਾਸ ਬੈਠ ਗਏ। ਪਰ ਮੈਂ, ਗੁਰਦੇਵ ਸਿੰਘ ਅਤੇ ਸ੍ਰੀ ਪੰਛੀ ਆਗਿਆ ਲੈ ਕੇ ਸੰਗੀਤ ਸਮੇਲਨ ਦੇ ਪ੍ਰਬੰਧ ਬਾਰੇ ਚਲ ਪਏ। ਸੰਧੀਆਂ ਦਾ ਲੰਗਰ ਠੇਕੇਦਾਰ ਜੀ ਦੇ ਵਿਹੜੇ ਵਿਚ ਚਲ ਰਿਹਾ ਹੈ, ਆਮ ਸੰਗਤ ਲਈ ਵੱਖਰੀ ਜਗਹ ਤੇ ਖੁਲ੍ਹੇ ਲੰਗਰ ਦਾ ਪ੍ਰਬੰਧ ਹੈ।

ਸੰਤ ਮਹਿੰਦਰ ਸਿੰਘ ਪੂਰਬਾ ਨੇ ਦੱਸਿਆ ਕਿ ਸਤਿਗੁਰੂ ਜੀ ਕੱਲ੍ਹ ਹੀ ਭੈਣੀ ਅਤੇ ਨਾਮਧਾਰੀ ਫਾਰਮ ਤੋਂ ਪੁਜੇ ਸਨ। ਅੱਜ ਆਪ ਜੀ ਦੀ ਸੇਵਾ ਵਿਚ ਸ੍ਰੀ ਮਾਤਾ ਚੰਦ ਕੌਰ ਜੀ, ਠਾਕੁਰ ਉਦੇ ਸਿੰਘ ਜੀ ਤੇ ਪੂਰਬਾ ਆਪ ਦੇ ਨਾਲ ਆਏ ਹਨ। ਸੰਤ ਰਘੁਬੀਰ ਸਿੰਘ ਕਚੂਰੀ ਵਾਲਾ ਮਰਸਰੀ ਗੱਡੀ ਦਾ ਚਾਲਕ ਹੈ।

ਸੰਤ ਤਰਸੇਮ ਸਿੰਘ ਸਤਿਗੁਰੂ ਜੀ ਦੇ ਨਿੱਜੀ ਸਕੱਤਰ ਨੂੰ ਪੁੱਛਿਆਂ ਪਤਾ ਲੱਗਾ ਕਿ ਭੈਣੀ ਸਾਹਿਬੋਂ 27 ਸਵਾਰੀਆਂ ਆਈਆਂ ਹਨ। ਬੇਬੇ ਦਲੀਪ ਕੌਰ ਜੀ ਮਹਾਰਾਜ ਬੀਰ ਸਿੰਘ ਜੀ ਦੇ ਘਰੋਂ, ਠਾਕੁਰ ਦਲੀਪ ਸਿੰਘ ਜੀ ਹਾਵੜਾ ਐਕਸਪ੍ਰੈਸ ਤੇ ਆਏ। ਪੂਰਬਾ ਪਤਨੀ ਸੁਖਵਿੰਦਰ, ਗੁਰਦੇਵ ਅਤੇ ਗੁਰਨਾਮ ਕੌਰ ਆਦਿ ਬੀਬੀਆਂ ਵੀ ਨਾਲ ਸਨ। ਕੈਨੇਡਾ ਦੇ ਸੂਬਾ ਸੰਤ ਰੇਸ਼ਮ ਸਿੰਘ ਜੀ, ਇਹਨਾਂ ਦੀ ਪਤਨੀ ਬੀਬੀ ਰਾਣੀ ਅਤੇ ਪ੍ਰਥਮ ਬੇਟਾ ਵੀ ਏਸ ਸੰਗਤ ਵਿਚ ਸਨ।

ਪੰਡਾਲ ਵਿਚ 10 ਵਜੇ ਤੋਂ ਹੀ ਸੂਬਾ ਸੇਵਾ ਸਿੰਘ ਜੀ ਜਗਾਧਰੀ ਅਤੇ ਸੰਤ ਦਲੀਪ ਸਿੰਘ ਜਮਨਾ ਨਗਰ ਦੇ ਹੱਲੇ ਦੇ ਦੀਵਾਨ ਸਜ ਗਏ। ਸ਼ਬਦ ਕੀਰਤਨ-ਸੁਹੰਨੇ ਅਤੇ ਵਿਆਖਿਆ ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ ਦੀ।

## ਸਾਡੀਆਂ ਸਰਗਰਮੀਆਂ

ਗੁਰਦੇਵ ਸਿੰਘ ਨੂੰ ਦਿਨ ਚੜ੍ਹੇ ਹੀ ਸੁਸ਼ੀਲਾ ਮਿਸ਼ਰਾ ਦਾ ਫੋਨ ਆ ਗਿਆ ਸੀ ਕਿ 'ਪਾਇਓਨੀਅਰ' ਵਿਚ ਛਪਿਆ ਸੰਗੀਤ ਸਮੇਲਨ ਦਾ ਇਸ਼ਤਿਹਾਰ ਭਾਵੇਂ ਬੜਾ ਔਖਾ ਹੈ ਪਰ ਇਸ ਵਿਚ ਖ਼ਾਂ ਸਾਹਿਬ ਵਲਾਇਤ ਖ਼ਾਂ ਦਾ ਨਾਂ ਕਿਵੇਂ ਛਪਣੋਂ ਰਹਿ ਗਿਆ। ਅਸੀਂ ਬੜੇ ਸਟਪਟਾਏ ਕਿ ਇਹ ਗ਼ਲਤੀ ਕਿਵੇਂ ਹੋ ਗਈ, ਅਸੀਂ ਤਾਂ ਨਾਮ ਲਿਖਵਾ ਕੇ ਆਏ ਸਾਂ। ਪਿਛੋਂ ਜਾ ਕੇ ਪਤਾ ਲੱਗਾ ਕਿ ਪੰਛੀ ਦੀ ਮਿਹਰਬਾਨੀ ਨਾਲ ਹੀ ਨਾਮ ਰਹਿ ਗਿਆ ਹੈ।

'ਸੁਤੰਤਰ ਭਾਰਤ' ਅਤੇ 'ਪਾਇਓਨੀਅਰ' ਵਿਚ 2 ਫ਼ਰਵਰੀ ਵਾਲੇ ਦਿਨ ਤੀਜੇ ਪੇਜ ਤੇ ਛਪਣ ਵਾਲੇ 3 ਕਾਲਮੇ ਇਸ਼ਤਿਹਾਰ ਦਾ ਰਿਆਇਤੀ ਮੁੱਲ 600/- ਦਿਤਾ ਗਿਆ।

ਲਖਨਊ ਰੇਡੀਓ ਦੇ ਡਾਇਰੈਕਟਰ ਬੀ. ਬੀ. ਮਾਥੁਰ ਨੂੰ ਮਿਲ ਕੇ ਔਧੇ ਮਿੰਟ ਦੀ ਸੰਗੀਤ ਸਮੇਲਨ ਬਾਰੇ ਸੂਚਨਾ ਲਿਖ ਕੇ ਦਿਤੀ ਗਈ ਜੁ ਅੱਜ ਸ਼ਾਮੀਂ ਅਤੇ ਫਿਰ ਉਤੋ-ੜਿੱਤੀ 6.45 ਸ਼ਾਮੀਂ ਪਰਸਾਰਤ ਕਰਨ ਦਾ ਬਚਨ ਸ੍ਰੀ ਮਾਥੁਰ ਨੇ ਦਿਤਾ।

ਏਦੋਂ ਅਸੀਂ ਕਲਾਰਕ ਅਵਧ ਹੋਟਲ ਤੇ ਪਹੁੰਚੇ। ਪਰ ਗੁਰਦੇਵ ਸਿੰਘ ਨੇ ਏਥੇ



Sri Satguru Jagjit Singh Ji Elibrary NamdhariElibrary@gmail.com

ਆਪਣਾ ਕਲਮੀ ਪੋਸਟਰ ਲੱਗਾ ਨਾ ਵੇਖ ਕੇ ਬੀਬੀ ਮੁਕਰਜੀ ਤੋਂ ਪੁੱਛਗਿੱਛ ਕੀਤੀ। ਨਾਲ ਹੀ 2 ਫ਼ਰਵਰੀ ਤੋਂ 6 ਫ਼ਰਵਰੀ ਤੱਕ ਕਲਾਕਾਰਾਂ ਲਈ ਕਮਰੇ ਬੁੱਕ ਕਰਨ ਹਿਤ ਉਸ ਨੂੰ ਪੱਕੀ ਕੀਤੀ।

ਅਸੀਂ ਭਾਰਤ ਖੰਡੇ ਮਹਾਂਵਿਦਿਆਲਾ ਵੀ ਗਏ ਜਿਥੇ ਸ੍ਰੀ ਗੁਰਦੇਵ ਸਿੰਘ ਨੇ ਸ. ਪ੍ਰੇਮ ਸਿੰਘ ਹੁਰਾਂ ਨਾਲ ਸ੍ਰੀ ਬੁੱਧਾ ਦਿਤਾ ਮੁਖਰਜੀ ਦੇ ਲਖਨਊ ਫੈਸਟੀਵਲ ਵਿਚ ਪਹਿਲੀ ਤਾਰੀਖ਼ ਨੂੰ ਸਿਤਾਰ ਵਜਾਉਣ ਬਾਰੇ ਨਾਰਾਜ਼ਗੀ ਪਰਗਟ ਕੀਤੀ। ਕਿਉਂਕਿ ਉਸ ਨੂੰ ਇਕ ਸਿਟਿੰਗ ਦਾ 3000/- ਦੇ ਕੇ ਖਿੜਕਾ ਦਿਤਾ ਗਿਆ ਹੈ।

'ਪ੍ਰਭਾਤ ਪ੍ਰੈਸ' ਵਾਲਿਆਂ ਦੇ ਜਿੰਮੇ ਲਾਏ ਕੰਮ ਦਾ ਵੀ ਪਤਾ ਕੀਤਾ।

2 ਤੋਂ 3 ਤਕ ਨਾਮ ਸਿਮਰਨ, ਸੰਤ ਹਰਬੰਸ ਸਿੰਘ ਖੁੱਲਾ-ਸੰਤ ਖ਼ਜ਼ਾਨ ਸਿੰਘ ਦਾ ਕੀਰਤਨ ਗੁਰੂ ਕੀ ਹਜ਼ੂਰੀ ਵਿਚ ਹੋਇਆ ਪਰ ਅਸੀਂ ਲਾਭ ਨਹੀਂ ਲੈ ਸਕੇ। ਕਾਲੀਆਂ ਪੱਗਾਂ ਵਾਲੇ ਇਕ ਜਥੇ ਨੇ ਵੀ ਕੀਰਤਨ ਕੀਤਾ।

## ਸਤਿਗੁਰਾਂ ਦੇ ਡੇਰੇ

ਅਸੀਂ ਅੱਜ 6.30 ਵਜੇ ਸ਼ਾਮੀਂ ਹੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਅਤੇ ਰੀਪੋਰਟ ਕਰਨ ਆਪ ਜੀ ਦੇ ਡੇਰੇ ਪਹੁੰਚੇ ਤਾਂ 6.45 ਤੇ ਰੇਡੀਓ ਵਿਚ ਲੋਕਲ ਨਿਊਜ਼ ਬੁਲੇਟਿਨ ਵਿਚ ਪਹਿਲੀ ਖ਼ਬਰ, ਨਾਮਧਾਰੀ ਸੰਗਤ ਲਖਨਊ ਵਲੋਂ ਕੀਤੇ ਜਾ ਰਹੇ ਸਤਿਗੁਰੂ ਪ੍ਰਤਾਪ ਸਿੰਘ ਛੇਵੇਂ ਸਿਮ੍ਰਤੀ ਸੰਗੀਤ ਸਮੇਲਨ ਬਾਰੇ ਸੀ ਜਿਸ ਵਿਚ ਨੁਮਾਇਆਂ ਕਲਾਕਾਰਾਂ ਦੇ ਨਾਂ ਵੀ ਗਿਣੇ ਗਏ। ਇਹ ਖ਼ਬਰ ਅਸਾਂ ਸਤਿਗੁਰੂ ਜੀ ਪਾਸ ਹੀ ਸੁਣੀ, ਆਪ ਜੀ ਇਕ ਚਿਟਾਈ ਤੇ ਹੀ ਆਸਣ ਉਪਰ ਬੈਠੇ ਸਨ।

ਸਾਥੋਂ ਪਹਿਲਾਂ ਆਪ ਜੀ ਨੇ ਠਾਕੁਰ ਦਲੀਪ ਸਿੰਘ ਜੀ ਨਾਲ ਕੋਈ 15 ਮਿੰਟ ਇਕਾਂਤ, ਅੰਦਰ ਬੈਠ ਕੇ, ਗੱਲ ਬਾਤ ਕੀਤੀ।

ਬੀਬਾ ਜੀ ਆਪਣੀ ਉਸਤਾਨੀ ਬੀਬੀ ਨਰਿੰਦਰ, ਉਸਦੇ ਪਤੀ ਸ. ਜਸਵੰਤ ਸਿੰਘ ਬੱਲ੍ਹਾ, ਭਰਾ ਸ. ਅਵਤਾਰ ਸਿੰਘ, ਪੁੱਤਰਾਂ ਸ੍ਰੀ ਅੰਮ੍ਰਿਤਪਾਲ ਸਿੰਘ, ਸ੍ਰੀ ਹਰਪਾਲ ਸਿੰਘ ਅਤੇ ਇਕ ਨੂੰਹ ਨਾਲ.ਪੀਸੈਂ ਗੱਡੀ ਤੇ ਅੰਮ੍ਰਿਤਸਰੋਂ ਹੀ ਆਏ ਸਨ 3 ਕੁ ਵਜੇ। ਬੀਬਾ ਸਾਹਿਬ ਕੌਰ, ਗੁਰੂ ਸਪੁੱਤਰੀ ਰੋਬਸ, ਸੁਭਾਨ ਅਤੇ ਬਚਪਨੇ ਦੇ ਸੁਭਾਅ ਕਰਕੇ ਖੂਬ ਰੋਬ ਰਖਦੇ ਹਨ।

## ਕੈਮਰੇ ਦਾ ਗੁਰ

ਠਾਕੁਰ ਦਲੀਪ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਕ ਰੰਗੀਨ ਫੋਟੋ, ਸਾਈਜ਼ 4" × 6" ਦੀ ਮੈਨੂੰ ਵਿਖਾਈ। ਇਹ ਉਹਨਾਂ ਪ੍ਰਿੰਟ ਵੀ ਆਪ ਹੀ ਕੀਤੀ ਹੋਈ ਸੀ। ਮੇਰੇ ਨਾਲ ਮੋਹ ਕਰਦਿਆਂ ਉਨ੍ਹਾਂ ਆਖਿਆ : ਫੋਟੋਗ੍ਰਾਫੀ ਬਾਰੇ ਬਹੁਤਾ ਕਿਤਾਬਾਂ ਵਿਚ ਮਗਜ਼ ਨਾ ਮਾਰਨਾ, ਮੈਨੂੰ ਪੁੱਛ ਲੈਣਾ। ਇਸ ਵਿਚ ਵੱਡੀ ਗੱਲ ਰੂਹਾਨੀ 'ਨਜ਼ਰ' ਦੀ ਅਤੇ ਫਿਰ 'ਹੱਥ ਨਾ ਹਿੱਲਣ' ਦੀ ਹੈ।



Sri Satguru Jagjit Singh Ji Elibrary NamdhariElibrary@gmail.com

ਠਾਕੁਰ ਜੀ ਪਾਸ ਬਹੁਤ ਵੱਡੀ ਕੀਮਤ ਦੇ ਕੈਮਰੇ ਹਨ । ਹੁਣ ਵੀ ਸਤਿਗੁਰੂ ਜੀ ਨੂੰ ਇਕ ਉੱਚੀ ਕੀਮਤ ਦਾ ਕੈਮਰਾ ਵਿਖਾ ਰਹੇ ਸਨ ।

## ਇਕ ਹੰਗਾਮਾ

ਅੱਜ ਹੀ ਗੁਰਦੇਵ ਸਿੰਘ ਸਰੋਦ ਦਾ ਸਾਥੀ ਹਰਭਜਨ ਸਿੰਘ ਸਿਤਾਰ ਆਪਣੇ ਸ਼ਾਗਿਰਦ ਮੰਡਲ ਨਾਲ ਆਇਆ । ਉਸ ਨੇ ਦੱਸਿਆ ਕਿ ਜਦੋਂ ਉਹ ਹਾਵੜਾ ਐਕਸਪ੍ਰੈਸ ਤੇ ਸਫ਼ਰ ਕਰ ਰਹੇ ਸਨ ਤਾਂ ਉਹ ਗਿਣਤੀ ਦੇ 27 ਜਣੇ ਸਨ । ਪਰ ਯੂ. ਪੀ. ਵਿਚ ਸਫ਼ਰ ਕਰਦਿਆਂ ਇਕ ਸਟੇਸ਼ਨ ਤੇ (ਨਾਮ ਨਹੀਂ ਯਾਦ ਰਿਹਾ) ਕੁਝ ਮੁੰਡੇ ਉਨ੍ਹਾਂ ਵਾਲੇ ਥ੍ਰੀ ਟੇਅਰ ਵਿਚ ਚੜ੍ਹ ਬੈਠੇ ਅਤੇ ਇਹ ਯੂ. ਪੀ. ਦੇ ਹੋਣਹਾਰ ਲੜਕੇ ਸ਼ਰਾਰਤਾਂ ਅਤੇ ਗੰਦੀਆਂ ਗੱਲਾਂ ਕਰਨ ਲਗ ਪਏ, ਅੰਤ ਨੂੰ ਜ਼ਿਦ ਨਾਲ ਇਹ ਪਾਸ ਬੈਠ ਸਿਗਰਿਟਾਂ ਵੀ ਪੀਣ ਲਗ ਪਏ । ਰੋਕਣ ਤੇ, ਗੱਡੀ ਰੋਕ ਕੇ ਪੱਥਰ ਮਾਰਨ ਤਕ ਆ ਗਏ । ਫਿਰ ਸ. ਗੁਰਦੇਵ ਸਿੰਘ ਮਦਾਰੀਏ ਨੇ ਜੋ ਅੰਮ੍ਰਿਤਸਰ ਕਲਾਂ ਦਾ ਵਸਨੀਕ ਹੈ ਪਰ ਇਨ੍ਹਾਂ ਨਾਲ ਭੈਣੀ ਸਾਹਿਬ ਤੋਂ ਹੀ ਆ ਰਿਹਾ ਸੀ, ਪਿਸਤੌਲ ਕੱਢ ਲਿਆ ਅਤੇ ਪੰਜ ਫਾਇਰ ਕਰਕੇ ਉਨ੍ਹਾਂ ਨੂੰ ਰੇਲੋਂ ਲਾਹਿਆ ।

ਉਂਜ ਹੱਥ ਆਏ ਦੋ ਕੁ ਸ਼ਰਾਰਤੀ ਮੁੰਡੇ ਕੁੱਟ ਵੀ ਦਾਹਵਾ ਧਰੇ ।
ਚਲੋ, ਸ਼ੁਕਰ ਹੋਇਆ ਸੁਖੀ ਸਾਂਦੀ ਸਾਰੇ ਮਨਜ਼ਲ ਤੇ ਪਹੁੰਚ ਗਏ ।

## ਸ. ਜੰਗ ਸਿੰਘ ਦੇ ਘਰ

ਸਤਿਗੁਰੂ ਰਾਤੀਂ 7 ਵਜੇ ਤੋਂ ਗੱਡੀ ਵਿਚ ਬਾਹਰ ਫਿਰਨ ਤੁਰਨ ਲਈ ਨਿਕਲ ਗਏ । ਕੁਝ ਸਮਾਂ ਸ. ਜੰਗ ਸਿੰਘ ਦੇ ਘਰ, ਵਿਦੇਸ਼ਾਂ ਨੂੰ ਟੈਲੀਫੋਨ ਕਰਨ ਲਈ ਅਟਕੇ ਵੀ । ਮਾਤਾ ਜੀ, ਬੇਬੇ ਜੀ ਅਤੇ ਬੀਬਾ ਜੀ ਦੀ ਰਿਹਾਇਸ਼ ਵੀ ਏਥੇ ਹੀ ਹੈ ।

ਸੇਵਾ ਵਲੋਂ ਸ. ਜੰਗ ਸਿੰਘ ਦੇ ਸਾਂਢੂ ਸ. ਕੁਲਦੀਪ ਸਿੰਘ-ਰਛਪਾਲ ਕੌਰ ਦੀ ਜੋੜੀ ਸਾਡੀ ਬਹੁਤ ਮਦਦਗਾਰ ਹੈ । ਕੁਲਦੀਪ ਸਿੰਘ ਦੇ ਪਿਤਾ ਡਾ: ਕਪੂਰ ਸਿੰਘ ਕਾਨਪੁਰੋਂ ਆ ਗਏ ਹਨ । ਸੂਬਾ ਮਹਿੰਦਰ ਸਿੰਘ ਜੀ ਨੇ ਮੈਨੂੰ ਦੱਸਿਆ ਕਿ ਕਾਨਪੁਰ ਵਿਚ 18–20 ਘਰ ਨਾਮਧਾਰੀਆਂ ਦੇ ਹਨ । ਇਹ ਸਾਰੇ ਗੁਰੂ ਘਰ ਨਾਲ ਬਹੁਤ ਪਿਆਰ ਸੰਬੰਧ ਰਖਦੇ ਹਨ ।

ਰਾਤੀਂ ਪੰਡਾਲ ਵਿਚ ਸੰਤ ਹਜ਼ਾਰਾ ਸਿੰਘ ਜਥੇਦਾਰ ਲਖਨਊ, ਸੂਬਾ ਮੇਲਾ ਸਿੰਘ ਜੀ ਰਈਨ ਅਤੇ ਜਥੇਦਾਰ ਨਿਰੰਜਨ ਸਿੰਘ ਕੱਕੜ ਨੇ 8 ਤੋਂ 11.30 ਤਕ ਦੀਵਾਨ ਸਜਾਏ । ਹਾਜ਼ਰੀ ਪੰਡਾਲ ਦੇ ਅਨੁਕੂਲ ਸੀ ।

## ਟੀ. ਵੀ. ਵਲੋਂ ਅਫ਼ਸੋਸ

ਸਾਡੇ ਜਥੇ ਦੀਆਂ ਪ੍ਰਬੰਧ ਸੰਬੰਧੀ ਮਿਲਣੀਆਂ ਵਿਚ ਅੱਜ ਲਖਨਊ ਟੀ. ਵੀ. ਦੇ ਨਿਦੇਸ਼ਕ ਸ਼੍ਰੀ ਮਧੁਕਰ ਲੇਲੇ ਵੀ ਆਏ । ਇਹਨਾਂ ਅਫ਼ਸੋਸ ਪ੍ਰਗਟ ਕੀਤਾ ਕਿ ਪਹਿਲੀ ਤੋਂ ਅੱਠ ਫ਼ਰਵਰੀ ਕੇਵਲ ਖੇਡਾਂ ਦੇ ਮੈਦਾਨ ਵਿਚ ਹੀ ਟੀ. ਵੀ. ਅਧਿਕਾਰੀਆਂ ਨੇ



Sri Satguru Jagjit Singh Ji Elibrary NamdhariElibrary@gmail.com

ਜਾਂਦਾ ਹੈ ਅਤੇ ਖੋਜ ਜਗਤ ਦੇ ਕਾਰਜ ਕਰਮ ਰੋਲੇਅ ਕਰਨੇ ਹਨ, ਸੰਗੀਤ ਦਾਹਗੀ ਉੱਚ ਕਲਾ ਅਤੇ ਸ਼ਾਸਤਰੀ ਸੰਗੀਤ ਸਮੇਲਨ ਵਿਚ ਜਿਸ ਵਿਚ ਉੱਚ ਕੋਟੀ ਦੇ ਕਲਾਕਾਰਾਂ ਨੇ ਭਾਗ ਲੈਣਾ ਹੈ, ਮਸਾਂ ਹੀ ਆਰੰਭ ਵਾਲੇ ਦਿਨ 10 ਮਿੰਟ ਦਾ ਸਮਾਂ ਦੇ ਸਕਾਂਗੇ।

## 1 ਫ਼ਰਵਰੀ 1979, ਵੀਰਵਾਰ
## ਲਖਨਊ (ਯੂ. ਪੀ.)
## ਬਸੰਤ ਉਤਸਵ

### ਡਾ: ਕਪੂਰ ਸਿੰਘ

ਅੰਮ੍ਰਿਤ ਵੇਲੇ ਦੇ 4.30 ਵਜੇ ਸਨ ਕਿ ਨੀਂਦ ਸੁਖ ਵਿਚ ਡਾ: ਕਪੂਰ ਸਿੰਘ ਕਾਨਪੁਰੀ ਦੁਆਰਾ ਗਾਏ ਗਏ ਕਬੀਰ ਦੇ ਸਲੋਕਾਂ ਨੇ ਸ਼ਾਂਤ ਸੁਖਦ ਵਾਤਾਵਰਣ ਵਿਚ ਹੋਰ ਹੁਲਾਰਾ ਲੈ ਆਂਦਾ। ਰਾਤੀਂ 12.15 ਤੇ ਹੀ ਸੁੱਤਾ ਸਾਂ। ਕਪੂਰ ਸਿੰਘ ਜੀ ਵਧੀਆ ਨਾਮਧਾਰੀਆਂ ਵਾਂਗ ਸਕੇਸ ਇਸ਼ਨਾਨ ਕਰਕੇ ਪੁੱਤਰ ਦੇ ਘਰ ਵਿਚ ਹੀ ਪਪੀਹਾ ਬਣੇ ਹੋਏ ਸਨ। ਮੈਂ ਤੇ ਨੀਂਦ ਨਦੀਆ ਵਿਚ ਫੇਰ ਡੁਬਕੀ ਲਾ ਲਈ ਅਤੇ ਕਿਤੇ 5.45 ਤੇ ਹੀ ਜਾ ਕੇ ਦੀਵਾਨ ਵਾਲੇ ਸੁਹਣੇ ਪੰਡਾਲ ਵਿਚ ਦਾਖ਼ਲ ਹੋਇਆ। ਮੇਰੇ ਨਾਲ ਲੰਗੋਟੀਆ ਪ੍ਰੀਤਮ ਸਿੰਘ ਪੰਛੀ ਅਤੇ ਸਿਤਾਰ ਵਾਦਕ ਹਰਭਜਨ ਸਿੰਘ ਸੀ।

### ਦੀਵਾਨ ਸਵੇਰ ਵੇਲੇ ਦਾ

ਲਖਨਊ ਦੇ ਆਰਾਮ ਬਾਗ਼ ਵਿਚ ਜਗਮਗਾਂਦੇ ਸੁਆਗਤ ਗੇਟ, ਦਰੀਆਂ ਗਲੀਚੇ ਵਿਛੇ ਸੁੰਦਰ ਪੰਡਾਲ ਵਿਚ, ਜੋ ਟਿਊਬ ਲਾਈਟਾਂ ਨਾਲ ਚਾਨਣ-ਚਾਨਣ ਹੋਇਆ ਪਿਆ ਸੀ, ਸਫ਼ੈਦ ਬਸਤਰਾਂ ਨਾਲ ਸੁਸਜਿਤ ਨਾਮਧਾਰੀ ਸੰਗਤ ਦਾ ਇਕ ਸੁਖਾਵਾਂ ਇਕੱਠ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਬੈਠੇ ਕੀਰਤਨਕਾਰਾਂ ਤੋਂ ਆਸਾ ਦੀ ਵਾਰ ਦਾ ਸੁਰੀਲਾ ਗਾਇਨ ਸੁਣ ਰਿਹਾ ਸੀ। ਕੋਂਪੋ-ਫੁਲਾਂ ਨਾਲ ਕਲਾਤਮਿਕ ਤਰੀਕੇ ਨਾਲ ਸ਼ਿੰਗਾਰੇ ਹੋਏ ਚੰਦੋਏ ਹੇਠ, ਆਪਣੇ ਆਸਣ ਤੇ ਵਿਰਾਜਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਗਤ ਚਕੋਰੀ ਦਾ ਚੰਨ ਸਨ। ਆਪ ਜੀ ਦਾ ਦੁਆਲਾ ਮਹਾਰਾਜ ਬੀਰ ਸਿੰਘ ਜੀ, ਠਾਕੁਰ ਦਲੀਪ ਸਿੰਘ ਜੀ ਅਤੇ ਹੋਰ ਸਾਧੂ ਜਨਾਂ ਨਾਲ ਸੁਸ਼ੋਭਿਤ ਸੀ। ਮੰਚ ਸਤਿਗੁਰਾਂ ਵਾਲਾ ਵੀ ਤੇ ਰਾਗੀਆਂ ਵਾਲਾ ਵੀ ਖ਼ੂਬ ਉਚੇਰੇ ਤਖ਼ਤਪੋਸ਼ਾਂ ਨਾਲ ਬਣਾ ਲਿਆ ਗਿਆ ਸੀ। ਸੰਤ ਹਰਬੰਸ ਸਿੰਘ ਘੁੱਲਾ ਅਤੇ ਸੰਤ ਧਿਆਨ ਸਿੰਘ ਆਦਿ ਕੀਰਤਨੀਏ ਮਿੱਠੀਆਂ ਸੁਰਾਂ ਨਾਲ 'ਸਤਿਗੁਰ ਭੇਟਣ' ਦੇ ਛੱਕੇ ਅਤੇ ਸਲੋਕ ਪੜ੍ਹ ਰਹੇ ਸਨ। ਕਦੇ ਕਦੇ ਸਤਿਗੁਰੂ ਜੀ ਆਪਣੀ ਤਣਵੀਂ ਸਮਾਧੀ ਵਿਚੋਂ ਖ਼ਬਰ-ਅਗਵਾਈ ਦੀ ਬਖ਼ਸ਼ਸ਼ ਕਰਦੇ।

ਨਵਾਬਾਂ ਦੇ ਕਸੂਤੇ ਨਵਾਬੀ ਸ਼ੌਕਾਂ ਵਾਲੇ ਸ਼ਹਿਰ ਵਿਚ ਅੰਮ੍ਰਿਤ ਵੇਲੇ, ਕੂਕਿਆਂ ਦੀ ਮੱਤ ਅਨੁਸਾਰ ਇਸ ਦੇਵ ਸਭਾ ਵਿਚ ਭਾਵੇਂ ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰਤਾ ਨਹੀਂ ਸੀ, ਪਰ ਸਵੇਰ ਵੇਲੇ ਦੀ ਸ਼ੋਭਾ ਸੈਂਕੜੇ ਸਰੋਤੇ ਜ਼ਰੂਰ ਸਨ। ਪਰਮਦੇਵ ਦੀ ਅਰਾਧਨਾ ਕਿੰਨਿਆਂ ਕੁ ਦੇ ਭਾਗਾਂ ਵਿਚ ਹੁੰਦੀ ਹੈ!



Sri Satguru Jagjit Singh Ji Elibrary NamdhariElibrary@gmail.com

7.30 ਸੂਰਜ ਦੇ ਚੜ੍ਹਾਅ ਨਾਲ ਆਸਾ ਦੀ ਵਾਰ ਸਮਾਪਤ ਹੋ ਗਈ ਅਤੇ ਬਸੰਤ ਰਾਗ ਦਾ ਸ਼ਬਦ 'ਮਉਲੀ ਧਰਤੀ ਮਉਲਿਆ ਆਕਾਸ' ਸਤਿਗੁਰੂ ਰਾਮ ਸਿੰਘ ਜੀ ਦੇ ਸੁਆਗਤ ਅਤੇ ਸਿਮ੍ਰਤੀ ਵਿਚ ਸੀ। ਅਤੇ ਬਸੰਤ ਰਾਗ ਵਿਚ ਵਾਰ ਤੋਂ ਪਿਛੋਂ ਇਕ ਸ਼ਬਦ ਗਾਉਣਾ ਮਾਘ ਮਹੀਨੇ ਦੇ ਆਰੰਭ ਤੋਂ ਸ਼ੁਰੂ ਹੋ, ਹੋਲੇ ਦੀ ਸਮਾਪਤੀ ਤਕ ਚੱਲਦਾ ਇਹ ਗੁਰੂ ਘਰ ਦੀ ਸਨਾਤਨੀ ਪਰਿਪਾਟੀ ਹੈ।

ਸ੍ਰੀ ਮਹਾਰਾਜ ਜੀ, ਸ੍ਰੀ ਚੰਦਰ ਹਾਂਸ, ਸ੍ਰੀ ਹਰਭਜਨ ਸਿੰਘ ਨੇ ਸ੍ਰੀ ਸਤਿਗੁਰੂ ਜੀ ਨਾਲ ਸਾਥ ਦੇਣਾ ਸ਼ੁਰੂ ਕੀਤਾ। ਤਬਲੇ ਉਤੇ ਸ੍ਰੀ ਮਹਾਰਾਜ ਜੀ, ਭਾਈ ਨਿਹਾਲ ਸਿੰਘ, ਸ. ਅਵਤਾਰ ਸਿੰਘ ਅੰਮ੍ਰਿਤਸਰੀ ਦੁਆਰਾ ਵਿਵਧ ਪਰਕਾਰੀ ਧੁਨਾਂ ਨਿਕਲਦੀਆਂ ਰਹੀਆਂ। ਸ੍ਰੀ ਸਤਿਗੁਰੂ ਨੂੰ ਤਿਹਾਈਆਂ ਬੜੀਆਂ ਪਿਆਰੀਆਂ ਹਨ, ਉਨ੍ਹਾਂ ਦੀ ਵਰਤੋਂ ਵੀ ਖ਼ੂਬ ਹੋਈ। ਇਸ ਆਨੰਦ ਦੀ ਸਮਾਪਤੀ 8.35 ਤੇ ਹੀ ਜਾ ਹੋਈ।

## ਹੋਲੇ ਦੇ ਦੀਵਾਨ

ਮੰਚ ਸਕੱਤਰ ਸਨਖਤਰਾ ਦੇ ਐਲਾਨ ਅਨੁਸਾਰ ਹੇਠ ਲਿਖੇ ਸਰੀਰ ਹੋਲੇ ਦੇ ਦੀਵਾਨਾਂ ਦੁਆਰਾ ਅੰਮ੍ਰਿਤ ਵਰਖਾ ਕਰਨਗੇ: ਸੂਬਾ ਸੇਵਾ ਸਿੰਘ ਜੀ ਜਗਰਾਓਂ, ਜਥੇਦਾਰ ਅਜਾਇਬ ਸਿੰਘ, ਜਥੇਦਾਰ ਸੇਵਾ ਸਿੰਘ ਮੰਡੀ, ਜਥੇਦਾਰ ਨਿਰੰਜਨ ਸਿੰਘ ਚੱਕਰ। ਦੀਵਾਨਾਂ ਦਾ ਮੁਖ ਵਿਸ਼ਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਇਰਦ-ਗਿਰਦ ਹੀ ਹੋਵੇਗਾ। ਰਾਤ ਨੂੰ ਜਥੇਦਾਰ ਨਾਹਰ ਸਿੰਘ 8 ਵਜੇ ਤਕ, ਉਪਰੰਤ ਕਵੀ ਦਰਬਾਰ, ਵੈਦ ਪੰਡਿਤ ਜੀ ਅਤੇ ਕਵੀਸ਼ਰ ਜੋਇਣ ਸਿੰਘ ਕਿਰਪਾ ਕਰਨਗੇ।

## ਸ੍ਰੀ ਸਤਿਗੁਰੂ ਜੀ ਦੇ ਡੇਰੇ

ਸ੍ਰੀ ਸਤਿਗੁਰੂ ਜੀ ਆਪਣੇ ਨਿਵਾਸ, ਠੇਕੇਦਾਰ ਹਰਭਜਨ ਸਿੰਘ ਜੀ ਦੇ ਘਰ ਉਤਲੇ ਮਕਾਨ ਤੇ ਪਧਾਰੇ। ਹਲਕੇ ਜਲਪਾਨ ਉਪਰੰਤ ਯੂ. ਪੀ. ਸੰਗਤ ਦੇ ਮਸਲਿਆਂ ਬਾਰੇ ਸਰਗਰਮੀ ਜਾਰੀ ਹੋ ਗਈ। ਸ੍ਰੀ ਸਤਿਗੁਰੂ ਜੀ ਦੇ ਕਮਰੇ ਵਿਚ ਪਹਿਲਾਂ ਤਾਂ ਸ. ਜੋਗ ਸਿੰਘ, ਸ.. ਕੁਲਵੰਤ ਸਿੰਘ ਸੇਠੀ ਅਤੇ ਸੰਤ ਬਲਵੰਤ ਸਿੰਘ ਡਾਲਟਨ ਗੰਜ, ਸੂਬਾ ਹਰਬੰਸ ਸਿੰਘ ਜੀ ਦੇਸੀ ਹੂਰਾਂ ਨੂੰ ਬੁਲਾਇਆ ਗਿਆ, ਪੰਡਿਤ ਗੋਪਾਲ ਸਿੰਘ ਅਗਾਊਂ ਹੀ ਮੌਜੂਦ ਸਨ। ਕਿਸੇ ਹਲਕੀ ਜਿਹੀ ਸਮਾਜਕ ਉਲੰਘਣਾਂ ਬਾਰੇ ਪੁਛ ਪੜਤਾਲ ਸੀ। ਅੰਦਰੋਂ ਬਾਹਰ ਨਿਕਲੇ ਤਾਂ ਇੰਜ ਲਗਾ ਜਿਵੇਂ ਸੌਂਹ ਮੁਕਾ ਕੇ ਹੀ ਆਏ ਹਨ।

ਫਿਰ ਡਾ: ਕਪੂਰ ਸਿੰਘ ਕਾਨਪੁਰੀ ਦੀ ਵਾਰੀ ਆ ਗਈ। 10 ਕੁ ਮਿੰਟ ਪਹਿਲੀ ਟੀਮ ਤੇ ਲਗੇ ਸਨ, 10 ਕੁ ਮਿੰਟ ਇਹਨਾਂ ਤੇ ਵੀ। ਬਾਹਰ ਇਹ ਵੀ ਖ਼ੁਸ਼ੀ ਖ਼ੁਸ਼ੀ ਨਿਕਲੇ।

## ਡਾ: ਕਪੂਰ ਸਿੰਘ ਕਾਨਪੁਰ

ਕਮਰਿਓਂ ਬਾਹਰ, ਜਾਸੂਸਾਂ ਵਾਂਗ ਬੈਠੇ ਮੈਂ, ਡਾਕਟਰ ਕਪੂਰ ਸਿੰਘ ਕਾਨਪੁਰ ਵਾਲਿਆਂ ਨੂੰ ਮਿਲ ਕੇ ਉਨ੍ਹਾਂ ਨਾਲ ਅੰਦਰ ਹੋਈ-ਬੀਤੀ ਸੁਣਨਾ ਚਾਹਦਾ ਸਾਂ।



Sri Satguru Jagjit Singh Ji Elibrary NamdhariElibrary@gmail.com

ਕਪੂਰ ਸਿੰਘ ਹੁਰਾਂ ਦੱਸਿਆ : ਮੇਰੇ ਛੋਟੇ ਲੜਕੇ ਦੀ ਸ਼ਾਦੀ ਉਪਰੰਤ ਮੈਂ ਇਕ ਪਾਰਟੀ ਦਿੱਤੀ ਸੀ, ਜਿਸ ਕਾਰਨ ਮੇਰੇ ਨਾਲ ਸਤਿਗੁਰਾਂ ਦੀ ਨਾਰਾਜ਼ਗੀ ਚਲੀ ਆ ਰਹੀ ਸੀ। ਮੈਂ ਜੰਗ ਸਿੰਘ ਦੇ ਘਰ ਫੋਨ ਕਰਨ ਗਿਆ ਤਾਂ ਸਤਿਗੁਰੂ ਜੀ ਵੀ ਆ ਗਏ। ਮੈਨੂੰ ਵੇਖਦਿਆਂ ਹੀ ਆਪ ਜੀ ਨੇ ਤੇਜ਼ੀ ਵਿਚ ਹੋ ਆਖਿਆ : ਤੂੰ ਕਿਉਂ ਏਥੇ ਆ ਗਿਆ? ਤੈਨੂੰ ਕਿਨ ਸੱਦਿਆ? ਮੈਂ ਅਰਜ਼ ਕੀਤੀ ਕਿ ਜੰਗ ਸਿੰਘ ਦੇ ਭਾਈ ਸੰਤੋਖ ਸਿੰਘ ਦਾ ਸੱਦਿਆ ਆਇਆ ਹਾਂ। ਸਤਿਗੁਰੂ ਜੀ ਨੇ ਰੋਹ ਵਿਚ ਕਿਹਾ : ਜਾਂ ਤੂੰ ਏਥੇ ਫੋਨ ਕਰੇਂਗਾ ਜਾਂ ਮੈਂ। ਮੈਂ ਹੱਥ ਜੋੜ ਆਖਿਆ : ਆਪ ਜੀ ਕਰੋ ਜੀ, ਮੈਂ ਜਾਂਦਾ ਹਾਂ।

"ਮੈਨੂੰ ਸਾਰੀ ਰਾਤ ਨੀਂਦ ਨ ਪਈ। ਆਪਣੇ ਸਮਾਜਕ ਵਡੱਪਣ ਅਤੇ ਪ੍ਰਭੁਤਾ ਨੇ ਬੇਚੈਨ ਕਰ ਛਡਿਆ। ਕਿੰਨੀ ਨਿੱਕੀ ਜਿਹੀ ਗੱਲ ਅਤੇ ਦੁਨਿਆਂ ਵਿਚ ਮੇਰੀ ਲਾਹਪਾਹ! ਹੁਣ ਜਦੋਂ ਸਤਿਗੁਰਾਂ ਪਾਸ ਮੈਂ ਗਿਆ ਤਾਂ ਬੇਨਤੀ ਕੀਤੀ : ਦੀਨ ਦਿਆਲ, ਅਸੀਂ ਤਾਂ ਪੈਰ ਪੈਰ ਤੇ ਗੁਨਾਹ ਕਰਨ ਵਾਲੇ ਹਾਂ ਪਰ ਆਪ ਨੇ ਮੇਰੀ ਭਾਈਚਾਰੇ ਵਿਚ ਲਾਹਪਾਹ ਕਰਕੇ ਕੱਖੋਂ ਹੌਲਾ ਕਰ ਦਿਤਾ। ਰਾਤ ਮੇਰੀ ਅੱਖ ਨਹੀਂ ਲਗੀ। ਸੱਚੇ ਪਾਤਸ਼ਾਹ ਜੀ ਨੇ ਮੇਰੀ ਸਾਰੀ ਪੀੜ ਚੁਣ ਲਈ, ਜਦੋਂ ਆਖਿਆ : ਕਪੂਰ ਸਿੰਘਾ! ਤੇਰਾ ਖ਼ਿਆਲ ਹੀ ਮੈਂ ਸੋਚਾ ਸਾਂ! ਜੇ ਤੇਰੇ ਵਰਗੇ ਸਿੱਖ ਇੰਜ ਮਰਿਆਦਾ ਉਲੰਘਣ ਕਰਨ ਤਾਂ ਮੈਂ ਮਾੜੇ ਸਿੱਖਾਂ ਨੂੰ ਕੀ ਕਹਾਂਗਾ। ਰਾਤੀਂ ਦੀਵਾਨ ਵਿਚ ਆਇਆ ਸੈਂ?

ਡਾ: ਕਪੂਰ ਸਿੰਘ ਨੇ ਮੈਨੂੰ ਦੱਸਿਆ : ਮੈਂ ਅਰਜ਼ ਕੀਤੀ, ਸੱਚੇ ਪਾਤਸ਼ਾਹ, ਜੀ। ਆਇਆ ਤੇ ਸਾਂ, ਪਰ ਡਰਦੇ ਡਰਦੇ ਮੱਥਾ ਟੇਕ ਕੇ ਪਛਿੱਤੇ ਜਿਹੇ ਹੋ ਕੇ ਬੈਠ ਗਿਆ ਸਾਂ ਕਿ ਕਿਤੇ ਮੇਰੀ ਧੁਣ ਵੀ ਹਜ਼ਾਰ ਵਾਰਾਂ ਸੈ ਕੋਏ ਵਿਚ ਨ ਰੱਖ ਜਾਇ! ਸਤਿਗੁਰਾਂ ਧੀਰਜ ਦਿੱਤਾ : ਮੈਂ ਵੀ ਵੇਖਾ ਸਾਂ, ਸੰਤ ਬੁਧ ਸਿੰਘ ਸ਼ੇਖੂਪੁਰੀਏ ਦੇ ਪਰਵਾਰ ਵਿਚੋਂ ਇਕ ਤੂੰ ਹੀ ਤਾਂ ਸੈਂ ਜੋ ਹਰ ਸਾਲ ਭੈਣੀ ਸਾਹਿਬ ਜ਼ਰੂਰ ਅਪੜਦਾ ਸੈਂ ਅਤੇ ਤੂੰ ਵੀ ਆਪ ਹੁਦਰੀ ਕਰ ਲਈ!! ਇੰਜ ਸਤਿਗੁਰੂ ਜੀ ਨੇ ਮੇਰੀ ਝਾੜ ਝੰਬ ਕਰਕੇ ਫਿਰ ਗਲ ਲਾ ਲਿਆ। ਬਖ਼ਸ਼ਸ਼ ਕਰ ਦਿਤੀ। ਸਾਡੇ ਮਨਾਂ ਦਾ ਮੀਤ ਵੀ ਤਾਂ ਸਤਿਗੁਰੂ ਹੀ ਹੈ। ਸਿੱਖ ਦਾ ਸਤਿਗੁਰਾਂ ਬਿਨਾਂ ਕਿਵੇਂ ਸਰੇ!

ਡਾ: ਕਪੂਰ ਸਿੰਘ ਹੁਰਾਂ ਜਿਵੇਂ ਆਪ ਬੀਤੀ ਸੁਣਾ ਕੇ ਮੈਨੂੰ ਵੀ ਨਿਹਾਲ ਦਿਤਾ।

## ਸ. ਕਰਮਜੀਤ ਸਿੰਘ

ਉਸ ਵੇਲੇ ਡਾ: ਕਪੂਰ ਸਿੰਘ ਅਜੇ ਸਤਿਗੁਰੂ ਜੀ ਪਾਸ ਅੰਦਰ ਹੀ ਸਨ ਕਿ ਲਖਨਊ ਵਿਚ, ਨਾਮਧਾਰੀਆਂ ਦੀਆਂ ਜੜ੍ਹਾਂ ਲਗਾਣ ਵਾਲੇ ਸਵਰਗਵਾਸੀ ਸ. ਬਹਾਦੁਰ ਸ. ਸ਼ਿੰਗਾਰਾ ਸਿੰਘ ਜੀ ਦੇ ਵੱਡੇ ਸਪੁਤਰ ਸ. ਕਰਮਜੀਤ ਸਿੰਘ ਆਨਰੇਰੀ ਮਜਿਸਟਰੇਟ ਆਪਣੀ ਧਰਮ ਪਤਨੀ ਅਤੇ ਇਕ ਨੂੰਹ ਨਾਲ ਗੁਰੂ ਕੇ ਦਰਸ਼ਨਾਂ ਨੂੰ ਆ ਗਏ। ਪਹਿਲੀ ਛੱਤੇ, ਅਗਲੇ ਵਰਾਂਡੇ ਵਿਚ ਕਾਫ਼ੀ ਰੌਣਕ ਸੀ। ਬਹੁਤ ਸਾਰੇ ਦਰਸ਼ਨ ਯਾਚਕ ਏਥੇ ਬੈਠੇ ਸਨ। ਨਾਲ ਦੇ ਕਮਰੇ ਵਿਚ ਮਾਤਾ ਜੀ, ਬੀਬਾ ਜੀ, ਠਾਕੁਰ ਉਦੇ ਸਿੰਘ ਜੀ ਅਤੇ ਉਸਤਾਨੀ ਬੀਬੀ ਨਰਿੰਦਰ ਦਾ ਪਰਵਾਰ ਬੈਠੇ ਗੱਲ੍ਹ ਬਾਤ ਕਰ ਰਹੇ ਸਨ। ਸ੍ਰ.



Sri Satguru Jagjit Singh Ji Elibrary NamdhariElibrary@gmail.com

ਕਰਮਜੀਤ ਸਿੰਘ ਵੀ 10-15 ਮਿੰਟ ਸ੍ਰੀ ਸਤਿਗੁਰੂ ਜੀ ਪਾਸ ਲਾ ਕੇ, ਮੈਨੂੰ ਦੇਖ ਕੇ ਰੁਕ ਗਏ। ਮੇਰੇ ਪਾਸ ਮਾਈਕਰੋ ਕੈਸੇਟ ਰੀਕਾਰਡਰ ਵੇਖ ਕੇ, ਵਿਗਿਆਨਕ ਪ੍ਰਗਤੀ ਉਤੇ ਅਸਚਰਜਤਾ ਪਰਗਟ ਕਰਦਿਆਂ, ਸ੍ਰੀ ਸਤਿਗੁਰੂ ਜੀ ਬਾਰੇ ਇਹ ਸ਼ਬਦ ਰੀਕਾਰਡ ਕਰਵਾਏ : ਸਤਿਗੁਰੂ ਜੀ ਦੇ ਦਰਸ਼ਨ ਕਰਕੇ ਮੈਨੂੰ ਇਕ ਚੀਜ਼ ਯਾਦ ਆਈ ਹੈ—

ਮਾਹ ਦੇਖਾ ਹੈ, ਮਹਿਤਾਬ ਦੇਖਾ ਹੈ।
ਏਕ ਸੇ ਏਕ ਲਾ ਜਵਾਬ ਦੇਖਾ ਹੈ।
ਬਹਿਕ ਜਾਇ ਖੁਦਾ ਭੀ, ਖੁਦਾ ਕੀ ਕਸਮ :
ਮੈਂ ਨੇ ਐਸਾ ਸ਼ਬਾਬ ਦੇਖਾ ਹੈ।

ਗੁਰੂ ਮਹਾਰਾਜ ਉਪਰ ਐਸਾ ਨੂਰ ਹੈ, ਏਸ ਗੱਦੀ ਤੇ ਨਸ਼ੀਨ ਹਨ, ਮਹਾਰਾਜ ਪ੍ਰਤਾਪ ਸਿੰਘ ਜੀ ਭੀ ਗੱਦੀ ਉਪਰ ਹੈਨ, ਸਤਿਗੁਰੂ ਰਾਮ ਸਿੰਘ ਜੀ ਦੀ ਗੱਦੀ ਉਤੇ ਬਿਰਾਜਮਾਨ ਹਨ, ਇਹਨਾਂ ਉਤੇ ਰੌਣਕ ਹੈ। ਇਹਨਾਂ ਦੇ ਚਿਹਰੇ ਉਤੇ ਰੌਣਕ ਹੈ। ਇਹ ਸਾਰੀ ਕੌਮ ਦੀ ਰਾਹਨੁਮਾਈ ਕਰਦੇ ਹੈਨ। ਮੈਂ ਸਤਿਗੁਰਾਂ ਦਾ ਤੇ ਸੰਗਤਾਂ ਦਾ ਬਹੁਤ ਬਹੁਤ ਧਨਵਾਦ ਕਰਦਾ ਹਾਂ।

## ਸ੍ਰੀ ਗੁਰਦੇਵ ਸਿੰਘ ਸਰੋਦ

ਗੁਰਦੇਵ ਸਿੰਘ ਸਰੋਦ, ਇਸ ਸਤਿਗੁਰੂ ਪ੍ਰਤਾਪ ਸਿੰਘ ਹੋਏ ਸਿਮ੍ਰਤੀ ਸੰਗੀਤ ਸੰਮੇਲਨ ਦਾ, ਸਤਿਗੁਰੂ ਜੀ ਦੀ ਕਿਰਪਾ ਨਾਲ, ਮੁਖ ਸੰਜੋਜਕ ਹੈ। ਖ਼ਰਚ ਠੇਕੇਦਾਰ ਹਰਭਜਨ ਸਿੰਘ ਲਖਨਊ ਦਾ, ਰਾਇ ਮਹਾਰਾਜ ਬੀਰ ਸਿੰਘ ਜੀ ਦੀ, ਚਿੱਠੀ ਪੱਤਰ ਸ. ਹਰਵਿੰਦਰ ਸਿੰਘ ਹੰਸਪਾਲ ਦਾ ਅਤੇ ਲਖਨਊ ਆਯੋਜਨ ਦੀਆਂ ਕੁੱਲ ਜ਼ਿਮੇਵਾਰੀਆਂ ਗੁਰਦੇਵ ਸਿੰਘ ਦੀਆਂ। ਮੈਂ ਵੀ ਦੋ ਦਿਨ ਨਾਲ ਰਹਿ ਕੇ, ਉਸ ਦੀ ਪਹਿਲਕਦਮੀ, ਪਹੁੰਚ, ਉਤਸ਼ਾਹ ਅਤੇ ਸਮੇਂ ਦੇ ਸਹੀ ਉਪਯੋਗ ਕਰਨ ਦੀ ਸਮਰੱਥਾ ਵੇਖੀ ਹੈ। 32-33 ਸਾਲ ਦਾ ਜੁਆਨ ਜਿਥੇ ਸਰੋਦ ਦਾ ਉਤਕ੍ਰਿਸ਼ਟ ਕਲਾਕਾਰ ਹੈ, ਓਥੇ ਆਪਣੀ ਬਹੁਪੱਖੀ ਯੋਗਤਾ ਕਾਰਨ ਸਤਿਗੁਰੂ ਜੀ ਦੀ ਅਤੇ ਆਪਣੇ ਉਸਤਾਦ ਅਮਜਦ ਅਲੀ ਦੀ ਸ਼ਾਗਿਰਦੀ ਦੀ ਸ਼ੋਭਾ ਵੀ ਵਧਾ ਰਿਹਾ ਹੈ। ਜਿਨ੍ਹਾਂ ਹੋਰ ਦੋ ਪ੍ਰਮੁਖ ਹਸਤੀਆਂ ਨੇ ਇਸ ਆਯੋਜਨ ਕਰਨ ਵਿਚ ਸਹਾਇਕ ਹੋਣਾ ਸੀ, ਉਹਨਾਂ ਵਿਚ ਸ੍ਰੀ ਮਹਾਰਾਜ ਬੀਰ ਸਿੰਘ ਜੀ ਤਾਂ ਰਾਤ 1 ਵਜੇ ਆਏ ਹਨ ਅਤੇ ਸ. ਹੰਸਪਾਲ ਦਾ ਅਜੇ ਤਕ ਪਤਾ ਨਹੀਂ ਕਦੋਂ ਆਏ!

## ਸਤਿਗੁਰੂ ਜੀ ਦੇ ਕਮਰੇ ਵਿਚ

ਹੌਲੀ, ਸਹਿਜੇ, ਅਤੇ ਮੁਨਾਸਬ ਵਿਹਲ ਵੇਖ ਕੇ, ਮੈਂ ਵੀ ਸ੍ਰੀ ਸਤਿਗੁਰੂ ਜੀ ਦੇ ਕਮਰੇ ਵਿਚ ਚਲਾ ਗਿਆ। ਸ੍ਰੀ ਸਤਿਗੁਰੂ ਜੀ ਨੇ ਸ੍ਰੀ ਮਾਨ ਮਹਾਰਾਜ ਦਰਸ਼ਨ ਸਿੰਘ ਜੀ ਰਾਧਾ ਸਵਾਮੀ ਜੀ ਬਾਬਤ ਚੰਦ ਸ਼ਬਦ ਮੈਨੂੰ ਲਿਖਵਾਏ ਜੁ ਸਤਿਗੁਰੂ ਜੀ ਦੇ ਸੰਦੇਸ਼ ਰੂਪ ਵਿਚ ਨਿੱਜੀ ਸਕੱਤਰ ਤਰਸੇਮ ਸਿੰਘ ਨੇ ਅਗੇ ਲਿਖ ਕੇ ਭੇਜਣੇ ਸੀ। ਫਿਰ ਠਾਕੁਰ ਉਦੈ ਸਿੰਘ ਜੀ ਅਤੇ ਸ. ਅਵਤਾਰ ਸਿੰਘ ਅੰਮ੍ਰਿਤਸਰੀ ਅੰਦਰ ਆਏ ਅਤੇ

Sri Satguru Jagjit Singh Ji Elibrary NamdhariElibrary@gmail.com

ਸ਼ਹਿਰ ਘੁੰਮਣ ਫਿਰਣ ਦੀ ਆਗਿਆ ਮੰਗੀ। ਆਗਿਆ ਮਿਲ ਗਈ। ਸਤਿਗੁਰੂ ਜੀ ਨੇ ਮੈਨੂੰ ਅਤੇ ਉਨ੍ਹਾਂ ਨੂੰ ਸੁਣਾਇਆ : ਕਾਕੇ ਨੂੰ ਦਿਲਰੁਬਾ ਸਿੱਖਣ ਲਈ ਆਖਿਆ ਸੀ, ਫਿਰ ਸਿਤਾਰ ਵਾਸਤੇ ਅਤੇ ਇਹ ਹੈ ਕਿ ਹੁਣ ਫਾਰਮ ਦੀਆਂ ਜ਼ਿੰਮੇਵਾਰੀਆਂ ਵਿਚ ਦਿਲਚਸਪੀ ਲੈ ਰਿਹਾ ਹੈ। ਪਰ, ਸੰਗੀਤ ਵਲੋਂ ਦੂਰ ਦੂਰ ਜਾ ਰਿਹਾ ਹੈ। ਠਾਕੁਰ ਜੀ ਨੇ ਦੋਬਾਰਾ ਬੇਨਤੀ ਕੀਤੀ : ਜੇ ਆਪ ਜੀ ਦੀ ਆਗਿਆ ਹੋਵੇ ਤਾਂ ਮੈਂ ਕਲਕੱਤੇ ਨ ਜਾ ਕੇ ਫਾਰਮ ਤੇ ਚਲਾ ਜਾਵਾਂ? ਕੁਝ ਜ਼ਿੰਮੇਵਾਰੀਆਂ ਮੈਂ ਛੇਤੀ ਹੀ ਜਾ ਕੇ ਭੁਗਤਾਣੀਆਂ ਹਨ।

ਉਪ੍ਰੋਕਤ ਟਿੱਪਣੀ ਏਸੇ ਪ੍ਰਸੰਗ ਵਿਚ ਸੀ।

ਠਾਕੁਰ ਜੀ ਦੇ ਅੰਦਰ ਹੁੰਦਿਆਂ ਹੀ ਮਾਤਾ ਚੰਦ ਕੌਰ ਜੀ ਦਾ ਸਨੇਹ, ਬੀਬਾ ਜੀ ਵੀ ਆ ਗਏ ਅਤੇ ਇਨ੍ਹਾਂ ਵੀ ਸ਼ਹਿਰ ਜਾਣ ਦੀ ਆਗਿਆ ਚਾਹੀ ਅਤੇ ਨਾਲ ਹੀ ਮੈਨੂੰ ਸੁਣਾ ਦਿਤਾ : ਤੁਸੀਂ ਸੱਚੇ ਪਾਤਸ਼ਾਹ ਜੀ ਨੂੰ ਪ੍ਰਸ਼ਾਦਾ ਵੀ ਛਕ ਲੈਣ ਦਿਆ ਕਰੋ। ਮੈਂ ਵੀ ਉਸੇ ਟੋਨ ਵਿਚ ਆਖਿਆ : ਤੁਸੀਂ ਤਾਂ ਸਦਾ ਹੀ ਕੋਲ ਰਹਿੰਦੇ ਓ, ਸਾਨੂੰ ਵੀ ਕਦੇ ਨ ਕਦੇ ਕੋਲ ਬਹਿ ਲੈਣ ਦਿਆ ਕਰੋ।

ਆਗਿਆ ਲੈ ਕੇ ਬੀਬਾ ਜੀ ਵੀ ਚਲੇ ਗਏ।

## ਸ. ਕਰਮਜੀਤ ਸਿੰਘ

ਜਦੋਂ ਸੱਚੇ ਪਾਤਸ਼ਾਹ ਕਮਰਿਓਂ ਬਾਹਰ ਨਿਕਲੇ ਤਾਂ ਅਗੇ ਸ. ਕਰਮਜੀਤ ਸਿੰਘ ਅਤੇ ਪਰਵਾਰ, ਅਤੇ ਕੁਝ ਹੋਰ ਸਿੰਘ ਇੰਤਜ਼ਾਰ ਵਿਚ ਖਲੋਤੇ ਸਨ। ਸਤਿਗੁਰੂ ਜੀ ਦੇ ਦਰਸ਼ਨਾਂ ਤੋਂ ਕ੍ਰਿਤਾਰਥ ਹੋਏ ਸਰਦਾਰ ਜੀ ਨੇ ਪਹਿਲਾਂ ਲਿਖੀ ਰੁਬਾਈ ਸੰਗਤ ਨੂੰ ਵੀ ਸੁਣਾਈ। ਪ੍ਰੇਮ ਵਿਭੋਰ ਹੋਏ ਸਤਿਗੁਰੂ ਜੀ ਨਾਲ ਬਚਨ ਕਰਦੇ ਰਹੇ। ਸਤਿਗੁਰੂ ਜੀ ਨੇ ਸ. ਕਰਮਜੀਤ ਸਿੰਘ ਦੀ ਪਤਨੀ ਨੂੰ ਆਖਿਆ : ਅੱਜ ਤਾਂ ਤੁਸੀਂ ਆਏ ਨਹੀਂ। ਕਲ੍ਹ ਸਵੇਰੇ 4 ਵਜੇ ਮੈਂ ਕੋਠੀ ਭੇਜਾਂਗਾ। ਸਕੇਸ਼ ਇਸ਼ਨਾਨ ਕਰਕੇ ਬੱਚਿਆਂ ਸਮੇਤ ਆਉਣਾ। ਅੱਜ ਸ਼ਾਮ ਨੂੰ ਦੀਵਾਨ ਵਿਚ ਵੀ ਸਮੇਂ ਸਿਰ ਆਉਣਾ। ਸਰਦਾਰ ਜੀ ਨੇ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ। ਸਤਿਗੁਰੂ ਜੀ ਨੇ "ਮਾਹ ਦੇਖਾ ਹੈ, ਮਹਿਤਾਬ ਦੇਖਾ ਹੈ" ਰੁਬਾਈ ਸੁਣ ਕੇ ਬਚਨ ਕੀਤਾ : ਮੈਂ ਪਾਣੀ ਪਾਣੀ ਹੁੰਦਾ ਜਾ ਰਿਹਾ ਸਾਂ ਪਰ ਫਿਰ ਮੈਂ ਸੋਚਿਆ, ਜੇ ਮੇਰੇ ਵਿਚ ਇਹ ਗੁਣ ਹੀ ਨਹੀਂ ਤਾਂ ਮੇਰੇ ਤੇ ਕੀ ਪ੍ਰਭਾਵ!

ਜਦੋਂ ਸਰਦਾਰ ਜੀ ਨੂੰ ਸਕੇਸ਼ ਸ਼ਨਾਨ ਕਰਕੇ ਸਵੇਰੇ ਚਾਰ ਵਜੇ ਆਉਣ ਲਈ ਕਿਹਾ ਗਿਆ ਤਾਂ ਸਰਦਾਰ ਜੀ ਨੇ ਪੁਰਾਣੀ ਨੇੜਤਾ ਨੂੰ ਚੇਤੇ ਕਰਵਾਉਂਦਿਆਂ ਆਖਿਆ : ਬਸ ਮਹਾਰਾਜ, ਜ਼ਰਾ ਜਿੰਨੀ ਛੁਟ ਦੇ ਦਿਓ, ਸਵੇਰੇ ਸਕੇਸ਼ ਸ਼ਨਾਨ ਕਠਨ ਹੈ। ਸਤਿਗੁਰੂ ਜੀ ਨੇ ਵਿਨੋਦ ਕੀਤਾ : ਚੰਗਾ ਜ਼ਰਾ ਜਿੰਨੀ ਛੁਟ ਦਿੰਦਾ ਹਾਂ, ਸਾਰੇ ਕੇਸਾਂ ਵਿਚ ਜਲ ਪਾ ਲੈਣਾ ਪਰ ਵਿਚ ਵਾਲ ਸੁੱਕਾ ਰਹਿਣ ਦੇਣਾ।

ਅਤੇ ਫਿਰ ਹਾਸੇ ਦੀ ਫੁਹਾਰ ਛੁੱਟ ਪਈ।



Sri Satguru Jagjit Singh Ji Elibrary NamdhariElibrary@gmail.com

## ਚਰਨਾਂ ਦੀ ਅਰਜ਼

ਏਥੇ ਖਲੋਤਿਆਂ ਹੀ ਜਥੇਦਾਰ ਹਜ਼ਾਰਾ ਸਿੰਘ ਨੇ, ਇਕ ਬਜ਼ੁਰਗ ਇਸਤਰੀ ਵਲ ਸ਼ਾਰਾ ਪੁਆ ਕੇ, ਸ੍ਰੀ ਸਤਿਗੁਰੂ ਜੀ ਨੂੰ ਉਹਦੇ ਘਰ ਚਰਨ ਪਾਉਣ ਦੀ ਬੇਨਤੀ ਕੀਤੀ ਕਿਉਂਕਿ ਉਹਦਾ ਪਤੀ ਜਦੋਂ ਕਦੇ ਵੀ ਸਤਿਗੁਰੂ ਜੀ ਲਖਨਊ ਆਏ, ਜ਼ਰੂਰ ਅਤੇ ਆਗ੍ਰਹਿ ਕਰਕੇ ਘਰ ਚਰਨ ਪੁਆਂਦਾ। ਹੁਣ ਉਹ ਆਪ ਇਹੋ ਅਰਜ਼ ਕਰਨ ਆਈ ਹੈ। ਸੱਚੇ ਪਾਤਸ਼ਾਹ ਜੀ ਨੇ ਆਪਣੇ ਸਕੱਤਰ ਤਰਸੇਮ ਸਿੰਘ ਨੂੰ ਨੋਟ ਕਰਵਾਣ ਲਈ ਆਖਿਆ ਅਤੇ ਨਾਲ ਹੀ ਸੂਬਾ ਜੀ ਦੇਸ਼ੀ ਵਰਕੇ ਕਿਸੇ ਜਾਣਕਾਰ ਨੂੰ ਉਸ ਸਮੇਂ, ਨਾਲ ਚਲਣ ਦੀ ਪੱਕੀ ਕੀਤੀ।

ਬਾਅਦ ਵਿਚ, ਪਤਾ ਲੱਗਾ, ਰਾਤੀਂ ਦੀਵਾਨ 'ਚੋਂ ਉੱਠ, ਕੁਝ ਜਲ ਪਾਨ ਕਰ, ਕਾਰ ਸਵਾਰ ਹੋ ਅਮੀਨਾਬਾਦ ਨਜ਼ਦੀਕ ਉਸ ਮਾਤਾ ਦੇ ਘਰ ਸਤਿਗੁਰੂ ਜੀ ਦਰਸ਼ਨ ਦੇਣ ਪਧਾਰੇ। ਇਕ ਕਾਰ ਹੋਰ ਵੀ ਸਿੰਘਾਂ ਦੀ ਨਾਲ ਗਈ। ਅਫ਼ਸੋਸ ਹੈ ਕਿ ਮਾਤਾ ਜੀ ਦਾ ਨਾਮ ਨਹੀਂ ਯਾਦ ਰਹਿ ਸਕਿਆ।

## ਕਲਕੱਤੇ ਲਈ ਤਿਆਰੀਆਂ

ਏਥੇ ਨਾਲ ਲੱਗਦਿਆਂ ਦੱਸ ਦਿਆਂ ਕਿ ਹੇਠਾਂ ਬੈਠਕ ਵਿਚ ਸੰਤ ਤਰਸੇਮ ਸਿੰਘ ਠੇਕੇਦਾਰ ਹਰਭਜਨ ਸਿੰਘ ਅਤੇ ਉਹਦੇ ਵੀਰ ਸ. ਹਰਮੋਹ ਸਿੰਘ ਨੂੰ ਲਿਖਾ ਰਿਹਾ ਸੀ ਕਿ ਸਮੇਲਨ ਸਮਾਪਤੀ ਉਪਰੰਤ ਕੌਣ ਕੌਣ ਕਿਧਰ ਨੂੰ ਜਾ ਰਿਹਾ ਹੈ ਅਤੇ ਉਹਨਾਂ ਲਈ ਰੇਲਵੇ ਸੀਟਾਂ ਬੁਕ ਕਰਵਾਣੀਆਂ ਹਨ। ਮੈਨੂੰ ਵੀ ਸਤਿਗੁਰਾਂ ਦੀ ਇੱਛਾ ਦੱਸੀ ਗਈ, ਕਲਕੱਤੇ ਜਾਣ ਲਈ। ਕਲਕੱਤੇ ਵਿਚ 8 ਜਾਂ 9 ਫ਼ਰਵਰੀ ਨੂੰ ਵੱਡੀ ਸੰਗੀਤ ਪ੍ਰੋਗਰਾਮ ਹੋ ਰਿਹਾ ਹੈ ਜਿਸ ਵਿਚ ਉਸਤਾਦ ਵਲਾਇਤ ਖਾਂ ਦੇ ਲੜਕੇ ਸ੍ਰੀ ਸੁਜਾਤ ਨੇ ਸਿਤਾਰ ਦਾ ਪ੍ਰੋਗਰਾਮ ਦੇਣਾ ਹੈ। ਖਾਨ ਸਾਹਿਬ ਨੇ ਇਸਰਾਰ ਕੀਤਾ ਹੈ ਕਿ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਪਰਵਾਰ ਸਮੇਤ ਉਸ ਪ੍ਰੋਗਰਾਮ ਵਿਚ ਦਰਸ਼ਨ ਦੇਣ ਦੀ ਕਿਰਪਾ ਕਰਨ। ਇਸ ਲਈ, ਕੁਝ ਸੱਜਣ ਏਥੋਂ ਹੀ ਸਿੱਧੇ ਕਲਕੱਤੇ ਨੂੰ ਜਾਣਗੇ।

ਪੂਰਾ ਪਤਾ ਕਲਕੱਤੇ ਗਿਆਂ ਹੀ ਲੱਗੇਗਾ। ਮੈਂ ਇਸ ਬਾਰੇ ਕਿਸੇ ਨੂੰ ਪੁਛ ਪੁਛਾ ਨਹੀਂ ਰਿਹਾ।

## ਪ੍ਰਬੰਧਕੀ ਤਿਆਰੀਆਂ

ਅੱਜ ਮਹਾਂਰਾਜ ਬੀਰ ਸਿੰਘ ਜੀ, ਗੁਰਦੇਵ ਸਿੰਘ ਵੀ ਜੋਸ਼ੀ ਅਤੇ ਸ੍ਰੀ ਪ੍ਰੀਤਮ ਸਿੰਘ ਪੰਛੀ, ਪ੍ਰਭਾਤ ਪ੍ਰੈਸ, 'ਦੀ ਪਾਇਓਨੀਅਰ', ਲਖਨਊ ਰੇਡੀਓ ਸਟੇਸ਼ਨ ਅਤੇ ਬੀਬੀ ਸੁਸ਼ੀਲਾ ਮਿਸ਼ਰਾ ਤਕ ਪਹੁੰਚੇ। ਮੈਂ ਨਾਲ ਨ ਹੋਣ ਕਰਕੇ ਵਧੇਰੇ-ਸਰਗਰਮੀਆਂ ਤੋਂ ਅਣਭਿੱਜ ਰਿਹਾ।

ਜਦੋਂ ਰੇਡੀਓ ਰੀਲੇਅ ਫ਼ੀਚਰ ਪ੍ਰੋਗਰਾਮ ਵਾਲੇ ਮਿ: ਸਿਨਹਾ ਨੂੰ ਮਿਲ ਕੇ ਗੁਰਦੇਵ ਸਿੰਘ ਸਰੋਦ ਵਾਪਸ ਆਇਆ ਤਾਂ ਉਹ ਕਲ੍ਹ ਦੇ ਪ੍ਰੋਗਰਾਮ ਵਿਚ ਸਤਿਗੁਰੂ ਜੀ ਦਾ



Sri Satguru Jagjit Singh Ji Elibrary NamdhariElibrary@gmail.com

ਸਾਖਿਆਤਕਾਰ ਲੈਣ ਦੀ ਪਰਵਾਨਗੀ ਕਰਵਾ ਕੇ ਹੀ ਪਰਤਿਆ । ਉਸਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਕੱਲ੍ਹ ਦੇ ਨਿਸ਼ਚਿਤ ਸਮੇਂ ਨੂੰ ਰੇਡੀਓ ਵਾਸਤੇ ਰਾਖਵਾਂ ਰਖਣ ਦੀ ਬੇਨਤੀ ਕੀਤੀ । ਸਮਾਂ 11 ਵਜੇ ਦਿਨੇ ।

## ਚਰਚਾ ਅਖ਼ਬਾਰਾਂ ਵਿਚ

11.30 ਤਕ ਸ. ਜਗਦੀਸ਼ ਸਿੰਘ ਸੰਪਾਦਕ 'ਵਰਿਆਮ' ਵੀ ਜਲੰਧਰੋਂ ਆਣ ਪਹੁੰਚਾ । ਸਾਨੂੰ ਪਰਸਪਰ ਮਿਲ ਕੇ ਬੜਾ ਚਾਅ ਚੜ੍ਹਦਾ ਹੈ । ਉਸ ਦੱਸਿਆ ਕਿ ਜਲੰਧਰ ਦੇ ਸਾਰੇ ਅਖ਼ਬਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਲੇਖ ਛਾਪਣਗੇ । ਉਸ ਨੇ 'ਜੱਗ ਬਾਣੀ' ਰੋਜ਼ਾਨਾ ਨੂੰ, ਮੇਰਾ ਕਿਸੇ ਪੁਸਤਕ 'ਚੋਂ ਲੇਖ ਕੱਢ ਕੇ ਛਾਪਣ ਹਿਤ ਦਿਤਾ ਹੈ ।

12.30 ਤਕ ਦਿੱਲੀ ਤੋਂ ਸੰਤੂਰ ਵਾਦਕਾਂ ਦੀ ਜੋੜੀ ਪਹੁੰਚ ਗਈ । ਸ: ਹਰਜਿੰਦਰ ਸਿੰਘ ਅਤੇ ਇੰਗਲੈਂਡੀਆ ਕਿਰਨਪਾਲ ਸਿੰਘ । ਦੋਵੇਂ ਸ੍ਰੀ ਸ਼ਿਵ ਕੁਮਾਰ ਸ਼ਰਮਾ ਸੰਸਾਰ ਪ੍ਰਸਿਧ ਸੰਤੂਰ ਵਾਦਕ ਦੇ ਸ਼ਾਗਿਰਦ ਹਨ । ਸੰਗਤ ਹੋਰ ਵੀ ਦੂਰ ਨੇੜਿਓਂ ਪਹੁੰਚ ਗਈ । ਲਖਨਊ ਦੇ ਇਸ ਇਲਾਕੇ ਵਿਚ ਨਾਮਧਾਰੀਆਂ ਦਾ ਜਿਵੇਂ ਪ੍ਰਭੂਤਵ ਹੈ ।

ਜਿਸ ਘਰ ਸਾਡਾ ਡੇਰਾ ਹੈ, ਕੁਲਦੀਪ ਸਿੰਘ ਰਛਪਾਲ ਕੌਰ ਦੇ ਘਰ, ਉਨ੍ਹਾਂ ਦਾ ਸੇਵਾ ਘੇਰਾ ਵਧ ਗਿਆ ਹੈ । ਕਿਉਂਕਿ ਉਨ੍ਹਾਂ ਦੇ ਦੋ ਕਮਰਿਆਂ ਵਿਚ ਪ੍ਰਾਹੁਣੇ ਹੀ ਪ੍ਰਾਹੁਣੇ ਹਨ । ਉਹ ਆਪ ਅੱਧੀ ਅੱਧੀ ਰਾਤ ਤਕ ਸੇਵਾ ਕਰਕੇ ਫੇਰ ਕੂੰਜੇ ਬਿਰਾਜਦੇ ਹਨ । ਇਹੋ ਹਾਲ ਆਲਮ ਬਾਗ਼ ਦੇ ਸਾਰੇ ਘਰਾਂ ਦਾ ਹੈ ।

ਗੁਰਮੁਖ ਓਨੇ ਮੌਂਵਦੇ ਜਿੰਨੇ ਛੱਪਰ ਕੱਖ ।
ਮਨਮੁਖ ਇਕ ਨ ਮੌਂਵਦਾ ਛੱਪਰ ਚੌੜੀ ਹੱਥ ।

## ਸਤਿਕਾਰ ਕਿਹਦਾ, ਕਿੰਨਾ ਅਤੇ ਕਿਉਂ

ਸੰਤ ਤਰਸੇਮ ਸਿੰਘ ਨੇ ਕਿਧਰੇ ਸੰਤ ਮਹਾਰਾਜ ਦਰਸ਼ਨ ਸਿੰਘ ਜੀ ਰਾਧਾ ਸਵਾਮੀ ਨੂੰ ਗੁਰੂ ਦਾ ਸੰਦੇਸ਼ ਦਿੰਦਿਆਂ ਸਤਿਕਾਰ ਵਜੋਂ 'ਚਰਨਾਂ ਤੇ ਨਮਸਕਾਰ' ਲਿਖੀ । ਪਰ ਨਾਲ ਹੀ ਤਰਸੇਮ ਸਿੰਘ ਝਿਜਕਿਆ, ਆਪਣੀ ਮਾਨਤਾ ਕਰਕੇ ਕਿ ਸਤਿਗੁਰਾਂ ਦੇ ਚਰਨਾਂ ਬਿਨਾਂ ਹੋਰਥੇ ਝੁਕਣਾ ਕਿਉਂ ਅਤੇ ਉਹ ਚਰਨ ਕਿਉਂ ? ਸ੍ਰੀ ਸਤਿਗੁਰੂ ਜੀ ਨੇ ਆਪਣੇ ਸਕੱਤਰ ਦਾ ਸ਼ੰਕਾ ਨਵਿਰਤ ਕਰਨ ਹਿਤ ਸਮਝਾਇਆ : ਆਦਰਯੋਗ ਵਿਅਕਤੀਆਂ ਨੂੰ ਆਦਰ ਦੇਣ ਵਿਚ ਸੰਕੋਚ ਕਿਉਂ ? ਫੇਰ ਤੁਸੀਂ ਸਣੇ ਮੈਨੂੰ ਪਿਆਰ ਅਤੇ ਸਤਿਕਾਰ ਦੇਣ ਵਾਲੇ ਨੂੰ ਇੰਜ ਲਿਖਦੇ ਹੋ ਤਾਂ ਠੀਕ ਹੀ ਹੈ । ਤੁਸਾਂ ਵੀ ਨਮਰਤਾ ਨਾਲ ਵਰਤਣਾ ਹੈ । ਚੇਤੇ ਰੱਖਣ ਵਾਲੀ ਗੱਲ ਇਹ ਹੈ ਇੰਜ ਕਰਦਿਆਂ ਅਸੀਂ ਆਪਣੀ ਨਿਸ਼ਚਾ ਨਹੀਂ ਗਵਾਂਦੇ ।

ਸਤਿਗੁਰੂ ਜੀ ਨੇ ਇਕ ਮਿਸਾਲ ਦਿਤੀ : ਇਕ ਵਾਰ ਮੈਨੂੰ ਅਤੇ ਮਹਾਰਾਜ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰਦਾਰ ਬਹਾਦੁਰ ਭਾਈ ਕਾਨ੍ਹ ਸਿੰਘ ਨਾਭਾ ਦੇ ਕਿਸੇ ਭਰਾ ਜਾਂ ਭਤੀਜੇ ਦੇ ਵਿਆਹ ਤੇ ਭੇਜਿਆ । ਨਾਲ ਹੀ ਆਗਿਆ ਕੀਤੀ; ਜਾ ਕੇ



Sri Satguru Jagjit Singh Ji Elibrary NamdhariElibrary@gmail.com

ਚਰਨੀਂ ਹੱਥ ਲਾਉਣਾ । ਵੱਡਿਆਂ ਨੂੰ ਅਦਬ ਨਾਲ ਪੇਸ਼ ਆਉਂਦਿਆਂ ਤੁਹਾਡਾ ਕੁਝ ਨਹੀਂ ਘਟੇਗਾ, ਸਗੋਂ ਵਧੇਗਾ ਹੀ ।

## ਸਦਾ ਨੇੜੇ ਕੌਣ ?

ਡੇਰੇ ਬੈਠਿਆਂ ਹੀ ਦੋ ਸਿੰਘ ਹੋਰ ਦਰਸ਼ਨਾਂ ਨੂੰ ਆਏ । ਇਕ ਸਾਗਰ (ਮੱਧ ਪ੍ਰਦੇਸ਼) ਤੋਂ, ਦੂਜਾ ਜੱਬਲਪੁਰ ਤੋਂ, ਸ. ਹਰਜਿੰਦਰ ਸਿੰਘ ਸੰਤੂਰ ਵਾਦਕ ਦਾ ਪਿਤਾ । ਵੱਖ ਵੱਖ ਕਰਕੇ 101/- ਅਤੇ 51/- ਮੱਥਾ ਟੇਕ ਕੇ ਸਾਗਰ ਵਾਲੇ ਸਿੰਘ ਨੇ ਕਿਹਾ : ਦੀਨ ਦਿਆਲ ਇਹ ਰਕਮ ਤਾਂ ਗਿਆਨੀ ਮੋਹਣ ਸਿੰਘ ਵਲੋਂ ਹੈ ਅਤੇ ਇਹ ਤੁੱਛ ਦਾਸ ਵਲੋਂ । ਅਸੀਂ ਸਾਗਰ ਵਿਚ ਇਕ ਦੋ ਹੀ ਘਰ ਹਾਂ । ਸਾਡੇ ਤੇ ਕਿਰਪਾ ਰਖਣੀ । ਸਾਨੂੰ ਸਦਾ ਧਿਆਨ ਵਿਚ ਰਖਿਆ ਕਰੋ । ਦਾਸ ਹਾਂ ਤੁਹਾਡੇ । ਸਤਿਗੁਰੂ ਜੀ ਨੇ ਉੱਤਰ ਦਿਤਾ : ਬਚਨ ਮੰਨਣ ਵਾਲਾ ਤਾਂ ਸਦਾ ਨੇੜੇ ਹੁੰਦਾ ਹੈ, ਭਾਵੇਂ ਕਿੰਨਾ ਦੂਰ ਬੈਠਾ ਹੋਵੇ । ਸਗੋਂ ਉਹ ਸਾਡਾ ਬੰਧੂ ਹੁੰਦਾ ਹੈ । ਤੁਸੀਂ ਇਕ ਇਕ ਘੰਟਾ ਨਾਮ ਸਿਮਰਨ ਤੇ ਸਣ ਕੇਸੀਂ ਇਸ਼ਨਾਨ ਕਰਿਆ ਕਰੋ । ਸਿਨਮਾ, ਟੈਲੀਵੀਜ਼ਨ ਤੇ ਵਿਡੀਓ ਆਦਿ ਨਾ ਵੇਖਣਾ । ਸਿੱਖ ਨੇ ਹੱਥ ਜੋੜ ਕੇ ਅਰਜ਼ ਕੀਤੀ : ਆਪ ਜੀ ਦੀ ਵਡੀ ਕਿਰਪਾ ਹੈ, ਅਸੀਂ ਇਸ ਕੁਰਾਹੇ ਪਏ ਹੀ ਨਹੀਂ ।

ਫਿਰ ਸਾਗਰ ਵਾਲੇ ਸਿੰਘ ਨੇ ਨਾਲ ਦੇ ਸਿੰਘ (ਸ. ਮੇਲਾ ਸਿੰਘ ਜੱਬਲਪੁਰ) ਵਾਸਤੇ ਅਰਜ਼ ਕੀਤੀ : ਸੱਚੇ ਪਾਤਸ਼ਾਹ ਜੀ, ਇਹਨਾਂ ਤੇ ਵੀ ਕਿਰਪਾ ਕਰੋ । ਪ੍ਰੇਮ ਭਾਵ ਵਲੋਂ ਅਜੇ ਵੈਸੇ ਹੀ ਹਨ । ਸਤਿਗੁਰਾਂ ਬਚਨ ਕੀਤਾ : ਇਹ ਕਿਰਪਾ ਹੀ ਹੈ ਕਿ ਇਹਨਾਂ ਇਕ ਲੜਕਾ ਸਾਨੂੰ ਦਿਤਾ ਹੋਇਆ ਹੈ (ਹਰਜਿੰਦਰ ਸਿੰਘ ਸੰਤੂਰ ਵਾਦਕ) । ਅਤੇ ਉਹ ਏਨਾ ਬੀਬਾ ਹੈ ਕਿ ਬੰਬਈ ਵਿਚ ਸਾਥੋਂ ਰਿਹਾਇਸ਼ ਦਾ ਸਹੀ ਪ੍ਰਬੰਧ ਵੀ ਨਹੀਂ ਕੀਤਾ ਗਿਆ, ਪਰ ਉਸ ਕਦੇ ਸ਼ਕਾਇਤ ਨਹੀਂ ਕੀਤੀ ।

ਉਹਨਾਂ ਸਿੰਘਾਂ ਨੇ ਕੱਲ੍ਹ ਵਾਪਸ ਚਲੇ ਜਾਣ ਦੀ ਆਗਿਆ ਲਈ । ਸਤਿਗੁਰੂ ਜੀ ਨੇ ਅੱਗੇ ਬੱਚਿਆਂ ਵਲ ਧਿਆਨ ਦਿੰਦੇ ਰਹਿਣ ਦੀ ਨਸੀਹਤ ਕੀਤੀ ।

ਸ੍ਰੀ ਹਰਜਿੰਦਰ ਸਿੰਘ ਦੇ ਪਿਤਾ ਨੇ ਮੈਨੂੰ ਬਾਅਦ ਵਿਚ ਦੱਸਿਆ ਕਿ ਉਸਦੇ ਵਡੇ ਭਾਈ ਸ. ਲਛਮਣ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਨਾਲ ਠੇਕੇਦਾਰੀ ਵਿਚ ਵਿਘਨ ਪੈ ਗਿਆ ਅਤੇ ਇਸਦੀ ਆਪਣੀ ਸਿਹਤ ਖ਼ਰਾਬ ਹੋ ਗਈ । ਹੁਣ ਕੁਝ ਨਰਵਸਨੈੱਸ (ਨਿਰਾਸ਼ਾਵਾਦੀ ਵਿਚਾਰਾਂ) ਨੇ ਕਾਬੂ ਪਾਇਆ ਹੈ । ਹਰਜਿੰਦਰ ਸਿੰਘ ਦੇ ਪਿਤਾ ਨੇ ਮੇਰੇ ਨਾਲ ਅੰਤਮ ਗੱਲ ਕੀਤੀ : ਮੈਂ ਤਾਂ ਇਕੋ ਆਸਰਾ ਰਖਿਆ ਹੈ, ਅਰਜ਼ ਵੀ ਇਹਨਾਂ ਅੱਗੇ, ਨਾ ਅਰਜ਼ ਵੀ ਇਹਨਾਂ ਅੱਗੇ ਹੀ । ਇਹ ਸਭ ਜਾਣਦੇ ਹਨ, ਕੀ ਕਰਨਾ ਹੈ ਅਤੇ ਕਦੋਂ ਕਰਨਾ ਹੈ ।

## ਸ਼ਾਮ ਦਾ ਦੀਵਾਨ

ਜਦੋਂ ਸੱਚੇ ਪਾਤਸ਼ਾਹ ਪੰਡਾਲ ਵਿਚ ਪਧਾਰੇ, ਨਾਮ ਸਿਮਰਨ ਆਰੰਭ ਵਿਚ ਅੱਧਾ ਘੰਟਾ ਸਮਾਂ ਰਹਿੰਦਾ ਸੀ । ਅਤੇ ਜਥੇਦਾਰ ਨਿਰੰਜਨ ਸਿੰਘ ਕੱਕੜ ਦਾ ਹੱਲੇ ਦਾ ਦੀਵਾਨ

Sri Satguru Jagjit Singh Ji Elibrary NamdhariElibrary@gmail.com

ਸਾਰੀ ਸੀ। ਉਹ ਕਾਫ਼ੀ ਭਾਰੀ ਅਵਾਜ਼ ਨਾਲ ਉੱਚੀ ਸ਼ਬਦ ਪੜ੍ਹਦਾ ਅਤੇ ਖੁੱਲ੍ਹੀ ਖੁੱਲ੍ਹੀ ਵਿਆਖਿਆ ਜਾਂ ਪ੍ਰਸੰਗਵਸ ਸਾਖੀਆਂ ਸੁਣਾਂਦਾ ਹੈ। ਸਤਿਗੁਰੂ ਜੀ ਦੇ ਦੀਵਾਨ ਵਿਚ ਜਾਂਦਿਆਂ ਹੀ ਸਾਧ ਸੰਗਤ ਨੇ ਉੱਠ ਕੇ ਸੁਆਗਤ ਕੀਤਾ। ਅਤੇ ਸੱਚੇ ਪਾਤਸ਼ਾਹ ਜੀ ਨੇ ਜਥੇਦਾਰ ਜੀ ਦੀ ਬੜੇ ਗੁੰਦਵੇਂ ਅਤੇ ਜਚਵੇਂ ਢੁਲਵੇਂ ਸ਼ਬਦਾਂ ਨਾਲ ਪ੍ਰਸੰਸਾ ਕੀਤੀ।

ਨਾਮ ਸਿਮਰਨ ਸਾਰੀ ਸਾਧ ਸੰਗਤ ਨਾਲ ਮਿਲ ਕੇ ਕੀਤਾ ਗਿਆ ਅਤੇ ਫੇਰ ਕੀਰਤਨ ਵੀ ਬੜੇ ਅਨੰਦ ਨਾਲ ਕੀਤਾ, ਸਾਰੇ ਨਾਮਧਾਰੀ ਗਾਇਕਾਂ ਨੇ। ਮਹਾਰਾਜ ਜੀ ਦੇ ਤਬਲੇ ਨਾਲ ਸਤਿਗੁਰੂ ਜੀ ਨੇ ਗਾਇਕਾਂ ਤੋਂ ਪੁਰਾਣੀਆਂ ਰੀਤਾਂ ਦਾ ਆਨੰਦ ਲਿਆ। 5.30 ਵਜੇ ਦੀਵਾਨ ਦੀ ਸਮਾਪਤੀ ਦੀ ਅਰਦਾਸ ਹੋ ਗਈ।

ਰਾਤੀਂ 7.30 ਤੋਂ ਹੌਲੇ ਦਾ ਦੀਵਾਨ ਆਰੰਭ ਕਰ ਕੇ ਜਥੇਦਾਰ ਨਾਹਰ ਸਿੰਘ ਨੇ 8.30 ਤਕ ਭੋਗ ਪਾ ਦਿੱਤਾ। ਫਿਰ ਛੋਟਾ ਜਿਹਾ ਕਵੀ ਦਰਬਾਰ ਹੋ ਗਿਆ ਜਿਸ ਵਿਚ ਸ੍ਰੀ ਗੁਲਾਮ ਕਿਬਰੀਆਂ, ਰਾਮ ਸਰਨ ਜੀ ਪ੍ਰੇਮ ਲੁਧਿਆਣਵੀ, ਅਤੇ ਸੰਤ ਪ੍ਰੀਤਮ ਸਿੰਘ ਦੀਪਕ ਦਿੱਲੀ ਵਾਲਿਆਂ ਨੇ ਕਵਿਤਾਵਾਂ ਪੜ੍ਹੀਆਂ।

## ਸਰੋਤੇ ਹੋਰ ਆ ਗਏ

ਨਾਮਧਾਰੀ ਸਮਾਜ ਵਿਚ ਸਤਿਗੁਰੂ ਪ੍ਰਤਾਪ ਸਿੰਘ ਹੋਰੀਂ ਸਿਮ੍ਰਤੀ ਸੰਗੀਤ ਸੰਮੇਲਨ ਦੀ ਕਾਫ਼ੀ ਚਰਚਾ ਹੈ। ਅੱਜ ਰਾਤ ਨੂੰ ਕੋਮਤੀ ਐਕਸਪ੍ਰੈਸ ਤੇ ਦਿੱਲੀਓਂ ਇਕ ਹੋਰ ਜਥਾ ਆ ਗਿਆ। ਗਿਆਨੀ ਜਸਵੰਤ ਸਿੰਘ 'ਰਾਜੌਰੀ' ਗਾਰਡਨ ਸਾਰਾ ਸ਼ਾਸਤਰੀ ਸੰਗੀਤ ਪ੍ਰੋਗਰਾਮ ਟੇਪ ਕਰਨ ਹਿਤ ਆਪਣੇ ਸੰਦ ਬੰਦ ਲੈ ਕੇ ਆ ਗਏ। ਸੇਠ ਰਣਜੀਤ ਸਿੰਘ ਚਾਵਲਾ, ਸ. ਹਰਵਿੰਦਰ ਸਿੰਘ ਹੰਸਪਾਲ, ਸੇਠ ਸਪੁੱਤਰ ਸ਼ੇਰ ਸਿੰਘ-ਸੰਤੋਖ ਸਿੰਘ ਲਾਲ ਜੀ ਵੀ ਪਹੁੰਚ ਗਏ। ਸਤਿਗੁਰਾਂ ਦਾ ਚਰਨ ਚੇਰਾ, ਪੰਜਾਬ ਕਾਂਗਰਸ ਦਾ ਪ੍ਰਧਾਨ ਅਤੇ ਪਾਰਲੀਮੈਂਟ ਦਾ ਮੈਂਬਰ ਸ. ਮਹਿੰਦਰ ਸਿੰਘ ਗਿੱਲ ਵੀ ਆ ਗਿਆ। ਇਹਨਾਂ ਨੂੰ ਰਿਹਾਇਸ਼ ਰਾਜਸੀ ਵਿਅਕਤੀ ਸ. ਕਰਮਜੀਤ ਸਿੰਘ ਵਲ ਮਿਲ ਗਈ।

## ਬੁੱਧਾ ਦਿੱਤਾ ਦੀ ਖਿਮਾ ਜਾਚਨਾ

11 ਵਜੇ ਰਾਤੀਂ ਮੈਨੂੰ ਪ੍ਰੀਤਮ ਸਿੰਘ ਪੰਛੀ ਨਾਲ ਗੁਰਦੇਵ ਸਿੰਘ ਸਰੋਦ ਮਿਲਿਆ ਤਾਂ ਉਸ ਦੱਸਿਆ: ਜਦੋਂ ਮੈਂ ਲਖਨਊ ਫੈਸਟੀਵਲ ਵਿਚ ਗਿਆ ਤਾਂ ਸ੍ਰੀ ਬੁੱਧਾ ਦਿੱਤਾ ਮੁਕਰਜੀ ਨੇ ਆਪਣਾ ਸਿਤਾਰ ਵਾਦਨ ਪ੍ਰਸਤੁਤ ਕਰਨ ਤੋਂ ਪਿਛੋਂ ਮੈਨੂੰ ਵੇਖ ਹੀ ਆਪਣੇ ਦਰਜਨਾਂ ਪ੍ਰਸੰਸਕਾਂ ਵਿਚ ਘਿਰਿਆਂ, ਆਖਿਆ: ਮੈਨੂੰ ਖਿਮਾ ਕਰੋ। ਮੈਨੂੰ ਪਤਾ ਹੀ ਨਹੀਂ ਸੀ ਕਿ ਪ੍ਰੋਗਰਾਮ ਇਸ ਤਰ੍ਹਾਂ ਚਲਦੇ ਨਹੀਂ ਹੁੰਦੇ। ਉਹ ਏਨਾ ਹਲੀਮ ਅਤੇ ਖਿਮਾ ਮੰਗਦੀ ਅਵਸਥਾ ਵਿਚ ਸੀ ਕਿ ਅਗਲੀ ਗੱਲ ਕਰਨ ਦੀ ਲੋੜ ਨਹੀਂ ਸੀ। ਪਰ ਉਸ ਨੂੰ ਮੈਂ ਇਹ ਆਖਿਆ ਕਿ ਇਹੋ ਖਿਮਾ ਸਵੇਰੇ 9 ਵਜੇ ਜਾ ਕੇ ਸ੍ਰੀ ਸਤਿਗੁਰੂ ਜੀ ਤੋਂ ਮੰਗੋ। ਇਹ ਬੁੱਧਾ ਦਿੱਤਾ ਦੀ ਵਡਿਆਈ ਸੀ ਕਿ ਉਸਨੇ ਇਹ ਗੱਲ ਸਹਰਸ਼ ਪਰਵਾਨ ਕਰ ਲਈ। ਇਸ ਨਾਲ ਬਹੁਤ ਸਾਰੇ ਹੋਰ ਸੰਕਟ ਟਲ ਗਏ।



Sri Satguru Jagjit Singh Ji Elibrary NamdhariElibrary@gmail.com

# 2 ਫਰਵਰੀ 1979, ਸ਼ੁਕਰਵਾਰ
## ਲਖਨਊ
## ਬਸੰਤ ਪਰਵ ਅਤੇ ਸੰਗੀਤ ਸਮੇਲਨ

### ਦੋ ਆਨੰਦ ਕਾਰਜ

ਬਸੰਤ ਉਤਸਵ ਲਈ ਬਣੇ ਵਿਸ਼ੇਸ਼ ਪੰਡਾਲ ਵਿਚ ਸਵੇਰ ਦੇ 4 ਵਜੇ ਤੋਂ ਹੀ ਸਤਿਗੁਰੂ ਜੀ ਦੇ ਸਨਮੁਖ ਜਥੇਦਾਰ ਦਲੀਪ ਸਿੰਘ ਸੰਤ ਨਗਰ ਦੇ ਜਥੇ ਨੇ ਵਾਰਾਂ ਦੇ ਢੰਗ ਨਾਲ ਬੜਾ ਪ੍ਰਭਾਵਸ਼ਾਲੀ ਕੀਰਤਨ ਕੀਤਾ। 7 ਵਜੇ ਇਸ ਦੀ ਸਮਾਪਤੀ ਹੋ ਗਈ ਤਾਂ ਸ੍ਰੀ ਆਦਿ ਗ੍ਰੰਥ ਜੀ ਦੀ ਬੀੜ ਅਤੇ ਕੜਾਹ ਪ੍ਰਸ਼ਾਦ ਲੈ ਆਂਦੇ ਗਏ। ਸਾਧ ਸੰਗਤ ਅਤੇ ਸਤਿਗੁਰੂ ਜੀ ਨੇ ਮਰਿਆਦਾ ਅਨੁਸਾਰ ਓਹਾਂ ਦਾ ਉੱਠ ਕੇ ਸਤਿਕਾਰ ਕੀਤਾ।

ਅੰਮ੍ਰਿਤ ਵੇਲੇ ਤੋਂ ਹੀ ਹਵਨ ਹੋ ਰਿਹਾ ਸੀ। ਸਮਾਪਤੀ ਉਪਰੰਤ ਉਸਦੇ ਚੁਫਾਸੀਂ ਵੇਦੀ ਗੱਡੀ ਗਈ ਅਤੇ ਨਾਲ ਹੀ ਵਿਆਹ ਯੋਗ ਦੋ ਜੋੜੇ, ਵਿਛਾਏ ਗਏ ਕਪੜਿਆਂ ਤੇ, ਆਨੰਦ ਕਰਵਾਣ ਲਈ ਬੈਠ ਗਏ।

(1) ਸ. ਹਰਦੀਪ ਸਿੰਘ (24), ਗਵਾਲੀਅਰ
ਬੀਬੀ ਸੁਖਵੰਤ ਕੌਰ ਸਪੁਤ੍ਰੀ ਬੀਬੀ ਪ੍ਰਦੀਪ ਕੌਰ, ਜੰਮੂ ਤਵੀ
(2) ਸ. ਸਵਰਨ ਸਿੰਘ ਸਪੁਤ੍ਰ ਸੰਤ ਕੇਸਰ ਸਿੰਘ, ਚੌਰਾ ਫਾਰਮ ਯੂ. ਪੀ.
ਬੀਬੀ ਜੁਗਿੰਦਰ ਕੌਰ (17), ਸਪੁਤ੍ਰੀ ਸੰਤ ਸੋਹਣ ਸਿੰਘ ਅਠਵੰਜਾ ਸਹਾਰਨਪੁਰ।

ਜੋੜਿਆਂ ਨੂੰ ਅੰਮ੍ਰਿਤ ਛਕਾ, ਗੰਢ ਚਤਰਾਵਾਂ ਕਰ, ਲਾਵਾਂ ਪੜ੍ਹਨ ਨਾਲ ਵੇਦੀ ਅੰਦਰ ਫੇਰੇ ਦਿਵਾ ਦਿਤੇ ਗਏ ਅਤੇ ਫਿਰ ਦੋ ਪਾਠਾਂ ਦੇ ਭੋਗ ਪਾਏ ਗਏ। 7.30 ਤਕ ਸਾਰੀ ਕਾਰਵਾਈ ਖ਼ਤਮ ਹੋ ਗਈ।

ਸਤਿਗੁਰੂ ਜੀ ਨੇ ਬੈਠੇ ਜੋੜਿਆਂ ਵਲ ਮੈਨੂੰ ਜ਼ਰਾ ਕੁ ਖੱਬੇ ਹੱਥ ਬੈਠੇ ਜੋੜੇ ਬਾਰੇ, ਇੰਜ ਦੱਸਿਆ: ਇਹ ਲੜਕਾ ਸਵਰਨ ਸਿੰਘ ਸੰਤ ਕੇਸਰ ਸਿੰਘ ਦਾ ਲੜਕਾ, ਪੰਜਾਬ ਦੇ ਰੈਵੇਨਿਊ ਅਤੇ ਪਬਲਿਕ ਰੀਲੇਸ਼ਨ ਮਨਿਸਟਰ ਸ. ਆਤਮਾ ਸਿੰਘ ਦਾ ਸਕਾ ਭਤੀਜਾ ਹੈ।

ਪੰਡਿਤ ਜੀ ਦੁਆਰਾ ਹੋਈ ਅਰਦਾਸ ਤੋਂ ਮਾਲੂਮ ਹੋਇਆ ਕਿ ਅੱਜ 11 ਪਾਠ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਸਨ ਅਤੇ 3 ਪਾਠ ਅਨੰਦ ਕਾਰਜਾਂ ਵਾਲਿਆਂ ਵਲੋਂ।

### ਸ. ਆਤਮਾ ਸਿੰਘ ਦੇ ਭਤੀਜੇ

ਵਿਆਹ ਹੋਣ ਤੋਂ ਪਿਛੋਂ ਇਕ ਸਿੰਘ ਸਤਿਗੁਰਾਂ ਨੂੰ ਮੱਥਾ ਟੇਕਣ ਆਇਆ ਤਾਂ ਆਪ ਜੀ ਨੇ ਪੁੱਛਿਆ: ਤੁਹਾਡੇ ਵਿਚੋਂ ਕੌਣ ਕੌਣ ਆਇਆ ਹੈ? ਉੱਤਰ ਮਿਲਿਆ: ਜੀ ਸਵਰਨ ਸਿੰਘ ਤੋਂ ਬਿਨਾਂ ਮੈਂ ਹਰਜੀਤ ਸਿੰਘ ਅਤੇ ਚਰਨ ਸਿੰਘ। "ਤਾਂ ਤੁਸੀਂ ਤਿੰਨ ਜਣੇ ਤਾਂ ਆਏ ਹੀ ਸੀ। (ਇਹ ਹੈ ਨਾਮਧਾਰੀਆਂ ਦੇ ਵਿਆਹ ਦੀ



Sri Satguru Jagjit Singh Ji Elibrary NamdhariElibrary@gmail.com

ਸਾਦਗੀ। ਵਾਪਸੀ ਸਮੇਂ ਤਿੰਨਾਂ ਨਾਲ ਇਕ ਦੀ ਪਤਨੀ ਚੌਥੀ ਰਲ ਜਾਇਗੀ ਅਤੇ ਘਰ ਪਹੁੰਚ ਜਾਣਗੇ।) "ਚਰਨ ਸਿੰਘ ਕਿੱਥੇ ਹੈ?" ਸਤਿਗੁਰਾਂ ਪੁੱਛਿਆ। ਬੁਲਾ ਕੇ ਲਿਆਂਦਾ ਗਿਆ। ਸਤਿਗੁਰਾਂ ਚਰਨ ਸਿੰਘ ਨੂੰ ਆਖਿਆ: ਪੱਗ ਜਿਵੇਂ ਅਜੀਤ ਸਿੰਘ ਨੇ ਹੁਣ ਬੱਧੀ ਹੈ, ਏਸੇ ਤਰ੍ਹਾਂ ਬੰਨ੍ਹਿਆ ਕਰ। ਨੀਲੀ ਅਤੇ ਕਾਲੀ ਉੱਕਾ ਨਾ ਬੰਨ੍ਹਿਆ ਕਰ। ਸੁਹਣੀ ਨਹੀਂ ਲਗਦੀ। ਤੁਹਾਡਾ ਪਿਤਾ ਸੰਧੀ ਹੁੰਦਾ ਸੀ, ਯਾਦ ਹੈ ਨ? ਤੁਸੀਂ ਸੰਧ ਤਾਂ ਨਹੀਂ ਰਖਦੇ, ਨਿਤਨੇਮ ਤਾਂ ਜ਼ਰੂਰ ਹੀ ਕਰਿਆ ਕਰੋ।

ਫਿਰ ਜਿਸਦਾ ਵਿਆਹ ਹੋਇਆ ਸੀ, ਉਸ, ਸਵਰਨ ਸਿੰਘ ਨੂੰ ਕੋਲ ਸੱਦਿਆ। ਸਤਿਗੁਰਾਂ ਨੇ ਨਿਤਨੇਮ (ਭਜਨ) ਕਰਨ ਅਤੇ ਦਾੜ੍ਹਾ ਨ ਛੇਟਣ ਦੀ ਪ੍ਰੇਰਨਾ ਦਿੱਤੀ। ਚਿਤੰਨ ਵੀ ਕੀਤਾ: ਤੁਹਾਨੂੰ ਪਤਾ ਹੈ ਨ, ਤੁਹਾਡੇ ਤਾਇਆ ਜੀ ਸ. ਆਤਮਾ ਸਿੰਘ ਮਾਲ ਮੰਤਰੀ ਪੰਜਾਬ, ਦਾੜ੍ਹੀ ਕੱਟਿਆਂ ਨੂੰ ਨੌਕਰੀ ਨਹੀਂ ਦਿੰਦੇ। ਤੂੰ ਦਾੜ੍ਹੀ ਵੀ ਖੁਲ੍ਹ ਕੇ ਰਖਣੀ ਹੈ, ਹੁਣ ਵਾਂਗ।

ਹੋਰ ਬਚਨ ਕਰਦਿਆਂ ਉਹਨੂੰ ਇਹ ਵੀ ਦੱਸਿਆ ਕਿ ਆਪ 15 ਫਰਵਰੀ ਤੋਂ 27 ਫਰਵਰੀ ਤਕ ਜੈਲੇ ਨਾਮਧਾਰੀ ਫਾਰਮ ਤੇ ਠਹਿਰਣਗੇ। ਉਹ ਵੀ ਆ ਕੇ ਮਿਲੇ।

ਸ. ਹਰਜੀਤ ਸਿੰਘ, ਸ. ਗਿਆਨ ਸਿੰਘ, ਸ. ਖਜਾਨ ਸਿੰਘ, ਸ. ਚਰਨ ਸਿੰਘ, ਸ. ਸਵਰਨ ਸਿੰਘ, ਇਹ ਪੰਜੇ ਲੜਕੇ ਸੰਤ ਕੇਸਰ ਸਿੰਘ ਕੰਬੋਜ ਦੇ ਹਨ।

ਦੀਵਾਨ ਦੀ ਸਮਾਪਤੀ ਸਮੇਂ ਮੰਚ ਸਕੱਤਰ ਸੰਤ ਸਨਖਤਰਾ ਨੇ ਦੱਸਿਆ ਕਿ ਅੱਜ ਦੌਲੇ ਦਾ ਦੀਵਾਨ ਸੰਤ ਗਿਆਨ ਸਿੰਘ ਬਹਾਦਰ ਹੁਸੈਨ ਵਾਲੇ ਲਾਣਗੇ। ਅਤੇ ਸ਼ਾਮੀਂ 6 ਵਜੇ ਸਾਰੀ ਸੰਗਤ ਹਵੀਂਦ੍ਹਾਲੀ ਵਿਚ ਸਮੇਂ ਸਿਰ ਪਹੁੰਚੇ।

## ਅੱਜ ਦਾ 'ਦੀ ਪਾਇਓਨੀਅਰ'

'ਦੀ ਪਾਇਓਨੀਅਰ' ਰੋਜ਼ਾਨਾ ਜੁ ਲਖਨਊ ਤੋਂ ਹੀ ਪ੍ਰਕਾਸ਼ਤ ਹੁੰਦਾ ਹੈ, ਵਿਚ ਅੱਜ ਬੀਬੀ ਸੁਸ਼ੀਲਾ ਮਿਸ਼ਰਾ ਦਾ ਇਕ ਲੇਖ ਸੀ, ਸਤਿਗੁਰੂ ਜਗਜੀਤ ਸਿੰਘ ਜੀ ਬਾਰੇ, ਆਪ ਜੀ ਦੀ ਫੋਟੋ ਨਾਲ ਪ੍ਰਕਾਸ਼ਤ ਕੀਤਾ ਗਿਆ। ਇਸ ਲੇਖ ਵਿਚ ਬੀਬੀ ਸੁਸ਼ੀਲਾ ਨੇ ਸ੍ਰੀ ਸਤਿਗੁਰੂ ਜੀ ਦਾ ਸ਼ਾਸਤਰੀ ਸੰਗੀਤ ਨਾਲ ਪ੍ਰੇਮ, ਕਲਾਕਾਰਾਂ ਨਾਲ ਸੰਪਰਕ, ਨਾਮਧਾਰੀ ਬੱਚਿਆਂ ਨੂੰ ਸੰਗੀਤ ਪ੍ਰਤੀ ਸਮਰਪਣ ਦੀ ਭਾਵਨਾ ਨਾਲ ਤਿਆਰ ਕਰਨਾ ਅਤੇ ਸਤਿਗੁਰੂ ਪ੍ਰਤਾਪ ਸਿੰਘ, ਜੋਵੇਂ ਸਿਮ੍ਰਤੀ ਸੰਗੀਤ ਸਮੇਲਨ ਕਰਨ ਦੀ ਠੇਕੇਦਾਰ ਹਰਭਜਨ ਸਿੰਘ ਹੁਰਾਂ ਨੂੰ ਮਜ਼ਦੂਰੀ ਦੇਣੀ ਅਤੇ ਇਸ ਵਿਚ ਭਾਗ ਲੈਣ ਵਾਲੇ ਸਰਬ ਸ੍ਰੇਸ਼ਟ ਕਲਾਕਾਰਾਂ ਦੀ ਨਾਮਾਵਲੀ ਵੀ ਸੀ। ਬੀਬੀ ਨੇ ਭਾਵਨਾ ਪ੍ਰਧਾਨ ਹੋ ਸੰਗੀਤ ਬਾਰੇ ਨਿਕੀ ਨਿਕੀ ਗੱਲ ਦੱਸੀ ਹੋਈ ਸੀ। ਇਸ ਅਖ਼ਬਾਰ ਦੇ ਸੰਪਾਦਕੀ ਪੇਜ ਦਾ ਚੋਖਾ ਭਾਗ ਵੀ ਲਖਨਊ ਵਿਚ ਹੋ ਰਹੇ ਸ਼ਾਸਤਰੀ ਸਿਮ੍ਰਤੀ ਸੰਗੀਤ ਸਮੇਲਨ ਦੀ ਚਰਚਾ ਨਾਲ ਭਰਪੂਰ ਸੀ।

## ਸਤਿਗੁਰਾਂ ਦੇ ਡੇਰੇ

7.45 ਤੇ ਜਾ ਕੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਡੇਰੇ ਵਿਖੇ ਥੋੜ੍ਹਾ ਜਿਹਾ ਜਲਪਾਨ



Sri Satguru Jagjit Singh Ji Elibrary NamdhariElibrary@gmail.com

ਕੀਤਾ । ਗੁਰੂ ਚਰਨਾਂ ਵਿਚ ਮੇਰੇ ਪੁਜਣ ਤਕ ਸਤਿਗੁਰੂ ਜੀ ਫਰਸ਼ ਤੇ ਵਿਛੀ ਚਟਾਈ ਉਤੇ ਆਸਣ ਤੇ ਸੁਸ਼ੋਭਿਤ ਸਨ ਅਤੇ ਥੋੜ੍ਹਾ ਜਿਹਾ ਲਾਹਾ, ਇਸ ਵੇਲੇ ਪਿਆਰੀ ਲਗਦੀ ਧੁੱਪ ਦਾ ਲੈ ਰਹੇ ਸਨ ਕਿ ਇਕ ਸਿਖ ਟੇਢੀ ਪੱਗ ਵਾਲਾ, ਪਰ ਪਤਲੂ ਜਿਹਾ ਜਿਸ ਨੇ ਆਪਣਾ ਨਾਮ ਜਸਬੀਰ ਸਿੰਘ ਦੱਸਿਆ, ਗੁਰੂ ਚਰਨਾਂ ਵਿਚ ਹਾਜ਼ਰ ਹੋਇਆ। ਇਹ ਨਾਮਧਾਰੀ ਨਹੀਂ ਸੀ । ਇਸ ਨੇ ਉਪਦੇਸ਼ ਮੰਗਿਆ । ਸਤਿਗੁਰੂ ਜੀ ਨੇ ਭਜਨ ਬਾਣੀ ਕਰਨ, ਮਾਸ ਸ਼ਰਾਬ ਤਿਆਗਣ ਦਾ ਉਪਦੇਸ਼ ਕੀਤਾ । ਪਰ ਜਸਬੀਰ ਸਿੰਘ ਦੀ ਲੋੜ ਸੀ 'ਮਾਇਆ ।' ਸਤਿਗੁਰਾਂ ਤੁਕ ਪੜ੍ਹੀ :

ਕਹੁ ਕਬੀਰ ਜਬ ਤਿਆਗ ਦਈ ।
ਤਬ ਹੀ ਚਰਨੀ ਆਇ ਪਈ ।

ਕੰਮ ਮਿਹਨਤ ਅਤੇ ਈਮਾਨਦਾਰੀ ਨਾਲ ਕਰੋ । ਮਾਇਆ ਵੀ ਆ ਜਾਏਗੀ ।

ਫਿਰ ਦੋ ਬੀਬੀਆਂ ਆਈਆਂ । ਬੀਬੀ ਨਿਰਮਲ ਕੌਰ ਸਪੁਤ੍ਰੀ ਸ. ਗੁਲਾਬ ਸਿੰਘ ਸ਼ਾਹਜਹਾਨਪੁਰ, ਬੀਬੀ ਜਸਬੀਰ ਕੌਰ ਸਪੁਤ੍ਰੀ ਸ. ਕਰਤਾਰ ਸਿੰਘ ਹੈਦਰਾਬਾਦ । ਨਣਾਨ ਭਰਜਾਈ ਸਨ । ਇਹ ਕਿਸੇ ਵਿਆਹ ਸੰਬੰਧਾਂ ਬਾਰੇ ਸਤਿਗੁਰੂ ਜੀ ਨਾਲ ਗੱਲਬਾਤ ਕਰਦੀਆਂ ਰਹੀਆਂ ਪਰ ਆਪ ਜੀ ਨੇੜੇ ਦੇ ਸਾਕਾਂ ਦੀ ਪ੍ਰਵਾਨਗੀ ਨਹੀਂ ਦਿੰਦੇ ।

## ਕਿਰਪਾ ਦੇ ਤਲਬਗਾਰ

ਸ੍ਰੀ ਸਤਿਗੁਰੂ ਜੀ ਨੇ ਮੇਰੇ ਨਾਲ ਵਖ ਵਖ ਸ਼ਹਿਰਾਂ ਦੇ ਵਿਭਿੰਨ ਵਿਅਕਤੀਆਂ ਦੀਆਂ ਕੀਤੀਆਂ ਸਮਾਜਕ ਕੁਰੀਤੀਆਂ ਬਾਰੇ ਦੱਸ ਕੇ ਤੌਖ਼ਲਾ ਇਸ ਤਰ੍ਹਾਂ ਭਾਸਿਆ : ਕਿਰਪਾ ਦੇ ਤਲਬਗਾਰਾਂ ਦਾ ਬੜਾ ਅਜੀਬ ਚਰਿਤਰ ਹੁੰਦਾ ਹੈ । ਪਹਿਲਾਂ ਤਾਂ ਇਹ ਜਾਣ ਕੇ ਗ਼ਲਤ ਕੰਮ ਕਰਦੇ ਹਨ, ਫਿਰ ਇਹ ਮੇਰੇ ਪਾਸ ਆ ਕੇ 'ਕਿਰਪਾ' ਦੀ ਮੰਗ ਕਰਦੇ ਹਨ । ਗ਼ਲਤ ਕੰਮ ਕਰਦਿਆਂ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਉਹ ਮੁਜਰਮ ਬਣ ਰਹੇ ਹਨ, ਪਰ ਉਹ ਉਸ ਮਾੜੀ ਅਵੱਗਿਆ ਦੇ ਰਉਂ ਵਿਚ ਹੁੰਦੇ ਹਨ । ਅਸੀਂ ਜੇ ਏਨਾ ਕੁ ਡਰ ਨਾ ਬਣਾ ਕੇ ਰਖੀਏ ਤਾਂ ਸਮਾਜ ਮਨਮਾਨੀ ਦਾ ਸ਼ਿਕਾਰ ਹੋ ਜਾਇਗਾ । ਖ਼ਾਸ ਗੱਲ ਇਹ ਹੈ ਕਿ ਜਦੋਂ ਗ਼ਲਤਕਾਰੀਆਂ ਵਾਲੇ ਫਸ ਜਾਂਦੇ ਹਨ, ਫੇਰ ਉਹ ਚਾਹੁੰਦੇ ਹਨ ਕਿ ਹੁਣ ਉਨ੍ਹਾਂ ਦੀ ਛੇਤੀ ਫੌਰ ਖ਼ਲਾਸ ਹੋਵੇ । ਅਰਥਾਤ ਕਿਰਪਾ ਹੋਵੇ ।

## ਗਿਆਨ ਸਿੰਘ ਸ਼ਾਹ

ਸਤਿਗੁਰੂ ਜੀ ਦੇ ਵਰਾਂਡੇ ਵਿਚ ਬੈਠ ਦਰਸ਼ਨ ਦਿੰਦਿਆਂ ਹੀ ਸੇਠ ਗਿਆਨ ਸਿੰਘ ਸ਼ਾਹ (ਚੰਦੋਜ਼) ਆਇਆ । ਉਸ ਹੱਥ ਜੋੜ ਕੇ ਅਰਜ਼ ਕੀਤੀ : ਗ਼ਰੀਬ ਨਿਵਾਜ਼, ਸਾਡਾ ਘਰ ਵੀ, ਚਰਨ ਪਾ ਕੇ ਪਵਿਤਰ ਕਰੋ । ਸਤਿਗੁਰੂ ਜੀ : ਤੁਹਾਡੇ ਚਰਨ ਤਾਂ ਸਾਡੇ ਪਾਸ ਪੈ ਗਏ ਹਨ । ਅਤੇ ਦੀਨ ਦਿਆਲ ਮੁਸਕ੍ਰਾਏ । ਫੇਰ ਬਚਨ ਕੀਤਾ : ਤਰਸੇਮ ਸਿੰਘ ਨਾਲ ਜਾ ਕੇ ਪ੍ਰੋਗਰਾਮ ਤੈ ਕਰ ਲਓ ।

ਸੇਠ ਗਿਆਨ ਸਿੰਘ ਦਾ ਪਿੰਡ ਚੰਦੋਸ (ਯੂ.ਪੀ.) ਦੇ ਕੋਲ ਕਰਕੇ ਹੈ । ਸਤਿਗੁਰੂ ਜੀ ਨੇ ਇਹਨਾਂ ਬਾਰੇ ਇਕ ਘਟਨਾ ਸੁਣਾਈ । ਇਕ ਵਾਰ, ਇਹਨਾਂ ਦੇ ਆਗ੍ਰਹਿ ਕਰਨ



Sri Satguru Jagjit Singh Ji Elibrary NamdhariElibrary@gmail.com

ਤੇ ਮੈਂ ਉਹਨਾਂ ਦੇ ਘਰ ਗਿਆ। ਸਭ ਬੀਬੀਆਂ ਨੇ ਸਲਵਾਰਾਂ ਪਾਈਆਂ ਹੋਈਆਂ ਸਨ, ਨਾਮਧਾਰੀਆਂ ਵਾਲੀ ਸੁੱਥਣ ਇਕੋ ਮਾਈ ਨੇ ਪਾਈ ਹੋਈ ਸੀ। ਮੈਂ ਮਾਈ ਦੀ ਭੇਟਾ ਪਰਵਾਨ ਕਰ ਲਈ, ਬਾਕੀ ਦੀਆਂ ਦੇ ਰੁਪਏ ਮੁੜਵਾ ਦਿਤੇ। ਉਹਨਾਂ ਬੜਾ ਜ਼ੋਰ ਦਿਤਾ ਕਿ ਭੇਟਾ ਪਰਵਾਨ ਕਰੋ, ਅਸੀਂ ਅੱਗੇ ਤੋਂ ਪਹਿਰਾਵਾ ਠੀਕ ਰਖਾਂਗੀਆਂ। ਪਰ ਮੈਂ ਨਹੀਂ ਮੰਨਿਆ। ਮੈਂ ਕਿਹਾ, ਜਦੋਂ ਵੇਖਾਂਗਾ ਤੁਸੀਂ ਠੀਕ ਹੋ, ਤਾਂ ਹੀ ਭੇਟਾ ਲਵਾਂਗਾ।

ਸੰਤ ਗਿਆਨ ਸਿੰਘ ਨੇ ਦੱਸਿਆ: ਹੁਣ ਤਾਂ ਸੱਚੇ ਪਾਤਸ਼ਾਹ, ਆਪ ਜੀ ਦੀ ਕਿਰਪਾ ਹੈ। ਜਦੋਂ ਚਾਹੋ ਜਾ ਕੇ ਵੇਖ ਲਓ। ਸਾਰੇ ਠੀਕ ਬਸਤਰ ਪਹਿਨਦੇ ਹਨ। ਸਤਿਗੁਰਾਂ ਬਚਨ ਕੀਤਾ: ਗ਼ਲਤੀਆਂ ਤਾਂ ਆਦਮੀ ਤੋਂ ਹੋ ਹੀ ਜਾਂਦੀਆਂ ਹਨ। ਮੈਂ ਖਉਰੇ ਤੁਹਾਡੇ ਸਭ ਤੋਂ ਬਹੁਤੀਆਂ ਕਰਦਾ ਹੋਵਾਂ! ਪਰ ਸਤਿਗੁਰੂ ਵਾਲਾ ਪਾਸਾ ਬਿਲਕੁਲ ਨਹੀਂ ਛੱਡਣਾ ਚਾਹੀਦਾ। ਇਸ ਤਰ੍ਹਾਂ ਗ਼ਲਤੀਆਂ ਨੂੰ ਸੁਧਰਨ ਦਾ ਸਮਾਂ ਮਿਲ ਜਾਂਦਾ ਹੈ।

## ਵਰਾਂਡੇ ਵਿਚ

ਓਥੇ ਬੈਠਿਆਂ ਹੀ ਇਕ ਪਰਵਾਰ ਹੋਰ ਦਰਸ਼ਨ ਕਰਨ ਆ ਗਿਆ। ਇਹ ਸਵਰਗਵਾਸੀ ਬਾਬੂ ਨਰਾਇਣ ਸਿੰਘ ਜੀ ਦੇ ਦਾਮਾਦ ਸ. ਸੰਤੋਖ ਸਿੰਘ ਦਾ ਸੀ। ਬੀਬੀ ਨੇ ਸ੍ਰੀ ਸਤਿਗੁਰੂ ਜੀ ਦੇ ਚਰਨ ਪਰਸੇ। ਜਦੋਂ ਸਤਿਗੁਰਾਂ ਸ. ਸੰਤੋਖ ਸਿੰਘ ਬਾਰੇ ਪੁੱਛਿਆ ਤਾਂ ਉੱਤਰ ਮਿਲਿਆ: ਜੀ 'ਉਹ' ਨਾਗਦਾ, ਬੰਬਈ ਵਿਖੇ ਠੇਕੇਦਾਰੀ ਕਰਨ ਜਾ ਲਗੇ ਹਨ।

ਸ੍ਰੀ ਸਤਿਗੁਰੂ ਜੀ ਨੇ ਸ. ਕਰਮਜੀਤ ਸਿੰਘ ਲਖਨਊ ਦੀ ਸੁਪਤਨੀ ਦੇ ਗੱਲ ਕਰਨ ਦੀ ਪ੍ਰਸੰਸਾ ਕੀਤੀ: ਮੈਂ ਉਸਨੂੰ ਪੁੱਛਿਆ ਤੁਸੀਂ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਨਹੀਂ ਆਏ? ਕਹਿਣ ਲੱਗੀ: ਜੀ ਮੈਨੂੰ ਲੈ ਕੇ ਨਹੀਂ ਆਏ—ਮੈਂ ਤਾਂ ਹੁਕਮ ਨੂੰ ਚੇਤੇ ਰਖਦੀ ਤਿਆਰ ਸਾਂ।

## ਠਾਕੁਰ ਦਲੀਪ ਸਿੰਘ ਜੀ

ਦੂਜੇ ਦਿਨ ਨੂੰ ਠਾਕੁਰ ਦਲੀਪ ਸਿੰਘ ਜੀ ਇਕ ਆਪ ਖਿੱਚੀ ਹੋਈ ਅਰਥਾਤ ਡੀਵੈਲਪ ਕੀਤੀ ਹੋਈ ਫ਼ਿਲਮ ਲੈ ਸ੍ਰੀ ਸਤਿਗੁਰੂ ਜੀ ਦੀ ਚਾਹ-ਪੁਆਣ ਵਾਸਤੇ ਆ ਗਏ। ਸੱਚੇ ਪਾਤਸ਼ਾਹ ਜੀ ਨੇ ਮੈਨੂੰ ਦੱਸਿਆ: ਇਹ (ਠਾਕੁਰ ਜੀ) ਕੈਮਰਿਆਂ ਬਾਰੇ ਬਹੁਤ ਜਾਣਕਾਰੀ ਰਖਦਾ ਹੈ। ਕੀਮਤਾਂ, ਨਮੂਨੇ, ਅਤੇ ਜਟਿਲ ਕੈਮਰਿਆਂ ਦੀ ਵਰਤੋਂ ਇਸਨੂੰ ਆਉਂਦੀ ਹੈ। ਹੁਣ ਇਸ ਨੇ 'ਲੈਬ' ਵੀ ਨਾਲ ਹੀ ਰਖ ਲਈ ਹੈ। ਡੀਵੈਲਪਿੰਗ, ਪ੍ਰਿੰਟਿੰਗ ਵੀ ਨਾਲ ਹੀ ਕਰ ਲੈਂਦਾ ਹੈ।

ਨਾਲ ਲਗਦੇ, ਮੈਂ ਵੀ ਆਪਣੇ ਕੈਮਰੇ ਬਾਰੇ ਦੱਸ ਦਿਤਾ ਕਿ ਉਹ ਠੀਕ ਤਰ੍ਹਾਂ ਫ਼ੋਟੋ ਨਹੀਂ ਦਿੰਦਾ। ਸਤਿਗੁਰੂ ਜੀ ਨੇ ਠਾਕੁਰ ਜੀ ਦੁਆਰਾ ਚੰਗਾ ਕੈਮਰਾ ਲੈ ਦੇਣ ਦਾ ਬਚਨ ਕੀਤਾ।



Sri Satguru Jagjit Singh Ji Elibrary NamdhariElibrary@gmail.com

ਅਜੇ ਉਪ੍ਰੋਕਤ ਗੱਲਬਾਤ ਖ਼ਤਮ ਹੀ ਹੋਈ ਸੀ ਕਿ ਸ. ਕਰਮਜੀਤ ਸਿੰਘ ਦੀ ਸਾਲੀ ਦਾ ਪਰਵਾਰ ਦਰਸ਼ਨ ਕਰਨ ਆ ਗਿਆ। ਬੀਬੀ ਆਪਣੀ ਨੂੰਹ, ਪੋਤਰੇ ਅਤੇ ਪੋਤਰੀਆਂ ਨਾਲ ਆਈ ਸੀ। ਨਮਸਕਾਰ ਕਰ ਸਾਰਾ ਪਰਵਾਰ ਕੋਲ ਬੈਠ ਗਿਆ। ਸਤਿਗੁਰਾਂ ਦੇ ਪੁਛਣ ਤੇ ਦੱਸਿਆ ਗਿਆ : ਇਹ ਸ. ਬਖ਼ਤੌਰ ਸਿੰਘ ਪੰਜਲ ਦਾ ਖ਼ਾਨਦਾਨ ਹੈ। ਉਹਨਾਂ ਦੇ ਪਿਤਾ ਸ. ਗੁਰਬਖ਼ਸ਼ ਸਿੰਘ ਚੜ੍ਹਾਈ ਕਰ ਗਏ ਹਨ। ਇਸ ਪਰਵਾਰ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਬੜਾ ਸਨੇਹ ਸੀ। ਨਿੱਕੇ ਮੋਟੇ ਪਰਵਾਰਕ ਜਾਣਕਾਰੀ ਦੇ ਬਚਨ ਕਰਦਿਆਂ ਸਤਿਗੁਰੂ ਜੀ ਨੇ ਉਪਦੇਸ਼ ਕੀਤਾ : ਮਾਵਾਂ ਆਪਣੇ ਬੱਚਿਆਂ ਨੂੰ ਮਾਸ, ਅੰਡੇ ਆਦਿ ਦੀ ਵਰਤੋਂ ਤੋਂ ਰੋਕਣ। ਬੱਚਿਆਂ ਨੂੰ ਸਵੇਰੇ ਉਠਾਓ। ਸਿਰ ਵਿਚ ਪਾਣੀ ਪਾ ਕੇ ਨੁਹਾਓ। ਪੰਜ ਮਿੰਟ ਤੋਂ ਲੈ ਕੇ ਪੰਦਰਾਂ ਮਿੰਟ ਤਕ ਬੈਠਾ ਕੇ ਭਜਨ ਕਰਵਾਓ। ਬੱਚਿਆਂ ਦਾ ਹਿਰਦਾ ਸ਼ੁਧ ਹੁੰਦਾ ਹੈ, ਜੇ ਇਸ ਵਿਚ ਸਾਤਵਿਕਤਾ ਦੇ ਬੀਜ ਬੋ ਦੇਈਏ ਤਾਂ ਸੁਖਦਾਈ ਬੂਟਾ ਫੁਲੇਂ ਫਲੇਗਾ।

ਸਤਿਗੁਰੂ ਜੀ ਨੇ ਸੰਤ ਮਹਿੰਦਰ ਸਿੰਘ ਪੁਰਬਾ ਨੂੰ ਕਹਿ ਕੇ ਬੱਚਿਆਂ ਨੂੰ ਭਜਨ ਦਸਾਇਆ ਅਤੇ ਨਾਲ ਹੀ ਉਨ੍ਹਾਂ ਲਈ ਸਫ਼ੈਦ ਊਨ ਦੀਆਂ ਅਠੋਤਰੀਆਂ ਮਾਲਾਵਾਂ ਦੇ ਦਿਤੀਆਂ ਅਤੇ ਆਖਿਆ : ਜੇ ਹਲ ਕੋਲ ਪਿਆ ਹੋਵੇ ਤਾਂ ਵਾਹੁਣ ਨੂੰ ਵੀ ਜੀਅ ਕਰ ਆਉਂਦਾ ਹੈ। ਬੀਬੀ ਨੇ ਆਖਿਆ : ਬਹੁਤ ਚਿਰ ਪਿਛੋਂ ਦਰਸ਼ਨ ਹੋਇਆ ਹੈ। ਚਿੰਤ ਕਰਦਿਆਂ ਵੀ ਦਰਸ਼ਨ ਅੱਜ ਹੀ ਹੋ ਸਕੇ ਹਨ।

## ਸੂਬਾ ਰੇਸ਼ਮ ਸਿੰਘ ਜੀ ਦਾ ਪਰਵਾਰ

ਸਤਿਗੁਰਾਂ ਬਚਨ ਕੀਤਾ : ਤਕਲੀਫ਼ਾਂ ਵਿਚ ਰਹਿੰਦਿਆਂ ਬੰਦਾ ਸਟੀਲਡ (ਲੋਹੇ ਵਰਗਾ ਪੱਕਾ) ਹੋ ਜਾਂਦਾ ਹੈ। ਜਦੋਂ ਸਿੱਖ ਮੁਸ਼ਕਲਾਂ ਵਿਚ ਰਹਿੰਦੇ ਸਨ, ਉਹਨਾਂ ਦਾ ਚਰਿੱਤਰ ਉੱਚਾ ਸੀ। ਜਦੋਂ ਆਰਾਮ ਮਿਲ ਗਿਆ। ਚਰਿੱਤਰ ਭ੍ਰਿਸ਼ਟ ਹੋ ਗਏ। ਭਜਨ, ਬਾਣੀ, ਇਸ਼ਨਾਨ ਤਕਲੀਫ਼ਾਂ ਪੈਦਾ ਨਹੀਂ ਕਰਦੇ, ਤਕਲੀਫ਼ਾਂ ਘਟਾਂਦੇ ਹਨ। ਅਤੇ ਸਤਿਗੁਰਾਂ ਕੈਨੇਡਾ ਦੇ ਸੂਬਾ ਰੇਸ਼ਮ ਸਿੰਘ ਜੀ ਦੀ ਪਤਨੀ ਰਾਣੀ ਨੂੰ ਆਵਾਜ਼ ਦਿਵਾਕੇ ਉਹਦੇ ਛੋਟੇ ਛੋਟੇ ਬੱਚੇ ਮੰਗਵਾਏ, ਮਸਾਂ 5 ਅਤੇ 7 ਸਾਲ ਦੇ। ਉਹਨਾਂ ਇਸ਼ਨਾਨ ਕੀਤਾ ਹੋਇਆ ਸੀ। ਮਾਂ ਸਮੇਤ ਬੱਚਿਆਂ ਨੇ ਆ ਕੇ ਚਰਨੀਂ ਹੱਥ ਲਾਇਆ। ਸਤਿਗੁਰਾਂ ਪੰਜਲ ਪਰਵਾਰ ਨੂੰ ਦੱਸਿਆ : ਇਹ ਬੱਚੇ ਕੈਨੇਡਾ ਦੀ ਸਰਦੀ ਵਿਚ ਵੀ ਨਿਤ ਸਵੇਰੇ ਉਠ ਇਸ਼ਨਾਨ ਕਰਦੇ ਹਨ। ਮਾਤਾ ਪਿਤਾ ਸੰਥ ਰਖਦੇ ਹਨ। ਮੈਨੂੰ ਉਸ ਵੇਲੇ ਬਹੁਤ ਖ਼ੁਸ਼ੀ ਹੋਈ ਜਦੋਂ ਕੈਨੇਡਾ ਵਿਚ ਮੈਂ ਆਪਣੇ ਪਿਛੇ 'ਪਿਤਾ ਜੀ' ਆਵਾਜ਼ ਸੁਣੀ। ਹੈਰਾਨ ਹੋਇਆ ਕਿ ਭਾਰਤ ਵਿਚ ਤਾਂ 'ਡੈਡੀ' ਆ ਗਿਆ ਹੈ। ਇਹ ਕੈਨੇਡਾ ਵਿਚ 'ਪਿਤਾ ਜੀ' ਕਹਿਣ ਵਾਲਾ ਕੌਣ ਹੈ। ਵੇਖਿਆ ਤਾਂ ਇਹੋ ਛੋਟਾ ਬੱਚਾ ਸੀ। ਇਹ ਸਭਿਅਤਾ ਨਾਲ ਪਿਆਰ ਸੁਹਦਾ ਹੀ ਹੈ।...ਤਕਲੀਫ਼ ਨੂੰ ਕਮਜ਼ੋਰੀ ਨ ਬਣਾਓ, ਜੇ ਉੱਪਰ ਚੜ੍ਹੋਗੇ ਤਾਂ ਤਕਲੀਫ਼ ਥੱਲੇ ਆ ਜਾਏਗੀ, ਅਰਥਾਤ ਤਕਲੀਫ਼ਾਂ ਖ਼ਤਮ ਹੋ ਜਾਣਗੀਆਂ।



Sri Satguru Jagjit Singh Ji Elibrary NamdhariElibrary@gmail.com

## ਗੱਲ ਗੁਲਜ਼ਾਰ ਸਿੰਘ ਦੇ ਰਿਸ਼ਤੇਦਾਰ ਦੀ

ਧੰਜਲ ਪਰਵਾਰ ਦੀ ਮੁਖੀ ਬੀਬੀ ਨੂੰ ਸਤਿਗੁਰਾਂ ਆਪਣੇ ਪੁਰਾਣੇ ਸੇਵਕ ਸੰਤ ਗੁਲਜ਼ਾਰ ਸਿੰਘ ਦੇ ਇਕ ਰਿਸ਼ਤੇਦਾਰ ਦੀ ਕਹਾਣੀ ਸੁਣਾਈ : ਵਲਾਇਤ ਵਿਚ ਇਕ ਪਹਿਲਾਂ ਗਏ ਗੁਲਜ਼ਾਰ ਸਿੰਘ ਦੇ ਰਿਸ਼ਤੇਦਾਰ ਨੇ, ਸਿਰ ਮੁਨਾ ਕੇ ਇਕ ਫੈਕਟਰੀ ਵਿਚ ਨੌਕਰੀ ਹਾਸਲ ਕੀਤੀ। ਜਾਂ ਉਸਦਾ ਦੂਜਾ ਰਿਸ਼ਤੇਦਾਰ ਗਿਆ ਤਾਂ ਗੋਰੇ ਫੈਕਟਰੀ ਮੈਨੇਜਰ ਨੇ ਉਸ ਨੂੰ ਵੀ ਸਿਰ ਮੁਨਾ ਕੇ ਆਉਣ ਨੂੰ ਕਿਹਾ। ਪਰ ਉਸ ਦ੍ਰਿੜ੍ਹ ਆਦਮੀ ਨੇ ਇਨਕਾਰ ਕਰ ਦਿਤਾ। ਹਫਤੇ ਬਾਅਦ ਉਸੇ ਗੋਰੇ ਮੈਨੇਜਰ ਨੇ ਬੰਦਾ ਭੇਜਿਆ : ਤੂੰ ਆ। ਸਾਨੂੰ ਤੇਰੇ ਕੇਸ ਪਰਵਾਨ ਹਨ। ਅਤੇ ਉਸਨੂੰ ਅਸੂਲ ਦਾ ਪੱਕਾ ਬੰਦਾ ਸਮਝ ਕੇ ਇਕ ਪੌਂਡ ਵੱਧ ਉਜਰਤ ਦੇਣੀ ਮਨਜ਼ੂਰ ਕੀਤੀ। ਬੰਦੇ ਦਾ ਮੁੱਲ ਉਸਦੇ ਚੰਗੇ ਅਸੂਲਾਂ ਕਰਕੇ ਹੀ ਹੈ। ਸਤਿਗੁਰੂ ਜੀ ਨੇ ਫੇਰ ਕੈਨੇਡਾ ਦੇ ਸੂਬਾ ਜੀ ਦੀ ਮਿਸਾਲ ਦਿਤੀ : ਸੂਬਾ ਰੇਸ਼ਮ ਸਿੰਘ, ਇਹਨਾਂ ਬੱਚਿਆਂ ਦਾ ਪਿਤਾ, ਕੈਨੇਡਾ ਵਿਚ ਰਹਿੰਦਾ ਹੈ। ਨਾਮਧਾਰੀ ਪਹਿਰਾਵੇ ਵਿਚ ਹੀ ਫੈਕਟਰੀਆਂ ਵਿਚ ਕੰਮ ਕਰਦਾ ਹੈ। ਸਾਰੀ ਗੱਲ ਦ੍ਰਿੜ੍ਹਤਾ ਅਤੇ ਆਪਣੇ ਮਿਸ਼ਨ ਤੇ ਵਿਸ਼ਵਾਸ ਦੀ ਹੈ। ਇਹ ਗੱਲਬਾਤ ਜਸਬੀਰ ਸਿੰਘ ਅਤੇ ਗੁਰਪ੍ਰੀਤ ਸਿੰਘ ਕਰਕੇ ਹੋਈ ਜੁ ਧੰਜਲ ਪਰਵਾਰ ਦੇ ਹੋਣਹਾਰ ਹਨ।

## ਸ੍ਰੀ ਬੁੱਧਾ ਦਿਤਾ ਮੁਖਰਜੀ

10.30 ਵਜੇ, ਸ੍ਰੀ ਸਤਿਗੁਰੂ ਜੀ ਆਪਣੇ ਸੇਵਕਾਂ ਸਮੇਤ ਸ. ਕੁਲਦੀਪ ਸਿੰਘ ਸੋਢੀ-ਰਜਪਾਲ ਕੌਰ ਦੇ ਘਰ, 162 ਚੰਦਰ ਨਗਰ, ਆਲਮ ਬਾਗ਼ ਵਿਖੇ ਪਹੁੰਚ ਗਏ, ਜਿਥੇ ਸਾਰੇ ਗਰੁੱਪ ਦੀ ਰਿਹਾਇਸ਼ ਸੀ। ਏਥੇ ਸ੍ਰੀ ਕੁਲਦੇਵ ਸਿੰਘ ਸਰੋਦ, ਪ੍ਰਸਿਧੀ ਪਾ ਰਹੇ ਨਵੋਦਿਤ ਕਲਾਕਾਰ ਸ੍ਰੀ ਬੁੱਧਾ ਦਿਤਾ ਮੁਖਰਜੀ ਸਿਤਾਰਵਾਦਕ ਨੂੰ ਲੈ ਕੇ ਆਇਆ ਹੋਇਆ ਸੀ। ਡਰਾਇੰਗ ਰੂਮ ਦਾ ਫਰਸ਼ ਗਲੀਚੇ ਬਸਤਰਾਂ ਨਾਲ ਸੁੰਦਰ ਬਣਾ ਦਿਤਾ ਗਿਆ। ਸ੍ਰੀ ਸਤਿਗੁਰੂ ਜੀ ਆਸਣ ਤੇ ਬਿਰਾਜਮਾਨ ਹੋ ਗਏ। ਏਥੇ ਸੰਗੀਤ ਪ੍ਰੇਮੀ ਸਨ ਅਤੇ ਦਰਸ਼ਨ ਪ੍ਰੇਮੀ ਵੀ। ਅੰਦਰ ਬਾਹਰ ਭਰਿਆ ਹੋਇਆ ਸੀ। ਮਹਾਰਾਜ ਬੀਰ ਸਿੰਘ ਜੀ, ਏਥੇ ਠਾਕੁਰ ਜੀ, ਹਰਭਜਨ ਸਿੰਘ, ਹਰਜਿੰਦਰ ਸਿੰਘ, ਕਿਰਨਪਾਲ ਸਿੰਘ ਆਦਿ ਆਪਣੇ ਆਪਣੇ ਸਾਜ ਲੈ ਕੇ ਬੈਠੇ ਸਨ। ਸੰਤ ਪੂਰਨਾ, ਸ. ਮਹਿੰਦਰ ਸਿੰਘ ਗਿੱਲ ਐਮ. ਪੀ. ਅਤੇ ਸ. ਹਰਵਿੰਦਰ ਸਿੰਘ ਹੰਸਪਾਲ ਵੀ ਉਪਸਥਿਤ ਸਨ। ਪੰਜ ਕੁ ਮਿੰਟ ਬਾਅਦ ਕੁਲਦੇਵ ਸਿੰਘ ਸਰੋਦ ਬੁੱਧਾ ਦਿਤਾ ਮੁਖਰਜੀ ਨੂੰ ਨਾਲ ਲੈ ਕੇ ਆ ਗਿਆ। ਦੋਹਾਂ ਕਲਾਕਾਰਾਂ ਸਤਿਗੁਰਾਂ ਨੂੰ ਨਮਸਕਾਰ ਕੀਤੀ।

ਸਤਿਗੁਰੂ ਜੀ ਨੇ ਇਸ਼ਾਰਾ ਕਰਕੇ ਬੈਠਾਇਆ। ਨਵੋਦਿਤ ਕਲਾਕਾਰ ਨੂੰ ਆਦਰ ਦਿਤਾ, ਸੋਭਾ ਦੇ ਸ਼ਬਦ ਆਖੇ। ਪ੍ਰਬੰਧਕ ਚਾਹੁੰਦੇ ਸਨ ਕਿ ਕਲਾਕਾਰ ਲਖਨਊ ਫੈਸਟੀਵਲ ਵਿਚ ਇਥੇ ਇਕ ਦਿਨ ਪਹਿਲਾਂ ਪ੍ਰੋਗਰਾਮ ਦੀ ਖਿਮਾ ਯਾਚਨਾ ਕਰੇ। ਇਕਹਿਰੇ, ਗੋਰੇ ਬਦਨ ਦੇ, ਮਾਸੂਮ ਜਿਹੇ ਦਿਸਦੇ ਬੁੱਧਾ ਦਿਤਾ ਨੇ ਹੱਥ ਜੋੜ, ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ : ਮੈਂ ਤੋ ਬੱਚਾ ਹੂੰ ਆਪ ਕਾ...ਏਨਾ ਹੀ ਕਿਹਾ। ਸਤਿਗੁਰੂ ਜੀ ਲਈ ਤਾਂ ਏਨਾ ਵੀ ਜ਼ਰੂਰੀ ਨਹੀਂ ਸੀ। ਬੁੱਧਾ ਦਿਤਾ ਦਾ ਆ ਜਾਣਾ ਹੀ ਕਾਫ਼ੀ ਸੀ। ਇਕ



Sri Satguru Jagjit Singh Ji Elibrary NamdhariElibrary@gmail.com

ਫ਼ਾਰਮਲ ਕਾਰਵਾਈ ਹੋ ਗਈ ।

ਅਤੇ ਫਿਰ, ਸ੍ਰੀ ਸਤਿਗੁਰੂ ਜੀ ਦੇ ਸਾਹਵੇਂ ਬੈਠੇ ਇਸ ਜਵਾਨ ਕਲਾਕਾਰ ਨੂੰ ਥੋੜੇ ਕਲਾਕਾਰਾਂ ਦਾ ਕਲਾ ਪਰਦਰਸ਼ਨ ਦਿਖਾ ਦਿਤਾ ਗਿਆ, ਸੁਖਵਿੰਦਰ ਸਿੰਘ ਪਿੰਕੀ ਜੁ ਇਸ ਵੇਲੇ ਮਸਾਂ 12 ਕੁ ਸਾਲਾਂ ਦਾ ਹੋਵੇਗਾ, ਇਸ ਤੋਂ ਪੌਣੇ ਚੌਦਾਂ ਮਾਤਰਾਂ ਵਿਚ ਤਬਲੇ ਦੀਆਂ ਅਨੇਕ ਗਤਾਂ ਸੁਣੀਆਂ । ਜਵਾਨ ਕਲਾਕਾਰ ਬਹੁਤ ਪ੍ਰਭਾਵਤ ਹੋਇਆ । ਅੱਧੇ ਘੰਟੇ ਤਕ, ਉਸਨੂੰ ਜਲਪਾਨ ਕਰਵਾ ਕੇ ਵਿਦਾ ਕੀਤਾ ਗਿਆ ।

ਗੁਰਦੇਵ ਸਿੰਘ ਨੇ ਦੱਸਿਆ ਕਿ ਮੁਕਰਜੀ ਕੁਝ ਗ਼ਲਤਫ਼ਹਮੀ ਦਾ ਸ਼ਿਕਾਰ ਸੀ, ਸ੍ਰੀ ਰਾਜਨ-ਸਾਜਨ ਮਿਸਰਾ ਬੰਧੂਆਂ ਦੀ ਮਦਦ ਨਾਲ ਉਸਨੂੰ ਸਹੀ ਹਾਲਾਤ ਵਿਚ ਲਿਆਂਦਾ ਗਿਆ ।

11.30 ਤਕ ਸ. ਸੇਠੀ ਦੇ ਘਰ ਰੌਣਕਾਂ ਦੀ ਬਹਾਰ ਸੀ । ਹੁਣ ਸੱਚੇ ਪਾਤਸ਼ਾਹ ਪ੍ਰਸ਼ਾਦ ਛਕਣ ਅਤੇ ਆਰਾਮ ਹਿਤ ਆਪਣੇ ਡੇਰੇ ਪਧਾਰੇ ।

## ਸ. ਮਹਿੰਦਰ ਸਿੰਘ ਗਿੱਲ ਐਮ. ਪੀ.

ਸਤਿਗੁਰੂ ਜੀ ਦੇ ਵਿਦਾ ਹੋਣ ਤੋਂ ਪਹਿਲਾਂ ਸ. ਮਹਿੰਦਰ ਸਿੰਘ ਗਿੱਲ ਨੇ ਵਾਪਸੀ ਲਈ ਆਗਿਆ ਮੰਗੀ । ਅਜੇ ਉਹ ਕੱਲ੍ਹ ਹੀ ਤਾਂ ਆਏ ਸਨ । ਕਾਰਨ ਦੱਸਦਿਆਂ ਸ: ਗਿੱਲ ਨੇ ਸਤਿਗੁਰੂ ਜੀ ਨੂੰ ਕਿਹਾ : ਸੁਭਾਸ਼ ਚੰਦਰ ਨੇਤਾ ਜੀ ਨਾਲ ਮਿਲ ਕੇ ਆਈ. ਐਨ. ਏ. ਤਿਆਰ ਕਰਨ ਵਾਲੇ ਸ੍ਰੀ (ਨਾਮ ਯਾਦ ਨਹੀਂ ਰਿਹਾ) ਜੀ ਪੰਜਾਬ ਜਾ ਰਹੇ ਹਨ । ਮੈਂ ਉਨ੍ਹਾਂ ਨੂੰ ਦਿੱਲੀਓਂ ਨਾਲ ਲੈ ਕੇ ਚੰਡੀਗੜ੍ਹ, ਅਨੰਦਪੁਰ, ਅੰਮ੍ਰਿਤਸਰ ਆਦਿ ਸਥਾਨ ਦਖਾਣੇ ਹਨ, ਇਸ ਉਨ੍ਹਾਂ ਨਾਲ ਨਿਸਚਿਤ ਹੈ । ਮੈਂ ਸਿਰਫ਼ ਇਸ ਦਿਨ ਲਈ ਉਚੇਚਿਆਂ ਆਪ ਜੀ ਦੇ ਦਰਸ਼ਨ ਕਰਨ ਏਥੇ ਆਇਆ ਹਾਂ । ਸਤਿਗੁਰਾਂ ਖ਼ੁਸ਼ੀਆਂ ਬਖ਼ਸ਼ਦਿਆਂ ਆਖਿਆ : ਜੇ ਸਮਾਂ ਕਢ ਸਕੋ ਤਾਂ ਭੈਣੀ ਸਾਹਿਬ ਦੇ ਦਰਸ਼ਨ ਵੀ ਕਰਵਾ-ਦਿਆਂ ਜਾਣਾ । ਸ. ਗਿੱਲ ਨੇ, 'ਠੀਕ ਹੈ ਜੀ, ਕਰਵਾ ਦਿਆਂਗਾ' ਆਖਿਆ ਤਾਂ ਸ. ਹੰਸਪਾਲ ਨੂੰ ਆਗਿਆ ਕੀਤੀ ਕਿ ਉਹ ਆਪ ਨਾਲ ਉਸ ਦਿਨ ਹੋਵੇ । ਮਹਾਰਾਜ ਜੀ ਨੂੰ ਆਗਿਆ ਹੋਈ ਕਿ ਉਹ ਲੁਧਿਆਣੇ ਸੁਰਿੰਦਰ ਸਿੰਘ ਨੂੰ ਫੋਨ ਕਰਕੇ ਭੈਣੀ ਸਾਹਿਬ ਵਿਖੇ ਮੁਨਾਸਬ ਸਫ਼ਾਈ ਤੇ ਹੋਰ ਪ੍ਰਬੰਧ ਕਰਵਾਣ । ਹੰਸਪਾਲ ਵੀ ਅੱਜ ਹੀ ਵਿਦਾ ਹੋ ਜਾਣਾ ਚਾਹੁੰਦਾ ਸੀ, ਸ. ਗਿੱਲ ਨਾਲ । ਸ੍ਰੀ ਸਤਿਗੁਰੂ ਜੀ ਨੇ ਗਿੱਲ ਹੁਰਾਂ ਨੂੰ ਸ੍ਰੀ ਸ਼ਾਹ ਨਿਵਾਜ਼, ਸਹਿਗਲ ਅਤੇ ਜੈਨਰਲ ਮੋਹਣ ਸਿੰਘ ਹੁਰਾਂ ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਲਾਹੌਰ ਦੀ ਕੋਠੀ ਵਿਖੇ ਆਉਣ ਦੇ ਵਿਵਰਣ ਵੀ ਏਸ ਸਮੇਂ ਦੱਸੇ ।

ਸਤਿਗੁਰੂ ਜੀ ਨੇ ਸ. ਮਹਿੰਦਰ ਸਿੰਘ ਗਿੱਲ ਦੇ ਪ੍ਰੇਮ ਦੀ ਸ਼ਲਾਘਾ ਕੀਤੀ ਜੁ ਬਿਨਾ ਕਿਸੇ ਵਿਸ਼ੇਸ਼ ਕਾਰਨ ਦੇ ਖ਼ਰਚ ਤੇ ਖੇਚਲ ਕਰਕੇ ਪੰਜਾਬ ਵਿਚੋਂ ਲਖਨਊ ਆਇਆ ਅਤੇ ਦਿਨ ਭਰ ਸੰਗਤ ਵਿਚ ਬੈਠ ਰਾਤ ਦੀ ਗੱਡੀ ਚਲਾ ਜਾਵੇਗਾ ।



Sri Satguru Jagjit Singh Ji Elibrary NamdhariElibrary@gmail.com

## ਸਤਿਗੁਰੂ ਪ੍ਰਤਾਪ ਸਿੰਘ ਛੇਵਾਂ ਸਿਮ੍ਰਤੀ ਸੰਗੀਤ ਸਮੇਲਨ

### ਆਰੰਭਕ ਵਿਵਰਣ

ਅਸਲ ਵਿਚ ਲਖਨਊ ਦੀ ਸੰਗਤ, ਨਾਮਧਾਰੀ ਸੰਗੀਤਕਾਰ ਅਤੇ ਭਾਰਤ ਦੇ ਹੋਰ ਪ੍ਰਸਿਧ ਸ਼ਾਸਤਰੀ ਸੰਗੀਤ ਦੇ ਕਲਾਕਾਰ ਇਸ ਦਿਨ ਅਤੇ ਖ਼ਾਸ ਕਰ ਇਸ ਸਮੇਂ ਦੀ ਬੜੀ ਤੀਬਰਤਾ ਨਾਲ ਉਡੀਕ ਕਰ ਰਹੇ ਸਨ।

ਇਸ ਸੰਗੀਤ ਸਮੇਲਨ ਵਾਸਤੇ 2 ਤੋਂ 6 ਫ਼ਰਵਰੀ ਤਕ ਏਥੋਂ ਦਾ ਇਕ ਵਧੀਆ ਕਨਸਰਟ ਹਾਲ ਰਵੀਂਦ੍ਰਾਲੇ ਬੁਕ ਕੀਤਾ ਗਿਆ ਸੀ। ਸ਼ਹਿਰ ਵਿਚ ਵੱਡੇ ਵੱਡੇ ਚੌਂਕਾਂ ਵਿਚ ਸੂਚਨਾ ਪਟਕੇ ਲਟਕ ਰਹੇ ਸਨ। ਵੱਡੇ ਹੋਟਲਾਂ ਅਤੇ ਖ਼ੁਦ ਰਵੀਂਦ੍ਰਾਲੇ ਵਿਚ ਇਸ ਸਮੇਲਨ ਦੇ ਪ੍ਰੋਗਰਾਮ ਅਤੇ ਤਾਰੀਖ਼ਾਂ ਆਦਿ ਦਾ ਵੇਰਵਾ ਸੀ। ਅਖ਼ਬਾਰਾਂ ਨੂੰ ਇਸ਼ਤਿਹਾਰ ਦਿਤੇ ਗਏ। ਲਖਨਊ ਰੇਡੀਓ ਤੋਂ ਸੂਚਨਾਵਾਂ ਪ੍ਰਸਾਰਤ ਕੀਤੀਆਂ ਗਈਆਂ। ਕਾਰਟਨ, ਦੀਪ ਅਤੇ ਚਰਨ ਆਦਿ ਵਧੀਆ ਹੋਟਲ ਕਲਾਕਾਰਾਂ ਦੀ ਰਿਹਾਇਸ਼ ਲਈ ਬੁਕ ਕੀਤੇ ਗਏ। ਖ਼ਰਚ ਦੀ ਕੋਈ ਪਰਵਾਹ ਨਹੀਂ ਸੀ। ਸ. ਹਰਭਜਨ ਸਿੰਘ ਠੇਕੇਦਾਰ ਦੀ ਜੇਬ ਸੀ, ਮਹਾਰਾਜ ਬੀਰ ਸਿੰਘ ਜੀ ਅਤੇ ਸ੍ਰੀ ਕੁਲਦੇਵ ਸਿੰਘ ਦੀਆਂ ਤਜਵੀਜ਼ਾਂ ਸਨ, ਸਤਿਗੁਰਾਂ ਅਤੇ ਸੰਗਤ ਦੀਆਂ ਖ਼ੁਸ਼ੀਆਂ ਸਨ।

ਸ੍ਰੀ ਸਤਿਗੁਰੂ ਜੀ ਪ੍ਰਸ਼ਾਦ ਪਾਣੀ ਛਕ, ਆਰਾਮ ਫ਼ਰਮਾ, ਸਤਿਗੁਰੂ ਪ੍ਰਤਾਪ ਸਿੰਘ ਛੇਵੇਂ ਸਿਮ੍ਰਤੀ ਸੰਗੀਤ ਸਮੇਲਨ ਦੇ ਆਰੰਭ ਹਿਤ, ਸਮੇਂ ਸਿਰ ਪਹੁੰਚ ਗਏ। ਸਾਰੇ ਪ੍ਰਬੰਧ ਨੂੰ ਆਪ ਜੀ ਨੇ ਨਿਹਾਰਿਆ। ਅਤੇ ਜੋ ਕੁਝ ਮੈਨੂੰ ਨਜ਼ਰ ਪਿਆ ਉਹ ਇਹ ਸੀ: 777 ਸੀਟਾਂ ਵਾਲੇ ਰਵੀਂਦ੍ਰਾਲੇ ਦਾ; ਕਾਲੇ ਪਰਦਿਆਂ ਵਾਲਾ ਮੰਚ, ਅੱਜ ਸਾਹਮਣੇ ਦਿਸਦੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦਿਲਰੁਬਾ ਵਜਾਂਦਿਆਂ ਦੀ, ਰੰਗੀਨ, ਵਡ-ਆਕਾਰੀ ਪੇਂਟਿੰਗ (ਕਲਮੀ ਚਿੱਤਰ) ਨਾਲ ਸੁਸ਼ੋਭਿਤ ਸੀ। ਇਹ ਮੁਸੱਵਰ ਵਰਿਆਮ ਸਿੰਘ ਜੀ ਦੁਆਰਾ ਚਿਤ੍ਰਿਤ ਸੀ। ਇਸ ਮੰਚ ਨੂੰ ਚਾਰ ਚੰਨ ਲਾਉਣ ਵਾਲੇ ਸਨ ਸੰਤ ਸੁਖਦਰਸ਼ਨ ਸਿੰਘ ਆਰਕੀਟੈਕਟ, ਸੰਤ ਰਣਜੋਧ ਸਿੰਘ ਆਰੇ ਵਾਲੇ ਅਤੇ ਸੰਤ ਵਿਰਸਾ ਸਿੰਘ ਵਿਸ਼ਨੂੰ ਗਾਰਡਨ ਨਵੀਂ ਦਿੱਲੀ। ਇਹ ਤ੍ਰੈਵੇਂ ਸੱਜਣ ਸਟੇਜ ਡੈਕੋਰੇਸ਼ਨ (ਮੰਚ ਸੱਜਾ) ਲਈ ਉਚੇਚਿਆਂ ਦਿੱਲੀ ਤੋਂ ਆਏ ਸਨ।

ਮੰਚ ਸਕੱਤਰ ਦੀ ਜ਼ਿੰਮੇਵਾਰੀ ਦਾ ਸਿਹਰਾ ਹਿੰਦੀ ਦੇ ਐਮ. ਏ. ਪ੍ਰੋ: ਸੁਖਬੀਰ ਸਿੰਘ ਕੁਲਾਟੀ, ਚੰਦਨਆਵਾ ਰੋਡ, ਦਿੱਲੀ ਵਾਲਿਆਂ ਦੇ ਸਿਰ ਤੇ ਬੰਨ੍ਹਿਆ ਗਿਆ। ਉਹ ਹਿੰਦੀ ਦੇ ਬੜੇ ਵਧੀਆ ਵਕਤਾ ਹਨ।

ਸੀਟਾਂ ਉਤੇ ਅਜੇ ਨਾਮਧਾਰੀ ਭਾਰੂ ਗਿਣਤੀ ਵਿਚ ਲਗਦੇ ਸਨ ਜਦੋਂ ਕਿ ਦੂਜੇ ਸਰੋਤੇ ਵੀ ਜ਼ਿਕਰ ਕਰਨਯੋਗ ਗਿਣਤੀ ਵਿਚ ਸਨ।

ਮਹਾਰਾਜ ਬੀਰ ਸਿੰਘ ਜੀ ਨੇ ਆਪਣੇ ਬੋਲਣ ਹਿਤ ਭਾਸ਼ਣ ਹਿੰਦੀ ਵਿਚ ਲਿਖਿਆ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਰਾਮ ਨਰੇਸ਼ ਨੇ 6.30 ਵਜੇ ਸੰਗੀਤ ਸਮੇਲਨ ਦਾ ਉਦਘਾਟਨ ਕਰਨਾ ਸੀ ਪਰ ਉਦਘਾਟਨ ਸਮੇਂ ਉਤੇ ਉਨ੍ਹਾਂ ਦਾ ਸੁਨੇਹਾ ਆ ਗਿਆ ਕਿ ਮੁੱਖ ਮੰਤਰੀ ਸਾਹਿਬ ਅੱਧਾ ਘੰਟਾ ਲੇਟ ਆਉਣਗੇ। ਅੰਦਰ ਬੈਠਣ ਵਿਧਾਨ ਦਾ ਸਮੁੱਚਾ



Sri Satguru Jagjit Singh Ji Elibrary NamdhariElibrary@gmail.com

ਪ੍ਰਬੰਧ ਠਾਕੁਰ ਦਲੀਪ ਸਿੰਘ ਜੀ ਦੇ ਹੱਥ ਸੀ ਅਤੇ ਉਨ੍ਹਾਂ ਨੇ ਨਾਮਧਾਰੀ ਫ਼ਾਰਮ ਰੌਲਾ ਤੋਂ ਚੁਣੀਂਦੇ ਨੌਜਵਾਨ ਲਿਆਂਦੇ ਹੋਏ ਸਨ।

ਸ੍ਰੀ ਸਤਿਗੁਰੂ ਜੀ ਆਪਣੇ ਸੇਵਕ ਮਹਿੰਦਰ ਸਿੰਘ ਪੁਰਬਾ, ਸਕੱਤਰ ਸੰਤ ਤਰਸੇਮ ਸਿੰਘ ਅਤੇ "ਵਰਿਆਮ" ਸੰਪਾਦਕ ਜਗਦੀਸ਼ ਸਿੰਘ ਨਾਲ ਮੰਚ ਉਪਰ ਆ ਗਏ। (ਮੰਚ ਨੂੰ ਵੇਖਿਆਂ) ਖੱਬੇ ਪਾਸੇ ਸ੍ਰੀ ਸਤਿਗੁਰੂ ਜੀ ਵਾਸਤੇ ਆਸਣ ਵਿਛਿਆ ਹੋਇਆ ਸੀ। ਗੇਂਦੇ ਅਤੇ ਗੁਲਾਬ ਦੇ ਫੁੱਲਾਂ ਨਾਲ ਚੌਕੰਨ ਵਲਿਆ ਹੋਇਆ ਸੀ। ਦਰਮਿਆਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਚਿੱਤਰ ਵਧੀਆ ਤਰ੍ਹਾਂ ਸਜਾਇਆ ਗਿਆ ਸੀ। ਇਸ ਦੇ ਅੱਗੇ ਕਰਕੇ ਕਲਾਕਾਰਾਂ ਲਈ ਵਿਸ਼ੇਸ਼ ਵਿਛਾਈ ਕੀਤੀ ਗਈ ਸੀ। ਇਸ ਨੂੰ ਵੀ ਫੁੱਲਾਂ ਨਾਲ ਸ਼ਿੰਗਾਰਿਆ ਅਤੇ ਮਾਈਕ ਆਦਿ ਲਗਾ ਕੇ ਸੈੱਟ ਕੀਤਾ ਗਿਆ ਸੀ।

## ਉਦਘਾਟਨ

7.10 ਸ਼ਾਮ ਦੇ, ਪਰ ਮੁੱਖ ਮੰਤਰੀ ਹਾਂ ਅਜੇ ਵੀ ਤਸ਼ਰੀਫ਼ ਨਹੀਂ ਸਨ ਲਿਆਏ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਕਾਰਨ ਹਾਲ ਵਿਚ ਸੰਨਾਟਾ ਸੀ। ਖੰਘ, ਖੰਘੂਰੇ, ਸਵਾਸਾਂ ਦਾ ਆਵਾਗਮਨ ਹੀ ਰੁਕੇ ਹੋਏ ਸਨ ਕਿ 20 ਮਿੰਟ ਹੋਰ ਲੇਟ ਹੋਣ ਦਾ ਸੁਨੇਹਾ ਮਿਲ ਗਿਆ। ਹੁਣ ਸਟੇਜ ਸਕੱਤਰ ਨੇ ਮੇਰੇ ਨਾਂ ਦਾ ਐਲਾਨ ਕਰ ਦਿਤਾ ਕਿ 20 ਮਿੰਟ ਨਾਮਧਾਰੀਆਂ ਬਾਰੇ ਜਾਣਕਾਰੀ ਦਿਆਂ। ਅਤੇ ਮੈਂ ਸਾਊਆਂ ਵਾਂਗ ਆਗਿਆ ਪਾਲਣ ਕੀਤਾ।

7.30 ਹੋਏ ਤਾਂ ਮੁੱਖ ਮੰਤਰੀ ਰਾਮ ਨਰੇਸ਼ ਯਾਦਵ ਆ ਗਏ। ਉਨ੍ਹਾਂ ਦੇ ਨਾਲ ਮਹਾਰਾਜ ਬੀਰ ਸਿੰਘ ਜੀ, ਠਾਕੁਰ ਦਲੀਪ ਸਿੰਘ ਜੀ, ਸ. ਕਰਮਜੀਤ ਸਿੰਘ, ਠੇਕੇਦਾਰ ਸੰਤ ਹਰਭਜਨ ਸਿੰਘ, ਸ. ਸੰਤੋਖ ਸਿੰਘ, ਸ. ਮਹਿੰਦਰ ਸਿੰਘ ਗਿੱਲ ਐਮ. ਪੀ. ਅਤੇ ਸ. ਹਰਵਿੰਦਰ ਸਿੰਘ ਹੰਸਪਾਲ ਸਨ। ਮੁੱਖ ਮੰਤਰੀ ਸਤਿਗੁਰੂ ਜੀ ਦੇ ਆਸਣ ਵਲ ਵਧਿਆ ਅਤੇ ਨਮਸਕਾਰ ਵਜੋਂ ਝੁਕਿਆ। ਸਤਿਗੁਰੂ ਜੀ ਨੇ ਮਾਲਾ ਪਹਿਨਾਅ ਕੇ ਮਾਣ ਦਿਤਾ। ਰਾਮ ਨਰੇਸ਼ ਯਾਦਵ : ਇਕਹਿਰਾ ਬਦਨ, ਟੋਪੀ ਅਤੇ ਜਾਕਟ ਦਾ ਰੰਗ ਖ਼ਾਕੀ, ਦੂਜੇ ਬਸਤਰ ਸਫ਼ੇਦ। ਇਸ ਅਵਸਰ ਤੇ ਕੈਮਰੇ, ਮੂਵੀ, ਵੀਡੀਓ ਵਾਲੇ ਅਤੇ ਫ਼ਿਲਮ ਡਵੀਜ਼ਨ ਵਾਲੇ ਰੌਸ਼ਨੀਆਂ ਅਤੇ ਕਲਿੱਕ-ਕਲਿੱਕ ਬੜੀ ਤੇਜ਼ੀ ਨਾਲ ਕਰ ਰਹੇ ਸਨ।

8 ਕੁ ਮਿੰਟ ਵਿਚ ਮਹਾਰਾਜ ਬੀਰ ਸਿੰਘ ਜੀ ਵਲੋਂ ਮੁੱਖ ਮੰਤਰੀ ਲਈ ਸੁਆਗਤ ਸ਼ਬਦ ਕਹੇ ਗਏ ਜਿਨ੍ਹਾਂ ਵਿਚ ਨਾਮਧਾਰੀਆਂ ਦਾ ਸ਼ਾਸਤਰੀ ਸੰਗੀਤ-ਪ੍ਰੇਮ ਦਾ ਸੰਖੇਪ ਦੱਸਿਆ ਗਿਆ ਅਤੇ ਇਸ ਛੇਵੇਂ ਸੰਗੀਤ ਸਮੇਲਨ ਦੇ ਮੁੱਖ ਕਲਾਕਾਰਾਂ ਦਾ ਨਾਮ ਲੈਂਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਦੱਸਿਆ ਕਿ ਇਹ ਆਪਣੇ ਪਿਤਾ ਜੀ ਵਾਂਗ ਹੀ ਸੰਗੀਤ ਮਰਮੱਗਿਅ ਅਤੇ ਦਿਲਰੁਬਾ ਵਾਦਕ ਹਨ। ਨਾਲ ਲੱਗਦਿਆਂ ਮਹਾਰਾਜ ਜੀ ਨੇ ਕੂਕਿਆਂ—ਨਾਮਧਾਰੀਆਂ—ਦੀਆਂ ਬਰਤਾਨਵੀ ਰਾਜ-ਭਾਗ ਵਿਰੁੱਧ ਕੀਤੀਆਂ ਸਰਗਰਮੀਆਂ ਅਤੇ ਕੁਰਬਾਨੀਆਂ ਦਾ ਜ਼ਿਕਰ ਕੀਤਾ। ਅੰਤ ਉਤੇ ਮੰਗ ਕੀਤੀ ਕਿ ਸਰਕਾਰ ਵੀ ਸ਼ਾਸਤਰੀ ਸੰਗੀਤ ਫੈਲਾਣ ਵਿਚ ਸਹਾਇਕ ਹੋਵੇ।



Sri Satguru Jagjit Singh Ji Elibrary NamdhariElibrary@gmail.com

ਫਿਰ ਯਾਦਵ ਜੀ ਉਠੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਧਨਵਾਦ ਕਰ-ਦਿਆਂ, ਜਿਨ੍ਹਾਂ ਉਸਨੂੰ ਇਸ ਸਮੇਲਨ ਦੇ ਉਦਘਾਟਨ ਲਈ ਸੱਦਾ ਦਿਤਾ, ਆਖਿਆ: ਜੂਝਦਾ ਵਿਅਕਤੀ ਹੀ ਅੱਜ ਵਰਗੇ ਸੰਗੀਤ ਨੂੰ ਜਨਮ ਦੇ ਸਕਦਾ ਹੈ। ਸੰਗੀਤ ਪ੍ਰੇਮੀਆਂ ਨੂੰ ਪਰੇਰਣਾ ਦਿੰਦਿਆਂ ਮੁੱਖ ਮੰਤਰੀ ਯਾਦਵ ਨੇ ਕਿਹਾ: ਜਿਸ ਵਿਅਕਤੀ ਦੀ ਯਾਦ ਵਿਚ ਇਹ ਸਮੇਲਨ ਕੀਤਾ ਜਾ ਰਿਹਾ ਹੈ ਉਨ੍ਹਾਂ ਦੇ ਪਦ ਚਿੰਨ੍ਹਾਂ ਤੇ ਚੱਲਣਾ ਹੀ ਪੁੰਨ ਕਾਰਜ ਕਮਾਣਾ ਹੈ। ਅੰਤਰ ਰਾਸ਼ਟਰੀ ਪ੍ਰਸਿਧੀ ਦੇ ਮਾਲਕ ਕਲਾਕਾਰਾਂ ਦਾ ਅਭਿਨੰਦਨ ਕਰਦਿਆਂ ਸ੍ਰੀ ਯਾਦਵ ਨੇ ਛੇਵੇਂ ਸਿਮ੍ਰਤੀ ਸੰਗੀਤ ਸਮੇਲਨ ਦਾ ਉਦਘਾਟਨ ਕਰ ਦਿਤਾ।

ਤਕਰੀਰ ਦੇ ਅੰਤ ਉਤੇ ਤਾਲੀਆਂ ਦੀ ਗੜਗੜਾਹਟ ਹੁੰਦੀ ਰਹੀ।

ਮੁੱਖ ਮੰਤਰੀ ਦੇ 8 ਕੁ ਮਿੰਟ ਦੇ ਭਾਸ਼ਣ ਦੇ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਚੰਦ ਸ਼ਬਦ ਉਪਦੇਸ਼ਾਤਮਕ ਰੂਪ ਵਿਚ ਫਰਮਾਏ, ਜਿਨ੍ਹਾਂ ਦਾ ਤੱਤ ਸਾਰ ਇਹ ਹੈ:

— ਅਸੀਂ ਜੋ ਕੁਝ ਵੀ ਕਰ ਰਹੇ ਹਾਂ ਆਪਣੇ ਪੁਰਵਜਾਂ ਦੇ ਪੂਰਨਿਆਂ ਤੇ ਹੀ ਚੱਲਣਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਅਸਹਿਯੋਗ ਦਾ ਅਸਤਰ ਸਾਨੂੰ ਬਰਤਾਨਵੀ ਸਰਕਾਰ ਦੇ ਖ਼ਿਲਾਫ਼ ਅੰਦੋਲਨ ਹਿਤ ਦਿਤਾ। ਸਤਿਗੁਰਾਂ ਦੀ ਦੱਸੀ ਮਰਿਆਦਾ ਉਤੇ ਚਲਣ ਕਰਕੇ ਹੀ ਨਾਮਧਾਰੀ ਸਿੰਘ ਏਨੀਆਂ ਕੁਰਬਾਨੀਆਂ ਕਰ ਸਕੇ।

— ਜੋ ਕੁਝ ਗੁਰੂਆਂ ਨੇ ਗੁਰਬਾਣੀ ਵਿਚ ਲਿਖਿਆ-ਦੱਸਿਆ ਹੈ, ਅਸੀਂ ਉਸੇ ਨੂੰ ਅੱਗੇ ਲੈ ਜਾ ਰਹੇ ਅਤੇ ਵਧਾ ਰਹੇ ਹਾਂ।

— ਗੰਗਾ ਦੇ ਪਵਿੱਤਰ ਜਲ ਨੂੰ, ਵਖ ਵਖ ਵਿਆਖਿਆਵਾਂ ਦੇ ਕੇ, ਭਾਰਤੀ ਸੰਸਕ੍ਰਿਤੀ ਦਾ ਅਭਿੰਨ ਅੰਗ ਮੰਨਿਆ ਗਿਆ ਹੈ। ਯਾਦਵ ਜੀ ਦੀ ਵੇਸ਼ ਭੂਸ਼ਾ ਨੂੰ ਸਤਿਗੁਰਾਂ ਸਲਾਹਿਆ ਕਿ ਉਹ ਭਾਰਤੀ ਰਹਿਣ ਸਹਿਣ ਦੀ ਪ੍ਰਤੀਕ ਹੈ।

— ਸਤਿਗੁਰੂ ਜੀ ਨੇ ਅੰਤ ਉਤੇ ਆਖਿਆ ਭਾਵੇਂ ਸਾਡੇ ਵਿਚਾਰਾਂ ਦਾ ਵਖਰੇਵਾਂ ਕਿੰਨਾ ਵੀ ਕਿਉਂ ਨ ਹੋਵੇ ਪਰ ਭਾਰਤੀਅਤਾ ਤਾਂ ਸਾਡੀ ਸਭ ਦੀ ਸਾਂਝੀ ਹੈ।

## ਮਹਾਰਾਜ ਬੀਰ ਸਿੰਘ ਜੀ

ਰਾਸ਼ਟਰੀ ਸੰਗੀਤ ਸਮੇਲਨ ਦੇ ਮੰਗਲਾ ਚਰਣ ਅਰਥ ਮਹਾਰਾਜ ਜੀ ਨੇ ਮੰਚ ਉਤੇ ਪਹਿਲ ਲਈ। ਆਪ ਜੀ ਦੇ ਹੱਥ ਵਿਚ ਤਾਨਪੁਰਾ, ਇਹਨਾਂ ਦੇ ਸਾਥੀ ਸੰਤ ਹਜ਼ੂਰ ਸਿੰਘ ਚੰਦੂਹਾਸ ਦੇ ਹੱਥ ਵੀ ਤਾਨਪੁਰਾ, ਸੰਤ ਹਰਭਜਨ ਸਿੰਘ (ਸਿਤਾਰ) ਅਤੇ ਤਬਲੇ ਤੇ ਸੰਗਤ ਕਰਨ ਹਿਤ ਭਾਈ ਨਿਹਾਲ ਸਿੰਘ ਆਏ। ਤਲਵੰਡੀ ਘਰਾਣੇ ਦੀ ਗਾਇਕੀ, ਰਾਗ ਸ਼ੁਧ ਕਲਿਆਣ, ਤਾਲ ਚਾਰ। ਬੰਦਸ਼ ਦੇ ਬੋਲ:

ਭਜ ਭਜ ਰੇ ਮਨ ਕ੍ਰਿਸ਼ਨ ਨਾਮ ਵਾਸੁਦੇਵ
ਪਰਮ ਪੁਰਖ ਪਰਮੇਸ਼ਵਰ ਨਾਰਾਇਣ ਤੂਹੀ
ਸੰਕ ਸੁਕਤ ਜਪ ਤਪ ਕਰ ਨਾਰਦ ਮੁਨੀ
ਵਿਆਸ ਦੇਵ ਅਸ਼ਟ ਜਾਮ ਰਟਤ ਰਹੈਂ।



Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਜੀ ਦਾ ਕੰਠ ਸੁਰੀਲਾ, ਸਾਥੀਆਂ 'ਚੋਂ ਉਭਰਦੀ ਮੁਖ ਆਵਾਜ਼ ਅਤੇ ਇਕ ਸਾਤਵਿਕ ਪ੍ਰਭਾਵ।

### ਮੂਬਾ

ਹਰ ਕਲਾਕਾਰ ਜਦੋਂ ਮੰਚ ਉਪਰ ਆਵੇਗਾ, ਪਹਿਲਾਂ ਸ੍ਰੀ ਸਤਿਗੁਰੂ ਜੀ ਪਾਸ ਸਤਿਕਾਰ ਹਿਤ ਜਾਵੇਗਾ। ਆਪ ਜੀ ਉਸਦੇ ਗਲੇ ਫੁੱਲ ਹਾਰ ਪਹਿਨਾਅ ਆਸ਼ੀਰਵਾਦ ਦੇਣਗੇ। ਉਪ੍ਰੋਕਤ ਜਥਾ ਵੀ ਸਤਿਕਾਰ ਕਰ ਆਸ਼ੀਰਵਾਦ ਲੈ ਮੁੜਿਆ। 8 ਮਿੰਟ ਵਿਚ ਮੰਗਲਾ ਚਰਣ ਹੋ ਗਿਆ।

### ਬੁੱਧਾ ਦਿਤਾ ਮੁਕਰਜੀ

8 ਵੱਜ ਗਏ ਤਾਂ ਉਭਰਦਾ ਕਲਾਕਾਰ ਬੁੱਧਾ ਦਿੱਤਾ ਸਫੈਦ ਬਸਤਰਾਂ ਵਿਚ, ਮਾਸੂਮੀਅਤ ਭਰੇ ਚਿਹਰੇ ਨਾਲ, ਸਿਤਾਰ ਹੱਥ ਵਿਚ ਲੈ, ਸਤਿਗੁਰੂ ਜੀ ਨੂੰ ਨਮਸਕਾਰ ਕਰਨ ਹਿਤ ਗਿਆ, ਇੰਜ ਹੀ ਇਸ ਦਾ ਸਾਥੀ ਤਬਲਾ ਵਾਦਕ ਗੋਪਾਲ ਬੈਨਰਜੀ। ਦੋਵੇਂ ਆਸ਼ੀਰਵਾਦ ਲੈ ਕੇ ਆਏ। ਪੂਰੀਆ ਵਿਚ ਆਲਾਪ, ਜੋੜ, ਝਾਲਾ, ਆਦਿ ਸਿਤਾਰ ਉਤੇ ਵਜਾ ਕੇ ਸਰੋਤਿਆਂ ਦੇ ਮਨ ਮੋਹ ਲਏ। ਸਤਿਗੁਰੂ ਜੀ ਨੇ ਪੂਰੇ ਧਿਆਨ ਨਾਲ ਸੁਣਿਆ ਅਤੇ ਹੋਣਹਾਰ ਕਲਾਕਾਰ ਲਈ ਮੰਗਲ ਕਾਮਨਾ ਕੀਤੀ। ਸਵਾ ਘੰਟੇ ਤਕ ਸਿਤਾਰ ਵਾਦਨ ਨੇ ਰੰਗ ਬੰਨ੍ਹੀ ਰਖਿਆ। ਫੇਰ 15 ਮਿੰਟ ਲਈ ਮੱਧਿਆਂਤਰ ਹੋ ਗਿਆ।

### ਮੁਨੱਵਰ ਅਲੀ ਖ਼ਾਂ

45-50 ਦੀ ਆਯੂ ਵਾਲਾ ਸੁਹਣਾ, ਗੋਰਾ ਪੰਜਾਬੀ, ਸੁਨਹਿਰੀ ਫਰੇਮ ਵਾਲੀ ਐਨਕ ਵਾਲਾ ਸ੍ਰੀ ਮੁਨੱਵਰ ਅਲੀ, ਸਾਰੰਗੀ ਵਾਦਕ ਇੰਦੂ ਨਾਲ, ਹਾਰਮੋਨੀਅਮ ਵਾਲੇ ਸ੍ਰੀ ਮਿੱਠਲ ਬਨਾਰਸੀ ਅਤੇ ਤਬਲੇ ਦੀ ਸੰਗਤ ਲਈ ਸ੍ਰੀ ਪ੍ਰੇਮ ਵਲਭ ਨੂੰ ਨਾਲ ਲੈ ਆਸ਼ੀਰ-ਵਾਦ ਪ੍ਰਾਪਤ ਕਰ, ਮੰਚ ਉਤੇ ਡਟ ਗਏ। ਕਲਾਕਾਰ ਨੇ ਬਾਗੇਸ਼ਵਰੀ ਵਿਚ ਖ਼ਿਆਲ ਛੋਹਿਆ, 'ਕੌਨ ਕਰ ਮੋਰੀ'। ਆਲਾਪ, ਕਮੁਕਾਂ, ਤਾਨਾਂ ਆਦਿ ਨਾਲ ਸਮਾਂ ਬੰਨ੍ਹਣ ਦਾ ਜਤਨ ਕੀਤਾ, ਪਰ ਮੇਰੀ ਰਾਇ ਵਿਚ, ਸਮਾਂ ਨਹੀਂ ਬੱਝਾ। ਆਖ਼ੀਰ ਵਿਚ ਇਕ ਪਹਾੜ ਦੀ ਅਤੇ ਇਕ ਖਮਾਜ ਦੀਆਂ ਬੰਦਸ਼ਾਂ ਗੰਦੀਆਂ। ਇਹ ਦੋਵੇਂ ਚੀਜ਼ਾਂ ਜੰਮੀਆਂ।

ਸ੍ਰੀ ਮੁਨੱਵਰੀ ਅਲੀ ਖ਼ਾਂ ਨੂੰ ਜਦੋਂ ਸਤਿਗੁਰੂ ਜੀ ਗ੍ਰੀਨ ਰੂਮ ਵਿਚ ਜਾ ਕੇ ਮਿਲੇ ਤਾਂ ਕਲਾਕਾਰ ਨੇ ਬੇਨਤੀ ਕੀਤੀ ਕਿ ਕਲਕੱਤੇ ਗਿਆਂ ਉਸ ਦੇ ਘਰ ਵੀ ਜ਼ਰੂਰ ਦਰਸ਼ਨ ਦਿਤੇ ਜਾਣ।

ਰਾਤ 11 ਵਜੇ ਤਕ ਪ੍ਰਥਮ ਸੰਗੀਤ ਸਭਾ ਸੰਪੰਨ ਹੋ ਗਈ।



Sri Satguru Jagjit Singh Ji Elibrary NamdhariElibrary@gmail.com

# ਛੇਵਾਂ ਸੰਗੀਤ ਸਮੇਲਨ

## 3 ਫ਼ਰਵਰੀ 1979, ਸ਼ਨੀਵਾਰ
## ਲਖਨਊ

ਆਸਾ ਦੀ ਵਾਰ ਦਾ ਕੀਰਤਨ ਗੁਰੂ ਕੀ ਹਜ਼ੂਰੀ ਵਿਚ ਸੰਤ ਹਰਬੰਸ ਸਿੰਘ ਖੁੱਲਾ, ਸੰਤ ਸੁਜਾਨ ਸਿੰਘ ਦੁਆਰਾ ਨਾਮਧਾਰੀ ਧਰਮਸਾਲਾ ਲਖਨਊ ਵਿਚ ਸੰਪੰਨ ਹੋਇਆ।

### ਸਤਿਗੁਰੂ ਜੀ ਦੇ ਡੇਰੇ

ਸੰਤ ਹਰਭਜਨ ਸਿੰਘ ਠੇਕੇਦਾਰ ਦੇ ਮਕਾਨ ਦੀ ਉਪਰਲੀ ਛੱਤੇ ਗੁਰੂ ਕੇ ਨਿਵਾਸ ਮੈਂ 8.30 ਵਜੇ ਪੁੱਜਾ। ਇਸ ਮੌਕੇ ਡਾਲਟਨ ਗੰਜ (ਬਿਹਾਰ) ਵਾਲੇ ਭਰਾ—ਸੇਠ ਕਿਰਪਾਲ ਸਿੰਘ, ਸੰਤ ਬਲਵੰਤ ਸਿੰਘ, ਸੇਠ ਅਮਰ ਸਿੰਘ ਅਤੇ ਸੇਠ ਸੁਹਿੰਦਰ ਸਿੰਘ—ਹੱਸਦੇ-ਮੁਸਕ੍ਰਾਂਦੇ ਇਧਰ ਉਧਰ ਫਿਰ ਰਹੇ ਸਨ। ਮੁਨਾਸਬ ਸਮਾਂ ਵੇਖ, ਸਤਿਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋ, ਉਨ੍ਹਾਂ ਬਿਨੈ ਕੀਤੀ : ਸਾਡੀ ਮੇਲੇ ਦੀ ਅਰਜ਼ ਪਰਵਾਨ ਕਰੋ, ਦੀਨ ਦਿਆਲ। ਸ੍ਰੀ ਸਤਿਗੁਰੂ ਜੀ ਨੇ ਮੁਸਕਰਾ ਕੇ ਆਖਿਆ : ਜੇ ਮੇਲੇ ਦੀ ਅਰਜ਼ ਕਰਨੀ ਹੈ ਤਾਂ ਮਹਾਰਾਜ ਜੀ ਨੂੰ ਕਰੋ। ਮੇਰਾ ਪ੍ਰੋਗਰਾਮ ਅੱਜ ਕਲ੍ਹ ਉਹੋ ਤਿਆਰ ਕਰ ਰਹੇ ਹਨ। ਅਤੇ ਫਿਰ ਇਸ ਢੰਗ ਨਾਲ ਇਸ਼ਾਰਾ ਕੀਤਾ ਕਿ ਅਸੀਂ ਸਾਰੇ ਹੀ ਆਪ ਨੂੰ ਆਰਾਮ ਕਰਨ ਲਈ ਨਵਿਰਿਆਂ ਛੱਡ ਆਏ।

### ਨਾਰਾਜ਼ਗੀ ਵਿਚ ਚਰਨ

. 12.30 ਹੋਏ ਤਾਂ ਤਿੰਨ ਕਾਰਾਂ ਸੰਗਤ ਦੀਆਂ, ਸਤਿਗੁਰੂ ਜੀ ਦੀ ਕਾਰ ਅਗਵਾਈ ਵਿਚ, ਲਖਨਊ ਦੇ ਨਜ਼ਦੀਕ ਹੀ, ਸ. ਹਰਭਜਨ ਸਿੰਘ ਠੇਕੇਦਾਰ ਦੇ ਫ਼ਾਰਮ ਤੇ ਜਾਣ ਲਈ ਰਵਾਨਾ ਹੋਈਆਂ। ਰਾਹ ਵਿਚ ਇਕ ਦੋ ਘਰੀਂ ਚਰਨ ਪਾਉਣ ਦਾ ਪ੍ਰੋਗਰਾਮ ਸੀ। ਸ਼ਹਿਰ ਵਿਚ ਇਕ ਸੜਕ ਦੇ ਕਿਨਾਰੇ ਖਲ੍ਹਿਆਰ ਇਕ ਜ਼ਿਮੇਵਾਰ ਸੱਜਣ ਅੱਗੇ ਲੱਗ ਤੁਰ ਪਿਆ। ਪਿਛੇ ਸਤਿਗੁਰੂ ਜੀ ਤੇ ਹੋਰ ਸਿੰਘ। ਮੈਂ ਹੀ ਪੁੱਛ ਬੈਠਾ : ਸਗੋਂ ਆਪਣੇ ਘਰ ਲੈ ਚੱਲੇ ਹੋ ? ਉਹ ਟਾਲਵੇਂ ਜਵਾਬ ਦੇ ਰਿਹਾ ਸੀ ਕਿ ਸਤਿਗੁਰੂ ਜੀ ਨੇ ਸਪੱਸ਼ਟ ਦੱਸਣ ਲਈ ਕਿਹਾ। ਜਦੋਂ ਪਤਾ ਲੱਗਾ ਕਿ ਉਹ ਆਪਣੇ ਘਰ ਹੀ ਲੈ ਜਾ ਰਿਹਾ ਹੈ, ਤਾਂ ਸਤਿਗੁਰੂ ਜੀ ਨਾਰਾਜ਼ ਹੋਏ। ਇਹ ਧੋਖਾ ਹੈ। ਪਹਿਲਾਂ ਕਿਸੇ ਹੋਰ ਦਾ ਘਰ ਦੱਸ ਕੇ ਲਿਆਂਦਾ, ਹੁਣ ਆਪਣੇ ਘਰ ਨੂੰ ਵੜਿਆ ਹੈ। ਕਾਰਨ ਇਹ ਸੀ ਕਿ ਸਤਿਗੁਰੂ ਜੀ ਦੇ ਪ੍ਰੋਗਰਾਮ ਵਿਚ ਇਹ ਘਰ ਪਹਿਲਾਂ ਸ਼ਾਮਲ ਨਹੀਂ ਸੀ, ਨਹੀਂ ਤਾਂ ਨਾਰਾਜ਼ਗੀ ਨਾ ਹੁੰਦੀ।

. ਗੁੱਸੇ ਰਾਜ਼ੀ ਹੋ ਕੇ ਵੀ ਸਤਿਗੁਰਾਂ ਉਸ ਸਿੰਘ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ। ਅੰਦਰ ਉਸੀਰ ਵਿਚ ਮੰਜਾ ਵਿਛਿਆ ਹੋਇਆ ਸੀ। ਪਰਵਾਰ ਦੇ ਜੀਆਂ ਨੇ ਫਲ ਫੁਲ ਅਤੇ ਰਕਮ ਮੱਥਾ ਟੇਕੀ। ਸਤਿਗੁਰੂ ਜੀ ਨੇ ਸਾਂਝਾ ਉਪਦੇਸ਼ ਦੇ ਕੇ ਉਹਦੇ ਵੱਡੇ ਪੁੱਤਰ ਨੂੰ ਸਿੱਖੀ ਦਸਤਾਰ ਸਜਾਈ ਰਖਣ ਲਈ ਆਖਿਆ। ਉਸਨੇ



Sri Satguru Jagjit Singh Ji Elibrary NamdhariElibrary@gmail.com

'ਸਤਿ ਬਚਨ' ਆਖਿਆ । ਪਰ ਸਤਿਗੁਰੂ ਜੀ ਨੇ ਹੌਲੀ ਜਿਹੀ ਮੇਰੇ ਕੰਨ ਵਿਚ ਦੱਸਿਆ : 'ਬਣੂੰਗਾ ਨਹੀਂ ।'

## ਠੇਕੇਦਾਰ ਜੀ ਦਾ ਫਾਰਮ

ਵਾਪਸ ਸੜਕ ਤੇ ਆ ਕਾਰ ਸਵਾਰ ਹੋ ਸ. ਹਰਭਜਨ ਸਿੰਘ ਦੇ ਫਾਰਮ ਤੇ ਪਹੁੰਚੇ । ਸੰਗਤ ਏਥੇ ਵੀ ਬਹੁਤ ਵੱਡੀ ਗਿਣਤੀ ਵਿਚ ਪਹੁੰਚੀ ਹੋਈ ਸੀ । ਘਾਹ ਕਿੱਤੇ ਵਿਚ ਧੁੱਪੇ ਡੱਠੇ ਮੰਜੇ ਉਪਰ ਦੀਨ ਦਿਆਲ ਬੈਠ ਗਏ । ਸੰਤ ਗਿਆਨ ਸਿੰਘ ਦੀਗੋ ਕੇ, ਸ. ਹਰਵਿੰਦਰ ਸਿੰਘ ਹੰਸਪਾਲ, ਸੰਤ ਰਘੁਬੀਰ ਸਿੰਘ ਡਰਾਈਵਰ, ਸ. ਹਰਭਜਨ ਸਿੰਘ ਅਤੇ ਸੰਤ ਜਗਦੀਸ਼ ਸਿੰਘ "ਵਰਿਆਮ" ਨਾਲ ਬਚਨ ਬਿਲਾਸ ਹੁੰਦੇ ਰਹੇ ।

## ਕਹਾਣੀ ਇੰਟਰਵੀਊ ਦੀ

ਫਾਰਮ ਤੇ ਹੁੰਦੀ ਗੱਲ ਬਾਤ ਤੋਂ ਮੈਨੂੰ ਪਤਾ ਲੱਗਾ ਕਿ ਅੱਜ ਕਿਸੇ ਵੇਲੇ ਆਲ ਇੰਡੀਆ ਰੇਡੀਓ ਲਖਨਊ ਵਾਲੇ ਸ੍ਰੀ ਸਤਿਗੁਰੂ ਜੀ ਦਾ ਇੰਟਰਵੀਊ ਲੈ ਕੇ ਗਏ ਹਨ । ਸ. ਹੰਸਪਾਲ ਦੇ ਦੱਸਣ ਮੁਤਾਬਕ ਇਕ ਇਹ ਸਵਾਲ ਵੀ ਕੀਤਾ ਗਿਆ : ਜਿਨ੍ਹਾਂ ਨੂੰ ਸੰਗੀਤ ਬਾਰੇ ਕੋਈ ਗਿਆਨ ਨਹੀਂ, ਉਹ ਤੁਹਾਡੀ ਸੰਗੀਤ ਕਾਨਫਰੰਸ ਤੋਂ ਕੀ ਲਾਭ ਉਠਾਣਗੇ ? ਸਤਿਗੁਰਾਂ ਵਲੋਂ ਉੱਤਰ ਸੀ : ਉਹਨਾਂ ਨੂੰ ਇਹ ਯਕੀਨ ਹੋ ਜਾਇਗਾ ਕਿ ਉਨ੍ਹਾਂ ਨੂੰ ਸੰਗੀਤ ਬਾਰੇ ਉੱਕਾ ਹੀ ਗਿਆਨ ਨਹੀਂ ।

ਸਤਿਗੁਰੂ ਜੀ ਨੇ ਸਾਰੀ ਗੱਲ ਸੁਣ ਕੇ ਹੱਸਦੇ ਹੱਸਦੇ ਆਖਿਆ : ਮੈਂ ਉਨ੍ਹਾਂ ਨੂੰ ਮੁੱਢ ਵਿਚ ਹੀ ਆਖਿਆ ਸੀ ਕਿ ਮੈਨੂੰ ਇੰਟਰਵੀਊ (ਸਾਖਿਆਤਕਾਰ) ਦੇਣ ਦਾ ਪਤਾ ਨਹੀਂ । ਕੋਲੋਂ ਜਗਦੀਸ਼ ਸਿੰਘ ਬੋਲਿਆ : ਉਸ ਦੀ ਕਾਫ਼ੀ ਪ੍ਰਾਪਤੀ ਹੈ ਜੀ ਕਿ ਉਸਨੇ ਇੰਟਰਵੀਊ ਲੈ ਲਿਆ । ਅਸਾਂ ਇੰਟਰਵੀਊਅਰ, ਸ੍ਰੀ ਉਮੇਸ਼ ਚੰਦਰ ਸ਼ਰਮਾ ਨੂੰ ਦੱਸ ਦਿਤਾ ਸੀ ਕਿ ਸਤਿਗੁਰੂ ਜੀ ਨੇ ਕਦੇ ਕਿਸੇ ਨੂੰ ਇੰਟਰਵੀਊ ਨਹੀਂ ਦਿਤਾ । ਮੈਨੂੰ ਦੱਸਿਆ ਗਿਆ ਕਿ ਇੰਟਰਵੀਊ ਸ਼ਾਨਦਾਰ ਹੋ ਗਿਆ ਹੈ । ਸ. ਹੰਸਪਾਲ ਨੇ ਦੱਸਿਆ : ਸਾਖਿਆਤਕਾਰ ਲੈਣ ਵਾਲੇ ਨੇ ਸਤਿਗੁਰੂ ਜੀ ਨੂੰ ਕੋਈ ਸ਼ਬਦ ਗਾਉਣ ਲਈ ਆਖਿਆ ਤਾਂ ਆਪ ਨੇ ਬਿਨਾ ਕਿਸੇ ਸਾਜ਼ ਦੇ ਸੁਰ-ਮੇਲ ਤੋਂ ਆਪ ਹੀ ਬਹੁਤ ਰਸੀਲਾ ਅਤੇ ਸੁਰੀਲਾ ਸ਼ਬਦ ਗਾ ਦਿਤਾ ।

ਹੁਣ ਥੋੜ੍ਹਾ ਸਵਾਲਾਂ ਜਵਾਬਾਂ ਦਾ ਆਨੰਦ ਲਓ ।

? ਜੀਵਨ ਵਿਚ ਸੰਗੀਤ ਦੀ ਮਹੱਤਤਾ ਕਿੰਨੀ ਕੁ ਹੈ ?

! ਰੋਟੀ ਜਿੰਨੀ ।

? "ਉਹ ਕਿਵੇਂ ?"

! "ਕਿਉਂਕਿ ਸੰਗੀਤ ਹੀ ਅਗਲੇ ਪਾਸੇ ਜਾਣ ਲਈ ਠੀਕ ਮਾਧਿਅਮ ਹੈ ।"

? "ਸੰਗੀਤ ਦੇ ਖੇਤਰ ਦੀ ਕਿੰਨੀ ਕੁ ਸੀਮਾ ਹੈ ?"

! "ਸਾਰਾ ਵਿਸ਼ਵ ।"

? "ਆਪ ਨੇ ਸੰਗੀਤ ਦੀ ਪ੍ਰੇਰਨਾ ਕਿਥੋਂ ਲਈ ?"



Sri Satguru Jagjit Singh Ji Elibrary NamdhariElibrary@gmail.com

! "ਕੂਕਿਆਂ ਦੇ ਜੀਵਨ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ।"
? "ਕੋਈ ਉਪਦੇਸ਼ ਦਿਓ।"

ਤਾਂ ਸਤਿਗੁਰੂ ਜੀ ਨੇ ਸੰਤ ਮਾਰਗਾਂ ਵਿਚ ਸ਼ਬਦ ਗਾਂਵਿਆਂ :

ਬਿਖਿਆਨ ਸਿਉ ਕਾਹੇ ਰਚਿਓ...

ਸਤਿਗੁਰੂ ਜੀ ਨੇ ਸਾਖਿਆਤਕਾਰੀ ਸ੍ਰੀ ਉਮੇਸ਼ ਚੰਦ੍ਰ ਸ਼ਰਮਾ ਨੂੰ ਮਾਸ, ਮਦਰਾ, ਅੰਡਾ ਆਦਿ ਨਾ ਖਾਣ ਪੀਣ ਲਈ ਪ੍ਰੇਰਿਆ।

ਇੰਟਰਵੀਊ ਦਾ ਸਮਾਂ 10.30 ਤੋਂ 11.30 ਦੇ ਦਰਮਿਆਨ ਜਿਹੇ ਸੀ।

## ਸ. ਮਨਚੰਦਾ ਨੂੰ ਯਾਦ ਕੀਤਾ

ਸੱਚੇ ਪਾਤਸ਼ਾਹ ਜੀ ਨੇ ਆਪਣੇ ਇਕ ਵਿਸ਼ਵਸਤ ਅਤੇ ਪਰਮ ਪ੍ਰੇਮੀ ਸ. ਸੁਰਿੰਦਰ ਸਿੰਘ ਮਨਚੰਦਾ ਨੂੰ ਯਾਦ ਫ਼ਰਮਾਇਆ : ਉਸ ਨੇ ਬੜੀ ਕੋਸ਼ਸ਼ ਕੀਤੀ। ਅਖ਼ੀਰ ਆਪ ਮੁਆਫ਼ੀ ਮੰਗ ਲਈ ਕਿ ਉਸਦੀ ਕੋਈ ਪੇਸ਼ ਨਹੀਂ ਗਈ। (ਇਹ ਵੀਚਾਰ ਹੈਦਰਾਬਾਦ ਵਾਲਿਆਂ ਬਾਰੇ ਸੀ) ਉਸਨੇ 4 ਫਰਵਰੀ ਨੂੰ ਸਮੇਤ ਪਤਨੀ ਆਉਣਾ ਸੀ।

ਸ. ਹੰਸਪਾਲ ਨੇ ਦੱਸਿਆ ਕਿ ਸ. ਸੁਰਿੰਦਰ ਸਿੰਘ ਮਨਚੰਦਾ 6 ਫਰਵਰੀ ਨੂੰ ਆਵੇਗਾ, ਅਤੇ ਕਲਕੱਤੇ ਨਾਲ ਜਾਵੇਗਾ।

## ਬਾਬਾ ਭੌਣਿਆਂ ਵਾਲਾ ਚੇਤੇ ਆਇਆ

ਧੁੱਪ ਸੁਖਾਵੀਂ, ਸੰਗਤ ਸੁਖਾਵੀਂ, ਸਾਜ ਸੁਖਾਵਾਂ ਅਤੇ ਸ੍ਰੀ ਸਤਿਗੁਰੂ ਜੀ ਦਾ ਧਿਆਨ ਇਕ ਨੁਕਤੇ ਤੇ ਕੇਂਦਰਤ ਸੀ। ਕਹਿਣ ਲੱਗੇ : ਕਈ ਕਲਾਕਾਰ ਦਿੱਤੇ ਹੋਏ ਟਾਈਮ ਤੇ ਗਾਉਣ ਵਜਾਉਣ ਨੂੰ ਤਿਆਰ ਨਹੀਂ ਹੁੰਦੇ ਕਿਉਂਕਿ ਸਰੋਤੇ ਘੱਟ ਨਜ਼ਰ ਆਉਂਦੇ ਹਨ ਪਰ ਕੁਛ ਐਸੇ ਵੀ ਹੁੰਦੇ ਹਨ ਜੁ ਬਿਨਾ ਕਿਸੇ ਨੂੰ ਉਡੀਕੇ ਆਪਣਾ ਕਾਰਜ ਕਰਮ ਸ਼ੁਰੂ ਕਰ ਦਿੰਦੇ ਹਨ। ਏਥੇ, ਅੱਧੀ ਸਦੀਓਂ ਪਹਿਲਾਂ ਦੇ ਇਕ ਬਜ਼ੁਰਗ ਨਾਮ-ਧਾਰੀ ਨੂੰ ਯਾਦ ਕੀਤਾ : ਬਾਬਾ ਭੌਣਿਆਂ ਵਾਲੇ ਜੀ ਕੱਲੇ ਹੀ ਛੈਣੇ ਵਜਾ ਕੇ ਕੀਰਤਨ ਕਰਨ ਲੱਗ ਪੈਂਦੇ। ਕਿਸੇ ਪੁੱਛਿਆ : ਕਿਸ ਨੂੰ ਸੁਣਾਂਦੇ ਓ ? ਬਾਬਾ ਜੀ ਨੇ ਬੜੇ ਧੀਰਜ ਨਾਲ ਆਖਿਆ : ਧਰਤੀ ਨੂੰ ਸੁਣਾਂਦਾ ਹਾਂ ਜਿਸ ਵਿਚੋਂ ਅੰਨ, ਧਨ, ਜਲ ਪਾਣੀ ਅਤੇ ਹੋਰ ਅਨੇਕਾਂ ਪਦਾਰਥ ਪੈਦਾ ਹੁੰਦੇ ਹਨ। ਇਹ ਸ਼ਬਦ ਸੁਣ ਕੇ ਪਵਿੱਤਰ ਹੋਵੇਗੀ, ਪਵਿੱਤਰਤਾ ਵਧੇਗੀ। ਅਜਿਹੇ ਰੰਗਾਂ ਦੀਆਂ ਗੱਲਾਂ ਸਿੱਧੀਆਂ ਹੀ ਸਤਿਗੁਰਾਂ (ਗੁਰੂ ਰਾਮ ਸਿੰਘ ਜੀ) ਨਾਲ ਹੋ ਜਾਂਦੀਆਂ ਸਨ।

## ਸਰਹਾਲੀ ਵਾਲੇ ਯਾਦ ਆਏ

ਸੱਚੇ ਪਾਤਸ਼ਾਹ ਜੀ ਨੇ ਬਚਨ ਕਰਦਿਆਂ ਜ਼ਿਲ੍ਹਾ ਅੰਮ੍ਰਿਤਸਰ ਦੇ ਇਕ ਵੱਡੇ ਨਗਰ ਸਰਹਾਲੀ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਪਰਮ ਪਰੇਮੀ ਸਿੱਖ ਸੰਤ ਜੀਊਣ ਸਿੰਘ ਨੂੰ ਚੇਤੇ ਕਰ ਲਿਆ। ਆਖਿਆ : ਉਹਨਾਂ ਦੀ ਗੱਲ ਸਿੱਧੀ ਹੀ ਸਤਿਗੁਰਾਂ ਨਾਲ ਸੀ। ਉਹਨਾਂ ਦੇ ਨਾਲ ਦੇ ਕਮਰੇ ਵਾਲਿਆਂ ਕਈ ਵਾਰ ਸੁਣਨਾ : ਕੌਣ



Sri Satguru Jagjit Singh Ji Elibrary NamdhariElibrary@gmail.com

ਸੋਉਣਿਆਂ ਕਿਉਂ ਯਾਦ ਕੀਤਾ ਈ ? ਬਾਬਾ ਜੀ ਕਹਿਣਾ : ਸੱਚੇ ਪਾਤਸ਼ਾਹ ! ਦਰਸ਼ਨਾਂ ਨੂੰ ਚਿਤ ਕਰਦਾ ਸੀ।

### ਸੰਤ ਦੂਲਾ ਸਿੰਘ ਵਲ ਧਿਆਨ

ਸਤਿਗੁਰੂ ਜੀ ਨੇ ਸੇਠ ਤਰਲੋਕ ਸਿੰਘ-ਸੇਠ ਗੁਰਬਖ਼ਸ਼ ਸਿੰਘ ਹੁਰਾਂ ਦੇ ਪਿਤਾ ਸੰਤ ਸੇਠ ਦੂਲਾ ਸਿੰਘ ਜੀ ਦਾ ਜ਼ਿਕਰ ਕੀਤਾ : ਉਹਨਾਂ ਦਾ ਗੁਰੂ ਹਰੀ ਸਿੰਘ ਜੀ ਨਾਲ ਬੜਾ ਪਿਆਰ ਸੀ। ਜਦੋਂ ਜਦੋਂ ਗੁਰੂ ਹਰੀ ਸਿੰਘ ਜੀ ਵਾਲੇ ਚੁਬਾਰੇ (ਕੋਠੀ ਸਾਹਿਬ) ਵਿਚ ਜਾਣਾ, ਅੰਦਰ ਬੈਠੇ ਗੁਰੂ ਹਰੀ ਸਿੰਘ ਜੀ ਅਤੇ ਗੁਰੂ ਰਾਮ ਸਿੰਘ ਜੀ ਦੇ ਪਰਸਪਰ ਬਚਨ ਸੁਣਨੇ। ਬੂਹਾ ਖੋਲ੍ਹਿਆਂ ਦਰਸ਼ਨ ਗੁਰੂ ਹਰੀ ਸਿੰਘ ਜੀ ਦੇ ਹੀ ਹੋਣੇ।

### ਸ. ਹਰਕੀਰਤ ਸਿੰਘ ਦੇ ਘਰ

ਅੱਧਾ ਘੰਟਾ ਬਚਨ ਕਰਦਿਆਂ ਇੰਜ ਬੀਤ ਗਿਆ ਜਿਵੇਂ ਕੁਝ ਪਲ ਹੀ ਹੋਏ ਹੋਣ। ਜਾਂ ਠੇਕੇਦਾਰ ਜੀ ਦੇ ਕਾਰਮ ਤੋਂ ਉਠੇ ਤਾਂ ਬੇਨਤੀ ਕੀਤੀ ਗਈ, ਸਾਹਮਣੇ ਘਰ ਚਰਨ ਪਾਉਣ ਦੀ ਜ਼ਰੂਰ ਕਿਰਪਾ ਕੀਤੀ ਜਾਵੇ। ਇਸ ਘਰ ਦੀਨ ਦਿਆਲ ਪਧਾਰੇ ਤਾਂ ਗ੍ਰਹਿ ਸਵਾਮੀ ਸ. ਹਰਕੀਰਤ ਸਿੰਘ ਦੀ ਬਾਂਹ ਤੇ ਪਲੱਸਤਰ ਲੱਗਾ ਹੋਇਆ ਸੀ ਅਤੇ ਸਿਰ ਤੇ ਪੀਲਾ ਪਟਕਾ ਸੀ। ਦੀਨ ਦਿਆਲ ਜੀ ਬੈਠੇ ਹੋਈ ਕੁਰਸੀ ਤੇ ਦੋ ਕੁ ਮਿੰਟ ਰੁਕੇ ਅਤੇ ਫਿਰ ਡੇਰੇ ਵਲ ਪ੍ਰਸਥਾਨ ਹੋ ਗਿਆ।

ਵਾਪਸ ਡੇਰੇ ਆ, ਕੁਝ ਜਲਪਾਨ ਕਰ, ਪ੍ਰਬੰਧ ਸੰਬੰਧੀ ਜਾਣਕਾਰੀ ਲੈ, ਪੂਰੇ 6 ਵਜੇ ਰਵਿੰਦ੍ਰਾਲੈ ਵਾਸਤੇ ਚਲੇ। ਪ੍ਰਬੰਧਕ ਦੂਜੀ ਗੱਡੀ ਵਿਚ ਨਾਲ ਸਨ। ਕੋਠਾ ਜੀ ਡੇਰੇ, ਸ. ਸੰਗ ਸਿੰਘ-ਬੇਅੰਤ ਕੌਰ ਦੇ ਘਰ, ਗੱਡੀ ਰੁਕਵਾਈ ਅਤੇ ਉਥੇ ਤਿਆਰ ਖੜੇ ਧਰਮਵੀਰ ਸਿੰਘ ਸਿਤਾਰ ਵਾਦਕ ਸਪੁੱਤਰ ਸ. ਸੁਰਜੀਤ ਸਿੰਘ ਯੂ.ਕੇ. ਨੂੰ ਨਾਲ ਬਿਠਾਅ ਕੇ ਫੇਰ ਅੱਗੇ ਤੁਰੇ।

### ਸੰਗੀਤ ਸਮੇਲਨ

ਪੰਦਰਾਂ ਮਿੰਟ ਤਕ ਰਵਿੰਦ੍ਰਾਲੈ ਪਹੁੰਚ ਹੋ ਗਈ। ਅੱਗੇ ਮੰਚ ਸੱਜਾ ਵਾਲੇ ਸੰਤ ਸੁਖਦਰਸ਼ਨ ਸਿੰਘ ਆਦਿ ਨੇ ਨਵੀਨ ਢੰਗਾਂ ਨਾਲ ਅਤੇ ਨਵੇਂ ਤਰੀਕੇ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਡਆਕਾਰੀ ਤਸਵੀਰ ਅਤੇ ਸਤਿਗੁਰੂ ਜੀ ਦਾ ਆਸਣ ਪ੍ਰੇਮ ਪੂਰਵਕ ਸ਼ਿੰਗਾਰੇ ਹੋਏ ਸਨ।

ਠਾਕੁਰ ਦਲੀਪ ਸਿੰਘ ਜੀ ਦੇ ਸੀਟ-ਸੇਵਾ ਪ੍ਰਬੰਧਕ ਦੇ ਨਾਮ : ਸ. ਗੁਰਦੇਵ ਸਿੰਘ ਮਦਾਰ (ਅੰਮ੍ਰਿਤਸਰ ਕਲਾਂ, ਜ਼ਿ: ਸਰਸਾ), ਸ. ਅਵਤਾਰ ਸਿੰਘ ਘੁੰਮਣ (ਅੰਮ੍ਰਿਤਸਰ ਕਲਾਂ), ਸ. ਹਰਭਜਨ ਸਿੰਘ ਸੰਤ ਨਗਰ (ਸਰਸਾ), ਸ. ਸੰਤੋਖ ਸਿੰਘ ਸੰਤ ਨਗਰ (ਸਰਸਾ) ਸ. ਪੁਰਸ਼ੋਤਮ ਸਿੰਘ ਸੰਤ ਨਗਰ (ਸਰਸਾ) ਇਹ ਆਉਣ ਵਾਲਿਆਂ ਨੂੰ ਉਨ੍ਹਾਂ ਦੇ ਯੋਗ ਕੁਰਸੀਆਂ ਤੇ ਬੈਠਾਂਦੇ ਸਨ।

### ਧਰਮਵੀਰ ਸਿੰਘ ਯੂ. ਕੇ.

6.30 ਵਜੇ ਸਤਿਗੁਰੂ ਜੀ ਨਿਜ ਸਥਾਨ ਤੇ ਬਿਰਾਜਮਾਨ ਹੋਏ। ਕੁਝ ਨਿਕਟੀ



Sri Satguru Jagjit Singh Ji Elibrary NamdhariElibrary@gmail.com

ਨਜ਼ਦੀਕ ਬੈਠ ਗਏ। ਮੰਚ ਸਕੱਤਰ ਸ. ਸੁਖਬੀਰ ਸਿੰਘ ਗੁਲਾਟੀ ਨੇ ਮਾਈਕ ਤੇ ਆ ਐਲਾਨ ਕੀਤਾ : ਸ੍ਰੀ ਪਰਮਵੀਰ ਸਿੰਘ, ਉਸਤਾਦ ਵਲਾਇਤ ਖ਼ਾਂ ਦੇ ਸ਼ਾਗਿਰਦ ਹੁਣ ਸਿਤਾਰ ਵਾਦਨ ਕਰਨਗੇ। ਤਬਲੇ ਤੇ ਸੰਗਤ ਦੇਣਗੇ ਸ੍ਰੀ ਚੰਦੂ ਮੋਹਨ। ਨਵੋਦਿਤ ਕਲਾਕਾਰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਤੇ ਆ ਝੁਕਿਆ। ਸੱਚੇ ਪਾਤਸ਼ਾਹ ਨੇ ਗੁਲਾਬਾਂ ਦਾ ਹਾਰ ਪਹਿਨਾਅ ਕੇ ਨੌਜਵਾਨ ਨੂੰ ਆਸ਼ੀਰਵਾਦ ਦਿਤੀ। ਚੰਦੂ ਮੋਹਨ ਜੀ ਤੇ ਵੀ ਬਖ਼ਸ਼ਿਸ਼ ਹੋਈ।

ਸ੍ਰੀ ਸਤਿਗੁਰੂ ਜੀ ਦੀ ਵਿਸ਼ਾਲ ਤਸਵੀਰ ਦੀ ਛੌਂਦ ਵਿਚ ਜਿਵੇਂ ਨਾਮਧਾਰੀ ਵੇਸ਼ ਭੂਸ਼ਾ ਵਾਲਾ ਕਲਾਕਾਰ ਪਰਮਵੀਰ ਸਿੰਘ, ਗੋਰਾ ਗੋਰਾ, ਕਾਲੀ ਦਾੜ੍ਹੀ, ਕੁੰਢੀਆਂ ਮੁੱਛਾਂ, ਦ੍ਰਿਕਹਿਰਾ ਬਦਨ, ਬਿਜਲੀ ਦੇ ਚਾਨਣ ਵਿਚ ਚਮਕ ਉਠਿਆ ਅਤੇ ਉਹਦੀ ਸਿਤਾਰ ਦੀਆਂ ਸੁਰਾਂ ਨੇ ਰਾਗ ਬਾਗੇਸ਼ਵਰੀ ਵਿਚ ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਪੰਦਰਾਂ ਮਿੰਟ ਵਿਚ ਸਰੋਤਿਆਂ ਨਾਲ ਹਾਲ ਭਰਪੂਰ ਹੋ ਗਿਆ। ਇਕ ਘੰਟਾ ਵੀਹ ਮਿੰਟ.ਪਰਮ ਸਿੰਘ ਦੀ ਸਿਤਾਰ ਨੇ ਸਰੋਤਿਆਂ ਨੂੰ ਕੀਲੀ ਰਖਿਆ। ਸੁਰਾਂ ਦੀ ਮਿੱਠਤ ਆਕਰਸ਼ਕ ਸੀ। ਮੇਰੀ ਰਾਇ ਵਿਚ ਅਜ ਪਰਮਵੀਰ ਸਿੰਘ ਖੁੱਲ੍ਹਾ ਵਿੱਤਾ ਨਾਲੋਂ ਵੀ ਛਾਇਆ ਰਿਹਾ, ਪਰ ਤਬਲੇ ਨਾਲ ਸੰਗਤ ਸਮੇਂ ਉਹ ਗੱਲ ਨਹੀਂ ਬਣੀ।

## ਮਿਸ਼ਰਾ ਬੰਧੂ

8 ਵਜੇ ਸਤਿਗੁਰੂ ਜੀ ਦੇ ਪਸੰਦੀਦਾ ਕਲਾਕਾਰਾਂ ਸ੍ਰੀ ਰਾਜਨ ਸਾਜਨ ਦਾ ਨਾਮ ਐਲਾਨਿਆ ਗਿਆ। ਪ੍ਰੌਢ ਅਤੇ ਜਵਾਨ ਕਲਾਕਾਰ ਜਦੋਂ ਮੰਚ ਉਤੇ ਆਏ, ਹਾਲ ਤਾੜੀਆਂ ਨਾਲ ਗੂੰਜ ਉਠਿਆ। ਰੰਗੀਨ ਰੇਸ਼ਮੀ ਕੁਰਤੇ, ਚਿੱਟੀਆਂ ਬਨਾਰਸੀ ਧੋਤੀਆਂ, ਸਾਂਵਲੇ, ਗੋਰੇ ਰੰਗ, ਦਰਮਿਆਨੀ ਆਯੂ। ਰਾਗ ਪੂਰੀਆ ਦਾ ਆਲਾਪ ਜਮਾਅ ਕੇ ਗਾਂਵਿਆ : "ਥੋੜੇ ਥੋੜੇ ਦਿਨਨ ਕੀ ਨਵਲ ਦੁਲਹਨੀਆ" ਵਿਲੰਬਤ ਅਤੇ ਦਰੁਤ ਵਿਚ : "ਮੈਂ ਤੋ ਕਰ ਆਈ ਪੀਆ ਸੰਗ ਰੰਗਰਲੀਆਂ !" ਹਰਮੋਨੀਅਮ ਤੇ ਸ੍ਰੀ ਮਿਠਨ ਲਾਲ, ਸਾਰੰਗੀ ਦੀ ਸੰਗਤ ਸ੍ਰੀ ਚਿੰਦੂ ਲਾਲ ਅਤੇ ਤਬਲਾ ਵਾਦਕ ਗੋਪਾਲ ਉਪਾਧਿਆਇ ਨੇ ਇਕ ਅਨੂਠਾ ਸੁਰ ਮੰਡਲ ਸਿਰਜ ਦਿਤਾ। ਦਰੁਤ ਵਿਚ, "ਪੀਆ ਸੰਗ ਲਾਗੀ ਲਗਨ" ਤਾਂ ਤਾਨਾਂ, ਪਲਟਿਆਂ, ਸਰਗਮਾਂ ਅਤੇ ਜ਼ਮਜ਼ਮਿਆਂ ਦੀ ਜਿਵੇਂ ਹਨੇਰੀ ਆ ਗਈ। ਭਰਵੀਂ ਤੇ ਮਿੱਠੀ ਆਵਾਜ਼ ਨੇ ਸਰੋਤੇ ਮੋਹ ਲਏ। ਮੇਰੇ ਲਈ ਤਾਂ ਸ੍ਰੀ ਰਾਜਨ ਦੀ ਮੁਖਾਕ੍ਰਿਤੀ ਬੜੀ ਦਿਲਚਸਪ ਸੀ। ਉਹ ਸੁਰਾਂ ਨੂੰ ਕਦੇ ਦੂਰ ਮਾਰ ਮਾਰ ਛੇੜਦਾ, ਕਦੇ ਜਿਵੇਂ ਕਚਿਆਨ ਆਉਂਦੀ ਹੋਵੇ, ਨੱਕ ਚੜ੍ਹਾਂਦਾ, ਕਦੇ ਸੁਰ ਦੀ ਰੱਸੀ ਨੂੰ ਜਿਵੇਂ ਦੁਹਾਂ ਸਿਰਿਆਂ ਤੋਂ ਫੜ ਕੇ ਖਿੱਚਦਾ, ਤਰੋੜਦਾ, ਗੰਢਾਂ ਦਿੰਦਾ। ਹਾਲ ਖਚਾਖਚ ਸੀ ਅਤੇ ਰਾਜਨ ਸਾਜਨ ਦੀਆਂ ਸੁਰ ਕਲੋਲਾਂ ਨੇ ਸਭ ਨੂੰ ਬੰਨ੍ਹ ਰਖਿਆ ਸੀ। ਅੰਤ ਉਤੇ ਬਹਾਰ, ਟੱਪਾ, ਅੜਾਨਾ ਅਤੇ ਭਜਨ ਗਾ ਕੇ ਜਿਵੇਂ ਸਰੋਤਿਆਂ ਦੇ ਹਿਰਦੇ ਲੁੱਟ ਹੀ ਲਏ। 8 ਤੋਂ 10 ਦਾ ਸਮਾਂ ਖੰਭ ਲਾ ਕੇ ਉਡ ਗਿਆ।

ਇਸ ਜੋੜੇ ਪਾਸ ਸੱਚੇ ਪਾਤਸ਼ਾਹ ਜੀ ਨੇ ਸੰਗੀਤ ਸਿਖਿਆ ਲਈ ਨਿੱਕੇ ਨਿੱਕੇ ਨਾਮਧਾਰੀ ਬੱਚੇ ਸੁਖਦੇਵ ਸਿੰਘ, ਮੋਹਣ ਸਿੰਘ, ਬਲਜੀਤ ਸਿੰਘ ਛੱਡੇ ਹੋਏ ਹਨ।

ਸਤਿਗੁਰੂ ਜੀ ਨੇ ਆਪਣੇ ਜਵਾਨ ਗਾਇਕਾਂ ਨੂੰ ਪੂਰੇ ਧਿਆਨ ਨਾਲ ਸੁਣਿਆ ਅਤੇ ਸੰਗੀਤ ਆਨੰਦ ਲਿਆ ।

## ਮਧਿਆਂਤਰ

10 ਮਿੰਟ ਲਈ ਮਧਿਆਂਤਰ ਐਲਾਨ ਕੀਤਾ ਗਿਆ । ਇਸ ਸਮੇਂ ਵਿਚ ਸ੍ਰੀ ਸਤਿਗੁਰੂ ਜੀ ਵੱਖ ਵੱਖ ਕਲਾਕਾਰਾਂ ਨੂੰ ਮਿਲੇ । ਉਨ੍ਹਾਂ ਨੂੰ ਆਪਣੇ ਛੋਟੇ ਬੱਚੇ ਸੁਣਨ ਲਈ, ਕੌਲ੍ਹ ਸਮੇਂ ਸਿਰ ਆਉਣ ਦੀਆਂ ਪੱਕੀਆਂ ਕੀਤੀਆਂ ।

ਸਵਾਮੀ ਪਾਗਲ ਦਾਸ ਪ੍ਰਸਿਧ ਪ੍ਰਪਤ ਮ੍ਰਿਦੰਗ ਵਾਦਕ ਨੇ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਉਪਸਥਿਤ ਹੋ ਬੇਨਤੀ ਕੀਤੀ ਕਿ ਜਿਵੇਂ ਦਾ ਸੰਗੀਤ ਸਮੇਲਨ ਆਪ ਲਖਨਊ ਵਿਚ ਕਰ ਰਹੇ ਹਨ, ਇਕ ਵਾਰ ਮਥੁਰਾ ਵਿਚ ਵੀ ਐਸਾ ਹੀ ਕਰਨ । ਪਾਗਲਦਾਸ ਜੀ ਬੋਲੇ : ਆਪ ਲੋਗੋਂ ਕਾ ਐਸਾ ਦਲ ਹੈ ਜੁ ਦਿਲੋ ਦਿਮਾਗ ਸੇ ਉਤਰਤਾ ਨਹੀਂ । ਹਿਰਦੇ ਮੇਂ ਘਰ ਜਾਤਾ ਹੈ । ਭੂਲ ਨਹੀਂ ਸਕਤੇ । ਸਤਿਗੁਰੂ ਜੀ ਨੇ ਉੱਤਰ ਵਿਚ ਬਚਨ ਕੀਤਾ : ਇਕ ਉਹ ਆਦਮੀ ਹਨ ਜੁ ਆਰਟਿਸਟ ਹਨ, ਉਹ ਸਾਡੇ ਪ੍ਰਸਿਧ ਹਨ । ਕੁਛ ਐਸੇ ਲੋਕ ਹਨ ਜੋ ਆਰਟਿਸਟ ਵੀ ਹਨ ਅਤੇ ਸਾਡੇ ਮਦਦਗਾਰ ਵੀ ਹਨ ਜਿਵੇਂ ਪੰ: ਕਿਸ਼ਨ ਮਹਾਰਾਜ, ਉਸਤਾਦ ਅਮਜਦ ਅਲੀ ਖ਼ਾਂ ਸਾਹਿਬ । ਪਰ ਸਵਾਮੀ (ਪਾਗਲ ਦਾਸ) ਜੀ ਵੀ ਅਜਿਹਿਆਂ ਵਿਚ ਹਨ ਇਕ ਵਾਰ ਲੋੜ ਪਈ ਤਾਂ, ਜਿਥੇ ਵੀ ਸਾਂ, ਸਾਡੇ ਕਹਿਣ ਤੇ ਇਨ੍ਹਾਂ ਮ੍ਰਿਦੰਗ ਵਜ ਲਿਆ । ਇਸ ਸਮੇਂ ਪ੍ਰਸਿਧ ਧਰੁਪਦ ਗਾਇਕ ਸ੍ਰੀ ਫ਼ਹੂਰ ਦੂਜ ਡਾਗਰ ਵੀ ਕੋਲ ਸੀ । ਸਤਿਗੁਰੂ ਜੀ ਨੇ ਮਿੱਠੀ ਚੁਟਕੀ ਲੈਂਦਿਆਂ ਕਿਹਾ : ਤੁਹਾਡਾ ਤਾਂ ਸਰੀਰ ਵੀ ਤਕੜਾ (ਭਾਰੀ ਭਰਕਮ) ਹੈ ਅਤੇ ਤੁਸਾਂ ਗਾਉਣਾ ਵੀ ਧਰੁਪਦ ਹੈ । ਸਾਡੇ ਤਾਂ ਨਿੱਕੇ ਨਿੱਕੇ ਬੱਚੇ ਹਨ ਜੁ ਧਰੁਪਦ ਗਾਇਨ ਦਾ ਜਤਨ ਕਰ ਰਹੇ ਹਨ । ਪਾਗਲ ਦਾਸ ਜੀ ਬੋਲੇ : ਅਜੀ ਆਪ ਕੇ ਬੱਚੇ ਤੋ ਬਹੁਤ ਮੀਠਾ ਗਾਤੇ ਹੈਂ । ਸਤਿਗੁਰਾਂ ਦੱਸਿਆ : ਕੱਲ੍ਹ ਨੂੰ ਤੁਹਾਡੇ ਪ੍ਰੋਗਰਾਮ ਤੋਂ ਬਾਅਦ, ਤੁਹਾਡੀ ਆਸ਼ੀਰਵਾਦ ਲੈਣ ਲਈ ਤੁਹਾਨੂੰ ਆਪਣੇ ਬੱਚੇ ਸੁਣਾਵਾਂਗੇ । ਉਹ ਪੈਂਤੀਆਂ ਪੰਦਰਾਂ ਮਾਤਰਾਂ ਵਿਚ ਗਾਉਣਗੇ ।

ਕਲਾਕਾਰ 'ਵਾਹ ਵਾਹ' 'ਵਾਹ ਵਾਹ' ਕਰ ਉਠੇ ।

ਸਵਾਮੀ ਪਾਗਲ ਦਾਸ ਨੇ ਬੇਨਤੀ ਕੀਤੀ : ਅਪਨਾ ਏਕ ਬੱਚਾ ਮੁਝੇ ਭੀ ਦੇ ਦੋ ਜਿਸ ਕੋ ਪਖਾਵਜ ਸਿਖਾਊਂ । ਹਮਾਰੀ ਇੱਛਾ ਹੈ ਆਪ ਕੇ ਗਰੁੱਪ ਮੇਂ ਏਕ ਪਖਾਵਜ ਵਾਦਕ ਭੀ ਰਹੇ । ਸਤਿਗੁਰੂ ਜੀ ਨੇ ਤੁਰਤ ਉੱਤਰ ਦਿਤਾ : ਮੈਂ ਤਾਂ ਪਹਿਲਾਂ ਹੀ ਤੁਹਾਨੂੰ ਕਹਿਣ ਵਾਲਾ ਸਾਂ, ਪਰ ਇਹ ਪਹਿਲ ਤੁਸਾਂ ਹੀ ਕਰ ਦਿਤੀ । ਜ਼ਰੂਰ ਐਸਾ ਹੋਵੇਗਾ । ਅਤੇ ਸਤਿਗੁਰੂ ਜੀ ਨੇ ਮਹਾਰਾਜ ਜੀ ਨੂੰ ਵੀ ਇਸ ਖ਼ੁਸ਼ੀ ਵਿਚ ਸ਼ਰੀਕ ਕੀਤਾ ।

## ਪੰਡਿਤ ਸ਼ਿਵ ਕੁਮਾਰ

10.20 ਰਾਤੀਂ, ਸਟੇਜ ਤੋਂ ਸ੍ਰੀ ਸੁਖਬੀਰ ਸਿੰਘ ਕੁਲਾਣੀ ਨੇ ਪੰ: ਸ਼ਿਵ ਕੁਮਾਰ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਰਾਹੀਂ ਸੰਤੂਰ (ਕਸ਼ਮੀਰੀ ਸਾਜ਼) ਤੇ ਰਾਗ ਜੋਗ ਵਜਾਣ ਦੀ



Sri Satguru Jagjit Singh Ji Elibrary NamdhariElibrary@gmail com

ਸੂਚਨਾ ਦਿਤੀ। ਇਹਨਾਂ ਨਾਲ ਸੰਗਤ ਕਰ ਰਹੇ ਸਨ, ਪ੍ਰਸਿਧ ਉਸਤਾਦ ਅੱਲਾ ਰੱਖਾ ਦੇ ਲੜਕੇ ਸ੍ਰੀ ਜ਼ਾਕਿਰ ਹੁਸੈਨ। ਉਹਨਾਂ ਨੇ ਆ ਕੇ ਗੁਰੂ ਚਰਨਾਂ ਵਿਚ ਸਿਰ ਝੁਕਾਇਆ ਅਤੇ ਪੁਸ਼ਪ ਮਾਲਾਵਾਂ ਦੁਆਰਾ ਅਸ਼ੀਰਵਾਦ ਹਾਸਲ ਕੀਤਾ। ਮੰਚ ਉਤੇ ਸ੍ਰੇਸ਼ਟ ਕਲਾਕਾਰਾਂ ਨੂੰ ਵੇਖਦਿਆਂ ਹੀ ਦਰਸ਼ਕਾਂ-ਸਰੋਤਿਆਂ ਦੀਆਂ ਤਾਲੀਆਂ ਗੂੰਜ ਉਠੀਆਂ। ਸੰਤੂਰ ਸੈੱਟ ਹੋਣ ਉਪਰੰਤ ਰਾਗ ਜੋਗ ਦੀਆਂ ਸੁਰਾਂ ਨੇ ਵਾਤਾਵਰਣ ਰਸ ਵਿਭੋਰ ਕਰ ਦਿਤਾ। ਪੰਡਿਤ ਜੀ ਬੜੀ ਫੁਰਤੀ ਅਤੇ ਕਲਾਤਮਿਕਤਾ ਨਾਲ ਸੰਤੂਰ ਤਾਰਾਂ ਤੇ ਕੋਮਲ ਕੋਮਲ ਕਲਮਾਂ ਚਲਾਣ ਲਗੇ। ਗੌਰ ਵਰਣੀ, ਉੱਚੇ ਲੰਮੇ, ਪ੍ਰੌਢ ਵਿਅਕਤੀ ਦੀ ਸਿਧ-ਸਮਾਧੀ ਨੇ ਆਲਾਪ ਵਿਚ ਜੋੜ ਝਾਲੇ ਆਦਿ ਨਾਲ ਰੰਗ ਬੰਨ੍ਹਿਆ। ਅੰਤ ਉਤੇ ਮੱਧ ਲੈਅ ਵਿਚ 13 ਮਾਤਰਾਂ ਅਰਥਾਤ ਜੈ ਤਾਲ ਵਿਚ ਸ੍ਰੀ ਜ਼ਾਕਿਰ ਤੋਂ ਸੰਗਤ ਕਰਵਾਈ।

ਜੋੜੀ ਹੀ ਜੁਆਨ ਕਲਾਕਾਰਾਂ ਦੀ ਸੀ। ਜਦੋਂ ਇਹਨਾਂ ਦਾ 'ਸਮ' ਠਾਠਦਾਰ ਬਣ ਕੇ ਆਉਂਦਾ ਤਾਂ ਦੋਵੇਂ ਕਲਾਕਾਰ ਇਕ ਦੂਜੇ ਵਲ ਮੂੰਹ ਕਰ ਕੇ ਮੁਸਕਰਾਂਦੇ। ਇਹ ਦ੍ਰਿਸ਼ ਬੜਾ ਖ਼ੂਬਸੂਰਤ ਹੁੰਦਾ। ਉਸ ਸਮੇਂ ਮੈਂ ਨੋਟ ਕੀਤਾ ਕਿ ਸ੍ਰੀ ਜ਼ਾਕਿਰ ਹੁਸੈਨ ਤਬਲਾ ਵਜਾਂਦਾ-ਵਜਾਂਦਾ 5-7 ਕਿਸਮ ਦੇ ਵਿਸ਼ੇਸ਼ ਮੂੰਹ ਬਣਾਂਦਾ ਹੈ। ਕੈਮਰਾਮੈਨ ਘੜੀ ਮੁੜੀ ਫ਼ੋਟੋਗ੍ਰਾਫ਼ ਲੈ ਰਹੇ ਸਨ, ਪਤਾ ਨਹੀਂ ਉਨ੍ਹਾਂ ਇਹ ਮੁਖ ਸੰਭਾਲੇ ਹਨ ਕਿ ਨਹੀਂ।

ਇਸ ਜੋੜੀ ਨਾਲ, ਪਿੱਛੇ ਸ੍ਰੀ ਸ਼ਿਵ ਕੁਮਾਰ ਦੇ ਦੋ ਨਾਮਧਾਰੀ ਸ਼ਾਗਿਰਦ ਬੈਠੇ ਸਨ: ਸ੍ਰੀ ਕਿਰਨ ਪਾਲ ਸਿੰਘ ਅਤੇ ਸ੍ਰੀ ਹਰਜਿੰਦਰ ਸਿੰਘ। ਪੌਣੇ ਬਾਰਾਂ ਵਜੇ ਤਕ ਇਕਰਸ ਸੰਤੂਰ ਵਾਦਨ ਚੱਲਿਆ। ਸ਼ਿਵ ਕੁਮਾਰ ਅਤੇ ਜ਼ਾਕਿਰ ਹੁਸੈਨ ਨੇ ਅਨੇਕਾਂ ਵਾਰ ਆਪਣੇ ਫ਼ਨ ਦੇ ਕਮਾਲ ਤੋਂ ਤਾਲੀਆਂ ਦੀ ਗੜਗੜਾਹਟ ਦਾ ਆਨੰਦ ਲਿਆ।

## ਛੇਵਾਂ ਸੰਗੀਤ ਸਮੇਲਨ

## 4 ਫਰਵਰੀ 1979, ਐਤਵਾਰ
## ਲਖਨਊ (ਯੂ. ਪੀ.)

ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਧਰਮਸਾਲਾ ਵਿਖੇ ਸੁਣ, ਕੁਝ ਜਲਪਾਨ ਅਤੇ ਅੱਧਾ ਘੰਟਾ ਆਰਾਮ ਕਰ, ਸ੍ਰੀ ਸਤਿਗੁਰੂ ਜੀ ਸੰਗੀਤ ਸਮੇਲਨ ਵਾਸਤੇ ਸਮੇਂ ਸਿਰ ਤਿਆਰ ਹੋ ਗਏ। ਐਤਵਾਰ ਹੋਣ ਕਰਕੇ ਅਜ ਪ੍ਰੋਗਰਾਮ ਸਵੇਰੇ 9.30 ਵਜੇ ਸ਼ੁਰੂ ਹੋਣਾ ਸੀ।

### ਸ੍ਰੀ ਚਤੁਰ ਭੁਜ ਰਾਠੌਰੀਆ

ਸਰਦਖੜਾ ਅਤੇ ਐਤਵਾਰ ਦਾ ਨਹਾਣ ਧੋਣ ਹੋਣ ਦੇ ਕਾਰਨ ਸਰੋਤਿਆਂ ਵਲੋਂ ਹਾਲ ਭਰਪੂਰ ਨ ਹੋ ਸਕਿਆ। ਸ੍ਰੀ ਚਤੁਰ ਭੁਜ ਸਮਾਂ ਟਾਲਦੇ ਰਹੇ ਪਰ 10 ਵਜੇ ਤਾਂ ਗਾਉਣਾ ਆਰੰਭ ਕਰਨਾ ਹੀ ਪਿਆ। ਮੰਚ ਸੰਚਾਲਕ ਪ੍ਰੋ: ਸੁਖਬੀਰ ਸਿੰਘ ਕੁਲਾਟੀ ਨੇ ਸ੍ਰੀ ਚਤੁਰ ਭੁਜ ਬਾਰੇ ਜਾਣਕਾਰੀ ਦਿਤੀ ਅਤੇ ਮਥਰਾ ਵਾਸੀ ਸਵਾਮੀ ਪਾਗਲਦਾਸ ਜੀ ਦੀ ਪਖਾਵਜ ਕਲਾ ਦੀ ਪ੍ਰਸੰਸਾ ਕਰ, ਜੋੜੀ ਨੂੰ ਕਾਰਜ ਕਰਮ ਹਿਤ ਲਗਾਇਆ।

Sri Satguru Jagjit Singh Ji Elibrary NamdhariElibrary@gmail.com

ਸਾਂਵਲੇ ਅਤੇ ਦੂਹਰੇ ਸਰੀਰ ਦੇ, ਦਰਮਿਆਨੇ ਕੱਦ ਵਾਲੇ ਸ੍ਰੀ ਚਤੁਰਭੁਜ ਰਾਠੌਰੀਆ ਜਿਉਂ ਹੀ ਸਵਾਮੀ ਪਾਗਲ ਦਾਸ ਨਾਲ ਮੰਚ ਤੇ ਆਏ—ਤਾਲੀਆਂ ਦੀ ਭਰਪੂਰਤਾ ਨੇ ਸੁਆਗਤ ਕੀਤਾ। ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਉਪਰੰਤ ਫੁੱਲ ਹਾਰਾਂ ਨਾਲ ਆਸ਼ੀਰਵਾਦ ਲੈ, ਕਲਾਕਾਰ ਆਸਣ ਤੇ ਸਜ ਗਏ। ਸ੍ਰੀ ਵਿੰਦੂ ਲਾਲ ਸਾਰੰਗੀ ਲੈ, ਸ੍ਰੀ ਮਿਠਨ ਲਾਲ ਹਰਮੋਨੀਅਮ ਨਾਲ ਸੰਗਤ ਕਰਨ ਹਿਤ ਤਿਆਰ ਹੋ ਗਏ। ਸਾਥੀ ਚੰਦਰਹਾਸ ਜੀ ਤੇ ਬਲਦੇਵ ਸਿੰਘ ਰਾਣੋਆ ਨੇ ਤਾਨਪੂਰੇ ਫੜ ਲਏ। ਕਾਟਵੀਂ ਮੁਸਲਮਾਨਾ ਢੰਗ ਦੀ ਦਾੜ੍ਹੀ, ਵਾਲ ਫਕੀਰਾਨਾ ਅੰਦਾਜ਼ ਵਿਚ ਪਿੱਛੇ ਨੂੰ ਵਾਹੇ ਹੋਏ, ਜਾਮਾ ਪਹਿਨੀ, ਸੰਧੂਰੀ ਤਿਲਕ ਨਾਲ ਸੁਸੱਜਿਤ, ਸਫੇਦ ਬਸਤਰ ਧਾਰੀ ਚਤੁਰ ਭੁਜ ਨੇ ਜਿਉਂ ਹੀ ਸ਼ੜਜ (ਸਾ) ਦਾ ਸੁਰ ਲਾਇਆ, ਹਾਲ ਵਿਚ ਖ਼ਾਮੋਸ਼ੀ ਛਾ ਗਈ। ਕੋਮਲ ਰਿਸ਼ਭ ਵਾਲੇ ਰਾਗ ਲਲਿਤ ਵਿਚ ਸ੍ਰੀ ਰਾਠੌਰੀਆ ਨੇ ਧਰੂਪਦ ਗਾਉਣਾ ਸੀ। ਧਰੂਪਦ ਦੇ ਬੋਲ ਸਨ :

ਪ੍ਰਥਮ ਨਾਦ ਓਅੰਕਾਰ ਸਪਤ ਸਵਰਨ ਤੀਨ ਗ੍ਰਾਮ
ਗਾਵਤ ਰੂਪ, ਕਰ ਸਿੰਗਾਰ, ਰਿਸ਼ੀ ਮੁਨੀ ਕਹੈ ਹਾਰ।
ਆਰੋਹੀ, ਅਵਰੋਹੀ, ਨਾਦ, ਤਾਣ, ਗਮਕ, ਮੀਂਡ
ਤਾਲ ਭੇਦ, ਲੈ ਉਪਜਤ, ਗਾਵਤ ਪੁਰਿ ਜਨ ਵਿਚਾਰ।
ਉਣੰਚਾਸ ਕੋਟਿ ਤਾਨ, ਇਕ ਉਰ ਮੂਰਛਨ ਪ੍ਰਮਾਣ
ਬਾਈ ਸ਼ਰੁਤੀ ਸਰੂਪ, ਗਾਵਤ ਸੁਰ ਹਾ ਹਾ ਕਾਰ।
ਕਹਿਤ ਅੰਤ ਰਾਮ ਧੀਰ, ਪਾਇਓ ਨਹੀਂ ਕੋਇ ਪਾਰ
ਅਗੀ ਰਸਾਰ ਅਲੰਕਾਰ ਰਟ ਰੈ ਤੂ ਬਾਰ ਬਾਰ।

ਚਤੁਰ ਭੁਜ ਜੀ ਨੇ ਬਹਿੰਦਿਆਂ ਹੀ, ਵਿਦਵਾਨ ਪੰਡਿਤਾਂ ਵਾਂਗ ਕੁਝ ਵਿਆਖਿਆ ਕੀਤੀ ਮੰਗਲਾ ਚਰਨ ਦੀ—ਇਹ ਨਾਦ ਬ੍ਰਹਮ ਨੂੰ ਨਮਸਕਾਰ ਸੀ। ਫਿਰ ਉਪਰੋਕਤ ਕਵਿੱਤ ਦੇ ਸ਼ਬਦ ਆਖੇ ਅਤੇ ਮਿੱਠੀ ਭਰਵੀਂ ਸੁਰ ਨਾਲ ਗਾਉਣਾ ਸ਼ੁਰੂ ਕੀਤਾ। ਸਰੋਤੇ ਮੰਤਰ ਮੁਗਧ ਹੋ ਗਏ। ਮੰਦਰ, ਮੱਧ ਅਤੇ ਟੀਪ ਸਪਤਕ ਦੀਆਂ ਸੁਰਾਂ ਦੇ ਆਵਾ-ਗਮਨ ਕਰਦਿਆਂ ਰਾਠੌਰੀਏ ਨੂੰ ਕੋਈ ਦਿੱਕਤ ਨਹੀਂ ਸੀ। ਕੋਮਲ ਰਿਸ਼ਭੀ ਲਲਿਤ ਨੇ ਸਵੇਰ ਵੇਲੇ ਨੂੰ ਹੋਰ ਵੀ ਸੁਖਦ ਬਣਾ ਦਿਤਾ। ਆਲਾਪ ਤੋਂ ਬਾਅਦ ਧਰੁਪਦ ਸ਼ੁਰੂ ਹੋਣ ਤੇ ਸਵਾਮੀ ਪਾਗਲ ਦਾਸ ਨੇ ਮ੍ਰਿਦੰਗ ਨਾਲ ਸੰਗਤ ਸ਼ੁਰੂ ਕਰ ਦਿਤੀ। ਰਾਠੌਰੀਆ ਬਾਰ ਬਾਰ ਤਿਹਾਈਆਂ ਲਗਾਉਂਦੇ ਰਹੇ ਅਤੇ ਪਾਗਲ ਦਾਸ ਜਵਾਬ ਦਿੰਦੇ ਰਹੇ। ਪਰ ਅਜ ਸਵਾਮੀ ਜੀ ਪਖਾਵਜ ਨੂੰ ਧਮਕ ਦਮਕ ਨਹੀਂ ਦੇ ਸਕੇ। ਚਤੁਰ ਭੁਜ ਜੀ ਨੇ ਅੰਤ ਉਤੇ ਇਕ ਚੁਨਕਰੀ ਵਿਚ ਵੀ ਧਰੂਪਦ ਗਾਇਆ।

ਸਤਿਗੁਰ ਜੀ ਨੇ ਰਾਠੌਰੀਏ ਨੂੰ ਪੂਰੇ ਗਹੁ ਨਾਲ ਸੁਣਿਆ। ਹਰ ਉਮਦਾ ਜਗਾਹ ਤੇ ਹੁੰਗਾਰਾ ਦੇ ਕੇ, ਸਿਰ ਹਿਲਾ ਕੇ ਦਾਦ ਦਿਤੀ। ਇਕਚਿੱਤ ਹੋ ਧਰੂਪਦ ਗਾਇਕੀ ਦਾ ਰਸ ਮਾਣਿਆ। ਤਿਹਾਈਆਂ ਤੇ ਸਤਿਗੁਰੂ ਖ਼ਾਸ ਕਰ ਪ੍ਰਸੰਨ ਹੋਏ, ਕਿਉਂਕਿ ਤਿਹਾਈਆਂ ਤੇ ਆਪ ਜੀ ਦੀ ਵੀ ਮਾਸਟਰੀ ਹੈ।



Sri Satguru Jagjit Singh Ji Elibrary NamdhariElibrary@gmail.com

20 ਕੁ ਮਿੰਟ ਬਾਅਦ ਹਾਜ਼ਰੀ ਭਰਪੂਰ ਹੋ ਗਈ ਸੀ। ਜੋੜੀ 11 20 ਤਕ ਗਾਇਨ ਵਾਦਨ ਕਰਦੀ ਰਹੀ।

## ਬਲਜੀਤ ਪਾਰਟੀ

11.25 ਤੇ ਅਨਾਊਂਸਮੈਂਟ ਪਿਛੋਂ ਸ੍ਰੀ ਭੈਣੀ ਸਾਹਿਬ ਦੇ ਸੰਗੀਤ ਵਿਦਿਆਰਥੀ ਮੰਚ ਉਤੇ ਆਏ, ਜਿਨ੍ਹਾਂ ਦੇ ਉਸਤਾਦ ਹਨ, ਸੰਤ ਹਰਭਜਨ ਸਿੰਘ ਸਿਤਾਰ, ਸ. ਮਹਿੰਦਰ ਸਿੰਘ ਅੰਮ੍ਰਿਤਸਰੀ, ਸ੍ਰੀ ਰਾਜਨ-ਸਾਜਨ ਅਤੇ ਖ਼ੁਦ ਸ੍ਰੀ ਸਤਿਗੁਰੂ ਜੀ। ਇਹਨਾਂ ਨੇ ਜਿਸ ਕਲਾ ਦਾ ਪ੍ਰਦਰਸ਼ਨ ਅੱਜ ਕਰਨਾ ਹੈ, ਇਹ ਸਤਿਗੁਰੂ ਜੀ ਦੀ ਹੀ ਦੇਣ ਹੈ। ਮੱਥਾ ਟੇਕ, ਹਾਰ ਪੁਆ, ਇਹ ਬੱਚੇ ਸੰਗੀਤਕਾਰਾਂ ਲਈ ਥਾਪੇ ਸਥਾਨ ਤੇ ਆ ਬੈਠੇ : ਸ੍ਰੀ ਬਲਜੀਤ ਸਿੰਘ (ਹਰਮੋਨੀਅਮ) ਸ੍ਰੀ ਮੋਹਣ ਸਿੰਘ, ਸ੍ਰੀ ਸੁਖਦੇਵ ਸਿੰਘ, ਸ੍ਰੀ ਸੁਖਵਿੰਦਰ ਸਿੰਘ ਪਿੰਕੀ (ਤਬਲਾ), ਸ੍ਰੀ ਜਸਪਾਲ ਸਿੰਘ ਬਿੱਲਾ, ਸੰਤ ਹਰਬੰਸ ਸਿੰਘ ਘੁੱਲਾ (ਤਾਨਪੁਰਾ) ਅਤੇ ਸ੍ਰੀ ਅਮਰ ਸਿੰਘ ਅੰਬਾ।

ਏਧਰ, ਸ੍ਰੀ ਸਤਿਗੁਰੂ ਜੀ ਨੇ ਸਟੇਜ ਤੇ ਆਪਣੇ ਆਸਣ ਦੇ ਨਾਲ ਕਰਕੇ ਪੰ: ਸ਼ਿਵ ਕੁਮਾਰ, ਸਵਾਮੀ ਪਾਗਲ ਦਾਸ, ਸ੍ਰੀ ਜ਼ਾਕਿਰ ਹੁਸੈਨ ਅਤੇ ਸ੍ਰੀ ਕਰੂਰ ਭੂਜ ਰਾਠੌਰੀਆ ਨੂੰ ਬੈਠਾਅ ਲਿਆ। ਲਖਨਊ ਦੇ ਸਿਆਣੇ ਸੰਗੀਤ ਸ਼ੌਕੀਨ ਅਤੇ ਸੰਗੀਤ ਕਲਾਕਾਰ ਸਾਹਮਣੀਆਂ ਸੀਟਾਂ ਤੇ ਬੈਠੇ ਸੁਣ ਰਹੇ ਸਨ। ਬੱਚਿਆਂ ਨੇ ਪੌਣੀਆਂ ਚੌਦਾਂ ਮਾਤ੍ਰਾਂ ਵਿਚ ਮਹਾਰਾਜ ਬੀਰ ਸਿੰਘ ਜੀ ਰੱਚਿਤ ਦੋਹਰਾ ਰਾਗ ਆਸਾਵਰੀ ਵਿਚ ਗਾਵਿਆ :

ਰੂਪੁ ਚਿਤਵਹਿ ਸੁਖੁ ਅਧਿਕ ਹੋਇ
ਨਾਸਹਿ ਅਨਘਨ ਤਾਪ।
ਕਰਹੁ ਕ੍ਰਿਪਾ ਮੋਹਿ ਰਿਦ ਬਸਹੁ
ਸ੍ਰੀ ਸਤਿਗੁਰ ਪ੍ਰਤਾਪ।

ਸ੍ਰੀ ਸਤਿਗੁਰੂ ਜੀ ਨੇ ਸਭ ਸ੍ਰੇਸ਼ਠ ਕਲਾਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਪੌਣੀ, ਸਵਾਈ, ਅੱਧੀ ਮਾਤਰਾ ਤੋਂ ਬੱਚਿਆਂ ਨੂੰ ਸਿਖਾਣਾ ਸ਼ੁਰੂ ਕੀਤਾ ਸੀ, ਹੁਣ ਇਹ 13 ਸਹੀ ਬਟਾ 8 ਮਾਤਰਾ ਦਾ ਤਜਰਬਾ ਹੈ। ਸਮਾਂ ਬੜਾ ਹੀ ਘੱਟ ਮਿਲਦਾ ਹੈ, ਸਾਡਾ ਸੰਗੀਤ ਪੇਸ਼ਾ ਵੀ ਵਸੀਹ ਨਹੀਂ, ਤਾਂ ਵੀ, ਗੁਣੀਜਨਾਂ ਦੇ ਛੱਡੇ ਹੋਏ ਗੁਰ ਚੁਣ ਕੇ ਬੱਚਿਆਂ ਤੋਂ ਇਹ ਵਿਕਟ ਲੈਅ ਕਰਾਅ ਦਿਤੀ ਹੈ।

ਸਵਾਮੀ ਪਾਗਲ ਦਾਸ ਨੇ ਪ੍ਰਸੰਨ ਹੋ ਕੇ ਆਖਿਆ : ਸੰਗੀਤ ਕੀ ਸੇਵਾ ਆਪ ਹੀ ਕੇ ਲੋਗ ਕਰ ਰਹੇ ਹੈਂ। ਸਹੀ ਮਾਅਨੋਂ ਮੇਂ। ਈਮਾਨਦਾਰੀ ਕੀ ਬਾਤ ਤੋ ਯਹੀ ਹੈ। ਥੋੜ੍ਹੇ ਚਿਰ ਮਗਰੋਂ ਜਦੋਂ ਸੁਰ ਹੋਏ ਤਬਲੇ ਤੇ ਪਿੰਕੀ ਨੇ ਇਕ ਖੜਕਵੀਂ ਥਾਪ ਲਗਾਈ ਤਾਂ ਸਵਾਮੀ ਜੀ ਤੋਂ ਰਿਹਾ ਨ ਗਿਆ। ਉਹ ਬੋਲੇ : ਯੇਹ ਹਮਾਰਾ ਹੀ ਸ਼ਾਗਿਰਦ ਹੋਨੇ ਲਾਇਕ ਹੈ। ਸਤਿਗੁਰੂ ਜੀ ਨੇ ਸਪੱਸ਼ਟ ਕੀਤਾ : ਇਹ (ਪਿੰਕੀ) ਦੱਸ ਰਿਹਾ ਏ ਕਿ ਮੈਂ ਬੈਠਾ ਹਾਂ!...ਅਤੇ 'ਰੂਪੁ ਚਿਤਵਤਿ ਸੁਖੁ ਅਧਿਕ ਹੋਇ' ਸ਼ੁਰੂ ਹੋ ਗਿਆ। ਸਤਿਗੁਰਾਂ ਦੱਸਿਆ : ਇਸ ਦੀ ਬੰਦਸ਼ ਐਸੀ ਸਰਲ ਅਤੇ ਇਕਸਾਰ ਬਣਾਈ ਹੈ ਕਿ



Sri Satguru Jagjit Singh Ji Elibrary NamdhariElibrary@gmail.com

ਕੋਈ ਮੁਸ਼ਕਿਲ ਨਹੀਂ ਆਉਂਦੀ। ਪਾਰਸ ਦਾਸ ਬੋਲੇ: ਬੱਚੇ ਹੈਂ ਨ, ਜੋ ਇਨ੍ਹ ਸਿਖਾਏਂਗੇ ਵਹੀ ਸੀਖੇਂਗੇ, ਜਦੋਂ ਪਿੰਕੀ ਨੇ ਸਾਥ ਵਜਾ ਕੇ ਸਮ ਉਤੇ 'ਧਾ' ਲਗਾਈ ਤਾਂ ਤਾਲੀਆਂ ਦੀ ਜਿਵੇਂ ਕੜਕੁਟ ਪੈ ਗਈ। ਗੁਣੀ ਜਨ ਵਿਚਾਰਿਆਂ ਅਤੇ ਵਿਸਮੇ ਨਾਲ ਖੁਸ਼ੀ ਪਰਗਟ ਕਰਦੇ ਰਹੇ। ਸਤਿਗੁਰਾਂ ਇਸ ਵਿਕਟ ਅਤੇ ਔਖੀ ਲੈਅ ਵਿਚ ਦੀ ਤਿਹਾਈਆਂ ਬਣਾ ਕੇ ਸਿਖਾਈਆਂ ਹੋਈਆਂ ਸਨ। ਚਤੁਰ ਭੁਜ ਬੋਲੇ: ਗੁਰੂ ਜੀ ਆਪ ਨੇ ਤੋ ਕਮਾਲ ਕਰ ਦੀਆ। ਦੁਗਣ, ਦੁਗਣ ਦੀ ਦੁਗਣ ਅਤੇ ਬਿਖੜੀ ਲੈਅ ਵਿਚ ਬੱਚਿਆਂ ਨੇ ਅਜਿਹਾ ਕੰਮ ਕੀਤਾ ਕਿ ਸਭ ਸਰੋਤੇ ਮੁਗਧ ਹੋ ਗਏ। ਪਿੰਕੀ ਦੇ ਤਬਲੇ ਨੇ ਤਾਂ ਹਰੇਕ ਨੂੰ ਮੋਹ ਲਿਆ, ਖ਼ਾਸ ਕਰ ਉਹਦੀ ਨਖ਼ਰੇਲੋ ਅਦਾਇਗੀ ਨੇ। ਸ੍ਰੀ ਇੰਦਰ ਲਾਲ, ਸ੍ਰੀ ਰਾਮ ਨਾਰਾਇਣ ਅਤੇ ਸ੍ਰੀ ਰਾਜਨ-ਸਾਜਨ ਮੁਹਰਲੀਆਂ ਸੀਟਾਂ ਤੇ ਹੀ ਬੈਠੇ।

ਇਸ ਬੰਦਸ਼ ਨੂੰ ਸੁਣ ਕੇ ਸ੍ਰੀ ਰਾਠੌਰੀਆ ਨੇ ਪ੍ਰਸੰਸਾ ਕੀਤੀ: ਬੰਦਸ਼ ਅਤੀ ਸੁੰਦਰ ਔਰ ਇਕਸਾਰ ਹੈ।

ਬੱਚਿਆਂ ਨੇ ਦੂਜਾ ਧਰੁਪਦ ਸ਼ੁਰੂ ਕੀਤਾ: ਬਾਜਤ ਡਮਰੂ ਹਰ ਘਰ। ਇਹ ਧੁਮਾਰ ਵਿਚ ਸੀ। ਮਹਾਰਾਜ ਬੀਰ ਸਿੰਘ ਜੀ ਤਬਲਾ ਵਜਾਣ ਲੱਗੇ। ਭਾਈ ਨਿਹਾਲ ਸਿੰਘ ਪਖਾਵਜੀ (ਮਹਾਰਾਜ ਜੀ ਦਾ ਗੁਰਭਾਈ) ਵੀ ਇਕ ਪਾਸੇ ਬੈਠਿਆ। ਸਤਿਗੁਰਾਂ, ਕੋਲ ਬੈਠੇ ਕਲਾਕਾਰਾਂ ਨੂੰ ਦੱਸਿਆ: ਮੀਆਂ ਕਾਦਰ ਬਖ਼ਸ਼ ਦੇ ਸ਼ਾਗਿਰਦ ਭਾਈ ਨਸੀਰ ਤੋਂ ਇਹਨਾਂ ਦੋਹਾਂ ਨੇ ਪੰਜਾਬੀ ਅੰਗ ਦੀ ਪਖਾਵਜ ਦੀ ਸਿੱਖਿਆ ਗ੍ਰਹਿਣ ਕੀਤੀ ਹੈ।

ਧਰੁਪਦ ਜੰਮਿਆ: ਪਬਲਿਕ ਉਤਸੁਕਤਾ ਨਾਲ ਵੇਖਦੀ-ਸੁਣਦੀ ਰਹੀ। ਕਲਾਕਾਰ ਸਤਿਗੁਰਾਂ ਨੂੰ ਕਹਿ ਰਹੇ ਸਨ: ਕਮਾਲ ਕਰ ਦੀਆ ਆਪ ਨੇ! ਜਦੋਂ ਤਿੰਨ ਤਿੰਨ ਤਿਹਾਈਆਂ ਤੇ ਅੰਤਮ ਸਮ ਪਿਆ ਤਾਂ ਤਾਲੀਆਂ ਦੀ ਗੜਗੜਾਹਟ ਗੂੰਜ ਉੱਠੀ। ਉਸਤਾਦ ਲੋਕ ਕਹਿਣ ਲੱਗੇ: ਗੁਰੂ ਜੀ ਆਪ ਨੇ ਬੱਚੋਂ ਕੋ ਕੈਸਾ ਔਖਾ ਸਿਖਾਇਆ ਹੈ, ਕਮਾਲ ਹੈ!

ਇਕ ਸਿੱਖ ਸ: ਦਰਸ਼ਨ ਸਿੰਘ ਜਿਸ ਨੇ ਰੰਗਦਾਰ ਟੇਢੀ ਪਗੜੀ ਅਤੇ ਵਿਦੇਸ਼ੀ ਕਾਟ ਦੇ ਕਪੜੇ ਪਹਿਨੇ ਹੋਏ ਸਨ, ਸਤਿਗੁਰੂ ਜੀ ਨੂੰ ਅਰਜ਼ ਕੀਤੀ: ਜਿਹੜਾ ਸ਼ਬਦ ਬੱਚਿਆਂ ਨੇ ਅੰਮ੍ਰਿਤਸਰ ਦੇ 400 ਸਾਲਾ ਦਿਵਸ ਸਮੇਂ ਗਾਇਨ ਕੀਤਾ ਸੀ, "ਹਰਿ ਹਰਿ ਨਾਮੁ ਨਿਧਾਨੁ ਹੈ..." ਕਿਰਪਾ ਕਰ ਕੇ ਉਹ ਸੁਣਵਾ ਦਿਓ। ਸਤਿਗੁਰੂ ਜੀ ਨੇ ਇਨਕਾਰ ਕਰ ਦਿਤਾ: ਇਹ ਥਾਂ ਸ਼ਬਦ ਸੁਣਾਨ ਵਾਲੀ ਨਹੀਂ। ਸਰੋਤੇ ਕੁਰਸੀਆਂ ਤੇ ਬੈਠੇ ਹਨ ਅਤੇ ਲੋਕ ਗੈਲਰੀ ਵਿਚ ਵੀ ਹਨ।

ਜਦੋਂ ਬੱਚੇ ਉਠ ਕੇ ਸਤਿਗੁਰੂ ਜੀ ਨੂੰ ਨਮਸਕਾਰ ਕਰਨ ਆਏ ਤਾਂ ਕਲਾਕਾਰਾਂ ਨੇ ਉਹਨਾਂ ਨੂੰ ਆਪਣੇ ਨਾਲ ਲਾ, ਘੁੱਟ ਘੁੱਟ, ਪਿਆਰ ਕੀਤਾ ਅਤੇ ਪ੍ਰਸੰਸਾ ਕੀਤੀ।

**ਮਧਿਆਂਤਰ**

10 ਮਿੰਟ ਦਾ ਇੰਟਰਵਲ ਐਲਾਨਿਆ ਗਿਆ। ਸ੍ਰੀ ਚਤੁਰ ਭੁਜ ਅਤੇ ਸਵਾਮੀ



Sri Satguru Jagjit Singh Ji Elibrary NamdhariElibrary@gmail.com

ਪਾਗਲ ਦਾਸ ਨੇ ਸ੍ਰੀ ਸਤਿਗੁਰੂ ਜੀ ਨਾਲ ਇਕ ਫੋਟੋ ਖਿਚਵਾਈ। ਇਕ ਫੋਟੋ ਹੋਰ ਹੋਈ, ਮੰਚ ਉਪਸਥਿਤ ਦੂਜੇ ਕਲਾਕਾਰਾਂ ਨਾਲ। ਇਸ ਸਮੇਂ ਅੰਬੇ (ਅਮਰ ਸਿੰਘ). ਮਾਤਾ ਜੀ ਦੇ ਭਤੀਜੇ ਨੂੰ ਉਸਤਾਦ ਲੋਕਾਂ ਦੇ ਪੇਸ਼ ਕਰ ਕੇ ਸਤਿਗੁਰਾਂ ਆਖਿਆ : ਇਸ ਨੂੰ ਬਿਰਜੂ ਮਹਾਰਾਜ ਦਾ ਸ਼ਾਗਿਰਦ ਬਣਾ ਦਿੱਤਾ ਹੈ। "ਧੰਨ ਹੋ, ਧੰਨ ਹੋ" ਕਹਿ ਕੇ ਕਲਾਕਾਰਾਂ ਨੇ ਅਭਿਵਾਦਨ ਕੀਤਾ। ਸਤਿਗੁਰੂ ਜੀ ਨੇ ਸ. ਹਰਭਜਨ ਸਿੰਘ ਠੇਕੇਦਾਰ ਅਤੇ ਸ੍ਰੀ ਮੁਖ਼ਤਾਰ ਅਹਿਮਦ ਨੂੰ ਕਲਾਕਾਰਾਂ ਪਾਸ ਬੁਲਾਂਦਿਆਂ ਫ਼ਰਮਾਇਆ : ਇਸ ਸੰਗੀਤ ਸਮੇਲਨ ਕਰਨ-ਕਰਵਾਣ ਦਾ ਸਾਰਾ ਸ਼੍ਰੇਅ ਇਨ੍ਹਾਂ ਨੂੰ ਜਾਂਦਾ ਹੈ। ਸਭ ਤਰ੍ਹਾਂ ਦਾ ਖ਼ਰਚ ਖੇਚਲ ਇਹੋ ਕਰ ਰਹੇ ਹਨ। ਮੁਖ਼ਤਾਰ ਅਹਿਮਦ ਹਰਭਜਨ ਸਿੰਘ ਦਾ ਸਾਥੀ ਹੈ। ਇਸ ਸਮੇਲਨ ਦਾ ਸਬੰਧ ਦੱਸਦਿਆਂ ਸਤਿਗੁਰਾਂ ਕਿਹਾ : ਬੰਬਈ ਦੀ ਸੰਗੀਤ ਕਾਨਫਰੰਸ ਵੇਖ ਕੇ ਹਰਭਜਨ ਸਿੰਘ ਨੇ ਜਾਣਿਆ ਕੁ ਇਸ ਨਾਲ ਇਨ੍ਹਾਂ (ਸਤਿਗੁਰੂ ਜੀ ਖ਼ੁਦ) ਦੀ ਖ਼ੁਸ਼ੀ ਹੁੰਦੀ ਹੈ, ਸੁ ਲਖਨਊ ਵਿਚ ਆਯੋਜਨ ਕਰ ਲਿਆ।

ਏਨੇ ਨੂੰ ਪ੍ਰਸਿੱਧ ਸਾਰੰਗੀ ਨਿਵਾਜ਼ ਪੰ: ਰਾਮ ਨਾਰਾਇਣ ਅਤੇ ਮਿਸਰਾ ਬੰਧੂ ਮੰਚ ਉਪਰ ਆ ਗਏ। ਸਤਿਗੁਰੂ ਜੀ ਨੂੰ ਕਹਿਣ ਲੱਗੇ : ਬਹੁਤ ਬੜ੍ਹੀਆ ਕਾਮ ਕੀਆ ਹੈ ਬੱਚੋਂ ਨੇ! ਨਰਮ ਨਰਮ ਆਵਾਜ਼ ਨਾਲ ਰਾਮ ਨਾਰਾਇਣ ਜੀ ਬੋਲੇ : ਬੱਚੇ ਤੋ ਬਹੁਤ ਅਕਲ ਕੀ ਬਾਤ ਕਰਤੇ ਹੈਂ! ਸਵਾਮੀ ਪਾਗਲ ਦਾਸ ਨੇ ਫਿਰ ਇਕ ਸ਼ਾਗਿਰਦ ਦੀ ਮੰਗ ਕੀਤੀ!

ਅਵਤਾਰ ਸਿੰਘ ਅੰਮ੍ਰਿਤਸਰੀ ਬਾਰੇ ਗੱਲ ਚਲੀ ਤਾਂ ਰਾਮ ਨਾਰਾਇਣ ਜੀ ਨੇ ਕਿਹਾ : ਇਕ ਬਾਰ ਮੇਰੇ ਨਾਲ ਵਲਾਇਤ ਵਿਚ ਵੀ (ਤਬਲਾ) ਵਜਾ ਚੁੱਕਾ ਹੈ। ਉਸ ਦਿਨ ਜ਼ਾਕਿਰ ਜਾਂ ਅੱਲਾ ਰੱਖਾ ਮਿਲ ਨਹੀਂ ਸਨ ਰਹੇ। ਬਹੁਤ ਅੱਛਾ ਹੱਥ ਹੈ ਇਸ ਦਾ। ਸਤਿਗੁਰੂ ਜੀ : ਆਪ ਅੱਛਾ ਕਹਿੰਦੇ ਹੋ ਤਾਂ ਜ਼ਰੂਰ ਅੱਛਾ ਹੋ ਜਾਵੇਗਾ। ਫਿਰ ਸਤਿਗੁਰੂ ਜੀ ਨੇ ਪਰਵਾਰਕ ਸੁਖ ਸਾਂਦ ਪੁੱਛੀ ਅਤੇ ਦੱਸਿਆ ਕਿ ਆਪ ਜੀ (ਗੁਰੂ ਜੀ) 8 ਅਤੇ 9 ਫ਼ਰਵਰੀ ਨੂੰ ਕਲਕੱਤੇ ਹੋਣਗੇ, 25-26 ਆਦਮੀ ਹੋਰ ਵੀ ਜਾ ਰਹੇ ਹਨ।

## ਉਸਤਾਦ ਅਮਜਦ ਅਲੀ

ਸਤਿਗੁਰੂ ਜੀ 12.00 ਵਜੇ ਦੁਪਹਿਰੇ ਆਸਣ ਤੇ ਸੁਭਾਇਮਾਨ ਹੋ ਗਏ। ਅਨਾਊਂਸਮੇਂਟ ਅਨੁਸਾਰ ਇਕ ਨੌਜਵਾਨ ਉਸਤਾਦ ਕਲਾਕਾਰ ਅਮਜਦ ਅਲੀ ਖਾਂ ਸਟੇਜ ਤੇ ਆਏ। ਪਰ ਉਸਤਾਦ ਕਲਾਕਾਰ ਇਕ ਵੱਡਾ ਗੁਲਾਬ ਦੇ ਫੁੱਲਾਂ ਦਾ ਹਾਰ ਲੈ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਫੋਟੋ ਵਲ ਵਧੇ ਅਤੇ ਸਰੋਤਿਆਂ ਦੇ ਵਿਸ਼ੇਸ਼ ਧਿਆਨ ਦਾ ਪਾਤਰ ਬਣੇ। ਫੋਟੋ ਨੂੰ ਗੁਲਾਬੀ ਹਾਰ ਨਾਲ ਸ਼ਿੰਗਾਰਿਆ। ਇਹ ਇੰਜ ਹੋਣਾ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਇਹਨਾਂ ਦੀ ਮਾਨਸਿਕ ਏਕਤਾ ਦਾ ਲਖਾਇਕ ਹੈ।

ਇਹ ਗੋਰਾ ਚਿੱਟਾ ਨੌਜਵਾਨ, ਦਰਮਿਆਨੇ ਕੱਦ ਅਤੇ ਭਰਵੇਂ ਜੁੱਸੇ ਦਾ ਮਾਲਿਕ, ਚੂੜੀਦਾਰ ਪਜਾਮਾ ਅਤੇ ਰੇਸ਼ਮੀ ਕੁਰਤਾ ਪਾਈ ਜਿਸ ਤੇ ਹਰੀ ਬੂਟੀ ਪ੍ਰਿੰਟਿਡ ਹੈ, ਚਮਕੀਲੇ



Sri Satguru Jagjit Singh Ji Elibrary NamdhariElibrary@gmail.com

ਫਰੇਮ ਵਾਲੀ ਐਨਕ ਸਜਾਈ, ਸਤਿਗੁਰੂ ਜੀ ਵਲ ਆਏ। ਨਮਸਕਾਰ ਕੀਤੀ ਅਤੇ ਪੁਸ਼ਪ ਹਾਰ ਗਲੇ ਪੁਆ, ਆਸ਼ੀਰਵਾਦ ਹਾਸਲ ਕਰ, ਨਿਸ਼ਚਿਤ ਸਥਾਨ ਤੇ ਜਾ ਬੈਠੇ। ਇੰਜ ਹੀ ਬੜਾ ਸਵੈਮਾਨੀ ਅਤੇ ਗਰਵੀਲੀ ਦਿੱਖ ਦਾ ਮਾਲਿਕ ਬਨਾਰਸ ਦਾ ਮਾਣ ਕਿਸ਼ਨ ਮਹਾਰਾਜ, ਸੰਸਾਰ ਪ੍ਰਸਿੱਧ ਤਬਲਾ ਵਾਦਕ, ਚਮਕਦੀ ਕਢਾਈ ਵਾਲੀ ਰੇਸ਼ਮੀ ਕਮੀਜ਼ ਅਤੇ ਸਫੈਦ ਧੋਤੀ ਲਗਾਈ, ਮਸਤਕ ਤੇ ਸੰਧੂਰੀ ਤਿਲਕ ਸਜਾਈ ਮੂੰਹ ਵਿਚ ਪਾਨ ਦਬਾਈ, ਨਮਸਕਾਰ ਕਰ, ਹਾਰ ਪਹਿਨ, ਉਸਤਾਦ ਅਮਜਦ ਦੇ ਸੱਜੇ ਹੱਥ ਆ ਡਟਿਆ।

ਉਸਤਾਦ ਅਮਜਦ ਨੇ ਆਪਣੇ ਹਾਣ ਦੀ ਸਰੋਦ ਤੇ ਅਹੀਰ ਭੈਰਵੀਂ ਦਾ ਆਲਾਪ ਜਾਰੀ ਕੀਤਾ। ਸਾਰੀਆਂ ਲੈਆਂ ਵਿਚ ਸੰਧਿਆ, ਸੁਰੀਲਾ ਅਤੇ ਮਟਕਦਾਰ ਆਲਾਪ ਕਰਦਿਆਂ ਐਸਾ ਸਰੋਦ-ਸੁਰ-ਸੰਸਾਰ ਸਿਰਜਿਆ ਕਿ ਸਰੋਤੇ ਸੁਧ ਬੁਧ ਖੋ ਬੈਠੇ। ਜਦੋਂ ਤਬਲੇ ਦੀ ਵਾਰੀ ਆਈ ਤਾਂ ਕਿਸ਼ਨ ਮਹਾਰਾਜ ਗੋਡੇ ਮੂਧੇ ਮਾਰ, ਸਿਰ ਦੇ ਛੱਤੇ ਝਟਕਦਾ, ਭਰੇ ਹੋਏ ਮੂੰਹ ਵਿਚ ਪਾਨ ਚਬਾਂਦਾ ਸਰੋਤਿਆਂ ਦੇ ਆਕਰਸ਼ਣ ਦਾ ਕੇਂਦਰ ਬਣ ਗਿਆ। ਉਹਦੀ ਤਬਲੇ ਤੇ ਪਹਿਲੀ ਥਾਪ ਨਾਲ ਹੀ ਪਤਾ ਲੱਗ ਗਿਆ ਕਿ ਬੰਦਾ ਜਾਦੂਗਰ ਹੈ। ਤਾਲੀਆਂ ਹਰ ਸਮ ਤੇ ਭਰਪੂਰ ਮਿਲੀਆਂ।

ਸਰੋਦ ਤੇ ਹੁਣ ਭੈਰਵੀ ਦੀ ਵਾਰੀ ਆਈ। ਆਮ ਲੋਕਾਂ ਦਾ ਪਿਆਰਾ ਰਾਗ। ਨਵੇਂ ਉਤਸਾਹ ਨਾਲ ਲੋਕਾਂ ਨੇ ਸੁਣਿਆ। ਦਰੁਤ ਲੈਅ ਦੀ ਤੇਜ਼ਤਰ ਗਤੀ ਵਿਚ ਦੋਵੇਂ ਕਲਾਕਾਰ ਜਿਵੇਂ ਇਕ ਦੂਜੇ ਨਾਲ ਜੂੱਝਮ ਜੂੱਝਾ ਹੋ ਗਏ ਹੋਣ। ਇਹਦੀ ਸਮਾਪਤੀ ਤੇ ਚੰਦ ਸ਼ਬਦ ਖ਼ਾਂ ਸਾਹਿਬ ਨੇ ਸਤਿਗੁਰੂ ਜੀ ਦੀ ਸ਼ੋਭਾ ਵਿਚ, ਸੰਗੀਤ ਪ੍ਰਤੀ ਲਗਾਵ, ਕਲਾਕਾਰਾਂ ਵਲ ਧਿਆਨ ਅਤੇ ਸੰਗੀਤ ਗੁਲਦਸਤੇ ਦੀ ਸਿਰਜਨਾ ਜਿਸ ਵਿਚ ਇਹਨਾਂ ਦੇ ਬੱਚੇ ਵਧ ਰਹੇ ਹਨ, ਬਾਰੇ ਜ਼ਿਕਰ ਕੀਤਾ। ਉਪ੍ਰੰਤ ਫੇਰ ਇਕ ਟੁੱਕ ਸੁਧ ਸਾਰੰਗ ਨੂੰ ਲੱਗਾ। ਦੋਹਾਂ ਉਸਤਾਦਾਂ ਨੇ ਸਰੋਤਿਆਂ ਨੂੰ ਭਰਪੂਰ ਕਰ ਦਿਤਾ। 2 ਵਜੇ ਇਹ ਸਭਾ ਸਮਾਪਤ ਹੋ ਗਈ।

## [illegible]

ਦੁਪਹਿਰੇ 2 ਵਜੇ ਪਹਿਲੀ ਸਭਾ ਦੇ ਸਮਾਪਤ ਹੋਣ ਕਰਕੇ ਅਗਲੇ ਸਮੇਂ ਦੀ ਵਰਤੋਂ ਠੀਕ ਪਰਕਾਰ ਕਰਨੀ ਸੀ। ਸਤਿਗੁਰੂ ਜੀ ਦੇ ਨਿਜੀ ਸੇਵਕ ਸੰਤ ਮਹਿੰਦਰ ਸਿੰਘ ਪੂਰਬਾ ਨੇ ਦੱਸਿਆ ਕਿ ਸਤਿਗੁਰੂ ਜੀ ਡੇਰੇ ਜਾ ਕੇ ਛੇਤੀ ਛੇਤੀ ਇਸ਼ਨਾਨ ਕਰ, ਲਾਂਗਰੀਆਂ ਦੇ ਤਾਜ਼ੇ ਪ੍ਰਸ਼ਾਦੇ ਦੀ ਇੰਤਜ਼ਾਰ ਨ ਕਰ, ਲੰਗਰ ਚੋਂ ਸਵੇਰ ਵੇਲੇ ਦੇ ਪ੍ਰਸ਼ਾਦੇ ਵਿਚੋਂ ਹੀ ਅੱਧਾ ਕੁ ਛਕ, ਛੇਤੀ ਨਾਲ ਆਰਾਮ ਕਰਨ ਚਲੇ ਗਏ। ਨਿਜੀ ਲਾਂਗਰੀ ਤਾਂ ਸੋਚਦੇ ਹੀ ਰਹੇ ਪਰ ਸਤਿਗੁਰੂ ਜੀ ਆਪਣੇ ਕਮਰੇ ਵਿਚ ਆ ਲੇਟ ਗਏ।

ਏਧਰ, ਸ. ਕੁਲਦੀਪ ਸਿੰਘ ਸੇਠੀ ਦੇ ਘਰ ਸਾਡੇ ਵਾਲੇ ਕਮਰੇ ਵਿਚ ਗੱਪ ਸ਼ੱਪ ਚਲ ਰਹੀ ਸੀ। ਕੁਰਦੇਵ ਸਿੰਘ, ਹਰਭਜਨ ਸਿੰਘ, ਠਾਕੁਰ ਉਦੇ ਸਿੰਘ ਜੀ, ਹੰਸਪਾਲ,



Sri Satguru Jagjit Singh Ji Elibrary NamdhariElibrary@gmail.com

ਵਰਿਆਮ, ਗੁਰਭਜਨ ਸਿੰਘ, ਸੰਤ ਮੋਹਰ ਸਿੰਘ ਕਾਨਪੁਰੀ ਅਤੇ ਪ੍ਰੀਤਮ ਸਿੰਘ ਕਵੀ, ਪੱਟੀ, ਗੱਲੀਂ ਜੁੱਟੇ ਹੋਏ ਸਨ ਕਿ ਅਚਾਨਕ ਸਤਿਗੁਰੂ ਜੀ ਸਾਡੇ ਕਮਰੇ ਵਿਚ ਪਰਗਟ ਹੋ ਗਏ। ਤਿਆਰ-ਬਰ-ਤਿਆਰ। ਤਾਜ਼ੇ ਤਾਜ਼ੇ। ਅਸੀਂ ਸਭੇ ਸੁਆਗਤ ਲਈ ਉੱਠੇ। ਨਿੱਕਾ ਨਿੱਕਾ ਬਚਨ ਬਿਲਾਸ ਹੋਇਆ।

ਮੈਂ ਕਿਹਾ : ਅਸਾਡੀ ਤਾਂ ਬੱਸ ਹੋਈ ਪਈ ਹੈ, ਆਪ ਜੀ ਨਾਲ ਨਹੀਂ ਚੱਲਿਆ ਜਾ ਸਕਦਾ। ਸਤਿਗੁਰੂ ਮੁਸਕਰਾਏ : ਇਹ ਤਾਂ ਫੇਰ ਵੀ ਵੱਡੀ ਸਾਰੀ ਹੈ। ਕਾਰ ਤਾਂ ਅਸਲੋਂ ਛੋਟੀ ਹੁੰਦੀ ਹੈ, ਇਹਦੇ ਮੁਕਾਬਲੇ। ਏਥੇ 'ਬਸ' ਅਤੇ 'ਕਾਰ' ਹੋਰ ਅਰਥ ਲੈ ਗਈਆਂ।

## ਸ਼ਾਮ ਦੀ ਸਭਾ

ਐਤਵਾਰ ਹੋਣ ਕਾਰਨ ਅੱਜ ਦੋ ਸਭਾਵਾਂ ਦਾ ਆਯੋਜਨ ਸੀ। ਸ਼ਾਮ ਦੀ ਸਭਾ ਵਿਚ ਹਾਲ ਭਾਵੇਂ ਖਚਾਖਚ ਸੀ ਪਰ ਗੈਲਰੀ ਵਿਚ ਰੌਣਕ ਨਹੀਂ ਸੀ। ਕਾਰਨ ਸੀ, ਟੀ. ਵੀ. ਉੱਤੇ ਕਿਸੇ ਹਰਮਨ ਪਿਆਰੀ ਫ਼ਿਲਮ ਦਾ ਆਉਣਾ, ਤਾਂ ਵੀ ਸ਼ਾਸਤਰੀ ਸੰਗੀਤ ਦੇ ਸ਼ੌਕੀਨ 6.30 ਤਕ ਗਵਿੰਦ੍ਰਾਲੇ ਵਿਚ ਪਹੁੰਚ ਚੁੱਕੇ ਸਨ।

ਸ੍ਰੀ ਸਤਿਗੁਰੂ ਜੀ ਭਾਵੇਂ ਐਨ ਵੇਲੇ ਸਿਰ ਗਵਿੰਦ੍ਰਾਲੇ ਪਹੁੰਚ ਗਏ ਸਨ ਪਰ ਦੂਜੀ ਸਭਾ ਦਾ ਆਰੰਭ ਤਾਂ ਅੱਧਾ ਘੰਟਾ ਲੇਟ ਹੀ ਹੋ ਸਕਿਆ।

## ਮੁਕੁਲ ਸ਼ਿਵ ਪੁੱਤ੍ਰ

ਅੱਜ ਸ਼ਾਮ ਦੀ ਸਭਾ ਦਾ ਆਰੰਭ ਸ੍ਰੀ ਕੁਮਾਰ ਗੰਧਰਵ ਦੇ ਸਪੁੱਤਰ ਸ੍ਰੀ ਮੁਕੁਲ ਸ਼ਿਵ ਪੁਤ੍ਰ ਨੇ ਆਪਣੇ ਗਾਇਨ ਨਾਲ ਕਰਨਾ ਸੀ। ਨੌਜਵਾਨ, ਇਕਹਿਰਾ ਬਦਨ, ਕਾਲੀ ਕਮੀਜ਼ ਤੇ ਲਾਲ ਚਿੱਟੀ ਬੂਟੀ ਵਾਲਾ ਚੋਗਾ ਸਜਾਈ, ਚੁਸਤ ਪਜਾਮੇ ਨਾਲ ਸਜਦਾ ਸ਼ਿਵ ਪੁਤ੍ਰ ਸਤਿਗੁਰੂ ਜੀ ਤੋਂ ਆਸ਼ੀਰਵਾਦ ਗ੍ਰਹਿਣ ਕਰ, ਖੁਸ਼ਕ, ਕਟੇ ਹੋਏ ਵਾਲਾਂ ਨੂੰ ਝਟਕਦਾ ਰਾਗ ਮਾਰਵੇ ਦੀਆਂ 'ਸੁਰਾਂ' ਚੁਕਣ ਲਗਾ। ਇਸ ਦੇ ਨਾਲ ਸਾਰੰਗੀ ਤੇ ਸ੍ਰੀ ਇੰਦਰ ਲਾਲ ਅਤੇ ਤਬਲੇ ਵਾਸਤੇ ਦੀਪਕ ਗਰੂੜ ਬੈਠਿਆ। ਨੌਜਵਾਨ ਕਲਾਕਾਰ ਨੂੰ ਚਾਹ ਦੀ ਬੜੀ ਚਾਹ ਸੀ, ਸੋ ਚਾਹ ਦਾ ਥਰਮਸ ਭਰ ਕੇ ਮੰਚ ਤੇ ਹੀ ਲੈ ਆਇਆ ਅਤੇ ਚੁਸਕੀਆਂ ਲੈਂਦਾ ਮਾਰਵੇ ਦੀਆਂ ਸੁਰਾਂ ਦਿੰਦਾ ਰਿਹਾ। ਗਾਉਣ ਦਾ ਢੰਗ ਸੀ, ਆਮ ਕਰਕੇ ਅੱਖਾਂ ਬੰਦ, ਧੌਣ ਨੀਵੀਂ, ਸੁਰ ਸਾਫ਼ ਅਤੇ ਸ਼ੁਧ।

7 ਵਜੇ ਇਹ ਸ਼ੁਰੂ ਹੋਇਆ, 8 ਵਜੇ ਮਹਾਰਾਜ ਜੀ ਨੇ ਕੋਈ ਭਜਨ ਗਾਉਣ ਦੀ ਫ਼ਰਮਾਇਸ਼ ਲਿਖ ਭੇਜੀ। ਉੱਤਰ ਮਿਲਿਆ : ਅੱਜ ਕਲ੍ਹ ਮੈਂ ਕੋਈ ਭਜਨ ਨਹੀਂ ਗਾਉਂਦਾ। ਫਿਰ 10-15 ਮਿੰਟ ਲਈ ਤਾਨਾਂ ਨਾਲ ਉਤਰਦੇ ਚੜ੍ਹਦੇ ਮੁਕੁਲ ਨੇ ਖਟ ਰਾਗ-ਅੰਤ ਕਰ ਦਿਤਾ। ਮੈਨੂੰ ਜਾਪਿਆ ਜਿਵੇਂ ਮੁਕੁਲ ਪਬਲਿਕ ਨੂੰ ਕੀਲ ਨਹੀਂ ਸਕਿਆ।

ਚੰਗੇ ਕਲਾਕਾਰ ਲਈ ਸਰੋਤੇ ਥੋੜ੍ਹੇ ਜਾਂ ਵੱਡੇ ਕੋਈ ਮਹੱਤਤਾ ਨਹੀਂ ਰਖਦੇ, ਜਦੋਂ



Sri Satguru Jagjit Singh Ji Elibrary NamdhariElibrary@gmail.com

ਉਹ ਇਕਚਿੱਤ ਹੋ ਕੇ ਆਪਣਾ ਜਾਦੂ ਵਿਖਾਂਦਾ ਹੈ ਤਾਂ ਸਾਰਾ ਆਲਮ ਮਸਤ ਹੋ ਜਾਂਦਾ ਹੈ।

## ਇਕ ਅਹਿਮ ਪੁਸਤਕ

ਮੁਕਲ ਅਜੇ ਗਾ ਹੀ ਰਿਹਾ ਸੀ ਕਿ ਕਾਨਪੁਰ ਦੇ ਇਕ ਲੇਖਕ, ਨਾਮਧਾਰੀ ਸੰਤ, ਮੇਹਰ ਸਿੰਘ (67) ਨੇ ਅੰਗਰੇਜ਼ੀ ਦੀ ਇਕ ਕਿਤਾਬ ਲਿਆ, ਨਮਸਕਾਰ ਕਰ ਸਤਿਗੁਰੂ ਜੀ ਦੇ ਕੋਲ ਰਖ ਦਿਤੀ। ਇਹ ਉਹਨਾਂ ਨੂੰ ਲਖਨਊ ਦੀ ਇਕ ਵੱਡੀ ਲਾਇਬ੍ਰੇਰੀ 'ਚੋਂ ਪ੍ਰਾਪਤ ਹੋਈ ਸੀ। ਇਸ ਤੇ ਛਾਪਣ ਮਿਤੀ 1845 ਈ: ਦਿਤੀ ਹੋਈ ਸੀ। ਅਰਥਾਤ, ਪੁਸਤਕ ਨਾਮਧਾਰੀ ਪੰਥ ਦੀ ਸਾਜਨਾ ਤੋਂ 12 ਸਾਲ ਪਹਿਲਾਂ ਦੀ ਸੀ। ਪੁਸਤਕ ਦਾ ਨਾਂ ਸੀ: ਮੈਮੋਰੀਜ਼, ਕਾਇਰਿਓਸਿਟੀਜ਼ ਐਂਡ ਟ੍ਰੈਵਲਜ਼ ਇਲਸਟ੍ਰੇਟਿਵ ਆਫ਼ ਦੀ ਜਿਓਗ੍ਰਾਫ਼ੀ ਐਂਡ ਸਟੈਟਿਸਟਿਕਸ ਆਫ਼ ਏਸ਼ੀਆ। ਸੰਪਾਦਕ ਸਨ ਇਸ ਦੇ, ਮੇਜਰ ਜੇ. ਟੀ. ਜਰਵਿਸ F.R.S.। ਇਸਦਾ ਲੇਖਕ ਹੈ ਬੈਰਨ ਚਾਰਲਸ ਹਿਊਗਲ।

ਇਸ ਪੁਸਤਕ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਨਦੇੜ ਵਿਚ ਗੁਜ਼ਰਨ ਜਾਂ ਨਾ ਗੁਜ਼ਰਨ ਸੰਬੰਧੀ ਅਤੇ ਆਦਿ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਦਿੱਤੀ ਗਈ ਜਾਂ ਨਹੀਂ, ਦਾ ਵੇਰਵਾ ਮਿਲਦਾ ਹੈ। ਇਹ ਪੁਸਤਕ ਸੰਤ ਮੇਹਰ ਸਿੰਘ ਨੂੰ ਵੇਖਣ-ਪੜ੍ਹਨ-ਜਾਨਣ ਲਈ ਦੇ ਦਿਤੀ ਗਈ ਅਤੇ ਲੋੜੀਂਦੇ ਵਰਕਿਆਂ ਦੀ ਫੋਟੋ ਸਟੇਟ ਕਾਪੀ ਕਰਵਾਣ ਦੀ ਪੱਕੀ ਕਰ ਦਿਤੀ ਗਈ।

ਇਸੇ ਪੁਸਤਕ ਦੇ ਮੁੱਢ ਵਿਚ ਲੇਖਕ ਦੀ ਪੈਨਸਲ ਸਕੈਚ ਤਸਵੀਰ ਅਤੇ ਅੰਦਰਲੇ ਸਫ਼ੇ ਤੇ ਇੰਜ ਲਿਖਿਆ ਹੋਇਆ ਹੈ: 'ਟ੍ਰੈਵਲਜ਼ ਇਨ ਕਸ਼ਮੀਰ ਐਂਡ ਦੀ ਪੰਜਾਬ ਕਾਨਟੇਨਿੰਗ ਏ ਪਰਟੀਕੁਲਰ ਅਕਾਊਂਟ ਆਫ਼ ਦੀ ਗਵਰਨਮੈਂਟ ਐਂਡ ਕੈਰੈਕਟਰ ਆਫ਼ ਸਿਖਸ', ਫਰਾਮ ਜਰਮਨ ਆਫ਼ ਬੈਰਨ ਚਾਰਲਸ ਹਿਊਗਲ, ਵਿਦ ਨੋਟਸ ਬਾਈ ਮੇਜਰ ਟੀ.ਬੀ. ਜਰਵਿਸ, ਐਫ਼. ਆਰ. ਐਸ.। ਪੁਸਤਕ ਦੇ ਛਾਪਕ ਹਨ:

Paultim, London,
John Patheram, 71, Chancrery Lane
1845

## ਸੁਖਵਿੰਦਰ ਸਿੰਘ ਪਿੰਕੀ

8.20 ਹੋਏ ਤਾਂ ਮੰਚ ਉਤੇ ਅਤਿ ਆਧੁਨਿਕ ਕਲਾਕਾਰ ਜਿਸ ਦੀ ਉਮਰ ਬਮੁਸ਼ਕਲ 13 ਸਾਲ ਹੋਵੇਗੀ, ਆਇਆ। ਤਾਲੀਆਂ ਗੂੰਜੀਆਂ। ਹਾਰ ਸਤਿਗੁਰੂ ਜੀ ਵਲੋਂ ਬਖ਼ਸ਼ਸ਼ ਹੋਇਆ ਅਤੇ ਇਹ ਤਬਲੇ ਦਾ ਸੋਲੋ ਕਲਾਕਾਰ ਡਟ ਕੇ ਬੈਠ ਗਿਆ। ਇਸ ਦੇ ਮੁਕਾਬਲੇ ਉਸਤਾਦ ਭਾਈ ਨਿਹਾਲ ਸਿੰਘ ਨੂੰ ਵੀ ਸਤਿਗੁਰੂ ਜੀ ਨੇ ਹਾਰ ਪਹਿਨਾ ਕੇ ਮਾਣ ਬਖ਼ਸ਼ਿਆ। ਨਗਮਾ ਦੇਣ ਵਾਲੇ ਇਸ ਦੇ ਵੱਡੇ ਭਾਈ ਸੁਖਦੇਵ ਸਿੰਘ ਨੂੰ ਵੀ ਹਾਰ ਪਹਿਨਾਇਆ ਗਿਆ। ਮੰਚ ਉਤੇ ਗਾਇਕਾਂ ਦੇ ਆਸਣ ਤੇ ਇਹ ਦੋਵੇਂ ਭਰਾ ਸਜ ਗਏ। ਵੱਡੇ ਵੱਡੇ ਉਸਤਾਦ ਕਲਾਕਾਰਾਂ ਦੇ ਸਨਮੁਖ ਪਿੰਕੀ ਦੀਆਂ ਨਿੱਕੀਆਂ-ਨਿੱਕੀਆਂ



Sri Satguru Jagjit Singh Ji Elibrary NamdhariElibrary@gmail.com

ਉਂਗਲਾਂ ਅਤੇ ਹਥੇਲੀਆਂ ਤਬਲੇ ਦੇ ਜਾ ਦੀ ਬਣਨ ਲਗੀਆਂ। ਵਿਸ਼ਵਾਸ ਭਰੀ ਤੱਕਣੀ, ਕਲਾਪੂਰਣ ਤੇ ਭਰੋਸੇ ਭਰੇ ਹੱਥ, ਚੁਫੇਰਿਓਂ ਮਿਲਦੀ ਅਥਾਹ ਉਤਸੁਕਤਾ ਦਾ ਘਰ ਪੂਰਦਾ ਪਿੰਕੀ ਤਬਲੇ ਦੇ ਤਿੰਨ ਤਾਲ ਦੇ ਵਿਵਿਧ ਬੋਲਾਂ ਦੀ ਆਵਾਜ਼ ਗੂੰਜਾਂਦਾ ਅਗਲੀਆਂ ਛੋਹਾਂ ਵਲ ਵਧਦਾ ਰਿਹਾ। ਬਾਰ ਬਾਰ ਤਾਲੀਆਂ, ਵਾਹ ਵਾਹ ਨੇ ਪਿੰਕੀ ਦੇ ਛੋਟੇ ਪਰ ਵਿਸ਼ਾਲ ਸੰਭਾਵਨਾ ਰਖਦੇ ਦਿਲ ਦੀਆਂ ਝੋਲੀਆਂ ਭਰ ਦਿਤੀਆਂ। ਹਾਲ ਜਿਵੇਂ ਸਰਗਰਮੀ ਦਾ ਰੂਪ ਬਣ ਸਜੀਵ ਹੋ ਗਿਆ।

ਸਤਿਗੁਰੂ ਜੀ ਆਪਣੇ ਬੱਚੇ ਦੀ ਕਿਰਤ ਅਤੇ ਪ੍ਰਗਟਾਉ ਉਤੇ ਬੜੇ ਪ੍ਰਸੰਨ ਸਨ। ਪਿੰਕੀ ਦੇ ਮੌਜੂਦਾ ਉਸਤਾਦ ਪੰ: ਕਿਸ਼ਨ ਮਹਾਰਾਜ ਭਾਵੇਂ ਮੌਕੇ ਉਤੇ ਨਹੀਂ ਪਹੁੰਚ ਸਕੇ, ਪਰ ਉਸਤਾਦ ਲੋਕ ਕਲਾਕਾਰ ਬੱਚੇ ਦੀ ਪੇਸ਼ਕਾਰੀ ਤੋਂ ਬਲਿਹਾਰੇ ਜਾ ਰਹੇ ਸਨ।

ਪਿੰਕੀ ਦੀਆਂ ਰਿਹਾਈਆਂ ਨੇ ਦਰਸ਼ਕਾਂ ਅਤੇ ਗੁਣੀ ਕਲਾਕਾਰਾਂ ਨੂੰ ਉਸ ਦੀ ਨਿੱਤ ਅਥਾਹ ਵਧਦੀ ਸ਼ਕਤੀ ਦਾ ਅਹਿਸਾਸ ਕਰਵਾ ਦਿਤਾ ਸੀ। 9 ਵਜੇ ਤਕ ਪਿੰਕੀ ਦਾ ਤਬਲਾ ਵਾਦਨ ਅਰੁਕ ਚੱਲਿਆ।

### ਇੰਟਰਵਲ

10 ਮਿੰਟ ਦਾ ਮਧਿਆਂਤਰ ਐਲਾਨਿਆ ਗਿਆ। ਲਖਨਊ ਦੇ ਸੰਗੀਤ ਰਸਿਕ, ਮਰਮੱਗਿਅ ਅਤੇ ਕਲਾਕਾਰ ਸਤਿਗੁਰੂ ਜੀ ਪਾਸ ਆ-ਆ ਪ੍ਰਸੰਸਾ ਕਰਨ ਲਗੇ, ਤਬਲਾ ਵਾਦਕ ਦੀ ਅਤੇ ਸਤਿਗੁਰਾਂ ਦੀ ਮਿਹਨਤ ਦੀ ਜੋ ਉਹ ਸੰਗੀਤ ਪ੍ਰਤੀ ਕਰ-ਕਰਵਾ ਰਹੇ ਹਨ। ਸਤਿਗੁਰੂ ਜੀ "ਆਪ ਜੀ ਦੀ ਅਸ਼ੀਰਵਾਦ" ਆਖਦੇ ਉਨ੍ਹਾਂ ਦੀਆਂ ਖੁਸ਼ੀਆਂ ਸਵੀਕਾਰਦੇ ਰਹੇ।

ਰੋਹੀਓ ਨਾਲ ਸੰਬੰਧਤ ਇਕ ਸੱਜਣ ਦੀ ਪੁੱਤਰੀ ਜਿਸ ਨੂੰ ਉਸਨੇ ਤਬਲੇ ਦੀ ਸਿੱਖਿਆ ਦਿਤੀ-ਦਿਵਾਈ ਹੈ ਅਤੇ ਉਹ ਤਬਲੇ ਵਿਚ ਐਮ.ਏ. ਕਰ ਰਹੀ ਹੈ, ਨੇ ਸਲਾਹ ਦਿਤੀ ਕਿ ਪਿੰਕੀ ਲਈ ਹੋਰ ਵੀ ਛੋਟਾ ਤਬਲਾ ਤਿਆਰ ਕਰਵਾਇਆ ਜਾਏ ਤਾਕਿ ਉਹ ਵਧੇਰੇ ਜ਼ੋਰ ਨਾਲ ਵਜਾ ਸਕੇ। ਹੁਣ ਤਾਂ ਉਹ ਤਬਲੇ ਪਿੱਛੇ ਝੁਕ ਕੇ ਹੀ ਵਜਾਂਦਾ ਹੈ, ਉਸਦੀਆਂ ਬਾਹਾਂ ਨੂੰ ਔਖਾ ਕਸ਼ਟ ਕਰਨਾ ਪੈਂਦਾ ਹੈ। ਸਤਿਗੁਰੂ ਜੀ ਨੇ ਸਲਾਹ ਪਰਵਾਨ ਕੀਤੀ।

### ਪੰ: ਰਾਮ ਨਾਰਾਇਣ ਜੀ

9.20 ਤੇ ਰਾਤੀਂ ਜਿਉਂ ਹੀ ਪੰ: ਰਾਮ ਨਾਰਾਇਣ ਆਪਣੇ ਭਾਰੀ ਭਰਕਮ ਸਰੀਰ ਨਾਲ ਮੰਚ ਉਤੇ ਆਏ, ਪ੍ਰਭਾਵ ਤਾੜੀਆਂ ਨਾਲ ਉਨ੍ਹਾਂ ਦਾ ਸੁਆਗਤ ਹੋਇਆ। ਸਤਿਗੁਰੂ ਜੀ ਵਲ ਨਮਸਕਾਰ ਹਿਤ ਗਏ ਤਾਂ ਆਪ ਨੇ ਅਸ਼ੀਰਵਾਦਾਤਮਕ ਪੁਸ਼ਪ-ਹਾਰ ਪਹਿਨਾਇਆ। ਆਪ ਨਾਲ ਸੰਗਤ ਕਰਨ ਵਾਲੇ ਸਨ, ਸ. ਅਵਤਾਰ ਸਿੰਘ ਨਾਮਧਾਰੀ ਤਬਲਾ ਵਾਦਕ। ਅਸ਼ੀਰਵਾਦ ਇਹਨਾਂ ਨੂੰ ਵੀ ਮਿਲੀ।

ਚਿੱਟੀ ਧੋਤੀ ਅਤੇ ਰੇਸ਼ਮੀ ਕਮੀਜ਼ ਪਹਿਨੀ ਪੰ: ਰਾਮ ਨਾਰਾਇਣ, ਕੁੱਛੜ ਸਾਰੰਗੀ ਰਖੀ, ਵੱਡੇ ਵੱਡੇ ਜਾਪ ਰਹੇ ਸਨ। ਸਾਰੰਗੀ ਆਪ ਦੀ ਠੋਡੀ ਤਕ ਹੀ ਅਪੜਦੀ ਸੀ। ਬਰੋਜ਼ੇ ਨਾਲ ਚਿੱਟੀਆਂ ਉਂਗਲਾਂ, ਜਾਂ ਸ਼ਾਇਦ ਪਾਊਡਰ ਨਾਲ ਹੀ, ਜਿਉਂ ਹੀ ਜਦ



Sri Satguru Jagjit Singh Ji Elibrary NamdhariElibrary@gmail.com

ਫਿਰਦਿਆਂ ਹਰਕਤ ਵਿਚ ਆਈਆਂ, ਸਰਸਵਤੀ ਰਾਗ ਦੀਆਂ ਸੁਰਾਂ ਵਾਤਾਵਰਣ ਵਿਚ ਛਾ ਗਈਆਂ। ਜਾਪਦਾ ਸੀ ਜਿਵੇਂ ਨਿੱਕੀ ਜਿਹੀ ਚੱਟਾਨ ਹੀ ਸੁਰੋ ਸੁਰ ਹੋਈ ਪਈ ਹੋਵੇ! ਸਰਸਵਤੀ ਕਦੇ ਕੋਮਲ, ਕਦੇ ਕੋਮਲ ਤਰ ਅਤੇ ਕਦੇ ਭਾਰੀ ਤੋਂ ਭਾਰੀ ਆਵਾਜ਼ ਵਿਚ ਗੂੰਜ ਰਹੀ ਸੀ। ਅੱਧਾ ਗੰਜਾ ਸਿਰ, ਪਿਛਾਂਹ ਨੂੰ ਸੁੱਟੇ ਵਾਲ, ਮੋਟੇ ਬੁੱਲ੍ਹ, ਵੱਡੀਆਂ ਲਾਲ ਲਾਲ ਅੱਖਾਂ, ਸਾਰੰਗੀ ਤੇ ਚਲਦਾ ਕਦੇ ਜ਼ੋਰ ਨਾਲ, ਕਦੇ ਨਰਮ ਨਰਮ ਗਜ਼ ਬੜਾ ਅਲੌਕਿਕ ਲੱਗ ਰਿਹਾ ਸੀ। ਸੁਨਹਿਰੀ ਦੰਦ ਦੀ ਕਦੇ ਕਦੇ ਉੱਠਦੀ ਚਮਕ ਅਤੇ ਸਮੁੱਚੇ ਚਿਹਰੇ ਉਤੇ ਫ਼ਕੀਰਾਨਾ ਮਾਸੂਮੀਅਤ ਸੁਰਾਂ ਨਾਲ ਮਿਲ ਕੇ ਵਾਦਕ ਨੂੰ ਹੀ ਸਰਸਵਤੀ ਬਣਾ ਰਹੀ ਸੀ।

ਤਾਨਪੁਰਾ ਛੇੜਦਾ ਬਲਦੇਵ ਸਿੰਘ ਰਾਣੀਆ, ਸ਼ਾਗਿਰਦ ਦੇ ਤੌਰ ਤੇ ਪਿਛੇ ਬੈਠਾ ਸੁਰਜੀਤ ਸਿੰਘ ਢਿੱਲੀ ਅਤੇ ਤਬਲੇ ਵਾਲਾ ਅਵਤਾਰ ਸਿੰਘ ਅੰਮ੍ਰਿਤਸਰੀ—ਨਾਮਧਾਰੀਆਂ ਵਿਚ ਘਿਰੇ ਪੰਡਤ ਜੀ ਆਪੇ ਵਿਚ ਗੁਆਚੇ ਪਏ ਸਨ।

ਜਦੋਂ ਤਬਲੇ ਨਾਲ ਸੰਗਤ ਹੋਈ ਤਾਂ ਦਰੁਤ ਲੈ ਵਿਚ ਟਾਕਰਾ ਕਰਨ ਦੀ ਨੀਅਤ ਨਾਲ ਪੰਡਿਤ ਜੀ ਗਜ਼ ਸਾਰੰਗੀ ਉਤੇ ਖਿਚਦੇ, ਤਾਰੀਆਂ ਪਰ ਛੋਟੀਆਂ ਤਾਰਾਂ ਤੇ ਉਂਗਲੀਆਂ ਨਚਾਂਦੇ, ਮੁਸਕਰਾ ਕੇ ਅਵਤਾਰ ਸਿੰਘ ਵਲ ਵੇਖਦੇ—ਅਵਤਾਰ ਸਿੰਘ ਨਿਰਭਾਵ, ਤਬਲੇ ਦੇ ਬੋਲਾਂ ਦੀ ਸੂਖੀ ਉਤੇ ਜੁੜਿਆ ਰਹਿੰਦਾ, ਜਿਸ-ਉਤਰੇ ਰਾਮ ਨਾਰਾਇਣ ਜ਼ਰੂਰ ਕਿਸੇ ਕਸਾਵੇਦਾਰ ਤਬਲਾਵਾਦਕ ਨੂੰ ਯਾਦ ਕਰਦੇ ਹੋਣਗੇ। ਕਈ ਵਾਰ ਪੰਡਤ ਜੀ ਦੀਆਂ ਨੀਮ ਸਵਾਰ ਨਚਦੀਆਂ ਅੱਖਾਂ ਅਵਤਾਰ ਸਿੰਘ ਵਲੋਂ ਨਿਰਾਸ਼ ਪਰਤੀਆਂ।

10.40 ਵਜੇ ਪੰਡਿਤ ਜੀ ਨੇ ਸਮਾਪਤੀ ਕਰ ਦਿਤੀ। ਸਭਾ ਵੀ ਬਰਖ਼ਾਸਤ ਹੋ ਗਈ।

ਅੱਜ ਨਾਮਧਾਰੀਆਂ ਵਿਚ ਬੰਬਈ ਦੇ ਪ੍ਰਤੀਨਿਧ ਵੀ ਆ ਰਲੇ : ਸੇਠ ਹਜ਼ੂਰਾ ਸਿੰਘ ਸੁਲਤਾਨੀ ਖ਼ਾਲਸਾ ਡਾਇੰਗ ਹਾਊਸ ਵਾਲੇ, ਠੇਕੇਦਾਰ ਚਰਨ ਸਿੰਘ ਕਲਸੀ ਅਤੇ ਇਕ ਹੋਰ ਸੱਜਣ, ਦਿੱਲੀਓਂ ਧਰਮਸਾਲਾ ਸਕੱਤ੍ਰ ਕੁਲਦੀਪ ਸਿੰਘ, ਬਨਾਰਸ ਦੇ ਪਿਤਾ ਪੁੱਤਰ ਸੇਠ ਗੋਪਾਲ ਸਿੰਘ, ਸੰਤੋਖ ਸਿੰਘ ਵੀ।

## 5 ਫ਼ਰਵਰੀ 1979, ਸੋਮਵਾਰ
## ਲਖਨਊ (ਯੂ. ਪੀ.)

### ਇੰਤਜ਼ਾਰ ਵਿੱਚ

ਬੀਤਿਆ ਕੱਲ੍ਹ ਬੜਾ ਮਸਰੂਫ਼ੀਅਤ ਭਰਿਆ ਸੀ। ਅੰਮ੍ਰਿਤ ਵੇਲੇ ਆਸਾ ਦੀ ਵਾਰ ਤੋਂ ਲੈ 11.30 ਤਕ ਸਤਿਗੁਰੂ ਜੀ ਨੂੰ ਆਰਾਮ ਕਰਨਾ ਨਸੀਬ ਨਹੀਂ ਸੀ ਹੋਇਆ ਅਤੇ ਅੱਜ ਫਿਰ ਆਸਾ ਦੀ ਵਾਰ ਨਾਮਧਾਰੀ ਧਰਮਸਾਲਾ ਵਿਚ ਰਾਗੀ ਸਿੰਘਾਂ ਵਲੋਂ ਲਗੀ। ਸਤਿਗੁਰੂ ਜੀ ਭਲਾ ਆਸਾ ਦੀ ਵਾਰ ਬਿਨਾਂ ਕਿਵੇਂ ਰਹਿਣ।

ਪਰ ਮੈਨੂੰ ਗੁਰੂ ਕੇ ਦਰਸ਼ਨ 9.30 ਵਜੇ ਸ. ਬਹਾਦੁਰ ਸ. ਸ਼ਿੰਗਾਰਾ ਸਿੰਘ ਦੇ



Sri Satguru Jagjit Singh Ji Elibrary NamdhariElibrary@gmail.com

ਸਪੁੱਤਰ ਸ. ਕਰਮਜੀਤ ਸਿੰਘ ਦੀ ਸ਼ਿੰਗਾਰ ਵਿੱਲਾ ਵਿਚ ਹੀ ਹੋ ਸਕੇ ! ਮੈਂ ਤਾਂ ਕੋਈ 9 ਕੁ ਵਜੇ ਤੋਂ ਹੀ ਏਥੇ ਸਾਂ । ਸ. ਕਰਮਜੀਤ ਸਿੰਘ ਆਪਣੇ ਘਰ ਭਰਪੂਰ ਦਰਸ਼ਨ ਕਰਨਾ ਚਾਹੁੰਦੇ ਸਨ ਸੁ ਸਤਿਗੁਰਾਂ ਨੇ ਇਸ ਘਰ ਸੰਗੀਤ ਸਭਾ ਰਖ ਦਿਤੀ ।

ਸੁਪਤਨੀ ਸ. ਕਰਮਜੀਤ ਸਿੰਘ ਪ੍ਰੇਮ ਭਾਵਨਾ ਅਧੀਨ ਪਹਿਲਾਂ ਤਾਂ ਗੁਰੂ ਕੀ ਆਮਦ ਦੀ ਖ਼ੁਸ਼ੀ ਵਿਚ ਵਰਨੀ ਕਰਵਾ ਹਟੀ । ਭਾਵ ਇੱਕੀ ਮਾਲਾ ਫੇਰਨ ਜਿੰਨਾ ਭਜਨ ਕਰਨਾ-ਕਰਵਾਣਾ । ਫੇਰ ਦਰਸ਼ਨਾਂ ਦੀ ਇੰਤਜ਼ਾਰ ਕਰਨ ਲਗੀ ।

ਸ. ਕਰਮਜੀਤ ਸਿੰਘ ਦੀ ਸ਼ਿੰਗਾਰ ਵਿੱਲਾ ਆਪਣੇ ਪਹਿਲੇ ਮਾਲਿਕ ਦੀਆਂ ਯਾਦਗਾਰਾਂ ਨਾਲ ਅੱਟੀ ਪਈ ਸੀ : ਤਸਵੀਰਾਂ, ਫੋਟੋ, ਸ਼ੀਲਡਾਂ, ਸੋਭ-ਵਸਤੂਆਂ, ਪੁਰਾਣੇ ਤੋਂ ਪੁਰਾਣਾ ਫ਼ਰਨੀਚਰ, ਖ਼ਾਸ ਕਰ ਕੁਰਸੀਨਾਮਾ ਆਦਿ ।

ਜਿਉਂ ਹੀ ਸਤਿਗੁਰੂ ਜਗਜੀਤ ਸਿੰਘ ਜੀ 9.30 ਵਜੇ ਇਸ ਸ਼ਿੰਗਾਰ ਵਿੱਲਾ ਵਿਚ ਪਧਾਰੇ, .ਸ. ਕਰਮਜੀਤ ਸਿੰਘ, ਉਨ੍ਹਾਂ ਦੀ ਸੁਪਤਨੀ, ਪੁੱਤਰਾਂ ਅਤੇ ਪੁੱਤਰ ਵਹੁਆਂ ਨੇ ਸਤਿਗੁਰੂ ਜੀ ਦੇ ਗਲੇ ਫੁਲ ਹਾਰ ਪਹਿਨਾਅ, ਚਰਨੀਂ ਹੱਥ ਲਾ ਕੇ ਆਪਣੇ ਧੰਨਭਾਗ ਸਮਝੇ । ਸਤਿਗੁਰੂ ਜੀ ਛੇਤੀ ਹੀ, ਉਪਰ, ਸਾਨੂੰ ਦਰਸ਼ਨ ਦੇਣ ਆ ਗਏ ਜਿਥੇ ਅਸੀਂ ਮਹਾਰਾਜ ਬੀਰ ਸਿੰਘ ਜੀ ਦੇ ਜਹਾਜ਼ ਸਿਖਣ ਵੇਲੇ ਦੀਆਂ ਯਾਦਾਂ ਸੁਣ-ਵੇਖ ਰਹੇ ਸਾਂ : ਹੰਸਪਾਲ, ਗੁਰਚਰਨ ਸਿੰਘ, ਵਰਿਆਮ ਅਤੇ ਲੇਖਕ ।

ਠਾਕੁਰ ਦਲੀਪ ਸਿੰਘ ਹਾਲ ਵਿਚ ਕੈਮਰਾ ਲਟਕਾਈ ਬਹੁਤ ਸਾਰੇ ਕੀਮਤੀ ਪਲ ਸੰਭਾਲਨ ਦੀਆਂ ਕੋਸ਼ਿਸ਼ਾਂ ਵਿਚ ਲਗੇ ਰਹੇ ।

ਏਸੇ ਕੋਠੀ ਦੇ ਪਿਛਵਾੜੇ ਦੇ ਵਰਾਂਡਿਆਂ ਵਿਚ ਜਿੱਥੇ ਧੁੱਪ ਦਾ ਭਰਪੂਰ ਨਿੱਘ ਮਿਲ ਰਿਹਾ ਸੀ, ਸੰਗੀਤ ਸਭਾ ਸਜ ਗਈ । ਸਤਿਗੁਰੂ ਜੀ ਨੇ ਕੱਲ੍ਹ ਅਤੇ ਪਰਸੋਂ ਕੁਝ ਕਲਾਕਾਰਾਂ ਨੂੰ ਅੱਜ ਦੀ ਸਭਾ ਲਈ ਨਿਮੰਤ੍ਰਣ ਕੀਤਾ ਹੋਇਆ ਸੀ । ਹੌਲੀ ਹੌਲੀ ਸੌ ਕੁ ਜਣਾ ਏਥੇ ਆ ਜੁੜਿਆ । ਮਾਤਾ ਜੀ ਅਤੇ ਬੀਬਾ ਜੀ ਨਾਲ ਸੰਬੰਧਤ ਇਸਤਰੀ ਸਭਾ ਵੀ ਦਰਸ਼ਨ ਜੋਗੀ ਵਿਹਲ ਵੇਖ ਇਕ ਪਾਸੇ ਆਸਣ ਜਮਾ ਬੈਠਾ । ਘਰ ਵਾਲੀਆਂ ਬੀਬੀਆਂ ਵੀ ਆ ਬੈਠੀਆਂ ਅਤੇ ਕਲਾਕਾਰਾਂ ਵਿਚੋਂ ਸ੍ਰੀ ਚਤੁਰ ਭੁਜ, ਪੰ: ਰਾਮ ਨਾਰਾਇਣ ਸਤਿਗੁਰਾਂ ਦੇ ਚਰਨਾਂ ਤੇ ਨਮਸਕਾਰ ਕਰ, ਸਾਹਮਣੇ ਹੀ ਸਜ ਗਏ । ਪੰ: ਪ੍ਰੇਮ ਵਲਭ (ਤਬਲਾ), ਸਵਾਮੀ ਪਾਗਲ ਦਾਸ (ਪਖਾਵਜ ਵਾਦਕ), ਸ੍ਰੀ ਇੰਦਰ ਲਾਲ (ਸਾਰੰਗੀ), ਸ. ਮਹਿੰਦਰ ਸਿੰਘ ਹੁਮਰੀ, ਰਾਗੀ ਨਿਹਾਲ ਸਿੰਘ, ਸ੍ਰੀ ਗੁਰਦੇਵ ਸਿੰਘ ਸਰੋਦ, ਸ੍ਰੀ ਹਰਭਜਨ ਸਿੰਘ ਸਿਤਾਰ, ਆਦਿ ਮੁਖ ਪਾਤਾਂ ਵਿਚ ਬੈਠ ਗਏ । ਗਾਇਕ ਚੌਥੇ ਵੀ ਆਪਣੇ ਸਾਜ਼ਾਂ ਨਾਲ ਆ ਡਟੇ ।

ਸਭ ਤੋਂ ਪਹਿਲ ਅੱਜ ਸਤਿਗੁਰਾਂ ਨੇ ਲਈ । ਦਿਲਰੁਬਾ ਦੀ ਤਰਬਕਾਰੀ ਕਰਕੇ ਸਰੋਤਿਆਂ ਨੂੰ ਆਨੰਦਿਤ ਕੀਤਾ । ਫਿਰ ਬਲਜੀਤ ਹੁਰਾਂ ਨੇ "ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਨਹਾਰ । ਸਤਿਗੁਰ ਪੁਰਖ ਧਿਆਇ ਤੂ ਸਭਿ ਦੁਖ ਨਿਵਾਰਨ ਹਾਰ ।" ਗਾਇਆ । ਪੌਣੇ ਪੰਦਰਾਂ ਮਾਤਰਾਂ ਦੀ ਪਖਾਵਜ ਦਾ ਕਮਾਲ ਤਕ ਪੰ: ਰਾਮ ਨਾਰਾਇਣ ਬੋਲੇ : ਸਵਾ ਚੌਦਾਂ, ਸਾਢੇ ਚੌਦਾਂ ਆਦਿ ਬੜੀ ਮੁਸ਼ਕਲ ਕਾਰ ਹੈ । ਏਕ ਮਾਤਰਾ ਕੇ ਚੌਥੇ



Sri Satguru Jagjit Singh Ji Elibrary NamdhariElibrary@gmail.com

ਹਿੱਸੇ ਕੋ ਛੋੜ ਕਰ ਸਮ ਪੁਰ ਆਨਾ ਕਿਤਨਾ ਦੁਰਗਮ ! ਪ੍ਰੰਤੂ ਸਿਖਾ ਹੀ ਆਪ ਨੇ ਅਪਨੇ ਬੱਚੋਂ ਕੋ । ਸਤਿਗੁਰੂ ਜੀ ਵਿਨੰਮਰ ਹੋ ਆਖਿਆ : ਆਪ ਲੋਗੋਂ ਕੇ ਬੀਚ ਬੈਠਨੇ ਸੇ ਜੋ ਥੋੜ੍ਹਾ ਕੁਛ ਪ੍ਰਾਪਤ ਹੋਤਾ ਹੈ, ਵੁਹੀ ਆਪ ਕੇ ਆਸ਼ੀਰਵਾਦ ਕੇ ਲੀਏ ਪ੍ਰਸਤੁਤ ਕੀਆ ਹੈ ।

ਫਿਰ ਆਸਾਵਰੀ ਵਿਚ, "ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ । ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ।" ਅਤੇ "ਕਰੁਣਾ ਨਿਧਾਨ, ਬੇਦ ਕਹਤ ਬਖਿਆਨ ਜਾਕੀ" ਯਮਨ ਵਿਚ ਸੁਣਾਇਆ । ਇਹ ਸੰਗੀਤ ਸਭਾ ਘਰੋਗੀ ਸੀ । ਸਤਿਗੁਰੂ ਜੀ ਅਤੇ ਕਲਾਕਾਰਾਂ ਦੀ ਵਾਰਤਾਲਾਪ ਬੜੀ ਦਿਲਚਸਪ ਸੀ । ਸਤਿਗੁਰੂ ਜੀ ਦੇ ਸੰਗੀਤ ਗਿਆਨ ਦੀਆਂ ਬਾਰੀਕੀਆਂ ਦੀ ਪ੍ਰਸੰਸਾ ਅਤੇ ਬੱਚਿਆਂ ਦੀ ਮਿਹਨਤ ਦੀ ਹਰ ਕਲਾਕਾਰ ਦਾਦ ਦੇ ਰਿਹਾ ਸੀ ।

ਸਤਿਗੁਰੂ ਜੀ ਨੇ ਅਨੁਭਵ ਉੱਤੇ ਇਕ ਦੋਹਰਾ ਸੁਣਾਇਆ :

ਬੇਦ ਕਤੇਬੀ ਬਿੱਦਿਆ ਜਿਹ ਬੋਧਨ ਕੌ ਥੋਰ ।
ਅਨੁਭੋ ਪਾਰਸ ਕੀ ਕਣੀ ਜਾ ਮੈ ਕੋਟ ਸੁਮੇਰ ।

ਅਤੇ ਸਤਿਗੁਰੂ ਜੀ ਨੇ ਆਪ ਗਉਂ ਕੇ ਸੁਣਾਇਆ :

ਹਰਿ ਪਰਦੇਸ ਬਹੁਤ ਦਿਨ ਲਾਏ ।...

ਬੀਬਾ ਜੀ ਵੀ ਆਪਣੀਆਂ ਸਹੇਲੀਆਂ ਨਾਲ ਆ ਗਏ, ਅਤੇ ਆ ਕੇ ਮਾਤਾ ਜੀ ਦੇ ਮੋਢੇ ਨਾਲ ਲੱਗ ਕੇ ਪਿਆਰ ਭਰੀ ਮੁੱਦਰਾ ਵਿਚ ਬੈਠ ਇਕਚਿੱਤ ਹੋ ਸੁਣਦੇ ਰਹੇ । ਪਿੰਕੀ ਤੋਂ ਬਿਨਾ, ਸੇਠ ਕਸ਼ਮੀਰਾ ਸਿੰਘ ਜੀਵਨ ਨਗਰ ਦੇ ਸਪੁਤਰ ਸੁਖਦੇਵ ਸਿੰਘ ਸੁੱਖੀ ਨੇ ਵੀ ਭਾਈ ਨਿਹਾਲ ਸਿੰਘ ਤੋਂ ਸਿੱਖੇ ਤਬਲੇ ਦੇ ਬੋਲ 10 ਕੁ ਮਿੰਟ ਸੁਣਾਏ ।

ਸ੍ਰੀ ਚਤੁਰ ਭੁਜ ਰਾਠੌਰੀਏ ਨੂੰ ਫ਼ਰਮਾਇਸ਼ ਹੋ ਗਈ ਕਿ ਉਹ ਕੁਝ ਸੁਣਾਣ ਅਤੇ ਉਨ੍ਹਾਂ ਰਾਗ ਟੋਡੀ ਚੌਤਾਲ ਵਿਚ ਇਕ ਧਰੁਪਦ ਦੀ ਬੰਦਸ਼ ਸੁਣਾਈ ।

ਇਸ ਗੱਲਾਂ ਬਾਤਾਂ ਕਰਦਿਆਂ ਅਤੇ ਸੰਗੀਤ ਰਸ ਮਾਣਦਿਆਂ ਘੜੀ ਦੀਆਂ ਸੂਈਆਂ 12.45 ਤੇ ਆ ਗਈਆਂ । ਸਤਿਗੁਰੂ ਜੀ ਨੇ ਇਸ਼ਨਾਨ ਕਰ ਪ੍ਰਸ਼ਾਦਾ ਛਕਣਾ ਸੀ, ਸੁ ਸਭਾ ਸਮਾਪਤ ਹੋ ਗਈ ।

ਜਲ ਪਾਨ ਕਰਦਿਆਂ ਪੰ: ਰਾਮ ਨਾਰਾਇਣ ਜੀ ਨੇ ਆਪਣੇ ਨਾਮਧਾਰੀ ਸ਼ਾਗਿਰਦ ਸੁਰਜੀਤ ਸਿੰਘ, ਜੁ ਆਪ ਤੋਂ ਸਾਰੰਗੀ ਵਜਾਉਣੀ ਸਿਖ ਰਿਹਾ ਹੈ, ਦੀ ਪ੍ਰਸੰਸਾ ਕੀਤੀ । ਨਾਲ ਹੀ ਦੱਸਿਆ ਕਿ ਸਤਿਗੁਰਾਂ ਜਿਵੇਂ ਦੀ ਸਭਾ ਅੱਜ ਬੁਲਾਈ ਹੈ, ਅਜਿਹੀਆਂ ਘਰੋਗੀ ਮਹਿਫ਼ਲਾਂ ਬੜੀਆਂ ਲਾਭਪ੍ਰਦ ਹੁੰਦੀਆਂ ਹਨ ।

ਸਤਿਗੁਰੂ ਜੀ ਤਾਂ ਲੰਗਰ ਪਾਣੀ ਅਤੇ ਆਰਾਮ ਹਿਤ ਸ. ਹਰਭਜਨ ਸਿੰਘ ਠੇਕੇਦਾਰ ਦੇ ਘਰ, ਆਪਣੇ ਡੇਰੇ ਗਏ ਅਤੇ ਫਿਰ 3.30 ਤੋਂ 4.30 ਤਕ ਨਾਮਧਾਰੀ ਧਰਮਸਾਲਾ ਵਿਖੇ ਹੀ ਨਿਤਨੇਮ ਸਮੇਂ ਦਰਸ਼ਨ ਦਿਤੇ ।



Sri Satguru Jagjit Singh Ji Elibrary NamdhariElibrary@gmail.com

## ਰਵਿੰਦ੍ਰਾਲੇ

ਦੋਬਾਰਾ ਸਤਿਗੁਰਾਂ ਦੇ ਦਰਸ਼ਨ ਮੈਨੂੰ ਰਵਿੰਦ੍ਰਾਲੇ ਜਾਣ ਸਮੇਂ ਹੋਏ। ਆਪ ਜੀ ਨੇ ਮੈਨੂੰ ਵੀ ਆਪਣੀ ਕਾਰ ਵਿਚ ਬੈਠਾ ਲਿਆ। ਆਪ ਡਰਾਈਵਰ ਰਘੁਬੀਰ ਸਿੰਘ ਦੇ ਨਾਲ ਦੀ ਸੀਟ ਤੇ ਬੈਠੇ ਸਨ ਅਤੇ ਪਿਛੇ ਬੈਠੇ ਸਨ, ਸੰਤ ਗੁਰਦੇਵ ਸਿੰਘ ਡਾਲਟਨ ਗੰਜ, ਸੰਤ ਮਹਿੰਦਰ ਸਿੰਘ ਪੁਰਬਾ, ਸ: ਹਰਵਿੰਦਰ ਸਿੰਘ ਹੰਸਪਾਲ ਅਤੇ ਇਨ੍ਹਾਂ ਸਤਰਾਂ ਦਾ ਲੇਖਕ। 6.30 ਵਜੇ ਹਾਲ ਵਿਚ ਪਹੁੰਚ ਹੋਈ ਤਾਂ ਹਾਲ ਪਬਲਿਕ ਨਾਲ ਖਚਾਖਚ ਭਰਪੂਰ ਸੀ। ਸੰਗੀਤ ਪ੍ਰੇਮੀ ਅਜੇ ਵੀ ਆ ਰਹੇ ਸਨ। ਸ਼ਾਇਦ ਬਿਰਜੂ ਮਹਾਰਾਜ ਦੀ ਹੋਣ ਵਾਲੀ ਨ੍ਰਿਤ ਦਾ ਆਕਰਸ਼ਣ ਸੀ। ਹਾਲ ਦੀ ਕੈਪੇਸਿਟੀ ਤੋਂ ਸਰੋਤੇ ਚੋਖੇ ਵੱਧ ਸਨ।

## ਸ੍ਰੀ ਅਮਰ ਨਾਥ

ਸਤਿਗੁਰੂ ਜੀ ਪਾਸੋਂ ਹਾਰ ਪਹਿਨਾਅ ਸ੍ਰੀ ਅਮਰ ਨਾਥ ਗਾਇਕ ਮੰਚ ਉੱਤੇ ਉਪਸਥਿਤ ਹੋਏ। ਉੱਚਾ ਲੰਮਾ ਕੱਦ, ਦਰਮਿਆਨੀ ਉਮਰ, ਕਰੜ ਬਰੜੇ ਕੱਤੇ, ਟਸਰੀ ਕੁਰਤਾ, ਤੇਲੀਆ ਕਮੀਜ਼ ਕੱਟੀ। ਸਾਡੇ ਬਲਜੀਤ-ਮੋਹਨ ਤਾਨਪੂਰੇ ਛੇੜਨ ਲਗੇ। ਇੰਦਰ ਲਾਲ ਜੀ ਸਾਰੰਗੀ ਅਤੇ ਪ੍ਰੇਮ ਵਲਭ ਜੀ ਤਬਲੇ ਤੇ ਡਟ ਗਏ। ਆਲਾਪ ਤੋਂ ਪਿਛੋਂ ਖ਼ਿਆਲ ਸ਼ੁਰੂ ਹੋਇਆ। ਪ੍ਰਭੂ ਗਾਇਨ ਜੰਮ ਨਹੀਂ ਸਕਿਆ! ਪਰ ਜਦੋਂ ਹਿੰਡੋਲ ਵਿਚ ਗੀਤਿਆ, 'ਸੁਰਜਨ ਮਤਵਾਰੇ' ਤਾਂ ਸੁਰਜਨ ਤਾਂ ਸਾਰੇ ਹੀ ਮਤਵਾਲੇ ਲਗਦੇ ਸਨ।

8.10 ਵਜੇ ਬੜੀ ਸੁੰਦਰ ਹਿੰਦੀ ਵਿਚ ਮੰਚ ਸਕੱਤਰ ਸ੍ਰੀ ਕੁਲਾਟੀ ਨੇ ਨਾਮਧਾਰੀ ਭਰਾਵਿਆਂ ਨੂੰ ਬਿਨੈ ਕਰ ਦਿਤੀ ਕਿ ਉਹ ਕੁਰਸੀਆਂ ਦੂਜੇ ਸੱਜਣਾਂ ਲਈ ਖ਼ਾਲੀ ਕਰ ਦੇਣ। ਪ੍ਰਤਿਸ਼ਠਤ ਸੱਜਣ ਕੁਰਸੀਆਂ ਤੇ ਬੈਠਾਏ। ਨਾਮਧਾਰੀ ਸਿੰਘਾਂ ਫ਼ਰਸ਼ ਤੇ ਹੀ ਡੇਰੇ ਲਾਏ। ਸਟੇਜ ਤੇ ਦੋਹੀਂ ਪਾਸੀਂ ਦਰਸ਼ਕ ਬੈਠੇ ਸਨ।

ਕੈਸਟ ਇੰਗੀਚ ਤੋਂ ਬਾਹਰ ਦੇ ਖਿਡਾਰੀ ਵੀ ਆਉਣ ਵਾਲੇ ਸਨ ਪਰ ਸੂਚਨਾ ਆ ਗਈ ਕਿ ਜਗਹ ਦੀ ਤੰਗੀ ਕਰ ਕੇ ਉਹ ਨਹੀਂ ਆ ਰਹੇ।

## ਸ੍ਰੀ ਗੁਰਦੇਵ ਸਿੰਘ ਸਰੋਦ

ਏਨੀ ਭਰਪੂਰ ਹਾਜ਼ਰੀ ਵਿਚ, 8.15 ਰਾਤੀਂ, ਇਸ ਸਮੇਲਨ ਦੇ ਮੁਖ ਜਥੇਬੰਦਕ ਸ੍ਰੀ ਗੁਰਦੇਵ ਸਿੰਘ ਨੂੰ ਸਰੋਦ ਵਜਾਣ ਦਾ ਅਵਸਰ ਮਿਲਿਆ। ਉਸਤਾਦ ਅਮਜਦ ਅਲੀ ਦੇ ਇਸ ਚਹੇਤੇ ਸ਼ਿਸ਼ ਨੇ ਸਤਿਗੁਰੂ ਜੀ ਤੋਂ ਆਸ਼ੀਰਵਾਦ ਪ੍ਰਾਪਤ ਕਰ, ਗਲੇ ਫੁੱਲ ਹਾਰ ਪਵਾ, ਤਬਲਾ ਵਾਦਕ ਸਾਬਿਰ ਖ਼ਾਂ ਨਾਲ ਆ ਮੰਚ ਮੱਲਿਆ। ਦੋਵੇਂ ਨੌਜਵਾਨ। ਗੁਰਦੇਵ ਸਿੰਘ ਨਾਮਧਾਰੀ ਪਹਿਰਾਵੇ ਵਿਚ ਬੜਾ ਸਜ ਰਿਹਾ ਸੀ। ਉਂ ਵੀ ਖ਼ੂਬਸੂਰਤੀ ਉਸ ਤੋਂ ਬਲਿਹਾਰ ਜਾ ਰਹੀ ਸੀ। ਗੁਰਦੇਵ ਸਿੰਘ ਨੇ ਥੋੜ੍ਹਾ ਜਿਹਾ ਆਲਾਪ ਕਰ ਕੇ ਰਾਗ ਜੋਗ ਵਿਚ ਛੇਤੀ ਹੀ ਤਬਲਾ ਵਾਦਕ ਸਾਬਿਰ ਖ਼ਾਂ ਨਾਲ ਲਤੰਤ ਬਿਤੰਤ ਜਾਰੀ ਕਰ ਦਿਤੀ। ਪਹਿਲਾ ਅੱਧ ਉਹਦਾ ਨਰਵਸਨੈੱਸ ਅਧੀਨ ਸੀ, ਦੂਜਾ ਅੱਧ

ਵਿਸ਼ਵਾਸ ਯੁਕਤ ਅਤੇ ਸੁੰਦਰ ਢੰਗ ਰਿਹਾ। ਤਾਲੀਆਂ ਉਸ ਨੂੰ ਵਾਰ ਵਾਰ ਮਿਲੀਆਂ। ਸਾਬਿਰ ਖ਼ਾਂ ਦੀ ਅਦਾਇਗੀ ਵੀ ਚਮਕਦਾਰ ਸੀ।

## ਉਸਤਾਦ ਸਲਾਮਤ ਅਲੀ

ਮਧਿਆਂਤਰ ਦੀ ਵਿਹਲ ਪਿਛੋਂ 9.30 ਵਜੇ ਮੰਚ ਮੁਖੀ ਨੇ ਇਕ ਕੈਸੇਟ ਚਾਲੂ ਕਰਵਾ ਦਿਤੀ। ਇਹ ਪ੍ਰਸਿੱਧ ਪਾਕਿਸਤਾਨੀ ਗਾਇਕ ਉਸਤਾਦ ਸਲਾਮਤ ਅਲੀ ਦੇ ਬੋਲ ਸਨ। (ਅਫ਼ਸੋਸ ਕਿ ਮੈਨੂੰ ਉਹ ਕੈਸੇਟ ਉਪਲਬਧ ਨਹੀਂ ਹੋ ਸਕੀ—ਲੇਖਕ)

... ... ...

ਇਹ ਸ਼ਬਦ ਉਸਤਾਦ ਸਲਾਮਤ ਅਲੀ ਨੇ ਇੰਗਲੈਂਡ ਦੀ ਇਕ ਸੰਗੀਤ ਕਨਸਰਟ ਵਿਚ ਆਖੇ ਸਨ। ਇਹਨਾਂ ਤੋਂ ਉਸਤਾਦ ਦੀ ਸਤਿਗੁਰੂ ਪ੍ਰਤਾਪ ਸਿੰਘ ਜੀ ਪ੍ਰਤੀ ਭਾਵਨਾ ਦਾ ਪਤਾ ਲਗਦਾ ਸੀ।

ਸਾਡੇ ਪ੍ਰਬੰਧਕਾਂ ਵਲੋਂ ਜਤਨ ਕੀਤਾ ਗਿਆ ਸੀ ਕਿ ਸਲਾਮਤ ਅਲੀ ਜੀ ਵੀ ਇਸ ਸਮੇਲਨ ਨੂੰ ਸ਼ੋਭਾ ਬਖ਼ਸ਼ਣ ਪ੍ਰੰਤੂ ਵੀਜ਼ਾ ਨਾ ਮਿਲ ਸਕਣ ਕਰ ਕੇ ਉਹ ਆਪਣੀ ਆਮਦ ਨਾਲ ਭਾਗ ਨਹੀਂ ਲਾ ਸਕੇ। ਪਰ ਉਸਤਾਦ ਦੇ ਬਚਨ ਦੀ ਟੇਪ ਨੂੰ ਵੀ ਸਰੋਤਿਆਂ ਇਕਾਗਰ ਹੋ ਕੇ ਸੁਣਿਆ।

## ਪੰ: ਬਿਰਜੂ ਮਹਾਰਾਜ

ਟੇਪ ਸੁਣਾਨ ਦੇ ਦੌਰਾਨ, ਸਟੇਜ ਤੇ ਪੇਰਦਾ ਗਿਰਾ ਕੇ, ਸਾਰੇ ਸਟੇਜ ਦੀ ਪਹਿਲੀ ਬਣਤਰ ਨੂੰ ਬਦਲ ਦਿਤਾ ਗਿਆ। ਫ਼ਰਸ਼ ਦੀ ਵਿਛਾਈ ਉਠਾ ਲਈ। ਸ੍ਰੀ ਸਤਿਗੁਰੂ ਜੀ ਵਾਸਤੇ ਇਕ ਪਾਸੇ ਜਗਹ ਬਣਾ ਦਿਤੀ। ਹੋਰ ਸਰੋਤੇ ਵੀ ਏਧਰੇ ਇਕੱਠੇ ਹੋ ਗਏ। ਦੂਜੇ ਪਾਸੇ ਪੰ: ਬਿਰਜੂ ਦੇ ਸਾਜ਼ਿੰਦੇ ਆ ਬੈਠੇ। ਤਿਆਰੀ ਕਰਦਿਆਂ ਹੀ 9.40 ਹੋ ਗਏ।

ਜਿਉਂ ਹੀ ਸਾਜ਼ਿੰਦਿਆਂ ਨੇ ਨਗ਼ਮਾ ਵਜਾਣਾ ਆਰੰਭ ਕੀਤਾ, ਵਾਤਾਵਰਣ ਵਿਚ ਖ਼ਾਮੋਸ਼ੀ ਛਾ ਗਈ ਅਤੇ ਰਸ ਗੰਗਾ ਵਹਿ ਤੁਰੀ। ਬਿਰਜੂ ਮਹਾਰਾਜ ਦੇ ਆਗਮਨ ਤੋਂ ਪਹਿਲਾਂ ਸਾਜ਼ਿੰਦਿਆਂ ਦਾ ਵਿਵਰਣ ਵੀ ਦੇ ਲਈਏ : ਸੰਸਾਰ ਪ੍ਰਸਿੱਧ ਤਬਲਾ ਵਾਦਕ, ਪੰ: ਕਿਸ਼ਨ ਮਹਾਰਾਜ, ਬਹੁਤ ਸੁਰਵਾਂ ਅਤੇ ਮਿੱਠਾ ਗਾਉਣ ਵਾਲੇ ਸ੍ਰੀ ਹਰੀ ਸ਼ੰਕਰ ਰਾਇ, ਪਖਾਵਜ ਵਾਦਕ ਸ੍ਰੀ ਰਾਮ ਲਖਨ ਯਾਦਵ, ਸਿਤਾਰ ਵਾਦਕ ਸ੍ਰੀ ਗੋਪਾਲ ਚਕ੍ਰਵਰਤੀ ਅਤੇ ਸਾਰੰਗੀ ਵਾਦਕ ਸ੍ਰੀ ਜੈ ਨਾਰਾਇਣ ਮਿਸ਼ਰ।

ਨਗ਼ਮੇ ਦੀ ਧੁਨ ਚਲਦਿਆਂ ਪੰ: ਕਿਸ਼ਨ ਮਹਾਰਾਜ ਜੀ ਨੇ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਤਬਲੇ ਤੇ ਥਾਪਾਂ ਲਗਾਣੀਆਂ ਅਤੇ ਉਂਗਲੀਆਂ ਨਚਾਉਣੀਆਂ ਸ਼ੁਰੂ ਕੀਤੀਆਂ। ਅਤੇ ਅਜਿਹੇ ਵਿਚ, ਕਿਸ਼ਨ ਮਹਾਰਾਜ ਬਣੇ ਬਿਰਜੂ, ਪਰਦੇ ਉਹਲਿਓਂ ਠੁਮਕ ਠੁਮਕ ਕਰਦੇ ਆ ਪਰਗਟ ਹੋਏ। ਦਰਮਿਆਨਾ ਕੱਦ ਕਾਠ, ਮੋਟੀਆਂ ਸੁਰਮਈਲੀਆਂ ਅੱਖਾਂ, ਗਲੇ ਗਾਨੀ, ਪੀਲਾ ਚੋਲਾ, ਪਟਕਾ ਤਿੱਲੇਦਾਰ ਗੋਟਾ ਕੈਂਠਾ

Sri Satguru Jagjit Singh Ji Elibrary NamdhariElibrary@gmail.com

ਰੰਗ ਦਾ, ਹਰਾ ਪਜਾਮਾ, ਗਿੱਟਿਆਂ ਤੋਂ ਉਪਰ ਤਕ ਬੱਧੇ ਘੁੰਘਰੂ । ਮੰਗਲਾਚਰਨ ਰੂਪੀ ਨਮਸਕਾਰ ਅਤੇ ਫਿਰ ਨਿਰਤ ਤੇ ਭਾਵ ਪ੍ਰਦਰਸ਼ਨ ਕਰਦਿਆਂ ਵੱਖ ਵੱਖ ਮੁਦ੍ਰਾਵਾਂ ਰੂਪਾਂਤ੍ਰਿਤ ਕੀਤੀਆਂ ਜੁ ਦਰਸ਼ਕਾਂ ਨੂੰ ਮੋਹੀ ਚਲੀਆਂ ਗਈਆਂ । ਲੈਅ-ਤਾਲ-ਸੁਰ ਅਤੇ ਨ੍ਰਿਤ, ਇਕ ਅਨੂਠਾ ਸਾਮੰਜਸ !

ਕਿਸ਼ਨ ਤੇ ਬਿਰਜੂ ਦੀ ਜੋੜੀ ਬੜੀ ਮੂਡ ਵਿਚ ਸੀ । ਅਨੇਕਾਂ ਪਰਨਾਂ, ਗਤਾਂ ਅਤੇ ਗਿਣਤੀਆਂ ਬੜੇ ਰੰਗ ਵਿਚ ਵਜਾਈਆਂ ਤੇ ਫਿਰ ਨੱਚੀਆਂ ਗਈਆਂ । ਹਰੀ ਸ਼ੰਕਰ ਦੇ ਸੁਰੀਲੇ ਤੇ ਭਾਰੀ ਸੁਰ ਵਿੱਚੋਂ ਕੰਠ ਨੇ ਜਦੋਂ ਕਿਹਾ, 'ਊਧੋ ਮੋਹਿ ਬ੍ਰਿਜ ਬਿਸਰਤ ਨਾਹੀਂ' ਤਦ ਕ੍ਰਿਸ਼ਨ ਰੂਪ ਬਿਰਜੂ ਮਹਾਰਾਜ ਸ਼ਬਦਾਂ ਨੂੰ ਆਪਣੇ ਹਾਵ ਭਾਵ ਨਾਲ ਦਰਸਾਂਦਾ ਮਨ-ਮਸਤਕ ਨੂੰ ਇਕ ਅਚਰਜ ਅਨੁਭਵ ਨਾਲ ਲਬਰੇਜ਼ ਕਰ ਜਾਂਦਾ । ਚੰਚਲਤਾ, ਚਪਲਤਾ, ਉਦਾਸੀਆਂ, ਉਬਾਸੀਆਂ, ਜਗਿਆਸਾ, ਪ੍ਰਬੀਨਤਾ, ਰੁਸੇਵੇਂ, ਮਨੇਵੇਂ ਕੀ ਕੁਝ ਸੀ ਜੁ ਬਿਰਜੂ ਮਹਾਰਾਜ ਨੇ ਪਲ ਪਲ ਵਿਚ ਆਪਣੇ ਸਰੀਰੋਂ ਨਹੀਂ ਪੈਦਾ ਕੀਤਾ । ਹਜ਼ਾਰਾਂ ਅੱਖਾਂ ਬਿਰਜੂ ਦੇ ਕਦਮਾਂ ਨਾਲ ਥਿਰਕਦੀਆਂ ਅਤੇ ਮੁਖ ਮੁੱਦਰਾ ਨਾਲ ਰੋਂਦੀਆਂ ਹੱਸਦੀਆਂ । ਮਨੁਖਾ ਬੁੱਧੀ ਅਤੇ ਮਿਹਨਤ ਦਾ ਚਮਤਕਾਰ, ਦਵਾਪਰ ਜੁਗ ਰਵਿੰਦ੍ਰਾਲੇ ਵਿਚ ਰੂਪਮਾਨ ਹੋਇਆ ਪਿਆ ਸੀ । ਸਰੋਤੇ ਕਿਥੇ ਸਨ, ਇਹ ਤਾਂ ਸਭ ਗੋਪ-ਗੁਆਲ ਸਨ ।

ਏਨਾ ਹੀ ਕਾਫ਼ੀ ਹੈ ਕਿ ਰਾਤ ਦੇ 12.10 ਦੇ ਬਾਅਦ ਹੀ ਇਸ ਆਨੰਦਦਾਇਕ ਸਭਾ ਦੀ ਸਮਾਪਤੀ ਹੋਈ । ਪੰ: ਬਿਰਜੂ ਮਹਾਰਾਜ ਨੇ ਮੁੱਢ ਵਿਚ ਹੀ ਸਤਿਗੁਰੂ ਜੀ ਪ੍ਰਤੀ ਕ੍ਰਿਤੱਗਿਅਤਾ ਭੇਂਟ ਕੀਤੀ ਜਿਨ੍ਹਾਂ ਕਿਰਪਾ ਕਰ ਕੇ ਉਸ ਦੇ ਜਨਮ ਨਗਰ, ਲਖਨਊ ਵਿਚ, ਇਸ ਵਾਰ ਦਾ ਸੰਗੀਤ ਸਮੇਲਨ ਕੀਤਾ ।

## ਛੇਵਾਂ ਸੰਗੀਤ ਸਮੇਲਨ
## 6 ਫ਼ਰਵਰੀ 1979, ਮੰਗਲਵਾਰ
## ਲਖਨਊ (ਯੂ. ਪੀ.)

### ਨਾਮਧਾਰੀ ਧਰਮਸਾਲਾ

ਨਿੱਤ ਵਾਂਗ ਆਸਾ ਦੀ ਵਾਰ ਦਾ ਕੀਰਤਨ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਲਖਨਊ ਦੀ ਨਾਮਧਾਰੀ ਧਰਮਸਾਲਾ ਵਿਚ ਹੋਇਆ । ਅੱਜ ਕਲ੍ਹ ਇਸ ਧਰਮਸਾਲਾ ਵਿਚ ਕਾਫ਼ੀ ਰੌਣਕਾਂ ਸਨ । ਬਹੁਤ ਸਾਰੇ ਸਰੀਰ ਏਥੇ ਰਾਤ ਰਹਿੰਦੇ ਅਤੇ ਲੰਗਰ ਛਕਦੇ ਸਨ । ਇਹ ਧਰਮਸਾਲਾ ਦੁਆਬੇ ਜ਼ਿਲ੍ਹਾ ਜਲੰਧਰ ਦੇ ਪਿੰਡ ਚੱਕ ਅੰਨ੍ਹਿਆਂ (ਚੱਕ ਦੇਸ ਰਾਜ, ਜ਼ਿਲ੍ਹਾ ਜਲੰਧਰ) ਦੇ ਇਕ ਵਸੇ ਵਧੀਆ ਮਨੁੱਖ ਸੂਰੀ ਵਾਲੇ ਸੰਤ ਹਜ਼ੂਰਾ ਸਿੰਘ ਜੀ ਦੀ ਪ੍ਰੇਰਣਾ ਅਤੇ ਸ. ਬਹਾਦਰ ਸ. ਸ਼ਿੰਗਾਰਾ ਸਿੰਘ ਗਵਰਨਮੈਂਟ ਕੰਟਰੈਕਟਰ ਦੇ ਉੱਦਮ ਅਤੇ ਖ਼ਰਚੇ ਨਾਲ ਵਜੂਦ ਵਿਚ ਆਈ ਸੀ । ਕਦੇ ਇਹ ਯੂ. ਪੀ. ਦੇ ਨਾਮਧਾਰੀਆਂ ਦੀਆਂ ਸਰਗਰਮੀਆਂ ਦਾ ਕੇਂਦਰ ਸੀ । ਸਟੇਸ਼ਨ ਦੇ ਨਜ਼ਦੀਕ, ਪਰ ਭੀੜੀਆਂ ਗਲੀਆਂ ਵਿਚ ਸਥਿਤ, ਵਿਸ਼ਾਲ ਧਰਮਸਾਲਾ ਨੂੰ ਸਤਿਗੁਰੂ ਜੀ



Sri Satguru Jagjit Singh Ji Elibrary NamdhariElibrary@gmail.com

ਕਿਤੇ ਬਾਹਰ ਖੁੱਲ੍ਹੇ ਆਲੇ ਦੁਆਲੇ ਵਿਚ ਲੈ ਜਾਣਾ ਚਾਹੁੰਦੇ ਹਨ। ਸੰਭਵ ਹੈ ਏਥੇ ਰਹਿੰਦਿਆਂ ਕੁਝ ਫੈਸਲਾ ਹੋ ਜਾਏ। ਸ. ਕਰਮਜੀਤ ਸਿੰਘ ਅਤੇ ਸ. ਹਰਭਜਨ ਸਿੰਘ ਹੁਰਾਂ ਨੂੰ ਕਹਿ ਦਿਤਾ ਗਿਆ ਹੈ ਕਿ ਉਹ ਬਾਹਰ, ਸ਼ਿਕਾਰ ਨਗਰ ਵਲ ਕਿਤੇ ਖੁਲ੍ਹੀ ਜਗਹ ਤਲਾਸ਼ਣ।

## ਖ਼ਰਚ ਦਾ ਅੰਦਾਜ਼ਾ

ਯੂ. ਪੀ. ਦੇ ਨਾਮਧਾਰੀਆਂ ਦਾ ਗੌਰਵ ਸ. ਹਰਭਜਨ ਸਿੰਘ ਠੇਕੇਦਾਰ ਮਿਲੇ ਤਾਂ ਮੈਂ ਖ਼ਰਚੇ ਦਾ ਅੰਦਾਜ਼ਾ ਪੁੱਛਿਆ। ਏਨੇ ਸਾਰੇ ਲੋਕ ਪੰਜਾਬੋਂ ਆਏ, ਏਨੇ ਕਲਾਕਾਰ, ਸੰਗੀਤ ਸਭਾ ਵਾਲੇ ਹਾਲ ਦਾ ਕਰਾਇਆ ਆਦਿ ਬਾਰੇ ਸੋਚ, ਖ਼ਰਚੇ ਦੀ ਅਪਰੰਪਾਰਤਾ ਦੀ ਸੰਭਾਵਨਾ ਸੀ। ਸ. ਹਰਭਜਨ ਸਿੰਘ ਹੁਰਾਂ ਮੇਰੀ ਜਗਿਆਸਾ ਅਤੇ ਕੌਤੂਹਲ ਵੇਖ ਦੱਸਿਆ: ਸਵਾ ਕੁ ਜਾਂ ਢਾਈ ਲੱਖ ਰੁਪੈ ਦੇ ਖ਼ਰਚ ਹੋਣ ਦੀ ਸੰਭਾਵਨਾ ਹੈ। ਇਕ ਲੱਖ ਰੁਪਿਆ ਤਾਂ ਕਲਾਕਾਰਾਂ ਨੂੰ ਦੇਣ ਤੇ ਹੀ ਖ਼ਰਚ ਹੋ ਜਾਵੇਗਾ। ਮੈਂ ਪੁੱਛਿਆ: ਤੁਸੀਂ ਤਾਂ ਇਕ ਲੱਖ ਰੁਪਏ ਦੇ ਅੰਦਾਜ਼ੇ ਨਾਲ ਤੁਰੇ ਸੀ, ਹੁਣ ਦੁੱਗਣੇ ਤੋਂ ਵੱਧ ਖ਼ਰਚ ਹੋਣ ਨਾਲ ਮਹਿਸੂਸ ਤਾਂ ਨਹੀਂ ਹੁੰਦਾ? ਉਹਨਾਂ ਦੱਸਿਆ: ਐਸਾ ਨਹੀਂ। ਲੱਖ ਰੁਪਿਆ ਤਾਂ ਪਹਿਲਾਂ ਹੀ ਸੂਬਾ ਜੀ ਹਰਬੰਸ ਸਿੰਘ ਹੁਰਾਂ ਪਾਸ ਡੀਪਾਜ਼ਿਟ ਕਰਾ ਦਿਤਾ ਸੀ ਅਤੇ ਜਿਵੇਂ ਸਾਡੇ ਠੇਕੇਦਾਰੀ ਵਿਚ ਅਨੁਮਾਨਤ ਖ਼ਰਚਿਆਂ ਤੋਂ ਦੁੱਗਣੇ ਕਰਨੇ ਪੈਂਦੇ ਹਨ, ਇੰਜ ਮਨ ਵਿਚ ਹੀ ਸੀ ਕਿ ਖ਼ਰਚੇ ਦੁੱਗਣੇ ਹੋ ਸਕਦੇ ਹਨ। ਸੁ ਇਸ ਖ਼ਰਚ ਲਈ ਮੈਂ ਤਿਆਰ ਹੀ ਸਾਂ। ਹਰਭਜਨ ਸਿੰਘ ਜੀ ਨੇ ਮੇਲੇ ਤੇ ਸਮੇਲਨ ਦੀ ਨਮਾਕਾਰ ਲਈ ਵੀ ਰੱਖੀ ਧਨ ਰਾਸ਼ੀ ਦੱਸੀ।

ਮੰਝਲੇ ਕੱਦ ਦੇ ਇਸ ਸਾਊ ਨਾਮਧਾਰੀ ਤੋਂ ਸਦਕੇ ਜਾਣ ਨੂੰ ਜੀਅ ਕਰਦਾ ਹੈ, ਜਿਸ ਨੂੰ ਆਪਣੀ ਕਿਸੇ ਕਰਨੀ ਦਾ ਮਾਣ ਨਹੀਂ ਅਤੇ ਨਾ ਹੀ ਸਤਿਗੁਰੂ ਜੀ ਦੇ ਨੇੜੇ ਹੋ-ਹੋ ਬੈਠਣ ਦੀ ਲਾਲਸਾ ਹੈ। ਤਸਵੀਰ ਵੀ ਕਿਸੇ ਫ਼ੋਟੋਗ੍ਰਾਫ਼ਰ ਨੇ ਲਾਹ ਲਈ ਹੋਵੇ ਤਾਂ ਬੇਸ਼ਕ ਪਰ ਇਸ ਦਾ ਆਪਣਾ ਮਨ ਫ਼ੋਟੋ ਖਿਚਵਾਣ ਲਈ ਉਤਾਵਲਾ ਨਹੀਂ ਹੁੰਦਾ।

ਗੁਰਦੇਵ ਸਿੰਘ ਸਰੋਦ ਨੇ ਇਕ ਅਤਿਅੰਤ ਪੇਚੀਦਾ ਗੱਲ ਦੱਸੀ: ਸ੍ਰੀ ਸਤਿਗੁਰੂ ਜੀ ਦੀ ਕਿਰਪਾ ਅਤੇ ਉਦਾਰਤਾ ਦੇ ਕੀ ਲੇਖੇ! ਮੇਰੇ ਉਸਤਾਦ ਅਮਜਦ ਅਲੀ ਖ਼ਾਂ ਸਾਹਿਬ ਦੀ ਕਿਸੇ ਸੰਗੀਤ ਕਾਨਫ਼ਰੰਸ ਵਿਚ ਇਕ ਬੈਠਕ (ਅਰਥਾਤ ਸਰੋਦ ਵਜਾਣ) ਦੇ 10,000/- ਫ਼ੀਸ ਹੁੰਦੀ ਹੈ। ਏਥੇ ਦੀਨ ਦਿਆਲ ਜੀ ਨੇ ਇਸ ਤੋਂ ਇਲਾਵਾ 12,000/- ਦਿਵਾਏ ਹਨ। ਅਰਥਾਤ ਪੂਰੇ 22,000/- ਸਤਿਗੁਰੂ ਜੀ ਦੀ ਇਸ ਬੇਪਰਵਾਹ ਉਦਾਰਤਾ ਤੋਂ ਸਦਕੇ ਵੀ ਜਾ ਰਿਹਾ ਸੀ ਅਤੇ ਇਹਦੇ ਅਰਥ ਵੀ ਕੱਢ ਰਿਹਾ ਸੀ, ਮੇਰੇ ਲਈ ਤਾਂ ਸਤਿਗੁਰੂ ਵੀ ਧੰਨ ਹਨ ਅਤੇ ਉਹ ਸਿੱਖ ਵੀ ਧੰਨ ਹੈ ਜਿਸ ਨੇ ਆਪਣੇ ਕੋਲ ਪਈ ਰਕਮ ਨੂੰ ਗੁਰੂ ਦਾ ਖ਼ਜ਼ਾਨਾ ਸਮਝਿਆ ਹੈ।

## ਘਰੋ ਘਰੀ

ਏਥੇ ਵੇਖਿਆ ਹੈ ਕਿ ਜਿੰਨੇ ਵੀ ਘਰ ਚੰਦਰ ਨਗਰ ਵਿਚ ਨਾਮਧਾਰੀਆਂ ਦੇ ਹਨ,



Sri Satguru Jagjit Singh Ji Elibrary NamdhariElibrary@gmail.com

ਸਭਨਾਂ ਨੂੰ ਪਰਾਹੁਣਚਾਰੀ ਦੀ ਸੇਵਾ ਪ੍ਰਾਪਤ ਹੈ। ਸ. ਜੰਗ ਸਿੰਘ-ਬਿਅੰਤ ਕੌਰ ਦੇ ਘਰ ਵੀ ਗੁਰੂ ਸਪੁੱਤਰੀ ਬੀਬਾ ਜੀ ਦਾ ਡੇਰਾ ਹੋਣ ਕਰ ਕੇ 20-25 ਸਰੀਰਾਂ ਦਾ ਖਾਣ-ਪੀਣ ਅਤੇ ਸੁਖ-ਸੁਵਿਧਾ ਮੁਹੱਈਆ ਰਹੀ ਹੈ। ਬੀਬੀ ਬਿਅੰਤ ਕੌਰ ਸਪੁੱਤਰੀ ਸੰਤ ਬਲਵੰਤ ਸਿੰਘ ਡਾਲਟਨ ਗੰਜ ਪੇਕੇ ਪਰਵਾਰ ਦੀਆਂ ਸੇਵਾ ਮੁਖੀ ਆਦਤਾਂ ਕਰ ਕੇ, ਇਸ ਘਰੋਂ ਵੀ ਮਿਲਦੇ ਭਰਪੂਰ ਸਹਿਯੋਗ ਸਦਕਾ ਪੂਰੇ ਤਨ ਮਨ ਨਾਲ ਅਤੇ ਹੱਸ ਹੱਸ ਕੇ ਸੇਵਾ ਵਿਚ ਦਿਲਚਸਪੀ ਲੈਂਦੀ ਹੈ।

ਏਸੇ ਤਰ੍ਹਾਂ ਯੂ. ਪੀ. ਦੇ ਸੂਬਾ ਸੰਤ ਹਰਬੰਸ ਸਿੰਘ ਵੰਜੀ ਜੀ ਦੇ ਘਰ ਅਨੇਕਾਂ ਸਰੀਰਾਂ ਦੀ ਰਿਹਾਇਸ਼ ਹੈ ਅਤੇ ਇਹ ਪਰਵਾਰ ਵੀ ਸਾਧ ਸੰਗਤ ਦੀਆਂ ਤਮਾਮ ਜ਼ਰੂਰਤਾਂ ਪੂਰੀਆਂ ਕਰ ਰਿਹਾ ਹੈ।

ਸ. ਹਰਭਜਨ ਸਿੰਘ ਦਾ ਘਰ ਤਾਂ ਹੈ ਹੀ ਮੇਲੇ ਵਾਲਾ। ਸਾਰੇ ਭਰਾ-ਭਤੀਜੇ, ਭੈਣਾਂ, ਭਰਜਾਈਆਂ ਸਦਕੇ ਹੋ ਹੋ ਸਾਧ ਸੰਗਤ ਦੀ ਸੇਵਾ ਕਰ ਰਹੀਆਂ ਹਨ। ਸ੍ਰੀ ਸਤਿਗੁਰੂ ਜੀ ਅਤੇ ਹੋਰ ਜ਼ਿੰਮੇਵਾਰਾਂ ਦਾ ਡੇਰਾ ਏਥੇ ਹੀ ਹੈ। ਲੰਗਰ ਆਦਿ ਵੀ ਸਾਰੀ ਸੰਗਤ ਲਈ ਤਿਆਰ ਹੁੰਦਾ ਅਤੇ ਜਾਰੀ ਰਹਿੰਦਾ ਹੈ।

## ਸ. ਚਰਮਜੀਤ ਸਿੰਘ ਜੀ ਦੀ ਫ਼ੈਕਟਰੀ ਵਲ

ਮੈਂ ਅੱਜ 9.30 ਵਜੇ ਹੀ ਗੁਰੂ ਕੇ ਦਰਸ਼ਨਾਂ ਦਾ ਲਾਭ ਲੈ ਸਕਿਆ, ਜਦੋਂ ਆਪ ਸ. ਚਰਮਜੀਤ ਸਿੰਘ ਦੀ ਅਰਜ਼ ਤੇ ਉਨ੍ਹਾਂ ਦੀ ਫ਼ੈਕਟਰੀ ਵਿਚ ਚਰਨ ਪਾਉਣ ਜਾ ਰਹੇ ਸਨ। ਆਪ ਜੀ ਦੀ ਸੇਵਾ ਵਿਚ, ਠੇਕੇਦਾਰ ਹਰਭਜਨ ਸਿੰਘ, ਸੰਤ ਮਹਿੰਦਰ ਸਿੰਘ ਪ੍ਰਚਾਰਕ ਅਤੇ ਪ੍ਰੀਤਮ ਸਿੰਘ ਵਰਗੇ ਹੀ ਸਨ।

ਕਾਰ ਵਿਚ ਜਦੋਂ ਮੈਂ ਗੁਰਦੇਵ ਸਿੰਘ, ਸੁਰਜੀਤ ਸਿੰਘ ਪੱਪੂ ਤੇ ਸਰਿੰਦਰ ਸਿੰਘ ਪੱਪੂ ਆਦਿ ਦੀਆਂ ਸਰਗਰਮੀਆਂ ਬਾਰੇ ਦੱਸ ਰਿਹਾ ਸਾਂ, ਸਤਿਗੁਰਾਂ ਸ. ਹਰਭਜਨ ਸਿੰਘ ਦੇ ਬੱਚਿਆਂ ਦੇ ਟੀਮ ਵਰਕ ਦੀ ਮਿਸਾਲ ਦੇ ਕੇ ਪ੍ਰਸੰਸਾ ਕੀਤੀ।

ਫ਼ੈਕਟਰੀ ਵਲ ਜਾਣ ਤੋਂ ਪਹਿਲੋਂ ਸ੍ਰੀ ਸਤਿਗੁਰੂ ਜੀ ਨੇ ਡਰਾਈਵਰ ਰਘੁਬੀਰ ਸਿੰਘ ਨੂੰ (ਪੀਜੋ 12 ਨੰ:) ਗੱਡੀ ਸਟੇਸ਼ਨ ਵਲ ਮੋੜਨ ਲਈ ਕਿਹਾ। ਉੱਤਰ ਕੇ ਆਪ ਸਟੇਸ਼ਨ ਦੇ ਅੰਦਰੋਂ ਹੋ ਕੇ ਮੁੜੇ। ਪੁੱਛਣ ਤੇ ਹਜ਼ੂਰ ਨੇ ਦੱਸਿਆ ਕਿ ਉਹ (ਸੇਠ) ਕਿਰਪਾਲ ਸਿੰਘ ਡਾਲਟਨ ਗੰਜ ਦੇ ਲੜਕੇ ਓਅੰਕਾਰ ਸਿੰਘ ਨੂੰ ਮਿਲਣ ਗਏ ਸਨ। ਉਸ ਨੂੰ ਗੱਡੀਓਂ ਉਤਰਦਿਆਂ ਹੀ ਪੁੱਛਣਾ ਸੀ ਕਿ ਉਹ ਅੰਮ੍ਰਿਤ ਵੇਲੇ ਉਠਦਾ, ਸਕੇਸ ਨਹਾਉਂਦਾ ਅਤੇ ਨਿਤਨੇਮ ਕਰਦਾ ਹੈ ਕਿ ਨਹੀਂ। ਪਰ ਜਾਪਦਾ ਹੈ ਉਹ ਲਖਨਊ ਵਾਸਤੇ ਗੱਡੀ ਹੀ ਨਹੀਂ ਚੜ੍ਹਿਆ। ਸਾਰੇ ਬੱਚਿਆਂ ਅਤੇ ਨੌਜਵਾਨਾਂ ਵਲ ਸਤਿਗੁਰੂ ਜੀ ਦੀ ਨਿਜੀ ਪਹੁੰਚ ਹੈ।

ਬਨਾਰਸ ਵਿਚ ਜਲੰਧਰ ਦੇ ਇਕ ਨੌਜਵਾਨ ਸੁਖਦੇਵ ਸਿੰਘ ਬਾਰੇ ਸਤਿਗੁਰਾਂ ਦਸਿਆ ਕਿ ਉਹ ਪੰ: ਕਿਸ਼ਨ ਮਹਾਰਾਜ ਤੋਂ ਤਬਲੇ ਦੀ ਸਿੱਖਿਆ ਹੋਰ ਜ਼ਿਆਦਾ ਗ੍ਰਹਿਣ ਨਹੀਂ ਕਰ ਸਕਦਾ। ਜਿੰਨਾ ਉਸ ਨੇ ਸਿੱਖ ਲਿਆ ਹੈ, ਏਨਾ ਹੀ ਕਾਫ਼ੀ ਹੈ। ਉਹ ਹੁਣ ਬਨਾਰਸ ਵਿਚ ਹੀ ਧੰਦਾ ਕਰਨ ਲੱਗ ਪਿਆ ਹੈ।



Sri Satguru Jagjit Singh Ji Elibrary NamdhariElibrary@gmail.com

ਸ਼ਿੰਗਾਰ ਵਿੱਲਾ ਪਹੁੰਚੇ ਤਾਂ ਸ. ਕਰਮਜੀਤ ਸਿੰਘ ਨਮਸਕਾਰ ਕਰਕੇ ਗੱਡੀ ਵਿਚ ਨਾਲ ਆ ਬੈਠੇ। ਉਨ੍ਹਾਂ ਦੇ ਪਰਵਾਰ ਦੀ ਗੱਡੀ ਪਿਛੋਂ ਆ ਜਾਂਦੀ ਸੀ। ਇਹਨਾਂ ਦੋਹਾਂ, ਸ: ਕਰਮਜੀਤ ਸਿੰਘ ਅਤੇ ਸ. ਹਰਭਜਨ ਸਿੰਘ ਹੁਰਾਂ ਦੱਸਿਆ ਕਿ ਸ਼ਿੰਗਾਰ ਨਗਰ ਵਿਚ 5000 ਵਰਗ ਜਗਹ ਹੈ, ਜੇ ਮਿਲ ਜਾਵੇ।

## ਫੈਕਟਰੀ ਦੇ ਅੰਦਰ ਬਾਹਰ

ਸਤਿਗੁਰੂ ਜੀ ਨੇ ਪ੍ਰਧਾਨ ਮੰਤਰੀ ਇੰਦ੍ਰਾ ਗਾਂਧੀ ਦੀ ਕਿਸੇ ਗੱਲੋਂ ਤਰਫ਼ਦਾਰੀ ਕੀਤੀ। ਸ. ਕਰਮਜੀਤ ਸਿੰਘ ਜੀ ਨੇ ਆਪਣੀ ਫੈਕਟਰੀ ਦਾ ਮੂਹਰਲਾ ਪਾਸਾ ਵਖਾ ਕੇ ਦੱਸਿਆ ਕਿ ਇਹ ਸੜਕ ਦਾ ਅਗਵਾੜ ਐਮਰਜੈਂਸੀ ਦੌਰਾਨ ਸਾਰਾ ਹੀ ਢਾਹ ਦਿਤਾ ਗਿਆ ਸੀ। ਸਤਿਗੁਰਾਂ ਨੇ ਉੱਤਰ ਵਿਚ ਆਖਿਆ: ਹੁਣ ਉਸ ਤੋਂ ਚਾਰ ਗੁਣਾਂ ਵੱਧ ਮਕਾਨ ਢਾਹੇ-ਢਵਾਏ ਜਾ ਰਹੇ ਹਨ।

ਫੈਕਟਰੀ ਜਿਸ ਦਾ ਨਾਂ ਹੈ 'ਕਰਮਜੀਤ ਸਿੰਘ ਸਟੀਲ ਰੋਲਿੰਗ ਮਿਲਜ਼' ਵਿਚ ਗਿਆਂ, ਅੰਦਰ ਬਾਹਰ ਵਖਾਂਦਿਆਂ ਸੁਪਤਨੀ ਸ. ਕਰਮਜੀਤ ਸਿੰਘ ਨੇ ਆਪੇ ਬੇਨਤੀ ਕੀਤੀ: ਸੱਚੇ ਪਾਤਸ਼ਾਹ, ਕਿਰਪਾ ਕਰੋ, ਇਥੇ ਭਾਗ ਲੱਗਣ। ਹਜ਼ਾਰਾਂ ਲੱਖਾਂ ਰੁਪਏ ਇਸ ਫੈਕਟਰੀ ਵਿਚ ਪਾਈ ਜਾਂਦੇ ਹਾਂ ਪਰ ਨਿਕਲਦਾ ਕੁਝ ਵੀ ਨਹੀਂ। ਸਤਿਗੁਰਾਂ ਫ਼ਰਮਾਇਆ: ਇਕ ਮਾਲਾ ਭਜਨ ਦੀ, ਇਕ ਭਗਉਤੀ ਦੀ ਮਾਲਾ, ਸਵੇਰੇ ਸਕੇਸ਼ ਇਸ਼ਨਾਨ ਕਰਕੇ ਕੀਤਾ ਕਰੋ ਅਤੇ ਅਰਦਾਸ ਕਰਿਆ ਕਰੋ, ਸਤਿਗੁਰੂ ਪ੍ਰਤਾਪ ਸਿੰਘ ਜੀ ਅਗੇ, ਸਤਿਗੁਰ ਕਿਰਪਾ ਕਰਨਗੇ।

ਸ. ਕਰਮਜੀਤ ਸਿੰਘ ਨੇ ਨਾਲ ਹੋਰ ਸਾਰੀ ਜਗਹ ਮਿਲ ਅਤੇ ਸਟੋਰ ਵੀ ਵਿਖਾਈ। ਸ. ਜੀ ਦਾ ਸਪੁਤ੍ਰ ਸ. ਸੁਰਿੰਦਰ ਸਿੰਘ ਅਤੇ ਨੂੰਹ ਅਤੇ ਬੀਬੀ ਜੀ ਨਾਲ ਨਾਲ ਫਿਰਦੇ ਰਹੇ। ਬੀਬੀ ਨੇ ਫੇਰ ਹੱਥ ਜੋੜ ਕੇ ਹਕੀਕਤ ਦੱਸੀ: ਆਪ ਜੀ ਦੀ ਕਿਰਪਾ ਨਾਲ ਅਸੀਂ ਬਣੇ ਹੋਏ ਹਾਂ, ਪਰ ਇਸ ਫੈਕਟਰੀ ਵਿਚੋਂ ਕੁਝ ਨਹੀਂ ਨਿਕਲਦਾ। ਇਥੇ ਚੰਗੇ ਲੋਹੇ ਤੋਂ ਸਰੀਆ ਤਿਆਰ ਹੁੰਦਾ ਹੈ, ਸਾਮਾਨ ਟਿਕਦਾ ਵੀ ਨਹੀਂ ਪਾਂਦਾ ਪਰ ਪੈਸਾ ਫਿਰ ਵੀ ਹੱਥ ਨਹੀਂ ਲਗਦਾ।

## ਲਾਭ ਦੀ ਗੰਢ

ਫੈਕਟਰੀ ਤੋਂ ਪਰਤੇ ਤਾਂ ਸਤਿਗੁਰੂ ਸ. ਹਰਭਜਨ ਸਿੰਘ ਤੋਂ ਉਨ੍ਹਾਂ ਦੇ ਠੇਕੇਦਾਰੀ ਧੰਧੇ ਦੀ ਪੁਛ ਪੜਤਾਲ ਬਾਰੇ ਜਾਣਨਾ ਚਾਹਿਆ। ਠੇਕੇਦਾਰ ਜੀ ਬੋਲੇ: ਦੀਨ ਦਿਆਲ ਜੀ, ਅਸੀਂ 18 ਘੰਟੇ ਕੰਮ ਕਰਦੇ ਹਾਂ। ਰਾਤ ਨੂੰ ਰੀਪੋਰਟ ਲੈ ਕੇ ਸੋਚੀਦਾ ਹੈ ਕਿ ਕਿਸ ਕਾਰੋਬਾਰ ਵਿਚ ਕੀ ਬਚਿਆ। ਜੇ ਅੱਜ ਕੁਝ ਨੁਕਸਾਨ ਹੋਇਆ ਲਗਦਾ ਹੈ ਤਾਂ ਕਾਰਨ ਤਲਾਸ਼ ਕਰੀਦੇ ਹਨ, ਫਿਰ ਉਨ੍ਹਾਂ ਨੂੰ ਹਟਾਈਦਾ ਹੈ। ਅਸੀਂ ਸਿਰਫ਼ ਚਾਰ ਘੰਟੇ ਹੀ ਸੌਂਦੇ ਹਾਂ। ਕੰਮ ਦੇ ਪਿੱਛੇ ਪੈਕੇ ਕੰਮ ਕਰੀਦਾ ਹੈ।

ਸਤਿਗੁਰੂ ਜੀ ਪ੍ਰਸੰਨ ਹੋਏ। ਕਹਿਣ ਲਗੇ: ਇਹ ਗੱਲ ਹੈ, ਜਿਸ ਨਾਲ ਕਾਰੋਬਾਰ ਉੱਨਤੀ ਕਰਦਾ ਹੈ।



Sri Satguru Jagjit Singh Ji Elibrary NamdhariElibrary@gmail.com

ਸ. ਏਕਮ ਸਿੰਘ, ਬਰਮਿੰਘਮ (ਯੂ. ਕੇ.) ਦੇ ਉੱਦਮ ਦੀ ਸਤਿਗੁਰਾਂ ਬੜੀ ਤਾਰੀਫ਼ ਕੀਤੀ, ਜਿਹੜੇ ਬਹੁਤ ਤਕੜੀ ਜਗਹ ਖਰੀਦ ਕੇ ਨਾਮਧਾਰੀ ਸੰਗਤ ਨੂੰ ਬਰਮਿੰਘਮ ਵਿਚ ਨਾਮਧਾਰੀ ਧਰਮਸਾਲਾ ਬਣਾ ਕੇ ਦੇਣੀ ਚਾਹੁੰਦੇ ਹਨ। ਸਤਿਗੁਰਾਂ ਬਚਨ ਕੀਤਾ : ਜਿਸ ਨੇ ਡਰਦਿਆਂ ਅਤੇ ਝਿਜਕਦਿਆਂ ਹੀ ਰਹਿਣਾ ਹੈ, ਉਹ ਕੋਈ ਵੀ ਕੰਮ ਨਹੀਂ ਕਰ ਸਕਦਾ। ਜਿਨ੍ਹਾਂ ਕੁਝ ਕਰਨਾ ਹੁੰਦਾ ਹੈ, ਕਰਕੇ ਵਿਖਾਣਾ ਹੁੰਦਾ ਹੈ, ਉਹ ਇਕ ਮਨ ਹੋ ਕੇ ਮਨੋਰਥ ਲਈ ਜੁਟ ਜਾਂਦੇ ਹਨ।

## ਤੋਟੇ ਦੀ ਗੱਲ

ਅਜੇ ਅਸੀਂ ਕਾਰ ਵਿਚ ਹੀ ਸਾਂ ਕਿ ਸਤਿਗੁਰਾਂ ਕਿਸੇ 'ਸਿਆਣੇ' ਸਿੱਖ ਦੀ ਗੱਲ ਕੀਤੀ, ਉਹ ਆਪ ਜੀ ਦੇ ਅਮਰੀਕਾ ਦੇ ਸਫਰ ਸਮੇਂ ਨਾਲ ਗਿਆ ਸੀ। ਸਤਿਗੁਰਾਂ ਬਚਨ ਕੀਤਾ : ਉਹ ਕਹਿੰਦਾ ਹੈ ਅਮਰੀਕਾ ਫੇਰੀ ਸਮੇਂ ਉਹਦੀ ਬੁਧ ਵਿਚ ਫਰਕ ਪੈ ਗਿਆ ਹੈ। ਸਤਿਗੁਰਾਂ ਬਦਲੀ ਬੁਧ ਦਾ ਕਾਰਨ ਦੱਸਿਆ : ਉਸ ਨੇ ਇਹ ਤਾਂ ਵੇਖ ਲਿਆ ਕਿ ਫਲਾਣਾ ਚਾਹ ਪੀਂਦਾ ਹੈ, ਫਲਾਣੇ ਨੇ ਮੇਜ਼ ਤੇ ਬਹਿ ਕੇ ਰੋਟੀ ਖਾਧੀ। ਪਰ ਉਸ ਨੇ ਇਹ ਨਹੀਂ ਵੇਖਿਆ ਕਿ ਕਿੰਨੇ ਸਨ, ਜਿਹੜੇ ਅੰਮ੍ਰਿਤ ਵੇਲੇ ਇਸ਼ਨਾਨ ਕਰਦੇ, ਬਾਣੀ ਪੜ੍ਹਦੇ ਅਤੇ ਮਾਲਾ ਫੇਰਦੇ ਸਨ। ਜਿਵੇਂ ਕੀੜ ਲੱਗਾ, ਗੰਨਾ ਸੜਦਾ ਗਿਆ, ਹੁਣ ਉਸ ਵਿਚ ਖੁਸ਼ਬੂ ਭਾਲਦਾ ਹੈ। ਭਲਾ, ਇਹ ਕਿਵੇਂ ਹੋਵੇ ?

ਉਹ ਏਨਾ ਤਰੱਕੀ ਕਰ ਗਿਆ ਹੈ ਕਿ ਉਸ ਨੇ ਗੁਰੂ ਕੇ ਲੰਗਰ ਲਈ ਉਗਰਾਹੀ ਵੀ ਬੰਦ ਕਰ ਦਿਤੀ ਹੈ। ਲੰਗਰ ਤਾਂ ਚਲਦਾ ਹੀ ਰਹੇਗਾ, ਪਰ ਉਸ ਨੇ ਗ਼ਲਤ ਰਾਹ ਚੁਣ ਲਿਆ।

ਸਤਿਗੁਰਾਂ ਬਚਨ ਕੀਤਾ : ਜਿਨ੍ਹਾਂ ਉਪਰ ਨੂੰ ਉਠਣਾ ਹੈ, ਉਹ ਚੰਗੇ ਗੁਣਾਂ ਦੇ ਹੀ ਗਾਹਕ ਹੁੰਦੇ ਹਨ। ਸਾਡੀ ਹਾਲਤ ਹੈ : ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰ। ਗੁਰੂ ਕਾ ਮਾਰਗ ਇਹ ਹੈ :

ਸਾਥ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ।

ਅਤੇ ਫਿਰ ਆਪ ਜੀ ਨੂੰ ਕੁਝ ਪੁਰਾਣੀਆਂ ਤੁਕਾਂ ਚੇਤੇ ਆ ਗਈਆਂ। ਉਚੀ ਪੜ੍ਹੀਆਂ :

ਜ਼ਿੰਦਗੀ ਹੈ ਸਫ਼ਰ ਦੂਰ ਦਾ,
ਇਰਾਦਾ ਬੁਰਾ ਤੇਰੇ ਦਸਤੂਰ ਦਾ,
ਵੇਖੀਂ, ਹਿਰਸ ਦੇ ਸ਼ਹਿਰ ਵਿਚ ਬਹਿ ਨ ਪਈਂ।

## ਵਲਾਇਤ ਖ਼ਾਂ ਸਾਹਿਬ

ਸਾਡੀ ਕਾਰ ਕਾਰਟਨ ਹੋਟਲ ਨੂੰ ਜਾ ਰਹੀ ਸੀ ਜਿਥੇ ਵਿਸ਼ਵ ਪ੍ਰਸਿਧ ਸਿਤਾਰ ਵਾਦਕ ਉਸਤਾਦ ਵਲਾਇਤ ਖ਼ਾਂ (50) ਦੀ ਰਿਹਾਇਸ਼ ਸੀ। ਅੱਜ ਸਤਿਗੁਰੂ ਜੀ ਨੇ ਉਨ੍ਹਾਂ ਨਾਲ ਕੋਈ ਵਿਸ਼ੇਸ਼ ਗੱਲ ਕਰਨੀ ਸੀ।

ਜਿਉਂ ਹੀ ਸੱਚੇ ਪਾਤਸ਼ਾਹ, ਅਤੇ ਅਸੀਂ ਨਾਲ ਗਏ ਵਿਅਕਤੀ, ਖ਼ਾਂ ਸਾਹਿਬ ਦੇ



Sri Satguru Jagjit Singh Ji Elibrary NamdhariElibrary@gmail.com

ਕਮਰੇ ਵਿਚ ਦਾਖ਼ਲ ਹੋਏ, ਉਹ ਨਾਲ ਬੈਠਿਆਂ 'ਚੋਂ ਉਠ ਕੇ ਬੜੇ ਅਦਬ ਅੰਦਾਜ਼ ਨਾਲ ਅੱਗੇ ਆਏ । ਸ੍ਰੀ ਸਤਿਗੁਰੂ ਜੀ ਨੂੰ ਸੋਫੇ ਤੇ ਬੈਠਾਲ ਆਪ ਕੋਲ ਬਹਿੰਦਿਆਂ ਕ੍ਰਿਤਗਿਅਤਾ ਪਰਗਟ ਕੀਤੀ : ਆਪ ਇਸ ਕਦਰ ਜ਼ਿੰਮੇਵਾਰੀਓਂ ਮੇਂ ਮਸਰੂਫ਼ ਹੈਂ ਔਰ ਫਿਰ ਭੀ, ਮੇਰੇ ਨਾਚੀਜ਼ ਕੇ ਯਹਾਂ ਆਨੇ ਕੀ ਮਿਹਰਬਾਨੀ ਕੀ । ਆਪ ਕੋ ਤੋ, ਮੈਂ ਦੇਖ ਰਹਾ ਹੂੰ, ਪਲ ਭਰ ਭੀ ਆਰਾਮ ਨਹੀਂ ਮਿਲਤਾ । ਕਭੀ ਕਾਰ ਮੇਂ, ਕਭੀ ਰੇਲ ਮੇਂ, ਕਭੀ ਪਲੇਨ ਮੇਂ । ਆਪ ਕਾ ਦਰਸ਼ਨ ਤੋ ਅਬ, ਦਿਲ ਕਰਤੇ ਭੀ ਨਹੀਂ ਹੋਤਾ ।

ਸਤਿਗੁਰੂ ਜੀ : ਮੈਂ ਬਹੁਤ ਕੋਸ਼ਿਸ਼ ਕਰਦਾ ਹਾਂ ਕਿ ਛੇਤੀ ਛੇਤੀ ਬਾਹਰ (ਵਿਦੇਸ਼) ਨਾ ਜਾਵਾਂ ਪਰ ਫਿਰ ਵੀ ਬੈਂਕੌਕ, ਅਫਰੀਕਾ, ਅਮਰੀਕਾ, ਅਤੇ ਇੰਗਲੈਂਡ ਵਾਲੇ ਜ਼ੋਰ ਪਾਉਂਦੇ ਰਹਿੰਦੇ ਹਨ ਕਿ ਉਨ੍ਹਾਂ ਪਾਸ ਜ਼ਰੂਰ ਜਾਵਾਂ ।

ਜਿਉਂ ਜਿਉਂ ਖ਼ਾਂ ਸਾਹਿਬ ਦੇ ਬੱਚੇ ਇਸ ਅੰਦਰ ਆਉਂਦੇ ਗਏ, ਖ਼ਾਂ ਸਾਹਿਬ ਨੇ ਉਨ੍ਹਾਂ ਨੂੰ ਸਤਿਗੁਰੂ ਜੀ ਪ੍ਰਤੀ ਪ੍ਰਣਾਮ ਕਰਨ ਲਈ ਕਿਹਾ ਅਤੇ ਕਰਵਾਈ । ਸਤਿਗੁਰੂ ਜੀ ਨੇ ਖ਼ਾਂ ਸਾਹਿਬ ਦੀ ਮਾਂ, ਬਸ਼ੀਰਨ ਬੇਗ਼ਮ (70) ਦੀ ਗੱਲ ਵੀ ਕੀਤੀ ਕਿ ਕਿਵੇਂ ਉਹ ਮਿਲਣ ਦੀ ਤੀਬਰਤਾ ਰਖਦੇ ਹਨ । ਖ਼ਾਂ ਸਾਹਿਬ ਨੇ ਦੱਸਿਆ ਕਿ ਉਹ ਗਾਇਣ ਵਜਾਇਣ ਦੇ ਮਾਮਲੇ ਵਿਚ ਸਤਿਗੁਰੂ ਜੀ ਦੀ ਕਿਰਪਾ ਅਤੇ ਅੱਲਾ ਦੀ ਮਿਹਰਬਾਨੀ ਨਾਲ ਥੱਕਦੇ ਅੱਕਦੇ ਨਹੀਂ । ਸਾਰੀ ਸਾਰੀ ਰਾਤ ਇਕਟੱਕ ਬੈਠ ਕੇ ਸੁਣਦੇ ਹਨ ।

ਏਨੇ ਚਿਰ ਨੂੰ ਇਕ ਹੋਰ ਸੱਜਣ, ਜਿਸ ਨੂੰ ਖ਼ਾਂ ਸਾਹਿਬ ਨੇ ਇਲੀਆਸ ਖ਼ਾਂ ਸਾਹਿਬ (52) ਆਖਿਆ, ਮਾੜਾ ਏ ਦਾੜ੍ਹੀ ਵਾਲੇ ਚਿਹਰੇ ਵਾਲਾ, ਆ ਗਿਆ । ਉਸ ਨੇ ਬੈਠਦਿਆਂ ਹੀ, ਸਤਿਗੁਰੂ ਜੀ ਵਲੋਂ ਏਥੇ ਕਰਵਾਏ ਗਏ ਸੰਗੀਤ ਸਮੇਲਨ ਦੀ ਰੱਜ ਰੱਜ ਕੇ ਤਾਰੀਫ਼ ਕੀਤੀ, ਨਾਮਧਾਰੀ ਸੰਗਤ ਦੇ ਸਾਦਗੀ ਅਤੇ ਸੇਵਾ ਭਾਵਨਾ ਦੇ ਗੁਣ ਗਾਏ । ਇਸ ਦੇ ਆਖੇ ਖ਼ੁਦ ਸ਼ਬਦ ਇਹ ਹਨ : ਆਪ ਨੇ ਤੋ ਹਮਾਰੇ ਸ਼ਹਿਰ ਮੇਂ ਮੰਗਲ ਕਰ ਦੀਆ, ਮਹਾਰਾਜ ਜੀ ਹਮਾਰੇ ਸ਼ਹਿਰ ਮੇਂ ਐਸਾ ਕਭੀ ਹੂਆ ਨਹੀਂ ਜੈਸਾ ਆਪ ਨੇ ਕਰ ਦਿਖਲਾਇਆ । ਇਤਨਾ ਅੱਛਾ !...ਐਸੀ ਮੁਹੱਬਤ !! ਆਪ ਨੇ ਤੋ ਲਖਨਊ ਕੀ ਪੁਰਾਣੀ ਸ਼ਾਨ ਕਾਇਮ ਕਰ ਦਿਖਲਾਈ । ਹਮ ਦੁਨੀਆਦਾਰ ਅਗਰ ਯਹੀ ਕਾਮ ਕਰੇਂ ਤੋ ਇਤਨਾ ਅੱਛਾ ਨ ਹੋ ਜੈਸਾ ਆਪ ਨੇ ਕਰ ਦੀਆ । ਆਪ ਪਰ ਤੋ ਅੱਲਾ ਕਾ ਕਰਮ ਹੈ ।

ਸਤਿਗੁਰੂ ਜੀ ਨੇ ਗੱਲ ਮੁਕਾਈ : ਇਹ ਸਭ ਆਪ ਲੋਕਾਂ ਦਾ ਸਹਿਯੋਗ ਹੈ ।

ਵਾਕਾਇਦ ਖ਼ਾਂ ਸਾਹਿਬ ਦੇ ਖ਼ਿਆਲ ਵਿਚ ਲੋਕ ਲੱਖਾਂ ਰੁਪਏ ਖ਼ਰਚ ਕਰਕੇ ਵੀ ਏਨਾ ਸੁਹਣਾ ਕੰਮ ਨਹੀਂ ਕਰ ਸਕਦੇ । ਲਖਨਊ ਦੇ ਲੋਕੀਂ ਵੀ ਇਸੇ ਰਾਇ ਦੇ ਹਨ । ਖ਼ਾਂ ਸਾਹਿਬ ਨੇ ਹੋਰ ਕਿਹਾ : ਕਾਨਫਰੰਸਾਂ ਤਾਂ ਹਜ਼ਾਰਾਂ ਹੁੰਦੀਆਂ ਹਨ, ਪਰ ਪਰੰਪਰਾ ਕੀ ਹੈ, ਨਿਸ਼ਠਾ ਕੀ ਹੁੰਦੀ ਹੈ, ਇਸ ਸਭ ਦਾ ਚੰਗਾ ਪ੍ਰਭਾਵ ਤਾਂ ਏਥੇ ਹੀ ਪੈਂਦਾ ਹੈ । ਇਸ ਵਾਤਾਵਰਣ, ਇਸ ਮਾਹੌਲ ਦੀ ਰਚਨਾ ਤਾਂ ਆਪ ਹੀ ਕਰ ਸਕਦੇ ਹੋ ।

ਇਲੀਆਸ ਖ਼ਾਂ ਸਾਹਿਬ : ਸਫ਼ੇਦ ਪਗੜੀਆਂ, ਸਫ਼ੇਦ ਕਪੜੇ, ਐਸਾ ਮਾਲੂਮ ਹੋਤਾ ਥਾ ਜੈਸੇ ਦੋ ਸੌ ਬਰਸ ਪਹਿਲੇ ਕੇ ਜ਼ਮਾਨੇ ਮੇਂ ਚਲੇ ਗਏ ਹੈਂ ।

ਕਰੀਬ ਅੱਧਾ ਘੰਟਾ ਏਸੇ ਤਰ੍ਹਾਂ ਦੀ ਚਰਚਾ ਹੁੰਦੀ ਰਹੀ ।



Sri Satguru Jagjit Singh Ji Elibrary NamdhariElibrary@gmail.com

ਏਥੇ ਦੀ ਮਜਲਸ ਵਿਚ ਬੈਠਿਆਂ ਕੋਲ ਇਕ ਕਲਾਕਾਰ ਦੇ ਇਸ ਚੈਲਿੰਜ ਤੇ ਵਿਚਾਰ ਹੋਈ ਕਿ 'ਮੈਨੂੰ ਕੋਈ ਦੱਸੇ ਜੇ ਕੋਈ ਹੋਰ ਨਾਮ ਬਣਦਾ ਹੋਵੇ।' ਗਾਇਕ ਨੇ 'ਪੰਚਮ ਕਲਿਆਣ' ਗਾਉਂਦਿਆਂ ਇਹ ਸ਼ਬਦ ਕਹੇ ਸਨ। ਵਿਚਾਰ ਚਰਚਾ ਬਾਅਦ ਇਸ ਨਿਸ਼ਕਰਸ਼ ਤੇ ਪੁੱਜਿਆ ਗਿਆ ਕਿ ਅਜਿਹੀਆਂ ਗੱਲਾਂ ਸਟੇਜ ਤੇ ਕਹਿਣ ਵਾਲੀਆਂ ਨਹੀਂ। ਏਥੇ ਤਾਂ ਜੋ ਰੋਹੀ ਅਵਰੋਹੀ ਦਖਾ ਦਿਤੀ ਜਾਏ, ਉਸ ਨੂੰ ਹੀ ਪੂਰੀ ਤਰ੍ਹਾਂ ਨਿਭਾਉਣਾ ਚਾਹੀਦਾ ਹੈ।

ਸਤਿਗੁਰੂ ਜੀ ਨੇ ਏਥੇ ਤਿਹਾਈਆਂ ਬਾਰੇ ਆਪਣੇ ਵਿਚਾਰ ਦੱਸੇ ਕਿ ਉਹਨਾਂ ਦੇ ਵਿਚਾਰ ਵਿਚ ਤਿਹਾਈ ਜਿਸ ਵੀ ਅੱਖਰ ਅਥਵਾ ਸ਼ਬਦ 'ਚੋਂ ਚੁੱਕੀ ਜਾਇ ਉਹ ਤਿਹਾਈ ਉਸੇ ਹੀ ਸ਼ਬਦ ਤੇ ਮੁੱਕੇ ਵੀ। ਜਾਂ ਇੰਜ ਕਹਿ ਲਓ ਕਿ ਗਾਇਕ ਦੀ ਸਮਰਥਾ ਹਰ ਅੱਖਰ ਤੋਂ ਤਿਹਾਈ ਉਠਾਣ ਦੀ ਹੋਵੇ। ਅਤੇ ਇੰਜ ਵਿਚਾਰ ਕਰਦਿਆਂ ਸਤਿਗੁਰੂ ਜੀ ਨੇ ਦ੍ਰੁਤ ਸਾਂ ਮਿਲ ਕੇ 'ਸਾਵਨ ਸਵੇਰ ਮੈਂ ਸੋਕਤ', ਇਕ ਚੈਦਸ ਗਾ ਕੇ ਅਤੇ ਤਿਹਾਈ ਲਗਾ ਕੇ ਆਪਣੀ ਇੱਛਾ ਸਮਝਾਈ। ਸਤਿਗੁਰੂ ਜੀ ਨੇ 'ਮਕਾਨ' ਲਗਾਣ ਦੀ ਪੰਜਾਬੀ ਪ੍ਰਥਾ ਵੀ ਦੂਹਾਂ ਕਲਾਕਾਰਾਂ ਦੇ ਸਾਹਮਣੇ ਰਖੀ।

ਏਤੇ ਗਹਿਰੇ ਗਿਆਂ ਅਚਾਨਕ ਸਤਿਗੁਰੂ ਜੀ ਨੇ ਉਸਤਾਦ ਵਲਾਇਤ ਖ਼ਾਂ ਨੂੰ ਆਖਿਆ: ਖ਼ਾਂ ਸਾਹਿਬ, ਆਪ ਕੇ ਸਾਥ ਅਕੇਲੇ ਮੇਂ ਏਕ ਜ਼ਰੂਰੀ ਬਾਤ ਕਰਨੀ ਹੈ। ਅਤੇ ਦੂਸਰੇ ਅੰਦਰ, ਤਿਆਰੀ ਹੋਣ ਬਾਅਦ, ਖ਼ਾਂ ਸਾਹਿਬ ਨਾਲ ਚਲੇ ਗਏ। ਮੈਨੂੰ ਵੀ ਕੋਲ ਬੁਲਾ ਲਿਆ ਗਿਆ।

ਖ਼ਾਂ ਸਾਹਿਬ ਧੀਆਂ ਦੋ ਲੜਕੀਆਂ ਜੁ ਗੁਰੂ ਚਰਨਾਂ ਤੇ ਝੁਕੀਆਂ, ਉਨ੍ਹਾਂ ਦੇ ਨਾਮ ਜਾਣੇ ਉਠੇ ਹਨ—ਇਕ ਦਾ ਨਾਂ 'ਯਮਨ' ਦੂਜੀ ਦਾ 'ਜ਼ਿਲਾ'। ਸਤਿਗੁਰੂ ਜੀ ਨੇ ਦੱਸਿਆ ਕਿ ਮੁਕੰਦਰ ਕਰਿਆਮ ਸਿੰਘ ਜੀ ਨੇ ਯਮਨ ਦਾ ਨਾਂ ਰਖਿਆ ਹੈ 'ਗੁਰਚਰਨ ਕੌਰ।' ਜਦੋਂ ਇਹ ਚਿੱਠੀ ਲਿਖਦੀ ਹੈ ਤਾਂ ਦਸਤਖ਼ਤ ਕਰਦੀ ਹੈ 'ਗੁਰਚਰਨ ਕੌਰ।'

## ਖ਼ਾਂ ਸਾਹਿਬ ਦਾ ਖ਼ਾਨਦਾਨ

ਖ਼ਾਂ ਸਾਹਿਬ ਨੇ ਆਪਣੇ ਖ਼ਾਨਦਾਨ ਦਾ ਪਿਛੋਕੜ ਦੱਸਦਿਆਂ ਆਖਿਆ ਕਿ ਉਨ੍ਹਾਂ ਦੀ ਛੇਵੀਂ ਪੀੜ੍ਹੀ ਰਾਜਪੂਤ ਸੀ। ਉਸ ਤੋਂ ਅਗੇ ਇਹਨਾਂ ਦੇ ਮੁਸਲਮਾਨੀ ਨਾਂ ਨਾਲ ਇਕ ਰਾਜਪੂਤੀ ਨਾਮ ਵੀ ਚਲਦਾ ਰਿਹਾ ਹੈ। ਜਿਵੇਂ ਜਨਮ ਅਸ਼ਟਮੀ ਵਾਲੇ ਦਿਨ ਜਨਮ ਹੋਣ ਕਰਕੇ ਇਨ੍ਹਾਂ ਦਾ ਆਪਣਾ ਨਾਮ ਕਾਨ੍ਹ ਸਿੰਘ ਹੈ।' ਛੇਵੇਂ ਚਰੇਂਡ ਫਾਦਰ ਦਾ ਨਾਮ ਸੁਰਜਨ ਸਿੰਘ ਫਿਰ ਸਾਹਬ ਦਾਦ ਸਿੰਘ, ਇਮਦਾਦ ਸਿੰਘ, ਇਨਾਇਤ ਸਿੰਘ ਅਤੇ ਮਹਾਰਾਜਾ ਗੌਰੀਪੁਰ ਨੇ ਇਨ੍ਹਾਂ ਦਾ ਨਾਂ ਰੱਖਿਆ ਕਾਨ੍ਹ ਸਿੰਘ।

## ਦੋਗਾ ਖੂੰਟ

ਹੁਣ ਸਤਿਗੁਰੂ ਜੀ ਨੇ ਓਖੀ ਗੱਲ ਸ਼ੁਰੂ ਕੀਤੀ, ਜਿਹੜੀ ਸਵੇਰ ਦੇ ਹੀ ਅੰਦਰੋ ਅੰਦਰ ਰਿੜਕ ਰਹੇ ਸਨ। ਗੱਲ ਇਹ ਸੀ ਕਿ ਸਤਿਗੁਰੂ ਜੀ ਖ਼ਾਂ ਸਾਹਿਬ ਅਤੇ ਅਮਜਦ ਅਲੀ ਜੀ ਦਾ ਡਿਊਟ ਸੁਣਨਾ ਚਾਹੁੰਦੇ ਹਨ (ਅਰਥਾਤ ਦੋਵੇਂ ਇਕੱਠੇ ਬੈਠ ਕੇ ਇਕ ਰਾਗ



Sri Satguru Jagjit Singh Ji Elibrary NamdhariElibrary@gmail.com

ਇਕੋ ਵੇਲੇ ਵਜਾਣ ਵਾਰੋ ਵਾਰੀ) ਕਿਸੇ ਪਬਲਿਕ ਕਾਨਫਰੰਸ ਵਿਚ। ਖ਼ਾਂ ਸਾਹਿਬ ਨੇ ਸਤਿਗੁਰਾਂ ਦੀ ਇੱਛਾ ਸੁਣ ਕੇ ਪਹਿਲਾਂ ਬੜੀ ਨੰਮਰਤਾ ਨਾਲ ਕਿਹਾ : ਜਦੋਂ ਚਾਹੋ ਅਤੇ ਜਿਥੇ ਚਾਹੋ ! ਪਰ, ਫਿਰ ਨਾਲ ਹੀ ਸੰਕੋਚ ਪਰਗਟ ਕੀਤਾ : ਅਸੀਂ ਲੋਕ ਪਦਵੀ ਅਤੇ ਆਯੂ ਦਾ ਧਿਆਨ ਜ਼ਰੂਰ ਰਖਦੇ ਹਾਂ। ਫੇਰ ਕਿਹਾ : "ਆਪ ਜੋ ਹੁਕਮ ਕਰੇਂਗੇ ਵੈਸਾ ਹੋਗਾ। ਪਰ ਆਪ ਹਮਾਰੇ ਬੜੇ ਹੈਂ, ਸਾਥ ਸੁਜਾਤ ਕੋ ਭੀ ਬੈਠਾਨਾ ਹੋਗਾ।" ਸਤਿਗੁਰੂ ਜੀ ਨੇ ਕਿਹਾ : ਮੈਂ ਅਜੇ ਉਨ੍ਹਾਂ (ਅਮਜਦ ਅਲੀ ਖ਼ਾਂ) ਨਾਲ ਤੈਅ ਨਹੀਂ ਕੀਤਾ। ਗੱਲ ਕੀ ਜਿੰਨੀ ਗੱਲਬਾਤ ਹੋਈ, ਉਸਦਾ ਤੱਤ ਇਹ ਸੀ ਕਿ ਪਹਿਲਾਂ ਸੁਜਾਤ ਨਾਲ ਅਮਜਦ ਅਲੀ ਵਜਾਣ। ਫਿਰ ਅਦਬ ਆਦਾਬ ਦੇ ਨਾਲ ਜੋ ਪੁਰਾਣੇ ਜ਼ਮਾਨੇ ਤੋਂ ਚਲਾ ਆਉਂਦਾ ਹੈ...ਉਹ ਠੀਕ ਤਰ੍ਹਾਂ ਰਹੇ।

ਸਤਿਗੁਰੂ ਜੀ ਨੇ ਜ਼ੋਰ ਦਿਤਾ : ਮੈਂ ਇਕਰਾਰ ਕੋਈ ਨਹੀਂ ਕਰਦਾ, ਗੱਲ ਕਰ ਵੇਖਾਂਗਾ, ਪਰ ਖ਼ਾਂ ਸਾਹਿਬ ਅਤੇ ਅਮਜਦ ਅਲੀ ਸਾਹਿਬ ਜ਼ਰੂਰ ਇਕੱਠੇ ਬੈਠ ਕੇ ਵਜਾਣਗੇ।

ਸ੍ਰੀ ਸਤਿਗੁਰੂ ਜੀ ਬੜੀ ਸਿਆਣਪ, ਚੌਕਸੀ ਅਤੇ ਵਾਧੂ ਜ਼ਿੰਮੇਵਾਰੀ ਲੈਣ ਤੋਂ ਸੰਕੋਚ ਕਰਦਿਆਂ ਇਹ ਇਕਰਾਰ ਲੈ ਕੇ ਉਠੇ ਕਿ ਡਿਊਟ ਜ਼ਰੂਰ ਹੋਵੇ। ਪਰ ਰਹੇ ਖ਼ਾਂ ਸਾਹਿਬ ਵੀ ਅਪਣੇ ਪੈਂਤੜੇ ਤੇ ਕਿ ਪਹਿਲਾਂ ਸੁਜਾਤ (ਉਨ੍ਹਾਂ ਦਾ ਲੜਕਾ) ਅਤੇ ਅਮਜਦ ਅਲੀ ਵਜਾਣ।

## ਗੱਲੋਂ ਪਰ੍ਹਾਂ

ਏਦਾਂ ਭਾਵੇਂ ਅਜਿਹੀ ਗੱਲ ਨਾਲ ਹੀ ਉਠੇ ਕਿ 'ਕੋਸ਼ਸ਼ ਕਰਾਂਗਾ', ਪਰ ਅੰਤ ਉਤੇ ਆਪ ਜੀ ਨੇ ਮੇਰੇ ਨਾਲ ਜ਼ਿਕਰ ਕੀਤਾ ਕਿ ਇਹ ਡਿਊਟ ਵਾਲਾ ਵਿਚਾਰ ਛੱਡ ਦਿਤਾ ਜਾਵੇ। ਖ਼ਾਂ ਸਾਹਿਬ ਨੂੰ ਸ਼ੁਰੂ ਤੋਂ ਉਨ੍ਹਾਂ ਦਾ ਸੰਕੋਚ ਜਾਪ ਰਿਹਾ ਸੀ। ਉਹ ਅਦਬ ਆਦਾਬ ਦੇ ਪਖੋਂ ਆਪਣੇ ਨਾਲੋਂ ਛੋਟੀ ਉਮਰ ਦੇ ਕਲਾਕਾਰ ਨਾਲ ਡਿਊਟ (ਖ਼ਾਂ ਸਾਹਿਬ ਸਿਤਾਰ, ਅਮਜਦ ਅਲੀ ਖ਼ਾਂ ਸਾਹਿਬ ਸਰੋਦ) ਵਜਾਣਾ ਮੁਨਾਸਬ ਨਹੀਂ ਸਨ ਸਮਝਦੇ। ਹਾਂ ਜੇ ਸੁਜਾਤ ਨਾਲ ਪਹਿਲਾਂ ਅਮਜਦ ਸਰੋਦ ਵਜਾ ਲੈਣ, ਫਿਰ ਕੋਈ ਸੰਕੋਚ ਨਹੀਂ ਸੀ। ਪਰ ਇਹ ਗੱਲ ਤਾਂ ਉਸਤਾਦ ਅਮਜਦ ਅਲੀ ਖ਼ਾਂ ਨਾਲ ਵੀ ਵਾਰਾ ਨਹੀਂ ਸੀ ਖਾਂਦੀ। ਸੋ ਇਹ ਵਿਚਾਰ ਤਰਕ ਕੀਤਾ ਗਿਆ।

ਸ੍ਰੀ ਸਤਿਗੁਰੂ ਜੀ ਵਿਦਾ ਹੋਣ ਲਗੇ ਤਾਂ ਖ਼ਾਂ ਸਾਹਿਬ ਬਾਹਰ ਤਕ ਨਾਲ ਆਏ।

## ਦੂਜਾ ਪਾਸਾ

ਵਾਪਸੀ ਸਮੇਂ ਫਿਰ ਉਸਤਾਦ ਵਲਾਇਤ ਖ਼ਾਂ ਨਾਲ ਹੋਈ ਚਰਚਾ ਦੀ ਗੱਲਬਾਤ ਚੱਲੀ ਤਾਂ ਸਤਿਗੁਰੂ ਜੀ ਨੇ ਇਸ ਡਿਊਟ ਬਾਰੇ ਉਸਤਾਦ ਅਮਜਦ ਅਲੀ ਨਾਲ ਹੋਈ ਗੱਲ ਬਾਤ ਦਾ ਸਾਰਾਂਸ਼ ਦੱਸਦਿਆਂ ਆਖਿਆ : ਉਹ ਵੀ ਸੰਕੋਚ ਕਰਦੇ ਹਨ, ਕਹਿੰਦੇ ਹਨ, ਸਾਡੇ ਤੁਅੱਲਕਾਤ ਮਸਾਂ ਮਸਾਂ ਠੀਕ ਹੋਏ ਹਨ, ਫਿਰ ਨਾ ਕਿਤੇ ਵਿਘਨ ਪੈ ਜਾਵੇ। ਸਰੋਦ ਅਤੇ ਸਿਤਾਰ ਦੀਆਂ ਅਵਾਜ਼ਾਂ ਦਾ ਅੰਤਰ ਵੀ ਡਿਊਟ ਮੁਕਾਬਲੇ ਵਿਚ ਤਲਖੀ ਜਗਾ ਸਕਦਾ ਹੈ। ਸਤਿਗੁਰੂ ਜੀ ਦੇ ਆਪਣੇ ਲਈ ਕੋਈ ਜ਼ਰੂਰੀ ਨਹੀਂ ਕਿ ਡਿਊਟ



Sri Satguru Jagjit Singh Ji Elibrary NamdhariElibrary@gmail.com

ਵਜੇ ਹੀ । ਬੇਸੁਆਦੀ ਪੈਦਾ ਹੋਣ ਨਾਲੋਂ ਖ਼ਾਮੋਸ਼ੀ ਅਤੇ 'ਨਾ ਕਰਨਾ' ਹੀ ਚੰਗਾ ਹੈ।

ਪੰ: ਰਵੀ ਸ਼ੰਕਰ, ਵਿਸ਼ਵ ਪ੍ਰਸਿੱਧ ਸਿਤਾਰ ਵਾਦਕ, ਸਤਿਗੁਰੂ ਜੀ ਦੇ ਹਿਸਾਬ ਵਿਚ ਲੀਡਰ ਟਾਈਪ ਆਦਮੀ ਹੈ । ਪੰ: ਸ਼ਾਂਤਾ ਪ੍ਰਸਾਦ ਸੰਗ ਲਾਹੂ ਬੋਦਾ ਹੈ । ਪੰ: ਕਿਸ਼ਨ ਮਹਾਰਾਜ ਜੂਅਕ ਪਾਊ ਹੈ । ਉਸਤਾਦ ਅੱਲਾ ਰੱਖਾ,ਖਾਂ ਸਾਹਿਬ (ਵਲਾਇਤ ਖ਼ਾਂ) ਤੇ ਡਾਮੀਨੇਟ ਹੋਣ ਦੀ ਕੋਸ਼ਸ਼ ਕਰਦਾ ਹੈ ਪਰ ਖਾਂ ਸਾਹਿਬ ਉਹਦੀ ਵਾਰੀ ਸਿਤਾਰ ਨਰਮ ਕਰ ਦਿੰਦੇ ਹਨ ।

## ਵਾਤਾਵਰਣ ਦੀ ਗੱਲ

ਗੱਲਾਂਬਾਤਾਂ ਕਰਦਿਆਂ 12.15 ਵਜੇ ਸ੍ਰੀ ਸਤਿਗੁਰੂ ਜੀ ਆਪਣੇ ਡੇਰੇ ਪਹੁੰਚ ਗਏ ਜਿਥੇ ਆਪ ਜੀ ਨੇ ਇਸ਼ਨਾਨ ਕਰਨਾ, ਪ੍ਰਸ਼ਾਦ ਛਕਣਾ ਅਤੇ ਆਰਾਮ ਫ਼ਰਮਾਣਾ ਸੀ ।

ਅਸਮਾਨ ਅੱਜ ਬੱਦਲਾਂ ਘਿਰਿਆ ਹੈ । ਮੀਂਹ ਵੱਸਿਆ ਕਿ ਵੱਸਿਆ । ਕੁਝ ਕਿਣਮਿਣ ਕਿਆਣੀ ਹੋ ਵੀ ਗਈ ਹੈ । ਇਸ ਗੱਲ ਦਾ ਡਰ ਬਣਿਆ ਹੀ ਰਿਹਾ ਕਿ ਛੇਵੇਂ ਸੰਗੀਤ ਸਮੇਲਨ ਦਾ ਅੱਜ ਸ਼ਾਮ ਦਾ ਆਖ਼ਰੀ ਸੈਸ਼ਨ ਕਿਤੇ ਬੇਸੁਆਦ ਹੀ ਨ ਹੋ ਜਾਵੇ !

'ਹਿੰਦੁਸਤਾਨ ਟਾਈਮਜ਼' ਦੀ ਸਰੋਜ ਲੇਖਿਕਾ ਨੇ ਅੱਜ ਮਹਾਰਾਜ ਬੀਰ ਸਿੰਘ ਜੀ ਦਾ ਸਾਖਿਆਤਕਾਰ ਵੀ ਲਿਆ ।

## ਰਵਿੰਦ੍ਰਾਲੇ

ਸ੍ਰੀ ਸਤਿਗੁਰੂ ਜੀ 6.30 ਸ਼ਾਮੀਂ ਸੰਗੀਤ ਸਭਾ ਭਵਨ ਰਵਿੰਦ੍ਰਾਲੇ ਪਹੁੰਚ ਗਏ । ਭਿੱਜਾ ਭਿੱਜਾ ਮੌਸਮ ਹੋਣ ਕਰਕੇ ਹੋਲ ਦੀਆਂ ਸੀਟਾਂ ਪੂਰੀ ਤਰ੍ਹਾਂ ਮੱਲੀਆਂ ਨਹੀਂ ਸਨ ਗਈਆਂ । ਜਾਪਦਾ ਸੀ ਅੱਜ ਹਾਜ਼ਰੀ ਘੱਟ ਰਹੇਗੀ ਤਾਂ ਵੀ ਸਾਂਝੇ ਪ੍ਰਬੰਧਕ ਸਾਰਾ ਕੰਮ ਠੀਕ ਢੰਗ ਨਾਲ ਸਰੰਜਾਮ ਦੇ ਰਹੇ ਸਨ ।

## ਸ. ਮਹਿੰਦਰ ਸਿੰਘ ਅੰਮ੍ਰਿਤਸਰੀ

ਜਦੋਂ ਮੰਚ ਸਕੱਤਰ ਪ੍ਰੋ: ਸੁਖਬੀਰ ਸਿੰਘ ਖੁਲ੍ਹਾਂਟੀ ਨੇ ਐਲਾਨ ਕੀਤਾ ਕਿ ਹੁਣ ਦੀ ਸਭਾ ਦਾ ਆਰੰਭ ਸ. ਮਹਿੰਦਰ ਸਿੰਘ ਦੇ ਗਾਇਨ ਨਾਲ ਹੋਵੇਗਾ ਤਾਂ ਇਕ ਪਤਲਾ ਪਤੰਗ ਸਰੀਰ ਨਾਮਧਾਰੀ ਬਾਣੇ ਦੇ ਬਸਤਰਾਂ ਵਿਚ ਸਟੇਜ ਤੇ ਹਾਜ਼ਰ ਹੋਇਆ । ਨਾਲ ਹੀ ਸ. ਅਵਤਾਰ ਸਿੰਘ ਨਾਮਧਾਰੀ ਫੈਸ਼ਰੂਸ਼ਾ ਵਿਚ ਤਬਲਾ ਸੰਗਤ ਦੇਣ ਲਈ ਆਇਆ, ਸਾਰੰਗੀ ਵਜਾ ਕੇ ਸਾਥ ਇੰਦਰ ਲਾਲ ਆਲਇੰਡੀਆ ਰੇਡੀਓ ਦਿੱਲੀ ਨੇ ਕਰਨਾ ਸੀ । ਤ੍ਰੈਵਾਂ ਨੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ । ਸ੍ਰੀ ਹਜ਼ੂਰ ਨੇ ਦੂੰਨ ਹੱਥਾਂ ਨਾਲ ਆਸ਼ੀਰਵਾਦ ਦਿੱਤੀ ।

ਸ. ਮਹਿੰਦਰ ਸਿੰਘ ਕੁਝ ਨਾਮਧਾਰੀ ਬੱਚਿਆਂ ਦਾ ਉਸਤਾਦ ਵੀ ਹੈ । ਕਾਕਾ ਬਲਜੀਤ ਸਿੰਘ ਏਸੇ ਦਾ ਮੁਖ ਸ਼ਾਗਿਰਦ ਹੈ । ਸ. ਮਹਿੰਦਰ ਸਿੰਘ ਇਕ ਬੜੀ ਦੁਖਾਵੀਂ ਯਾਦ ਨਾਲ ਅਤੀਭੂਤ ਸੀ । ਇਸ ਦਾ ਛੇ ਸਾਲ ਦਾ ਇਕ ਬੱਚਾ 11 ਜਨਵਰੀ ਦਾ ਸਰੀਰ ਤਿਆਗ ਚੁੱਕਾ ਹੈ, ਉਸ ਦਾ ਸੱਲ ਅਜੇ ਦਿਹਦੇ ਕਾਲਜੇ ਵਿਚ ਸੀ । ਫਿਰ ਵੀ ਆਗਿਆ ਪਾਲਣ ਹਿਤ ਆ ਗਿਆ ਹੈ ।



Sri Satguru Jagjit Singh Ji Elibrary NamdhariElibrary@gmail.com

ਕੰਠ ਦਾ ਧਨੀ ਮਹਿੰਦਰ ਸਿੰਘ ਖ਼ਿਆਲ ਗਾਇਕੀ, ਖ਼ਾਸ ਕਰ ਠੁਮਰੀ ਗਾਇਨ ਵਿਚ ਭਾਰਤ ਦੇ ਰਾਸ਼ਟਰਪਤੀ ਵਲੋਂ ਸਨਮਾਨਤ ਹੈ। ਇਸ ਨੇ ਬੈਠਦਿਆਂ ਹੀ ਪੂਰੀਆ ਧਨਾਸਰੀ ਦੀਆਂ ਸੁਰਾਂ ਵਿਚ ਗਾਉਣਾ ਸ਼ੁਰੂ ਕੀਤਾ : ਕਿਉਂ ਮਨ ਸੋਚ ਕਰੇ...ਬੜਾ ਭਿੱਜ ਕੇ ਅਤੇ ਦਿਲ ਦੇ ਦਰਦ ਨਾਲ। 7 ਵਜੇ, ਬਲਦੇਵ ਸਿੰਘ ਹੱਥ ਤਾਨਪੂਰੇ ਦੀਆਂ ਸੁਰਾਂ ਵਿਚੋਂ ਗਾਇਕ ਦੀ ਆਵਾਜ਼ ਉਭਰੀ। ਬੜਾ ਰੰਗ ਬਣਿਆ। ਦੂਜੀ ਚੀਜ਼ ਵਿਲੰਬਤ ਵਿਚ : ਮੁਸ਼ਕਲ ਕਰੋ ਆਸਾਨ ਖ਼ੁਦਾਇਆ ਮੇਰੇ...ਅਤੇ ਤੀਜੀ ਬੰਦਸ਼ 'ਗਾਰਾ' ਵਿਚ ਸੀ : ਪੀਆ ਪਰਦੇਸ ਨ ਜਾ।...ਸਤਿਗੁਰੂ ਜੀ ਨੇ ਮੈਨੂੰ ਵਿਨੋਦ ਨਾਲ ਆਖਿਆ : ਚੂਟ ਚਿੱਕੜ ਰਾਗ ਸੁਣੋ।

ਸਤਿਗੁਰੂ ਜੀ ਦੀ ਲਿਖੀ ਇਕ ਸਲਿੱਪ ਮੇਰੇ ਵਲ ਵਧੀ : ਮਾਈਕ ਵੀ ਅੱਜ ਚੰਗਾ ਹੈ ਅਤੇ ਸੁਆਦ ਵੀ ਲੋੜ ਤੋਂ ਬਹੁਤਾ ਬਣ ਗਿਆ ਹੈ।

ਅੰਤਮ ਚੀਜ਼ਾਂ ਸੁਣਾਉਣ ਲਈ ਹਾਰਮੋਨੀਅਮ ਹੱਥ ਵਿਚ ਲੈਕੇ ਮਹਿੰਦਰ ਸਿੰਘ ਗਾਉਣ ਲਗੇ : ਬੇਦਰਦੀ ਨੈਨਾ ਮਿਲਾ ਚਲੇ ਜੀ...ਅਤੇ ਅਜਿਹੀ ਇਕ ਹੋਰ ਬੰਦਸ਼ ਆਈ : ਆਏ ਸਾਂਵਰੀਆ, ਸੂਨੀ ਨਗਰੀਆ...ਮੁਰਕੀਆਂ ਅਤੇ ਤਾਨਾਂ, ਜ਼ਮਜ਼ਮੇ ਅਤੇ ਫਰਕੇਰੇ ਇਸ ਗਾਇਕ ਦੀ ਸੋਭਾ ਹਨ। ਬੇਲਾ ਭਾ ਗਿਆ, ਸਭਨਾਂ ਦੇ ਮਨ ਭਾ ਗਿਆ। ਬਿਨਾ ਜ਼ੋਰ ਲਾਇਆਂ ਸਹਿਜ ਸਰਲ ਪਰ ਵਿਕਟ ਤਾਨ ਬਾਜ਼ੀ ਕਰਕੇ ਗਾਉਣਾ, ਜਾਣਨ ਵਾਲਿਆਂ ਦੇ ਮਨ ਮੋਂਹਦਾ ਹੈ।

## ਸ੍ਰੀ ਗੋਪਾਲ ਕ੍ਰਿਸ਼ਨ

ਰਾਤੀਂ 8 ਵਜੇ ਤਾਂ ਪ੍ਰਸਿੱਧ ਵੀਣਾ ਵਾਦਕ ਸ੍ਰੀ ਗੋਪਾਲ ਕ੍ਰਿਸ਼ਨ ਵਿਚਿੱਤਰ ਵੀਣਾ ਲੈਕੇ ਆ ਗਏ। ਸਤਿਗੁਰੂ ਜੀ ਪਾਸੋਂ ਆਸ਼ੀਰਵਾਦ ਲੈ, ਸਾਜ਼ ਸਾਹਮਣੇ ਟਿਕਾਅ, ਦੋਹਾਂ ਪਾਸਿਆਂ ਦੇ ਤੂੰਬਿਆਂ ਸਹਾਰੇ ਗੋਲ-ਵੱਟੇ ਨਾਲ ਝੰਕਾਰਾਂ ਪੈਦਾ ਕਰਨ ਲਗੇ। ਮਿਜ਼ਰਾਬ ਤਾਰਾਂ ਛੋਹੇ, ਵੱਟਾ ਸੁਰਾਂ ਕਢੇ। ਸ੍ਰੀ ਪ੍ਰੇਮ ਵਲਭ ਅਤੇ ਸ੍ਰੀ ਸ਼ਿਆਮਲ ਚੌਧਰੀ ਪਖਾਵਜ ਦੀ ਸੰਗਤ ਤੇ ਸਨ। ਰਾਗ ਪੂਰੀਆ ਕਲਿਆਣ ਦੀਆਂ ਸੁਰਾਂ ਬੇ-ਰੋਕ ਡਾਂਡੀ ਉਤੇ ਪੈਦਾ ਕਰਦਿਆਂ ਮੰਡਲ ਗੂੰਜਾ ਦਿਤਾ। ਇਹਨਾਂ ਦੇ ਪ੍ਰੋਗਰਾਮ ਦੇ ਅੰਤ ਤਕ ਹਾਜ਼ਰੀ ਭਰਪੂਰ ਹੋ ਗਈ। ਮਿਸ਼ਰ ਖਮਾਜ ਵੇਲੇ ਸ਼ਿਆਮਲ ਚੌਧਰੀ ਦੀਆਂ ਗਤਾਂ ਵੀ ਵੇਖਣ-ਸੁਣਨ ਵਾਲੀਆਂ ਸਨ।

(ਇਸੇ ਦੌਰਾਨ ਯੂ.ਪੀ. ਜਾਂ ਕਿਸੇ ਦੂਜੇ ਪ੍ਰਾਂਤ ਦੀ ਸਹਿਜਧਾਰੀ ਜੋੜੀ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋ, ਭਜਨ ਪੁੱਛ ਮਾਸ ਸ਼ਰਾਬ ਦਾ ਤਿਆਗ ਕੀਤਾ। ਇਹ ਨਾਮਧਾਰੀਆਂ ਦੇ ਦਰਸ਼ਨਾਂ ਅਤੇ ਕਰਮਾਂ ਤੋਂ 3-4 ਦਿਨਾਂ ਤੋਂ ਪ੍ਰਭਾਵਤ ਸਨ। ਪੁਰਸ਼ ਦਾ ਨਾਂ ਸ੍ਰੀ ਮੁਕਤਾਲ ਸਿੰਘ।)

ਸ੍ਰੀ ਗੋਪਾਲ ਕ੍ਰਿਸ਼ਨ ਨੇ ਖਮਾਚ ਵਜਾ ਕੇ ਸਰੋਤੇ ਮੋਹ ਲਏ। ਇਕ ਆਈਟਮ ਪੀਲੂ ਵਿਚ ਪੇਸ਼ ਕੀਤੀ। ਕਿਆ ਬਾਤਾਂ ਨੇ ਕਲਾਕਾਰ ਦੀਆਂ! ਵਕਤ ਇਨ੍ਹਾਂ ਨੂੰ ਖੁਲ੍ਹਾ ਮਿਲਿਆ—9.45 ਰਾਤ ਤਕ।

ਸ੍ਰੀ ਸਤਿਗੁਰੂ ਜੀ 8.45 ਤੇ ਹੀ ਸ. ਸੁਰਿੰਦਰ ਸਿੰਘ ਮਨਚੰਦਾ, ਸੇਠ ਮਹਿੰਦਰ ਸਿੰਘ



Sri Satguru Jagjit Singh Ji Elibrary NamdhariElibrary@gmail.com

ਪੂਰਬਾ ਅਤੇ ਸ. ਅਵਤਾਰ ਸਿੰਘ ਅੰਮ੍ਰਿਤਸਰੀ ਨਾਲ ਉਸਤਾਦ ਵਲਾਇਤ ਖ਼ਾਂ ਦਲ ਕਾਰਟਨ ਹੋਟਲ, ਕਲਾਕਾਰ ਨੂੰ ਮਜਬੂਰੀ ਦੱਸ, ਚਲੇ ਗਏ। ਖ਼ਾਂ ਸਾਹਿਬ ਦੀ ਬਲੱਡ ਪ੍ਰੈਸ਼ਰ ਨਾਲ ਤਬੀਅਤ ਖ਼ਰਾਬ ਸੀ। ਅੱਗੇ ਡਾਕਟਰ ਵੀ ਪਹੁੰਚਿਆ ਹੋਇਆ ਸੀ। ਖ਼ਾਂ ਸਾਹਿਬ ਆਸ਼ੀਰਵਾਦ ਮੰਗਦੇ ਰਹੇ ਕਿ ਉਹ ਹਰ ਹਾਲਤ ਵਿਚ ਇਸ ਸਮੇਲਨ ਸਮੇਂ ਆਪਣਾ ਪ੍ਰੋਗਰਾਮ ਪੇਸ਼ ਕਰਨ। ਸ੍ਰੀ ਸਤਿਗੁਰੂ ਛੇਤੀ ਹੀ ਪਰਤ ਆਏ।

## ਇਕ ਸਾਂਝਾ ਗਰੁੱਪ ਵੀ

ਵੀਣਾ ਵਾਦਨ ਸਮਾਪਤੀ ਤੇ ਸ੍ਰੀ ਹਰਭਜਨ ਸਿੰਘ ਸਿਤਾਰ, ਸੁਰਿੰਦਰ ਸਿੰਘ ਸੁਮਨ (ਦੋਵੇਂ ਨਵੀਂ ਦਿੱਲੀ) ਮਹਾਰਾਜ ਬੀਰ ਸਿੰਘ ਜੀ ਅਤੇ ਭਾਈ ਨਿਹਾਲ ਸਿੰਘ ਮੰਚ ਸੱਸਜਤ ਹੋ ਗਏ, ਆਸ਼ੀਰਵਾਦ ਹਾਸਲ ਕਰਕੇ। ਨਾਮਧਾਰੀ ਜੁੱਟ ਨੇ ਰਾਗ ਮਾਲਕੌਂਸ ਤਾਲ ਧਮਾਰ ਵਿਚ ਸ਼ੁਰੂ ਕੀਤਾ : ਹੇ ਸਹੇਰੀ ਮੋਰੀ...। ਇਹ ਧਰੁਪਦ ਸੀ। ਹਰਭਜਨ ਸਿੰਘ ਦੀ ਰਸੀ ਹੋਈ, ਭਰਵੀਂ ਅਤੇ ਸੰਮਵੀਂ ਆਵਾਜ਼ ਨੇ ਧਰੁਪਦ ਅਤੇ ਧਮਾਰ ਦੀ ਗਹਿਰਾਈ ਦਾ ਆਨੰਦ ਦਿਤਾ। ਮਹਾਰਾਜ ਜੀ ਨੇ ਹਰਭਜਨ ਸਿੰਘ ਨਾਲ ਪੰਜਾਬੀ ਅੰਗ ਦੀ ਪਖਾਵਜ ਵਜਾ ਕੇ ਰਫਲੇ ਤੇ ਸੰਗਤ ਕੀਤੀ।

ਸਤਿਗੁਰੂ ਜੀ ਨੇ ਮੇਰੇ ਕੰਨ ਵਿਚ ਆਪਣੀ ਇੱਛਾ ਦੱਸੀ ਕਿ ਐਸੇ ਆਯੋਜਨਾਂ ਵਿਚ ਇਕ ਕੁਮੈਂਟ ਬੁਕ ਵੀ ਜ਼ਰੂਰ ਰੱਖੀ ਰਹਿਣੀ ਚਾਹੀਦੀ ਹੈ ਤਾਕਿ ਸਾਨੂੰ ਸਾਡੀਆਂ ਕਰਨੀਆਂ ਅਤੇ ਗ਼ਲਤੀਆਂ ਦਾ ਪਤਾ ਲਗਦਾ ਰਹੇ, ਰੌਕਾਰਡ ਵੀ ਰਹੇ ਅਤੇ ਅਸੀਂ ਕਰਨ ਵਾਲੀਆਂ ਗੱਲਾਂ ਵਲ ਧਿਆਨ ਦੇਈਏ।

## ਉਸਤਾਦ ਵਲਾਇਤ ਖ਼ਾਂ

10.30 ਰਾਤ, ਹਾਲ ਖਚਾਖਚ ਭਰ ਗਿਆ। ਗੈਲਰੀ ਵੀ ਫੁਲ ਹੋ ਗਈ। ਅਨਾਊਂਸਮੈਂਟ ਬਾਅਦ ਜਦੋਂ ਖ਼ਾਂ ਸਾਹਿਬ ਮੰਚ ਉਤੇ ਉਪਸਥਿਤ ਹੋਏ, ਤਾਂ ਤਾੜੀਆਂ ਨਾਲ ਹਾਲ ਗੂੰਜ ਉਠਿਆ। ਲਾਲ ਬੂਟੀ ਵਾਲਾ ਕਾਲਾ ਕੁਰਤਾ ਅਤੇ ਚੂੜੀਦਾਰ ਪਜਾਮਾ ਪਹਿਨੀ ਖ਼ਾਂ ਸਾਹਿਬ ਸਿੱਧੇ ਹੀ ਆਏ ਨਿਸ਼ਚਤ ਸਥਾਨ ਤੇ ਬੈਠ ਗਏ। ਜਦੋਂ ਉਨ੍ਹਾਂ ਵੀ ਤਬਲਾ ਸੰਗਤ ਕਰਨ ਵਾਲੇ ਪੰ: ਸਾਮਤਾ ਪ੍ਰਸਾਦ ਸਤਿਗੁਰਾਂ ਨੂੰ ਨਮਸਕਾਰ ਕਰ ਹਾਰ ਪੁਆ ਆਏ ਤਾਂ ਖ਼ਾਂ ਸਾਹਿਬ ਉਠੇ। ਸਤਿਗੁਰੂ ਜੀ ਨੇ ਮਹਾਰਾਜ ਜੀ ਦੁਆਰਾ ਮੰਚ ਤੇ ਖਲੋਤਿਆਂ ਹੀ ਹਾਰ ਪਹਿਨਾਅ ਦਿਤਾ।

ਸਾਮਤਾ ਪ੍ਰਸਾਦ ਕਾਲੀ ਪਲੇਟ ਦਾ, ਕਢਾਈਦਾਰ ਕੁਰਤਾ ਅਤੇ ਕਾਲਾ ਸ਼ਾਲ ਲਈ, ਮੂੰਹ ਵਿਚ ਪਾਨ ਦਬਾਈ ਤਦ ਤਕ ਖ਼ਾਂ ਸਾਹਿਬ ਪਾਸ ਬੈਠੇ ਰਹੇ ਜਦ ਤਕ ਆਲਾਪ ਖ਼ਤਮ ਨਹੀਂ ਹੋਇਆ।

ਡਾਕਟਰ ਨੇ ਨਬਜ਼ ਅਤੇ ਖ਼ੂਨ ਦਾ ਦਬਾਅ ਵੇਖ ਕੇ ਹਦਾਇਤ ਕੀਤੀ ਸੀ ਕਿ ਖ਼ਾਂ ਸਾਹਿਬ 20 ਮਿੰਟ ਤੋਂ ਵੱਧ ਨ ਵਜਾਣ। ਪਰ ਜਦੋਂ ਖ਼ਾਂ ਸਾਹਿਬ ਮੰਚ ਉਤੇ ਆਏ ਤਾਂ ਇਹਨਾਂ ਦਾ ਡਾਕਟਰ ਵੀ ਇਹਤਿਆਤਨ ਪਿੱਛੇ ਆਣ ਬੈਠਾ। ਖ਼ਾਂ ਸਾਹਿਬ ਦੇ



Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਸ਼ਾਗਿਰਦ ਧਰਮ ਵੀਰ ਸਿੰਘ ਅਤੇ ਸ਼ੇਰ ਸਿੰਘ ਰਾਵਲਾ ਤਾਨਪੂਰੇ ਲੈ ਕੇ ਬੈਠ ਗਏ ।

ਹਾਲ ਵਿਚ ਪੂਰੀ ਤਰ੍ਹਾਂ ਖ਼ਾਮੋਸ਼ੀ ਸੀ । ਸਤਿਗੁਰੂ ਜੀ ਤੋਂ ਆਗਿਆ ਲੈ, ਸਿਤਾਰ ਤੇ ਰਾਗ ਝਿੰਝੋਟੀ ਦੀਆਂ ਸੁਰਾਂ ਛੇੜੀਆਂ । ਨਿੱਕੀਆਂ ਨਿੱਕੀਆਂ ਛੋਹਾਂ ਨਾਲ, ਜਿਨ੍ਹਾਂ ਤੋਂ ਦਰਦ, ਬਿਰਹੜਾ, ਤਰਲਾ ਉਪਜਦਾ ਅਤੇ ਹਿਰਦੇ ਨੂੰ ਖਿੱਚਾਂ ਪੈਂਦੀਆਂ । ਘੜੀ ਮੁੜੀ ਵਾਹ ਵਾਹ ਤੇ ਤਾਲੀਆਂ ਦੀ ਗੂੰਜ ਉਠਦੀ ਰਹੀ ।

ਪੰਜਾਹ ਵਰ੍ਹਿਆਂ ਦੇ ਕਲਾਕਾਰ ਦਾ ਪ੍ਰੌਢ ਮੁਖ, ਅੱਧਾ ਗੰਜ, ਅਤੇ ਪਿੱਛੇ ਸੁੱਟੇ ਵਾਲ ਸਾਰੇ ਹੀ ਇਕ ਕੋਮਲਤਾ ਦਾ ਸੰਚਾਰ ਕਰਦੇ ਸਨ । ਅੱਖੇ ਖੋਲ ਕੇ, ਜੋੜ ਝਾਲਾ ਵਜਾ ਕੇ ਜਦੋਂ ਤਬਲੇ ਨਾਲ ਸਿਤਾਰ ਦੀਆਂ ਗੱਲਾਂ ਕਰਵਾਂਦੇ, ਕਦੇ ਕਦੇ ਆਪ ਵੀ ਨਾਲ ਗਾ ਉਠਦੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ । ਸਿਤਾਰ ਕਦੇ ਪਿਆਰ ਦੀਆਂ ਗੱਲਾਂ ਕਰਦੀ, ਕਦੇ ਮਿਹਣੇ ਤਾਹਨੇ ਮਾਰਦੀ, ਕਦੇ ਕਦੇ ਜਿਵੇਂ ਗੁੱਸੇ ਰੋਸੇ ਵਿਚ ਵਿਆਕੁਲ ਹੋ ਉਠਦੀ ।

ਪੰ: ਸਾਮਤਾ ਪ੍ਰਸਾਦ ਦੀ ਕੋਮਲ ਪਰ ਨਖਰੇਲੇ ਵਜਾਣੀ ਵੀ ਸਰੋਤਿਆਂ ਨੂੰ ਆਨੰਦ ਬਖ਼ਸ਼ਦੀ ਅਤੇ ਤਾਲੀਆਂ ਪ੍ਰਾਪਤ ਕਰਦੀ । ਕਲਾਕਾਰ ਕਿਵੇਂ ਜਾਦੂ ਕਰ ਜਾਂਦਾ ਹੈ, ਇਹ ਸਭਾ ਇਹਦਾ ਪ੍ਰਤੱਖ ਪ੍ਰਮਾਣ ਸੀ ।

ਸਤਿਗੁਰੂ ਜੀ ਅਜ ਲਗਾਤਾਰ ਦੇ ਆਰਾਮੀ ਦਾ ਸੁਆਦ ਮਾਣ ਰਹੇ ਸਨ । ਗਲੇ ਵਲੋਂ ਕੁਝ ਪਰੇਸ਼ਾਨੀ ਸੀ । ਆਪ ਜੀ ਦਾ ਸਕੱਤਰ ਹਰਸੇਮ ਸਿੰਘ ਮਲੱਠੀ ਦੀਆਂ ਛਿੱਲ ਕੇ ਸਾਫ ਕੀਤੀਆਂ ਛੋਟੀਆਂ ਛੋਟੀਆਂ ਡਿੰਗਾਂ ਸਤਿਗੁਰੂ ਨੂੰ ਮੁੱਖ ਵਿਚ ਪਾ ਚਬਾਣ ਤੇ ਇਨ੍ਹਾਂ ਦਾ ਰਸ ਅੰਦਰ ਲੰਘਾਣ ਲਈ ਦਿੰਦਾ ਰਿਹਾ ।

ਖ਼ਾਂ ਸਾਹਿਬ ਵਜਾਂਦਿਆਂ-ਵਜਾਂਦਿਆਂ ਜਦੋਂ ਸਮ ਉਤੇ ਆਉਂਦੇ ਤਾਂ ਸਤਿਗੁਰੂ ਜੀ ਵਲ ਮਿੱਠੀਆਂ ਨਜ਼ਰਾਂ ਨਾਲ ਵੇਖਦੇ । ਉਨ੍ਹਾਂ ਦਾ ਇਕ ਵਾਰ ਨਮਰ ਨਵੇਦਨ ਸੁਣ ਕਲਾ ਪਿਆਰੇ ਸਤਿਗੁਰੂ ਮੈਨੂੰ ਬੋਲੇ : (ਅਦਬ ਆਦਾਬ) ਵਿਚ ਚੀਜ਼ਾਂ ਬਹੁਤਿਆਂ ਨਾਲੋਂ ਵਾਧੂ ਨੇ ਇਹਨਾਂ ਵਿਚ ।

ਝਿੰਝੋਟੀ ਦੇ ਖ਼ਾਤਮੇ ਤੇ ਲੋਕਾਂ ਵਲੋਂ ਭੈਰਵੀ ਦੀ ਫ਼ਰਮਾਇਸ਼ (ਸਮਾਂ 12.30 ਰਾਤ) ਸੁਣ ਖ਼ਾਂ ਸਾਹਿਬ ਨੇ ਆਖਿਆ : ਬੜੀ ਖ਼ੁਸ਼ਕਿਸਮਤੀ ਕੀ ਬਾਤ ਹੈ ਕਿ ਹਮਾਰੇ ਦੇਸ਼ ਕਾ ਏਕ ਏਕ ਸ਼ਹਿਰ ਅਪਨਾ ਅਪਨਾ ਅੰਗ ਰਖਤਾ ਹੈ । ਪੂਰਬ ਕਾ ਅੰਗ, ਰੌਂਤੇ ਕਾ ਅੰਗ, ਬਨਾਰਸ ਕਾ ਅੰਗ ਔਰ ਲਖਨਵੀ ਅੰਗ । ਆਜ ਮੈਂ ਲਖਨਊ ਕੇ ਅੰਗ ਮੇਂ ਠੁਮਰੀ ਬਜਾਤਾ ਹੂੰ...

ਅਤੇ ਸਿਤਾਰ ਮੁੜ ਗੱਲਾਂ ਕਰਨ ਲਗ ਪਈ ਦਿਲ ਦੀਆਂ, ਦਿਮਾਗ਼ ਦੀਆਂ ਅਤੇ ਮਨ ਦੀਆਂ । ਸਰੋਤਿਆਂ ਵਲੋਂ 'ਆਹਾ ਹਾਹਾ' ਹੋਣ ਲੱਗ ਪਈ । ਭੈਰਵੀ-ਆਰੰਭ ਤੋਂ ਪਹਿਲਾਂ ਖ਼ਾਂ ਸਾਹਿਬ ਨੇ ਕਿਹਾ ਸੀ ਕਿ ਉਹ ਸਤਿਗੁਰੂ ਜੀ ਦੀ ਦੁਆ ਸਦਕਾ ਹੀ ਵਜਾ ਰਹੇ ਹਨ, ਨਹੀਂ ਤਾਂ ਡਾਕਟਰ ਤਾਂ ਮਨ੍ਹਾ ਕਰੀ ਬੈਠਾ ਹੈ । ਅਤੇ ਸੁਘੜ ਸਰੋਤਿਆਂ ਦਾ ਰਸਾਸੁਆਦਨ ਕਰਨ ਦੀ ਅਵਸਥਾ ਵੇਖ ਖ਼ਾਂ ਸਾਹਿਬ ਬੋਲੇ ਸਨ :



Sri Satguru Jagjit Singh Ji Elibrary NamdhariElibrary@gmail.com

ਅਜਿਹੇ ਸ਼ਾਂਤ ਭਾਵ ਨਾਲ ਸੁਣਨ ਵਾਲੇ ਸਰੋਤਿਆਂ ਪਾਸ ਤਾਂ ਸਾਰੀ ਰਾਤ ਵਜਾਂਦੇ ਰਹਿਣ ਤੇ ਜੀ ਕਰਦਾ ਹੈ।

## ਸਮਾਪਤੀ ਦੇ ਸ਼ਬਦ

ਨਵੇਂ ਦਿਨ ਦਾ ਆਰੰਭ ਹੋ ਚੁੱਕਾ ਸੀ, ਰਾਤ ਦੇ 12.45 ਹੋ ਗਏ ਸਨ। ਸਤਿਗੁਰੂ ਪ੍ਰਤਾਪ ਸਿੰਘ ਛੇਵੇਂ ਸਿਮ੍ਰਤੀ ਸੰਗੀਤ ਸੰਮੇਲਨ ਦੀ ਸਭਾ ਸਮਾਪਤ ਹੋ ਗਈ। ਸ੍ਰੀ ਸਤਿਗੁਰੂ ਜੀ ਨੇ ਸੰਮੇਲਨ ਸਮਾਪਤੀ ਲਈ ਇਹ ਸ਼ਬਦ ਹਿੰਦੀ ਵਿਚ ਆਖੇ :

ਪਰਮ ਸਤਿਕਾਰਯੋਗ ਸਾਧ ਸੰਗਤ ਤਥਾ ਸਰੋਤਾ ਗਣ ! ਲਖਨਊ ਨਿਵਾਸੀ ਸੱਜਣੋ !! ਆਪ ਨੇ ਕੁਛ ਦਿਨਾਂ ਤੋਂ ਚਿੱਟੇ ਕਪੜਿਆਂ ਵਾਲਿਆਂ ਨੂੰ ਸੰਗੀਤ ਦੇ ਬਾਰੇ ਕੰਮ ਕਰਦਿਆਂ ਵੇਖਿਆ ਹੈ। ਇਹਨਾਂ ਕੰਮ ਕਰਨ ਵਾਲਿਆਂ ਤੋਂ ਬਹੁਤ ਸਾਰੀਆਂ ਗ਼ਲਤੀਆਂ ਵੀ ਹੋਈਆਂ ਹੋਣਗੀਆਂ, ਖ਼ਾਮੀਆਂ ਵੀ ਰਹਿ ਗਈਆਂ ਹੋਣਗੀਆਂ, ਇਹਨਾਂ ਸਭ ਲਈ ਆਪ ਤੋਂ ਖਿਮਾ ਮੰਗਦਾ ਹਾਂ, ਲਖਨਊ ਦੀ ਨਾਮਧਾਰੀ ਸੰਗਤ ਵਲੋਂ ਅਤੇ ਪ੍ਰਬੰਧਕਾਂ ਵਲੋਂ। ਜਿਨ੍ਹਾਂ ਨੇ ਸਾਨੂੰ ਸਹਿਯੋਗ ਦਿੱਤਾ ਸੁਸ਼ੀਲਾ ਮਿਸ਼ਰਾ (ਮਿਊਜ਼ਿਕ ਪ੍ਰੋਡਿਊਸਰ ਆਲ ਇੰਡੀਆ ਰੇਡੀਓ, ਲਖਨਊ), ਜਿਨ੍ਹਾਂ ਨੇ ਲੇਖ ਲਿਖ ਕੇ ਅਤੇ ਕੀਮਤੀ ਸੁਝਾਉ ਦੇ ਕੇ ਸਾਡੀ ਮਦਦ ਕੀਤੀ। ਸਮਾਂ ਥੋੜ੍ਹਾ ਹੈ। ਜੋ ਮੈਂ ਕਹਿ ਰਿਹਾ ਹਾਂ ਅੰਤਮ ਸਮੇਂ ਦਸਾਂਗਾ। ਲਖਨਊ ਰੇਡੀਓ ਵਾਲਿਆਂ ਵੀ ਸਾਡੀ ਮਦਦ ਕੀਤੀ। ਮਹਾਰਾਜ ਬੀਰ ਸਿੰਘ ਜੀ ਦਾ ਇੰਟਰਵਿਊ ਲਿਆ। ਏਥੇ ਰਹਿੰਦੇ ਸਾਡੇ ਬਹੁਤ ਪੁਰਾਣੇ ਸ. ਬਹਾਦੁਰ, ਸ. ਸ਼ਿੰਗਾਰਾ ਸਿੰਘ ਜੀ ਦੇ ਸਪੁੱਤਰ ਸ: ਕਰਮ ਜੀਤ ਸਿੰਘ ਜੀ, ਜੋ ਆਨਰੇਰੀ ਮੈਜਿਸਟਰੇਟ ਵੀ ਹਨ, ਕੁਛ ਸੇਵਾ ਉਨ੍ਹਾਂ ਵੀ ਆਪਣੇ ਵਲੋਂ ਕੀਤੀ ਹੈ, ਉਹ ਏਥੋਂ ਦੀ ਨਾਮਧਾਰੀ ਸੰਗਤ ਹੀ ਜਾਣਦੀ ਹੈ। ਉਹ ਬਹੁਤ ਮਸਰੂਫ਼ ਵਿਅਕਤੀ ਸਨ, ਫਿਰ ਵੀ ਰੋਜ਼ਾਨਾ ਸੰਗੀਤ ਸੁਣਨ ਆਉਂਦੇ ਰਹੇ। ਨਾਮਧਾਰੀ ਸੰਗਤ ਲਖਨਊ ਜਿਸ ਨੇ ਆਪਣੇ ਜ਼ਿੰਮੇ ਇਹ ਬਹੁਤ ਵੱਡਾ ਬੋਝ ਲਿਆ,...ਅੱਜ ਦੇ ਜ਼ਮਾਨੇ ਵਿਚ, ਜਦੋਂ ਕਿ ਰੁਪਿਆ ਇਸ ਸ਼ਕਲ ਵਿਚ ਖਰਚਣਾ, ਕਿ ਇਸ ਦਾ ਮੇਰੇ ਲਈ ਕੀ ਆਏਗਾ, ਕੀ ਨਹੀਂ, ਪ੍ਰਮੁੱਖ ਰਹਿੰਦਾ ਹੈ, ਬਹੁਤ ਮੁਸ਼ਕਲ ਹੈ। ਫਿਰ ਵੀ ਉਨ੍ਹਾਂ ਨੇ ਖੁੱਲ੍ਹੇ ਦਿਲ ਰੁਪਿਆ ਖ਼ਰਚਿਆ ਹੈ। ਸਾਥੋਂ ਕੁਛ ਕਮੀਆਂ ਰਹਿ ਹੀ ਗਈਆਂ। ਏਥੇ ਸਿੱਖਾਂ ਦੀ ਆਬਾਦੀ ਬਹੁਤ ਹੈ, ਅਸੀਂ ਜਾਂ ਤਾਂ ਉਨ੍ਹਾਂ ਪਾਸ ਪਹੁੰਚ ਨਹੀਂ ਸਕੇ ਜਾਂ ਉਨ੍ਹਾਂ ਨੂੰ ਲਿਆਉਣ ਵਿਚ ਕੋਈ ਕਸਰ ਰਹਿ ਗਈ। ਮਨ ਕਰਦਾ ਸੀ ਕਿ ਦੂਸਰੇ ਸਿੱਖ ਭਾਈ ਵੀ ਸੰਗੀਤ ਸੰਮੇਲਨ ਸਮੇਂ ਦਰਸ਼ਨ ਦਿੰਦੇ, ਅਸੀਂ ਉਨ੍ਹਾਂ ਦਾ ਦਰਸ਼ਨ ਲਾਭ ਉਠਾਂਦੇ।

ਜੋ ਸਾਡੇ ਕਲਾਕਾਰ ਹਨ, ਸਾਨੂੰ ਮਦਦ ਦਿੰਦੇ ਹਨ, ਸਾਡੇ ਰਹਿਣ ਤੇ। (ਸਤਿਗੁਰੂ ਜੀ ਦੇ ਕਥਨ ਦਾ ਤਾਤਪਰਜ ਇਹ ਸੀ ਕਿ ਸ੍ਰੇਸ਼ਟ ਕਲਾਕਾਰਾਂ ਵਿਚੋਂ ਉਸਤਾਦ ਅਮਜਦ ਅਲੀ ਤਾਂ ਇਸ ਕੰਮ ਨੂੰ ਆਪਣਾ ਹੀ ਸਮਝਦੇ ਹਨ ਹਰ ਤਰ੍ਹਾਂ ਨਾਲ, ਬਿਨਾ ਵਕਤ ਦੇ ਇਮਤਿਆਜ਼ ਤੋਂ, ਸਹਿਯੋਗ ਦਿੰਦੇ ਹਨ। ਕਿਸ਼ਨ ਮਹਾਰਾਜ ਵਰਗੇ ਕਲਾਕਾਰ ਸਾਨੂੰ ਹਾਜ਼ਰੀ ਲੁਆਣ ਵਿਚ ਸਹਾਇਕ ਹੋਏ। ਇਸ ਤਰ੍ਹਾਂ ਸਭ ਕਲਾਕਾਰਾਂ



Sri Satguru Jagjit Singh Ji Elibrary NamdhariElibrary@gmail.com

ਦਾ ਨਾਮ ਲੈ ਲੈ ਕੇ ਆਪ ਜੀ ਨੇ ਸਭ ਨੂੰ ਸਨੇਹ ਦਿੱਤਾ। ਉਸਤਾਦ ਵਲਾਇਤ ਖ਼ਾਂ-ਖਾਂ ਨੇ ਵੀ ਬੜੇ ਚੰਗੇ ਸ਼ਬਦ ਆਖੇ।)

ਅਤੇ ਇਸ ਤਰ੍ਹਾਂ ਜਦੋਂ ਸਭ ਦਾ ਧਨਵਾਦ ਹੋ ਚੁੱਕਾ ਤਾਂ ਪਬਲਿਕ ਦੇ ਉਠਣ ਦੇ ਰਉਂ ਨੂੰ ਸ਼ਾਂਤ ਕਰਦਿਆਂ ਮੈਂ ਮਾਈਕ ਸਾਮ੍ਹਣੇ ਆ ਗਿਆ ਅਤੇ ਲਖਨਊ ਦੀ ਸੰਗਤ ਵਲੋਂ ਪਰਮ ਸਤਿਕਾਰ ਯੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਧਨਵਾਦ ਕੀਤਾ ਜਿਨ੍ਹਾਂ ਨੇ ਕਿਰਪਾ ਪੂਰਵਕ ਦਰਸ਼ਨ ਦੇ ਕੇ ਇਨ੍ਹਾਂ ਦੀ ਪ੍ਰਾਰਥਨਾ ਸੁਣੀ ਅਤੇ ਏਨਾ ਵੱਡਾ ਸਮਾਗਮ ਰਚ ਕੇ ਸਭ ਨੂੰ ਕਿਰਤਾਰਥ ਕੀਤਾ।

ਇੰਜ ਇਕ ਵਜੇ ਰਵਿੰਦ੍ਰਾਲੇ ਸਾਡੇ ਸ਼ਾਸਤਰੀ ਸੰਗੀਤ ਪ੍ਰੋਗਰਾਮਾਂ ਵਲੋਂ ਸ਼ਾਂਤ ਹੋ ਗਿਆ।

ਸਭ ਸਰੋਤੇ ਅਤੇ ਪ੍ਰਬੰਧਕ ਆਪਣੀਆਂ ਗੱਡੀਆਂ, ਸਕੂਟਰਾਂ, ਬਸਾਂ ਆਦਿ ਵਿਚ ਘਰਾਂ ਨੂੰ ਰਵਾਨਾ ਹੋਣ ਲੱਗੇ। ਅਗਲੇ ਦਿਨ ਦਾ ਆਗਾਜ਼ ਹੋ ਚੁੱਕਾ ਸੀ। ਭਾਵੇਂ ਸ਼ਾਸਤਰੀ ਸੰਗੀਤ ਸਮੇਲਨ ਦਾ ਸਾਰਾ ਪ੍ਰੋਗਰਾਮ ਬੜਾ ਨਿੱਠਵਾਂ, ਸਬਰਾਂ ਤੇ ਮਨ ਮੋਲਵਾਂ ਤਾਂ ਸੀ ਹੀ ਪਰ ਕਿਸੇ ਤਰ੍ਹਾਂ ਦੀ ਵੀ ਬੇਸੁਆਦੀ ਇਹਨਾਂ ਛੇ ਦਿਨਾਂ ਵਿਚ ਵੇਖਣ ਨੂੰ ਨਹੀਂ ਮਿਲੀ।

ਵਿਚਿ ਕਰਤਾ ਪੁਰਖੁ ਖਲੋਆ।
ਵਾਲੁ ਨ ਵਿੰਗਾ ਹੋਆ।

ਜੋ ਵੀ ਸਾਨੂੰ ਮਿਲਿਆ, ਉਸ ਨੇ ਇਸ ਪ੍ਰੋਗਰਾਮ ਦੀ ਸਫਲਤਾ ਦੀ ਸਲਾਘਾ ਕਰ ਕੇ ਨਾਮਧਾਰੀਆਂ ਦੇ ਹੌਂਸਲੇ ਬੁਲੰਦ ਕੀਤੇ।

## 7 ਫ਼ਰਵਰੀ 1979, ਬੁਧਵਾਰ
## ਲਖਨਊ (ਯੂ. ਪੀ.)

### ਮੇਲਾ ਚਲੋ ਚਲੀ ਦਾ

ਸਤਿਗੁਰੂ ਪ੍ਰਤਾਪ ਸਿੰਘ ਜੋਦਾਂ ਸਿਮ੍ਰਤੀ ਸੰਗੀਤ ਸਮੇਲਨ ਖ਼ਤਮ ਹੋ ਚੁੱਕਾ ਸੀ। ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ ਬਾਹਰੋਂ ਆਏ ਹਰ ਕਿਸੇ ਦੀਆਂ ਰੇਲਵੇ ਅਤੇ ਹਵਾਈ ਜਹਾਜ਼ ਦੀਆਂ ਸੀਟਾਂ ਬੁਕ ਹੋ ਚੁੱਕੀਆਂ ਸਨ। ਸ. ਹਰਭਜਨ ਸਿੰਘ ਦੇ ਛੋਟੇ ਭਾਈ ਸ. ਹਰਮੀਤ ਸਿੰਘ ਅਤੇ ਬਲਵਿੰਦਰ ਸਿੰਘ (ਸੂਬਾ ਦੇਬੀ ਜੀ ਦਾ ਸਪੁੱਤਰ), ਦੀ ਇਹੋ ਡਿਊਟੀ ਸੀ ਕਿ ਉਹ ਸੀਟਾਂ ਬੁਕ ਕਰਵਾਣ, ਹੁਕਮ ਅਨੁਸਾਰ ਕੈਂਸਲ ਕਰਵਾਣ ਅਤੇ ਫਿਰ ਬੁਕ ਕਰਵਾਣ। ਸਿੰਘ ਸਨੇਹ ਪੂਰਣ ਆਗਿਆ ਪਾਲਣ ਕਰਦੇ ਰਹੇ।

ਅਤੇ 10 ਕੁ ਸਰੀਰਾਂ ਨੇ 11.30 ਵਜੇ ਦੁਪਹਿਰੇ ਕਲਕੱਤੇ ਲਈ ਰੇਲ ਫੜ ਲੈਣੀ ਸੀ। ਅਸੀਂ ਤਾਂ ਥੋੜ੍ਹਾ ਕੁ ਸੌਂ, ਨਹਾ-ਧੋ, ਕੁਝ ਖਾ ਪੀ ਜਾਣ ਦੀਆਂ ਤਿਆਰੀਆਂ ਵਿਚ ਜੁੱਟ ਗਏ।

ਸ੍ਰੀ ਸਤਿਗੁਰੂ ਜੀ 2 ਕੁ ਵਜੇ ਵਿਸ਼ਰਾਮ ਕਰਕੇ ਹੋਟਲੋਂ ਅਤੇ 5.00 ਵਜੇ ਤਕ ਹਰ



Sri Satguru Jagjit Singh Ji Elibrary NamdhariElibrary@gmail.com

ਪਰਕਾਰ ਤਿਆਰ ਹੋ ਨਾਮਧਾਰੀ ਧਰਮਸਾਲਾ ਵਿਖੇ ਆਸਾ ਦੀ ਵਾਰ ਦਾ ਕੀਰਤਨ ਸੁਣਨ ਪਧਾਰੇ। ਅੱਜ ਵਾਰ ਦਾ ਆਰੰਭ ਵੀ 5 ਵਜੇ ਹੀ ਹੋਣਾ ਸੀ।

## ਸੰਤ ਹਰਭਜਨ ਸਿੰਘ ਜੀ ਠੇਕੇਦਾਰ

7.45 ਤੇ ਜਾਂ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰ ਆਪਣੇ ਡੇਰੇ ਪੁੱਜੇ ਤਾਂ ਥੋੜ੍ਹੇ ਸਮੇਂ ਬਾਅਦ ਸ. ਹਰਭਜਨ ਸਿੰਘ ਠੇਕੇਦਾਰ ਵੀ ਆ ਗਏ। ਉਨ੍ਹਾਂ ਗੁਰਦੇਵ ਸਿੰਘ ਸਰੋਦ ਨੂੰ ਪੁੱਛਿਆ, ਕਿਸ ਦੀ, ਕੀ ਕੀ ਸੇਵਾ ਕਰਨੀ ਹੈ। ਗੁਰਦੇਵ ਸਿੰਘ ਦੇ ਕਹਿਣ ਤੇ ਹਰਭਜਨ ਸਿੰਘ ਜੀ ਦੀ ਉਦਾਰਤਾ ਉਛਲ ਪਈ ਅਤੇ ਸਾਰੇ ਸਾਰੇ ਗਰੁੱਪ ਨੂੰ ਯਥਾਯੋਗ ਨਕਦ ਸਨਮਾਨ ਨਾਲ ਸਤਿਕਾਰਿਆ ਗਿਆ। ਸ. ਹਰਭਜਨ ਸਿੰਘ ਨੇ ਗੁਰਦੇਵ ਸਿੰਘ ਦੇ ਪ੍ਰਬੰਧ, ਪਹੁੰਚ ਅਤੇ ਯੋਗਤਾ ਦੀ ਸਲਾਹੁਤਾ ਕੀਤੀ ਅਤੇ ਉਹਦੇ ਕਹਿਣ ਤੇ ਫੁੱਲ ਚਾਹੜੇ। ਇੰਨਾ ਵਧੇਰੇ ਖ਼ਰਚ ਕਰਦਿਆਂ ਵੀ ਉਹਨਾਂ ਨੂੰ ਕੋਈ ਮਾਣ ਨਹੀਂ ਸੀ।

## ਰੇਲਵੇ ਸਟੇਸ਼ਨ ਉਤੇ

ਅਸਮਾਨ ਅੱਜ ਖ਼ਾਸਾ ਨਾਰਾਜ਼ ਸੀ। ਬੱਦਲਵਾਈ ਤਾਂ ਸੀ ਹੀ ਪਰ 10 ਵਜੇ ਤਕ ਜ਼ਬਰਦਸਤ ਬਾਰਸ਼ ਹੋਣ ਲਗ ਪਈ। ਆਉਣਾ-ਜਾਣਾ ਬੜਾ ਮੁਸ਼ਕਿਲ ਹੋ ਗਿਆ। ਸਾਨੂੰ 11.00 ਤਕ ਸਟੇਸ਼ਨ ਤੇ ਪਹੁੰਚ ਜਾਣਾ ਚਾਹੀਦਾ ਸੀ ਪਰ ਮਸਾਂ ਹੀ 11.25 ਤਕ ਪਹੁੰਚ ਸਕੇ। ਅੱਗੇ ਸ੍ਰੀ ਸਤਿਗੁਰੂ ਜੀ ਆਪਣੇ ਬੱਚਿਆਂ, ਅਰਥਾਤ ਅਸਾਨੂੰ, ਉਡੀਕ ਰਹੇ ਸਨ। ਇਸ ਸਨੇਹ ਅਤੇ ਮਾਣ ਨਾਲ ਸਾਡੇ ਹਿਰਦੇ ਗਦ ਗਦ ਹੋ ਉੱਠੇ, ਇਹ ਸਤਿਗੁਰੂ ਹੀ ਹੋਣ ਨ। ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ।

ਜਿਨ੍ਹਾਂ ਨੇ ਪੰਜਾਬ ਮੇਲ ਤੇ ਜਾਣਾ ਸੀ ਉਨ੍ਹਾਂ ਸਤਿਗੁਰੂ ਜੀ ਦੇ ਚਰਨ ਛੂਹ-ਛੂਹ ਨਮਸਕਾਰ ਕੀਤੀ। ਜਾਣ ਵਾਲੇ ਸਨ :, 1. ਸੰਤ ਖ਼ਜ਼ਾਨ ਸਿੰਘ ਰਾਗੀ, 2. ਸ੍ਰੀ ਹਰਬੰਸ ਸਿੰਘ ਘੁੱਲਾ, 3. ਸੰਤ ਹਜ਼ੂਰ ਸਿੰਘ ਰੈਣੂਹਾਂਸ, 4. ਸ੍ਰੀ ਹਰਭਜਨ ਸਿੰਘ ਸਿਤਾਰ 5. ਸ੍ਰੀ ਬਲਦੇਵ ਸਿੰਘ ਰਾਣੀਆਂ, 6. ਸ੍ਰੀ ਮੋਹਣ ਸਿੰਘ, 7. ਸ੍ਰੀ ਸੁਖਦੇਵ ਸਿੰਘ, 8. ਸ੍ਰੀ ਬਲਜੀਤ ਸਿੰਘ 9. ਸੁਖਵਿੰਦਰ ਸਿੰਘ ਪਿੰਕੀ, ਅਤੇ 10. ਪ੍ਰੀਤਮ ਸਿੰਘ ਕਵੀ।

ਬਨਾਰਸ ਤਕ ਜਾਣ ਵਾਲੇ : 1. ਸ੍ਰੀ ਹਰਪਾਲ ਸਿੰਘ ਭੱਲੀ ਅੰਮ੍ਰਿਤਸਰੀ, 2. ਸੰਤ ਸੰਤੋਖ ਸਿੰਘ ਬਨਾਰਸੀ, ਇਹਦੇ ਪਿਤਾ 3. ਸੰਤ ਗੋਪਾਲ ਸਿੰਘ ਬਨਾਰਸੀ।

## ਸਤਿਗੁਰੂ ਜੀ ਦਾ ਰੁਝੇਵਾਂ

ਸਾਰਾ ਸਾਮਾਨ ਮਾਟਾਡੋਰ ਤੋਂ ਲੱਥ ਰੇਲ ਡੱਬੇ ਤਕ ਆਉਂਦਿਆਂ ਸਤਿਗੁਰੂ ਜੀ ਨੇ ਮੈਨੂੰ ਨਿਵਾਜਿਆ। ਆਪ ਜੀ 10 ਵਜੇ, ਠੇਕੇਦਾਰ ਹਰਭਜਨ ਸਿੰਘ, ਸੁਰਿੰਦਰ ਸਿੰਘ ਮਨਚੰਦਾ ਅਤੇ ਨਾਲ ਪੂਰਬਾ, ਆਲਮ ਬਾਗ਼ ਗੁਰੂ ਨਾਨਕ ਸਕੂਲ ਵਿਖੇ ਗਏ। ਸਕੂਲ ਸਕੱਤਰ ਸਤਿਗੁਰਾਂ ਦੇ ਦਰਸ਼ਨ ਸਕੂਲ ਬੱਚਿਆਂ ਨੂੰ ਕਰਵਾਉਣਾ ਚਾਹੁੰਦਾ ਸੀ। ਸਕੱਤਰ ਦੀ ਬੇਨਤੀ ਤੇ ਹੀ ਸਤਿਗੁਰਾਂ ਇਹ ਸਮਾਂ ਕਢਿਆ ਸੀ। ਥੋੜ੍ਹੇ ਜਿਹੇ ਚਿਰ ਵਿਚ ਹੀ ਸਾਰੀਆਂ ਕੰਨਿਆਵਾਂ ਨੂੰ ਇਕੱਠਾ ਕਰ, ਸਕੱਤਰ ਅਮਰੀਕ ਸਿੰਘ ਨੇ ਆਖਿਆ : ਅਸੀਂ ਵਡਭਾਗੇ ਹਾਂ ਅੱਜ



Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਜੀ ਨੇ ਅਪਾਰ ਕਿਰਪਾ ਕਰਕੇ ਸਾਨੂੰ ਦਰਸ਼ਨ ਦਿਤੇ ਹਨ । ਸਾਡੀਆਂ ਬੱਚੀਆਂ ਨੂੰ, ਮਹਾਰਾਜ ਸੁਣੋ । ਸਾਨੂੰ ਤੇ ਇਨ੍ਹਾਂ ਨੂੰ ਆਸ਼ੀਰਵਾਦ ਦਿਓ ।

ਬੀਬੀਆਂ ਨੇ ਸਤਿਗੁਰਾਂ ਨੂੰ ਦੋ ਸ਼ਬਦ ਸੁਣਾਏ । ਸਤਿਗੁਰੂ ਜੀ ਨੇ ਅੰਮ੍ਰਿਤ ਵੇਲੇ ਉਠ ਸਕੇਸ ਸਨਾਨ, ਭਜਨ ਬਾਣੀ ਕਰਨ ਅਤੇ ਫ਼ਿਲਮ ਟੀ. ਵੀ. ਤੇ ਵੀ ਨਾ ਵੇਖਣ ਦਾ ਉਪਦੇਸ਼ ਦਿਤਾ । ਨਾਮ ਸਿਮਰਨ ਬਾਰੇ ਉਸਤਾਨੀਆਂ ਨੂੰ ਦੱਸਿਆ ਕਿ ਬੱਚੀਆਂ ਨੂੰ ਨਿੱਤ ਬਹਾਓ । ਭਾਵੇਂ 5 ਮਿੰਟ ਤੋਂ ਹੀ ਸ਼ੁਰੂ ਕਰੋ ਪਰ 30 ਮਿੰਟ ਤਕ ਹੌਲੀ ਹੌਲੀ ਲੈ ਜਾਓ ।

ਪਲੇਟਫਾਰਮ ਤੇ ਹੀ ਸਤਿਗੁਰੂ ਜੀ ਨੂੰ ਪਤਾ ਲੱਗਾ ਕਿ ਪੰ: ਕਿਸ਼ਨ ਮਹਾਰਾਜ ਵੀ ਉਸੇ ਟਰੇਨ ਤੇ ਬਨਾਰਸ ਜਾ ਰਹੇ ਹਨ ਤਾਂ ਆਪ ਉਨ੍ਹਾਂ ਨੂੰ ਮਾਣ ਦੇਣ ਲਈ ਫ਼ਸਟ ਕਲਾਸ ਦੇ ਡੱਬੇ ਵਲ ਵਧੇ । ਕਿਸ਼ਨ ਮਹਾਰਾਜ ਗੱਡੀਓਂ ਉਤਰ ਕੇ ਆਪ ਜੀ ਨੂੰ ਅੱਗੇ ਵਧ ਮਿਲੇ । ਸਿਰ ਝੁਕਾਇਆ ਤਾਂ ਸਤਿਗੁਰਾਂ ਪੰ: ਸਾਮਤਾ ਪ੍ਰਸਾਦ ਨਾਲ ਹੋਈ ਗੱਲ ਬਾਤ ਦਾ ਵੇਰਵਾ ਦੱਸਿਆ ।

## ਪਿੰਕੀ ਦੀ ਪ੍ਰਸ਼ੰਸਾ

ਪੰ: ਕਿਸ਼ਨ ਮਹਾਰਾਜ ਨੇ ਸੱਚੇ ਪਾਤਸ਼ਾਹ ਜੀ ਨੂੰ ਦੱਸਿਆ ਕਿ ਉਹ ਭਾਵੇਂ ਉਸ ਦਿਨ ਹਾਲ ਵਿਚ ਮੌਜੂਦ ਨਹੀਂ ਸਨ, ਜਿਸ ਦਿਨ ਸੁਖਵਿੰਦਰ ਸਿੰਘ ਪਿੰਕੀ ਨੇ ਤਬਲਾ ਵਾਦਨ ਕੀਤਾ ਸੀ ਪਰ ਉਸ ਪ੍ਰੋਗਰਾਮ ਦੀ ਟੇਪ ਘਰ ਮੰਗਵਾ ਕੇ ਸੁਣ ਲਈ ਸੀ, ਬਹੁਤ ਉਮਦਾ ਬਜਾਇਆ ਪਿੰਕੂ ਨੇ । ਫੇਰ ਸਤਿਗੁਰੂ ਜੀ ਨੂੰ ਸੰਬੋਧਨ ਕੀਤਾ : ਆਪ ਕੀ ਲੈਅ ਤਾਲ ਕੀ ਸਿਕਸ਼ਾ ਔਰ ਇਧਰ ਮੇਰੇ ਬਨਾਰਸੀ ਅੰਗ ਕੀ ਪਿੰਕੀ ਕੋ ਐਸੀ ਪਕੜ ਹੋਗੀ ਕਿ 10 ਸਾਲ ਕੇ ਬਾਅਦ ਕੋਈ ਬੜੇ ਸੇ ਬੜਾ ਕਲਾਕਾਰ ਉਸ ਕੇ ਸਾਥ ਬਜਾਨੇ ਸੇ ਘਬਰਾਏਗਾ ।

5-7 ਮਿੰਟ ਬਾਅਦ ਸਾਡੇ ਵਾਲੇ ਕੂਟੇਅਰ ਵਿਚ ਸਤਿਗੁਰੂ ਜੀ ਆਏ ਅਤੇ ਆਪ ਨੇ ਸਾਨੂੰ ਸਭਨਾਂ ਨੂੰ ਰਾਹ ਵਿਚ ਭਜਨ ਬਾਣੀ ਅਤੇ ਸਾਦ੍ਹ ਘਟ ਸਫ਼ਰ ਕਰਨ ਦੀ ਪ੍ਰੇਰਨਾ ਦਿਤੀ ।

## ਸ. ਹਰਭਜਨ ਸਿੰਘ ਠੇਕੇਦਾਰ

ਅੱਜ ਜਦੋਂ ਸ. ਕੁਲਦੀਪ ਸਿੰਘ ਸੇਠੀ ਦੇ ਘਰ, ਸਾਡੇ ਡੇਰੇ, ਸ. ਹਰਭਜਨ ਸਿੰਘ ਆਏ ਤਾਂ ਮੇਰੀਆਂ ਪੁੱਛਾਂ ਦੇ ਉੱਤਰ ਵਿਚ ਉਹਨਾਂ ਜੋ ਕੁਝ ਕਿਹਾ, ਉਹਦਾ ਸੰਖੇਪ ਇਸ ਪਰਕਾਰ ਹੈ :

ਸਾਧ ਸੰਗਤ ਖ਼ੁਸ਼ ਹੈ, ਸਤਿਗੁਰੂ ਪ੍ਰਸੰਨ ਹਨ ਤਾਂ ਮੈਂ ਸਮਝਦਾ ਹਾਂ ਕਿ ਸਾਡਾ ਬਸੰਤ ਮੇਲਾ ਤੇ ਇਹ ਸੰਗੀਤ ਸਮੇਲਨ ਸਫਲ ਹੀ ਸਫਲ ਹੈ । ਜਦੋਂ ਅਸਾਂ ਸ. ਕੁਲਦੀਪ ਸਿੰਘ-ਰਛਪਾਲ ਕੌਰ, ਸ. ਜੋਗਾ ਸਿੰਘ-ਬਲਜੀਤ ਕੌਰ ਅਤੇ ਸੂਬਾ ਹਰਬੰਸ ਸਿੰਘ ਜੀ ਦੋਖੀ ਦੇ ਪਰਵਾਰਾਂ ਦਾ ਸਾਧ ਸੰਗਤ ਦੀ ਸੇਵਾ ਵੱਲ ਧਿਆਨ ਦੁਆਇਆ ਤਾਂ ਹਰਭਜਨ ਸਿੰਘ ਹੁਰਾਂ ਕਿਹਾ : ਸੇਵਾ ਤਾਂ ਹਰ ਨਾਮਧਾਰੀ ਦਾ ਫ਼ਰਜ਼ ਹੈ । ਮੈਂ ਤਾਂ ਨਮਿਤ ਮਾਤਰ ਹੀ ਹਾਂ,



Sri Satguru Jagjit Singh Ji Elibrary NamdhariElibrary@gmail.com

ਮੇਲਾ ਤਾਂ ਸਾਰਾ ਲਖਨਊ ਦੀ ਸੰਗਤ ਵਲੋਂ ਹੀ ਬੜੇ ਚਿਰ ਦੀ ਇੱਛਾ ਸੀ। ਸਤਿਗੁਰੂ ਜੀ ਨੂੰ ਅਰਜ਼ ਵੀ ਚਾਰ ਪੰਜ ਸਾਲ ਤੋਂ ਕਰਦੇ ਆ ਰਹੇ ਸਾਂ, ਪਰ ਸਮਾਂ ਅੱਗੇ ਪਿਛੇ ਹੀ ਹੁੰਦਾ ਰਿਹਾ। ਕਦੇ ਸਾਨੂੰ ਸਮਾਂ ਨ ਮਿਲਣਾ, ਕਦੇ ਸਤਿਗੁਰਾਂ ਦਾ ਵਿਹਲ ਨਾ ਹੋਣਾ। ਹੋ ਸਕਦਾ ਏ ਅਸੀਂ ਪਹਿਲਾਂ ਕਦੇ ਏਨਾ ਖ਼ਰਚ ਨਾ ਕਰ ਸਕਦੇ। ਹੁਣ ਇਹ ਔਖਾ ਹੀ ਹੋ ਗਿਆ। ਮੈਂ ਸੋਚਿਆ ਉਸ ਤਰ੍ਹਾਂ ਤਾਂ ਸ਼ਾਇਦ ਸੱਚੇ ਪਾਤਸ਼ਾਹ ਦਰਸ਼ਨ ਨਾ ਦੇਣ, ਹੁਣ ਸ਼ਾਇਦ ਸੰਗੀਤ ਸਮੇਲਨ ਦੇ ਬਹਾਨੇ ਸਾਡੀ ਬੇਨਤੀ ਪਰਵਾਨ ਹੋ ਜਾਇ। ਅਸਾਂ ਸੋਚਿਆ ਬਸੰਤ ਮੇਲਾ ਸਾਡੀ ਇੱਛਾ ਦਾ ਹੋ ਜਾਇ ਅਤੇ ਸੰਗੀਤ ਦਾ ਮੇਲਾ ਸਤਿਗੁਰਾਂ ਦੀ ਇੱਛਾ ਦਾ।

ਕੋਲੋਂ ਗੁਰਦੇਵ ਸਿੰਘ ਸਰੋਦ ਨੇ ਦੱਸਿਆ ਕਿ ਪਿਛਲੇ ਸਾਲ ਬੰਬਈ ਸੰਗੀਤ ਸਮੇਲਨ ਦੇ ਹਾਲ ਦਾ ਕੁਲ ਖ਼ਰਚਾ ਅਤੇ ਜੋ ਮਗਰੋਂ ਦੇਣਦਾਰੀ ਦੀ ਕਹਿੰਦ ਖੂੰਹਦ ਰਹੀ ਉਹ ਵੀ ਠੇਕੇਦਾਰ ਹੁਰਾਂ ਹੀ ਚੁਕਤਾਈ ਸੀ। 30,000/- ਇਹਨਾਂ ਉਗਰਾਹੀ ਵਿਚ ਵੀ ਦਿਤਾ ਸੀ।

ਖ਼ਰਚਾ, ਹਰਭਜਨ ਸਿੰਘ ਹੁਰਾਂ ਦੱਸਿਆ, ਸਵਾ ਦੋ ਅਤੇ ਢਾਈ ਲਖ ਦੇ ਦਰਮਿਆਨ ਹੋਇਆ ਹੈ। 20-25 ਜਾਂ 30 ਹਜ਼ਾਰ ਜੇ ਵੱਧ ਵੀ ਹੋ ਗਿਆ ਹੈ ਤਾਂ ਕੋਈ ਬਹੁਤੀ ਮੁਸ਼ਕਲ ਨਹੀਂ ਜਾਪੀ। ਅਸੀਂ ਤਿਆਰ ਹੀ ਸਾਂ। ਸ. ਹਰਭਜਨ ਸਿੰਘ ਦਾ ਸਾਰਾ ਸੁਭਾਅ ਆਪਣੇ ਪਿਤਾ ਸੰਤ ਸੇਵਾ ਸਿੰਘ ਮਹਿਸਮਪੁਰੀ ਤੇ ਹੈ।

ਮੇਰੇ ਪੁੱਛਣ ਤੇ ਹਰਭਜਨ ਸਿੰਘ ਹੁਰਾਂ ਦਸਿਆ: ਮੇਰੇ ਬਾਪੂ ਜੀ—ਸੰਤ ਸੇਵਾ ਸਿੰਘ ਮਹਿਸਮਪੁਰੀ—ਵਰਗਾ ਅੱਜ ਤੱਕ ਕੋਈ ਸ਼ੁਧ, ਸਾਫ਼ ਅਤੇ ਸੁਰੀਲਾ ਪਾਠ ਕਰਨ ਵਾਲਾ ਨਾ ਨਾਮਧਾਰੀਆਂ ਚ ਨਾ ਹੀ ਦੂਜਿਆਂ ਵਿਚ ਸੁਣਿਆ-ਵੇਖਿਆ ਹੈ। ਇਕ ਸਮੇਂ ਮੈਨੂੰ, ਲੇਖਕ ਨੂੰ, ਸਤਿਗੁਰੂ ਜਗਜੀਤ ਸਿੰਘ ਜੀ ਨੇ ਦਸਿਆ ਸੀ ਕਿ ਸ੍ਰੀ ਹਜ਼ੂਰ ਅਤੇ ਸੰਤ ਸੇਵਾ ਸਿੰਘ ਸ੍ਰੀ ਸਤਿਗੁਰੂ ਜੀ ਪਾਸ ਬੈਠ ਕੇ ਕੱਠੇ ਪਾਠ ਕਰਦੇ ਹੁੰਦੇ ਸਨ, ਸ਼ੁਧ ਸਪੱਸ਼ਟ ਅਤੇ ਸਰਲ ਅਤੇ ਨਾਲ ਹੀ ਵੱਧ ਤੋਂ ਵੱਧ ਤੇਜ਼।

ਸ. ਕੁਲਦੀਪ ਸਿੰਘ ਸੇਠੀ ਜੋ ਕੋਲ ਹੀ ਖਲੋਤੇ ਸਨ, ਨੇ ਵਿਚੋਂ ਹੀ ਗੱਲ ਕਰ ਦਿਤੀ: ਇਕ ਗੱਲ ਮੈਂ ਵੀ ਕਰ ਦਿਆਂ। ਹੇਠੋਂ ਉਤਾਹ ਉਠਦੇ ਬੜੇ ਲੋਕ ਵੇਖੇ ਹਨ, ਸੱਚੇ ਪਾਤਸ਼ਾਹ ਦਾ ਕੋਈ ਪਤਾ ਨਹੀਂ ਕਦੋਂ ਨੀਵੇਂ ਉਚ ਕਰ ਦੇਵੇ। ਉਪਰ ਜਾ ਕੇ ਲੋਕ ਬਦਲ ਜਾਂਦੇ ਹਨ। ਪਰ ਹਰਭਜਨ ਸਿੰਘ ਜੀ ਉਹੋ ਜਿਹੇ ਸੁਭਾਉ ਦੇ ਹਨ, ਜਿਹੋ ਜਿਹੇ ਮੁੱਢੋਂ ਹੁੰਦੇ ਸਨ।

ਹਰਭਜਨ ਸਿੰਘ ਜੀ ਨੇ ਦਸਿਆ ਕਿ 39 ਸਾਲ ਉਨ੍ਹਾਂ ਦੀ ਉਮਰ ਹੈ। ਉਹ ਲਖਨਊ ਵਿਚ ਹੀ ਜਨਮੇ ਸਨ। ਇਹਨਾਂ ਦੇ ਪਿਤਾ ਜੀ ਭਾਵੇਂ ਜਨਮ ਨਗਰ ਕਰਕੇ, ਮਹਿਸਮਪੁਰੀਏ ਸਦਵਾਂਦੇ ਸਨ ਪਰ ਬਹੁਤਾ ਸਮਾਂ ਕੱਸੋਂ ਚੁਗਾਵੇਂ (ਜ਼ਿ: ਅੰਮ੍ਰਿਤਸਰ) ਵਿਚ ਹੀ ਰਹੀ।

ਜਦੋਂ ਮੈਂ ਹਰਭਜਨ ਸਿੰਘ ਹੁਰਾਂ ਨੂੰ, 'ਇਸ ਸਮੇਲਨ ਵਿਚ ਕਿੰਨੀ ਮਦਦ ਕਿਨ ਕਿਨ ਕੀਤੀ' ਬਾਰੇ ਪੁੱਛਿਆ, ਉਹ ਹੱਸ ਕੇ ਬੋਲੇ: ਤੁਸਾਂ ਤੇ ਗੁਰਦੇਵ ਨੇ ਹੀ ਕੀਤੀ



Sri Satguru Jagjit Singh Ji Elibrary NamdhariElibrary@gmail.com

ਹੈ। ਪਰ ਜਦੋਂ ਫਿਰ ਮੈਂ ਜ਼ੋਰ ਦੇ ਕੇ ਸਪਸ਼ਟਤਾ ਮੰਗੀ ਤਾਂ ਕਹਿਓ ਨੇ ਕਿ ਉਨ੍ਹਾਂ ਦਾ ਬੇਟਾ ਭਾਈ ਹਰਮੀਤ ਸਿੰਘ ਅਤੇ ਸੂਬਾ ਹਰਬੰਸ ਸਿੰਘ ਜੀ ਦਾ ਲੜਕਾ ਬਲਵਿੰਦਰ ਸਿੰਘ ਵਧੇਰੇ ਕੰਮ ਕਰਦੇ ਰਹੇ ਹਨ। ਅਤੇ ਭਾਈ ਸਰਬਜੀਤ ਸਿੰਘ ਲੰਗਰ ਪਾਣੀ ਦਾ ਪ੍ਰਬੰਧ ਕਰਦਾ-ਕਰਵਾਂਦਾ ਰਿਹਾ ਹੈ। ਸਿ: ਪ੍ਰਕਾਸ਼ ਇੱਕਦਪੁਰੀ (ਮਹਾਰਾਸ਼ਟਰ), ਸਿ: ਟੰਡਨ (ਪਾਰਟਨਰ-ਦਿੱਲੀ) ਅਤੇ ਹਰਦੀਪ ਸਿੰਘ ਹੁਰੀਂ ਜੁ ਨਾਮਧਾਰੀ ਧਰਮਸਾਲਾ ਦੇ ਸਾਹਮਣੇ ਰਹਿੰਦੇ ਹਨ, ਕਾਨਪੁਰੋਂ ਸ. ਜਸਬੀਰ ਸਿੰਘ ਸਪੁੱਤਰ ਸੂਬਾ ਮਹਿੰਦਰ ਸਿੰਘ ਮਦਦਗਾਰ ਰਹੇ ਹਨ, ਆਪਣੀਆਂ ਗੱਡੀਆਂ ਦੇ ਕੇ। ਜੋ ਗੱਡੀਆਂ ਇਸ ਸਮਾਗਮ ਵਿਚ ਰੁਝੀਆਂ ਰਹੀਆਂ।

ਹਰਭਜਨ ਸਿੰਘ ਜੀ ਦੀ ਪਤਨੀ ਦਾ ਨਾਂ ਬੀਬੀ ਕਸਿੰਦਰ ਕੌਰ (ਬੀਬੀ ਪੰਮੋ ਦੀ ਭਤੀਜੀ) ਹੈ। ਇਸ ਦੰਪਤੀ ਦੇ ਚਾਰ ਲੜਕੇ ਹਨ: ਗੁਰਮੀਤ ਸਿੰਘ (13) ਸੁਖਵੰਤ ਸਿੰਘ (9) ਰਣਪਾਲ ਸਿੰਘ (6) ਅਤੇ ਛੋਟਾ ਲੜਕਾ 3 ਕੁ ਸਾਲ ਦਾ ਹੈ। ਦੂਜੇ ਭਰਾ ਦੀਆਂ ਤਿੰਨ ਲੜਕੀਆਂ ਹੀ ਹਨ। ਹਰਭਜਨ ਸਿੰਘ ਹੁਰਾਂ ਦੀ ਮਾਤਾ ਦਾ ਨਾਂ ਗੁਰਦਿਆਲ ਕੌਰ ਹੈ ਜਿਸ ਦੇ ਪੇਕੇ ਵਲਟੋਹੇ (ਹੁਣ ਜ਼ਿ: ਅੰਮ੍ਰਿਤਸਰ) ਹਨ।

**[illegible]**

ਪੰਜਾਬ ਮੇਲ 12.30 ਦੁਪਹਿਰੇ ਛੁਟ ਪਈ ਅਤੇ ਉੱਤਰ ਪ੍ਰਦੇਸ਼ ਦੀ ਰਾਜਧਾਨੀ ਤੋਂ ਪੂਰਬ ਵੱਲ ਸਾਡਾ ਸਫ਼ਰ ਜਾਰੀ ਹੋ ਗਿਆ। ਕੋਈ ਪੰਜ ਵਜੇ ਅਸੀਂ ਬਨਾਰਸ (ਸਭਿਆਚਾਰ ਦੀ ਰਾਜਧਾਨੀ, ਯੂ.ਪੀ.) ਪੁੱਜੇ। ਏਥੋਂ ਉਤਰਨ ਵਾਲੇ ਸਾਡੇ ਨਾਲ ਦੇ ਸਿੰਘ ਉਤਰ ਗਏ। ਪਰੰਤੂ ਬਨਾਰਸ ਦੇ ਡਾ: ਜਸਬੀਰ ਸਿੰਘ ਆਪਣੀ ਪਤਨੀ, ਜੁ ਸੂਬਾ ਦੀਵਾਨ ਸਿੰਘ ਜੀ ਡਾਲਟਨ ਗੰਜ ਵਾਲਿਆਂ ਦੀ ਪੁਤਰੀ ਹੈ, ਸਮੇਤ ਅਸਾਂ 10 ਜਣਿਆਂ ਲਈ ਲੰਗਰ ਪਕਾ ਕੇ ਲੈ ਆਏ। ਸੁੱਕੀ ਸਬਜ਼ੀ ਨਾਲ ਪਰਾਉਂਠੇ। ਇਹ ਸਤਿਗੁਰਾਂ ਦੇ ਧਿਆਨ ਦੀ ਹੀ ਕਰਾਮਾਤ ਸੀ। ਸੰਤ ਸੰਤੋਖ ਸਿੰਘ ਅਤੇ ਜਿਨ੍ਹਾਂ ਦੇ ਲੜਕੇ ਦਾ ਨਾਂ ਕਿਰਪਾਲ ਸਿੰਘ ਹੈ, ਉਹ ਸੰਤਰੇ, ਸੇਉ, ਕੇਲੇ, ਅੰਗੂਰ ਖ਼ਰੀਦ ਲਿਆਏ। ਅਸੀਂ ਖਾਂਦੇ ਪੀਂਦੇ ਕਲਕੱਤੇ ਵਲ ਰਵਾਨਾ ਹੋ ਗਏ।

## 8 ਫ਼ਰਵਰੀ 1979, ਵੀਰਵਾਰ
## ਕਲਕੱਤਾ (ਵੈਸਟ ਬੰਗਾਲ)

**ਰਾਹ ਬੰਗਾਲ**

ਕੱਲ੍ਹ ਦੁਪਹਿਰ ਦੇ ਚੱਲੇ ਹੋਏ, ਸਾਰੀ ਰਾਤ ਸਫ਼ਰ ਕਰਦਿਆਂ, ਜਦੋਂ ਅੱਜ ਮੂੰਹ ਝਾਖਰੇ ਗੱਡੀਆਂ ਦੀਆਂ ਤਾਕੀਆਂ ਖੋਲ੍ਹ ਬਾਹਰ ਝਾਤ ਮਾਰੀ ਤਾਂ ਸੂਰਜ ਦੇ ਇਕ ਘੰਟਾ ਅਗਾਊਂ ਚੜ੍ਹਨ ਕਰਕੇ ਪ੍ਰਕਾਸ਼ ਦੁਆਰਾ ਧੁੰਦਲਕਾ ਖ਼ਤਮ ਹੁੰਦਾ ਗਿਆ। ਹਰਿਆਲੇ ਖੇਤ, ਨਾਰੀਅਲ ਦੇ ਰੁੱਖ, ਕਿਤੇ ਕਿਤੇ ਤਾੜ ਦੇ ਰੁੱਖ ਵੀ, ਬਿਰਛਾਂ ਦੇ ਝੁੰਡਾਂ ਵਿਚੋਂ ਲਾਲ ਖਪਰੈਲ ਦੀਆਂ ਛੱਤਾਂ ਵਾਲੇ ਘਰ, ਤਾਲਾਬ, ਦਰਸ਼ਨ ਦੇ ਕੇ ਲੰਘਦੇ ਰਹੇ। ਬਰਧਮਾਨ



Sri Satguru Jagjit Singh Ji Elibrary NamdhariElibrary@gmail.com

ਤੋਂ ਜੈੱਡਲੇ ਸਟੇਸ਼ਨ ਤਕ ਆਏ ਪਿੰਡ ਨਗਰਾਂ ਦੇ ਮਕਾਨ ਇੰਜ ਲਗੇ ਜਿਵੇਂ ਨਹਾ ਧੋ ਕੇ ਸਵੇਰ ਦੀ ਪੂਜਾ ਵਿਚ ਸ਼ਾਮਲ ਹੋ ਰਹੇ ਹੋਣ। ਖੇਤਾਂ ਵਿਚ ਉੱਗੀ ਹੋਈ ਕਣਕ, ਤਾਲਾਬਾਂ ਵਿਚ ਖਿਲੀਆਂ ਹੋਈਆਂ ਕੰਮੀਆਂ ਦੇ ਸਮੂਹ, ਅਤੇ ਆਮ ਲੋਕਾਂ ਦੀਆਂ ਝੁੱਗੀਆਂ ਵੀ ਦਿੱਸੀਆਂ। ਕਲਕੱਤੇ ਦੇ ਨੇੜੇ ਆਉਣ ਤੇ ਇੰਡਸਟਰੀਅਲ ਏਰੀਆ ਸ਼ੁਰੂ ਹੋ ਗਿਆ। ਉੱਤਰ ਪਾੜਾ ਸਟੇਸ਼ਨ ਤੋਂ ਵਿਸ਼ੇਸ਼ਕਰ ਸਨਅਤੀ ਖੇਤਰ ਪੈਣ ਲਗਾ। ਪਰ ਲੋਕਾਂ ਨੂੰ ਵੇਖ ਕੇ ਸ਼ਹੂ ਨ ਭਰੀਦੇ। ਆਮ ਕਰਕੇ ਗਰੀਬੀ ਦੇ ਭੰਨੇ ਹੋਏ।

## ਕਲਕੱਤਾ ਸਟੇਸ਼ਨ ਤੇ

ਠੀਕ ਅੱਠ ਵਜੇ ਸਵੇਰੇ, ਅਸੀਂ ਕਲਕੱਤੇ ਦੇ ਹਾਵੜਾ ਸਟੇਸ਼ਨ ਤੇ ਪਹੁੰਚ ਗਏ। ਸਾਡੇ ਵਿਚੋਂ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਕਿਥੇ ਜਾਣਾ ਹੈ। ਅਜੀਬ 'ਸਿਆਣਪ' ਸੀ। ਉਂਜ, ਇਹ ਦੱਸਿਆ ਗਿਆ ਸੀ ਕਿ ਸੰਤ ਭੁਪਿੰਦਰ ਸਿੰਘ ਭੁਰਜੀ ਨੂੰ ਸਤਿਗੁਰੂ ਜੀ ਨੇ 31 ਜਨਵਰੀ ਨੂੰ ਹੀ, ਸਾਡੇ ਪ੍ਰਬੰਧ ਲਈ ਕਲਕੱਤੇ ਭੇਜਿਆ ਹੋਇਆ ਹੈ। ਸਾਡਾ ਸਾਮਾਨ ਗੱਡੀਉਂ ਲੱਥਣ ਤਕ, ਸਾਨੂੰ ਲਭਦੇ ਸੰਤ ਸਵਰਨ ਸਿੰਘ ਡਾਲਟਨ ਗੰਜ, ਜੁ ਪਿਛਲੇ ਸਾਲ ਤੋਂ ਕਲਕੱਤੇ ਵਿਚ ਹੀ ਰਹਿੰਦੇ ਹਨ, ਸਾਨੂੰ ਲੈਣ ਆ ਗਏ। ਇਹਨਾਂ ਦੇ ਨਾਲ ਇਕ ਬੀਬੀ ਜੀ ਵੀ ਸਨ ਜੁ ਵੇਖਣ ਚਾਖਣ ਤੋਂ ਬਾਦੋਲੈਂਡੀ ਅਰਥਾਤ ਸਿਆਮ ਵਾਲੇ ਲਗਦੇ ਸਨ, ਆ ਪਹੁੰਚੇ। ਇਹਨਾਂ ਕਾਰਾਂ ਟੈਕਸੀਆਂ ਦਾ ਪ੍ਰਬੰਧ ਕਰਕੇ ਸਾਨੂੰ ਡੇਰੇ ਵਾਲੀ ਥਾਂ ਪੁਚਾ ਦਿਤਾ।

## ਕੈਮੈਕ ਹਾਊਸ

ਇਸ ਵਾਰ ਸਤਿਗੁਰੂ ਜੀ ਦਾ ਡੇਰਾ ਅਤੇ ਮੇਲਾ ਬੀਬੀ ਜਸਮੀਤ ਕੌਰ ਸੁਪਤਨੀ ਸ. ਮਨਜੀਤ ਸਿੰਘ ਸਚਦੇਵ (ਬੈਂਕੌਕ) ਵਾਲਿਆਂ ਦੇ ਕੈਮੈਕ ਸਟਰੀਟ ਵਿਚ ਸਥਿਤ ਕੈਮੈਕ ਹਾਊਸ ਦੀ (ਸੁੱਖ ਨਾਲ) ਸੱਤਵੀਂ ਮੰਜ਼ਲ ਦੇ ਬੀ ਫਲੈਟ ਵਿਚ ਸੀ। ਸੰਘ ਨਾਲ ਸੋਹਣੀ ਸਾਫ ਸੁਥਰੀ ਜਗਹ। ਫਲੈਟ ਭਾਵੇਂ ਪਰਵਾਰਕ ਜੀਵਨ ਲਈ ਕਾਫੀ ਸੀ ਪਰ ਸਾਡੇ ਵੱਡੇ ਪਰਵਾਰ ਲਈ ਤਾਂ ਥੋੜਾ ਹੀ ਸੀ। ਤਿੰਨ ਬੈੱਡਰੂਮ (ਸੌਣ ਕਮਰੇ) ਡਾਈਨਿੰਗ ਤੇ ਡਰਾਇੰਗ ਰੂਮ (ਭੋਜਨ ਤੇ ਬੈਠਣ ਕਮਰੇ)...ਵਾਲੇ ਗਰੁਕ ਰਹੇ, ਲੰਗਰ ਪੱਕ ਰਹੇ ਅਤੇ ਸਤਿਗੁਰੂ ਜੀ ਦੀ ਆਮਦ ਲਈ ਤਿਆਰੀਆਂ ਹੋ ਰਹੀਆਂ ਸਨ। ਸਾਡੇ 10 ਦੇ ਗਰੁੱਪ ਲਈ, ਪਾਰਕ ਸਟਰੀਟ ਦੇ ਐਂਬੈਸੇਡਰ ਫਲੈਟਾਂ ਵਿਚ ਪਹਿਲੀ ਮੰਜ਼ਲੇ ਸਿੰਧੀ ਪੰਚਾਇਤ ਹਾਲ 200/- ਰਾਤ ਦੇ ਕਰਾਏ ਤੇ 4 ਦਿਨਾਂ ਲਈ ਰਾਖਵਾਂ ਕਰਵਾ ਲਿਆ ਗਿਆ ਸੀ।

ਸਾਮਾਨ ਦੀ ਧਰ ਧਰਾਈ ਪਿਛੋਂ ਸਤਿਗੁਰੂ ਜੀ ਦੀ ਇੰਤਜ਼ਾਰ ਅਤੇ ਵਕਤ ਲੰਘਾਈ ਹੋਣ ਲਗੀ। ਬੀਬੀ ਜਸਮੀਤ ਏਥੇ ਗਾਰਮੈਂਟ (ਪੁਸ਼ਾਕ) ਵਿਕ੍ਰੇਤਾ ਹੈ। ਪਤੀ ਮਨਜੀਤ ਸਿੰਘ ਬੈਂਕੌਕ ਵਿਚ ਕਾਰੋਬਾਰ ਕਰਦੇ ਹਨ। ਚਕਵੀ-ਚਕਵੇ ਦਾ ਮੇਲ ਹੈ, ਸਾਲ ਛੇਚ ਸਾਲ ਪਿਛੋਂ ਪਰਸਪਰ ਦਰਸ਼ਨ। ਬੀਬੀ ਜੀ ਦਾ ਇਸ ਇਲਾਕੇ ਵਿਚ ਬਹੁਤ ਆਦਰ ਹੈ। ਬਿਲਡਿੰਗ ਨਾਲ ਸੰਬੰਧਤ ਅਮਲਾ ਫੈਲਾ ਬੀਬੀ ਜੀ-ਬੀਬੀ ਜੀ ਕਰਦਾ ਫਿਰਦਾ



Sri Satguru Jagjit Singh Ji Elibrary NamdhariElibrary@gmail.com

ਹੈ। ਸਵਰਗਵਾਸੀ ਸ. ਸੁਰਿੰਦਰ ਸਿੰਘ ਜੁਨੀਕੋ (ਬੈਂਕਕ) ਵਾਲਿਆਂ ਦੀ ਭਰਜਾਈ ਹਨ ਬੀਬੀ ਜੀ।

ਸਾਡਾ ਮੱਤਾ ਫਲੈਟ, ਘਰ ਵਿਚ ਹੋ ਰਹੀ ਨਵੀਂ ਪ੍ਰਾਹੁਣਚਾਰੀ ਨਾਲ ਭਰ ਗਿਆ। ਬਿਸਤਰ ਬੰਦਾਂ ਵਿਚ ਲਪੇਟੇ ਬਿਸਤਰਿਆਂ, ਅਟੈਚੀ ਕੇਸਾਂ ਆਦਿ ਨਾਲ ਔਟਿਆ ਪਿਆ ਸੀ। ਅਸਾਂ ਦਸਾਂ ਦੇ ਪਹੁੰਚਣੋਂ ਪਹਿਲਾਂ ਹੀ ਬੀਬਾ ਜੀ, ਨਰਿੰਦਰ ਜੀ, ਉਸ ਦੇ ਨੂੰਹ ਪੁੱਤ—ਦੀਪਾ ਅਤੇ ਅੰਮ੍ਰਿਤਪਾਲ ਸਿੰਘ—ਪਤੀ, ਸ. ਜਸਵੰਤ ਸਿੰਘ ਕਲ੍ਹਾ, ਭਰਾ ਸ. ਅਵਤਾਰ ਸਿੰਘ, ਸ. ਚਰਨ ਸਿੰਘ ਜੰਮੂ, ਉਸ ਦੀ ਪਤਨੀ ਦਿੱਪੀ, ਸਿ: ਸਾਵੰਤ ਸਿੰਘ, ਬੀਬੀ ਸੁਰਜੀਤ ਕੌਰ (ਦੋਵੇਂ ਦਿੱਲੀ) ਸੰਤ ਹਰੀ ਸਿੰਘ, ਬੀਬੀ ਗੁਰਨਾਮ, ਠਾਕੁਰ ਦਲੀਪ ਸਿੰਘ ਜੀ, ਬੇਬੇ ਦਲੀਪ ਕੌਰ ਜੀ ਆਦਿ ਕੋਲ 10 ਵਜੇ ਦੇ ਚੱਲੇ ਹੋਏ ਗਾਵੋਂ ਪਹਿਲੋਂ ਆ ਚੁਕੇ ਸਨ। ਸਤਿਗੁਰੂ ਜੀ ਦਾ ਲਾਂਗਰੀ ਬਲਦੇਵ ਸਿੰਘ ਅਤੇ ਸੰਤ ਨਗਰੋਂ ਸੁਰਜੀਤ ਮੱਟੂ ਦਾ ਭਾਈ ਗੁਰਨਾਮ ਸਿੰਘ, ਲਾਂਗਰੀ ਦੇ ਤੌਰ ਤੇ ਪਹਿਲਾਂ ਹੀ ਹਾਜ਼ਰ ਸਨ।

## ਭੁਪਿੰਦਰ ਸਿੰਘ ਭੁਰਜੀ

ਜ਼ਰਾ ਕੁ ਅੱਗੇ ਹੋ ਕੇ ਇਕ ਬਾਲਕੋਨੀ ਵਿਚ ਭਾਰ ਮਾਰੀ ਜੁ ਪਰਦੇ ਲਗਾ ਕੇ ਇਕ ਕਮਰੇ ਦੇ ਤੌਰ ਤੇ ਵਰਤੀ ਜਾ ਰਹੀ ਸੀ, ਇਸ ਵਿਚ ਦੂਜੇ ਇਕ ਤਖ਼ਤੇ ਉੱਤੇ ਉਹ ਲੰਮੇ ਪਏ ਤੇ ਕਰਾਹ ਰਹੇ ਸੰਤ ਭੁਪਿੰਦਰ ਸਿੰਘ ਭੁਰਜੀ ਨੂੰ ਵੇਖਿਆ। ਦੂਰੋਂ ਆਏ ਬੀਬੀ ਜਸਮੀਤ ਨੇ ਦੱਸਿਆ: ਇਹ ਪਰਸੋਂ ਦੇ ਬਿਮਾਰ ਪਏ ਹਨ। ਬੜੇ ਪਰੇਸ਼ਾਨ ਹਨ ਤੇ ਮੈਨੂੰ ਵੀ ਇਹਨਾਂ ਭਾਰੀ ਚਿੰਤਾ ਲਾ ਦਿਤੀ। ਕੱਲ੍ਹ ਇਹਨਾਂ ਨੂੰ ਉਲਟੀ ਤੇ ਉਲਟੀ ਆ ਰਹੀ ਸੀ। ਪ੍ਰਬੰਧ ਸਾਰਾ ਇਨ੍ਹਾਂ ਹੀ ਕਰਨਾ ਸੀ ਪਰ ਇਹ ਬਹੁਤ ਕੁਝ ਕੰਮ ਨਿਬੇੜ ਕੇ, ਆਪ ਢਿੱਲੇ ਹੋ ਕੇ ਪੈ ਗਏ। ਕੱਲ੍ਹ ਜਦੋਂ ਫੋਨ ਤੇ ਮੈਂ ਸੱਚੇ ਪਾਤਸ਼ਾਹ ਜੀ ਨੂੰ ਭੁਰਜੀ ਜੀ ਦੀ ਸਿਹਤ ਬਾਰੇ ਦੱਸਿਆ ਤਾਂ ਜਾਕੇ ਮੇਰੇ ਦਿਲ ਦਾ ਭਾਰ ਲੱਥਾ ਅਤੇ ਇਨ੍ਹਾਂ ਨੂੰ ਵੀ ਆਰਾਮ ਆ ਗਿਆ। ਫੇਰ ਉਲਟੀ ਨਹੀਂ ਆਈ। ਸਤਿਗੁਰਾਂ ਹੀ ਕਿਰਪਾ ਕੀਤੀ, ਮੈਨੂੰ ਗਰੀਬਣੀ ਨੂੰ ਚਿੰਤਾ ਮੁਕਤ ਕਰ ਦਿਤਾ।

ਅਗਲੇ ਦੋ ਦਿਨਾਂ ਵਿਚ ਵੇਖਿਆ ਕਿ ਭੁਰਜੀ ਬਹੁਤ ਤਕੜਾ ਹੈ, ਕੰਮ ਕਰਨ ਨੂੰ। ਹਰ ਉੱਚੇ ਨੀਵੇਂ ਅਧਿਕਾਰੀ ਨੂੰ ਨਿਡਰ ਮਿਲ ਕੇ ਆਪਣਾ ਕੰਮ ਕਰਵਾ-ਕਰਵਾਉਂਦਾ ਹੈ। ਪਰ ਜਦੋਂ ਇਹ ਢਿੱਲਾ ਪੈ ਜਾਏ ਤਾਂ ਇਹ ਸਰੀਰਕ ਮੁਸ਼ਕਲ ਨੂੰ ਸ਼ਾਂਤੀ ਨਾਲ ਨਹੀਂ ਸਹਾਰ ਸਕਦਾ। ਹਈ ਕਲਾਪ ਬਹੁਤ ਕਰਦਾ ਹੈ। ਏਸੇ ਪੱਖੋਂ ਬੀਬੀ ਜਸਮੀਤ ਡਰ ਰਹੀ ਸੀ ਕਿ ਸਤਿਗੁਰਾਂ ਦਾ ਪ੍ਰਬੰਧ ਸਕੱਤਰ ਕਿਤੇ ਜ਼ਿਆਦਾ ਦੁਖ ਕੁਸੜ ਨਾ ਹੋਵੇ।

## ਹਾਲ ਸਿੰਧੀ ਪੰਚਾਇਤ ਹਾਲ ਦਾ

ਰਾਤ ਤਕ ਬੀਬਾ ਜੀ ਅਤੇ ਇਨ੍ਹਾਂ ਦੀ ਉਸਤਾਨੀ ਅਤੇ ਉਹਦੇ ਪਰਵਾਰ ਦਾ ਇਨ੍ਹਾਂ ਹੀ ਫਲੈਟਾਂ ਵਿਚ ਕਿਸੇ ਮੁਨਾਸਬ ਥਾਂ ਪ੍ਰਬੰਧ ਕਰ ਦਿਤਾ ਗਿਆ।

ਥੋੜ੍ਹਾ ਕੁ ਹਾਲ ਸਿੰਧੀ ਪੰਚਾਇਤ ਹਾਲ ਦਾ। ਸੁਥਰਾ ਸਵਾਰਿਆ ਪਹਿਲੀ ਚੌੜੇ



Sri Satguru Jagjit Singh Ji Elibrary NamdhariElibrary@gmail.com

ਥਾਂ। ਥਾਂ ਪਰ ਥਾਂ ਦਸ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਅਤੇ ਇਕ ਕਮਰੇ ਵਿਚ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼। ਸਿੰਧੀ ਪੰਚਾਇਤ ਦੇ ਪ੍ਰਬੰਧਕ ਨੇ ਦਸਿਆ ਕਿ ਏਥੇ ਸਿੰਧੀ ਸਮਾਜ ਨੂੰ ਵਿਆਹ ਸ਼ਾਦੀਆਂ ਅਤੇ ਹੋਰ ਸਮਾਜਿਕ ਇਕੱਠ ਕਰਨ ਲਈ ਇਹ ਹਾਲ ਕਰਾਏ ਤੇ ਦਿਤਾ ਜਾਂਦਾ ਹੈ। ਮਾਸ ਸ਼ਰਾਬ ਵਰਤਣ ਦੀ ਏਥੇ ਆਗਿਆ ਨਹੀਂ ਹੁੰਦੀ। ਬੀਬੀ ਜਸਮੀਤ ਕੌਰ ਵੀ ਏਥੇ ਆਉਣ-ਜਾਣ ਕਰਕੇ ਹੀ ਜਗਹ ਲੈ ਸਕੀ।

## ਗੱਲ ਫੇਰ ਹਰਭਜਨ ਸਿੰਘ ਦੀ

ਸੁਖਵਿੰਦਰ ਸਿੰਘ ਪਿੰਕੀ ਦੇ ਪੈਰੀਂ ਨਵੀਆਂ-ਨਵੀਆਂ ਖ਼ੂਬਸੂਰਤ ਚੱਪਲਾਂ ਵੇਖ ਮੈਂ ਪੁਛ ਬੈਠਾ : ਕਿਥੋਂ, ਕਦੋਂ ਤੇ ਕਿਵੇਂ ? ਸੁਖਵਿੰਦਰ ਸਿੰਘ ਬੋਲਿਆ : ਲਖਨਊ ਵਿਖੇ ਸ. ਹਰਭਜਨ ਸਿੰਘ ਠੇਕੇਦਾਰ ਨੇ ਆਪਣੇ ਇਕ ਸਾਥੀ ਟੰਡਨ ਨੂੰ 1000/- ਦੇ ਕੇ ਆਖਿਆ ਕਿ ਸੰਗੀਤ ਜਥੇ ਨੂੰ ਜੋ ਕੁਝ ਚਾਹੀਦਾ ਹੋਵੇ, ਲੈ ਦਿਓ। ਅਤੇ ਅਸਾਂ ਸਭ ਨੇ ਵਧੀਆ ਸਵੈਟਰਾਂ ਅਤੇ ਪੈਰਾਂ ਲਈ ਚੱਪਲਾਂ-ਜੁਰਾਬੀਆਂ ਖ਼ਰੀਦ ਲਈਆਂ। ਹੋਰ ਵੀ ਜੁ ਸਾਡੀ ਲੋੜ ਸੀ, ਸ੍ਰੀ ਟੰਡਨ ਨੇ ਪੂਰੀ ਕੀਤੀ।

## ਆਵਨ ਕਹਿ ਗਏ ਅਜਹੂੰ ਨ ਆਏ, ਪਰ ਲੇਟ ਆਏ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅੱਜ ਸਵੇਰੇ 8 ਵਜੇ, ਸਵੇਰ ਦੇ ਜਹਾਜ਼ ਤੇ ਸਵਾਰ ਹੋ 10 ਵਜੇ ਤਕ ਕਲਕੱਤੇ ਪੁੱਜ ਜਾਣਾ ਸੀ, ਪਰ ਪਤਾ ਲਗਾ ਕਿ ਜਹਾਜ਼ ਲੇਟ ਹੋ ਗਿਆ ਹੈ, 4 ਘੰਟੇ। ਦੂਜੀ ਵਾਰ ਫੇਰ ਇਤਲਾਹ ਮਿਲੀ ਕਿ ਜਹਾਜ਼ ਹੋਰ ਵੀ ਦੇਰ ਨਾਲ ਪਹੁੰਚੇਗਾ। ਅਸਾਂ ਸਮਝ ਲਿਆ ਕਿ ਅੱਜ ਦਾ ਦਿਨ ਤਾਂ ਬੀਤ ਗਿਆ, ਜੋ ਕੁਝ ਹੋਣਾ-ਕਰਨਾ ਹੈ, ਕੱਲ੍ਹ ਹੀ ਹੋਵੇਗਾ।

ਸ਼ਾਮੀਂ 6.30 ਵਜੇ ਮੈਂ ਅਤੇ ਹਰਭਜਨ ਸਿੰਘ ਸਿਤਾਰੀਆ ਸਿੰਧੀ ਹਾਲ ਵਲ ਜਾ ਰਹੇ ਸਾਂ ਕਿ ਸਤਿਗੁਰੂ ਜੀ ਨੇ ਅਨ੍ਹੇਰੇ ਵਿਚ ਸਾਡੇ ਵਲ ਆਉਂਦੀ ਕਾਰਾਂ ਦੀ ਰੌਸ਼ਨੀ ਤੋਂ ਪਹਿਚਾਣ, ਕੋਲ ਆ, ਵਿਨੋਦ ਅਤੇ ਪਿਆਰ ਨਾਲ ਉੱਚੀ ਦੇਣੀ 'ਸਤਿ ਸ੍ਰੀ ਅਕਾਲ' ਆਖ, ਗੱਡੀ ਰੋਕ ਫ਼ਰਮਾਇਆ : ਖਾਣ ਪੀਣ ਜਾ ਰਹੇ ਓ ? ਜਾ ਆਓ, ਪਰ ਜਲਦੀ ਆਇਓ, ਆਪਾਂ ਛੇਤੀ ਹੀ ਇਮਰਤ ਜੀ ਹੋਰਾਂ ਵਲ ਜਾਣਾ ਹੈ। ਅਤੇ ਗੱਡੀ ਨੇੜੇ ਹੀ ਕੈਮੈਕ ਹਾਊਸ ਵਲ ਸਰਕ ਗਈ।

ਇਹ ਗੱਡੀ ਸ. ਗੁਰਜੀਤ ਸਿੰਘ ਸੇਠੀ ਦੀ ਸੀ ਅਤੇ ਉਹੋ ਚਲਾ ਰਿਹਾ ਸੀ। ਇਸ ਗੱਡੀ ਵਿਚ ਹਵਾਈ ਅੱਡੇ ਤੋਂ ਆਏ : ਸ੍ਰੀ ਸਤਿਗੁਰੂ ਜੀ, ਸ੍ਰੀ ਮਹਾਰਾਜ ਜੀ, ਠਾਕੁਰ ਉਦੇ ਸਿੰਘ ਜੀ, ਸੰਤ ਮਹਿੰਦਰ ਸਿੰਘ ਪੂਰਕਾ ਅਤੇ ਸ. ਸੁਰਿੰਦਰ ਸਿੰਘ ਮਨਖੰਦਾ।

## ਫਲੈਟ ਬੀ ਵਿਚ

ਜਾਂ 10 ਦਾ ਗਰੁੱਪ ਸਿੰਧੀ ਪੰਚਾਇਤ ਹਾਲ 'ਚੋਂ ਫਲੈਟ ਬੀ, ਬੀਬੀ ਜਸਮੀਤ ਦੀ ਰਿਹਾਇਸ਼ ਤੇ ਪ੍ਰਸ਼ਾਦ ਛਕਣ ਆਇਆ, ਅਤੇ ਰੌਣਕਾਂ ਨੂੰ ਲੋੜ੍ਹ ਆਇਆ ਹੋਇਆ ਸੀ। ਸਤਿਗੁਰੂ ਜੀ ਇਕ ਸੋਫ਼ੇ ਤੇ ਵਿਰਾਜਮਾਨ ਸਨ, ਚਰਨ ਵਿਛਾਈ ਤੇ ਦਰਸ਼ਨਾਂ ਸੱਜਣ ਬੈਠੇ



Sri Satguru Jagjit Singh Ji Elibrary NamdhariElibrary@gmail.com

ਸਤਿਗੁਰਾਂ ਦੇ ਬਚਨ ਸੁਣ ਰਹੇ ਸਨ। ਇਕ ਸੱਜਣ ਸ. ਹਨੂਮੰਤ ਬੀਰ ਸਿੰਘ ਆਪਣੇ ਇਕ ਸਾਥੀ ਨਾਲ ਦਰਸ਼ਨ ਕਰਨ ਆਏ ਸਨ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਨਿਮੰਤ੍ਰਣ ਦੇ ਦਿਤਾ : ਸਵੇਰੇ ਅੰਮ੍ਰਿਤ ਵੇਲੇ, ਸਕੇਸ਼ ਇਸ਼ਨਾਨ ਕਰਕੇ ਆਉਣਾ, ਆਸਾ ਦੀ ਵਾਰ ਵਿਚ। ਪੰਜ ਕੁ ਮਿੰਟ ਵਿਚ ਸੰਗਤ ਖਿੰਡ ਗਈ। ਸਤਿਗੁਰੂ ਜੀ ਦੀ ਲੋੜ ਦਾ ਜਿਵੇਂ ਹਰੇਕ ਨੂੰ ਪਤਾ ਹੋਵੇ। ਏਸੇ ਫਲੈਟ ਅਤੇ ਘਰ ਦੇ ਦੋ ਕਮਰਿਆਂ ਵਿਚ ਸਤਿਗੁਰੂ ਜੀ ਤੇ ਮਹਾਰਾਜ ਜੀ ਦਾ ਡੇਰਾ ਸੀ। ਘਰ ਵਾਲੀ ਬੀਬੀ ਅਤੇ ਉਹਦੇ ਤਿੰਨਾਂ ਬੱਚਿਆਂ ਨੇ ਇਕ ਕਮਰੇ ਵਿਚ ਗੁਜ਼ਾਰਾ ਕਰਨਾ ਸੀ ਅਤੇ ਦੂਜੀ ਸਾਰੀ ਜਗਹ ਹੋਰ ਸਜਣਾਂ ਲਈ ਸੀ।

ਬੀਬੀ ਜੀ ਦਾ ਇਕ ਲੜਕਾ ਅੱਜ ਹੀ ਬੈਂਗਕੋਕ ਵਿਚੋਂ ਉਡ ਕੇ ਆਇਆ ਸੀ, ਸਤਿਗੁਰੂ ਜੀ ਦਾ ਕਲਕੱਤੇ ਆਉਣਾ ਸੁਣ ਕੇ।

## ਡੇਰ ਸੁਸ਼ੀਲਾ ਮਿਸ਼ਰਾ

ਸ੍ਰੀ ਸਤਿਗੁਰੂ ਜੀ ਨੇ ਮੈਨੂੰ ਦਸਿਆ ਕਿ 7.2.79 ਵਾਲੇ ਦਿਨ ਆਪ ਜੀ ਨੂੰ ਗੁਰਦੇਵ ਸਿੰਘ ਸਰੋਦ ਦੇ ਕਹਿਣ ਤੇ ਲਖਨਊ ਸ੍ਰੀਮਤੀ ਸੁਸ਼ੀਲਾ ਮਿਸ਼ਰਾ ਦੇ ਘਰ (ਕੋਠੀ) ਜਾਣ ਦਾ ਮੌਕਾ ਮਿਲਿਆ। ਬੜਾ ਕਲਾਪੂਰਣ ਘਰ ਸੀ। ਸਜਾਵਟ ਵੇਖ, ਕਦਰਦਾਨ ਜਾਣ ਮੈਨੂੰ ਵੀ ਯਾਦ ਕੀਤਾ। ਸਤਿਗੁਰੂ ਜੀ ਨੇ ਇਹ ਵੀ ਦੱਸਿਆ ਕਿ ਸੁਸ਼ੀਲਾ ਜੀ ਕੁਝ ਛਕਾਣਾ ਜ਼ਰੂਰ ਚਾਹੁੰਦੇ ਸਨ। ਇਹਨਾਂ ਸ਼ਰਤ ਰੱਖ ਦਿਤੀ : ਮਾਸ-ਸ਼ਰਾਬ ਤਿਆਗ ਕਰੋ, ਭਜਨ ਪੁਛ ਲਓ, ਫੇਰ ਹੀ ਖਾਧਾ ਪੀਤਾ ਜਾ ਸਕਦਾ ਹੈ। ਬੀਬੀ ਨੇ ਸ਼ਰਤ ਪਰਵਾਨ ਕੀਤੀ। ਭਜਨ ਪੁੱਛ ਲਿਆ। ਉਸ ਦੇ ਭੈਣ ਭਣਵਈਏ ਅਤੇ ਡਾ: ਮਿਸ਼ਰਾ ਦੇ ਭਤੀਜੇ ਨੇ ਵੀ ਭਜਨ ਪੁੱਛ ਲਿਆ।

ਕਲਕੱਤੇ, ਕੈਮੈਕ ਹਾਊਸ ਫਲੈਟ ਸੀ. ਵਿਚ ਖਾਂਦਿਆਂ ਪੀਂਦਿਆਂ ਗੱਲੀਂ ਇਹ ਪਤਾ ਲਗਾ ਕਿ ਜਿਨ੍ਹਾਂ ਕਲਾਕਾਰਾਂ ਨੂੰ ਮਿਲਣਾ ਸੀ, ਉਨ੍ਹਾਂ ਪਾਸ ਕੱਲ੍ਹ ਨੂੰ ਜਾਣਾ ਹੈ।

ਰਾਤ ਹਰ ਤਰ੍ਹਾਂ ਸੁਖਦਾਈ ਰਹੀ।

### 9 ਫਰਵਰੀ 1979, ਸ਼ੁਕਰਵਾਰ
### ਕਲਕੱਤਾ (ਪ: ਬੰ:)

## ਭਲੀ ਸੁਹਾਵੀ ਛਾਪਰੀ...

ਰਾਗੀਆਂ ਸਿੰਘਾਂ ਸਵੇਰੇ 4 ਵਜੇ ਤੋਂ ਬੀਬੀ ਜਸਮੀਤ ਦੇ ਫਲੈਟ ਵਿਚ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿਤਾ। ਸ੍ਰੀ ਸਤਿਗੁਰੂ ਜੀ, ਦਰਸ਼ਨਾਂ ਦੀ ਬਖ਼ਸ਼ਸ਼ ਤੋਂ ਇਲਾਵਾ, ਦਿਲਰੁਬਾ ਦੀਆਂ ਤਰਬਾਂ ਦਾ ਆਨੰਦ ਵੀ ਸੰਚਾਰ ਕਰ ਰਹੇ ਸਨ। ਫਲੈਟ ਦੇ ਅੰਦਰ ਬਾਹਰ ਲੋਚ ਜੋੜੀ ਸੰਗਤ ਹਾਜ਼ਰ ਸੀ। ਰਾਤ ਵਾਲੇ ਸ. ਹਨੂਮੰਤ ਬੀਰ ਸਿੰਘ ਅਤੇ ਉਹਦਾ ਸਾਥੀ ਵੀ ਨਾਲ ਸਨ, ਖੁਲ੍ਹੇ ਦਾੜ੍ਹੇ, ਸਾਤਵਿਕ ਪ੍ਰਭਾਵ। ਸ. ਹਨੂਮੰਤ ਬੀਰ ਸਿੰਘ ਰਾਤੀਂ ਸਤਿਗੁਰਾਂ ਪਾਸ ਪਰਗਟ ਕੀਤੀ ਗਈ ਮੇਰੀ ਲੋੜ ਨੂੰ ਸਮਝ ਇਕ ਦਰਜਨ



Sri Satguru Jagjit Singh Ji Elibrary NamdhariElibrary@gmail.com

ਕੈਸੇਟਾਂ ਵੀ ਲੈ ਆਇਆ ਸੀ । ਇਸ ਅਵਸਰ ਦੀ ਸ਼ੋਭਾ ਅਵਰਣਨੀਯ ਸੀ । ਸਾਨੂੰ ਸ. ਮਨਜੀਤ ਸਿੰਘ ਸਰਦੇਵ ਦੀ ਯਾਦ ਰਹਿ ਰਹਿ ਕੇ ਆਉਂਦੀ ਸੀ । ਪਰ ਛੋਟੇ ਲੜਕੇ ਸ. ਬਲਬੀਰ ਸਿੰਘ ਨੇ ਬੈਂਕੌਕੋਂ ਆਣ ਕੇ, ਗੋਦ ਲਏ ਹੋਏ ਵੀਰ, ਦੇਵਿੰਦਰ ਸਿੰਘ ਨਾਲ ਮਿਲ, ਹਰ ਤਰ੍ਹਾਂ ਦੀ ਭੱਜਨੱਠ ਕੀਤੀ ਅਤੇ ਪੁੱਤਰੀ ਨੇ ਵੀ ਆਪਣੀ ਮਾਂ ਦਾ ਖ਼ੂਬ ਸਾਥ ਦਿਤਾ । ਹੋਰ ਦੂਸਰੀਆਂ ਲਈ, ਸੇਠ ਸਵਰਨ ਸਿੰਘ ਡਾਲਟਨ ਗੰਜ ਵਾਲੇ ਸੀ ।

ਆਸਾ ਦੀ ਵਾਰ ਉਪਰੰਤ ਬਸੰਤ ਦੀ ਵਾਰ ਅਤੇ ਰਾਗ ਬਸੰਤ ਦਾ ਸ਼ਬਦ ਪੜ੍ਹ ਕੇ 6.40 ਤਕ ਭੋਗ ਪਾ ਦਿਤਾ ਗਿਆ । ਸ. ਹਨੂਮੰਤ ਬੀਰ ਸਿੰਘ ਨੇ ਪਿੰਕੀ ਦੇ ਤਬਲੇ ਤੋਂ ਪ੍ਰਭਾਵਤ ਹੋ ਸਤਿਗੁਰੂ ਜੀ ਨੂੰ ਆਖਿਆ : ਇਹ ਛੋਟਾ ਲੜਕਾ ਬੜਾ ਸੁਹਣਾ ਤਬਲਾ ਵਜਾਂਦਾ ਹੈ । ਸਤਿਗੁਰਾਂ ਬਚਨ ਕੀਤਾ : ਜਿੰਨੀ ਭੀ ਸ਼ੈ ਵੀ ਸੁਹਣੀ ਚੀਜ਼ ਹੈ ਅਕਾਲ ਪੁਰਖ ਅਤੇ ਸਤਿਗੁਰੂ ਦੀ ਹੈ, ਜਿੰਨੀਆਂ ਕੋਝੀਆਂ ਕੁਸੋਹਣੀਆਂ ਵਸਤਾਂ ਹਨ ਸਭ ਸਾਡੀ ਪੈਦਾਵਾਰ ਹਨ ।

ਗੁਰਦੁਆਰਾ ਚੰਦਾਂ ਦੀ ਗੱਲ ਛਿੜੀ ਤਾਂ ਸਤਿਗੁਰੂ ਜੀ ਹੱਸ ਪਏ : ਜਿੰਨਾਂ ਵੀ ਲੋਕਾਂ ਨੇ 'ਸੱਚ' ਸੰਭਾਲ ਕੇ ਰਖਿਆ ਹੁੰਦਾ ਹੈ ਉਹ ਇਹਨੀਂ ਦਿਨੀਂ ਉਲੱਦ ਹੀ ਦਿੰਦੇ ਹਨ ਅਰਥਾਤ ਰੱਜ ਕੇ ਝੂਠ ਬੋਲਿਆ ਜਾਂਦਾ ਹੈ ਵੋਟਾਂ ਵਿਚ ।

## ਬੀਬੀ ਧਿਆਨ ਕੌਰ

ਧਿਆਨ ਕੌਰ ਸੁਪਤਨੀ ਸਵਰਗਵਾਸੀ ਸ. ਗੁਰਬਖ਼ਸ਼ ਸਿੰਘ ਸ਼ੌਕ ਇੰਗਲੈਂਡ ਤੋਂ ਏਥੇ (ਕਲਕੱਤੇ) ਆਪਣੇ ਪੇਕਿਆਂ ਪਾਸ ਆਈ ਹੋਈ ਹੈ । ਉਹਦੀ ਧੀ ਹਰਬੰਸ ਕੌਰ ਅਤੇ ਜੁਆਈ ਗੁਰਦਿਤ ਸਿੰਘ ਵੀ ਨਾਲ ਹਨ । ਬੀਬੀ ਦਾ ਭਤੀਜਾ ਸ: ਰਣਜੀਤ ਸਿੰਘ ਕਲੀਨ ਸ਼ੇਵਨ ਸਪੁੱਤਰ ਸ. ਮੋਹਣ ਸਿੰਘ ਅਤੇ ਇਸ ਦੀ ਸੁਪਤਨੀ ਰੇਣੂ ਵੀ । ਗੁਰੂ ਕੇ ਦਰਸ਼ਨਾਂ ਦੇ ਪ੍ਰਭਾਵ ਅਤੇ ਬੀਬੀ ਧਿਆਨ ਕੌਰ ਦੀ ਪਹਿਲਾਂ ਦਿੱਤੀ ਪ੍ਰੇਰਨਾ ਕਾਰਨ, ਜੋੜੇ ਨੇ ਗੁਰੂ ਚਰਨਾਂ ਵਿਚ ਬਿਨੈ ਕੀਤੀ ਕਿ ਉਹਨਾਂ ਨੂੰ ਭਜਨ ਦੀ ਦਾਤ ਮਿਲੇ । ਸਤਿਗੁਰੂ ਜੀ ਨੇ ਕਿਰਪਾਪੂਰਵਕ ਪ੍ਰੇਮੀ ਤੋਂ ਭਜਨ ਦਸਵਾਇਆ । ਮਾਸ ਸ਼ਰਾਬ ਦਾ ਤਿਆਗ, ਕੇਸ ਰਖਣ ਅਤੇ ਭਜਨ ਕਰਨ ਆਦਿ ਦੀ ਸਿੱਖਿਆ ਦਿਤੀ ਗਈ ਜੁ ਮਨਜ਼ੂਰ ਕੀਤੀ ਗਈ । ਸ. ਰਣਜੀਤ ਸਿੰਘ-ਰੇਣੂ ਦਾ ਘਰ : 13 ਬੀ, ਚਿਤਰੰਜਨ ਐਵੇਨਿਊ ਕਲਕੱਤਾ-13, ਦਫ਼ਤਰ : 32, ਗਣੇਸ਼ ਚੰਦ ਐਵੇਨਿਊ, ਜਾਂ ਦੀ ਮਾਲ, ਕਲਕੱਤਾ-13 ।

## ਹਰਭਜਨ ਸਿੰਘ ਸ਼ਾਹਪੁਰੀ

ਫਿਲੌਰ ਦੇ ਸੰਤ ਹਰਬੰਸ ਸਿੰਘ ਦੇ ਭਰਾ ਸੰਤ ਹਰਭਜਨ ਸਿੰਘ, ਜੋ ਪਿਛਲੇ 25 ਸਾਲ ਤੋਂ ਕਲਕੱਤੇ ਵਿਚ ਰਹਿੰਦੇ ਹਨ ਅਤੇ ਜਿਨ੍ਹਾਂ ਦੀ ਮਸ਼ੀਨ ਰੀਪੇਅਰਿੰਗ ਫ਼ੈਕਟਰੀ "ਨਿਰੰਤਰ ਮਾਡਰਨ ਫੈਬਰੀਕੇਸ਼ਨ" 52/2, ਬੀ. ਟੀ. ਰੋਡ ਕਾਸੀਪੁਰ, ਕਲਕੱਤਾ ਵਿਖੇ ਸਥਿਤ ਹੈ, ਵੀ ਸਮੇਤ ਪਰਿਵਾਰ ਆਸਾ ਦੀ ਵਾਰ ਵਿਚ ਦਰਸ਼ਨਾਂ ਹਿਤ ਆਏ । ਹਰਭਜਨ ਸਿੰਘ ਹੋਰਾਂ ਦੀ ਪਤਨੀ ਦਾ ਨਾਂ ਗੁਰਬਚਨ ਕੌਰ ਹੈ ਅਤੇ ਇਸ



Sri Satguru Jagjit Singh Ji Elibrary NamdhariElibrary@gmail.com

ਦੰਪਤੀ ਦੀ ਸੰਤਾਨ ਇਸ ਪਰਕਾਰ ਹੈ : ਜਗਦੀਸ਼ ਕੌਰ, ਸਰਨਜੀਤ ਕੌਰ, ਦਲਜੀਤ ਕੌਰ ਅਤੇ ਸਪੁੱਤਰ ਗੁਰਦੀਪ ਸਿੰਘ, ਕੁਲਦੀਪ ਸਿੰਘ ਅਤੇ ਕਮਲਦੀਪ ਸਿੰਘ ਹਨ ।

## ਇਕ ਵਿਗੜਿਆ ਮੁੰਡਾ

ਕਿਸੇ ਬਾਪ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ : ਸੱਚੇ ਪਾਤਸ਼ਾਹ, ਮੇਰਾ ਵੱਡਾ ਪੁੱਤਰ ਵਿਗੜ ਗਿਆ ਹੈ । ਇਹ ਸਮੱਗਲਰ ਤੇ ਉਚੱਕਾ ਬਣਨ ਦੀ ਰੁਚੀ ਰਖਦਾ ਹੈ । ਸਤਿਗੁਰੂ ਜੀ ਨੇ ਉਸ ਨਾਲ ਮੈਨੂੰ ਗੱਲਬਾਤ ਕਰਨ ਲਈ ਹੁਕਮ ਕੀਤਾ । ਸਾਂਵਲੇ ਰੰਗ, ਕਮਜ਼ੋਰ ਪਿੰਡੇ ਅਤੇ ਸਾਧਾਰਨ ਕੱਪੜਿਆਂ ਵਾਲੇ ਮੁੰਡੇ ਨਾਲ ਜਦੋਂ ਮੈਂ ਗੱਲਬਾਤ ਕੀਤੀ ਤਾਂ ਪ੍ਰਤੀਤ ਹੋਇਆ : ਰੱਬ ਨ ਡਾਂਗੀਂ ਮਾਰਦਾ ਮੱਤ ਅਪੁੱਠੀ ਦੇਇ । ਕਹਿਣ ਲੱਗਾ ਨਾਮਧਾਰੀ ਉਸ ਨੂੰ ਚੰਗੇ ਨਹੀਂ ਲੱਗਦੇ । ਨਿਰੀਆਂ ਪਾਬੰਦੀਆਂ ਹੀ ਪਾਬੰਦੀਆਂ । ਸਿਨਮਾ ਇਹ ਨਹੀਂ ਵੇਖਣ ਦਿੰਦੇ, ਹੋਟਲਾਂ ਵਿਚ ਖਾਣੋਂ ਇਹ ਵਰਜਦੇ ਹਨ, ਸ਼ਰਾਬ ਪੀਣਾ ਇਹ ਗੁਨਾਹ ਜਾਣਦੇ ਹਨ । ਕਿਹੜੀ ਗੱਲ ਮੈਂ ਇਹਨਾਂ ਦੀ ਚੰਗੀ ਦੱਸਾਂ । ਗੱਲ ਕੀ, ਇਸ ਮੁੰਡੇ ਨੂੰ ਸਾਰੀਆਂ ਚੰਗੀਆਂ ਗੱਲਾਂ ਬੁਰੀਆਂ ਲੱਗਦੀਆਂ ਸਨ; ਚੰਗੀਆਂ ਲੱਗਦੀਆਂ ਸਨ ਸਾਰੀਆਂ ਭੈੜੀਆਂ ਗੱਲਾਂ ਅਤੇ ਸਮੱਗਲਿੰਗ । ਮੈਨੂੰ ਪ੍ਰਤੀਤ ਹੋਇਆ ਉਹ ਕਿਸੇ ਅਪਰਾਧੀ ਗੈਂਗ ਨਾਲ ਸੰਬੰਧਤ ਹੈ ।

ਉਹਦੇ ਪਿਤਾ ਨੂੰ ਮੈਂ ਹੀ ਸਲਾਹ ਦਿੱਤੀ ਅਜਿਹੇ ਮੁੰਡੇ ਫੌਜ ਵਿਚ ਹੀ ਠੀਕ ਹੋ ਸਕਦੇ ਹਨ । ਉਸ ਦੇ ਪਿਤਾ ਨੇ ਮੇਰੀ ਰਾਇ ਨੂੰ ਮਾਨਤਾ ਦਿੱਤੀ ।

## ਸ੍ਰੀ ਮੁਅੱਈਉਦ ਦੀਨ ਡਾਗਰ ਦੇ ਘਰ

ਕੁਝ ਜਲ ਪਾਨ ਕਰ ਕੇ, ਥੋੜ੍ਹਾ ਕੁ ਆਰਾਮ ਫ਼ਰਮਾ, ਸ੍ਰੀ ਸਤਿਗੁਰੂ ਜੀ 10 ਵਜੇ ਸ੍ਰੀ ਮੁਅੱਈਉਦ ਦੀਨ ਡਾਗਰ ਦੇ ਘਰ ਜਮਾਂ ਆਸ਼ਰਮ ਵਲ ਜਾਣ ਦੀ ਤਿਆਰੀ ਹੋਈ । ਤਿੰਨ ਕਾਰਾਂ ਉੱਤੇ ਗੁਰੂ ਘਰ, 10 ਦਾ ਗਰੁੱਪ ਅਤੇ ਕੁਝ ਹੋਰ ਜ਼ਿੰਮੇਵਾਰ; ਕੁਲ 20 ਜਣੇ, ਉਸਤਾਦ ਮੁਅੱਈਉਦ ਦੀਨ ਡਾਗਰ ਦੇ ਧਰੁਪਦ ਸੰਗੀਤ ਆਸ਼ਰਮ, 72 ਜੋਤਿਨ ਦਾਸ ਰੋਡ, ਨਜ਼ਦੀਕ ਲੇਕ ਵਿਊ ਰੋਡ, ਕਲਕੱਤਾ-29 ਵਿਖੇ ਪੁੱਜ ਗਏ ।

11 ਵੱਜ ਗਏ ਸਨ । ਉਸਤਾਦ ਡਾਗਰ ਸਾਹਿਬ ਦੇ ਦਰਸ਼ਨ ਹਿੰਦੂ ਰਿਸ਼ੀਆਂ ਵਰਗੇ ਸਨ ਅਤੇ ਜਿਸ ਬੈਠਕ ਵਿਚ ਅਸੀਂ ਬੈਠੇ, ਹੇਠ ਲਿਖੇ ਮਹਾਂਪੁਰਸ਼ਾਂ ਦੀਆਂ ਤਸਵੀਰਾਂ ਉਸ ਵਿਚ ਲਗਾਈਆਂ ਹੋਈਆਂ ਸਨ : ਭਗਵਾਨ ਸ੍ਰੀ ਕ੍ਰਿਸ਼ਨ, ਸ਼ਿਵ, ਵਿਵੇਕਾਨੰਦ, ਟੈਗੋਰ, ਸੁਭਾਸ਼, ਬਸੂ ਅਤੇ ਆਪਣੇ ਵੱਡਿਆਂ ਦੀਆਂ ।

ਸਾਡੀ ਗੱਡੀ ਦੇ ਪਹੁੰਚਣ ਤੋਂ ਪਹਿਲਾਂ, ਸਤਿਗੁਰੂ ਜੀ ਦਾ ਸੁਆਗਤ ਸਤਿਕਾਰ ਹੋ ਚੁੱਕਾ ਸੀ । ਭਰਵੇਂ ਸਰੀਰ ਦੇ ਕਣਕ ਵਿੰਨੇ ਡਾਗਰ ਸਾਹਿਬ ਨੇ ਸਫ਼ੇਦ ਕੁੜਤਾ ਪਜਾਮਾ (ਖੁੱਲ੍ਹਾ) ਪਹਿਨ, ਲੰਬੇ ਕਾਟਵੇਂ ਵਾਲ ਪਿਛਾਂਹ ਨੂੰ ਸੁੱਟੇ ਹੋਏ ਸਨ । ਆਪਣੀਆਂ ਸ਼ਾਗਿਰਦਾਂ ਆਲੋਕਾ, ਨੰਦਾ ਅਤੇ ਸ਼ਿਖਾਧਰ ਨੂੰ ਸੱਦ ਕੇ ਇਕ ਧਰੁਪਦ, ਰਾਗ ਹਿੰਡੋਲ, ਤਾਲ ਚਾਰ ਵਿਚ ਸ੍ਰੀ ਸਤਿਗੁਰੂ ਜੀ ਨੂੰ ਸੁਣਵਾਇਆ । ਸਤਿਗੁਰੂ ਜੀ ਨੇ ਕਰੋ



Sri Satguru Jagjit Singh Ji Elibrary NamdhariElibrary@gmail.com

ਵਿਸ਼ਤਰੀਆਂ ਪਾਸੋਂ ਗੀਤ ਸੰਗੀਤ ਨਹੀਂ ਸੁਣਿਆ ਸੀ। ਘੱਟੋ ਘੱਟ ਮੇਰੇ ਵੇਖਣ ਵਿਚ ਕਦੇ ਨਹੀਂ ਆਇਆ। ਪਰ ਅੱਜ ਇਹਨਾਂ ਧਰੁਪਦ ਗਾਉਂਦੀਆਂ ਮੁਟਿਆਰ ਲੜਕੀਆਂ ਨੂੰ ਧਿਆਨਪੂਰਵਕ ਸੁਣਿਆ। ਧਰੁਪਦ ਉਨ੍ਹਾਂ ਬੜੀ ਦ੍ਰਿੜ੍ਹਤਾ, ਵਿਸ਼ਵਾਸ ਅਤੇ ਲੈਅ-ਤਾਲ-ਸੁਰ ਵਿਚ ਗੰਵਿਆ। ਬੋਲ ਹਨ :

ਨਾਦ ਭੇਦ ਅਪਰੰਪਾਰ, ਪਾਰ ਹੂੰ ਨ ਪਾਵੇਂ ਗੁਨੀ
ਗਾਏ ਗਾਏ ਥਕੇ ਸਭ, ਸੁਰਿ, ਜਨ, ਵੇਦ।
ਕੇਤੇ ਗੁਨੀ, ਗੰਧਰਬ, ਕਿੰਨਰ, ਥਕ ਥਕ ਬ੍ਰਹਮਚਾਰੀ ਹਾਰੇ
ਕਿਨਹੂੰ ਨ ਪਾਇਓ ਤੇਰੋ ਸਕਲ ਭੇਦ।

ਡਾਗਰ ਸਾਹਿਬ ਨੇ ਦੋ ਚਾਰ ਹੋਰ ਸ਼ਿੱਸ਼ਾਂ ਅਤੇ ਵਾਦਕਾਂ ਨਾਲ ਸਤਿਗੁਰੂ ਜੀ ਦੀ ਜਾਣ-ਪਹਿਚਾਣ ਕਰਵਾਂਦਿਆਂ ਕਿਹਾ : ਆਪ ਨੂੰ ਕਸ਼ਟ ਹੋਇਆ ਹੋਵੇਗਾ, ਏਥੇ ਆਉਂਦਿਆਂ! ਸਤਿਗੁਰੂ ਜੀ : ਜਹਾਂ ਆਪ ਹੈਂ ਵਹਾਂ ਕਸ਼ਟ ਕਾਹੇ ਕਾ ? ਮਜ਼ੇ ਸੇ ਆਏ ਹੈਂ। ਯਹਾਂ ਪਰ ਸੰਗੀਤ ਸੁਖ ਪ੍ਰਾਪਤ ਹੋਗਾ।

ਇਸ ਮੌਕੇ ਦੇ ਕੁਝ ਪਲ ਸੰਭਾਲਣ ਲਈ ਠਾਕੁਰ ਦਲੀਪ ਸਿੰਘ ਜੀ ਨੇ ਕੈਮਰੇ ਦੀ ਵਰਤੋਂ ਕੀਤੀ ਅਤੇ ਅਵਤਾਰ ਸਿੰਘ ਅੰਮ੍ਰਿਤਸਰੀ ਮੂਵੀ ਲੈਂਦੇ ਰਹੇ। ਗਿਆਨੀ ਜਸਵੰਤ ਸਿੰਘ ਢਿੱਲੋਂ ਅਜਿਹੇ ਅਵਸਰ ਨੂੰ ਟੇਪਬੰਦ ਕਰ ਸੰਭਾਲ ਲੈਂਦੇ ਹਨ। ਮੈਂ ਵੀ ਕਲਮੀ ਰਾਹ ਕੁਝ ਨ ਕੁਝ ਗ੍ਰਹਿਣ ਕਰ ਹੀ ਲੈਂਦਾ ਹਾਂ।

ਕੁੜੀਆਂ ਦੇ ਵਿਵਿਧ ਲੈਅ ਵਿਚ ਗਾਉਣ ਨੇ ਸਚਮੁੱਚ ਸੁਖ ਦਿੱਤਾ ਸੀ। ਸਤਿਗੁਰੂ ਜੀ ਨੇ ਗਾਇਕ ਬੱਚੀਆਂ ਨੂੰ ਆਸ਼ੀਰਵਾਦ ਦਿਤਾ ਤਾਂ ਡਾਗਰ ਸਾਹਿਬ ਨੇ ਇਕ 5 ਸਾਲ ਦੀ ਬਾਲਾ ਤੋਂ 'ਸਾ' ਕਰਵਾਣਾ ਚਾਹਿਆ, ਪਰ ਉਹ ਅੜ ਗਈ ਤੇ ਨਾ ਹੀ ਬੋਲੀ। 'ਬੋਲਾਇਆ ਬੋਲੀ ਤੇਰਾ।' ਵਾਲੀ ਗੱਲ ਹੋ ਗਈ।

## ਪੇਸ਼ਕਾਰੀ ਆਪਣੇ ਗਾਇਕਾਂ ਦੀ

ਅਸਲ ਵਿਚ ਅਜਿਹੀਆਂ ਬੈਠਕਾਂ ਅਤੇ ਮਜਲਸਾਂ ਦਾ ਮਨੋਰਥ ਹੁੰਦਾ ਹੈ, ਕਲਾ ਦਾ ਆਦਾਨ ਪ੍ਰਦਾਨ। ਉਸਤਾਦ ਹਰਨਾਮ ਸਿੰਘ ਜੀ ਕਿਹਾ ਕਰਦੇ ਸਨ, ਜਦ ਤਕ ਅਸੀਂ ਦੂਜਿਆਂ ਦੇ ਸਟੇਜ ਤੇ ਨਾ ਜਾਵੀਏ, ਉਹਨਾਂ ਕੋਲ ਜਾ ਕੇ ਆਪਣਾ ਆਪ ਨਾ ਵਿਖਾਈਏ, ਨਾ ਆਪਣੀਆਂ ਕਮਜ਼ੋਰੀਆਂ ਦਾ ਪਤਾ ਲਗਦਾ ਹੈ ਨਾ ਹੀ ਵਿਸ਼ਵਾਸ ਦ੍ਰਿੜ੍ਹ ਹੁੰਦਾ ਹੈ। ਦੂਸਰ ਹੋਇ ਤ ਸੋਭੀ ਪਾਇ। ਦੂਜਿਆਂ ਤੋਂ ਗੁਣ ਗ੍ਰਹਿਣ ਵੀ ਕਰੀਦਾ ਹੈ ਤੇ ਆਪਣਾ ਪ੍ਰਗਟਾਵਾ ਵੀ ਹੁੰਦਾ ਹੈ। ਸੋ ਹੁਣ ਸਾਡੇ ਗਾਇਕਾਂ ਦੀ ਵਾਰੀ ਆ ਗਈ ਧਰੁਪਦ-ਉਸਤਾਦ ਡਾਗਰ ਸਾਹਿਬ ਤੋਂ ਮੁਹਰ ਲੁਆਣ ਦੀ।

ਸ੍ਰੀ ਹਰਭਜਨ ਸਿੰਘ ਹਾਰਮੋਨੀਅਮ, ਠਾਕੁਰ ਦਲੀਪ ਸਿੰਘ ਨੇ ਤਾਨਪੂਰਾ, ਮਹਾਰਾਜ ਜੀ ਨੇ ਮ੍ਰਿਦੰਗ, ਪਿੰਕੀ ਨੇ ਤਬਲਾ ਲੈ ਕੇ, ਚੰਦ੍ਰਹਾਸ ਜੀ ਨੂੰ ਨਾਲ ਬੈਠਾਅ ਰਾਗ ਖਟ ਵਿਚ 'ਮੋਰੀ ਅਬ ਸੁਧ ਲੀਜੀਏ' ਗੰਵਿਆ। ਇਹ ਕਦੇ ਮਿਲ ਕੇ ਨਹੀਂ ਸੀ ਗਾਇਆ-ਵਜਾਇਆ ਗਿਆ। ਬੋਲ ਹਨ :



Sri Satguru Jagjit Singh Ji Elibrary NamdhariElibrary@gmail.com

ਮੋਰੀ ਆਬ ਸੁਧਿ ਲੀਜੀਏ ਬ੍ਰਿਜਬਾਸੀ ਕਨ੍ਹਈਆ
ਡਗਰ ਡਗਰ ਮਗਰ ਫਿਰਤ ਹੂੰ, ਨੰਦ ਜੂ ਕੇ ਲਾਲ ਬਿਹਾਲ ਭਈ
ਦਰਸ਼ਨ ਦੇਖੇ ਬਿਨ ਰੰਗ, ਸਿਮਰਿ ਸਿਮਰਿ ਤੁਮ ਸੰਗ ਲਾਗੀ ਡੋਰੀ ।

ਮੁੱਖ ਆਵਾਜ਼ ਹਰਭਜਨ ਸਿੰਘ ਦੀ ਹੀ ਸੀ । ਡਾਕਟਰ ਸਾਹਿਬ ਵਲੋਂ 'ਵਾਹ !' ਪ੍ਰਾਪਤ ਹੋਈ ਅਤੇ ਫਿਰ ਮ੍ਰਿਦੰਗ ਪਿੰਡੀ ਨੇ ਲੈ ਲਿਆ । ਮਹਾਰਾਜ ਜੀ ਨੇ ਪੰਜਾਬ ਦੇ ਤਲਵੰਡੀ ਘਰਾਣੇ ਦਾ ਜ਼ਿਕਰ ਕਰ ਕੇ ਰਾਗ ਬਹਾਰ ਵਿਚ 'ਫੂਲੀ ਬਨ ਰਾਈ' ਦਾ ਆਲਾਪ ਸ਼ੁਰੂ ਕੀਤਾ । ਬੋਲ :

ਫੂਲੀ ਬਨ ਰਾਈ
ਹਰੀ ਬੇਲ, ਕੋਇਲ ਬੈਠੇ ਅੰਬੂਆ ਡਾਰ ।
ਮੀਠੇ ਸ਼ਬਦ ਸੌਂ ਭਮਰਾ ਗੁੰਜਾਰ ਕਰਤ
ਰੁੱਤ ਬਸੰਤ ਆਈ, ਖਿਲੀ ਬਹਾਰ ।
ਡਾਰ ਡਾਰ ਕੇ ਬਿਰਵਾ ਜੁਗਤਿ ਜੁਗਤਿ ਝੂਮ ਰਹੇ
ਪਾਪੀ ਪਪੀਹਾ ਪੀਆ ਕਰ ਪੁਕਾਰ ।
ਬਾਰ ਬਾਰ ਕਵਾਰ ਨਾਰ ਫਿਰਤ ਫਿਰਤ ਝੂਮ ਆਈ
ਹਾਥ ਲੀਏ ਗਡਵਾ ਚਲੀ ਹੈ ਦੁਆਰ ।
ਮੌਲਾ ਦਾਦ ਕੇ ਪੂਤ ਮੁਸਕਿ ਮੁਸਕਿ ਬੈਨ ਕਹਤ
ਗਲੇ ਡਾਰ ਮੋਤਨ ਹਾਰ ਕਰ ਸਿੰਗਾਰ ।

ਡਾਕਟਰ ਸਾਹਿਬ ਨੇ 'ਵਾਹ !' ਕਿਹਾ ਅਤੇ ਇਹ ਵੀ ਕਿ 'ਆਪ ਤੋ ਬਹੁਤ ਉਮਦਾ ਗਾਤੇ ਹੈਂ ।' ਹਾਲਾਂ ਕਿ ਲਗਦਾ ਸੀ ਮਹਾਰਾਜ ਜੀ ਅੱਜ ਪਹਿਲਾਂ ਵਾਂਗ ਨਹੀਂ ਗਾ ਸਕੇ ।

ਫਿਰ ਬਲਜੀਤ, ਮੋਹਣ, ਸੁਖਦੇਵ ਦੀ ਪਾਰਟੀ ਅੱਗੇ ਆਈ । ਇਹਨਾਂ ਧੁਨ ਕਲੀ ਵਿਚ ਧਮਾਰ ਗਾਈ : ਬਾਜਤ ਡਮਰੂ ਹਰ ਘਰ । ਸਤਿਗੁਰੂ ਜੀ ਨੇ ਲਖਨਊ ਬੈਠਕ ਨੂੰ ਯਾਦ ਕੀਤਾ ਜੁ ਸ. ਕਰਮਜੀਤ ਸਿੰਘ ਦੇ ਘਰ ਹੋਈ ਸੀ, ਪੰ: ਰਾਮ ਨਾਰਾਇਣ, ਸਵਾਮੀ ਪਾਗਲ ਦਾਸ ਅਤੇ ਸ੍ਰੀ ਚਤੁਰ ਭੁਜ ਰਾਠੌਰੀਆ ਨਾਲ । ਡਾਕਟਰ ਸਾਹਿਬ ਨੂੰ ਸਤਿਗੁਰਾਂ ਆਖਿਆ : ਗੁਣੀ ਜਨਾਂ ਪਾਸ ਬੈਠਿਆਂ ਕੁਝ ਪ੍ਰਾਪਤ ਹੀ ਹੁੰਦਾ ਹੈ । 'ਬਾਜਤ ਡਮਰੂ' ਨਾਲ ਮਹਾਰਾਜ ਬੀਰ ਸਿੰਘ ਜੀ ਤਬਲਾ ਵਜਾ ਰਹੇ ਸਨ । ਠਾ ਦੀ ਠਾ, ਦੁਗਣ, ਚੌਗਣ ਦੀ ਦੁਗਣ ਆਦਿ ਹਰ ਤਰ੍ਹਾਂ ਦੀ ਲੈਅ ਵਿਖਾਈ । ਡਾਕਟਰ ਸਾਹਿਬ 'ਆਹਾ ਹਾਹਾ' ਕਰਦੇ ਜਦੋਂ ਗਾਇਕ ਸਮ ਤੇ ਆ ਮਿਲਦੇ । ਤਿਹਾਈਆਂ ਉੱਤੇ ਤਾਂ ਖ਼ਾਸ ਕਰ ਮੁਗਧ ਹੋਏ : ਵਾਹ ! ਬਹੁਤ ਅੱਛੇ ! ਕਿਆ ਬਾਤ ਹੈ ! ਅਤੇ ਅੰਤ ਉੱਤੇ : ਵਾਹ, ਗੁਰੂ ਮਹਾਰਾਜ ਆਪ ਨੇ ਤੋ ਬਹੁਤ ਕ੍ਰਿਪਾ ਕੀ ! ਸ਼ਬਦ ਆਪ ਮੁਹਾਰੇ ਨਿਕਲ ਰਹੇ ਸਨ ।

ਸਤਿਗੁਰੂ ਜੀ ਨੇ ਹੁਣ ਬੱਚਿਆਂ ਨੂੰ ਸਵਾ ਚੌਦਾਂ ਮਾਤਰਾਂ ਵਿਚ 'ਧਰ ਜੀਅਰੇ ਇਕ ਟੇਕ ਤੂੰ' ਗਾਉਣ ਲਈ ਆਖਿਆ । ਇਸ ਦੇ ਗਾਉਣ ਉਪ੍ਰੰਤ, ਪੌਣੇ ਪੰਦਰਾਂ



Sri Satguru Jagjit Singh Ji Elibrary NamdhariElibrary@gmail.com

ਮਾਤਰਾਂ ਵਿਚ 'ਰੂਪੁ ਚਿਤਵਤ ਸੁਖ ਅਧਿਕ ਹੋਇ' ਸੁਣਾਇਆ ਤਾਂ ਡਾਕਟਰ ਸਾਹਿਬ ਬੋਲੇ : ਵਾਹ, ਆਪ ਨੇ ਤੇ ਬਹੁਤ ਹੀ ਅੱਛੀ ਬੰਦਸ਼ ਬਣਾਈ ਹੈ । ਅਤੇ ਹੋਰ ਪ੍ਰਸੰਸਾਤਮਕ ਗੱਲਾਂ ਬਾਤਾਂ ਹੋਈਆਂ ।

ਫਿਰ ਪਿੰਕੀ ਦਾ ਤਬਲਾ ਵਾਦਨ ਆਰੰਭ ਹੋ ਗਿਆ । ਤਿਹਾਈਆਂ ਅਤੇ ਵੱਖ ਵੱਖ ਗਤਾਂ ਤੇ 'ਵਾਹ ਵਾਹ' ਚਲਦੀ ਰਹੀ । ਛੋਟੇ ਜਿਹੇ ਬੱਚੇ ਨੇ ਸਭ ਦਾ ਮਨ ਮੋਹ ਲਿਆ ।

1 ਵਜ ਗਿਆ ਦੁਪਹਿਰ ਦਾ । ਸੱਚੇ ਪਾਤਸ਼ਾਹ ਜੀ ਨੇ ਆਸ਼ਰਮ ਦੇ ਬੱਚਿਆਂ ਲਈ ਇਕ ਵੱਡਾ ਸਾਰਾ ਟੋਕਰਾ ਫਲਾਂ ਦਾ ਅਤੇ ਡਾਕਟਰ ਸਾਹਿਬ ਨੂੰ 4 ਕੇ. ਜੀ. ਦੇਸੀ ਘਿਉ ਦੀ ਪੀਪੀ ਬਖ਼ਸ਼ਸ਼ ਕੀਤੀ । ਡਾਕਟਰ ਸਾਹਿਬ ਨੇ ਆਪਣੇ ਆਸ਼ਰਮ ਦਾ ਇਕ ਸੋਵੀਨਰ ਭੇਟ ਕੀਤਾ ਅਤੇ ਇਕ ਕਾਪੀ ਤੇ ਸਤਿਗੁਰਾਂ ਦੇ ਦਸਤਖ਼ਤ ਚਾਹੇ । ਸਤਿਗੁਰੂ ਜੀ ਨੇ, '੧ ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ' ਲਿਖ ਦਿੱਤਾ । ਡਾਕਟਰ ਸਾਹਿਬ ਨੇ ਸਤਿਗੁਰੂ ਜੀ ਦੇ, ਆਪਣੇ ਜੱਥੇ ਸਮੇਤ ਘਰ ਆ ਕੇ ਦਰਸ਼ਨ ਦੇਣ ਲਈ ਬੜੀ ਸ਼ੁਕਰ ਗੁਜ਼ਾਰੀ ਕੀਤੀ ਅਤੇ ਫੇਰ ਵੀ ਕਦੇ ਇੰਜ ਹੀ ਪਧਾਰਨ ਲਈ ਆਗ੍ਰਹਿ ਕੀਤਾ ।

### ਬੀਬੀ ਜਸਮੀਤ ਦੇ ਘਰ

1.30 ਵਜੇ ਸ੍ਰੀ ਸਤਿਗੁਰੂ ਜੀ ਘਰ ਪਰਤ ਆਏ ।

3.30 ਵਜੇ ਨਾਮ ਸਿਮਰਨ ਦਾ ਨਿਤਨੇਮ ਬੀਬੀ ਜੀ ਦੇ ਘਰ ਹੀ ਹੋਇਆ । ਨਿਤਨੇਮ ਵਿਚ ਸ੍ਰੀ ਸਤਿਗੁਰਾਂ ਦੇ ਦਰਸ਼ਨਾਂ ਦਾ ਲਾਭ ਬੀਬੀ ਧਿਆਨ ਕੌਰ ਅਤੇ ਉਸ ਦਾ ਵੱਡਾ ਭਾਈ ਧਿਆਨ ਚੰਦ, ਭਰਜਾਈਆਂ ਦੋਵੇਂ ਅਤੇ ਇਨ੍ਹਾਂ ਦੇ ਬੱਚੇ ਹਾਸਲ ਕਰਨ ਆਏ । ਸਾਰੇ ਪਰਿਵਾਰ ਨੇ ਸਤਿਗੁਰੂ ਜੀ ਨੂੰ ਹਾਰ ਪਹਿਨਾਅ ਕੇ ਪ੍ਰਸੰਨਤਾ ਅਨੁਭਵ ਕੀਤੀ ।

### ਉਸਤਾਦ ਇਮਰਤ ਖ਼ਾਂ ਦੇ ਘਰ

5 ਵਜੇ ਸ਼ਾਮੀਂ ਪ੍ਰਸਿੱਧ ਸਿਤਾਰ ਵਾਦਕ ਅਤੇ ਉਸਤਾਦ ਵਲਾਇਤ ਖ਼ਾਂ ਦੇ ਛੋਟੇ ਭਾਈ ਉਸਤਾਦ ਇਮਰਤ ਖ਼ਾਂ ਦੇ ਘਰ ਵਲ ਵਹੀਰਾਂ ਪੈ ਗਈਆਂ । ਸਾਰੇ ਸੰਗੀਤ ਸੰਬੰਧਤ ਸੱਜਣ ਇਮਰਤ ਖ਼ਾਂ ਦੇ ਘਰ ਪਹੁੰਚ ਗਏ । ਇਹ ਇਹਨਾਂ ਉਸਤਾਦ ਭਰਾਵਾਂ ਦਾ ਜੱਦੀ ਪੁਸ਼ਤੀ ਘਰ ਹੈ । 24/1 ਮਿਹਰ ਅਲੀ ਲੇਨ, ਪਾਰਕ ਸਰਕਸ, ਕਲਕੱਤਾ । ਗੁਰੂ ਪਰਿਵਾਰ, ਧਿਆਨ ਕੌਰ ਤੇ ਇਹਦਾ ਪੇਕਾ ਪਰਿਵਾਰ, ਜਸਮੀਤ ਪਰਿਵਾਰ ਵੀ 10 ਮਿੰਟ ਤਕ ਪਹੁੰਚ ਗਏ । ਇਮਰਤ ਖ਼ਾਂ ਸਾਹਿਬ ਦੇ ਸ਼ਾਗਿਰਦ, ਬੱਚੇ, ਮਾਤਾ, ਪਤਨੀ ਉਸ ਲੰਮੀ ਬੈਠਕ ਵਿਚ ਆ ਬੈਠੇ ਜਿੱਥੇ ਗਲੀਚੇ ਆਦਿ ਵਿਛੇ ਹੋਏ ਸਨ । ਸਤਿਗੁਰੂ ਜੀ ਨੂੰ ਇਕ ਗਲੀਚੇ ਉੱਤੇ ਸਫ਼ੈਦ ਕੱਪੜਾ ਵਿਛਾਅ ਪਿੱਛੇ ਤਕੀਆ ਸਜਾਅ ਬੈਠਣ ਦੀ ਬੇਨਤੀ ਕੀਤੀ ਗਈ । ਅਸੀਂ ਵੀ ਬੈਠ ਗਏ ।

ਸੰਗੀਤ ਸਭਾ ਦਾ ਆਰੰਭ ਸਤਿਗੁਰੂ ਜੀ ਦੇ ਦਿਲਰੁਬਾ ਉੱਤੇ ਤਰਬ ਵਾਦਨ ਨਾਲ ਹੋਇਆ । ਅਵਤਾਰ ਸਿੰਘ ਤਬਲਾ ਵਾਦਕ ਸੀ ।



Sri Satguru Jagjit Singh Ji Elibrary NamdhariElibrary@gmail.com

ਸਾਰਾ ਇਮਰਤ ਪਰਿਵਾਰ ਬਾਰੇ ਸਦਕੇ ਜਾ ਰਿਹਾ ਸੀ ਕਿ ਗੁਰੂ ਘਰ ਦੇ ਸਾਰੇ ਮੈਂਬਰ ਹੀ ਉਨ੍ਹਾਂ ਦੇ ਘਰ ਨੂੰ ਨਿਵਾਜ ਰਹੇ ਹਨ।

ਸਤਿਗੁਰੂ ਜੀ ਦੀਆਂ ਵਜਾਈਆਂ ਤਰਬਾਂ ਜਲ ਤਰੰਗ ਦਾ ਪ੍ਰਭਾਵ ਦਿੰਦੀਆਂ ਹਨ। ਤਿਹਾਈਆਂ ਆਦਿ ਉੱਤੇ ਇਮਰਤ ਖ਼ਾਂ ਦੋਨੋ ਸੰਤੁਸ਼ਟ ਅਤੇ ਮੁਗਧ ਹੁੰਦੇ ਰਹੇ ਕਿ 'ਆਹਾ ਹਾਹਾ'! 'ਵਾਹਵਾ!' ਆਦਿ ਪ੍ਰਸ਼ੰਸਾ ਭਰੇ ਸ਼ਬਦ ਅਨਾਯਾਸ ਹੀ ਤੇ ਬਾਰ ਬਾਰ ਨਿਕਲਦੇ ਰਹੇ। 'ਯਿਹ ਤੋ ਆਪ ਨੇ ਨਈ ਈਜਾਦ ਕੀ ਹੈ' ਅਤੇ ਰਸ ਭਰੇ ਹੋਏ ਵਿਚ ਅਚਾਨਕ ਇਮਰਤ ਖ਼ਾਂ ਬੜੀ ਆਜਜ਼ੀ ਨਾਲ ਬੋਲੇ : ਮੁਆਫ਼ ਕਰਨਾ, ਥੋੜ੍ਹਾ ਰੁਕ ਜਾਓ, ਅਜ਼ਾਂ ਕਾ ਵਕਤ ਹੈ। ਮਸੀਤ ਪਾਸ ਹੀ ਹੈ। ਤਬ ਤਕ ਸੰਗੀਤ ਰੋਕ ਦੀਆ ਜਾਤਾ ਹੈ।

ਸਤਿਗੁਰੂ ਜੀ ਨੇ ਤਰਬਾਂ ਦੀ ਛਣਕਾਰ ਰੋਕ ਦਿੱਤੀ ਅਤੇ ਫ਼ਰਮਾਇਆ : ਯਿਹ (ਸੰਗੀਤ) ਇਬਾਦਤ ਕਾ ਬਹੁਤ ਬੜ੍ਹੀਆ ਤਰੀਕਾ ਹੈ।

ਉਸਤਾਦ ਇਮਰਤ ਨੇ ਆਖਿਆ : ਮੇਰਾ ਤਮਾਮ ਧਰਮਾਂ ਨਾਲ ਬੜਾ ਕਰੀਬੀ ਰਿਸ਼ਤਾ ਹੈ। ਹਾਲੈਂਡ ਵਿਚ ਤਾਂ ਇਕ ਚਰਚ ਦੀ ਸ਼ੁਰੂਆਤ ਹੀ ਮੇਰੇ ਤੋਂ ਕਰਵਾਈ ਗਈ। ਵਿਰੋਧੀ ਆਵਾਜ਼ਾਂ ਵੀ ਸਨ, ਕਿਉਂ ਭਾਰਤੀ ਸੰਗੀਤ ਨਾਲ ਆਰੰਭ ਕੀਤਾ ਗਿਆ। ਮੈਨੂੰ ਆਦਰ ਸਤਿਕਾਰ ਫਾਰਿਨ (ਵਿਦੇਸ਼ਾਂ) ਵਿਚ ਵੀ ਮਿਲਦਾ ਹੈ। ਚਰਚਾਂ ਦੀ ਸ਼ੁਰੂਆਤ ਤਾਂ ਮੇਰੀ ਸਪੈਸ਼ਲਿਟੀ (ਵਿਸ਼ੇਸ਼ਤਾ) ਹੈ, ਕਿਉਂਕਿ ਮੈਂ ਵੀ ਕਿਹਾ ਕਰਦਾ ਹਾਂ ਕਿ ਸੰਗੀਤ ਇਬਾਦਤ ਦਾ ਹੀ ਇਕ ਢੰਗ ਹੈ।

ਅਤੇ ਦੋ ਮਿੰਟ ਬਾਅਦ ਫਿਰ ਤਰਬਾਂ ਦੀ ਛਣਕਾਰ ਕੰਨਾਂ ਵਿਚ ਸ਼ਹਿਦ ਘੋਲਣ ਲਗ ਪਈ। "ਯਾਨੀ ਸਾਰਾ ਕਾਨਸੈਪਸ਼ਨ ਇਸੀ ਮੇਂ ਹੈ। ਬਿਲਕੁਲ ਨਈ ਬਾਤ ਸੁਣਾਈ ਆਪ ਨੇ।" 'ਆਹਾ ਹਾਹਾ' 'ਵਾਹ ਵਾਹ' ਆਦਿ ਕਹਿੰਦਿਆਂ ਅੰਤ ਉਤੇ ਇਮਰਤ ਖ਼ਾਂ ਸਾਹਿਬ ਨੇ ਇਹ ਸ਼ਬਦ ਆਖੇ। ਸਤਿਗੁਰੂ ਜੀ ਸਨੇਮਰ ਬੋਲੇ : ਮੁਝੇ ਇਤਨਾ ਬਜਾਨਾ ਆਤਾ ਨਹੀਂ ਜਿਤਨਾ ਆਪ ਕਹਿ ਰਹੇ ਹੈਂ। ਖ਼ਾਂ ਸਾਹਿਬ : ਮੁਆਫ਼ ਕੀਜੀਏ, ਮੁਝੇ ਐਸਾ (ਰੋਕਨਾ) ਕਰਨਾ ਪੜਾ, ਵਰਨਾ, ਰੂਪਕ ਕਾ ਮਾਮਲਾ ਬਹੁਤ ਜਮਾ ਹੂਆ ਥਾ। ਆਪ ਬਹੁਤ ਅੱਛੇ ਅੰਦਾਜ਼ ਸੇ ਨਿਭਾ ਰਹੇ ਥੇ।

ਫਿਰ ਖ਼ਾਂ ਸਾਹਿਬ ਨੇ ਪਿੰਕੀ ਦੀ ਸੁਣੀ ਹੋਈ ਤਾਰੀਫ਼ ਤੋਂ, ਉਸਨੂੰ ਸੁਣਾਨ ਲਈ ਆਖਿਆ। ਸਤਿਗੁਰੂ ਜੀ ਨੇ ਲਖਨਊ ਦਾ ਅਨੁਭਵ ਦੱਸਿਆ : ਸ਼ਿਆਮਲ ਚੌਧਰੀ ਹੈਂ ਨ? ਅੱਛਾ ਬਜਾਤੇ ਹੈਂ, ਇਸ ਸੇ ਸੀਨੀਅਰ ਹੈਂ ਪਰ ਲਖਨਊ ਮੇਂ ਟਿਕ ਸਕੇ ਨਹੀਂ। ਪਿੰਕੀ ਨੇ ਬਹੁਤ ਅੱਛਾ ਬਜਾਇਆ। ਯਿਹ ਘਰ ਪਰ ਬੇਸ਼ਕ ਨ ਇਤਨਾ ਅੱਛਾ ਬਜਾਏ ਲੇਕਿਨ ਜਬ ਉਸਤਾਦ ਲੋਗੋਂ ਯਾ ਸਭਾ ਕੇ ਸਮੱਖ ਬਜਾਏ ਤੋ ਘਰ ਸੇ ਦੁਗਨਾ ਬਜਾਤਾ ਹੈ। ਖ਼ਾਂ ਸਾਹਿਬ : ਆਪ ਕੀ ਕ੍ਰਿਪਾ ਹੈ ਸਬ।

ਅਤੇ ਫਿਰ ਤਬਲਾ ਗੂੰਜ ਉਠਿਆ : ਧੱਕ ਧਿੰਨ ਧਾ ਧਿਨੇ। ਪਿੰਕੀ ਦੀਆਂ ਨਿੱਕੀਆਂ ਨਿੱਕੀਆਂ ਉਂਗਲਾਂ ਅਤੇ ਵੱਡੇ ਵੱਡੇ ਇਰਾਦੇ ਨੇ ਕਮਾਲ ਕਰਨਾ ਸ਼ੁਰੂ ਕਰ ਦਿਤਾ। ਅੰਤ ਉਤੇ ਫਿਰ ਤਾਰੀਫ਼ਾਂ ਦਾ ਚੱਕਰ! "ਬਹੁਤ ਹੀ ਅੱਛੀ ਕਰਵਟ ਲੇਤੀ ਹੈ...ਇਸ



Sri Satguru Jagjit Singh Ji Elibrary NamdhariElibrary@gmail.com

ਬੱਚੋਂ ਕੇ ਨਸੀਬ ਬਹੁਤ ਅੱਛੇ ਹੈਂ ਜੋ ਇਨ ਕੋ ਆਪ ਕੀ ਆਸ਼ੀਰਵਾਦ ਭੀ ਪ੍ਰਾਪਤ ਹੈ ਔਰ ਸਰਪ੍ਰਸਤੀ ਭੀ। ਐਸਾ ਤਬਲਾ ਇਤਨੀ ਛੋਟੀ ਉਮਰ ਮੇਂ ਕੌਨ ਬਜਾ ਸਕਤਾ ਹੈ, ਯਿਹ ਸਬ ਆਪ ਹੀ ਕੀ ਕ੍ਰਿਪਾ ਹੈ। ਯਿਹ (ਪਿੰਕੀ) ਤੋ ਸੁਰਹੀ (ਫੁਲਝੜੀ) ਹੈ ਜੋ ਥੋੜ੍ਹੀ ਸੀ ਆਗ ਲਗਾਨੇ ਸੇ ਆਸਮਾਨ ਮੇਂ ਉੜ ਜਾਤੀ ਹੈ। ਗਾਨੇ ਬਜਾਨੇ ਮੇਂ ਆਪ ਕੀ ਬਹੁਤ ਹੀ ਕਾਂਟ੍ਰੀਬਿਊਸ਼ਨ (ਯੋਗਦਾਨ) ਹੈ। ਜਿਤਨਾ ਆਪ ਨੇ ਮਿਊਜ਼ਿਕ (ਸੰਗੀਤ) ਮੇਂ ਇੰਟ੍ਰਸਟ (ਦਿਲਚਸਪੀ) ਲੀਆ ਹੈ, ਬਹੁਤ ਬੜਾ ਕਾਂਟ੍ਰੀਬਿਊਸ਼ਨ (ਯੋਗਦਾਨ) ਹੈ।

ਸਤਿਗੁਰੂ ਜੀ ਦੇ ਨਮਰਤਾ ਨਿਵੇਦਨ ਬਾਅਦ ਇਮਰਤ ਖ਼ਾਂ ਸਾਹਿਬ ਫੇਰ ਬੋਲੇ : ਆਪ ਜਿਸ ਤਰ੍ਹਾਂ ਬੱਚੋਂ ਕੋ ਉਸਤਾਦੋਂ ਕੋ ਆਰਗੇਨਾਈਜ਼ ਕਰ ਰਹੇ ਹੈਂ, ਦਿਹਲੀ ਮੇਂ ਹੀ ਮੈਨੇ ਦੇਖਾ ਹੈ, ਵੁਹ ਬੇਨਜ਼ੀਰ ਹੈ।

## ਵਿਸਮਾਦ

ਸਤਿਗੁਰੂ ਜੀ ਨੇ ਖ਼ਾਂ ਸਾਹਿਬ ਨੂੰ ਆਖਿਆ ਕਿ ਉਹਨਾਂ ਦਾ (ਲੜਕਾ) ਇਰਸ਼ਾਦ ਸੁਰ ਬਹਾਰ ਸੁਣਾਵੇ। ਖ਼ਾਂ ਸਾਹਿਬ ਨੇ ਸੰਕੋਚ ਨਾਲ ਦੱਸਿਆ ਕਿ ਅਜੇ ਉਹ ਹਜ਼ੂਰ ਦੇ ਸੁਣਾਨ ਦੇ ਯੋਗ ਨਹੀਂ ਪਰ ਆਪ ਦੇ ਹੁਕਮ ਦੀ ਤਾਮੀਲ ਕਰੇਗਾ। ਅਤੇ ਸੁਰ ਬਹਾਰ ਦੀਆਂ ਮਰਦਾਵੀਆਂ ਸੁਰਾਂ ਟੁਣਕ ਉਠੀਆਂ। ਸੁਰ ਬਹਾਰ ਕਦੇ ਜ਼ੋਰ, ਕਦੇ ਨਖ਼ਰੇ ਅਤੇ ਕਲਕੋਲੇ ਵਰਗੀ ਆਵਾਜ਼ ਵਿਚ ਗੱਲਾਂ ਕਰਨ ਲੱਗਾ। ਪ੍ਰਤੀਤ ਹੁੰਦਾ ਸੀ ਕਿ ਇਰਸ਼ਾਦ ਨੂੰ ਉਸਤਾਦਾਂ ਦੀ ਪਾਲ ਵਿਚ ਖਲਿਹਾਰਨ ਲਈ ਤਿਆਰ ਕੀਤਾ ਜਾ ਰਿਹਾ ਹੈ। ਸੁਰ ਬਹਾਰ ਦੀ ਕਲੋਲ ਦੇ ਅੰਤ ਤੇ ਖ਼ਾਂ ਸਾਹਿਬ ਨੇ ਹੀ ਕਿਹਾ : ਇਸ ਸਾਜ਼ ਨੂੰ, ਜਿਸ ਜਿਹਾ ਮੀਂਡ ਕਢਣ ਲਈ ਦੁਨੀਆ ਵਿਚ ਹੋਰ ਕੋਈ ਵੀ ਸਾਜ਼ ਨਹੀਂ, ਸਮਝਣ-ਸਮਝਾਣ ਲਈ ਤੀਸ ਚਾਲੀਸ ਬਰਸ ਤਾਂ ਚਾਹੀਏ ਹੀ। ਮੇਰੇ ਇਕ ਸਵਾਲ ਦੇ ਜਵਾਬ ਵਿਚ ਉਸਤਾਦ ਇਮਰਤ ਖ਼ਾਂ ਨੇ ਆਖਿਆ : ਯਿਹ ਬਹੁਤ ਮੁਸ਼ਕਿਲ ਸਾਜ਼ ਹੈ। ਮੇਰੇ ਵਾਲਿਦ ਸਾਹਿਬ ਯਾ ਮੇਰੇ ਉਸਤਾਦ, ਚਾਚਾ ਵਲੀ ਖ਼ਾਂ ਸਾਹਿਬ ਕੇ ਬਾਅਦ ਹਿੰਦੁਸਤਾਨ ਮੇਂ ਕਿਸੀ ਨੇ ਨਹੀਂ ਬਜਾਇਆ।

ਸਤਿਗੁਰੂ ਜੀ ਨੇ ਆਪਣੇ ਧਰਮ ਵਿਚ ਬਹੁਤ ਪਰਪੱਕ ਹੋ ਕੇ ਸੁਰ ਤਾਲ ਨੂੰ ਚੰਗੀ ਤਰ੍ਹਾਂ ਸਮਝਣ ਵਾਲਿਆਂ ਨੂੰ ਹੀ ਰਾਗ ਰਾਗਣੀ ਦੇ ਭੇਦ ਨੂੰ ਸਮਝਣ ਦੇ ਯੋਗ ਦਸਿਆ। ਸੁਰ ਬਹਾਰ ਦੂਜੀ ਵਾਰ ਗੂੰਜ ਉਠਿਆ। ਇਰਸ਼ਾਦ ਰਾਗ ਮਾਰਵਾ ਵਜਾ ਰਿਹਾ ਸੀ।

## -ਇਕ ਜ਼ਰੂਰੀ ਤਾਰ

ਇਰਸ਼ਾਦ ਦੇ ਸੁਰ ਬਹਾਰ ਛੋਹਨ ਤੋਂ ਪਹਿਲਾਂ, ਪਿੰਕੀ ਦੇ ਤਬਲੇ ਤੋਂ ਵੀ ਅਗਾਉਂ, ਸਮੇਂ ਅਜੇ 5.45 ਹੀ ਹੋਏ ਸਨ, ਬੀਬੀ ਜਸਮੀਤ ਕੌਰ ਆਪਣੇ ਬੱਚਿਆਂ ਨਾਲ ਆਈ ਤਾਂ 50/- ਮੱਥਾ ਟੇਕਦਿਆਂ ਇਕ ਤਾਰ ਭੇਟ ਕੀਤੀ : ਮਾਲੂਵਾਲੀਏ ਬੇਬੇ ਮਾਤਾ ਜੀ ਸੁਰਗਵਾਸ ਕਰ ਗਏ ਹਨ, 8-2-79 ਨੂੰ 11.10 ਸਵੇਰੇ ਤਾਰ ਦਿਤੀ ਗਈ ਸੀ। ਸ. ਸੰਤੋਖ ਸਿੰਘ ਮੁਠੱਡਾ ਵਲੋਂ। ਸ਼ਬਦ ਸਨ : **Maluwali Mataji Expired 5 days Earlier.**



Sri Satguru Jagjit Singh Ji Elibrary NamdhariElibrary@gmail.com

ਮਾਤਾ ਸੰਤ ਜੀ ਮਾਲੂਵਾਲਿਆਂ ਦਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਬਹੁਤ ਪ੍ਰੇਮ ਸੀ। ਉਹ ਕਿੰਨਾ ਕਿੰਨਾ ਚਿਰ ਭੈਣੀ ਸਾਹਿਬ ਆ ਕੇ ਰਹਿੰਦੇ। ਉਸ ਵੇਲੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਅੰਞਾਣੇ ਹੀ ਸਨ। ਓਦੋਂ ਵੀ ਇਨ੍ਹਾਂ ਨੂੰ ਮਾਤਾ ਸੰਤ ਜੀ ਵਲੋਂ ਸਰਪ੍ਰਸਤੀ ਤੇ ਮਾਂ-ਪਿਆਰ ਹਾਸਲ ਸੀ। ਅੱਜ ਕਲ੍ਹ ਇਹ ਮਾਤਾ ਜੀ ਆਪਣੇ ਪਿੰਡ ਨੰਗਲ ਪੁਰਦਲ ਵਿਖੇ ਨਿਵਾਸ ਰਖ ਰਹੇ ਸਨ। ਸਾਹ ਦੀ ਤਕਲੀਫ ਤਾਂ ਆਪ ਨੂੰ ਸੀ ਹੀ, ਆਯੂ ਵਲੋਂ ਵੀ ਆਪ 80 ਦੇ ਲਗ ਭਗ ਹੋਣਗੇ। ਸ੍ਰੀ ਸਤਿਗੁਰੂ ਜੀ 29-1-79 ਨੂੰ ਹੀ ਇਨ੍ਹਾਂ ਨੂੰ ਦਰਸ਼ਨ ਦੇ ਕੇ ਆਏ ਸਨ। ਅੰਤਮ ਸਮੇਂ ਦੇ ਇਹੋ ਦਰਸ਼ਨ ਸਨ।

ਤਾਰ ਮਿਲਦਿਆਂ 5-7 ਮਿੰਟ ਲਈ ਸਤਿਗੁਰੂ ਜੀ ਸਭਾ ਚੋਂ ਉੱਠ ਗਏ।...ਇੰਜ ਸੱਚੇ ਪਾਤਸ਼ਾਹ ਜੀ ਉਸ ਮਾਤਾ ਤੋਂ ਸਦਾ ਲਈ ਵੰਚਿਤ ਹੋ ਗਏ ਜਿਸ ਨੇ ਮਾਂ-ਵਿਛੋੜਾ ਪ੍ਰਤੀਤ ਨਹੀਂ ਸੀ ਹੋਣ ਦਿਤਾ।

ਅਜ਼ਾਨ ਦੇ ਸਮੇਂ ਦੇ ਚਾਰ ਪੰਜ ਕੁ ਮਿੰਟ ਲਈ ਸੰਗੀਤ ਨੂੰ ਰੋਕ ਪਈ। ਸਤਿਗੁਰੂ ਜੀ ਨੇ ਇੰਜ ਪਰਗਟ ਕੀਤਾ ਜਿਵੇਂ ਇਕ ਇਬਾਦਤ ਨੂੰ ਦੂਜੀ ਇਬਾਦਤ ਲਈ ਰੋਕਣਾ ਠੀਕ ਮੁਨਾਸਬ ਹੋਵੇ।

8.00 ਰਾਤੀਂ ਸੁਰ ਬਹਾਰ ਖ਼ਤਮ ਹੋਈ ਤਾਂ ਦਿੱਲੀ ਤੋਂ ਸੇਠ ਧਰਮ ਸਿੰਘ ਚਾਵਲਾ ਦਾ ਫੋਨ ਆ ਗਿਆ। ਉਸਦਾ ਉੱਤਰ ਸਤਿਗੁਰੂ ਜੀ ਨੇ ਹਾਂ-ਨਾ ਵਿਚ ਦੇ ਕੇ, ਆਪਣੇ ਵਲੋਂ ਆਖਿਆ : ਕੱਲ੍ਹ ਏਥੋਂ (ਕਲਕੱਤਿਓਂ) 8 ਵਜੇ ਸਵੇਰੇ ਏਅਰ ਬਸ ਚਲੇਗੀ ਅਤੇ 10 ਵਜੇ ਪਾਲਮ ਪਹੁੰਚੇਗੀ।...ਕਿਤੇ ਕੋਈ ਕਾਲ ਤਾਂ ਨਹੀਂ ਆਈ ?...ਹਫ਼ਤਾ ਦਸ ਦਿਨ ਲੁਆ ਕੇ ਕੋਠੀ ਤਿਆਰ ਕਰਵਾ ਦਿਓ।

8.20 ਤੇ ਰਾਤੀਂ ਸਭਾ ਸਮਾਪਤ ਹੋਈ।

## ਕੁਝ ਹੋਰ ਗੱਲਾਂ

ਇਸ ਸਭਾ ਵਿਚ ਗੁਰੂ ਸਪੁਤਰੀ ਬੀਬਾ ਜੀ ਸੰਗੀਤ ਮੁਗਧ ਬੈਠੇ ਰਹੇ। ਆਪ ਨਾਲ ਨਾਮਧਾਰੀ ਭੈਣਾਂ ਤੋਂ ਬਿਨਾਂ ਖ਼ਾਨ-ਪੁੱਤਰੀਆਂ ਵੀ ਸਨ।

ਸੁਰ ਬਹਾਰ ਦੀਆਂ ਸੁਰਾਂ ਸ਼ਾਂਤ ਹੋਣ ਤੇ ਮਹਾਰਾਜ ਬੀਰ ਸਿੰਘ ਜੀ ਨੇ ਉਸਤਾਦ ਇਮਰਤ ਖ਼ਾਂ ਨੂੰ ਪੁੱਛਿਆ : ਖ਼ਾਂ ਸਾਹਿਬ ਸੁਰ ਬਹਾਰ ਦੀ ਈਜਾਦ ਕਿਸ ਨੇ ਕੀਤੀ? ਅਤੇ ਕਦੋਂ ਹੋਈ ?

ਖ਼ਾਂ ਸਾਹਿਬ : ਦਰਅਸਲ ਇਸ ਕਾ ਪਹਿਲਾ ਨਾਮ 'ਕਛੂਆ ਬੀਨਾ' ਥਾ। ਸੁਰ ਬਹਾਰ ਕਾ ਨਾਮ ਇਸ ਕੋ ਹਮਾਰੇ ਗ੍ਰੈਂਡ ਫ਼ਾਦਰ ਉਸਤਾਦ ਇਮਦਾਦ ਖ਼ਾਂ ਨੇ ਦੀਆ। ਸੁਰ ਬਹਾਰ ਕੋ ਜੋ ਭੀ ਕਾਂਟ੍ਰੀਬਿਊਸ਼ਨ (ਯੋਗਦਾਨ) ਹੈ ਵੁਹ ਮੇਰੇ ਗ੍ਰੈਂਡ ਫ਼ਾਦਰ (ਦਾਦਾ) ਕਾ ਹੀ ਹੈ। ਔਰ ਉਨ ਕੇ ਫ਼ਾਦਰ (ਪਿਤਾ) ਸਾਹਿਬ ਦਾਦ ਕਾ ਹੈ। ਯਿਹ ਸਾਜ਼ ਪਖਾਵਜ ਕੇ ਸਾਥ ਬਜਤਾ ਥਾ। ਆਜਕਲ ਹਮ ਇਸ ਕੋ ਪਖਾਵਜ ਕੇ ਸਾਥ ਨਹੀਂ ਬਜਾਤੇ। ਕਿਉਂਕਿ ਪਖਾਵਜ ਕੇ ਸਾਥ ਬਜਾਨਾ ਮੀਂਡ ਔਰ ਸਵੱਰ-ਆਸ ਕੋ ਮਾਰ ਦੇਤਾ ਹੈ।



Sri Satguru Jagjit Singh Ji Elibrary NamdhariElibrary@gmail.com

ਪਖਾਵਜ ਕੀ ਆਵਾਜ਼ ਇਤਨੀ ਪਾਵਰਫੁਲ (ਜ਼ੋਰਦਾਰ) ਹੋਤੀ ਹੈ ਕਿ ਵੁਹ ਮੀਂਡ ਕੀ ਨਾਜ਼ੁਕ ਆਵਾਜ਼ ਕੋ ਖ਼ਤਮ ਕਰ ਦੇਤੀ ਹੈ ।

"ਹਿੰਦੁਸਤਾਨ ਮੇਂ ਪਹਿਲੀ ਪੇਸ਼ਕਾਰੀ ਆਪ (ਸ੍ਰੀ ਹਜ਼ੂਰ ਵੱਲ ਇਸ਼ਾਰਾ ਕਰਕੇ) ਕੇ ਹੀ ਸਾਮਨੇ ਹੈ ।" ਇਮਰਤ ਜੀ ਨੇ ਸਤਿਗੁਰਾਂ ਨੂੰ ਦਸਿਆ । "ਬੱਚੇ ਆਪ ਕੋ ਬਹੁਤ ਪਿਆਰ ਕਰਤੇ ਹੈਂ, ਸਤਿਗੁਰੂ ਜੀ-ਸਤਿਗੁਰੂ ਜੀ ਕਰਤੇ ਰਹਤੇ ਹੈਂ ।" ਗੱਲ ਬਾਤ ਵਿਚ ਉਨ੍ਹਾਂ ਦੀ ਮਾਤਾ ਬਸ਼ੀਰਨ ਬੇਗਮ ਵੀ ਭਾਗ ਲੈਂਦੇ ਰਹੇ । ਇਮਰਤ ਜੀ ਨੇ ਗਦ-ਗਦ ਕੰਠ ਹੋ ਆਖਿਆ : ਹਮਾਰਾ ਬਹੁਤ ਸੌਭਾਗਿਆ ਹੈ । ਇਸ ਜਗਹ, ਜਹਾਂ ਅਬ ਸਤਿਗੁਰੂ ਜੀ ਵਿਰਾਜਮਾਨ ਹੈਂ, ਮੇਰੇ ਪਿਤਾ ਜੀ (ਉਸਤਾਦ ਇਨਾਇਤ ਖ਼ਾਂ) ਬੈਠ ਕਰ ਰਿਆਜ਼ ਕਰਤੇ ਰਹੇ ਹੈਂ । ਗ੍ਰੈਂਡ ਫ਼ਾਦਰ (ਦਾਦਾ) ਇਟਾਵਾ ਮੇਂ ਰਹੇ, ਫਿਰ ਗੌਰੀ ਪੁਰ ਔਰ ਫਿਰ ਕਲਕੱਤਾ ਆਏ । ਯਿਹ ਮਕਾਨ ਮੇਰੇ ਫ਼ਾਦਰ (ਪਿਤਾ) ਨੇ ਬਨਵਾਇਆ ਥਾ । ਇਸ ਕਮਰੇ ਮੇਂ ਸਤਿਗੁਰੂ ਜੀ, ਉਸਤਾਦ ਫ਼ੱਯਾਜ਼ ਖ਼ਾਂ ਸਾਹਿਬ, ਉਸਤਾਦ ਅਬਦੁਲ ਕਰੀਮ, ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ ਸਾਹਿਬ, ਉਸਤਾਦ ਅਮੀਰ ਖ਼ਾਂ ਸਾਹਿਬ, ਹਾਫ਼ਿਜ਼ ਅਲੀ ਖ਼ਾਂ ਸਾਹਿਬ, ਓਅੰਕਾਰ ਨਾਥ ਠਾਕੁਰ ਜੀ, ਪਟਵਰਧਨ ਜੀ, ਉਸਤਾਦ ਅਕਬਰ ਖ਼ਾਂ, ਸਾਮਤਾ ਪ੍ਰਸਾਦ, ਕਿਸ਼ਨ ਮਹਾਰਾਜ ਜੈਸਾ ਕੋਈ ਕਲਾਕਾਰ ਨਹੀਂ, ਜੁ ਨ ਆਇਆ ਹੋ ।

ਸ੍ਰੀ ਸਤਿਗੁਰੂ ਜੀ ਨੇ ਗੱਲ ਬਾਤ ਨੂੰ ਖ਼ਤਮ ਕਰਨ ਦੇ ਖ਼ਿਆਲ ਨਾਲ ਆਖਿਆ : ਇਕ ਬਾਰ ਫਿਰ ਤੁਹਾਡੇ ਪਾਸ ਆਉਣਾ ਪਵੇਗਾ ਕਿਉਂਕਿ ਮਹਾਰਾਜ ਬੀਰ ਸਿੰਘ ਜੀ ਦਾ ਪੰਜਾਬ ਅੰਗ ਦਾ ਤਬਲਾ ਅਜੇ ਤੁਹਾਨੂੰ ਸੁਣਾਣਾ ਹੈ । ਅਤੇ ਪ੍ਰਸਥਾਨ ਹੋ ਗਿਆ ।

## 10 ਫ਼ਰਵਰੀ 1979, ਸ਼ਨੀਵਾਰ
## ਕਲਕੱਤਾ, (ਸ੍ਰੀ: ਸੰ:)

[illegible]

ਆਸਾ ਦੀ ਵਾਰ ਦਾ ਕੀਰਤਨ, ਬੀਬੀ ਜਸਮੀਤ ਕੌਰ ਦੇ ਫਲੈਟ 7-ਬੀ. ਕੈਮੇਕ ਕੋਰਟ ਵਿਖੇ ਹੋਇਆ । ਸਮਾਪਤੀ 5.45 ਤੇ ਹੋ ਗਈ । ਮੈਂ 6 ਵਜੇ ਫਲੈਟ 7.ਬੀ ਵਲ ਗਿਆ ਤਾਂ ਸਤਿਗੁਰੂ ਜੀ ਹਵਾਈ ਅੱਡਾ, ਦਮਦਮ ਲਈ ਵਿਦਾ ਹੋ ਚੁਕੇ ਸਨ । ਪਰ ਅਜੇ ਆਪ ਜੀ ਦੀ ਕਾਰ ਕੈਮੇਕ ਕੋਰਟ ਦੇ ਨਜ਼ਦੀਕ ਹੀ ਸੀ ਕਿ ਸ੍ਰੀ ਹਜ਼ੂਰ ਨੇ ਮੇਰੇ ਵਲ ਏਨੇ ਜ਼ੋਰ ਦੀ ਤੱਕਿਆ ਕਿ ਮੇਰੀਆਂ ਅੱਖਾਂ ਆਪਣੇ ਆਪ ਉਪਰ ਨੂੰ ਵੇਖਣ ਲਗ ਪਈਆਂ । ਸਤਿਗੁਰੂ ਜੀ ਜਾਂਦੇ ਜਾਂਦੇ ਇਕ ਮੁਸਕਾਨ ਅਨਾਇਤ ਕਰ ਗਏ ! ਅਚਾਨਕ ਹੀ 'ਸਿਮਰਨ' ਦੀਆਂ ਦੋ ਰੁਬਾਈਆਂ ਮੇਰੀ ਯਾਦ ਵਿਚ ਉਜਾਗਰ ਹੋ ਗਈਆਂ । ਪਹਿਲੀ ਉਨ੍ਹਾਂ ਦੀ ਤਕੱਣੀ ਬਾਰੇ ਹੈ :

ਤੇਰੀ ਅੱਖ ਉਘੇੜ ਦੇ, ਜਾਗੇ ਸੋਨ ਸਵੇਰ ।
ਨੈਣ ਮੁੰਦ ਜਦ ਪੈ ਜਾਹਿੰ, ਹੋਵਣ ਧੁੰਧ ਅਨ੍ਹੇਰ ।
ਤਦ ਤਕ ਦੁਨੀਆ ਜਾਗਦੀ, ਜਦ ਤਕ ਤੇਰੀ ਜਾਗ :
ਤੇਰੇ ਬਿਨਾਂ ਜਹਾਨ ਨੂੰ ਮਹਾਂ ਸੁੰਨ ਲਏ ਘੇਰ ।



Sri Satguru Jagjit Singh Ji Elibrary NamdhariElibrary@gmail.com

ਦੂਜੀ ਉਸ ਮੁਸਕਾਨ ਬਾਰੇ ਹੈ ਜੁ ਮੈਨੂੰ ਜਾਂਦੇ-ਜਾਂਦੇ ਦੇ ਗਏ :

ਇਹ ਮੁਸਕਾਨ ਜਿਦ੍ਹੇ ਤੇ ਪੈਂਦੀ, ਹਰਦੀ ਕਸ਼ਟ, ਕਲੇਸ਼ ।
ਇਨ ਨੈਣਾਂ ਦੀ ਅੰਮ੍ਰਿਤ ਧਾਰਾ, ਜੀਵਨ ਦਏ ਵਿਸ਼ੇਸ਼ ।
ਇਸ ਮੁਖ ਮੰਡਲ ਦੇ ਦਰਸ਼ਨ ਹੀ, ਭੈ-ਨਾਸ਼ਕ ਭਵਜਲ ਦੇ :
ਜੋ ਤੱਕੇ, ਨਤ ਮਸਤਕ ਹੋਵੇ, ਰਹਿਸੇ ਸੁਖੀ ਹਮੇਸ਼ ।

ਸਤਿਗੁਰਾਂ ਵਾਲੀ ਕਾਰ ਵਿਚ ਹੋਰ ਸਵਾਰ ਸਨ : ਮਹਾਰਾਜ ਬੀਰ ਸਿੰਘ ਜੀ ਅਤੇ ਠਾਕੁਰ ਦਲੀਪ ਸਿੰਘ ਜੀ । ਅਤੇ ਕਾਰ ਚਲਾ ਰਿਹਾ ਸੀ, ਕੱਲ੍ਹ ਹੀ ਨਵਾਂ ਬਣਿਆਂ ਸਿੱਖ ਕਲੀਨਸੇਵਡ ਰਣਜੀਤ ਸਿੰਘ । ਗੱਡੀ ਵੀ ਉਸੇ ਦੀ ਸੀ । ਉਸ ਨੇ ਕੱਲ੍ਹ ਅਰਜ਼ ਕੀਤੀ ਸੀ ਕਿ ਜਾਂਦਿਆਂ-ਜਾਂਦਿਆਂ ਉਨ੍ਹਾਂ ਦੀ ਕੋਠੀ ਵੀ ਚਰਨ ਪਾਏ ਜਾਣ । ਅਤੇ ਅੱਜ ਉਸ ਦੇ ਮਨ ਦੀਆਂ ਖ਼ੁਸ਼ੀਆਂ ਦਾ ਕੀ ਅੰਤ ਹੈ !

ਦੂਜੀ ਗੱਡੀ ਵਿਚ ਬੀਬਾ ਜੀ, ਬੀਬੀ ਨਰਿੰਦਰ, ਇਹਦਾ ਪਤੀ ਸੰਤ ਜਸਵੰਤ ਸਿੰਘ ਕਲ੍ਹਾ, ਜੇਠ ਸੁਪੱਤਨੀ ਬੀਬੀ ਧਿਆਨ ਕੌਰ, ਇਸ ਦੀ ਪੁੱਤਰੀ ਹਰਬੰਸ । ਤੀਜੀ ਗੱਡੀ ਵਿਚ ਸ. ਸੁਰਿੰਦਰ ਸਿੰਘ ਮਨਚੰਦਾ, ਪ੍ਰੀਤਮ ਸਿੰਘ ਕਵੀ, ਗਾਇਕ ਮੋਹਣ-ਬਲਜੀਤ, ਸੰਤ ਭੁਪਿੰਦਰ ਸਿੰਘ ਭੁਰਜੀ ਅਤੇ ਸੰਤ ਸਵਰਨ ਸਿੰਘ ਡਾਲਟਨ ਗੰਜ ।

ਅਸੀਂ ਤਾਂ ਸਿੱਧੇ ਡਮਡਮ ਪਹੁੰਚੇ ਸਾਂ ਪਰ ਸ੍ਰੀ ਸਤਿਗੁਰੂ ਜੀ ਸ. ਰਣਜੀਤ ਸਿੰਘ ਦੀ ਕੋਠੀ ਚਰਨ ਪਾ, ਇਸ ਦੀ ਮਾਤਾ ਨੂੰ ਭਜਨ ਦੱਸ, ਪਿਤਾ ਨੂੰ ਸਿੱਖ ਬਣਨ ਲਈ ਪ੍ਰੇਰ, ਰਣਜੀਤ ਪਰਵਾਰ ਦੀ ਸਮਰਿਧੀ ਵੇਖ ਕੇ ਹੀ ਏਅਰਪੋਰਟ ਤੇ ਪਹੁੰਚੇ । ਸ. ਮੋਹਣ ਸਿੰਘ-ਰਣਜੀਤ ਸਿੰਘ ਦਾ ਸਾਰਾ ਪਰਵਾਰ ਵੀ ਸਤਿਗੁਰੂ ਜੀ ਨੂੰ ਵਿਦਾ ਕਰਨ ਲਈ ਡਮਡਮ ਹਵਾਈ ਅੱਡੇ ਤਕ ਆਇਆ ।

## ਮੈ ਮਨ ਚਾਉ ਘਣਾ...

ਏਅਰ ਬਸ ਨੇ 8 ਵਜੇ ਚਲਣਾ ਸੀ । ਸਾਰੇ ਮੋਹਣ ਸਿੰਘ ਪਰਵਾਰ ਨਾਲ, ਜਾਂ ਸਤਿਗੁਰੂ ਜੀ ਏਅਰ ਪੋਰਟ ਤੇ ਪੁੱਜੇ ਤਾਂ ਸ. ਰਣਜੀਤ ਸਿੰਘ ਚਾਉ ਮੱਤਾ ਨਾਲ ਨਾਲ ਅਤੇ ਅੱਗੇ ਪਿਛੇ ਹੋ ਕੇ ਫਿਰ ਰਿਹਾ ਸੀ । ਧਿਆਨ ਕੌਰ ਆਪਣੇ ਭਤੀਜੇ ਨੂੰ ਨਾਮਧਾਰੀ ਬਣਿਆ ਵੇਖ ਬਹੁਤ-ਬਹੁਤ ਪ੍ਰਸੰਨਤਾ ਅਨੁਭਵ ਕਰ ਰਹੀ ਸੀ । ਉਸ ਦੇ ਚਾਅ ਸਿਰੋਂ ਮਿਉਂਦੇ ਨਹੀਂ ਸਨ ।

ਭੁਪਿੰਦਰ ਸਿੰਘ ਭੁਰਜੀ ਦਾ ਪ੍ਰੋਗਰਾਮ ਏਅਰ ਬਸ ਰਾਹੀਂ ਦਿੱਲੀ ਜਾਣ ਦਾ ਬਣ ਗਿਆ । ਉਹ ਸਰੀਰ ਕਰਕੇ ਅਜੇ ਤਕੜਾ ਨਹੀਂ ਸੀ । ਉਸ ਮੈਨੂੰ ਦਸਿਆ ਕਿ ਬੀਬੀ ਜਸਮੀਤ ਸਤਿਗੁਰੂ ਜੀ ਤੇ ਨਾਲ ਆਇਆਂ ਨੂੰ ਭੇਟਾ ਧਰ ਧਰ ਬਲਿਹਾਰੇ ਜਾ ਰਹੀ ਸੀ ਪਰ ਵੈਰਾਗਵਾਨ ਹੋਈ ਤਰਲੇ ਲੈ ਰਹੀ ਸੀ : ਫੇਰ ਵੀ ਛੇਤੀ ਦਰਸ਼ਨ ਦੇਣੇ । ਮੈਂ ਪਾਪਣ ਦੇ ਪੂਰਬਲੇ ਜਾਗੇ ਸਨ ਤਾਂ ਹੀ ਸਤਿਗੁਰੂ ਜੀ ਦੇ ਗਰੀਬਣੀ ਦੇ ਘਰ ਚਰਨ ਪਏ । ਦੋ ਦਿਨ ਖੁਲ੍ਹੇ ਦਰਸ਼ਨ ਹੋਏ । ਪਰ ਰਜ਼ਾ ਦਾ ਮਾਲਿਕ ਸਤਿਗੁਰੂ ਅੱਜ ਏਨੀ ਜਲਦੀ ਵਿਛੋੜਾ ਦੇ ਰਿਹਾ ਹੈ ।



Sri Satguru Jagjit Singh Ji Elibrary NamdhariElibrary@gmail.com

## ਦੂਰ ਪਰੇ ਕਜਨਾਂ ਦੀ ਹੌਦੀਂ...

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ, ਸਾਰੀ ਸੰਗਤ ਦੀ ਝੱਲਿਆਂ ਝੱਲਿਆਂ ਨਮਸਕਾਰ ਪਰਵਾਨ ਕਰ, ਏਅਰਪੋਰਟ ਅੰਦਰ ਦਾਖ਼ਲ ਹੋ, ਜਿਉਂ ਹੀ ਜਹਾਜ਼ ਦੀ ਸਵਾਰੀ ਲਈ ਔਤੇ ਅੰਦਰਲੀ ਬਸ ਫੜੀ, ਸਾਰੀ ਬਾਕੀ ਦੀ ਸੰਗਤ ਦ੍ਰਿਸ਼ ਦੇਖਣ ਛੱਤੇ ਚੜ੍ਹ ਕੇ ਆਪਣੇ ਦਿਲ ਦੀ ਧੜਕਣ ਸਤਿਗੁਰੂ ਜੀ ਨੂੰ ਕਲਕੱਤਿਉਂ ਵਿਦਾਇਗੀ ਦੇਣ ਲਈ ਨੀਝ ਲਾ-ਲਾ ਤੱਕਣ ਲਗੀ। ਜਾ ਰਹੇ ਸਨ : ਸ੍ਰੀ ਸਤਿਗੁਰੂ ਜੀ, ਸ੍ਰੀ ਮਨਚੰਦਾ, ਸ੍ਰੀ ਪੁਰਬਾ ਤੇ ਸ੍ਰੀ ਭੂਰਜੀ।

ਅਸਮਾਨ ਬੱਦਲਾਂ-ਛਾਇਆ ਸੀ। ਪਰ ਅੱਜ ਇਕ ਐਸਾ ਅਨੂਠਾ ਦ੍ਰਿਸ਼ ਬਣਿਆ ਕਿ ਕਦੇ ਵੇਖਣਾ ਨਸੀਬ ਵਿਚ ਨਹੀਂ ਹੋਇਆ। ਸਤਿਗੁਰੂ ਜੀ ਦੇ ਜਹਾਜ਼ (ਏਅਰ ਬਸ) ਉੱਤਲੇ ਬੱਦਲ ਦੇ ਉਹਲਿਓਂ ਕਿਰਨਾਂ ਦਾ ਇਕ ਐਸਾ ਖ਼ੂਬਸੂਰਤ ਪ੍ਰਕਾਸ਼ ਹੇਠਾਂ ਨੂੰ ਉਤਰਿਆ। ਜਿਵੇਂ ਸਤਿਗੁਰੂ ਜੀ ਨੂੰ ਹੋਰ ਵੀ ਦਰਗਾਹੀ ਸੋਭਾ ਬਖ਼ਸ਼ੀ ਜਾਂਦੀ ਹੋਵੇ। ਸੋਨੇ ਵਰਗੀਆਂ ਮੋਟੀਆਂ ਮੋਟੀਆਂ ਕਿਰਨ-ਧਾਰਾਂ ਛਤਰੀ ਦੀਆਂ ਤਾਰਾਂ ਵਾਂਗ ਤਣ ਗਈਆਂ। ਸ. ਮੋਹਣ ਸਿੰਘ-ਰਣਜੀਤ ਸਿੰਘ ਕਹਿ ਰਹੇ ਸਨ ਕਦੇ ਏਨਾ ਖ਼ੂਬਸੂਰਤ ਨਜ਼ਾਰਾ ਨਹੀਂ ਵੇਖਿਆ। ਜਿਵੇਂ ਕਿਰਨਾਂ ਦਾ ਮੰਦਰ-ਗੁੰਬਦ ਬਣ ਗਿਆ ਹੋਵੇ। ਨਾਮਧਾਰੀ ਨਰ ਨਾਰਾਂ ਦੀ ਨਜ਼ਰ ਵੀ ਬਸ ਦਾ ਪਿੱਛਾ ਕਰਦੀ ਉਡਣ ਲੱਗੀ ਪਰ ਮਿੰਟ ਪਿਛੋਂ ਹੀ ਏਅਰ ਬੱਸ ਨਜ਼ਰੋਂ ਓਝਲ ਹੋ ਗਈ।

'ਸਿਮਰਨ' ਵਿਚੋਂ ਇਕ ਰੁਬਾਈ ਫੇਰ ਉਭਰੀ :

ਦੂਰ ਪਰੇ ਕਜਨਾਂ ਦੀ ਹੌਦੀਂ, ਬੱਦਲ ਧੂੰਆਂ ਧਾਰ।
ਵਿਚ ਦੀ ਖੰਭ ਖਿਲਾਰੀ ਜਾਵੇ, ਕੂੰਜਾਂ ਦੀ ਇਕ ਡਾਰ
ਕੀ ਹੋਵੇ ਜੇ ਸੱਧਰਾਂ ਮੇਰੀਆਂ, ਕਿੱਟੇ ਪੰਛੀ ਬਹਿ ਕੇ :
ਜਾ ਪਹੁੰਚਣ ਜਿਥੇ ਤੂੰ ਹੋਵੇਂ ਲੈ ਕੇ ਮੇਰਾ ਪਿਆਰ।

ਭੂਰਜੀ ਨੂੰ ਨਾਲ ਖੜਨ ਲਈ ਠਾਕੁਰ ਉਦੈ ਸਿੰਘ ਜੀ ਨੂੰ ਰੇਲ ਦਾ ਸਫ਼ਰ ਦੇ ਦਿਤਾ ਗਿਆ।

ਸ. ਰਣਜੀਤ ਸਿੰਘ ਨੇ ਸਤਿਗੁਰੂ ਜੀ ਨੂੰ ਬੰਬਈ ਵਿਚਲੇ ਆਪਣੇ ਸਹੁਰੇ ਘਰ ਦਾ ਐਡਰੈਸ ਦਿੰਦਿਆਂ ਪੱਕੀ ਪਕਾਈ ਕਿ ਉਨ੍ਹਾਂ ਨੂੰ ਦਰਸ਼ਨ ਜ਼ਰੂਰ ਦਿਤਾ ਜਾਵੇ!

## ਸ. ਰਣਜੀਤ ਸਿੰਘ

ਸਤਿਗੁਰੂ ਜੀ ਤਾਂ ਵਿਦਾ ਹੋ ਗਏ। ਸ. ਰਣਜੀਤ ਸਿੰਘ ਠਾਕੁਰ ਦਲੀਪ ਸਿੰਘ ਜੀ, ਮੈਨੂੰ ਅਤੇ ਕਾਇਦ ਸੁਖਦੇਵ ਸਿੰਘ ਵਰਗੇ ਦੋ ਕੁ ਹੋਰ ਜਣਿਆਂ ਨੂੰ ਆਗ੍ਰਹਿ ਪੂਰਵਕ ਆਪਣੀ ਕੋਠੀ ਤੇ ਲੈ ਗਿਆ, ਮਾਲਰੋਡ ਡਮਡਮ ਕਲਕੱਤਾ ਵਿਖੇ।

ਦੋ ਏਕੜ ਵਿਚ, ਖੁਲ੍ਹੇ ਦਿਲ ਤੇ ਖੁਲ੍ਹੇ ਖ਼ਰਚੇ ਨਾਲ, ਉਸਾਰੀ ਕੋਠੀ ਜਿਸ ਵਿਚ ਕਈਆਂ ਮਹਿੰਗਾ ਫ਼ਰਨੀਚਰ, ਬਾਹਰ ਘਾਹ-ਪਾਰਕ, ਤਰਨ ਤਾਲ; ਕਿਚਨ ਗਾਰਡਨ ਆਦਿ ਮੌਜੂਦ ਸਨ। ਏਥੇ ਰਣਜੀਤ ਸਿੰਘ-ਜਗਜੀਤ ਸਿੰਘ ਆਦਿ ਭਰਾਵਾਂ ਦੇ ਪਿਤਾ ਸ. ਮੋਹਣ



Sri Satguru Jagjit Singh Ji Elibrary NamdhariElibrary@gmail.com

ਸਿੰਘ ਆਪਣੀ ਪਤਨੀ ਅਤੇ ਦੂਜੇ ਬੱਚਿਆਂ ਨਾਲ ਰਹਿੰਦੇ ਹਨ। ਰਣਜੀਤ ਸਿੰਘ ਆਪ ਸ਼ਹਿਰ (ਕਲਕੱਤੇ) ਵਿਚ ਨਿਵਾਸ ਰਖਦਾ ਹੈ। ਉਹ ਅਮਿੱਤਰਵੇਂ ਚਾਅ ਵਿਚ ਝੂਮ ਰਿਹਾ ਸੀ। ਉਸ ਨੇ ਸਾਨੂੰ ਆਪਣੀ ਕੋਠੀ ਤੋਂ ਪਿਛੋਂ ਅਪਣੀ ਫਰਮ ਵਿਖਾਈ, ਕਾਰਖਾਨਾ ਤਤਾਇਆ ਜਿਸ ਵਿਚ ਦੂਰ ਦੂਰ ਤਕ ਬਿਜਲੀ ਫੈਲਾਣ ਲਈ ਬਿਜਲੀ-ਤਾਰਾਂ ਤਿਆਰ ਕੀਤੀਆਂ ਜਾਂਦੀਆਂ ਹਨ। ਫਰਮ ਦਾ ਨਾਮ ਹੈ: ਪੁਲਮੈਨ ਕੰਪਨੀ। ਇਹ ਵਡੇ ਵਡੇ ਬ੍ਰਿਜ (ਪੁਲ) ਵੀ ਉਸਾਰਦੇ ਹਨ ਜਿਵੇਂ ਕਿ ਅੱਜ ਕਲ੍ਹ ਹਾਵੜਾ ਬ੍ਰਿਜ ਦੀ ਥਾਂ ਲੈਣ ਵਾਲਾ ਨਵਾਂ ਪੁਲ ਤਿਆਰ ਕਰ ਰਹੇ ਹਨ। 4 ਏਕੜ ਵਿਚ ਪਸਰਿਆ ਇਹਨਾਂ ਦਾ ਕਾਰਖਾਨਾ 7 ਤਾਰਾਂ ਨੂੰ ਜੋੜ ਰੱਸਿਆਂ ਵਾਂਗ ਵੱਟ ਚਾੜ੍ਹ, ਪੁਲਾਂ ਨੂੰ ਕੰਟਰੋਲ ਕਰਨ ਵਾਲੇ ਤਾਰ-ਰੱਸੇ ਤਿਆਰ ਕਰਦਾ ਹੈ। ਪਤਲੀਆਂ ਤਾਰਾਂ ਦੀ ਇਹਨਾਂ ਦੀ ਫੈਕਟਰੀ ਆਪ ਹੀ ਬਣਾਂਦੀ ਹੈ।

## ਕਾਲੀ ਮਾਈ ਦਾ ਮੰਦਰ

ਸ. ਰਣਜੀਤ ਸਿੰਘ ਸਾਨੂੰ, ਸਵਾਮੀ ਰਾਮ ਕ੍ਰਿਸ਼ਨ ਪਰਮ ਹੰਸ ਦਾ, ਮਾਂ ਕਾਲੀ ਦਾ ਮੰਦਰ ਵਿਖਾਣ ਲੈ ਗਿਆ। ਇਹ ਮੰਦਰ ਗੰਗਾ ਦੇ ਕਿਨਾਰੇ ਸਥਿਤ ਹੈ। ਉਸ ਦਾ ਭਰਾ ਜਗਜੀਤ ਸਿੰਘ ਜਿਸ ਨੂੰ ਉਹ ਜੋਗੀ ਜੋਗੀ ਕਰਕੇ ਪੁਕਾਰਦਾ ਸੀ, ਵੀ ਨਾਲ ਸੀ। ਮੰਦਰ ਦੇ ਨਾਲ ਭਾਵਨਾ ਵਜੋਂ, ਸ. ਰਣਜੀਤ ਸਿੰਘ ਅਤੇ ਉਹਦੀ ਪਤਨੀ ਵੀ ਪੁਸ਼ਪ ਮਾਲਾ ਖ਼ਰੀਦ ਕੇ ਸਾਡੇ ਨਾਲ ਗਏ। ਮੰਦਰ ਦੇ ਬਾਹਰ ਜੁੱਤੀਆਂ ਰਖਾਈ ਦੇ ਪੈਸੇ ਲੈਣ ਵਾਲੇ ਦਰਸ਼ਨਾਰਥੀਆਂ ਨੂੰ ਤੰਗ ਕਰਦੇ ਹਨ। ਭਾਵਨਾ ਅਧੀਨ ਹੀ ਤੁਸੀਂ ਮੰਦਰਾਂ ਵਿਚ ਆਦਰ ਸਤਿਕਾਰ ਨਾਲ ਜਾਂਦੇ ਹੋ ਪਰ ਮੇਰੇ ਵਰਗੇ ਨੈਂਗ ਦੇਂਗ ਵਾਲੇ ਨੂੰ ਮੰਦਰ ਦੇ ਪ੍ਰਬੰਧ ਵਿਚ ਕੁਝ ਗੱਲਾਂ ਅਸੁਖੀਕਰ ਲਗੀਆਂ। ਜਿਵੇਂ, ਅੰਦਰ ਮੰਦਰਾਂ ਵਿਚ ਪਸ਼ੂਆਂ ਦਾ ਗੋਹਾ, ਪੱਤੇ, ਸੁੱਕੇ ਸੜੇ ਫੁੱਲ, ਮੰਦਰ ਦੀਆਂ ਦੀਵਾਰਾਂ ਨਾਲ ਚੰਗਾ ਮੰਦਾ ਲਿਖਿਆ ਹੋਇਆ, ਅਗਰ ਬੱਤੀਆਂ ਦੀ ਸੜਾਂਧ ਆਦਿ ਬਹੁਤ ਕੁਝ ਕੁਸੋਹਣਾ ਸੀ। ਤੁਸੀਂ ਮੈਨੂੰ ਕਹਿ ਸਕਦੇ ਹੋ: ਇਕ ਭਉ ਲਥੀ ਨਾਤਿਆ ਦੁਇ ਭਾ ਚੜ੍ਹੀਅਸ ਹੋਰ। ਧੁੱਪ ਤਿੱਖੀ ਸੀ। ਅਸੀਂ ਮੰਦਰ ਦੇ ਦਾਦਾਰ ਪਾਸਿਓਂ ਲੰਘ ਕੇ ਪਰਵੇਸ਼ ਦੁਆਰ ਵਲ ਪਹੁੰਚੇ ਤਾਂ ਭੀੜ ਦੇ ਧੱਕਿਆਂ ਦਾ ਅੰਤ ਨਹੀਂ ਸੀ। ਅਸਾਂ ਅਜਿਹੇ ਧੱਕਿਆਂ ਦੀ ਲੋੜ ਨਹੀਂ ਸਮਝੀ। ਲੋਕ ਓਥੋਂ ਪਾਣੀ, ਜੁ ਜ਼ਰੂਰ ਮੰਦਰ ਵਲੋਂ ਅੰਮ੍ਰਿਤ ਹੋਵੇਗਾ, ਛੀਆਂ ਚੂਲੀਆਂ ਲੈ ਲੈ ਪੀਂਦੇ, ਕਾਲੀ ਮਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਰਹੇ ਸਨ। ਦੂਜੇ ਪਾਰ ਸਵਾਮੀ ਵਿਵੇਕਾ ਨੰਦ ਦਾ ਵੈਲੂਰ ਮਠ ਹੈ, ਪਰ ਅਸਾਂ ਤਾਂ ਏਥੋਂ ਘਰ ਪਰਤਣ ਦੀ ਠਾਣ ਲਈ।

## ਰੂਪਾ ਤੁਰਾਣੀ

ਰਾਤੀਂ 10 ਵਜੇ, ਕਾਲੰਕਾ ਮੇਲ ਦੁਆਰਾ ਤੀਜੇ ਗਰੁੱਪ ਦੀ ਵਾਪਸੀ ਸੀ: ਪ੍ਰੀਤਮ ਸਿੰਘ ਕਵੀ, ਹਰਭਜਨ ਸਿੰਘ ਸਿਤਾਰ, ਸੰਤ ਹਜ਼ੂਰ ਸਿੰਘ ਚੰਦਰਹਾਂਸ, ਗਿਆਨੀ ਜਸਵੰਤ ਸਿੰਘ, ਬੀਬੀ ਸੁਰਜੀਤ ਕੌਰ, ਬੀਬੀ ਨਰਿੰਦਰ ਕੌਰ 'ਡਾਲੀ'।



Sri Satguru Jagjit Singh Ji Elibrary NamdhariElibrary@gmail.com

ਦੂਜਾ ਜੱਥਾ, ਜਿਸ ਵਿਚ 8 ਜਣੇ ਸਨ, ਕਲ੍ਹ 12 ਵਜੇ ਹੀ ਵਿਦਾ ਲੈ ਗਿਆ ਸੀ ।

ਅਸੀਂ ਕੁਝ ਸਮਾਂ ਵਿਸ਼ਾਲ ਸ਼ਹਿਰ ਕਲਕੱਤਾ ਵਿਚ ਘੁਮ ਘੁਮਾ ਕੇ ਰਾਤ ਦੀ ਗੱਡੀ ਫੜਨ ਦੀਆਂ ਤਿਆਰੀਆਂ ਕੀਤੀਆਂ ਤਾਂ ਬੀਬੀ ਜਸਮੀਤ ਕੌਰ ਨੇ ਨਾਂਹ ਨਾਂਹ ਕਰਦਿਆਂ ਸਾਨੂੰ ਹਰੇਕ ਨੂੰ 50/- ਨਕਦ, ਇਕ ਇਕ ਦਸਤਾਰ ਅਤੇ ਇਕ ਇਕ ਕੰਬਲ ਦੇ ਖੁਸ਼ੀ ਪਰਗਟ ਕੀਤੀ । ਇਕ ਅਦਨੇ ਮਨੁੱਖ, ਮੇਰੇ ਵਰਗੇ ਤੋਂ ਲੈ ਕੇ ਸ੍ਰੀ ਸਤਿਗੁਰੂ ਜੀ ਤਕ ਨੂੰ ਆਪਣੀ ਸੁਹਿਰਦਤਾ ਅਤੇ ਸਨੇਹ ਦੀ ਲਪੇਟ ਵਿਚ ਲੈ ਲਿਆ ।

ਬੀਬਾ ਜੀ ਦੇ ਨਾਲ ਦਾ ਜਥਾ ਦੋ ਦਿਨ ਠਹਿਰ ਕੇ ਪਰਤੇਗਾ ।

ਰਾਤੀਂ ਜਦੋਂ ਅਸੀਂ ਸਟੇਸ਼ਨ 'ਤੇ ਆਏ ਤਾਂ ਜਦ ਤਕ ਕਾਲਕਾ ਮੇਲ ਨੇ ਸਟੇਸ਼ਨ...ਨਹੀਂ ਛਡਿਆ ਬੀਬੀ ਜਸਮੀਤ ਕੌਰ, ਧਿਆਨ ਕੌਰ, ਹਰਬੰਸ ਕੌਰ ਗੁਰਬਖ਼ਸ਼ ਸਿੰਘ ਅਤੇ ਸ. ਰਣਜੀਤ ਸਿੰਘ-ਰੇਡੂ ਤਕ ਤਕ ਪਲੇਟ ਫਾਰਮ ਤੇ ਮੋਹ ਭਰੇ ਸਾਨੂੰ ਨਿਹਾਰਦੇ ਰਹੇ । ਵਾਰ ਵਾਰ ਏਨੀ ਕਸਕ ਉਠਦੀ ਸੀ ਕਿ ਕਾਲਕਾ ਮੇਲ ਜ਼ਿਆਦਤੀ ਕਰਦੀ ਹੀ ਜਾਪਦੀ ਸੀ ।

## 12 ਫ਼ਰਵਰੀ 1979, ਸੋਮਵਾਰ
## ਨਵੀਂ ਦਿੱਲੀ

### ਇਕ ਦਿਲਚਸਪ ਅਨੁਭਵ

10 ਫਰਵਰੀ ਦੀ ਰਾਤ, 11 ਫਰਵਰੀ ਦਾ ਦਿਨ ਅਤੇ ਰਾਤ ਦਾ ਸਫਰ ਕਰਕੇ ਕਾਲਕਾ ਮੇਲ ਅੱਜ 12.20 ਤੇ ਅੱਧੀ ਰਾਤੋਂ ਪਿਛੋਂ ਨਵੀਂ ਦਿੱਲੀ ਸਟੇਸ਼ਨ ਤੇ ਪਹੁੰਚੀ ।

ਸਾਡੇ ਨਾਲ ਆਈ ਬੀਬੀ ਨਰਿੰਦਰ ਜੁ 'ਡਾਲੀ' ਨਾਂ ਨਾਲ ਬੁਲਾਈ ਜਾਂਦੀ ਸੀ ਅਤੇ ਕਲਕੱਤੇ ਵਾਲੀ ਬੀਬੀ ਦੀ ਗੁਆਂਢਣ ਬਣਦੀ ਸੀ, ਪਰ ਉਹਦੇ ਕੋਲ ਹਫ਼ਤਾ ਵੀ ਨਾ ਰੱਖ, ਸਾਡੇ ਨਾਲ ਸਫ਼ਰ ਲਈ ਉਤਾਵਲੀ ਹੋ ਤੁਰੀ ਸੀ, ਸਫਰ ਕਰਦਿਆਂ ਇਕ ਮੁਸੀਬਤ ਬਣ ਗਈ । ਮੇਰੇ ਕੈਮਰੇ ਤੇ ਮੁਗਧ ਹੋ ਗਈ । ਉਹਦੇ ਦਿਮਾਗ਼ ਵਿਚ ਕੈਮਰਾ ਇਉਂ ਛਾ ਗਿਆ ਕਿ ਹਰ ਗੱਲ ਦਾ ਤੋੜਾ 'ਮੈਨੂੰ ਕੈਮਰਾ ਦਿਓ' ਤੇ ਪੈਂਦਾ ਸੀ ।

ਅਤੇ ਜਦੋਂ ਗਿਆਨੀ ਜਸਵੰਤ ਸਿੰਘ ਰਾਜੌਰੀ ਗਾਰਡਨ ਨੂੰ ਲੈਣ ਆਈ ਕਾਰ, ਸਾਨੂੰ ਸਾਰਿਆਂ ਨੂੰ ਟਿਕਾਣੇ ਪਹੁੰਚਾਉਣ ਲਗੀ ਮੈਂ ਆਪਣੇ ਘਰ ਜੇ-3/199 ਰਾਜੌਰੀ ਗਾਰਡਨ ਉਤਰਿਆ, ਸਾਮਾਨ ਵਿਚ ਮੇਰਾ ਬੈਗ ਨਹੀਂ ਸੀ ਮਿਲ ਰਿਹਾ । ਉਸ ਵਿਚ ਮੇਰਾ ਕੈਮਰਾ ਕੋਡਕ ਟੈਲੀ ਇਨਸਟਾਮੈਟਿਕ—608 ਸੀ, ਇਕ ਦਰਜਨ ਲਖਨਊ ਸ਼ਾਸਤਰੀ ਸੰਗੀਤ ਸਮੇਲਨ ਦੀਆਂ ਟੇਪਾਂ ਸਨ, ਛੋਟਾ ਟ੍ਰਾਂਜ਼ਿਸਟਰ ਸੀ, ਬਟੂਆ ਸੀ ਜਿਸ ਵਿਚ 500/- ਸਨ, ਲੜਕੀਆਂ ਦੇ ਸ਼ਿੰਗਾਰ ਲਈ ਲਿਆਂਦੀਆਂ ਦੋ ਡੱਬੀਆਂ ਸਨ ਅਤੇ ਸਭ ਤੋਂ ਜ਼ਿਆਦਾ ਕੀਮਤੀ ਮਾਲ ਮੇਰੀ ਇਹ ਰੋਜ਼ਾਨਾ ਡਾਇਰੀ ਦੀ ਕਾਪੀ ਸੀ ਅਤੇ ਇਸ ਨਾਲ ਸੰਬੰਧਤ ਨੋਟ ਸਨ । ਸੱਚ ਤਾਂ ਇਹ ਹੈ ਕਿ ਮੈਨੂੰ ਆਪਣੀਆਂ ਸਾਰੀਆਂ ਚੀਜ਼ਾਂ ਦੇ ਮੁਕਾਬਲੇ ਇਸ ਕਾਪੀ ਖ਼ੂਬ ਨਾਲ ਹੀ ਲਗਾਵ ਸੀ । ਹਾਂ, ਇਸ



Sri Satguru Jagjit Singh Ji Elibrary NamdhariElibrary@gmail.com

ਸਾਮਾਨ ਵਿਚ ਮੇਰੇ ਖਿੱਚੇ ਦੋ ਦਰਜਨ ਫੋਟੋਗ੍ਰਾਫ ਵੀ ਸਨ ।

ਮੈਂ ਕੋਰਡ ਮੱਠ, ਜਿਸ ਨੇ ਕਦੇ ਅਰਦਾਸ ਨਹੀਂ ਕੀਤੀ, ਨਾ ਰੱਬ ਅੱਗੇ ਨਾ ਸਤਿਗੁਰੂ ਅੱਗੇ, ਅੱਜ ਅਨਾਯਾਸ ਹੀ ਬੇਨਤੀ ਕਰ ਗਿਆ : ਹੇ ਸੱਚੇ ਪਾਤਸ਼ਾਹ, ਹੇ ਸਤਿਗੁਰੂ ਜਗਜੀਤ ਸਿੰਘ ਜੀ ਅੱਜ ਤਾਂ ਤੁਸੀਂ ਹੀ ਬਹੁੜੋ, ਤਾਂ ਹੀ ਭਾਵੇਂ ਮੇਰਾ ਸਾਮਾਨ ਮਿਲੇ । ਏਨੀ ਕੁ ਅਰਦਾਸ ਉਪਰੰਤ ਮੈਨੂੰ ਯਕੀਨ ਹੋ ਗਿਆ ਕਿ ਮੇਰੀਆਂ ਵਸਤਾਂ ਮਿਲ ਹੀ ਜਾਣਗੀਆਂ ।

ਸਵੇਰੇ ਉਠ, ਮੈਂ 9 ਵਜੇ ਗਿਆਨੀ ਜਸਵੰਤ ਸਿੰਘ ਹੁਰਾਂ ਕੋਲ ਗਿਆ ਕਿ ਜਿਸ ਬੀਬੀ ਨੂੰ ਤੁਸੀਂ ਪਟੇਸ਼ ਨਗਰ ਲਾਹ ਕੇ ਆਏ ਹੋ, ਉਹੋ ਮੇਰਾ ਬੈਗ ਲੈ ਗਈ ਹੈ, ਕਿਤੇ ਹੋਰਥੇ ਨਹੀਂ ਰਿਹਾ, ਚਲੋ ਚੱਲੀਏ । ਗਿਆਨੀ ਹੁਰਾਂ ਦੁਪਹਿਰੇ 12 ਵਜੇ ਤੋਂ ਬਾਅਦ ਹੀ ਜਾਣ ਨੂੰ ਸਮਾਂ ਦਿਤਾ । ਮੈਂ 12 ਵਜੇ ਗਿਆ ਤਾਂ ਰਾਤੀਂ ਜਾਣ ਦੀ ਗੱਲ ਹੋਈ, ਪਰ ਮੈਂ ਹੱਠ ਕੀਤਾ : ਨਹੀਂ । ਹੁਣੇ ਹੀ ।

ਜਾਂ ਅਸੀਂ ਭਾਲੀ ਦੇ ਘਰ ਗਏ ਤਾਂ ਉਸ ਦੇ ਬਿਮਾਰ ਮਾਤਾ ਪਿਤਾ ਸਾਡਾ ਮੂੰਹ ਵਿੰਹਦੇ ਰਹਿ ਗਏ । ਦੋ ਹੋਰ ਭੈਣਾਂ ਸਾਡੀ ਆਮਦ ਤੇ ਹੈਰਾਨ ! ਮੇਰਾ ਬੈਗ ਇਕ ਕਰਸੀ ਤੇ ਨਿਰਾਸ ਜਿਹਾ ਪਿਆ ਮੇਰੀ ਉਡੀਕ ਕਰ ਰਿਹਾ ਸੀ । ਉਸ ਨੂੰ ਵਿੰਹਦਿਆਂ ਹੀ ਮੈਂ ਉਠਾ ਕੇ ਛਾਤੀ ਨਾਲ ਲਾ ਲਿਆ । ਜਾਂ ਧੌਣ ਉਚੀ ਕਰਕੇ ਸਾਹਮਣੀ ਦੀਵਾਰ ਤੇ ਨਜ਼ਰ ਮਾਰੀ, ਤਾਂ ਨਾਮਧਾਰੀ ਸੰਤਾਂ ਦੀਆਂ ਮੇਰੇ ਕੈਮਰੇ ਦੁਆਰਾ ਖਿੱਚੀਆਂ ਤਸਵੀਰਾਂ, ਪਹਿਲੀਆਂ ਦੇ ਫਰੇਮਾਂ ਵਿਚ ਟੰਗੀਆਂ ਨਜ਼ਰ ਪਈਆਂ । ਬੈਗ ਵਿਚ ਝਾਕਿਆ ਤਾਂ ਸ਼ਿੰਗਾਰ ਡੱਬੀਆਂ ਉਡ ਚੁਕੀਆਂ ਸਨ । ਕੈਮਰਾ ਤਾਂ ਬੈਗ ਵਿਚ ਹੀ ਸੀ । ਪਰ 6-7 ਸਨੈਪ ਵਰਤੇ ਜਾ ਚੁਕੇ ਸਨ । ਬਟੂਏ ਵਿਚ ਅਜੇ 100/- ਬਾਕੀ ਸੀ । ਕੁਝ ਹੋਰ ਸਹੇਲੀਆਂ ਨੂੰ ਉਸ ਮਿਲਣ ਜਾਣਾ ਸੀ ।

ਉਸ ਨੇ ਘਰ ਵਾਲਿਆਂ ਨੂੰ ਦੱਸਿਆ ਹੋਇਆ ਸੀ ਕਿ ਉਸ ਦੇ ਨਾਲ 'ਰਾਜ' ਮੁੰਡਾ ਆਇਆ ਹੈ । ਇਹ ਕੁਹਝਾ ਉਸ ਨੇ ਦਿਤਾ ਹੈ ਅਤੇ ਇਹ ਉਸ ਦਾ ਮੰਗੇਤਰ ਹੈ । ਇਸ ਮੁੰਡੇ ਨੂੰ ਘਰ ਬੁਲਾਣ ਤੇ ਘਰ ਦਿਆਂ ਨੂੰ ਵਖਾਣ ਲਈ ਉਸ ਦੋ ਕੁ ਫੋਨ ਵੀ ਗਿਆਨੀ ਹੁਰਾਂ ਦੇ ਘਰ ਕੀਤੇ ਸਨ । ਗਿਆਨੀ ਜੀ ਦੇ ਘਰ ਦੇ ਹੈਰਾਨ ਸਨ ਕਿ ਉਹਨਾਂ ਦੇ ਘਰ ਤਾਂ ਕੇਵਲ ਗਿਆਨੀ ਹੁਰੀਂ ਹੀ ਕਲਕੱਤਿਓਂ ਆਏ ਸੁਨ, ਇਹ ਰਾਜ ਕਿਹੜਾ ?

ਪਰ ਜਦੋਂ ਮੈਂ ਘਰ ਆਕੇ ਬੈਗ ਇਤਮੀਨਾਨ ਨਾਲ ਵੇਖਿਆ ਤਾਂ 500/- ਦੀ ਥਾਂ 100/- ਹੀ ਸੀ, ਮੇਰਾ ਖ਼ਿਆਲ ਸੀ ਬਾਕੀ ਦੇ ਹੋਰ ਹੋਣਗੇ । ਟ੍ਰਾਂਜ਼ਿਸਟਰ ਵੀ ਕਿਧਰੇ ਨਾ ਮਿਲਿਆ । ਪਰ ਮੇਰੀ ਨੋਟ ਬੁਕ ਤੇ ਲਏ ਹੋਏ ਬ੍ਰੀਫ ਨੋਟਸ ਵੇਖ ਕੇ ਮੇਰੀ ਜਾਨ ਵਿਚ ਜਾਨ ਆਈ । ਪੈਸੇ ਤੇ ਹੋਰ ਗੁਆਚੇ ਸਾਮਾਨ ਦੀ ਮੈਨੂੰ ਚਿੰਤਾ ਨਹੀਂ ਸੀ, ਮੈਂ ਦੁਬਾਰਾ ਉਸ ਘਰ ਦੇ 'ਦਰਸ਼ਨ' ਨਹੀਂ ਸਾਂ ਕਰਨਾ ਚਾਹਦਾ ।

ਮੇਰੇ ਘਰ ਦਿਆਂ ਦਾ ਕਹਿਣਾ ਸੀ ਕਿ ਮੈਂ ਜਾ ਕੇ ਭਾਲੀ ਦੇ ਘਰ ਲੜਾਂ ਅਤੇ ਆਪਣੀਆਂ ਬਕਾਇਆ ਵਸਤਾਂ ਤੇ 400/- ਲੈਕੇ ਆਵਾਂ । ਮੈਂ ਕਹਿੰਦਾ ਸਾਂ : ਉਸ



Sri Satguru Jagjit Singh Ji Elibrary NamdhariElibrary@gmail.com

ਬਲਾ ਦਾ ਪਤਾ ਨਹੀਂ, ਕਿਤੇ ਏਥੇ ਹੀ ਨ ਆ ਧਮਕੇ !

ਤੇ ਸਚਮੁਚ ਉਹੋ ਗੱਲ ਹੋਈ । ਰਾਤੀਂ 11 ਵਜੇ ਕਿਸੇ ਨੇ ਏਨੇ ਬੇਵਾਕੂਫਾਨਾ ਅੰਦਾਜ਼ ਨਾਲ ਬੈੱਲ ਕੀਤੀ ਕਿ ਮੇਰੇ ਮੂੰਹੋਂ ਬੇਵਸਾ ਨਿਕਲ ਗਿਆ : ਕੌਣ ਪਾਗਲ ਹੈ ਜੋ ਬੇਤਹਾਸ਼ਾ ਬੈੱਲ ਕਰੀ ਜਾ ਰਿਹਾ ਹੈ। ਜਾਂ ਬੂਹਾ ਖੋਲ੍ਹ ਕੇ ਵੇਖਿਆ ਤਾਂ 'ਮਾਂ ਝਾਂਸੀ' ਸੀ ਦੋ ਔਰਤਾਂ ਤੇ ਇਕ ਆਦਮੀ ਨਾਲ । ਇਹ ਉਹਦੇ ਮਾਮਾ ਮਾਮੀ ਸਨ । ਕੁੜੀ ਸਾਡੇ ਅਗਲੇ ਅੰਦਰ ਵੱਲ ਨੂੰ ਵੀ ਬੇਤਹਾਸ਼ਾ ਹੋ ਤੁਰੀ । ਗੁਰਬਚਨ ਕੌਰ (ਸੁਪੱਤਨੀ) ਦੇ ਰੋਕਣ ਤੇ ਕਹਿਣ ਲਗੀ : ਰਾਜਾ ਕਿਸ ਅੰਦਰ ਹੈ ? ਕਿਥੇ ਲੁਕਾਇਆ ਜੇ ??

## ਇਕ ਫੈਸਲਾ ਥਾਈਲੈਂਡ ਵਿਚ

ਅੱਜ ਮੈਂ ਜਦੋਂ ਸ. ਹੰਸਪਾਲ ਨੂੰ ਮਿਲਿਆ, ਉਸ ਨੇ ਦੱਸਿਆ ਕਿ ਸੱਚੇ ਪਾਤਸ਼ਾਹ 10 ਫਰਵਰੀ ਨੂੰ 10.30 ਤਕ ਦਿੱਲੀ ਪਹੁੰਚ ਗਏ ਸਨ । ਸ਼ਾਮ ਦੇ ਦੀਵਾਨ ਵਿਚ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਵਿਖੇ ਦਰਸ਼ਨ ਦਿਤੇ । ਏਥੇ ਹੀ ਥਾਈਲੈਂਡ ਦੀ ਨਾਮਧਾਰੀ ਸੰਗਤ ਦਾ ਪ੍ਰਧਾਨ ਸੇਠ ਜਸਪਾਲ ਸਿੰਘ ਆਇਆ ਜਿਸ ਨੇ ਸਾਧ ਸੰਗਤ ਵਿਚ ਐਲਾਨ ਕੀਤਾ ਕਿ ਥਾਈਲੈਂਡ ਵਿਚ ਨਾਮਧਾਰੀਆਂ ਦੀ ਇਕ ਧਿਰ ਨੇ ਵਿਧਾਨ ਤਬਦੀਲ ਕਰਨ ਬਾਰੇ ਦਿੱਲ ਲਾਇਆ ਹੋਇਆ ਸੀ, ਉਹ ਨਿਸਫਲ ਹੋ ਗਿਆ ਹੈ । ਸਰਕਾਰੀ ਤੌਰ ਤੇ ਫੈਸਲਾ ਕਰ ਦਿਤਾ ਗਿਆ ਹੈ ਕਿ ਧਾਰਮਿਕ ਅਦਾਰੇ ਦੀ ਸਰਪ੍ਰਸਤੀ ਸ੍ਰੀ ਸਤਿਗੁਰੂ ਜੀ ਦੇ ਹੱਥ ਰਹੇਗੀ । ਕਮੇਟੀ ਅਤੇ ਕਮੇਟੀ ਪ੍ਰਧਾਨ ਸਤਿਗੁਰੂ ਜੀ ਦੀ ਆਗਿਆ ਵਿਚ ਹੀ ਰਹਿਣਗੇ । ਇਹ ਝਗੜਾ 5½ ਸਾਲਾਂ ਤੋਂ ਚਲ ਰਿਹਾ ਸੀ, ਜਿਸਦਾ ਅੰਤਮ ਫੈਸਲਾ ਰਜਿਸਟਰਾਰ ਨੇ ਦੇ ਦਿਤਾ ਹੈ ।

ਸ. ਹੰਸਪਾਲ ਨੇ ਦੱਸਿਆ ਕਿ ਰਾਤ ਏਥੇ ਹੀ ਰਹਿ, ਸਤਿਗੁਰੂ ਜੀ 11 ਫਰਵਰੀ ਸਵੇਰ ਦੇ ਜਹਾਜ਼ ਤੇ ਅੰਮ੍ਰਿਤਸਰ ਜਾ ਉੱਤਰੇ । ਆਪ ਨੇ ਇਸ ਦਿਨ ਅਸਨਾਲੇ ਦਰਸ਼ਨ ਦੇਣੇ ਸਨ ।

### 13 ਫਰਵਰੀ 1979, ਮੰਗਲਵਾਰ

### ਨਵੀਂ ਦਿੱਲੀ

## ਪੱਪੂਆਂ ਦੀ ਜੋੜੀ

ਅੱਜ ਜਦੋਂ ਮੈਂ ਸ੍ਰੀ ਗੁਰਦੇਵ ਸਿੰਘ ਸਰੋਚ ਦੇ ਘਰ ਗਿਆ ਤਾਂ ਉਸ ਤੋਂ ਪਤਾ ਲੱਗਾ ਕਿ ਸ੍ਰੀ ਭੈਣੀ ਸਾਹਿਬ ਤੋਂ ਫੋਨ ਆਇਆ ਹੈ ਸੁਰਜੀਤ ਸਿੰਘ ਪੱਪੂ (ਸਾਰੰਗੀ) ਅਤੇ ਸਰਿੰਦਰ ਸਿੰਘ ਪੱਪੂ, ਦੋਹਾਂ ਪੱਪੂਆਂ ਅਤੇ ਦੋਹਾਂ ਦੇ ਮਾਪਿਆਂ ਨੂੰ ਸਤਿਗੁਰਾਂ ਨੇ ਬੁਲਾਇਆ ਹੈ । ਦੋਵੇਂ ਜੋੜੇ ਹੁਕਮ ਦੀ ਪਾਲਣਾ ਕਰਦੇ ਹੋਏ ਆਪਣਿਆਂ ਬੱਚਿਆਂ ਨੂੰ ਨਾਲ ਲੈ ਗੱਡੀ ਚੜ੍ਹ ਗਏ ਹਨ ।



Sri Satguru Jagjit Singh Ji Elibrary NamdhariElibrary@gmail.com

## 14 ਫ਼ਰਵਰੀ 1979, ਬੁੱਧਵਾਰ
## ਨਵੀਂ ਦਿੱਲੀ

### ਸ. ਪਿਆਰਾ ਸਿੰਘ ਤਾਰ ਸ਼ਹਿਨਾਈ

ਆਲ ਇੰਡੀਆ ਰੇਡੀਓ ਦੇ ਮੁਲਾਜ਼ਮ ਸ. ਪਿਆਰਾ ਸਿੰਘ ਤਾਰ ਸ਼ਹਿਨਾਈ ਵਾਲਿਆਂ ਦੀ ਢਿੱਲੀ ਸਿਹਤ ਸੁਣ ਕੇ ਮੈਂ ਸਰੋਜਨੀ ਨਗਰ ਮਿਲਣ ਗਿਆ। ਉਹ ਪਿਛਲੇ ਕੁਝ ਮਹੀਨਿਆਂ ਤੋਂ ਬਿਮਾਰ ਚਲੇ ਆ ਰਹੇ ਸਨ ਅਤੇ ਵਧੀਆ ਗੱਲ ਇਹ ਰਹੀ ਕਿ ਅਧਰੰਗ ਹੋ ਜਾਣ ਤੋਂ ਵੀ ਉਭਰ ਆਏ, ਪਰ ਸਰੀਰ ਅਜੇ ਬੜਾ ਨਿਤਾਣਾ ਹੈ। ਗੁਰਦੇਵ ਸਿੰਘ ਸਰੋਦ ਨੇ ਦੱਸਿਆ ਕਿ ਪਿਛਲੇ ਦਿਨੀਂ ਜਦੋਂ ਸਤਿਗੁਰੂ ਜੀ ਦਿੱਲੀ ਆਏ ਤਾਂ ਸਰਦਾਰ ਜੀ ਦੀ ਸੁਧ ਨੂੰ ਪਹਿਲਾਂ ਹਸਪਤਾਲ ਗਏ, ਓਥੇ ਨਾ ਮਿਲਣ ਤੇ ਉਨ੍ਹਾਂ ਦੇ ਘਰ ਗਏ ਅਤੇ 500/- ਸਹਾਇਤਾ ਵਜੋਂ ਦੇ ਆਏ।

ਸ. ਪਿਆਰਾ ਸਿੰਘ ਹੁਰਾਂ ਦੀਆਂ ਦੋ ਪਤਨੀਆਂ ਹਨ, ਪਹਿਲੀ ਬੀਬੀ ਜੀਤ ਕੌਰ, ਦੂਜੀ ਮਨਸਾ ਕੌਰ। ਦੋਵੇਂ ਭੈਣਾਂ ਹਨ। ਬੜਾ ਕੁ ਬੁਰੇ ਕੇਸ ਤੇ ਗੁਰਮੁਖੀ ਜੀਤ ਕੌਰ ਨੇ ਮੈਨੂੰ ਦੱਸਿਆ ਕਿ ਉਹਨਾਂ ਤੇ ਅਤੇ ਪਰਵਾਰ ਤੇ ਸਤਿਗੁਰੂ ਜੀ ਦੀ ਬਹੁਤ ਬਖ਼ਸ਼ਿਸ਼ ਹੈ। ਉਸ ਦਿਨ ਇਕ ਮਨ ਹੋਕੇ, ਚਿੱਤ ਵਿਚ ਦਰਸ਼ਨਾਂ ਦੀ ਮੰਗ ਕਰ ਰਹੇ ਸਨ ਕਿ ਸਤਿਗੁਰੂ ਜੀ ਆ ਬਹੁੜੇ। ਸਿਹਤ ਸ. ਪਿਆਰਾ ਸਿੰਘ ਦੀ ਪਹਿਲਾਂ ਤੋਂ ਚੰਗੀ ਹੁੰਦੀ ਜਾ ਰਹੀ ਹੈ। ਅੱਜ ਫੇਰ ਕੁਝ ਢਿਲਕੀ ਹੈ।

## 15 ਫ਼ਰਵਰੀ 1979, ਵੀਰਵਾਰ
## ਨਵੀਂ ਦਿੱਲੀ

### ਪੱਪੂ ਵਿਆਹੇ ਵੀ ਗਏ

ਰਾਤੀਂ ਬਾਕੀ ਕੁਵੇਲੇ ਮੈਂ ਗੁਰਦੇਵ ਸਿੰਘ ਸਰੋਦ ਦੇ ਘਰ ਰਮੇਸ਼ ਨਗਰ ਉਤਰਿਆ। ਉਸ ਨੇ ਨਵੀਂ ਖ਼ਬਰ ਇਹ ਸੁਣਾਈ ਕਿ ਬੀਤੇ ਕਲ੍ਹ, ਸਵੇਰੇ ਸ੍ਰੀ ਸਤਿਗੁਰੂ ਜੀ ਨੇ ਸੁਰਜੀਤ ਸਿੰਘ ਪੱਪੂ ਸਪੁੱਤਰ ਸੰਤ ਪਿਆਰਾ ਸਿੰਘ ਰਮੇਸ਼ ਨਗਰ ਅਤੇ ਸਰਿੰਦਰ ਸਿੰਘ ਪੱਪੂ ਸਪੁੱਤਰ ਸੰਤ ਸੁਖਦਰਸ਼ਨ ਸਿੰਘ, ਸਰਸਵਤੀ ਗਾਰਡਨ, ਦੇ ਵਿਆਹ ਕਰ ਦਿੱਤੇ ਹਨ। ਸੁਰਜੀਤ ਪੱਪੂ ਵਲ ਇਸ ਦੀ ਸੱਕੀ ਸਾਲੀ ਅਤੇ ਸਰਿੰਦਰ ਪੱਪੂ ਵਲ, ਵਹੁਟੀਓਂ ਭੂਆ ਦੀ ਧੀ ਭੈਣ ਦਾ ਆਨੰਦ ਕਾਰਜ ਕਰ ਦਿਤਾ ਗਿਆ ਹੈ। ਸੰਤ ਨਗਰੋਂ ਬੰਦਾ ਭੇਜ ਕੇ ਇਹ ਲੜਕੀਆਂ ਤੇ ਇਹਨਾਂ ਦੇ ਮਾਪੇ ਵੀ ਇੰਜ ਹੀ ਬੁਲਾ ਲਏ ਜਿਵੇਂ ਪੱਪੂਆਂ ਨੂੰ ਭੈਣੀ ਸਾਹਿਬ ਆਉਣ ਦਾ ਹੁਕਮ ਆ ਗਿਆ ਸੀ। ਸਵੇਰੇ ਯੂ. ਪੀ. ਫ਼ਾਰਮ (14.2.79) ਤੇ ਜਾਣ ਤੋਂ ਪਹਿਲੋਂ ਦੋਹਾਂ ਜੋੜਿਆਂ ਦੇ ਵਿਆਹ ਰਚਾ ਦਿਤੇ। ਕਿਸੇ ਨੂੰ ਪਤਾ ਨਹੀਂ ਕੀਹਦੇ ਨਾਲ ਕਿਸ ਵਿਆਹੇ ਜਾਣਾ ਹੈ। ਸਤਿਗੁਰੂ ਜੀ ਇਹ ਲੋਕੋ-ਕਤੀ ਚਰਿਤਾਰਥ ਕਰਦੇ ਰਹਿੰਦੇ ਹਨ : ਝਟ ਮੰਗਣੀ ਪਟ ਵਿਆਹ।



Sri Satguru Jagjit Singh Ji Elibrary NamdhariElibrary@gmail.com

## 20 ਫ਼ਰਵਰੀ 1979, ਸੋਮਵਾਰ
## ਨਵੀਂ ਦਿੱਲੀ

### ਚਰਚੇ ਸੰਗੀਤ ਸਮੇਲਨ ਦੇ

ਸ. ਹਰਭਜਨ ਸਿੰਘ ਠੇਕੇਦਾਰ ਲਖਨਊ ਅੱਜ ਮੈਨੂੰ ਸ. ਹਰਵਿੰਦਰ ਸਿੰਘ ਦੇ ਘਰ ਮਿਲੇ। ਉਹ ਕਿਸੇ ਬੈਂਕਾਂ ਨਾਲ ਸੰਬੰਧਤ ਕੰਮ ਵਾਸਤੇ ਆਏ ਸਨ। ਉਹਨਾਂ ਦੱਸਿਆ ਕਿ ਲਖਨਊ ਵਿਚ ਹੋਏ ਸ਼ਾਸਤਰੀ ਸੰਗੀਤ ਸਮੇਲਨ ਦੇ ਚਰਚੇ ਅਜੇ ਤਕ ਵੀ ਲੋਕਾਂ ਦੇ ਮਨਾਂ ਵਿਚ ਤਾਜ਼ਾ ਹਨ। ਸ. ਹਰਭਜਨ ਸਿੰਘ ਮੇਰੇ ਘਰ ਵੀ ਆਏ। ਮਾਰਚ ਮਹੀਨੇ ਦੀ 'ਆਰਸੀ' ਦਿੱਲੀ ਵਿਚ ਪ੍ਰੀਤਮ ਸਿੰਘ ਪੰਛੀ ਲਖਨਊ ਸੰਗੀਤ ਸਮੇਲਨ ਬਾਰੇ ਛਪਣ ਵਾਲੇ ਇਕ ਲੇਖ ਲਈ ਹਰਭਜਨ ਸਿੰਘ ਹੁਰਾਂ ਸ੍ਰੀ ਰਾਮ ਨਰੇਸ਼ ਯਾਦਵ ਮੁਖ ਮੰਤਰੀ ਉੱਤਰ ਪ੍ਰਦੇਸ਼ ਦੀ, ਸ੍ਰੀ ਸਤਿਗੁਰੂ ਜੀ ਅਤੇ ਇਨ੍ਹਾ ਦੇ ਆਪਣੇ ਨਾਲ ਬੈਠ ਕੇ ਲੱਥੀ ਫੋਟੋ ਵੀ ਇਹਨਾਂ "ਆਰਸੀ" ਵਾਸਤੇ ਦਿੱਤੀ।

### ਸੁਸ਼ੀਲਾ ਮਿਸ਼ਰਾ ਦੀ ਚਿੱਠੀ

ਗੁਰਦੇਵ ਸਿੰਘ ਨੇ ਅੱਜ ਮੈਨੂੰ ਇਕ ਚਿੱਠੀ ਅਤੇ ਦੋ ਕੱਟਿੰਗਜ਼ ਵੀ ਦਿਖਾਏ। 15 ਫ਼ਰਵਰੀ 1979 ਦੀ ਲਖਨਊ ਤੋਂ ਲਿਖੀ ਸ੍ਰੀਮਤੀ ਸੁਸ਼ੀਲਾ ਮਿਸ਼ਰਾ ਪ੍ਰੋਡਿਊਸਰ ਕਲਾਸੀਕਲ ਮਿਊਜ਼ਿਕ, ਆਲ ਇੰਡੀਆ, ਰੇਡੀਓ ਦੀ ਚਿੱਠੀ ਦੀ ਇਬਾਰਤ ਗੁਰਦੇਵ ਸਿੰਘ ਦੇ ਨਾਮ ਤੇ ਹੈ, "ਨਾਮਧਾਰੀ ਸੰਗੀਤ ਸਮੇਲਨ ਨੇ ਲਖਨਊ ਕੇ ਸੰਗੀਤ ਪ੍ਰੇਮੀਓਂ ਕੋ ਇਸ ਕਦਰ ਪ੍ਰਭਾਵਿਤ ਕੀਆ ਹੈ ਕਿ ਅਭੀ ਤਕ ਉਸ ਕੀ ਚਰਚਾ ਔਰ ਤਾਰੀਫ਼ ਹੋ ਰਹੀ ਹੈ। ਸਭ ਕਾ ਕਹਨਾ ਹੈ (ਔਰ ਮੈਂ ਭੀ ਸਹਮਤ ਹੂੰ) ਕਿ ਇਤਨੀ ਸੁਵਿਵਸਥਾ, ਸ਼ਾਂਤੀਪੂਰਣ ਸੁਨਣਾ, ਔਰ ਕਲਾਕਾਰੋਂ ਕੀ ਉੱਚਤ ਕਿਸੀ ਔਰ ਸੰਸਥਾ ਮੇਂ ਨਹੀਂ ਦੇਖਨੇ ਕੋ ਮਿਲੀ। ਸਬ ਸੇ ਮਹੱਤਵਪੂਰਣ ਹੈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੀ ਉਪਸਥਿਤੀ, ਪ੍ਰੇਰਣਾ, ਸੰਗੀਤ-ਪ੍ਰੇਮ ਔਰ ਦਿੱਤਤ।

ਬੀਬੀ ਸੁਸ਼ੀਲਾ ਗੁਰਦੇਵ ਸਿੰਘ ਦੁਆਰਾ ਸ੍ਰੀ ਸਤਿਗੁਰੂ ਜੀ ਦੇ ਉਸ ਦੇ ਘਰ ਦਰਸ਼ਨ ਦੇਣ ਬਾਰੇ ਲਿਖਦੀ ਹੈ, "ਇਤਨੇ ਸੰਤ, ਗੁਣੀ ਔਰ ਮਹਾਨ ਸੰਗੀਤੱਗਿਅ ਸਤਿਗੁਰੂ ਜੀ ਕੋ ਮੇਰੇ ਘਰ ਲੇ ਆਏ, ਇਸ ਕੇ ਲੀਏ ਮੈਂ ਆਪ ਕੋ ਕਿਨ ਸ਼ਬਦੋਂ ਮੇਂ ਧੰਨਿਅਵਾਦ ਦੂੰ!"

### ਬੀਬੀ ਸ਼ਿਵਾਨੀ ਦਾ ਕਥਨ

ਬੀਬੀ ਸੁਸ਼ੀਲਾ ਨੇ ਜੋ ਕੱਟਿੰਗਜ਼ ਭੇਜੇ, ਉਨ੍ਹਾਂ 'ਚੋਂ 11.2.79 ਦੇ ਹੰਸ਼ਾਲਾ ਸਵਤੰਤਰ ਭਾਰਤ ਵਿਚ ਪ੍ਰਸਿੱਧ ਨਾਵਲਕਾਰ ਅਤੇ ਇਸ ਸਮਾਚਾਰ ਪੱਤਰ ਦੀ ਸਤੰਭ ਲੇਖਿਕਾ ਸ਼ਿਵਾਨੀ ਨੇ ਚਾਰ ਕਾਲਮ ਨਾਮਧਾਰੀ ਸੰਗੀਤ ਸਮੇਲਨ ਲਖਨਊ ਦੇ ਤਿੰਨ ਦਿਨਾਂ ਬਾਰੇ ਲਿਖੇ ਹਨ। ਸੰਗੀਤ ਅਤੇ ਸੰਗੀਤਕਾਰਾਂ ਬਾਰੇ ਉਸ ਦੇ ਲਿਖੇ ਨੂੰ ਨਾ ਛੂੰਹਦਿਆਂ, ਸੰਗੀਤ ਸਮੇਲਨ ਬਾਰੇ ਉਸ ਦੇ ਪ੍ਰਭਾਵ ਦੇ ਸ਼ਬਦਾਂ ਨੂੰ ਏਥੇ ਸੰਭਾਲਦਾ ਹਾਂ।



Sri Satguru Jagjit Singh Ji Elibrary NamdhariElibrary@gmail.com

"ਗਤ ਦੋ ਫਰਵਰੀ ਸੇ ਛੇ ਫਰਵਰੀ ਤਕ ਰਵਿੰਦ੍ਰਾਲੇ ਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਕੀ ਪੁੰਨਿਅ ਸਿਮ੍ਰਿਤੀ ਮੇਂ, ਸੰਗੀਤ ਰਸੱਗਿਅ ਸ੍ਰੋਤ੍ਰੂੰ ਕੋ ਤੋ ਪਰਿਤ੍ਰਿਪਤ ਕੀਆ ਹੀ ਹੈ, ਸਾਥ ਹੀ ਯਿਹ ਭੀ ਪ੍ਰਮਾਣਿਤ ਕਰ ਦੀਆ ਕਿ ਬਿਨਾ ਊਂਚੀ ਦਰ ਕੇ ਪ੍ਰਵੇਸ਼ ਸ਼ੁਲਕ ਵਸੂਲੇ ਭੀ, ਉਤਕ੍ਰਿਸ਼ਟ ਸੰਗੀਤ ਸਮੇਲਨ ਆਯੋਜਿਤ ਕੀਏ ਜਾ ਸਕਤੇ ਹੈਂ...ਇਸ ਕਾ ਮੁਖਿਅ ਕਾਰਣ ਥਾ, ਨਾਮਧਾਰੀ ਆਯੋਜਕੋਂ ਕਾ ਸੌਜੰਨਿਅ ਏਵੰ ਨਿਸ਼ਠਾ। ਸ਼੍ਵੇਤ ਪਗੜੀਓਂ, ਢੀਲੇ ਕੁਰਤੋਂ ਮੇਂ ਇਨਕਾ ਵਿਅੱਕਤਿੱਤਵ ਹੀ ਸਬ ਸੇ ਭਿੰਨ ਚਮਕ ਰਹਾ ਥਾ...ਅੰਨਿਅ ਕੋਈ ਹੋਤਾ ਤੋ (ਬਿਰਜੂ ਮਹਾਰਾਜ ਕੇ ਨ੍ਰਿਤ ਵਾਲੇ ਦਿਨ ਕੀ ਇਕਤ੍ਰਤਾ ਦੇਖ ਕੇ) ਪਸੀਨਾ ਛੂਟਨੇ ਲਗਤਾ, ਕਿੰਤੂ ਇਨ ਕੇ ਸ਼ਾਂਤ ਚਿਹਰੋਂ ਪਰ ਸ਼ਿਕਨ ਭੀ ਨਹੀਂ ਆਈ। ਏਕ ਆਦਰਸ਼ ਮੇਜ਼ਬਾਨ ਕੇ ਪਾਰਸ ਪਰਕ ਸ਼ਿਸ਼ਟਾਚਾਰ ਨੇ ਇਨ੍ਹੋਂ ਸਵੱਇਮ ਖੜਾ ਕਰ, ਅਤਿਥੀਓਂ ਕੇ ਲੀਏ ਜਗਹ ਬਨਾ ਦੀ। ਇਨ ਕੇ ਆਦਿ ਗੁਰੂ ਨਾਨਕ ਕੇ ਸਮੇਂ ਸੇ ਹੀ ਸ਼ਾਸਤ੍ਰੀ ਸੰਗੀਤ ਕੋ, ਸਰਵਾਧਿਕ ਮਹੱਤਵ ਦੀਆ ਗਇਆ ਹੈ, ਜਿਸੇ ਉਨ੍ਹੋਂ 'ਸਵਰਗੀਅ ਸੋਪਾਨ' ਕੀ ਸੰਗਿਆ ਦੀ ਹੈ। ਇਨ ਸ਼ਾਸਤ੍ਰੀ ਸੰਗੀਤ ਸਮੇਲਨੋਂ ਕਾ ਉੱਦੇਸ਼ ਹੈ—ਸ਼ਾਸਤ੍ਰੀਅ ਸੰਗੀਤ ਕੋ ਲੋਕ ਪ੍ਰਿਯ ਬਨਾਨੇ ਕੇ ਸਾਥ ਸਾਥ ਉਸੇ ਜਨ ਸਾਧਾਰਣ ਕੇ ਲੀਏ ਉਪਲਬੱਧ ਕਰਾਨਾ। ਇਸੀ ਸੇ ਇਸ ਕਾ ਪ੍ਰਵੇਸ਼ ਨਿਹਸ਼ੁਲਕ ਰਖਾ ਜਾਤਾ ਹੈ।

"ਇਨ ਅਨੁਸ਼ਠਾਨੋਂ ਕਾ, ਸੰਪੂਰਣ ਵਿਅਯ ਵਹਨ ਕਰਤਾ ਹੈ, ਨਾਮਧਾਰੀ ਸਮਾਜ। ਵਿਭਿੰਨ ਪ੍ਰਤਿਸ਼ਠਤ ਸੰਗੀਤੱਗਿਅ, ਚਾਹੇ ਹੀ ਵੇ ਕਿਸੀ ਜਾਤੀ ਏਵੰ ਪ੍ਰਦੇਸ਼ ਕੇ ਹੋਂ, ਕਿਸੀ ਘਰਾਨੇ ਕੇ ਹੋਂ, ਏਕ ਸਾਥ ਇਨ ਸਮੇਲਨੋਂ ਕੇ ਮਾਧਿਅਮ ਸੇ, ਅਪਨੀ ਪ੍ਰਤਿਭਾ ਕਾ ਪ੍ਰਦਰਸ਼ਨ ਕਰੇਂ ਏਵੰ ਭਾਰਤੀਅ ਸ਼ਾਸਤ੍ਰੀਅ ਸੰਗੀਤ ਕੀ ਮਹਿਮਾ ਕਭੀ ਮਲਿਨ ਨ ਹੋਨੇ ਪਾਏ, ਯਹੀ ਨਾਮਧਾਰੀ ਸੰਗਤ ਕਾ ਏਕ ਮਾਤ੍ਰ ਉੱਦੇਸ਼ਿਅ ਹੈ। ਲਖਨਊ ਮੇਂ, ਪ੍ਰਥਮ ਬਾਰ ਆਯੋਜਿਤ, ਯਿਹ ਇਨਕਾ ਛਠਾ ਸੰਗੀਤ ਸਮੇਲਨ ਥਾ, ਜਿਸ ਮੇਂ ਅਨੇਕ ਪ੍ਰਖਿਆਤ ਸੰਗੀਤੱਗਿਓਂ ਨੇ ਭਾਗ ਲੇਕਰ, ਸ੍ਰੋਤਾਓਂ ਕੋ ਮੁਗਧ ਕਰ ਦੀਆ।

"ਸਮੇਲਨ ਕੀ ਜਿਸ ਪ੍ਰਮੁਖ ਵਿਸ਼ੇਸ਼ਤਾ ਨੇ ਮੁਝੇ ਪ੍ਰਭਾਵਿਤ ਕੀਆ ਵੋਹ ਥਾ ਉਨਕਾ ਅਨੁਕਰਣੀਅ ਅਨੁਸ਼ਾਸਨ। ਨ ਸ਼ੋਰ-ਸ਼ਰਾਬਾ, ਨ ਫੁਸਫੁਸਾਹਟ, ਨ ਛਿਛਲੀ ਹੰਸੀ, ਨ ਕੜੇ ਤੇਵਰ। ਮੁਖਿਅ ਅਤਿਥੀ ਰਹੇ ਹੀ ਮੁਖਿਅ ਮੰਤ੍ਰੀ ਕੀ ਅਭਿਅਰਥਨਾ ਮੇਂ, ਕਿਸੀ ਪ੍ਰਕਾਰ ਕੀ ਚਾਟੁਕਾਰਿਤਾ ਨਹੀਂ ਦੇਖੀ। ਏਕ ਏਕ ਕਰ ਸੰਗੀਤੱਗਿਅ ਆਏ, ਸਤਿਗੁਰੂ ਕੇ ਸੰਮੁਖ ਘੁਟਨੇ ਟੇਕ ਕਰ ਮਾਲਾ ਗ੍ਰਹਿਣ ਕੀ, ਆਸ਼ੀਰਵਾਦ ਲੀਆ ਏਵੰ ਅਪਨੀ ਕਲਾ ਕਾ ਪ੍ਰਦਰਸ਼ਨ ਕੀਆ। ਐਸੇ ਸ਼ਾਂਤ ਸਾਤਵਿਕੀ ਵਾਤਾਵਰਣ ਮੇਂ ਵਹਿ ਸਹਿਜ ਸੁੰਦਰ ਪ੍ਰਦਰਸ਼ਨ ਐਸਾ ਥਾ ਕਿ ਕਾਨ ਹੀ ਨਹੀਂ ਆਂਖੇਂ ਭੀ ਤ੍ਰਿਪਤ ਹੋ ਗਈਂ...ਰਵਿੰਦ੍ਰਾਲੇ ਮੇਂ ਐਸੀ ਭੀੜ ਇਤੋਪੂਰਵ ਕਭੀ ਨਹੀਂ ਦੇਖੀ, ਕਿਸੀ ਕਿਸੀ ਦਿਨ ਤੋ ਖੜਾ ਫਰਸ਼ ਪਰ ਭੀ ਲੋਗ ਬੈਠ ਗਏ ਹੈਂ।

"ਐਸੇ ਸੁੰਦਰ ਆਯੋਜਨ ਕੇ ਲੀਏ, ਲਖਨਊ ਨਾਮਧਾਰੀ ਸੰਗਤ ਕਾ ਸਦਾ ਸਦਾ ਕੇ ਲੀਏ ਆਭਾਰੀ ਰਹੇਗਾ। ਆਸ਼ਾ ਹੈ ਭਵਿਸ਼ਅ ਮੇਂ ਭੀ ਐਸੇ ਅਨੇਕ 'ਸੰਗੀਤ ਲੰਗਰੋ'"



Sri Satguru Jagjit Singh Ji Elibrary NamdhariElibrary@gmail.com

ਕਾ ਆਯੋਜਨ ਇਸ ਸ਼ਹਿਰ ਮੇਂ ਕਰ ਸਦਗੁਰੂ ਸ੍ਰੀ ਜਗਜੀਤ ਸਿੰਘ ਜੀ, ਅਪਨੇ ਇਸ ਦਿੱਵਿਯ ਸੰਗੀਤ ਪ੍ਰਸਾਦ ਸੇ ਲਖਨਊ ਨਿਵਾਸੀਓਂ ਕੋ ਲਾਭਾਂਨਿਵਤ ਕਰਤੇ ਰਹੇਂਗੇ।" ·

12.2.79 ਦੇ ਪੇਪਰ 'ਪਾਇਓਨੀਅਰ' ਵਿਚ ਵੀ ਇਸ ਸਮੇਲਨ ਬਾਰੇ ਬਹੁਤ ਅੱਛਾ ਲੇਖ ਛਪਿਆ।

## 21 ਫ਼ਰਵਰੀ 1979, ਬੁਧਵਾਰ
## ਨਵੀਂ ਦਿੱਲੀ

### ਅਜਾਰੇਦਾਰੀ ਨਹੀਂ

ਹੰਸਪਾਲ ਜੀ ਅੱਜ ਮਿਲੇ ਤਾਂ ਉਨ੍ਹਾਂ ਸਤਿਗੁਰੂ ਜੀ ਦੇ 25.2.79 ਨੂੰ ਦਿੱਲੀ ਪਧਾਰਨ ਦੀ ਸੂਚਨਾ ਦਿੱਤੀ।

ਸ. ਹੰਸਪਾਲ ਨੇ ਇਹ ਵੀ ਦੱਸਿਆ ਕਿ ਅੱਜ ਉਹ ਸੇਠ ਤ੍ਰਲੋਕ ਸਿੰਘ ਨਾਲ ਮਿਲ ਕੇ ਰੱਖਿਆ ਮੰਤਰੀ ਸ੍ਰੀ ਜਗਜੀਵਨ ਰਾਮ ਨੂੰ ਇਕ ਪੱਤਰ ਦੇ ਕੇ ਆਏ ਜਿਸ ਵਿਚ ਕਿਹਾ ਗਿਆ ਸੀ ਕਿ ਆਲ ਇੰਡੀਆ ਗੁਰਦੁਆਰਾ ਐਕਟ, ਇਸ ਦੀਆਂ ਡਰਾਫਟ ਕਾਪੀਆਂ 'ਦੇਹਧਾਰੀ' ਗੁਰੂ ਨੂੰ ਮੰਨਣ ਵਾਲੀਆਂ ਸੰਸਥਾਵਾਂ ਨੂੰ ਦਿਤੇ ਬਗ਼ੈਰ ਅਤੇ ਸਲਾਹ ਜਾਂ ਜਾਣਕਾਰੀ ਬਿਨਾ ਪਾਸ ਨਹੀਂ ਹੋਣਾ ਚਾਹੀਦਾ। ਸ੍ਰੀ ਆਦਿ ਗ੍ਰੰਥ ਸਾਹਿਬ ਅਕਾਲੀਆਂ ਦੀ ਅਜਾਰੇਦਾਰੀ ਨਹੀਂ।

ਸਤਿਗੁਰੂ ਜੀ ਦਾ 25.2.79 ਨੂੰ ਦਿੱਲੀ ਆਗਮਨ ਸੁਣ ਕੇ ਖ਼ੁਸ਼ੀ ਹੋਈ ਕਿਉਂਕਿ ਮੈਂ ਪਹਿਲੀ ਮਾਰਚ ਤੋਂ ਹੋਲੇ ਤਕ ਪੰਜਾਬ ਵਿਚ ਹੀ ਰਹਿਣ ਦਾ ਮਨ ਬਣਾਇਆ ਹੋਇਆ ਹੈ। 4 ਮਾਰਚ 79 ਨੂੰ ਮੇਰੇ ਛੋਟੇ ਭਾਈ ਸ. ਹਰਭਜਨ ਸਿੰਘ ਦੀ ਛੋਟੀ ਪੁੱਤਰੀ 'ਪਾਲ' ਦੀ ਸ਼ਾਦੀ ਤੈਅ ਹੋ ਚੁੱਕੀ ਹੈ ਜਿਸ ਤੇ, ਭੂੰਗੀਆਂ ਰਾਊ ਸਿੰਘ, ਭ ਦੀ ਦੇ ਦਿਆਲਪੁਰੇ ਮੇਰਾ ਜਾਣਾ ਵੀ ਜ਼ਰੂਰੀ ਹੈ।

## 24 ਫ਼ਰਵਰੀ 1979, ਸ਼ਨੀਵਾਰ
## ਨਵੀਂ ਦਿੱਲੀ

### ਸ਼ਰਮਾ ਜੀ ਯੂ. ਕੇ. ਵਾਲਿਆਂ ਦਾ ਉੱਦਮ

ਮੈਂਰੇ, ਰਾਤੀਂ 8.30 ਵਜੇ ਹੰਸਪਾਲ ਹੁਰਾਂ ਦੇ ਘਰ ਗਿਆ, ਉਸਤਾਦ ਅਮਜਦ ਅਲੀ, ਵਿਸ਼ਵ ਪ੍ਰਸਿੱਧ ਸਰੋਦ ਵਾਦਕ ਦਾ ਫ਼ੋਨ ਆਇਆ ਕਿ ਕਿਉਂਕਿ ਉਹ ਰਿਹਾਇਸ਼ ਵਲੋਂ (ਦਿੱਲੀ ਵਿਚ ਹੀ) ਬਹੁਤ ਦੂਰ ਹਨ ਇਸ ਲਈ 'ਨਾਰਾਇਣੇ' (ਇਕ ਆਬਾਦੀ) ਜਾ ਕੇ ਤੀਰਥ ਰਾਮ ਸ਼ਰਮਾ ਜੀ (ਨਾਮਧਾਰੀ) ਇੰਗਲੈਂਡ ਵਾਲਿਆਂ ਨੂੰ ਮਿਲ ਕੇ ਆਉਣ। ਉਹ ਅੱਜ ਭਲਕ ਵਾਪਸ ਜਾਣ ਵਾਲੇ ਹਨ।



Sri Satguru Jagjit Singh Ji Elibrary NamdhariElibrary@gmail.com

ਅਸੀਂ ਦੋਵੇਂ ਹੀ 'ਨਰਾਇਣੇ' ਉਨ੍ਹਾਂ ਦੇ ਦੱਸੇ ਐਡਰੈੱਸ ਤੇ ਗਏ, ਪਰ ਉਹ ਸਾਨੂੰ ਘਰ ਨਹੀਂ ਮਿਲੇ। ਉਨ੍ਹਾਂ ਦੇ ਉੱਦਮ ਨਾਲ, ਖ਼ਾਂ ਸਾਹਿਬ ਹਾਫ਼ਿਜ਼ ਅਲੀ (ਅਮਜਦ-ਪਿਤਾ) ਦੀ ਯਾਦ ਵਿਚ ਕੀਤੇ ਜਾ ਰਹੇ ਸੰਗੀਤ ਸਮੇਲਨ ਵਿਚ ਪਾਕਿਸਤਾਨ ਦੇ ਪ੍ਰਸਿੱਧ ਗਵੱਈਏ ਸ੍ਰੀ ਸਲਾਮਤ ਅਲੀ ਨੇ ਭਾਗ ਲੈ ਸਕਣਾ ਹੈ।

## 25 ਫ਼ਰਵਰੀ 1979, ਐਤਵਾਰ
## ਨਵੀਂ ਦਿੱਲੀ

**ਸੁਆਗਤ !**

ਅੱਜ ਸ਼ਾਮ ਨੂੰ 6.30 ਵਜੇ ਸਤਿਗੁਰੂ ਜੀ ਦੀ ਕਾਨਪੁਰੋਂ ਆਮਦ ਸੀ। ਸੋ ਬਹੁਤ ਸਾਰੇ ਸੱਜਣ ਪਾਲਮ ਹਵਾਈ ਅੱਡੇ ਤੇ ਪਹੁੰਚੇ। ਸੁਆਗਤਕਾਰੀਆਂ ਵਿਚੋਂ ਕੁਝ: ਮਹਾਰਾਜ ਬੀਰ ਸਿੰਘ ਜੀ, ਠਾਕੁਰ ਦਲੀਪ ਸਿੰਘ ਜੀ, ਸੇਠ ਤਰਲੋਕ ਸਿੰਘ, ਸੇਠ-ਸਪੁੱਤ੍ਰ ਧਰਮ ਸਿੰਘ ਚਾਵਲਾ, ਸ. ਸੁਰਿੰਦਰ ਸਿੰਘ ਮਨਚੰਦਾ, ਸ੍ਰੀ ਗੁਰਭਜਨ ਸਿੰਘ, ਬੀਬੀ ਧਿਆਨ ਕੌਰ, ਇਹਦੀ ਬੇਟੀ ਬੀਬੀ ਹਰਬੰਸ ਕੌਰ, ਦਾਮਾਦ ਸ. ਗੁਰਬਖ਼ਸ਼ ਸਿੰਘ (ਇੰਨੇ ਇੰਗਲੈਂਡ ਤੋਂ), ਸ੍ਰੀ ਅਮਰ ਭਾਰਤੀ, ਗੁਰਮੁਖ ਸਿੰਘ ਲੁਹਾਰਾਂ ਵੀ: ਸਾ:, ਸੰਤ ਰਘੁਬੀਰ ਸਿੰਘ ਡਰਾਈਵਰ ਆਦਿ।

ਸਤਿਗੁਰੂ ਜੀ ਅਤੇ ਪੂਰਬਾ ਹਵਾਈ ਜਹਾਜ਼ ਤੋਂ ਉੱਤਰੇ। ਵਲਾਇਤੋਂ ਆਇਆਂ ਨੇ ਗਲੇ ਪੁਸ਼ਪ ਮਾਲਾ ਪਾ ਸੁਆਗਤ ਕੀਤਾ। ਸਤਿਗੁਰੂ ਜੀ ਸੇਠ ਹੁਰਾਂ ਵਾਲੀ ਕਾਰ ਤੇ ਕੋਠੀ ਪਹੁੰਚੇ। 7.30 ਜਦੋਂ ਸਾਡੀ ਕੱਚੀ ਕੋਠੀ ਪਹੁੰਚੀ, ਅੱਗੇ, ਦੋ ਕਾਰਾਂ ਤੇ ਉਸਤਾਦ ਵਲਾਇਤ ਖ਼ਾਂ ਤੇ ਉਨ੍ਹਾਂ ਦਾ ਪਰਵਾਰ ਅਤੇ ਧਰਮਵੀਰ ਸਿੰਘ ਆਏ ਹੋਏ ਸਨ।

ਸਵੇਰ ਦੇ ਕੋਠੀ ਵਿਚ ਬੀਬਾ ਜੀ ਵੀ ਆਪਣੀਆਂ ਸਖੀਆਂ ਨਾਲ ਪਹੁੰਚੇ ਹੋਏ ਸਨ। ਹੋਰ ਸਰੀਰ ਜੋ ਯੂ. ਪੀ. ਫ਼ਾਰਮ ਤੇ (14.2.79) ਗਏ ਹੋਏ ਸਨ ਉਹ ਵੀ ਇਕ ਕਾਰ ਵਿਚ ਏਥੇ ਪਹੁੰਚ ਗਏ। ਇਹ ਸਾਰੇ ਕਾਨਪੁਰ ਮੇਲੇ ਤੋਂ ਪਰਤੇ ਸਨ।

ਸਤਿਗੁਰੂ ਜੀ ਨੇ ਸਵੇਰੇ ਹੀ ਹੰਸਪਾਲ ਨੂੰ ਫ਼ੋਨ ਰਾਹੀਂ ਹੁਕਮ ਕੀਤਾ ਸੀ ਕਿ ਦੋਵੇਂ ਪੱਪੂ (ਨਵੇਂ ਵਿਆਹੇ) ਆਪਣੇ ਸਾਜ਼ ਲੈ ਕੇ 6.30 ਤਕ ਪੂਸਾ ਰੋਡ ਕੋਠੀ ਆਉਣ। ਗੁਰਦੇਵ ਸਿੰਘ-ਹਰਭਜਨ ਸਿੰਘ ਨੂੰ ਵੀ ਕੋਠੀ ਆਉਣ ਦੀ ਪੱਕੀ ਸੀ। ਇਸ ਤਰ੍ਹਾਂ, ਸਾਡੇ ਕੋਠੀ ਪਹੁੰਚਣ ਤਕ ਬਹਾਰ ਖਿਲੀ ਹੋਈ ਸੀ। ਪੰਜ-ਸੱਤ ਕਾਰਾਂ ਵੀ ਆਂਗਣ ਵਿਚ ਖਲੋਤੀਆਂ ਹੋਈਆਂ ਸਨ। ਵਲਾਇਤ ਖ਼ਾਂ ਪਰਵਾਰ ਦੇ 28 ਫ਼ਰਵਰੀ ਤਕ ਏਥੇ ਹੀ ਰਹਿਣ ਦਾ ਪਤਾ ਲਗਾ। ਸੇਠ ਹੁਰਾਂ ਦੇ ਦੋ ਲੜਕੇ ਸ਼ੇਰ ਸਿੰਘ ਅਤੇ ਸੰਤੋਖ ਸਿੰਘ ਖ਼ਾਂ ਸਾਹਿਬ ਦੇ ਸ਼ਾਗਿਰਦ ਹਨ। ਪਹਿਲਾ ਸਿਤਾਰ ਦਾ, ਦੂਜਾ ਸਰੋਦ ਦਾ।

**ਸੰਗੀਤ ਸਭਾ**

8.10 ਤੇ ਰਾਤੀਂ ਸਤਿਗੁਰੂ ਜੀ ਦੇ ਬੈਠਣ ਕਮਰੇ ਵਿਚ ਪੱਪੂ ਸੁਰਜੀਤ ਸਿੰਘ ਸਾਰੰਗੀ ਉਤੇ ਸੁਰਾਂ ਬੰਨ੍ਹ ਰਿਹਾ ਸੀ ਦੂਜਾ ਪੱਪੂ ਸਚਿੰਦਰ ਸਿੰਘ ਤਬਲੇ ਨਾਲ ਸੰਗਤ ਕਰ ਰਿਹਾ ਸੀ। ਸੱਚੇ ਪਾਤਸ਼ਾਹ ਕੁਝ ਖਾ-ਪੀ ਕੇ ਆ, ਇਹਨਾਂ ਨੂੰ ਇਕਚਿਤ ਹੋ ਸੁਣ ਰਹੇ ਸਨ।



Sri Satguru Jagjit Singh Ji Elibrary NamdhariElibrary@gmail.com

ਹੋਰ ਸਰੋਤੇ ਸਨ : ਠਾਕੁਰ ਉਦੈ ਸਿੰਘ ਜੀ, ਹੰਸਪਾਲ, ਗੁਰਭਜਨ ਸਿੰਘ, ਅਮਰ ਭਾਰਤੀ, ਅਮਰਜੀਤ ਐਬਾ, ਸੰਤ ਚੌਲ੍ਹਾ ਜਸਵੰਤ ਸਿੰਘ, ਹਰਭਜਨ ਸਿੰਘ, ਗੁਰਦੇਵ ਸਿੰਘ, ਧਰਮਵੀਰ ਸਿੰਘ, ਸੰਤ ਸੁਖਦਰਸ਼ਨ ਸਿੰਘ । ਸਤਿਗੁਰੂ ਜੀ ਨੇ ਠਾਕੁਰ ਉਦੇ ਸਿੰਘ ਜੀ ਨੂੰ ਦਿਲਰੁਬਾ ਲਿਆਉਣ ਲਈ ਆਖਿਆ ਪਰ ਉਹ ਵਜਾਉਣ ਦੇ ਰਉਂ ਵਿਚ ਨਹੀਂ ਸਨ । ਨਾਂਹ-ਨੁੱਕਰ ਹੋਈ ਪਰ ਸਾਜ਼ ਲੈ ਆਏ, ਤਾਂ ਵੀ ਵਜਾਇਆ ਨਹੀਂ ।

ਸਤਿਗੁਰੂ ਜੀ ਨੇ ਮਹਾਰਾਜ ਜੀ ਨੂੰ ਵੀ ਇਸ ਸਭਾ ਲਈ ਬੁਲਾਇਆ ਸੀ ਪਰ ਉਹ ਇਹ ਕਹਿ ਕੇ ਆਗਿਆ ਲੈ ਗਏ : ਦਲੀਪ ਸਿੰਘ (ਲੁਧਿਆਣਾ) ਨੂੰ ਬੁਲਾਇਆ ਹੈ, ਉਸ ਨਾਲ ਕੁਝ ਵਿਹਾਰਕ ਗੱਲਾਂ ਕਰਨੀਆਂ ਹਨ ।

ਸਤਿਗੁਰਾਂ ਸਫ਼ੇਦ ਸਵੈਟਰ ਪਹਿਨ ਸੰਤ ਮਹਿੰਦਰ ਸਿੰਘ ਬਾਲੀ ਨਗਰ ਨੂੰ ਯਾਦ ਕੀਤਾ । ਸਵੈਟਰ ਸ਼ਾਇਦ ਉਨ੍ਹਾਂ ਦੇ ਘਰੋਂ ਬਣ ਕੇ ਆਇਆ ਹੋਵੇ ! ਸੁਰਜੀਤ ਸਿੰਘ ਦੀ ਸਾਂਝੀ ਸੁਣ ਸੱਚੇ ਪਾਤਸ਼ਾਹ ਸੰਤੁਸ਼ਟ ਹੋਏ : ਅੱਗੇ ਨਾਲੋਂ ਬਹੁਤ ਸੁਹਣੀ ਹੈ । ਹੱਥ ਦੇ ਕਾਇਦੇ ਨੂੰ ਅੱਛੀ ਤਰ੍ਹਾਂ ਪਕੜ ਲਿਆ ਹੈ । ਬੀਬਾ ਜੀ ਵੀ ਦੋ ਕੁ ਮਿੰਟ ਪਿਛੋਂ ਪਿਤਾ-ਗੁਰੂ ਜੀ ਦੇ ਕੰਨਾਂ ਵਿਚ ਕੁਝ ਕਹਿ, ਆਗਿਆ ਲੈ ਗਏ । ਖ਼ਾਂ ਸਾਹਿਬ ਦੀਆਂ ਦੋ ਲੜਕੀਆਂ ਉਨ੍ਹਾਂ ਦੀਆਂ ਸਹੇਲੀਆਂ ਹਨ ।

ਤਾਂ ਹੀ ਖ਼ਬਰ, ਸੁ 8.20 ਤੇ ਫ਼ੋਨ ਆ ਗਿਆ । ਸੰਤ ਪ੍ਰੀਤਮ ਸਿੰਘ ਬਾਲੀ ਨਗਰ ਟੈਲੀਫ਼ੋਨ ਹੀ ਚੁਕ ਲਿਆਏ । ਲੁਧਿਆਣੇ ਦਾ ਸੁਰਿੰਦਰ ਸਿੰਘ ਬੋਲ ਰਿਹਾ ਸੀ । ਸਤਿਗੁਰੂ ਜੀ ਨੇ ਆਖਿਆ : ਪਰਸੋਂ ਹਵਾਈ ਜਹਾਜ਼ ਤੇ ਆਵਾਂਗਾ...ਬਹੁਤ ਵਧੀਆ... ਟੈਲੀਫ਼ੋਨ (ਫ਼ੈਣੀ ਸਾਹਿਬ) ਵਾਲਾ ਜੇ ਮਿਲ ਜਾਏ ਤਾਂ ਪਤਾ ਕਰੀਂ ।

8.30 ਰਾਤੀਂ ਸੰਤੋਖ ਸਿੰਘ ਲਾਲ ਜੀ ਨੂੰ ਸੱਦਿਆ ਗਿਆ । ਉਸਨੇ ਦੋ ਧੁਨਾਂ ਸਰੋਦ ਤੇ ਵਜਾਈਆਂ । ਅੱਜੇ ਪਾਸੋਂ ਵੀ ਨ੍ਰਿਤ ਦੇ ਕੁਝ ਪੋਜ਼ ਅਤੇ ਮੁਦ੍ਰਾਵਾਂ ਵੇਖੀਆਂ । ਲਾਲ ਜੀ ਲੈਅ ਨੂੰ ਨਹੀਂ ਪਕੜ ਸਕਿਆ ।

8.50 ਤੇ ਸਭਾ ਸਮਾਪਤੀ ਹੋਈ ਤਾਂ ਹੰਸਪਾਲ ਦੇ ਬਾਰ ਬਾਰ ਕਹਿਣ ਤੇ ਕਿ ਉਹ ਫੌਲ੍ਹ ਦਾ ਪ੍ਰੋਗਰਾਮ ਦੱਸਣਾ ਚਾਹੁੰਦਾ ਹੈ, ਸਤਿਗੁਰਾਂ ਸਪੱਸ਼ਟ ਕੀਤਾ : ਛੇਤੀ ਛੇਤੀ ਜੇ ਦਸਣੈਂ ਦੱਸ ਦਿਓ, ਫਿਰ ਮੈਂ ਸੌਣਾ ਹੈ । ਅਤੇ ਕੁਝ ਹੋਰ ਮਿੰਟਾਂ ਵਿਚ ਹਜ਼ੂਰ ਨੂੰ, ਉਨ੍ਹਾਂ ਲਈ ਬਣਿਆ ਫੌਲ੍ਹ ਦਾ ਪ੍ਰੋਗਰਾਮ ਦੱਸਿਆ ਗਿਆ ।

## 26 ਫ਼ਰਵਰੀ 1979, ਸੋਮਵਾਰ
## ਨਵੀਂ ਦਿੱਲੀ

### ਰਮੇਸ਼ ਨਗਰ ਵਾਰ

ਆਸਾ ਦੀ ਵਾਰ ਦਾ ਕੀਰਤਨ ਸੰਤ ਅਵਤਾਰ ਸਿੰਘ, ਰਮੇਸ਼ ਨਗਰ ਵਾਲਿਆਂ ਦੇ ਘਰ ਹੋਇਆ, ਜਿਸ ਵਿਚ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿਤੇ । ਸੁੰਦਰ, ਵਿਚਾਲਿਓਂ ਉੱਠਵੇਂ ਪੰਡਾਲ ਵਿਚ ਸੰਗਤ ਭਰਪੂਰ ਸੀ । ਸੰਗਤ ਗੁਰੂ ਕੇ ਦਰਸ਼ਨ ਇੰਜ ਕਰ ਰਹੀ ਸੀ ਜਿਵੇਂ ਜੁਗਾਂ ਦੀ ਪਿਆਸੀ ਹੋਵੇ ।



Sri Satguru Jagjit Singh Ji Elibrary NamdhariElibrary@gmail.com

## ਚਰਨ ਪਾਉਣੇ

ਸੰਤ ਮਹਿੰਦਰ ਸਿੰਘ ਪੁਰਥਾ ਵਲੋਂ ਕੀਰਤਨ ਦੀ ਅਰਦਾਸ ਹੋਣ ਤੇ, ਅੱਜ ਕੁਝ ਘਰੀਂ ਚਰਨ ਪੈਣੇ ਸਨ ? ਸਤਿਗੁਰੂ ਜੀ ਨੇ ਫ਼ਰਮਾਇਆ : ਮੈਂ ਕੇਵਲ ਕਿਸੇ ਦੇ ਘਰ ਨਹੀਂ ਜਾਣਾ । ਆਪ ਜੀ ਨੇ ਕਾਨ੍ਹਪੁਰ ਦਾ ਅਨੁਭਵ ਦੱਸਿਆ ਕਿ ਓਥੇ ਚਰਨ ਪਾਉ ਪ੍ਰੋਗਰਾਮ ਵਿਚ ਚਾਹ, ਫ਼ਿਲਮ ਅਤੇ ਮਾਸ ਸ਼ਰਾਬ ਦਾ ਤਿਆਗ, ਇਕ ਘੰਟਾ ਨਾਮ ਸਿਮਰਨ, ਪੰਜ ਬਾਣੀਆਂ ਦਾ ਪਾਠ, 40 ਪਾਠ ਭਗਉਤੀਆਂ ਦੇ, ਚਰਨ ਪੁਆਉਣ ਵਾਲਿਆਂ ਦੇ ਜ਼ਿੰਮੇ ਲਾਏ ਸਨ । ਸਤਿਗੁਰਾਂ ਹੁਣ ਉਹਨਾਂ ਸਿੰਘਾਂ ਨੂੰ ਬੁਲਾਇਆ ਜਿਨ੍ਹਾਂ ਦੇ ਘਰੀਂ ਚਰਨ ਪੈਣੇ ਸਨ । ਗਿਣਤੀ ਵਿਚ ਦਸ ਕੁ ਸਰੀਰ ਸਨ । ਸਭ ਨੇ ਕੁਛ ਨ ਕੁਛ ਮੰਨਿਆ ।

ਫਿਰ ਸੰਤ ਅਵਤਾਰ ਸਿੰਘ ਦੇ ਘਰੋਂ ਹੀ ਜਲ ਪਾਨ ਕਰਕੇ, ਚਰਨ ਪਾਉਣ ਲਈ ਸਤਿਗੁਰੂ ਜੀ ਪਧਾਰੇ । ਜੁ ਯਾਦ ਹਨ ਉਹ ਘਰ : ਸੂਬਾ ਕੰਡਾ ਸਿੰਘ ਜੀ ਦੇ ਸਪੁਤਰ ਗਿਆਨੀ ਜਸਵੰਤ ਸਿੰਘ, ਸੰਤ ਗੁਰਦਰਸ਼ਨ ਸਿੰਘ, ਸੰਤ ਅਵਤਾਰ ਸਿੰਘ ਦੀ ਫੈਕਟਰੀ, ਇਸ ਦੇ ਭਾਈ ਦੀ ਫੈਕਟਰੀ, ਸੰਤ ਰਤਨ ਸਿੰਘ ਬਾਂਦਰਾਂ ਦੀ ਖੂਹੀ ਵਾਲਿਆਂ ਦੇ ਘਰ ਆਦਿ...

10.00 ਰਾਤ ਵਾਪਸੀ ਹੋਈ ।

## ਬੈਂਗਲੋਰ ਫਾਰਮ

ਪਿਛਲੇ ਦੋ ਮਹੀਨੇ ਤੋਂ ਬੈਂਗਲੋਰ ਫਾਰਮ ਨੂੰ ਵੇਚਣ ਦੀਆਂ ਖ਼ਬਰਾਂ ਮੈਨੂੰ ਮਿਲਦੀਆਂ ਰਹੀਆਂ ਹਨ, ਪਰ ਮੈਂ ਉਹ ਵਸੀਲੇ ਅਤੇ ਹਵਾਲੇ ਨੋਟ ਨਹੀਂ ਕਰ ਸਕਿਆ । ਅੱਜ ਸਪੱਸ਼ਟ ਹੋ ਗਿਆ ਹੈ ਕਿ ਫਾਰਮ ਨੂੰ ਵੇਚਣ ਲਈ ਜ਼ੋਰ ਲਗ ਰਿਹਾ ਹੈ ।

ਮੈਂ ਮਹਾਰਾਜ ਬੀਰ ਸਿੰਘ ਜੀ ਨੂੰ ਪੁੱਛਿਆ ਤਾਂ ਉਨ੍ਹਾਂ ਸਪਸ਼ਟ ਕੀਤਾ :

ਫਾਰਮ ਦਾ ਸੌਦਾ ਤਾਂ ਹੋ ਚੁੱਕਾ ਹੈ ਪਰ ਅਜੇ ਰਕਮ ਹੱਥ ਨਹੀਂ ਲੱਗੀ । ਗ੍ਰਾਹਕ ਉਸ ਨੂੰ ਐਗਰੀਕਲਚਰ (ਖੇਤੀਬਾੜੀ) ਦੀ ਥਾਂ ਇੰਡਸਟਰੀਅਲ (ਸਨਅਤੀ) ਤੌਰ ਤੇ ਵਰਤਣਾ ਅਤੇ ਜੋੜਨਾ ਚਾਹੁੰਦਾ ਹੈ । ਇਸ ਬਾਰੇ ਸਰਕਾਰੀ ਮਨਜ਼ੂਰੀ ਅਜੇ ਲੈਣੀ ਬਾਕੀ ਹੈ । ਇਹ ਮਨਜ਼ੂਰੀ ਮਿਲਣ ਤੇ ਹੀ ਰਕਮ ਪ੍ਰਾਪਤ ਹੋਵੇਗੀ ।

## ਪਿਛਲਾ ਕਾਰਜ ਕਰਮ

ਮੈਂ ਪਿਛਲੇ ਦਿਨਾਂ ਦਾ ਸਤਿਗੁਰਾਂ ਦਾ ਪ੍ਰੋਗਰਾਮ ਜਾਣਨਾ ਚਾਹਿਆ ਤਾਂ ਸਕੱਤਰ ਸੰਤ ਹਰਸੋਮ ਸਿੰਘ ਨੇ ਇੰਜ ਦੱਸਿਆ :

11 ਫ਼ਰਵਰੀ 79—ਬਸੰਤ ਦਾ ਮੇਲਾ ਅਜਨਾਲੇ । ਸੰਤ ਜਗਤ ਸਿੰਘ ਸੌਂਧਣ ਸਿੰਘ ਅਤੇ ਇਲਾਕੇ ਦੀ ਸੰਗਤ ਵਲੋਂ । ਇਕ ਰਾਤ ਓਥੇ ਰਹਿ ਕੇ ਦੂਜੀ ਰਾਤ ਅੰਮ੍ਰਿਤਸਰ ।

12 ,, —ਬੂਰੇ ਗਿੱਲਾਂ ਵਿਖੇ ਬਾਬਾ ਬੁੱਢਾ ਸਿੰਘ ਦੇ ਘਰ, ਰਾਤ ਅੰਮ੍ਰਿਤਸਰ ।



Sri Satguru Jagjit Singh Ji Elibrary NamdhariElibrary@gmail.com

13 ਫਰਵਰੀ 79—ਵਾਰ ਰਾਣੀ ਪਿੰਡ (ਹੁਸ਼ਿਆਰਪੁਰ) ਸ. ਪਿਆਰਾ ਸਿੰਘ ਦੇ ਸਪੁੱਤਰ ਦੇ ਘਰ। ਅੰਮ੍ਰਿਤਸਰੋਂ ਜਾ ਆਸਾ ਦੀ ਵਾਰ ਵਿਚ ਦਰਸ਼ਨ ਦਿਤੇ। ਲੰਗਰ ਏਥੇ ਛਕਿਆ। ਰਾਤ ਨੂੰ ਪੁਰਦਲ ਨੰਗਲ (ਜਲੰਧਰ) ਵਿਖੇ ਮਾਤਾ ਸੰਤ ਕੌਰ ਦੇ ਗੁਜ਼ਰ ਜਾਣ ਕਾਰਨ ਘਰ ਵਾਲਿਆਂ ਨੂੰ ਧੀਰਜ ਦੇਣ ਪਧਾਰੇ। ਘਰ ਵਾਲੇ ਅਖੰਡ ਪਾਠ ਕਰਵਾ ਕੇ ਸਫ਼ਾਰੀਆ ਕਰਨਾ ਚਾਹੁੰਦੇ ਸਨ। ਸਤਿਗੁਰਾਂ ਰੋਕਿਆ : ਉਹ ਸਾਡੀ ਮਾਤਾ ਸਨ, ਅਸੀਂ ਗੁਰਮਤ ਅਨੁਸਾਰ ਸਾਧਾਰਨ ਪਾਠ ਕਰਵਾ ਕੇ ਭੋਗ ਪੁਆਵਾਂਗੇ। ਰਾਤ ਗੁਰਾਦੀਂ ਆ ਕੇ ਸੰਗਤ ਇਕੱਤਰ ਕੀਤੀ, ਬਚਨ ਕੀਤੇ। ਇਕ ਲੜਕੇ ਨੇ ਬੇਨਤੀ ਕੀਤੀ ਕਿ ਉਹਦੀ ਮਾਂ ਸਲਵਾਰ ਪਾਉਂਦੀ ਹੈ, ਉਸ ਨੂੰ ਚੂੜੀ ਵਾਲੀ ਸੁਥਣ ਪਾਉਣ ਦਾ ਹੁਕਮ ਦਿਤਾ ਜਾਵੇ। ਸ. ਪਿਆਰਾ ਸਿੰਘ ਦੇ ਲੜਕੇ ਇੰਗਲੈਂਡ ਰਹਿੰਦੇ ਸਨ, ਉਨ੍ਹਾਂ ਧੀਆਂ ਪੋਤਾਂ ਸਿੱਧੀਆਂ ਕਰਵਾਈਆਂ।

ਰਾਤ ਨੂੰ ਸ੍ਰੀ ਮਹਿਲ ਮਾਤਾ ਚੰਦ ਕੌਰ ਜੀ ਦੇ ਪਿਤਾ ਸੇਠ ਸਰਵਣ ਸਿੰਘ ਜੀ ਨੂੰ ਹਸਪਤਾਲ ਲੁਧਿਆਣੇ (ਉਹ ਦਰਦ ਗੁਰਦਾ ਦੇ ਮਰੀਜ਼ ਸਨ, ਏਥੇ ਉਨ੍ਹਾਂ ਦਾ ਉਪਰੇਸ਼ਨ ਹੋਇਆ ਸੀ) ਦਰਸ਼ਨ ਦੇ ਕੇ ਬਿਸ਼ਰਾਮ ਸ੍ਰੀ ਭੈਣੀ ਸਾਹਿਬ।

14 „ —ਆਸਾ ਦੀ ਵਾਰ ਅਤੇ ਅਖੰਡ ਪਾਠ ਦਾ ਭੋਗ ਸੁਣਨ ਵਾਸਤੇ ਚੂਕਿਆਂ ਦੇ ਚੱਕ, (ਨੇੜੇ ਮਲੇਰ ਕੋਟਲਾ) ਸੂਬਾ ਗੁਰਬਖ਼ਸ਼ ਸਿੰਘ ਜੀ ਦੇ ਪਿੰਡ ਪਧਾਰੇ। ਲੰਗਰ ਆ ਕੇ ਭੈਣੀ ਸਾਹਿਬ ਛਕਿਆ। ਸਵੇਰੇ 9.30 ਤੇ ਦੋ ਜੋੜਿਆਂ ਦੇ ਅਨੰਦ ਕਾਰਜ ਸਮੇਂ ਦਰਸ਼ਨ ਦਿਤੇ। ਫੇਰ ਪੁਰਦਲ ਨੰਗਲ (ਜਲੰਧਰ) ਜਾ ਕੇ ਮਾਤਾ ਸੰਤ ਕੌਰ ਜੀ ਨਮਿੱਤ ਭੋਗ ਪਾਇਆ। ਉਪਰੰਤ ਲੁਧਿਆਣੇ ਆਣ ਕੇ ਸ਼ਾਹਜਹਾਨਪੁਰ (ਯੂ.ਪੀ.) ਵਿਖੇ ਜਾਣ ਲਈ, ਠਾਕੁਰ ਉਦੈ ਸਿੰਘ ਜੀ ਅਤੇ ਪੁਰਖ਼ਾ ਨੂੰ ਨਾਲ ਲੈ ਰੇਲਵੇ ਸਫ਼ਰ ਕੀਤਾ।

15 ਫਰਵਰੀ 79—ਅਗੋਂ ਰਘੁਬੀਰ ਸਿੰਘ ਡਰਾਈਵਰ ਗੱਡੀ ਲੈ ਕੇ ਆਇਆ ਹੋਇਆ ਸੀ, ਉਸ ਤੇ ਨਾਮਧਾਰੀ ਫਾਰਮ, ਕੌਲੇ ਪਹੁੰਚੇ। ਏਥੋਂ ਫੇਰ ਮਾਤਾਂ ਦੇ ਫਾਰਮ ਤੇ ਪਧਾਰੇ। ਸਿੰਗਾਰਾ ਸਿੰਘ-ਪਿਆਰਾ ਸਿੰਘ ਹੁਰਾਂ ਨੂੰ ਨਿਵਾਜਿਆ। ਏਥੇ ਵੀ ਮੇਲਾ ਸੀ। ਜਥੇਦਾਰ ਨਿਰੰਜਨ ਸਿੰਘ ਦੇ ਦੀਵਾਨ ਵਿਚ ਦਰਸ਼ਨ ਦੇ, ਪ੍ਰਸ਼ਾਦ ਛਕ, ਰਾਤ ਫਾਰਮ ਤੇ ਆ ਕੇ ਆਰਾਮ ਕੀਤਾ।

16–24 ਫਰਵਰੀ—ਨਾਮਧਾਰੀ ਫਾਰਮ ਕੌਲਾ ਵਿਖੇ ਹੀ ਦਰਸ਼ਨ ਦਿਤੇ। ਸਾਧ ਸੰਗਤ ਦਾ ਭਰਵਾਂ ਇਕੱਠ ਰਿਹਾ। ਇਹਨੀਂ ਦਿਨੀਂ ਹੀ ਫਾਰਮ ਚੋਂ ਜੰਗਲ ਵਲ ਨੂੰ ਮੀਂਹ ਦਾ ਪਾਣੀ ਘੱਲਣ ਲਈ ਦੂਹੀਂ



Sri Satguru Jagjit Singh Ji Elibrary NamdhariElibrary@gmail.com

ਕਿਨਾਰੀਂ ਬੰਨ੍ਹ ਤਿਆਰ ਕਰਕੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕੀਤਾ। ਰੋਜ਼ ਦੋ ਵੇਲੇ ਕੀਰਤਨ, ਨਾਮ ਸਿਮਰਨ, ਅਤੇ ਖੁਲ੍ਹੇ ਲੰਗਰ ਚਲਦੇ ਰਹੇ। ਸੱਚੇ ਪਾਤਸ਼ਾਹ ਜੀ ਆਪ ਕਹੀ ਫੜ ਕੇ ਮਿੱਟੀ ਪੁੱਟਣ ਜਾਂਦੇ ਰਹੇ। 100 ਕੁ ਸਰੀਰਾਂ ਨੇ ਏਨੇ ਦਿਨ ਬੜੇ ਉਤਸ਼ਾਹ ਨਾਲ ਕੰਮ ਕੀਤਾ। 22 ਤਾਰੀਖ਼ ਨੂੰ ਬੀਬਾ ਜੀ ਅਤੇ ਠਾਕੁਰ ਉਦੈ ਸਿੰਘ ਜੀ ਤੇ ਹੋਰਨਾਂ ਨਾਲ ਦੁਧਵਾ ਨੈਸ਼ਨਲ ਪਾਰਕ ਵਿਚ ਜਾ, ਰਾਤ ਇਕ ਤੰਬੂ ਵਿਚ ਬਿਸਰਾਮ ਕੀਤਾ। ਫ਼ਾਰਮ ਵਲ ਪਰਤਦਿਆਂ ਲੰਗਰ ਪਲ੍ਹੀਏ ਆ ਕੇ ਛਕਿਆ। 22 ਤਾਰੀਖ਼ ਸੰਗਤ ਨੂੰ ਖ਼ੁਸ਼ੀਆਂ ਦੇ ਵਿਦਾ ਕੀਤਾ। ਫੇਰ ਬੀਬਾ ਜੀ, ਬੀਬੀ ਨਰਿੰਦਰ, ਇਹਦਾ ਪਤੀ ਸੰਤ ਜਸਵੰਤ ਸਿੰਘ ਕੱਲ੍ਹਾ, ਸੰਤ ਰਘੁਬੀਰ ਸਿੰਘ ਆਦਿ ਨਾਲ ਲਖਨਊ ਪਧਾਰੇ।

25 ਫ਼ਰਵਰੀ 79—ਬੀਬਾ ਜੀ ਨਾਲ ਦੇ ਜਥੇ ਨੂੰ ਛੱਡ ਸ੍ਰੀ ਸਤਿਗੁਰੂ ਜੀ ਕਾਨਪੁਰ ਦੀ ਸੰਗਤ ਨੂੰ ਦਰਸ਼ਨ ਦੇਣ ਗਏ। ਓਥੇ, ਸੰਤ ਮਹਿੰਗਾ ਸਿੰਘ ਹੁਰਾਂ ਵਲੋਂ ਬਣਾਈ ਗਈ ਮਾਰਕਿਟ ਵਿਚ ਸੂਬੇਦਾਰ ਗਿਆਨ ਸਿੰਘ ਫੀਰੋਕਿਆਂ ਵਾਲਿਆਂ ਦਾ ਉਦਘਾਟਨੀ ਦੀਵਾਨ ਸੀ ਜਿਸ ਵਿਚ ਦਰਸ਼ਨ ਦੇ ਸੰਗਤ ਨੂੰ ਕਿਰਤਾਰਥ ਕੀਤਾ। ਰਾਤ ਦਾ ਨਿਵਾਸ ਸੂਬਾ ਮਹਿੰਦਰ ਸਿੰਘ ਜੀ ਕਾਨਪੁਰ ਦੇ ਘਰ।

26 ਫ਼ਰਵਰੀ 79—ਇਸ ਦਿਨ ਆਸਾ ਦੀ ਵਾਰ ਦਾ ਕੀਰਤਨ ਨਵੀਂ ਮਾਰਕਿਟ ਵਿਚ ਸਤਿਗੁਰੂ ਜੀ ਦੇ ਸਨਮੁਖ ਹੋਇਆ। 15 ਘਰਾਂ ਵਿਚ ਚਾ-ਸਰਣ ਚਰਨ ਪਾਏ। ਆਰਾਮ ਤਾਂ ਕੀਤਾ ਪਰ ਅੱਜ ਸਤਿਗੁਰਾਂ ਪ੍ਰਸ਼ਾਦ ਨਹੀਂ ਛਕਿਆ। ਨਾਮ ਸਿਮਰਨ ਤੇ ਦੀਵਾਨ ਫੇਰ ਮਹਿੰਗਾ ਸਿੰਘ ਮਾਰਕਿਟ ਵਿਚ। ਉਪਰਲੀ ਛੱਤੇ ਦੀਵਾਨ ਸੀ।

ਏਥੋਂ ਦੇ ਪ੍ਰਸਿਧ ਸੰਤ ਮੋਹਣ ਜੀ ਨੇ ਸ਼ਰਧਾ ਸਤਿਕਾਰ ਨਾਲ ਸੁੱਕੇ ਮੇਵੇ, ਫਲ, ਬਾਦਾਮ, ਮਿਸ਼ਰੀ ਆਦਿ ਲਿਆ ਕੇ ਸਤਿਗੁਰੂ ਜੀ ਨੂੰ ਆਦਰ ਸਤਿਕਾਰ ਸਹਿਤ ਭੇਟ ਕੀਤੇ। ਫਿਰ ਧਿਆਨ ਆਇਆ ਕਿ ਨਮਸਕਾਰ ਨਾਲ ਮਾਇਆ ਨਹੀਂ ਮੱਥਾ ਟੇਕੀ, ਦੁਬਾਰਾ ਉਠ ਕੇ ਨਕਦੀ ਕੱਢ, ਚਰਨਾਂ ਵਿਚ ਰਖ, ਮੱਥਾ ਟੇਕਿਆ। ਕਹਿਣ ਲਗੇ: ਮੈਂ ਭੁੱਲ ਹੀ ਗਿਆ ਸਾਂ, ਨਾਮਧਾਰੀਆਂ ਵਾਂਗ ਭੇਟਾ ਰੱਖ ਕੇ ਨਮਸਕਾਰ ਨਹੀਂ ਸੀ ਕੀਤੀ। ਦੀਵਾਨ ਦੀ ਸਮਾਪਤੀ ਸਮੇਂ ਸੰਤ ਮੋਹਣ ਜੀ ਨੇ ਆਗ੍ਰਹਿਪੂਰਵਕ ਉਠ, ਸ੍ਰੀ ਸਤਿਗੁਰੂ ਜੀ ਅਤੇ ਸੰਗਤ ਦੀ ਸ਼ੋਭਾ ਵਿਚ ਕੁਝ ਸ਼ਬਦ ਆਖੇ। ਅੰਤ ਦੇ ਪਾਠਾਂ ਦੇ ਭੋਗ ਭੀ ਸੂਬਾ ਜੀ ਵਲੋਂ ਪੁਆਏ ਗਏ। ਪੰਜ ਕੁ ਮਿੰਟ ਦਾ ਗੁਰ ਉਪਦੇਸ਼ ਵੀ ਸੀ।



Sri Satguru Jagjit Singh Ji Elibrary NamdhariElibrary@gmail.com

ਫੇਰ ਹਵਾਈ ਅੱਡੇ ਦੇ ਰਾਹ ਵਿਚ ਪੈਂਦੇ ਦੂੰਹ ਘਰੀਂ ਦਰਸ਼ਨ ਦੇ, ਸ੍ਰੀ ਪੁਰਖਾ ਨਾਲ ਦਿੱਲੀ ਵਾਸਤੇ ਹਵਾਈ ਸਫਰ ਕੀਤਾ। ਸੇਵਾ ਵਿਚ ਹਾਜ਼ਰ ਰਹਿਣ ਵਾਲੇ ਗਰੀਬ ਰੇਲ ਮਾਰਗ ਦੁਆਰਾ ਦਿੱਲੀ ਪਹੁੰਚੇ।

## ਆਗਾਮੀ ਕਾਰਜ ਕਰਮ

27.2.79 —ਹਵਾਈ ਜਹਾਜ਼ ਰਾਹੀਂ ਸ੍ਰੀ ਭੈਣੀ ਸਾਹਿਬ।

28.2.79 —ਭੋਜਨ ਸ੍ਰੀ ਜੀਵਨ ਨਗਰ ਜਾ ਕੇ ਛਕਣਾ।

1.3.79 —ਆਸਾ ਦੀ ਵਾਰ ਸੰਤ ਮਹਿੰਦਰ ਸਿੰਘ, ਨੰਬਰਦਾਰ ਅਮਰ ਸਿੰਘ ਦੇ ਡੇਰਾ ਵੱਲ।
—ਲੰਗਰ ਦਮਦਮੇ ਸਾਬਕਾ ਸੇਵਕ ਗੁਲਜ਼ਾਰ ਸਿੰਘ ਦੇ ਘਰ।

2 ਤੋਂ 12.3.79—ਆਸਾ ਦੀ ਵਾਰ ਸੰਤ ਕੁਲਦੀਪ ਸਿੰਘ ਸਪੁੱਤਰ ਸੰਤ ਮੱਘਰ ਸਿੰਘ ਨੁਸ਼ਹਿਰਾ ਵਲ, ਏਥੇ ਹੀ ਅਖੰਡ ਪਾਠਾਂ ਦੇ ਭੋਗ ਪੁਆ, ਲੰਗਰ ਛਕ ਕੇ, ਨਾਮ ਸਿਮਰਨ ਜੈਤਸਰੀਆਂ (ਰਾਜਸਥਾਨ) ਜਾ ਕੇ ਕਰਨਾ। 8 ਮੇਲੇ ਬੀਕਾਨੇਰ ਦੀ ਸੰਗਤ ਵਾਸਤੇ ਮੁਕੱਰਰ ਹਨ। 10 ਤਾਰੀਖ ਤਕ ਆਸਾ ਦੀ ਵਾਰ ਸੁਣਕੇ ਫਿਰ ਕਾਰ ਨੂੰ ਭੈਣੀ ਸਾਹਿਬ। ਦੋ ਦਿਨ ਏਥੇ ਹੀ।

13 ਤੋਂ 16 ਮਾਰਚ 79—ਹੋਲਾ ਸ੍ਰੀ ਭੈਣੀ ਸਾਹਿਬ। ਇਹ ਹੋਲਾ ਸ੍ਰੀ ਸਤਿਗੁਰੂ ਜੀ ਦੇ ਆਪਣੇ ਵਲੋਂ ਅਰਥਾਤ ਆਪਣੇ ਖ਼ਰਚੇ ਨਾਲ।

17 ਮਾਰਚ ਨੂੰ ਥਾਈਲੈਂਡ ਜਾਣੇ 19 ਨੂੰ ਵਾਪਸੀ।
ਅਤੇ ਫਿਰ ਇਕ ਹਫਤਾ ਮੇਲਾ, ਨਾਮਧਾਰੀ ਫਾਰਮ ਤੇ।

## ਪ੍ਰਸੰਨਤਾ ਕਿਵੇਂ ਸੀ

ਭੈਣੀ ਆਖੇ, ਸੱਚੇ ਪਾਤਸ਼ਾਹ ਜੀ ਨੇ ਇਸ਼ਨਾਨ ਪਾਣੀ ਕਰ ਪ੍ਰਸ਼ਾਦਾ ਛਕਿਆ ਅਤੇ ਦੋਹਾਂ 'ਪੱਪੂਆਂ' ਤੇ ਉਨ੍ਹਾਂ ਦੇ ਮਾਪਿਆਂ ਨੂੰ ਅੰਦਰ ਬੁਲਾਇਆ। ਪਤਾ ਨਹੀਂ ਕੀ ਬਚਨ ਹੋਏ। ਬਾਅਦ ਵਿਚ ਦੀਨ ਦਿਆਲ ਜੀ ਨੇ ਮੇਰੇ ਨਾਲ ਗੱਲ ਕੀਤੀ : ਭੈਣੀ ਸਾਹਿਬ, ਮੈਨੂੰ ਸਿੰਘ ਕਹਿੰਦੇ ਸਨ ਕਿ ਅੱਜ ਤੁਸੀਂ ਸਦਾ ਨਾਲੋਂ ਬਹੁਤੇ ਪ੍ਰਸੰਨ ਹੋ। ਇਹ (ਪੱਪੂਆਂ ਦੇ) ਵਿਆਹ ਕਰਕੇ ਆਪ ਜੀ ਪਹਿਲੇ ਦੀ ਖ਼ੁਸ਼ ਲਗਦਾ ਹੋ। ਮੈਂ ਕਿਹਾ, ਕਿਉਂ ਨ ਖ਼ੁਸ਼ ਹੋਵਾਂ, ਦੋਹਾਂ ਦੇ ਮਾਪਿਆਂ ਨੂੰ ਪਤਾ ਨਹੀਂ ਸੀ ਕਿ ਉਹਨਾਂ ਦੇ ਬਣਨ ਵਾਲੇ ਨੂੰਹ ਅਤੇ ਜੁਆਈ ਕੌਣ ਹਨ। ਓਦੋਂ ਹੀ ਪਤਾ ਲਗਾ ਜਦੋਂ ਕੁੜੀਆਂ ਨੂੰ ਮੁੰਡਿਆਂ ਨਾਲ ਬਿਠਾਅ ਦਿਤਾ। ਏਨੇ ਆਗਿਆਕਾਰ ਸਿੰਘ, ਇਸ ਸਮੇਂ ਵਿਚ ਮਿਲਣੇ ਮੁਸ਼ਕਲ ਹਨ। ਫੇਰ ਮੈਂ ਕੁੜੀਆਂ (ਵਿਆਹੀਆਂ ਜਾ ਚੁਕੀਆਂ) ਨੂੰ ਸੱਦ ਕੇ ਕਿਹਾ ਕਿ ਉਹ ਸੋਧ ਰੱਖਣ, ਮੈਂ ਉਨ੍ਹਾਂ ਤੋਂ ਦਿੱਲੀ ਆ ਕੇ ਲੰਗਰ ਛਕਾਂਗਾ। ਉਨ੍ਹਾਂ 'ਸਤਿਬਚਨ'



Sri Satguru Jagjit Singh Ji Elibrary NamdhariElibrary@gmail.com

ਕਹਿ ਕੇ ਮੇਰੀ ਗੱਲ ਮੰਨੀ । ਅੱਜ ਮੈਂ ਉਦੂੰ ਵੀ ਵਧੇਰੇ ਆਨੰਦ ਮਹਿਸੂਸ ਕਰ ਰਿਹਾ ਹਾਂ ਜਦੋਂ ਮੈਂ ਦੋਹਾਂ ਬੱਚਿਆਂ (ਸੁਰਜੀਤ ਤੇ ਸਰਿੰਦਰ) ਨੂੰ ਬੁਲਾ ਕੇ ਮਰਿਆਦਾ ਰਖਣ ਲਈ ਆਖਿਆ ਤਾਂ ਬੱਚਿਆਂ ਦੱਸਿਆ ਕਿ ਉਹ ਵੀ ਪਤਨੀਆਂ ਦੇ ਸੰਗ ਰਖਣ ਸਮੇਂ ਦੇ ਹੀ, ਵੱਡੀ ਸੋਧ ਦੇ ਧਾਰਨੀ ਹਨ ।

ਮੈਂ ਵੇਖਿਆ ਸਚਮੁਚ ਸਤਿਗੁਰੂ ਜੀ ਵਧੇਰੇ ਹੀ ਪ੍ਰਸੰਨ ਹਨ ।

## ਪ੍ਰਿਥੀਪਾਲ ਸਿੰਘ ਦਾ ਭੋਗ

ਦੁਬਾਰਾ ਦਰਸ਼ਨ ਮੈਨੂੰ ਸ. ਪ੍ਰਿਥੀਪਾਲ ਸਿੰਘ ਦੇ ਭੋਗ ਸਮੇਂ ਹੋਏ । ਸ. ਹਰਵਿੰਦਰ ਸਿੰਘ ਹੰਸਪਾਲ ਦਾ ਮਾਮਾ ਸ. ਪ੍ਰਿਥੀਪਾਲ ਸਿੰਘ ਅਜੇ 5-4 ਦਿਨ ਪਹਿਲਾਂ ਹੀ ਗੁਜ਼ਰ ਗਿਆ ਸੀ । ਪਿਛੇ 8 ਲੜਕੀਆਂ ਅਤੇ ਇਕ 6 ਕੁ ਸਾਲ ਦਾ ਲੜਕਾ ਛਡ ਕੇ ਤੁਰ ਗਿਆ ਹੈ । ਉਹਦੀ ਸੁਪਤਨੀ ਨੂੰ ਕਾਫੀ ਕਠਿਨਾਈਆਂ ਵਿਚੋਂ ਲੰਘਣਾ ਪਏਗਾ । ਮੌਤ ਅਚਾਨਕ ਹੋ ਗਈ । ਹੰਸਪਾਲ ਨੇ ਇਹ ਯੋਗ ਜਾਤਾ ਕਿ ਸਤਿਗੁਰਾਂ ਦੀ ਮੌਜੂਦਗੀ ਵਿਚ ਭੋਗ ਪਾਇਆ ਜਾਵੇ । ਅੱਜ ਦੇ ਪ੍ਰੋਗਰਾਮ ਵਿਚ ਇਹ ਭੋਗ ਵੀ ਸ਼ਾਮਲ ਸੀ ।

ਰਾਮਗੜ੍ਹ (ਰਮੇਸ਼ ਨਗਰ ਦੇ ਸਾਹਮਣੇ, ਸ਼ਿਵਾ ਜੀ ਰੋਡ ਤੋਂ ਦੂਜੇ ਪਾਰ) ਵਿਚ ਸ. ਪ੍ਰਿਥੀਪਾਲ ਸਿੰਘ ਦੇ ਘਰ ਮੂਹਰੇ, ਸੜਕ ਨੂੰ ਸ਼ਾਮਿਆਨਿਆਂ ਨਾਲ ਢਕ ਕੇ ਬਣੇ ਪੰਡਾਲ ਵਿਚ, ਸਤਿਗੁਰੂ ਜੀ ਨਾਮ ਸਿਮਰਨ ਕਰਦਿਆਂ ਹੀ ਦੀਵਾਨ ਵਿਖੇ ਪਧਾਰੇ । ਜਥੇਦਾਰ ਸੇਵਾ ਸਿੰਘ ਦਿੱਲੀ ਦੀ 'ਦਰ ਘਰ ਢੂਢਾ ਕਰ ਗਏ ਅਵਰਾ ਤ੍ਰਿ ਚਲਣਹਾਰ ।' ਉਤੇ ਬੜੀ ਸੁੰਦਰ ਵਿਆਖਿਆ ਸੀ । ਸਤਿਗੁਰੂ ਜੀ ਨੇ ਇਕ ਘੰਟਾ ਦਰਸ਼ਨ ਦਾਨ ਦੇ ਕਿਰਤਾਰਥ ਕੀਤਾ । ਵੈਰਾਗ ਭਰੀ ਸੰਗਤ ਨੂੰ ਉਪਦੇਸ਼ਿਆ ਵੀ ।

## ਗੁਰ ਉਪਦੇਸ਼

ਸ੍ਰੀ ਸਤਿਗੁਰੂ ਜੀ ਨੇ ਫਰਮਾਇਆ :

ਕਾਲ ਕਰੰਤਾ ਅਬਹਿ ਕਰ, ਅਬ ਕਰਤਾ, ਸੁਇ ਤਾਲ ।
ਪਾਛੈ ਕਛੂ ਨ ਹੋਇਗੋ ਜਉ ਸਿਰ ਪਰ ਆਵੈ ਕਾਲ ।

"ਸਾਨੂੰ ਬੜੀ ਵਡੀ ਛੋਟ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਿਤੀ ਹੋਈ ਹੈ, ਕਿ ਸਾਰੀ ਦਿਹਾੜੀ ਵਿਚ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰ ਲਿਆ ਕਰੋ । ਇਹ ਵੀ ਲਿਖਿਆ ਹੈ :

ਦਿਨ ਰਾਤੀ ਆਰਾਧਹੁ ਪਿਆਰੋ ਇਕੁ ਨਿਮਖ ਨ ਕੀਜੈ ਢੀਲਾ ।

## ਬਾਬਾ ਜੀ ਮਿਰਚੇ ਵਾਲੀਏ

"ਚਰਨ ਮੰਜਨਟ ਦੇ ਵਾਰੇ ਵਾਰੇ ਜਾਈਏ, ਕਿਸ ਤਰ੍ਹਾਂ ਦੇ ਸਿਖ ਸਤਿਗੁਰਾਂ ਪੈਦਾ ਕੀਤੇ ਹੋਏ ਹਨ । ਸੰਤ ਜਵਾਹਰ ਸਿੰਘ ਜੀ ਮਿਰਚੇ ਵਾਲੀਏ, ਉਹ ਬਾਰਾਂ ਸਾਲ ਸੁੱਤੇ ਹੀ ਨਹੀਂ ਜਦੋਂ ਤੋਂ ਭਜਨ ਪੁੱਛ ਲਿਆ । ਕਿਸੇ ਨੇ ਪੁੱਛ ਲਿਆ : ਸੰਤ ਜੀ ਤੁਸੀਂ ਸੌਂਦੇ ਨਹੀਂ ? ਉਨ੍ਹਾਂ ਆਖਿਆ : ਜਦੋਂ ਮੈਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਭਜਨ ਦਿਤਾ ਸੀ,



Sri Satguru Jagjit Singh Ji Elibrary NamdhariElibrary@gmail.com

ਨਾਲ ਆਖਿਆ ਸੀ, ਸਵਾਸ ਸਵਾਸ ਭਜਨ ਕਰਨਾ। ਜੇ ਮੈਂ ਸੌਂ ਗਿਆ ਫਿਰ ਉਹ ਹੁਕਮ ਨਹੀਂ ਮੰਨਿਆ ਜਾਣਾ। ਇਸ ਲਈ ਪਹਿਲਾਂ ਨੀਂਦਰ ਨੂੰ ਜਿੱਤਿਆ। ਨੀਂਦਰ ਨੂੰ ਜਿੱਤਣ ਲਈ ਜਿਹੜਾ ਉਹਨਾਂ ਨੇ ਉਪਾਉ ਕੀਤਾ, ਉਹ ਇਹ ਸੀ ਕਿ ਸਿਆਲ ਦੇ ਦਿਨਾਂ ਵਿਚ, ਖੂਹ ਦੇ ਭੌਲਣ ਉੱਤੇ ਬਹਿ ਜਾਣਾ ਰਾਤ ਨੂੰ। ਪੋਹ ਦੀਆਂ ਰਾਤਾਂ ਵਿਚ ਓਥੇ ਵੀ ਊਂਘ ਆ ਜਾਣੀ। ਖੂਹ ਵਿਚ ਡਿੱਗ ਪੈਣਾ। ਫਿਰ ਗਿੱਲੇ ਕੱਪੜਿਆਂ ਨਾਲ ਟਿੰਡਾਂ ਰਾਹ ਚੜ੍ਹ ਕੇ ਭੌਲਣ ਵਿਚ ਆ ਬੈਠਣਾ। ਕਹਿੰਦੇ ਨੇ ਨੀਂਦ ਸੂਲੀ ਉੱਤੇ ਵੀ ਆ ਜਾਂਦੀ ਹੈ। ਉਨ੍ਹਾਂ ਡਿੱਗ ਪੈਣਾ, ਫਿਰ ਬਾਹਰ ਨਿਕਲਣਾ, ਫਿਰ ਡਿੱਗ ਪੈਣਾ। ਇਸ ਤਰ੍ਹਾਂ ਕਰਦਿਆਂ ਕਰਦਿਆਂ ਨੀਂਦਰ ਛੱਡ ਹੀ ਗਈ ਬਿਲਕੁਲ। ਇਸ ਤਰ੍ਹਾਂ ਵੀ ਦਸਦੇ ਹਨ ਕਿ ਥੋੜੀ ਕੁ ਦੂਰ ਕਾਲਾ ਜਿਹਾ ਸਰੂਪ ਧਾਰੀ ਬੈਠੀ ਰਹੀ, ਨੇੜੇ ਨਹੀਂ ਆਈ ਫਿਰ। ਇਹ ਕਿੱਡੀ ਵੱਡੀ ਗੱਲ ਸੀ। ਇਸ ਦੀ ਪ੍ਰਾਪਤੀ ਇਹ ਹੋਈ ਕਿ ਉਨ੍ਹਾਂ ਆਪਣਾ ਸਰੀਰ ਛੱਡਣ ਵੇਲੇ ਇਹ ਦੱਸ ਦਿਤਾ ਕਿ ਮੇਰੀ ਨਬਜ਼ ਅਰਕ ਤੋਂ ਹੱਥ ਵਲ ਨੂੰ ਚਲੇਗੀ ਉਪਰ ਨਹੀਂ, ਜ਼ਬਾਨ ਚਲੇਗੀ ਪਰ ਸਰੀਰ ਮੇਰਾ ਨਹੀਂ ਹੋਵੇਗਾ। ਏਸੇ ਤਰ੍ਹਾਂ ਹੋਇਆ। ਮਾਲਾ ਹੱਥ ਵਿਚ ਫਿਰਦੀ ਰਹੀ, ਰਸਨਾ ਕਰਕੇ ਭਜਨ ਹੁੰਦਾ ਰਿਹਾ ਪਰ ਸਰੀਰ ਵਿਚ ਪ੍ਰਾਣ ਹੈ ਨਹੀਂ ਸਨ। ਸਾਇੰਸ ਪਾਸ ਐਸੀ ਤੱਕੜੀ ਨਹੀਂ ਕਿ ਇਸ ਨੂੰ ਤੋਲ ਸਕੇ।

ਫਿਰ ਗੰਗਾ ਦੇ ਪਾਣੀ ਦੀ ਜਰਮ-ਨਾਸ਼ਕ ਸ਼ਕਤੀ ਦਾ ਬਖਾਨ ਕਰ ਕੇ ਸਤਿਗੁਰੂ ਜੀ ਨੇ ਦੱਸਿਆ ਕਿ ਸਾਇੰਸਦਾਨਾਂ ਨੂੰ ਹੈਜ਼ੇ ਦੇ ਕੀੜੇ ਮਾਰਨ ਵਾਲੇ ਰਸਾਇਣਕ ਤੱਤ ਤਾਂ ਮਿਲੇ ਨਹੀਂ ਪਰ ਇਹ ਗੱਲ ਮੰਨਣੀ ਪਈ ਕਿ ਗੰਗਾ ਦੇ ਪਾਣੀ ਵਿਚ ਜਰਮ-ਨਾਸ਼ਕ ਸ਼ਕਤੀ ਹੈ।

ਸਤਿਗੁਰਾਂ ਬਚਨ ਕੀਤਾ : ਐਸੇ ਸਾਧੂ ਹੋਏ ਜਿਨ੍ਹਾਂ ਸਤਿਗੁਰਾਂ ਦਾ ਬਚਨ ਮੰਨਣ ਲਈ ਸਾਰੀ ਉਮਰ ਸੌਂ ਕੇ ਨਹੀਂ ਵੇਖਿਆ ਪਰ ਸਾਨੂੰ ਤਾਂ ਸਤਿਗੁਰਾਂ ਕਿੰਨੀ ਵੱਡੀ ਛੋਟ ਦੇ ਦਿਤੀ ਹੈ, ਕੇਵਲ ਇਕ ਘੰਟਾ ਸਾਰੀ ਦਿਹਾੜੀ ਵਿਚ ਨਾਮ ਸਿਮਰਨ ਦੀ, ਜੇ ਅਸੀਂ ਇਹ ਵੀ ਨਾ ਕਰੀਏ ਤਾਂ ਕੀ ਹੋਏ ਅਸੀਂ ? ਰੁਕਤੇ ਹੋਵੋ, ਉੱਦਮ ਕਰੋ। ਤੁਰੇ ਤੁਰੇ ਜਾਂਦਿਆਂ ਡਿੱਗ ਪਈਦਾ ਹੈ, ਪਰ ਉੱਠ ਕੇ ਕੱਪੜੇ ਝਾੜ ਕੇ ਫਿਰ ਤੁਰ ਪਈਦਾ ਹੈ।

"ਕਿਸੇ ਫੈਕਟਰੀ, ਕਿਸੇ ਵਪਾਰ 'ਚੋਂ ਜੇ ਘਾਟਾ ਪੈ ਜਾਵੇ ਤਾਂ ਕੰਮ ਠੱਪ ਨਹੀਂ ਕਰ ਦਈਦਾ, ਕਿਸੇ ਤੋਂ ਉਧਾਰੇ ਪੈਸੇ ਲੈ ਕੇ ਫਿਰ ਕਾਰੋਬਾਰ ਕਰੀਦਾ ਹੈ। ਬੱਚੇ ਜਮਾਤਾਂ 'ਚੋਂ ਫੇਲ੍ਹ ਹੋ ਜਾਂਦੇ ਹਨ, ਫਿਰ ਪੜ੍ਹਾਈ ਵਲ ਲਗ ਪੈਂਦੇ ਹਨ ਜਾਂ ਲਾ ਦੇਈਦੇ ਹਨ। ਏਸੇ ਤਰ੍ਹਾਂ ਸਾਨੂੰ ਉੱਦਮ ਤਿਆਗਣਾ ਨਹੀਂ ਚਾਹੀਦਾ। ਕਈਆਂ ਦੇ ਘਰ ਕੁੜੀਆਂ ਹੁੰਦੀਆਂ ਰਹਿੰਦੀਆਂ ਹਨ ਪਰ ਉਹ ਮੁੰਡੇ ਦੀ ਪ੍ਰਾਪਤੀ ਲਈ ਫਿਰ ਜਤਨ ਕਰਦੇ ਰਹਿੰਦੇ ਹਨ। ਸਤਿਗੁਰੂ ਵਾਲੇ ਪਾਸੇ ਲਈ ਵੀ ਸਾਨੂੰ ਮੁੜ ਮੁੜ ਜਤਨ ਕਰਦੇ ਰਹਿਣਾ ਚਾਹੀਦਾ ਹੈ।

"ਇਹ ਉਹ ਪਰਵਾਰ ਹੈ ਜਿਨ੍ਹਾਂ 'ਚੋਂ ਸੰਤ ਇੰਦਰ ਸਿੰਘ, ਸੰਤ ਗੇੜਾ ਸਿੰਘ ਜੀ



Sri Satguru Jagjit Singh Ji Elibrary NamdhariElibrary@gmail.com

ਦੇ ਸਾਥੀ ਭੈਣੀ ਸਾਹਿਬ ਜਾ ਜਾ ਸੇਵਾ ਕਰਦੇ ਰਹੇ। ਭੈਣੀ ਸਾਹਿਬ ਰਾਮ ਸਰ ਦੇ ਖੂਹ ਦਾ ਔਲੂ ਇਹਨਾਂ ਹੀ ਮੁਸੱਦਰ ਜੀ ਦੇ ਭਾਈ ਸੰਤ ਸ਼ੇਰ ਸਿੰਘ ਨਾਲ ਮਿਲ ਕੇ ਬਣਾਇਆ। ਬਿਰਧ ਹੋਏ ਤਾਂ ਸੰਤ ਗਿਆਨ ਸਿੰਘ ਹੁਰਾਂ ਨੂੰ ਕਹਿਣ ਲੱਗੇ, ਅਰਦਾਸ ਕਰੋ, ਮੇਰਾ ਸਰੀਰ ਛੁੱਟ ਜਾਏ। ਉਹ ਕਹਿਣ ਕਿ ਮੈਂ ਕਿਵੇਂ ਇਹ ਅਰਦਾਸ ਕਰਾਂ, ਤੁਸੀਂ ਆਪ ਹੀ ਕਰ ਲਓ। ਉਹਨਾ ਆਪੇ ਹੀ ਅਰਦਾਸ ਕੀਤੀ, ਉਸੇ ਵੇਲੇ ਸਰੀਰ ਚੜ੍ਹ ਗਿਆ। ਇਹ ਉਹਨਾਂ ਦਾ ਲੜਕਾ ਪ੍ਰਿਥੀਪਾਲ ਸਿੰਘ ਸੀ, ਜਿਸ ਨਮਿਤ ਭੋਗ ਪਾਇਆ ਹੈ। ਇਹ ਬੜੇ ਵਧੀਆ ਸਿੱਖ ਸਨ। ਜਿੰਨੇ ਕੁ ਮਾਇਕੀ ਦਾਇਰੇ ਵਿਚ ਸਨ ਉਨੇ ਵਿਚ ਸੰਤੋਖ ਸੀ। ਜਦੋਂ ਇਹ ਤਸੱਲੀ ਆ ਜਾਇ ਤਾਂ ਸਮਝੋ ਬਹੁਤ ਵੱਡੀ ਪ੍ਰਾਪਤੀ ਹੋ ਗਈ। ਸਤਿਗੁਰੂ ਦੇ ਬਚਨਾਂ ਤੇ ਜਿਨ੍ਹਾਂ ਨੂੰ ਤਸੱਲੀ ਹੋ ਗਈ, ਉਨ੍ਹਾਂ ਵਰਗਾ ਕੌਣ ?

"ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਕ ਉਪਦੇਸ਼ ਵਿਚ ਰਿਕਾਰਡ ਹੋਇਆ ਮਿਲਿਆ ਹੈ, ਸਿਆਮ ਦੀ ਇਕ ਮਾਈ ਬਾਰੇ ਕਿ ਇਹ ਮਾਈ ਕਿੰਨੀ ਚੰਗੀ ਹੈ ਜਿਸ ਨੇ (ਪਤੀ ਜਾਂ ਪੁੱਤਰ ਦੀ ਮਿਰਤੂ ਤੇ) ਆਪਣੇ ਘਰ ਨਾ ਕਿਸੇ ਨੂੰ ਰੋਣ ਦਿਤਾ ਹੈ ਨਾ ਆਪ ਰੋਈ ਹੈ। ਇਸ ਬੀਬੀ (ਸ. ਪ੍ਰਿਥੀਪਾਲ ਸਿੰਘ ਦੇ ਘਰੋਂ) ਤੇ ਵੀ ਸਤਿਗੁਰਾਂ ਦੀ ਬੜੀ ਕਿਰਪਾ ਹੈ, ਨ ਆਪ ਰੋਈ ਹੈ, ਨਾ ਘਰ ਆਏ ਕਿਸੇ ਨੂੰ ਰੋਣ ਦਿਤਾ ਹੈ। ਦੂਜੀਆਂ ਮਾਈਆਂ ਨੂੰ ਇਸ ਗੱਲ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਬੀਬੀਆਂ ਨੂੰ ਨਾ ਵੀ ਰੋਣ ਆਉਂਦਾ ਹੋਵੇ ਤਾਂ ਵੀ ਦੂਜੇ ਦੇ ਘਰ ਪਰ੍ਹੇ ਬੰਨ੍ਹ ਬੰਨ੍ਹ ਕੇ ਜਾਣ ਨੂੰ ਤਿਆਰ ਰਹਿੰਦੀਆਂ ਹਨ।

"ਮੈਂ ਏਹੋ ਅਰਜ਼ ਕਰਾਂਗਾ ਕਿ ਸਵੇ 'ਬੀਬੀ' ਇਸ਼ਨਾਨ ਕਰਕੇ ਇਕ ਘੰਟਾ ਨਾਮ ਸਿਮਰਨ, ਬਾਣੀਆਂ ਦਾ ਨਿਤਨੇਮ, ਜਿਵੇਂ ਜਪੁ, ਜਾਪੁ, ਚੌਂਹਾਂ ਦੇ ਸ਼ਬਦ ਹਜ਼ਾਰੇ, ਰਹਿਰਾਸ, ਆਰਤੀ ਸੋਹਿਲਾ, ਚੰਡੀ ਦੀ ਵਾਰ, 'ਇਹ ਪੰਜ੍ਹੀਆਂ' ਜਿਹੀਆਂ ਬਾਣੀਆਂ ਹਨ, ਪੜ੍ਹ ਲਿਆ ਕਰੇ। 40 ਪਾਠ ਚਲੀਹਿਆਂ ਦੇ ਕਰ ਲਵੇ। ਜਿੰਨਾ ਜਿੰਨਾ ਵੀ ਹੋ ਸਕੇ ਇਸ ਪਾਸੇ ਉੱਦਮ ਕੀਤਾ ਜਾਵੇ।

ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ।
ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ।

"ਜਿਥੇ ਪ੍ਰਿਥੀਪਾਲ ਸਿੰਘ ਹੁਰੀਂ ਗਏ ਨੇ, ਉਥੇ ਕੋਈ ਜਾਵੇ ਹੀ ਤਾਂ ਸਾਨੂੰ ਪਤਾ ਲਗੇ ਕਿ ਉਹ ਕਿੰਨਾ ਧਨ ਲੈ ਕੇ ਗਏ ਹਨ।"

ਅੱਜ ਸਤਿਗੁਰੂ ਜੀ ਨੇ ਬੜੇ ਨਿਰੱਤੇ ਹੋ ਕੇ ਸਾਧ ਸੰਗਤ ਨੂੰ ਉਪਦੇਸ਼ ਕੀਤਾ। ਫਿਰ ਚਰਨ ਪਾਉਣ ਦੀਆਂ ਬੇਨਤੀਆਂ ਵਾਲੇ ਸਿੰਘ ਆ ਗਏ। ਸਤਿਗੁਰੂ ਜੀ ਨੇ ਆਪਣੀਆਂ ਸ਼ਰਤਾਂ ਦੱਸੀਆਂ। ਇਕ ਜੋੜਾ ਵਿਆਹ ਬਾਰੇ ਅਰਜ਼ ਕਰਨ ਆਇਆ। ਉਨ੍ਹਾਂ ਨੇ ਪਹਿਲਾਂ ਕਿਸੇ ਗ਼ਲਤ ਵਿਆਹ ਵਿਚ ਭਾਗ ਲਿਆ ਸੀ, 500/- ਡੰਨ੍ਹ ਲਾ ਕੇ ਗੱਲ ਨਿਬੇੜ ਦਿੱਤੀ।



Sri Satguru Jagjit Singh Ji Elibrary NamdhariElibrary@gmail.com

## ਕੈਸੇਟ ਭਰਨ ਦਾ ਹੁਕਮ

ਗਿਆਨੀ ਜਸਵੰਤ ਸਿੰਘ, ਰਾਜੌਰੀ ਗਾਰਡਨ ਨੂੰ ਬੁਲਾ ਕੇ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਉਹ ਉਸਤਾਦ ਹਾਫ਼ਿਜ਼ ਅਲੀ ਦੀ ਯਾਦ ਵਿਚ ਹੋ ਰਹੇ ਸੰਗੀਤ ਸਮੇਲਨ ਦੇ ਪੰਜਾਂ ਦਿਨਾਂ ਦੇ ਪ੍ਰੋਗਰਾਮਾਂ ਦੀਆਂ ਕੈਸੇਟਾਂ ਭਰੇ। ਉਸਤਾਦ ਅਮਜਦ ਅਲੀ ਖ਼ਾਂ ਹੁਰਾਂ ਇਸਰਾਰ ਕੀਤਾ ਸੀ ਕਿ ਸਤਿਗੁਰੂ ਇਸ ਯਾਦਗਾਰੀ ਸਮਾਗਮ ਵਿਚ ਜ਼ਰੂਰ ਸ਼ਾਮਲ ਹੋਣ ਪਰ ਸਤਿਗੁਰੂ ਜੀ ਨੇ ਪਹਿਲੋਂ ਮਿਥੇ ਵਿਸ਼ੇਸ਼ ਪ੍ਰੋਗਰਾਮਾਂ ਅਧੀਨ ਟੇਪ ਰਿਕਾਰਡਰ ਤੋਂ ਕੈਸੇਟਾਂ ਸੁਣ ਲੈਣ ਤੇ ਹੀ ਹਾਜ਼ਰੀ ਦੀ ਪਰਵਾਨਗੀ ਦੱਸੀ। ਕੈਸੇਟ ਦੀਆਂ ਦੋ-ਦੋ ਕਾਪੀਆਂ ਤਿਆਰ ਕਰਨ ਦਾ ਆਦੇਸ਼ ਦਿੱਤਾ।

## ਗੱਲ ਸੂਬ ਚਰਨਾਂ ਦੀ

ਸ. ਜਸਵੰਤ ਸਿੰਘ ਜੋਸ਼, ਸ. ਕੁਲਦੀਪ ਸਿੰਘ, ਸ. ਦੀਵਾਨ ਸਿੰਘ ਦੇ ਘਰੀਂ ਬਾਬਰਕਤ ਚਰਨ ਪਏ। ਸ. ਪਾਲਾ ਸਿੰਘ ਸ਼ਰਤਨਾਮਾ ਮੰਨਣ ਤੋਂ ਆਨਾਕਾਨੀ ਕਰ ਰਿਹਾ ਸੀ। ਸ. ਸੁਲੱਖਣ ਸਿੰਘ ਸੂਰ ਉਸ ਨੂੰ ਮਨਾ ਕੇ ਲਿਆਇਆ। ਸਤਿਗੁਰੂ ਜੀ ਨੇ ਸ. ਸੁਲੱਖਣ ਸਿੰਘ ਨੂੰ ਕੰਡ ਤੇ ਥਾਪੀ ਦਿੱਤੀ ਤੇ ਬਚਨ ਕੀਤਾ : ਥਾਪੀ ਤਾਂ ਪਾਲਾ ਸਿੰਘ ਨੂੰ ਦੇਣੀ ਸੀ ਪਰ ਉਸ ਦੀ ਥਾਂ ਸੁਲੱਖਣ ਸਿੰਘ ਲੈ ਗਿਆ। ਫਿਰ ਪਾਲਾ ਸਿੰਘ ਨੇ ਆਪਣੀ ਭਰਜਾਈ ਜਾਗਵੰਤੀ ਅਤੇ ਭਤੀਜ ਨੂੰਹ, ਸ. ਕਰਤਾਰ ਸਿੰਘ ਦੀ ਪਤਨੀ ਵਲ ਇਸ਼ਾਰਾ ਕਰ ਕੇ ਆਖਿਆ : ਇਹਨਾਂ ਨੂੰ ਆਪਣੀਆਂ ਸ਼ਰਤਾਂ ਮਨਾਓ। ਆਪ ਜੀ ਨੇ ਇਹਨਾਂ ਦੇ ਘਰ ਚਰਨ ਪਾਉਣੇ ਹਨ। ਸਤਿਗੁਰਾਂ ਫ਼ਰਮਾਇਆ : ਬੀਬੀ ਜੀ ਨੂੰ ਸ਼ਰਤਾਂ ਮਨਾਉਣੀਆਂ ਹਨ ? ਇਹ ਤਾਂ ਪਹਿਲਾਂ ਹੀ ਮੰਨੀ ਹੋਈ ਹੈ ਅਤੇ ਨੂੰਹ ਵੀ ਇਸ ਦੀ ਸਵੇਰੇ ਸ਼ਰਤਾਂ ਮੰਨ ਆਈ ਸੀ। ਸਤਿਗੁਰਾਂ ਸਭ ਨੂੰ ਘਰੋ ਘਰੀ ਭੇਜ ਦਿੱਤਾ। ਇਕ ਜਾਣਕਾਰ ਨੂੰ ਨਾਲ ਲੈ ਲਿਆ ਅਤੇ ਚਰਨ ਪਾਉਣ ਦਾ ਕਾਰਜ ਕਰਮ ਜਾਰੀ ਹੋ ਗਿਆ। ਰਾਮਗੜ੍ਹ ਵਿਚ 5-7 ਪਰਵਾਰਾਂ ਦੀ ਘਰੀਂ ਚਰਨ ਪਾਉਣ ਚਲੇ ਤਾਂ ਆਪ ਜੀ ਨਾਲ ਠਾਕੁਰ ਦਲੀਪ ਸਿੰਘ ਜੀ, ਸ. ਹੈਸਪਾਲ ਤੇ ਸੰਤ ਪੂਰਥਾ ਹੋ ਲਏ।

ਅੰਤ ਉਤੇ, ਜਦੋਂ ਸਵਰਗਵਾਸੀ ਸੰਤ ਮੰਗਲ ਸਿੰਘ ਲਾਇਲਪੁਰੀ ਦੇ ਛੋਟੇ ਸਪੁੱਤਰ ਕਰਤਾਰ ਸਿੰਘ 'ਪ੍ਰਗ੍ਰੈਸ ਪ੍ਰਿੰਟਰ' ਦੇ ਘਰ ਗਏ ਤਾਂ ਉਥੇ ਲਾਇਲਪੁਰੀ ਜੀ ਦੇ ਛੋਟੇ ਜਾਏ ਅਮਰ ਭਾਰਤੀ ਅਤੇ ਕਰਤਾਰ ਸਿੰਘ ਨਾ ਮਿਲੇ, ਉਹ ਚਰਨ ਭੇਟ ਲਈ ਫਲ ਫਰੂਟ ਲੈਣ ਗਏ ਹੋਏ ਸਨ। ਅਕਾਲੀ ਲੀਡਰ ਸ. ਅਵਤਾਰ ਸਿੰਘ ਹਿਤ (ਹਰੀ ਨਗਰ ਨਿਵਾਸੀ) ਅਤੇ ਪਰਵਾਰ ਦੇ ਬਾਕੀ ਜੀਆਂ ਨੇ ਦਰਸ਼ਨ ਕੀਤੇ। ਲਾਇਲਪੁਰੀ ਪਰਵਾਰ ਦੇ ਲੜਕੇ ਅਤੇ ਲੜਕੀਆਂ, ਨੂੰਹਾਂ, ਪੋਤਰੇ ਪੋਤਰੀਆਂ ਦਾ ਇਕੱਠ ਹੋ ਗਿਆ। ਵਿਦਾ ਹੋਣ ਤਕ ਚਾਚਾ ਭਤੀਜਾ, ਡਾਕਟਰ ਅਮਰ ਭਾਰਤੀ ਤੇ ਕਰਤਾਰ ਸਿੰਘ ਵੀ ਪਹੁੰਚ ਗਏ।

ਬਾਲੀ ਨਗਰ, ਏਸੇ ਘਰ, ਸੰਤ ਲਾਇਲਪੁਰੀ ਦੇ ਸਪੁੱਤਰ ਸਰਬ ਸ਼ਕਤੀਮਾਨ ਸਿੰਘ, ਇਹਦੀ ਪਤਨੀ ਬੀਬੀ ਗੁਰਮੀਤ ਅਤੇ ਵੱਡੀ ਭੈਣ ਬਲਬੀਰ ਨੇ, ਇਕ ਮੁਟਿਆਰ



Sri Satguru Jagjit Singh Ji Elibrary NamdhariElibrary@gmail.com

ਬੀਬੀ ਵਲ ਤਕਾਂਦਿਆਂ, ਜੁ ਚਰਨੀਂ ਹੱਥ ਲਾਉਣ ਲਈ ਝੁਕੀ ਸੀ, ਵਾਸਤੇ ਅਰਜ਼ ਕੀਤੀ : (ਮਹਿਤਾਬ ਸਿੰਘ ਦੀ ਧੀ) ਜੀ, ਇਸ ਦੇ ਘਰ ਸੰਤਾਨ ਨਹੀਂ, ਕਿਰਪਾ ਕਰੋ। ਸਤਿਗੁਰੂ ਜੀ ਨੇ ਇਕ ਮਾਲਾ ਭਜਨ ਦੀ ਅਤੇ ਇਕ ਮਾਲਾ ਭਗਉਤੀਆਂ ਦੀ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਤੇ ਅਰਜ਼ ਕਰਨ ਲਈ ਆਗਿਆ ਕੀਤੀ।

ਸਤਿਗੁਰਾਂ ਨੇ ਇਕ ਹੋਰ ਬੀਬੀ ਨੂੰ ਬਚਨ ਕੀਤਾ : ਦੂਜੇ ਮਤਾਂ ਵਾਲਿਆਂ ਨੂੰ ਕਿਸੇ ਹੋਰ ਮਤ ਵਲ, ਕੋਈ ਆਏ ਜਾਵੇ, ਇਤਰਾਜ਼ ਨਹੀਂ ਹੁੰਦਾ, ਪਰ ਮੇਰੀ ਗੱਲ ਇਕਤਰਫ਼ਾ ਤੇ ਸਾਫ਼ ਹੈ ਕਿ ਜਿਸ ਨੇ ਸਾਡੇ ਪਾਸ ਆਉਣਾ ਹੈ, ਉਹ ਸਾਡੇ ਪਾਸ ਹੀ ਆਵੇ, ਉਸ ਦੀ ਹੋਰ ਝਾਕ ਨਹੀਂ ਰਹਿਣੀ ਚਾਹੀਦੀ।

ਏਸੇ ਘਰ ਬੈਠਿਆਂ ਸ. ਅਵਤਾਰ ਸਿੰਘ ਹਿਤ ਨੇ ਸਤਿਗੁਰੂ ਜੀ ਨੂੰ ਦੱਸਿਆ : ਪਿਛਲੇ ਦਿਨੀਂ ਇਕ ਸਭਾ ਵਿਚ ਡਾ: ਜਗਜੀਤ ਸਿੰਘ ਤਕਰੀਰ ਕਰਦਿਆਂ ਕੁਝ ਉਲਟਾ ਚਲ ਪਿਆ ਅਤੇ ਮੈਂ ਉਸ ਨੂੰ ਸਟੇਜ ਤੋਂ ਲਾਹ ਦਿਤਾ ਪਰ ਇਕ ਗੱਲ ਉਸ ਨੇ ਨਿਧੜਕ ਕਹੀ ਕਿ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਗੁਰੂ ਰਾਮ ਸਿੰਘ ਨੇ ਸਿੱਖਾਂ ਦੀ ਬਾਂਹ ਫੜੀ। ਹੋਰ ਸਭ ਧੋਖਾ ਅਤੇ ਫ਼ਰੇਬ ਹੈ। ਇਹ ਗੱਲ ਨਿਰੰਕਾਰੀ ਕਾਲੋਨੀ ਨਜ਼ਦੀਕ ਕਿਸੇ ਗੁਰਦੁਆਰੇ ਦੀ ਹੈ।

## ਗੱਲ ਉਸਤਾਦ ਸਲਾਮਤ ਦੀ

ਜਦੋਂ ਦੀਨ ਦਿਆਲ ਜੀ, ਨਿਤਨੇਮ ਤੇ ਕੀਰਤਨ ਦੇ ਦੀਵਾਨ ਵਿਚ ਚਲੇ ਸਨ, ਦੁਪਹਿਰੇ ਕੋਠੀਓਂ, ਤਾਂ ਉਸਤਾਦ ਅਮਜਦ ਅਲੀ ਦਾ ਫ਼ੋਨ ਆਇਆ ਕਿ ਸਲਾਮਤ ਖ਼ਾਂ (ਸ਼ਾਮ ਚੁਰਾਸੀ ਵਾਲੇ ਜੁ ਅੱਜ ਕਲ੍ਹ ਪਾਕਿਸਤਾਨ ਹਨ) ਦਾ ਅਜੇ ਕੋਈ ਪਤਾ ਨਹੀਂ ਲਗ ਰਿਹਾ ਕਿ ਉਹ ਆ ਰਹੇ ਹਨ ਜਾਂ ਨਹੀਂ। ਖ਼ਾਂ ਸਾਹਿਬ ਨੇ ਕਿਹਾ : ਵਲਾਇਤ ਵਾਲੇ 'ਸ਼ਰਮਾ ਜੀ' (ਨਾਮਧਾਰੀ) ਕਹਿ ਰਹੇ ਹਨ ਕਿ ਜੇ ਹਵਾਈ ਟਿਕਟ ਲੈ ਦਿਤੀ ਜਾਇ ਤਾਂ ਮੈਂ ਅੱਜ ਹੀ ਰਾਤ ਨੂੰ ਜਾਂ ਸਵੇਰ ਦੇ ਜਹਾਜ਼ ਤੇ ਜਾ ਕੇ ਲੈ ਆਵਾਂ। ਟਿਕਟ ਦਾ ਇੰਤਜ਼ਾਮ ਤਾਂ ਸਤਿਗੁਰੂ ਜੀ ਹੀ ਕਰ ਸਕਦੇ ਹਨ। ਮੈਂ ਹੀ ਫ਼ੋਨ ਸੁਣਿਆ ਸੀ। ਸਤਿਗੁਰੂ ਜੀ ਨੂੰ ਕਾਰ ਵਿਚ ਬੈਠਿਆਂ ਨੂੰ ਮੈਂ ਮਾਜਰਾ ਅਰਜ਼ ਕਰ ਦਿਤਾ। ਸਤਿਗੁਰਾਂ, ਪਾਸ ਬੈਠੇ ਹੰਸਪਾਲ ਨੂੰ ਕਿਹਾ : ਕਰ ਦਿਓ ਪ੍ਰਬੰਧ ਇਕ ਟਿਕਟ ਦਾ, ਮੈਨੂੰ ਤਾਂ ਰੁਪਏ ਦੱਸੋ ਕਿੰਨੇ ਚਾਹੀਦੇ ਹਨ।

ਕੋਠੀ ਮੁੜ ਕੇ ਆਉਂਦਿਆਂ ਨੂੰ ਸ੍ਰੀ ਗੁਰਦੇਵ ਸਿੰਘ ਸਰੋਦ ਦੁਆਰਾ ਖ਼ਬਰ ਮਿਲ ਗਈ ਕਿ ਹੁਣ ਪਾਕਿਸਤਾਨ ਦੀ ਟਿਕਟ ਦੀ ਕੋਈ ਲੋੜ ਨਹੀਂ, ਉਸਤਾਦ ਸਲਾਮਤ ਅਲੀ ਰਾਤੀਂ 8.30 ਵਜੇ ਆ ਰਹੇ ਹਨ। ਅਤੇ ਉਸਤਾਦ ਸਲਾਮਤ ਦੇ ਮੁਆਫ਼ਕ ਸਤਿਕਾਰ ਲਈ ਹੇਠ ਲਿਖੇ ਸੱਜਣ ਪਾਲਮ ਏਅਰ ਪੋਰਟ ਤੇ ਪਹੁੰਚ ਗਏ : ਸ. ਹਰਚੰਦਰ ਸਿੰਘ ਹੰਸਪਾਲ, ਸ. ਸੁਰਿੰਦਰ ਸਿੰਘ ਮਨਰੇਂਦਾ, ਸ. ਸੁਲੱਖਣ ਸਿੰਘ ਸੂਰ, ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਦੇਵ ਸਿੰਘ, ਹਰਭਜਨ ਸਿੰਘ ਅਤੇ ਡਾ: ਭਾਰਤੀ। ਉਧਰੋਂ ਸ੍ਰੀ ਤੀਰਥ ਰਾਮ ਸ਼ਰਮਾ (ਵਲਾਇਤ ਵਾਲੇ), ਉਸਤਾਦ ਅਮਜਦ ਅਲੀ ਅਤੇ ਉਨ੍ਹਾਂ ਦੇ ਦੋ ਚਾਰ ਸ਼ਾਗਿਰਦ ਹੋਰ ਆ ਗਏ। ਜਹਾਜ਼ ਲੇਟ



Sri Satguru Jagjit Singh Ji Elibrary NamdhariElibrary@gmail.com

ਹੈਰਾਨ ਕੀਤਾ ਅਤੇ ਜਦੋਂ 9 ਵਜੇ ਰਾਤੀਂ ਆਇਆ ਤਾਂ ਕਸਟਮ ਵਿਚੋਂ ਵਿਹਲੇ ਹੋ ਕੇ ਆਇਆਂ ਦਾ, ਅਸਾਂ ਸਭ ਨੇ ਸੁਆਗਤ ਕੀਤਾ। ਪੁਸ਼ਪ ਮਾਲਾ ਗਲੇ ਪਾ ਕੇ।

ਸਤਿਗੁਰੂ ਜੀ ਦਾ ਆਦੇਸ਼ ਸੀ ਕਿ ਉਸਤਾਦ ਸਲਾਮਤ ਅਲੀ ਨੂੰ ਸਿੱਧਾ ਕੋਠੀ 1-6B, ਪੂਸਾ ਰੋਡ ਵਿਖੇ ਲਿਆਂਦਾ ਜਾਵੇ। ਸਤਿਗੁਰੂ ਜੀ ਨੇ ਸਵੇਰੇ 6 ਵਜੇ ਦੇ ਜਹਾਜ਼ ਤੇ ਚੰਡੀਗੜ੍ਹ ਜਾਣਾ ਹੈ, ਇਸ ਤਰ੍ਹਾਂ ਕੁਝ ਸਮਾਂ ਖ਼ਾਂ ਸਾਹਿਬ ਸਲਾਮਤ ਨਾਲ, ਬੈਠਿਆ ਜਾ ਸਕੇਗਾ।

## ਉਸਤਾਦ ਵਲਾਇਤ ਖ਼ਾਂ ਨਾਲ

ਉਸਤਾਦ ਵਲਾਇਤ ਖ਼ਾਂ ਭਾਵੇਂ ਏਸੇ ਕੋਠੀ ਵਿਚ ਸਨ ਪਰ ਸਤਿਗੁਰੂ ਜੀ ਨੂੰ ਉਨ੍ਹਾਂ ਨਾਲ ਮਿਲਣ ਦਾ ਅਵਸਰ ਨਹੀਂ ਸੀ ਪ੍ਰਾਪਤ ਹੋ ਰਿਹਾ। ਅੱਜ 6 ਵਜੇ ਸ਼ਾਮ ਦਾ ਸਮਾਂ ਨਿਸ਼ਚਿਤ ਸੀ। ਅੱਜ ਦੁਪਹਿਰੇ ਸਤਿਗੁਰਾਂ ਨੂੰ ਸ. ਸੇਵਾ ਸਿੰਘ ਨਾ: ਦੇ: ਵਾਲਿਆਂ ਨਾਮਧਾਰੀ ਜਿਨਿੰਗ ਮਿੱਲ, ਜੀਵਨ ਨਗਰ ਦੀ ਰੀਪੋਰਟ ਦਿਤੀ। ਸੰਤ ਮੇਹਰ ਸਿੰਘ (ਲੇਖਕ) ਕਾਨਪੁਰ, ਜਥੇਦਾਰ ਹਜ਼ਾਰਾ ਸਿੰਘ ਲਖਨਊ ਦਾ ਛੋਟਾ ਲੜਕਾ, ਕੈਨੇਡਾ ਵਾਲੇ ਸੰਤ ਮਲਕੀਤ ਸਿੰਘ ਅੱਜ ਗੁਰੂ ਦਰਸ਼ਨਾਂ ਤੋਂ ਫ਼ੈਜ਼ਯਾਬ ਹੋਏ।

ਸਤਿਗੁਰੂ ਜੀ ਗਰਾਊਂਡ ਫਲੋਰ ਦੇ ਹਾਲ ਵਿਚ ਫ਼ਰਸ਼ ਤੇ, ਵਿਛੇ ਆਸਣ ਤੇ ਬਿਰਾਜਮਾਨ ਹੋਏ। ਸਾਹਮਣੇ ਥਿੰਨ ਕੁ ਫੁਟ ਜਗਹ ਛੱਡ ਕੇ ਖ਼ਾਂ ਸਾਹਿਬ ਵਲਾਇਤ ਖ਼ਾਂ ਵਿਛੀ ਚੱਦਰ ਤੇ ਬੈਠ ਗਏ। ਗੱਲਬਾਤ ਦੌਰਾਨ ਖ਼ਾਂ ਸਾਹਿਬ ਦਾ ਵੱਡਾ ਲੜਕਾ ਸੁਜਾਤ, ਬੇਗ਼ਮ, ਛੋਟਾ ਲੜਕਾ, ਬੀਬਾ ਜੀ ਨਾਲ ਖ਼ਾਂ ਸਾਹਿਬ ਦੀਆਂ ਦੋਵੇਂ ਪੁੱਤਰੀਆਂ, ਬੀਬਾ ਜੀ ਦੀ ਉਸਤਾਨੀ ਬੀਬੀ ਨਰਿੰਦਰ ਅਤੇ ਹੋਰ ਸੰਗੀਤ ਸਿਖਦੇ ਬੱਚੇ ਵੀ ਲੰਮੀ ਕਤਾਰ ਵਿਚ ਬੈਠੇ ਸਨ। ਸਤਿਗੁਰਾਂ ਦੇ ਸੇਵਕ ਅਤੇ ਸੇਠ ਤਰਲੋਕ ਸਿੰਘ ਤੇ ਇਹਨਾਂ ਦੇ ਬੱਚੇ।

ਗੱਲ ਸ਼ੁਰੂ ਕਰਨ ਲਈ, ਸਤਿਗੁਰੂ ਜੀ ਨੇ ਸਲਾਮਤ ਅਲੀ ਦੇ ਬਚਪਨ ਦੀ ਯਾਦ ਦਿਲਾਈ ਜਦੋਂ ਉਸ 'ਗਿਆਰਵੇਂ' ਸਾਲ ਵਿਚ ਆਪਣੇ ਵੱਡੇ ਭਾਈ ਨਜ਼ਾਕਤ ਨਾਲ ਸ੍ਰੀ ਭੈਣੀ ਸਾਹਿਬ ਵਿਚ ਆ ਕੇ ਗਾਂਵਿਆਂ ਸੀ। ਇਹਨਾਂ ਦੇ ਪਿਤਾ ਜੀ ਦੋਹਾਂ ਨੂੰ ਲੈ ਕੇ ਆਏ ਸਨ। ਉਸਤਾਦ ਹਾਕਿਰ ਅਲੀ ਸਮਾਗਮ ਵਿਚ ਉਸਤਾਦ ਸਲਾਮਤ ਦੇ ਲਿਆਉਣ ਦੇ ਜਤਨਾ ਦੀ ਚਰਚਾ ਕੀਤੀ। ਵਲਾਇਤ ਖ਼ਾਂ ਅਤੇ ਸਲਾਮਤ ਅਲੀ ਦੋਹਾਂ ਨੂੰ ਮਾਫ਼ ਦੇਣ ਲਈ ਆਖਿਆ : ਮੈਨੇ ਕਹਾ ਅਬ ਖ਼ਾਂ ਸਾਹਿਬ ਆਏ ਹੁਏ ਹੈਂ, ਉਨ੍ਹੇਂ ਭੀ ਮਿਲਨਾ ਹੈ, ਨਹੀਂ ਤੋ ਮੈਂ ਖ਼ੁਦ ਸਲਾਮਤ ਅਲੀ ਸਾਹਿਬ ਕੋ ਲੇਨੇ ਕੇ ਲੀਏ ਚਲਾ ਜਾਤਾ।

ਵਲਾਇਤ ਖ਼ਾਂ ਬੋਲੇ : ਬੜੇ ਜੀਨੀਅਸ ਔਰ ਗੁਨੀ ਹੈਂ।

ਵਲਾਇਤ ਖ਼ਾਂ ਮੈਨੂੰ ਅੱਜ ਸੰਕੋਚ ਵਰਤਦੇ ਹੀ-ਜਾਪੇ। ਸਤਿਗੁਰੂ ਜੀ ਨੇ ਫੇਰ ਗੱਲ ਤੋਰੀ : ਮੈਨੂੰ ਖ਼ਾਂ ਸਾਹਿਬ (ਅਮਜਦ ਅਲੀ) ਕਾਨਫਰੰਸ ਸੁਣਨ ਲਈ ਕਹਿੰਦੇ ਸਨ ਪਰ ਮੈਂ ਤਾਂ ਮਜਬੂਰੀ ਹੀ ਦੱਸੀ, ਰਾਜਿਸਥਾਨ ਦਾ ਦੌਰਾ ਕਰਨਾ ਹੈ। ਖ਼ਾਂ ਸਾਹਿਬ ਦੇ ਪੁੱਛਣ ਤੇ ਸਤਿਗੁਰੂ ਜੀ ਨੇ 12.3.89 ਤਕ ਦਾ ਪ੍ਰੋਗਰਾਮ ਦੱਸ ਦਿਤਾ।



Sri Satguru Jagjit Singh Ji Elibrary NamdhariElibrary@gmail.com

ਖ਼ਾਂ ਸਾਹਿਬ ਵਿਨਿਮਰ ਭਾਵ ਨਾਲ ਕਿਸੇ ਚੱਦਰ ਦੀ ਇਕ ਨੁੱਕਰੇ ਸੰਕੋਚ ਜਿਹੇ ਨਾਲ ਬੈਠੇ ਸਨ। ਦੋਹਾਂ ਪਾਸਿਆਂ ਦੀ ਗੱਲਬਾਤ ਗਿ: ਜਸਵੰਤ ਸਿੰਘ ਰੀਕਾਰਡ ਕਰ ਰਹੇ ਸਨ। ਖ਼ਾਂ ਸਾਹਿਬ ਨੇ ਹੋਲੇ ਦੀਆਂ ਤਾਰੀਖਾਂ ਪੁੱਛੀਆਂ। ਸਤਿਗੁਰਾਂ ਦੱਸੀਆਂ (13-14-15-16 ਮਾਰਚ) ਅਤੇ ਨਾਲ ਹੀ ਕੋਲ ਬੈਠੇ ਠਾਕੁਰ ਦਲੀਪ ਸਿੰਘ ਜੀ ਦੇ ਕੰਨ ਵਿਚ ਆਖਿਆ : ਐਤਕਾਂ ਇਮਰਤ ਖ਼ਾਂ ਹੋਰੀਂ ਕਲਕੱਤਿਓਂ ਭੈਣੀ ਸਾਹਿਬ ਹੋਲੇ ਤੇ ਆਉਣਾ ਚਾਹ ਰਹੇ ਹਨ। ਮਹਾਰਾਜ ਜੀ ਨਾਲ ਮਿਲ ਕੇ ਉਹਨਾਂ ਲਈ ਤਾਰੀਖ ਮਿਥੋ। ਮਹਾਰਾਜ ਜੀ ਵੀ ਆ ਗਏ। ਖ਼ਾਂ ਸਾਹਿਬ ਨੂੰ ਪੁਛ ਕੇ ਕਿ ਇਮਰਤ ਖ਼ਾਂ ਹੋਰੀਂ ਇਨ ਦੋਨੋ ਬਨਾਰਸ ਹੋਣਗੇ ਕਿ ਕਲਕੱਤੇ, ਕਿਸੇ ਦੀ ਜ਼ਿਮੇਵਾਰੀ ਲਾਈ ਕਿ 14.3 79 ਦੀ ਤਾਰੀਖ ਉਨ੍ਹਾਂ ਨੂੰ ਦੱਸੇ। ਰਿਹਾਇਸ਼ ਨੀਲੋਂ ਵਾਲੇ ਪੁਲ ਦੇ ਰੀਸਾਰਟ ਵਿਖੇ ਮਿਥ ਦਿਤੀ।

ਖ਼ਾਂ ਸਾਹਿਬ ਵਲੋਂ ਦਧੇਰੇ ਸਮਾਂ ਚੁੱਪ ਰਹਿਣ ਕਾਰਨ, ਸਤਿਗੁਰੂ ਜੀ ਨੂੰ ਕੋਫ਼ਤ ਹੋ ਰਹੀ ਲੱਗਦੀ ਸੀ। ਮੈਨੂੰ ਪ੍ਰਤੀਤ ਹੋ ਰਿਹਾ ਸੀ ਕਿ ਖ਼ਾਂ ਸਾਹਿਬ ਡਰਦੇ ਹਨ ਕਿ ਇਸ ਸਮੇਂ ਕਿਤੇ ਸਿਤਾਰ ਵਜਾਣ ਦੀ ਆਗਿਆ ਨ ਹੋ ਜਾਵੇ। ਪਰ ਸਤਿਗੁਰੂ ਤਾਂ ਕੇਵਲ ਖ਼ਾਂ ਸਾਹਿਬ ਨੂੰ ਕੋਲ ਬੈਠਣ ਦਾ ਮਾਣ ਬਖ਼ਸ਼ ਰਹੇ ਸਨ। ਅਤੇ ਸਤਿਗੁਰਾਂ ਫਿਰ ਪਹਿਲ ਕਦਮੀ ਲੈ ਕੇ ਖ਼ਾਂ ਸਾਹਿਬ ਦੇ ਸ਼ਾਗਿਰਦਾਂ ਨੂੰ ਸੁਣਨ ਦਾ ਐਲਾਨ ਕਰ ਦਿਤਾ। ਸ਼ੇਰ ਸਿੰਘ ਚਾਵਲਾ ਤੋਂ ਪਹਿਲਾਂ ਬਿਰਜੂ ਮਹਾਰਾਜ ਦੇ ਸ਼ਾਗਿਰਦ ਅੰਬੋ ਦੀ ਵਾਰੀ ਆ ਗਈ। ਜਦ ਤਕ ਉਹ ਗਿੱਟਿਆਂ ਨੂੰ ਘੁੰਘਰੂ ਬੰਨ੍ਹਦਾ, ਤਦ ਤਕ ਖ਼ਾਂ ਸਾਹਿਬ ਨੇ ਗੱਲ ਕਰਨ ਦਾ ਬਹਾਨਾ ਲੱਭ ਲਿਆ : ਐਤਕੀਂ ਬੰਬਈ ਵਿਚ ਉਸਤਾਦੀ ਸ਼ਾਗਿਰਦੀ ਦਾ ਗੰਡਾ ਧਰਮਵੀਰ ਨੂੰ ਬੰਨ੍ਹਣਾ ਹੈ, ਉਸ ਸਭਾ ਵਿਚ ਆਪ ਜੀ ਦਾ ਹੋਣਾ ਲਾਜ਼ਮੀ ਹੈ। ਸਤਿਗੁਰੂ ਜੀ : ਮੇਰਾ ਉਨ੍ਹਾਂ ਦਿਨਾਂ ਵਿਚ ਰੁਝੇਵਾਂ ਹੈ, ਤੁਸੀਂ ਆਪ ਹੀ ਇਹ ਫ਼ੰਕਸ਼ਨ ਭੁਗਤਾ ਲਿਓ। ਖ਼ਾਂ ਸਾਹਿਬ : ਨਹੀਂ ਹਜ਼ੂਰ, ਆਪ ਕੇ ਬਿਨਾ ਕੈਸੇ। ਆਪ ਤੋ ਜ਼ਰੂਰ ਸ਼ਾਮਲ ਹੋਵੇਂ।

ਸਤਿਗੁਰੂ ਜੀ ਨੇ ਫੇਰ ਕਿਰਪਾ ਕੀਤੀ। ਬਾਹਰ ਖਲੋਤੇ ਆਪਣੇ ਸਕੱਤਰ ਹਰਸੇਮ ਸਿੰਘ ਨੂੰ ਬੁਲਾ ਕੇ, ਪ੍ਰੋਗਰਾਮ ਦੀਆਂ ਤਾਰੀਖਾਂ ਅੱਗੇ ਪਿੱਛੇ ਕਰਕੇ ਬੰਬਈ ਲਈ ਇਕ ਦਿਨ ਕੱਢਣਾ ਨਿਸ਼ਚਿਤ ਕੀਤਾ ਅਤੇ ਨਾਲ ਹੀ ਮਹਾਰਾਜ ਜੀ ਦੀ ਸੰਮਤੀ ਲੈਣ ਲਈ ਕਿਹਾ : ਉਹ ਵੀ ਇਸ ਸਮੇਂ ਨਾਲ ਹੋਣ।

ਏਨੇ ਚਿਰ ਨੂੰ 10 ਸਾਲ ਦਾ ਅੰਬੋ ਘੁੰਘਰੂ ਬੰਨ੍ਹ ਕੇ ਆ ਗਿਆ। ਸਵਿੰਦਰ ਪੱਪੂ ਨੇ ਤਬਲਾ ਫੜ ਲਿਆ, ਅੰਬੋ ਨੇ ਪੱਬ-ਅੱਡੀਆਂ ਪਟਕਾਣੀਆਂ ਸ਼ੁਰੂ ਕਰ ਦਿਤੀਆਂ। ਸਤਿਗੁਰੂ ਜੀ ਨੇ ਵਡੇ ਮਾਣ ਨਾਲ ਖ਼ਾਂ ਸਾਹਿਬ ਨੂੰ ਦੱਸਿਆ : ਇਹ ਪੰ: ਬਿਰਜੂ ਮਹਾਰਾਜ ਦਾ ਸ਼ਾਗਿਰਦ ਹੈ ਅਤੇ ਮਹੀਨਾ ਡੇਢ ਕੁ ਹੀ ਸਿੱਖਦਿਆਂ ਹੋਇਆ ਹੈ।

ਮੁੰਡੇ ਨੇ ਠਾ ਦੀ ਠਾ ਘੁੰਘਰੂ ਛਣਕਾ ਕੇ ਵਿਖਾਈ। ਦਰੁਤ ਲੈਅ ਬਾਅਦ ਸਮਾਪਤੀ ਹੋ ਗਈ। ਫਿਰ ਵਲਾਇਤ ਖ਼ਾਂ ਹੁਰਾਂ ਦੇ ਸ਼ਾਗਿਰਦ ਸ਼ੇਰ ਸਿੰਘ ਚਾਵਲਾ ਨੇ ਸਿਤਾਰ ਲੈ ਆਂਦੀ।



Sri Satguru Jagjit Singh Ji Elibrary NamdhariElibrary@gmail.com

ਸਿਤਾਰ ਸੁਣ ਕੇ, ਸ਼ੇਰ ਸਿੰਘ ਦੀ ਮਿਹਨਤ ਦੀ ਦਾਦ ਦਿੰਦਿਆਂ 8 ਵਜੇ ਰਾਤੀਂ ਸਭਾ ਸਮਾਪਤ ਹੋ ਗਈ।

## ਉਸਤਾਦ ਸਲਾਮਤ ਅਲੀ

ਜਦੋਂ ਅਸੀਂ ਰਾਤੀਂ 10 ਵਜੇ ਉਸਤਾਦ ਸਲਾਮਤ ਨੂੰ ਨਾਲ ਲੈ ਕੇ ਆਏ, ਸਤਿਗੁਰੂ ਜੀ ਨਾਲ ਪ੍ਰਥਮ ਮਿਲਣੀ ਏਸੇ ਹਾਲ ਵਿਚ ਹੋਈ। ਉਸੇ ਚੱਦਰ ਤੇ ਸਤਿਗੁਰੂ ਜੀ ਦੇ ਆਸਣ ਦੇ ਸਨਮੁਖ ਮੁਸਲਿਮ ਅਤੇ ਸੰਸਾਰ ਪ੍ਰਸਿਧ ਤਿੰਨ ਉਸਤਾਦ ਬੈਠੇ ਹੋਏ ਸਨ। ਉਸਤਾਦ ਵਲਾਇਤ, ਉਸਤਾਦ ਸਲਾਮਤ ਅਤੇ ਉਸਤਾਦ ਅਮਜਦ ਅਲੀ। ਖਬਰ ਮਿਲਣ ਤੇ ਸਤਿਗੁਰੂ ਜੀ ਆਏ। ਅਗੇ ਵਧ ਕੇ, ਸਿਰ ਝੁਕਾ ਕੇ ਉਸਤਾਦ ਸਲਾਮਤ ਅਲੀ ਨੇ ਸਤਿਗੁਰਾਂ ਨੂੰ ਕਿਹਾ : ਆਪ ਜੀ ਦੀ ਬਹੁਤ ਮਿਹਰਬਾਨੀ ਹੋਈ ਕਿ ਅੱਜ 18 ਸਾਲਾਂ ਪਿਛੋਂ ਭਾਰਤ ਆਉਣਾ ਹੋ ਗਿਆ। ਮੈਂ ਪਾਕਿਸਤਾਨ ਵਿਚ ਕਿਸੇ ਦੇ ਕੰਨੀਂ ਭਿਣਕ ਨਹੀਂ ਪੈਣ ਦਿਤੀ। ਮੇਰੀ ਰੀਝ ਸੀ, ਇਸ ਮੌਕੇ ਜ਼ਰੂਰ ਹੀ ਆਪ ਜੀ ਦੇ ਕਦਮਾਂ ਵਿਚ ਹਾਜ਼ਰ ਹੋਵਾਂ।

ਸਤਿਗੁਰੂ ਜੀ ਨੇ ਵੀ ਆਪਣੀ ਪ੍ਰਸੰਨਤਾ ਦੀ ਸਿਖਰ ਦੱਸੀ। ਉਸਤਾਦ ਵਲਾਇਤ ਖ਼ਾਂ ਦੂਹਾਂ ਮੁਸਲਿਮ ਭਰਾਵਾਂ ਨੂੰ ਗਲੇ ਮਿਲੇ। ਅਤੇ ਫਿਰ ਬੈਠ ਕੇ ਜਿਉਂ ਹੀ ਸਲਾਮਤ ਖ਼ਾਂ ਨੇ ਹਾਸੇ ਦੀ ਫੁਹਾਰ ਵਿਚ ਨਿੱਕੀਆਂ ਨਿੱਕੀਆਂ ਗੱਲਾਂ ਛੁਹੀਆਂ ਕਿ 11 ਵਜਦਿਆਂ ਚਿਰ ਨ ਲਗੀ। ਉਸਤਾਦ ਸਲਾਮਤ ਨੇ ਕਿਹਾ : ਓਣ ਲਗਿਆਂ ਮੈਂ ਲਾਹੌਰੋਂ ਪਾਣੀ ਨਹੀਂ ਪੀਤਾ, ਕਹਿੰਦਾ ਸਾਂ ਦਿੱਲੀ ਜਾ ਕੇ ਹੀ ਪੀਵਾਂਗਾ। ਉਰਦੂ ਉਸ ਨੂੰ ਬੋਲਣਾ ਪੈ ਰਿਹਾ ਸੀ, ਪੰਜਾਬੀ ਉਹਦੇ ਮੂੰਹੋਂ ਫੁੱਟ ਫੁੱਟ ਨਿਕਲਦੀ ਸੀ। ਸਤਿਗੁਰੂ ਜੀ ਨੇ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ : ਪਹਿਲਾਂ 11 ਸਾਲ ਦੀ ਉਮਰੇ ਭੈਣੀ ਸਾਹਿਬ ਸੁਣਿਆ ਸੀ, ਫਿਰ ਹੁਸ਼ਿਆਰਪੁਰ ਜਵਾਨੀ ਸਮੇਂ ਅਤੇ ਤੀਜੀ ਵਾਰ ਹੁਣ ਸੁਣਾਂਗੇ।

ਜਿੰਨੀਆਂ ਗੱਲਾਂ ਹੋਈਆਂ, ਸੰਭਾਲੀਆਂ ਨਹੀਂ ਜਾਣੀਆਂ। ਗੱਲਾਂ ਦੀ ਗੱਲ ਇਹ, ਕਿ ਤਿੰਨਾਂ ਸ਼ਾਸਤਰੀ ਸੰਗੀਤ ਉਸਤਾਦਾਂ ਨਾਲ ਇਕ ਘੰਟਾ ਭਰ ਬਿਤਾ ਕੇ ਅਤੇ ਇਹ ਮਜਬੂਰੀ ਦੱਸ ਕੇ ਸਤਿਗੁਰੂ ਵਿਦਾ ਹੋਏ ਕਿ ਸਵੇਰੇ ਨਾ ਮਿਲਿਆ ਜਾਣ ਕਰਕੇ ਹੀ ਏਨਾ ਚਿਰ ਇੰਤਜ਼ਾਰ ਕੀਤੀ ਹੈ।

11.15 ਰਾਤੀਂ ਉਸਤਾਦ ਅਮਜਦ ਅਲੀ ਉਸਤਾਦ ਸਲਾਮਤ ਅਲੀ ਨੂੰ ਆਪਣੇ ਘਰ ਲੈ ਗਏ।

### 27 ਫ਼ਰਵਰੀ 1979, ਮੰਗਲਵਾਰ
### ਨਵੀਂ ਦਿੱਲੀ

**ਆਪਣਾ ਘਰ**

ਸ੍ਰੀ ਸਤਿਗੁਰੂ ਜੀ 6 ਵਜੇ ਦੇ ਜਹਾਜ਼ ਤੇ ਚੰਡੀਗੜ੍ਹ ਲਈ ਉੱਡ ਗਏ। ਆਪ ਜੀ ਨੂੰ ਮੁਆਫ਼ਕ ਸਤਿਕਾਰ ਸਹਿਤ ਲੈ ਜਾਣ ਲਈ ਸ੍ਰੀ ਹਜ਼ੂਰ ਦੀ ਕਾਰ ਆਈ ਹੋਈ ਸੀ।



Sri Satguru Jagjit Singh Ji Elibrary NamdhariElibrary@gmail.com

ਅਤੇ 8 ਵਜੇ ਤਕ ਆਪ ਜੀ 'ਘਰ' ਪੁੱਜ ਜਾਣਗੇ। ਕੱਲ੍ਹ ਉਸਤਾਦ ਵਲਾਇਤ ਖਾਂ ਨੂੰ ਆਪਣਾ ਪ੍ਰੋਗਰਾਮ ਦਸਦਿਆਂ, ਸਤਿਗੁਰਾਂ ਨੂੰ ਇਹ ਸ਼ਬਦ ਵਰਤਦਿਆਂ ਸੁਣਿਆ ਕਿ ਫੇਰ ਮੈਂ 'ਅਪਣੇ ਘਰ' ਪਹੁੰਚ ਜਾਵਾਂਗਾ। ਇਹ ਮਾਣ ਸ੍ਰੀ ਭੈਣੀ ਸਾਹਿਬ ਨੂੰ ਸੀ।

ਏਧਰ, ਅੱਜ ਦਿਨ ਬਰਸਾਤੀ ਹੋ ਗਿਆ। ਬੱਦਲਾਂ-ਛਾਇਆ ਆਕਾਸ਼ ਅਤੇ ਨਿੱਕੀ ਨਿੱਕੀ ਕਿਣ ਮਿਣ। ਮੈਨੂੰ ਠਾਕੁਰ ਦਲੀਪ ਸਿੰਘ ਜੀ ਨੂੰ ਮਿਲਣ ਕੋਠੀ ਆਉਣਾ ਪਿਆ। ਬੀਬਾ ਜੀ ਦੀ ਮੰਡਲੀ ਵੀ ਏਥੇ ਹੀ ਸੀ। ਖਾਂ ਸਾਹਿਬ ਦੀਆਂ ਲੜਕੀਆਂ, ਚਿਤ੍ਰਾ, ਯਮਨ ਦੇ ਕਹਿਣ ਕਾਰਨ, ਬੀਬਾ ਜੀ ਆਗਿਆ ਲੈ ਕੇ ਏਥੇ ਰੁਕ ਗਏ।

## ਐਨਾ ਵਡਭਾਗਾ ਕੌਣ ?

ਸੰਤ ਸੁਖਦਰਸ਼ਨ ਸਿੰਘ ਆਰਕੀਟੈਕਟ ਅਤੇ ਬੀਬੀ ਸੁਰਜੀਤ ਕੌਰ (ਸੁਪਤਨੀ) ਨੇ ਅੱਜ ਬੀਬਾ ਜੀ ਅਤੇ ਠਾਕੁਰ ਜੀ ਦਾ ਲੰਗਰ ਕੀਤਾ ਸੀ। ਕਰੀਬ 2 ਵਜੇ ਮੈਂ ਠਾਕੁਰ ਜੀ ਨਾਲ ਟੈਕਸੀ ਤੇ ਜਾ ਰਿਹਾ ਸਾਂ ਕਿ ਠਾਕੁਰ ਜੀ ਨੇ ਪੱਪੂਆਂ ਤੇ ਖੁਸ਼ੀਆਂ ਦਾ ਮੇਹ ਭਰੇ ਹਿਰਦੇ ਨਾਲ ਬਖਾਨ ਕੀਤਾ ਅਤੇ ਦੱਸਿਆ : ਪੱਪੂ (ਸੁਰਜੀਤ ਸਿੰਘ) ਦੀ ਕਿਸਮਤ ਦਾ ਅੱਜ ਕੌਣ ਸਾਨੀ ? ਲੋਕ ਸਤਿਗੁਰੂ ਜੀ ਦੀਆਂ ਮਿਹਰ-ਨਿਗਾਹਾਂ ਨੂੰ ਤਰਸਦੇ ਫਿਰਦੇ ਹਨ ਪਰ ਏਧਰ ਪੱਪੂ ਨੂੰ ਆਪ ਛਾਤੀ ਨਾਲ ਲਾਉਣ ? ਉਹਨਾਂ ਦੇ ਸੰਧ ਰੱਖਣ ਤੋਂ ਏਨੇ ਪ੍ਰਸੰਨ ਹਨ ਕਿ ਉਸਨੂੰ ਆਪ ਫੜ ਕੇ ਛਾਤੀ ਨਾਲ ਲਾਇਆ। ਲੋਕ ਤਰਸਦੇ ਮਰ ਜਾਂਦੇ ਹਨ ਇਸ ਗਲਵਕੜੀ ਨੂੰ, ਪਰ ਏਥੇ ਆਵਾਜ਼ ਮਾਰ ਕੇ ਗਲੇ ਲਗਾਇਆ। ਇਹਦੇ ਜਿਹਾ ਕੌਣ ਵਡਭਾਗਾ ?

ਜਾਂ ਮੈਂ ਠਾਕੁਰ ਜੀ ਤੋਂ ਵੱਖ ਹੋ, ਕੁਲਦੀਪ ਸਿੰਘ ਸਰੋਦ ਦੇ ਘਰ ਗਿਆ, ਉਹਦੀ ਪਤਨੀ ਕੁਲਮੀਤ ਨੇ ਦੱਸਿਆ : ਸਤਿਗੁਰਾਂ ਨਵੇਂ ਵਿਆਹੇ ਦੂਹਾਂ ਪੱਪੂਆਂ ਨੂੰ ਸਮੇਤ ਉਨ੍ਹਾਂ ਦੀਆਂ ਘਰ ਵਾਲੀਆਂ ਦੇ, ਆਗਿਆ ਕੀਤੀ ਹੈ ਕਿ ਉਹ ਸੰਤ ਨਗਰ (ਘਰ ਵਾਲੀਆਂ ਦੇ ਪੇਕੇ, ਘਰ ਵਾਲਿਆਂ ਦੇ ਸਹੁਰੇ) ਚੱਲਣ। ਦੋ ਦਿਨ ਓਥੇ ਰਹਿਣਾ ਹੈ ਅਤੇ ਉਨ੍ਹਾਂ ਦੇ ਹਥੋਂ ਲੰਗਰ ਛਕਣਾ ਹੈ।

## 10 ਮਾਰਚ 1979, ਸ਼ਨੀਵਾਰ

[illegible]

## ਸਲਾਮਤ ਨਾਲ ਪ੍ਰੇਮ

ਇਹ ਪੱਕੀ ਜਾਣ ਕੇ ਕਿ ਸਤਿਗੁਰੂ ਜੀ ਪਹਿਲੀ ਮਾਰਚ ਨੂੰ ਜਾਂ ਨੇੜੇ ਤੇੜੇ ਦੇ ਦਿਨੀਂ ਹੁਣ ਦਿੱਲੀ ਨਹੀਂ ਆਉਣਗੇ, ਮੈਂ ਆਪਣੇ ਤੀਸਰੇ, ਛੋਟੇ ਭਾਈ, ਸ: ਹਰਭਜਨ ਸਿੰਘ ਸੰਧੂ ਦੀ ਛੋਟੀ ਲੜਕੀ ਪਾਲੀ ਦੀ ਸ਼ਾਦੀ ਵਿਚ ਸ਼ਾਮਲ ਹੋਣ ਲਈ, ਜੁ 4.3.79 ਨੂੰ ਹੋਣੀ ਸੀ, ਆਪਣੀ ਨੂੰਹ ਸੁਰਿੰਦਰ ਕੌਰ ਅਤੇ ਪੋਤਰੀ ਪ੍ਰਤਿਭਾ ਨਾਲ ਚੱਲ ਪਿਆ। ਨੀਅਤ ਸੀ ਕਿ ਹੋਲੇ ਦੇ ਮੇਲੇ ਤਕ ਆਪਣੀਆਂ ਪੰਜਾਂ ਧੀਆਂ ਅਤੇ ਸੱਜਣਾਂ ਨੂੰ ਮਿਲ ਕੇ 12 ਮਾਰਚ ਨੂੰ ਭੈਣੀ ਸਾਹਿਬ ਪਹੁੰਚ ਜਾਵਾਂਗਾ ਪਰ ਅਜ ਜਦੋਂ ਜਲੰਧਰ ਵਿਚ ਆਪਣੇ



Sri Satguru Jagjit Singh Ji Elibrary NamdhariElibrary@gmail.com

ਪਿਆਰੇ ਜਗਦੀਸ਼ ਸਿੰਘ ਸੰਪਾਦਕ 'ਵਰਿਆਮ' ਨੂੰ ਮਿਲਿਆ ਤਾਂ ਉਸ ਤੋਂ ਪਤਾ ਲੱਗਾ ਕਿ ਸੱਚੇ ਪਾਤਸ਼ਾਹ 4.3.79 ਨੂੰ, ਜਦੋਂ ਦਿੱਲੀ ਵਿਖੇ ਉਸਤਾਦ ਹਾਫ਼ਿਜ਼ ਅਲੀ ਦੀ ਯਾਦ ਵਿਚ ਚਲ ਰਹੇ ਸਮਾਗਮ ਵਿਚ ਉਸਤਾਦ ਸਲਾਮਤ ਅਲੀ ਨੇ ਗਾਉਣਾ ਸੀ, ਸਤਿਗੁਰੂ ਜੀ ਆਪਣੇ ਸਾਰੇ ਪ੍ਰੋਗਰਾਮਾਂ ਦੀ ਭੰਨ ਤੋੜ ਕਰਕੇ ਦਿੱਲੀ ਪਹੁੰਚ ਹੀ ਗਏ। ਇਸ ਤੋਂ ਤਿੰਨ ਨੁਕਤੇ ਸਪੱਸ਼ਟ ਹੋਏ : ਪਹਿਲਾ ਸਤਿਗੁਰਾਂ ਦਾ ਸੰਗੀਤ ਪ੍ਰੇਮ, ਦੂਜਾ ਪਾਕਿਸਤਾਨੀ ਗਾਇਕ ਉਸਤਾਦ ਸਲਾਮਤ ਨੂੰ ਮਾਣ, ਤੀਜੇ ਉਸਤਾਦ ਅਮਜਦ ਅਲੀ ਖ਼ਾਂ ਦੀ ਇੱਛਾ ਦਾ ਧਿਆਨ। ਜਗਦੀਸ਼ ਸਿੰਘ ਤੋਂ ਹੋਰ ਪਤਾ ਲਗਾ ਕਿ ਸੱਚੇ ਪਾਤਸ਼ਾਹ 28.2.79 ਨੂੰ ਸ੍ਰੀ ਭੈਣੀ ਸਾਹਿਬ ਹੀ ਸਨ ਅਤੇ ਫੋਨ ਕਰਕੇ ਖਾਸ ਤੌਰ ਜਗਦੀਸ਼ ਸਿੰਘ ਨੂੰ ਭੈਣੀ ਸਾਹਿਬ ਬੁਲਾਇਆ ਗਿਆ ਸੀ। ਭੈਣੀ ਸਾਹਿਬ ਗਿਆਂ ਸਤਿਗੁਰੂ ਜੀ ਨੇ ਸਲਾਮਤ ਅਲੀ ਦਾ ਇਕ ਪ੍ਰੋਗਰਾਮ ਜਲੰਧਰ ਰਖਵਾਣ ਵਾਸਤੇ ਜਤਨ ਕਰਨ ਲਈ ਆਖਿਆ। ਜਗਦੀਸ਼ ਸਿੰਘ ਨੇ ਖਿਮਾ ਮੰਗ ਲਈ ਕਿ ਇਕ, ਤਾਂ ਇਸ ਪ੍ਰੋਗਰਾਮ ਦਾ ਜ਼ਿਕਰ ਕੀਤਿਆਂ ਹੀ ਪ੍ਰਬੰਧਕ ਖ਼ਰਚਾ ਹਾਸਲ ਕਰਨ ਲਈ ਭੈਣੀ ਸਾਹਿਬ ਵਲ ਦੇਖਣਗੇ, ਦੂਜੇ, ਉਸ ਨੇ ਆਪ ਇਸ ਮਹੀਨੇ ਦਾ "ਵਰਿਆਮ" ਹੋਲਿਓਂ ਪਹਿਲੇ ਤਿਆਰ ਕਰਨਾ ਹੈ। ਜਗਦੀਸ਼ ਸਿੰਘ ਨੂੰ ਵੀ ਘਰ ਵਿਦਾ ਕੀਤਾ ਗਿਆ।

ਜਗਦੀਸ਼ ਸਿੰਘ ਨੇ ਦੱਸਿਆ ਕਿ ਉਸ ਨੂੰ ਦੂਜੇ ਤੀਜੇ ਦਿਨ ਫੋਨ ਆ ਗਿਆ। ਹੁਣ ਇਮਰਤ ਖ਼ਾਨ ਦਾ ਭੈਣੀ ਸਾਹਿਬ ਹੋਲੇ ਤੇ ਬੁਲਾਣ ਦਾ ਪ੍ਰੋਗਰਾਮ ਤਿਆਗ ਦਿੱਤਾ ਗਿਆ ਹੈ। 15 ਮਾਰਚ ਰਾਤ ਨੂੰ ਭੈਣੀ ਸਾਹਿਬ ਵਿਖੇ ਸਲਾਮਤ ਖ਼ਾਂ ਦਾ ਗਾਇਨ ਹੋਵੇਗਾ ਅਤੇ 16 ਮਾਰਚ ਨੂੰ ਟੈਗੋਰ ਥੀਏਟਰ ਚੰਡੀਗੜ੍ਹ ਵਿਚ।

## ਖੰਡੂਰਵਾਲੀਏ ਸੁਰਗਵਾਸ

ਜਗਦੀਸ਼ ਸਿੰਘ ਨੇ ਇਹ ਜਾਣਕਾਰੀ ਵੀ ਦਿਤੀ ਕਿ ਨਾਮਧਾਰੀ ਪੰਥ ਦੇ ਸਰਵੋਤਮ ਪਰਚਾਰਕ ਪੰ: ਗੋਪਾਲ ਸਿੰਘ ਦੇ ਵਿੱਦਿਆ ਦਾਤਾ ਅਤੇ ਹੋਰ ਸੈਂਕੜੇ ਲੋਕਾਂ ਨੂੰ ਗੁਰਬਾਣੀ ਦਾ ਸੁਧ ਪਾਠ ਅਤੇ ਅਰਥ ਬੋਧ ਕਰਵਾਣ ਵਾਲੇ, ਸ੍ਰੀਮਾਨ ਸੰਤ ਜਗਤ ਸਿੰਘ ਜੀ ਖੰਡੂਰ ਵਾਲੀਏ, ਉਮਰ ਦੇ 95 ਸਾਲ ਪੂਰੇ ਕਰਕੇ, 20 ਫਰਵਰੀ 1979 ਨੂੰ ਵਰਤਮਾਨ ਡੇਰੇ, ਪਿੰਡ ਭੌਲ, ਡਾਕਖਾਨਾ ਅਮਰਗੜ੍ਹ, ਜ਼ਿਲ੍ਹਾ ਸੰਗਰੂਰ ਵਿਖੇ ਚੜ੍ਹਾਈ ਕਰ ਗਏ ਹਨ। ਇਹਨਾਂ ਨਮਿਤ 9 ਮਾਰਚ ਨੂੰ ਭੌਲਾਂ ਦੇ ਡੇਰੇ ਵਿਖੇ ਭੋਗ ਪਵੇਗਾ। ਇਸ ਅਵਸਰ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਦਰਸ਼ਨ ਦੇਣ ਦੀ ਕ੍ਰਿਪਾ ਕਰਨਗੇ।

## 'ਵਰਿਆਮ' ਦੀਆਂ ਸਰਗਰਮੀਆਂ

ਜਗਦੀਸ਼ ਸਿੰਘ ਨੇ ਆਪਣੇ ਉੱਦਮ ਅਤੇ ਦੌੜ ਨੱਠ ਦੀ ਚਰਚਾ ਕਰਦਿਆਂ ਸਤਿਗੁਰੂ ਪ੍ਰਤਾਪ ਸਿੰਘ ਜੀ' ਸਿਮ੍ਰਤੀ ਸੰਗੀਤ ਸੰਮੇਲਨ ਲਖਨਊ ਬਾਰੇ ਕੀਤੇ ਗਏ ਪ੍ਰਾਪੇਗੰਡੇ ਦੇ ਕੱਟਿੰਗਜ਼ ਦਿਤੇ ਅਤੇ ਦੱਸਿਆ ਕਿ ਦੈਨਿਕ 'ਜਗਬਾਣੀ' 20.2.79 ਦੇ ਮੁਖ ਪੰਨੇ ਤੇ ਸੁਸ਼ੀਲਾ ਮਿਸ਼ਰਾ ਦਾ ਲੇਖ ਅਨੁਵਾਦ ਕਰਕੇ ਛਪਵਾਇਆ। 'ਪੰਜਾਬ ਕੇਸਰੀ' ਕੰਚਾਨਾ (ਹਿੰਦੀ) ਵਿਚ ਇਹੋ ਲੇਖ ਪਹਿਲੇ ਪੇਜ ਤੇ ਪ੍ਰਕਾਸ਼ਤ ਹੋਇਆ।



Sri Satguru Jagjit Singh Ji Elibrary NamdhariElibrary@gmail.com

ਰੋਜ਼ਾਨਾ 'ਅਜੀਤ' ਦੇ 18-2-79 ਦੇ ਪੰਜਵੇਂ ਪੇਜ ਤੇ, 9 ਕਾਲਮਾਂ ਹੇਠਲਾ ਹਿੱਸਾ ਜਗਦੀਸ਼ ਸਿੰਘ ਦੇ ਆਪਣੇ ਲੇਖ ਨਾਲ ਫੋਟੋ ਸਮੇਤ ਸੁਸੱਜਿਤ ਸੀ। ਏਸੇ ਤਰ੍ਹਾਂ 18-2-79 ਦੇ ਉਰਦੂ ਰੋਜ਼ਾਨਾ 'ਪ੍ਰਤਾਪ' ਵਿਚ ਤਸਵੀਰਾਂ ਸਮੇਤ ਜਗਦੀਸ਼ ਸਿੰਘ ਦਾ ਆਪਣਾ ਲੇਖ ਛਪਿਆ ; ਅਤੇ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦੇ ਪੇਪਰ, 'ਨਵਾਂ ਜ਼ਮਾਨਾ' ਦੇ ਪਹਿਲੇ ਪੇਜ ਤੇ ਜਗਦੀਸ਼ ਸਿੰਘ ਨੇ ਸੰਗੀਤ ਸਮੇਲਨ ਬਾਰੇ ਜਾਣਕਾਰੀ ਦਿਤੀ।

## 11 ਮਾਰਚ 1979, ਐਤਵਾਰ
## ਜਲੰਧਰ

### ਪੁਆੜੇ ਹੱਥਾ ਪੋਸਟਰ

ਰਾਤ ਮੈਂ ਸ. ਜਗਦੀਸ਼ ਸਿੰਘ ਹੁਰਾਂ ਦੇ ਘਰ ਹੀ ਆਪਣੀ ਪੁੱਤਰੀ ਕੁਲਵੰਤ ਕੌਰ ਸੁਪਤਨੀ ਸ. ਕੇਹਰ ਸਿੰਘ ਹਮਰਾਹੀ, ਭੂੰਤਰ, ਕੁੱਲੂ (ਹਿਮਾਚਲ) ਅਤੇ ਦੋਹਤਰੀਆਂ, ਟਾਸ਼ਾ ਅਤੇ ਸ਼ਬਨਮ ਨਾਲ ਬਿਤਾਈ। ਸਵੇਰੇ ਇਕ ਪੋਸਟਰ ਫੜਾਉਂਦਿਆਂ ਕਰਿਆਮ ਨੇ ਦੱਸਿਆ ਕਿ ਇਹ ਪੋਸਟਰ ਜੀਵਨ ਨਗਰ ਦੇ ਇਲਾਕੇ ਦੇ ਕਿਸੇ ਪਿੰਡੋਂ ਕਿਸੇ ਨੰਬਰਦਾਰ ਨੇ ਛਪਵਾ ਕੇ ਜਲੰਧਰ ਦੇ ਹਰ ਅਖ਼ਬਾਰ ਨੂੰ ਭੇਜਿਆ ਤਾਕਿ ਅਖ਼ਬਾਰਾਂ ਵਿਚ ਭੜਕੀਲੀਆਂ ਸੁਰਖ਼ੀਆਂ ਨਾਲ ਖ਼ਬਰ ਛਪੇ, ਪਰ ਸਤਿਗੁਰਾਂ ਦੀ ਕ੍ਰਿਪਾ ਨਾਲ ਕਿਸੇ ਅਖ਼ਬਾਰ ਨੇ ਨੋਟਿਸ ਨਹੀਂ ਲਿਆ।

ਮੈਂ ਪੋਸਟਰ (ਇਸ਼ਤਿਹਾਰ) ਨੂੰ ਖੋਲ੍ਹਿਆ, ਵੇਖਿਆ, ਸਿਰ ਲੇਖ ਸੀ, 'ਵਿਚਾਰਧਾਰਾ ਦੀ ਆਜ਼ਾਦੀ ਲਈ ਘੋਲ' ਅਤੇ ਲੰਬੇ ਲਬਾਦ ਸਾਰਾ ਅਕਾਲੀਆਂ ਦੀ ਸ਼ਰਣ ਲੈ ਕੇ ਨਾਮਧਾਰੀ-ਅਕਾਲੀ ਤਨਾਜ਼ਾ ਵਧਾਣਾ ਅਤੇ ਸਤਿਗੁਰਾਂ ਦੀ ਸ਼ੋਭਾ ਨੂੰ ਕਲੁਖ਼ਤ ਕਰਨ ਦੀ ਕੋਸ਼ਸ਼ ਹੀ ਸੀ।

## 12 ਮਾਰਚ 1979, ਸੋਮਵਾਰ
## ਜਲੰਧਰ—ਸ੍ਰੀ ਭੈਣੀ ਸਾਹਿਬ

### ਬਾਬਾ ਨੰਦ ਸਿੰਘ ਨਹੀਂ ਰਿਹਾ

ਜਾਂ ਮੈਂ ਆਪਣੇ ਬੇਟੇ ਮਨਪ੍ਰੀਤ ਸਿੰਘ ਦੇ ਪੱਗ ਵਟ ਭਰਾ ਸ. ਕੁਲਦੀਪ ਸਿੰਘ ਢੋਲ ਇਨਸਪੈਕਟਰ ਪੁਲਿਸ ਅਤੇ ਉਹਦੀ ਪਤਨੀ ਬੀਬੀ ਕੁਲਮੀਤ ਕੌਰ ਨੂੰ ਪਿਤਾ ਦੇ ਭੋਗ ਮਿਲ, ਆਪਣੀ ਪੁੱਤਰੀ ਨਾਲ ਸਿੱਧਵਾਂ ਦੋਨਾ (ਕਪੂਰਥਲਾ) ਤੋਂ ਵਾਪਸ ਜਲੰਧਰ ਸ. ਜਗਦੀਸ਼ ਸਿੰਘ ਦੇ ਘਰ ਆਇਆ ਤਾਂ ਜਗਦੀਸ਼ ਪਤਨੀ ਚਰਨਜੀਤ, ਕੁਆਰੋਂ ਫੋਨ ਸੁਣ ਕੇ ਆਈ, ਮਿਲੀ। ਉਸ ਅਚਰਜਤਾ ਵਿਚ ਕਿਹਾ : ਕੱਲ੍ਹ ਫੋਨ ਆਇਆ ਸੀ ਤਰਸੇਮ ਸਿੰਘ ਦਾ ਭੈਣੀ ਸਾਹਿਬੋਂ ਕਿ ਸਲਾਮਤ ਅਲੀ ਦਾ 14 ਮਾਰਚ ਨੂੰ ਕਾਇਕ੍ਰਮ ਭੈਣੀ ਸਾਹਿਬ ਹੋਣਾ ਹੈ, 16 ਨੂੰ ਚੰਡੀਗੜ੍ਹ। ਪਰ, ਅੱਜ ਹੁਣੇ ਫੋਨ ਸੁਣ ਕੇ ਆਈ ਆਂ ਕਿ 14 ਨੂੰ ਨਹੀਂ, 15 ਨੂੰ ਸਲਾਮਤ ਅਲੀ ਕਾਉਂਟਰੀ ਅਤੇ 16 ਨੂੰ ਚੰਡੀਗੜ੍ਹ ਦਾ ਕੈਂਸਲ। ਉਧਰੋਂ ਉਹਨਾਂ (ਜਗਦੀਸ਼ ਸਿੰਘ) ਦਾ.ਨਾਨਾ ਸ. ਨੰਦ ਸਿੰਘ ਅੱਜ 8 ਵਜੇ



Sri Satguru Jagjit Singh Ji Elibrary NamdhariElibrary@gmail.com

ਸੁਰਗਵਾਸ ਕਰ ਗਿਆ ਹੈ, ਉਹ ਉਹਦੇ ਬਾਰੇ ਹੀ ਤਾਰਾਂ ਫੋਨ ਆਦਿ ਕਰਨ ਗਏ ਹਨ। ਏਧਰ ਹੁਣ ਫੇਰ ਤਾਰੀਖ ਬਦਲੀ ਦੀ ਖ਼ਬਰ ਸਭ ਅਖ਼ਬਾਰਾਂ ਨੂੰ ਦੇਣੀ ਹੈ। ਵਿਚਾਰੇ ਪਤੀ ਜੀ।

## ਕੌਣ ਮਦਦਗਾਰ

ਜਦੋਂ ਮੈਂ ਆਪਣੇ ਪੁਰਾਣੇ ਕਾਰੋਬਾਰੀ ਦਫ਼ਤਰ 'ਦੀ ਅਵਾਮੀ ਕੋ-ਆਪ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਸੋਸਾਇਟੀ ਜਲੰਧਰ', ਛੋਟਾ ਨਾਮ ਅਵਾਮੀ ਪ੍ਰੈਸ ਗਿਆ ਤਾਂ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਜਨਰਲ ਮੈਨੇਜਰ, ਆਪਣੇ ਪੁਰਾਣੇ ਸਹਿਯੋਗੀ ਕਾਮ: ਭਾਰਦਵਾਜ ਨੂੰ ਮਿਲਿਆ, ਏਥੇ ਉਸ ਪਾਸ, ਸੀ. ਪੀ. ਆਈ. ਦੇ ਲੀਡਰ ਤੇ ਇਸ ਅਖ਼ਬਾਰ ਦੇ ਪ੍ਰਮੁਖ ਸੰਪਾਦਕ ਕਾ: ਜਗਜੀਤ ਸਿੰਘ ਆਨੰਦ ਐਮ. ਪੀ. ਦੀ ਸੁਪਤਨੀ ਬੀਬੀ ਉਰਮਿਲਾ ਸਪੁਤ੍ਰੀ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਵੀ ਮਿਲੀ। ਇਸ ਨੇ ਜ਼ਿਕਰ ਕੀਤਾ : 'ਨਵਾਂ ਜ਼ਮਾਨਾ' ਦੀ ਮਾਲੀ ਹਾਲਤ ਵਿਚ ਮਦਦ ਲਈ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਸੀਂ ਦੋਵੇਂ ਮਿਲਣ ਗਏ ਸਾਂ। ਅੱਗੇ ਤਾਂ ਸਦਾ ਹੀ ਉਹਨਾਂ ਸਾਡੀ ਇੱਛਾ ਅਨੁਸਾਰ ਸਹਾਇਤਾ ਦਿਤੀ ਹੈ ਪਰ ਇਸ ਵਾਰ ਲਾਚਾਰਗੀ ਪਰਗਟ ਕੀਤੀ ਹੈ। ਕਹਿਣ ਲਗੇ, ਬਹੁਤ ਸਾਰਾ ਕਰਜ਼ਾਈ ਹੋਇਆ ਪਿਆ ਹਾਂ, ਜਦੋਂ ਦਾਅ ਲਗਿਆ ਚਾਰਾ ਮਾਰਾਂਗਾ।

ਜਲੰਧਰ ਦੀਆਂ ਸਾਰੀਆਂ ਅਖ਼ਬਾਰਾਂ ਵਿਚ ਸਲਾਮਤ ਦੇ ਭੈਣੀ ਸਾਹਿਬ ਜਾਉਣ ਦੀ ਤਾਰੀਖ਼ ਅਤੇ ਚੰਡੀਗੜ੍ਹ ਦੇ ਪ੍ਰੋਗਰਾਮ ਦੀ ਕੈਂਸਲੇਸ਼ਨ ਦੀ ਖ਼ਬਰ ਛਪੀ ਹੋਈ ਸੀ। ਜਗਦੀਸ਼ ਸਿੰਘ ਦਾ ਉੱਦਮ ਇਕ ਵਾਰ ਫਿਰ ਸਾਮ੍ਹਣੇ ਸੀ।

## ਸ੍ਰੀ ਭੈਣੀ ਸਾਹਿਬ

ਅਸੀਂ,—ਮੇਰੀ ਪੁੱਤਰੀ ਅਤੇ ਦੁਹਤੀਆਂ,—4.35 ਤਕ ਲੁਧਿਆਣੇ ਪਹੁੰਚ ਗਏ। ਇਕ ਥਾਂ ਕੁਝ ਨਾਮਧਾਰੀ ਸਿੰਘ ਭੂਮ ਬਲਾਂ ਜਾਣ ਵਾਲੀ ਬਸ ਦੀ ਇੰਤਜ਼ਾਰ ਵਿਚ ਖੜੇ ਵੇਖੇ। ਇਹ ਭੈਣੀ ਸਾਹਿਬ ਦੇ ਨੇੜਿਓਂ ਲੰਘਦੀ ਹੈ। ਇਸ ਤੇ ਬੈਠ 6.30 ਤਕ ਗੁਰੂ ਕੀ ਨਗਰੀ ਪਹੁੰਚ ਗਏ। ਸੰਗਤ ਬਹੁਤ ਸੀ। ਪਰ ਸਤਿਗੁਰੂ ਜੀ ਕਿਥੇ ? ਨਾਮ ਸਿਮਰਨ ਸਮੇਂ ਦੀਵਾਨ ਵਿਚ ਕਿਤੇ ਵੇਖਿਆ ਕਿ ਸਤਿਗੁਰੂ ਜੀ ਅਜੇ ਨਹੀਂ ਆਏ। ਭਲਾ, ਕਦੋਂ ਜੀ ਲੱਗੇ ਉਹਨਾਂ ਬਿਨਾ!

ਨਵੇਂ ਬਣ ਰਹੇ ਸਿਮ੍ਰਤੀ ਮੰਦਰ ਵਿਚ ਪੁੱਜੇ ਤਾਂ ਅਧੂਰੇ ਜਿਹੇ ਚਾਨਣ ਵਿਚ ਮਾਤਾ ਜੀ ਅਤੇ ਕੁਝ ਬੀਬੀਆਂ 100 ਕੁ ਆਦਮੀਆਂ ਨੂੰ ਇਕ ਖੂੰਜੇ ਵਿਚ ਬਿਠਾ ਕੇ ਪ੍ਰਸ਼ਾਦ ਛਕਾ ਰਹੇ ਸਨ। ਇਹ ਸਿੰਘ ਸਾਰਾ ਦਿਨ ਮੰਦਰ ਦੀ ਛੱਤ ਪਾਉਣ ਦੇ ਸੰਬੰਧ ਵਿਚ ਕੰਮ ਕਰਦੇ ਰਹੇ ਸਨ। ਮੰਦਰ ਦੀ ਛੱਤ ਦੇ ਜੇ ਤਿੰਨ ਭਾਗ ਕਰੀਏ ਤਾਂ ਇਕ ਹਿੱਸਾ ਛੱਤ ਪੈ ਚੁਕੀ ਸੀ। ਉਸ ਤੋਂ ਪਾਣੀ ਇਕ ਤਰਫ਼ ਨੂੰ ਡਿਗ ਰਿਹਾ ਸੀ। ਛੱਤ ਦੀਆਂ ਸੀਮੈਂਟਿਡ ਸਿਲਾਂ ਨੂੰ ਪਾਣੀ ਪਾ ਪਾ ਹੋਰ ਪਕਾਇਆ ਜਾ ਰਿਹਾ ਸੀ। ਦੱਖਣੀ ਪਾਸੇ ਦੀਆਂ ਤਿੰਨੇ ਛੱਤਾਂ ਉਸਰ ਚੁਕੀਆਂ ਸਨ—ਤਿਆਰੀ ਬਾਕੀ ਸੀ।



Sri Satguru Jagjit Singh Ji Elibrary NamdhariElibrary@gmail.com

ਜੋ 7.15 ਵਜੇ ਵਾਪਸੀ ਸਮੇਂ ਹਰੀ ਮੰਦਰ ਵਲ ਝਾਤ ਮਾਰੀ, ਤਾਂ ਸ੍ਰੀ ਸਤਿਗੁਰੂ ਜੀ ਦੀਵਾਨ ਵਿਚ ਦਰਸ਼ਨ ਦਿੰਦੇ ਨਜ਼ਰ ਪਏ। ਇਸ ਵੇਲੇ ਇਕ ਪਾਠ ਦਾ ਭੋਗ ਪਾਇਆ ਜਾ ਰਿਹਾ ਸੀ। ਸੱਚੇ ਪਾਤਸ਼ਾਹ ਜੀ ਚੰਦ ਮਿੰਟ ਪਹਿਲਾਂ ਹੀ, ਪਿੰਡ ਭੰਡ (ਸੰਗਰੂਰ) ਵਲੋਂ ਪੰਡਿਤ ਖੰਡੂਵਾਲੀਆਂ ਦੇ ਨਮਿੱਤ ਪਏ ਭੋਗ ਸਮੇਂ ਦਰਸ਼ਨ ਦੇ ਕੇ, ਲੁਧਿਆਣੇ ਵਲੋਂ ਆਏ ਸਨ। ਸਫ਼ੈਦ ਖੱਦਰ ਦੇ ਕੁਰਤੇ ਪਜਾਮੇ ਅਤੇ ਸਿੱਧੀ ਸੋਹਣੀ ਦਸਤਾਰ ਨਾਲ ਬੜੇ ਸਮਾਰਟ ਜਿਹੇ ਲਗ ਰਹੇ ਸਨ। ਸਦਾ ਵਾਂਗ ਸਮਾਧੀ ਲਾ, ਅਰਥਾਤ ਚੌਂਕੜਾ ਮਾਰ ਕੇ ਨਹੀਂ ਬੈਠੇ ਸਨ, ਸਗੋਂ ਥਕਾਵਟ ਕਾਰਨ ਵਖ ਵਖ ਸਥਿਤੀਆਂ ਵਿਚ ਬੈਠ ਰਹੇ ਸਨ।

## ਸੰਤ ਟਹਿਲ ਸਿੰਘ ਨਮਿਤ

ਮੇਰੀ ਨਮਸਕਾਰ ਪਰਵਾਨ ਕੀਤੀ ਗਈ ਅਤੇ ਮੈਨੂੰ ਪਿਛੇ (ਸ੍ਰੀ ਸਤਿਗੁਰੂ ਜੀ ਦੇ) ਬੈਠਣ ਲਈ ਆਖ ਕੇ ਠਾਕੁਰ ਦਲੀਪ ਸਿੰਘ ਜੀ, ਮੇਰੇ ਲਈ, ਆਪਣੀ ਥਾਂ ਛਡ ਕੇ ਚਲੇ ਗਏ। ਸੱਚੇ ਪਾਤਸ਼ਾਹ ਜੀ ਨੇ ਮੈਨੂੰ ਦੱਸਿਆ : ਔਹ ਜਿਹੜੀ ਬੀਬੀ ਦਸਤਾਰ ਧਰ ਕੇ ਗਈ ਹੈ, ਇਸ ਦੇ ਪਤੀ ਨਮਿੱਤ ਹੀ ਭੋਗ ਪਾਇਆ ਜਾ ਰਿਹਾ ਹੈ। ਟਹਿਲ ਸਿੰਘ ਵਲ ਪਹਿਲਾਂ ਸੂਬਾ ਮੀਹਾਂ ਸਿੰਘ ਜੀ ਦੀ ਪੁੱਤਰੀ ਵਿਆਹੀ ਸੀ। ਉਹ ਪੂਰੀ ਹੋ ਗਈ। ਫਿਰ ਜਤਨ ਕੀਤਾ ਤਾਂ ਇਸ ਬੀਬੀ ਨੂੰ ਉਸ ਦੇ ਘਰ ਵਸਾਇਆ। ਇਸ ਨੂੰ ਆਪ ਪਹੇਵੇ (ਕਰਨਾਲ) ਟਰੱਕ ਭੇਜ ਕੇ ਏਥੇ ਮੰਗਵਾਇਆ ਸੀ। ਏਥੇ ਕਪੜੇ ਸਿਊਂਇਆ ਕਰਦੀ ਸੀ। ਟਹਿਲ ਸਿੰਘ ਪਿਛਲੇ ਕੁਝ ਅਰਸੇ ਤੋਂ ਬਿਮਾਰ ਸੀ। ਇਲਾਜ ਕਰਵਾਇਆ ਤਾਂ ਬਚ ਗਿਆ। ਹੁਣ, ਜੋ ਰਾਜ਼ੀ ਹੋ ਗਿਆ ਸੀ ਤਾਂ ਦਰਗਾਹੀ ਸੱਦੇ ਆ ਗਏ।...

ਲਿਆਂਦੀ ਹੋਈ ਪੱਗ ਨੂੰ ਭੋਗ ਉਪਰੰਤ, ਹੁਜ਼ੂਰਾਂ ਦੇ ਬੀਬੀ ਬਲਬੀਰ ਕੌਰ ਸੁਪਤਨੀ ਸੰਤ ਟਹਿਲ ਸਿੰਘ ਦੇ ਲੜਕੇ ਹਰਪਾਲ ਸਿੰਘ ਨੂੰ ਸਤਿਗੁਰੂ ਜੀ ਨੇ ਆਪ ਦਸਤਾਰ ਸਜਾਣ ਦੀ ਕਿਰਪਾ ਕੀਤੀ। ਬੱਚੇ ਨੂੰ ਜੁ 16-17 ਸਾਲ ਦਾ ਹੀ ਹੋਵੇਗਾ, ਖੰਡੇ ਕਿਰਪਾਨ ਵਾਲੇ ਕੰਘੇ ਨੂੰ ਕੇਸਾਂ ਵਿਚ ਰੱਖਣ ਦੀ ਹਦਾਇਤ ਕੀਤੀ ਅਤੇ ਸ਼ਰਾਰਤਾਂ ਘੱਟ ਕਰਨ ਦੀ।

ਮੈਨੂੰ ਫ਼ਰਮਾਇਆ ਗਿਆ : ਇਸ ਬੀਬੀ ਨੂੰ ਮੈਂ ਪਰਸੋਂ ਕੋਲ ਸੱਦ ਕੇ ਕਿਹਾ ਸੀ, ਤੈਨੂੰ ਮੈਂ ਲਿਆਂਦਾ ਹੈ, ਜਿਸ ਚੀਜ਼ ਦੀ ਲੋੜ ਜਾਪੇ, ਮੈਨੂੰ ਜਾਂ ਮੇਰੀ ਸਿੰਘਣੀ ਨੂੰ ਆਖ ਕੇ ਲੋੜ ਪੂਰੀ ਕਰਨੀ ਹੈ। ਇਕ ਵਾਰ ਅਸੀਂ ਭੁਲ ਜਾਈਏ ਤਾਂ ਵੀ ਨਿਸੰਗ ਯਾਦ ਕਰਵਾਣਾ ਹੈ। ਅਤੇ ਸਤਿਗੁਰਾਂ ਆਪਣੇ ਦਿਲ ਦੀ ਦੱਸੀ : 1000/- ਇਸ ਦੇ ਨਾਂ ਤੇ ਬੈਂਕ ਵਿਚ ਜਮ੍ਹਾ ਕਰਵਾ ਦੇਣਾ ਹੈ ਤਾਕਿ ਜਦੋਂ ਕਿਸੇ ਨਿੱਕੀ ਮੋਟੀ ਚੀਜ਼ ਦੀ ਲੋੜ ਪਵੇ, ਪੁੱਛੇ ਵੀ ਨਾ ਅਤੇ ਖ਼ਰਚ ਵੀ ਸਾਰ ਲਵੇ। ਇੰਜ ਹੀ ਹੋਰ ਵੀ ਕਈਆਂ ਦਾ ਪ੍ਰਬੰਧ ਕੀਤਾ ਹੈ।

## ਕੀਰਤਨ ਬੱਚਿਆਂ ਦਾ

ਸ਼ਬਦ ਕੀਰਤਨ ਦਾ ਸਮਾਂ ਆਇਆ ਤਾਂ ਸੰਤ ਹਜ਼ੂਰ ਸਿੰਘ ਚੰਦਰਹਾਂਸ ਨੇ ਪਾਸ ਆ ਕੇ ਬੇਨਤੀ ਕੀਤੀ : ਜੇ ਆਗਿਆ ਹੋਵੇ ਤਾਂ ਜੀਵਨ ਨਗਰ ਦਾ ਬਾਲ ਜਥਾ



Sri Satguru Jagjit Singh Ji Elibrary NamdhariElibrary@gmail.com

ਕੀਰਤਨ ਕਰੇ ? ਸਤਿਗੁਰਾਂ ਦੀ ਪਰਵਾਨਗੀ ਤੇ ਦੋ ਛੋਟੇ ਛੋਟੇ ਬੱਚੇ ਤਖਤਿਆਂ ਤੇ ਅਤੇ 4 ਕੁ ਬੱਚੇ ਗਾਉਣ ਲਈ ਅੱਗੇ ਆ ਗਏ । ਸ਼ਬਦ ਬਸੰਤ ਰਾਗ ਦੇ ਗਾਏ :

ਮਾਹਾ ਮਾਹ ਮੁਮਾਰਖੀ ਚੜ੍ਹਿਆ ਸਦਾ ਬਸੰਤ ।

... ... ...

ਦੂਜਾ ਸ਼ਬਦ ਗੌਂਵਿਆ : ਤੁਮ ਰਵਹੁ ਗੋਬਿੰਦੈ ਰਵਣ ਜੋਗੁ ।...

ਅਤੇ 8 ਵਜੇ ਰਾਤੀਂ ਰਾਮ ਰਾਮ ਜੀ ਦੁਆਰਾ ਅਰਦਾਸ ਨਾਲ ਦੀਵਾਨ ਸਮਾਪਤ ਹੋ ਗਿਆ ।

## ਅੰਮ੍ਰਿਤ ਸਤਿਗੁਰਾਂ ਨੂੰ

ਜਾਂ ਮੈਂ ਦੀਵਾਨ ਤੋਂ ਉਠ ਸੰਤ ਮਹਿੰਦਰ ਸਿੰਘ ਪੂਰਬਾ ਦੇ ਘਰ ਵਲ ਆਇਆ ਤਾਂ ਉਹ ਅੰਦਰੋਂ ਨਿਕਲ ਰਿਹਾ ਸੀ, ਸ਼ਨਾਨ ਕੀਤੀ, ਗਾਤਰੇ ਲਾਈ ਅਤੇ ਸਜਾ ਜੰਗ ਸਜਾਈ । ਮੇਰੇ ਪੁੱਛਣ ਤੇ ਉਸ ਦੱਸਿਆ : ਸੱਚੇ ਪਾਤਸ਼ਾਹ ਜੀ ਨੇ ਅੰਮ੍ਰਿਤ ਛਕਣਾ ਹੈ । ਪਿੰਡ ਭੌਲਾਂ ਵਲੋਂ ਆਉਂਦਿਆਂ ਲੁਧਿਆਣੇ ਤੋਂ ਹੋ ਕੇ ਪਰਤੇ ਹਾਂ । ਸਤਿਗੁਰਾਂ ਦੇ ਦੰਦ ਨੂੰ ਬੜੀ ਪਰੇਸ਼ਾਨੀ ਸੀ । ਡਾਕਟਰ ਵੋਹਰੇ ਨੂੰ ਦੰਦ ਦਿਖਾਇਆ ਹੈ । ਕਿਉਂਕਿ ਡਾਕਟਰ ਨੇ ਮੂੰਹ ਵਿਚ ਉਂਗਲਾਂ ਪਾ ਦੰਦ ਟੋਹਿਆ ਹੈ-ਵੇਖਿਆ ਹੈ । ਇਸ ਲਈ ਹੁਣ ਅੰਮ੍ਰਿਤ ਛਕਣਾ ਹੈ । ਮੈਂ ਅੰਮ੍ਰਿਤ ਬਣਵਾ ਕੇ ਲਿਆਂਦਾ ਹੈ । ਜਾ ਕੇ ਛਕਾਣਾ ਹੈ ।

## ਹਜ਼ੂਰ ਦਾ ਨਿਵਾਸ

ਸ੍ਰੀ ਸਤਿਗੁਰੂ ਜੀ ਨੇ, ਇਸ ਵਾਰ, ਆਪਣਾ ਨਿਵਾਸ ਉਨ੍ਹਾਂ ਕਮਰਿਆਂ ਵਿਚ ਕੀਤਾ ਹੈ, ਜੁ ਭੈਣੀ ਸਾਹਿਬ ਵਲ ਪਿੱਠ ਕੀਤੀ ਉੱਤਰ ਮੁਖ ਬਣਾਏ ਹਨ । ਅਰਥਾਤ ਸਤਿਗੁਰਾਂ ਦੇ ਬੱਚੇ ਲੰਗਰ ਦੇ ਪਿਛਵਾੜੇ । ਅਜੇ ਮੈਂ ਆਪ ਇਹ ਕਮਰੇ ਜਾ ਕੇ ਨਹੀਂ ਵੇਖੇ । ਇਹ ਮਕਾਨ ਉਹੋ ਹਨ ਜੋ ਪਹਿਲਾਂ ਸ. ਸੁਰਿੰਦਰ ਸਿੰਘ ਮਨਚੰਦਾ ਨੇ ਆਪਣੇ ਨਾਂ ਨਾਲ ਬਣਵਾਏ ਸਨ, ਕਿਹਾ ਜਾਂਦਾ ਸੀ ਇਹ ਏਅਰ ਕੰਡੀਸ਼ਨਡ ਬਣਨੇ ਹਨ । ਅਜੇ ਇਨ੍ਹਾਂ ਦੀ ਤਿਆਰੀ ਨਾ-ਮੁਕੰਮਲ ਹੈ । ਸਤਿਗੁਰੂ ਜੀ ਦਾ ਪਰਵਾਰ ਇਸ ਬਿਲਡਿੰਗ ਵਿਚ ਰਿਹਾ ਕਰੇਗਾ ।

## ਤਬਦੀਲੀਆਂ ਦਾ ਪ੍ਰਭਾਵ

ਦੀਵਾਨ ਵਿਚ ਬੈਠਿਆਂ ਸਤਿਗੁਰੂ ਜੀ ਨੇ ਮੈਨੂੰ ਇਹ ਵੀ ਦੱਸਿਆ ਸੀ : ਉਸਤਾਦ ਅਮਜਦ ਅਲੀ ਖਾਂ ਕਰਕੇ ਹੀ ਸਲਾਮਤ ਅਲੀ ਦਾ ਪ੍ਰੋਗਰਾਮ ਅਪ ਸੈੱਟ ਕਰਨਾ ਪਿਆ । ਉਹ ਸਲਾਮਤ ਦਾ ਪ੍ਰੋਗਰਾਮ ਕਲਕੱਤੇ ਵਿਖੇ 17.3.79 ਨੂੰ ਕਰਵਾਣਾ ਚਾਹੁੰਦੇ ਸਨ । ਸਲਾਮਤ ਇਕ ਦਿਨ ਵਿਸ਼ਰਾਮ ਚਾਹੁੰਦਾ ਸੀ । ਅਮਜਦ ਜੀ ਨੇ ਖਿਮਾ ਮੰਗੀ ਹੈ ਅਤੇ ਮੇਰੇ ਤੋਂ ਪ੍ਰੋਗਰਾਮ ਤਬਦੀਲ ਕਰਵਾ ਲਿਆ ਹੈ । ਮੈਂ ਦੱਸਿਆ ਸੀ ਕਿ ਅਖ਼ਬਾਰਾਂ ਵਾਲੇ ਰੋਜ਼ਾਨਾ ਪ੍ਰੋਗਰਾਮ ਤਬਦੀਲੀ ਦੀ ਖ਼ਬਰ ਨੂੰ ਚੰਗਾ ਨਹੀਂ ਸਮਝਦੇ ।



Sri Satguru Jagjit Singh Ji Elibrary NamdhariElibrary@gmail.com

## ਮਿਹਰਬਾਨੀ ਵੱਡੇ ਠਾਕਰਾਂ ਦੀ

ਰਾਤ ਪਈ, ਤਾਂ ਮੇਰੇ ਲਈ ਬਿਸਤਰਿਆਂ ਦਾ ਪ੍ਰਬੰਧ ਇਕ ਮਸਲਾ ਬਣ ਗਿਆ। ਇਸ ਵਾਰ ਇਹ ਨੇਮ ਸਖ਼ਤੀ ਨਾਲ ਲਾਗੂ ਕੀਤਾ ਗਿਆ ਕਿ ਹਰ ਬੰਦੀ ਆਪਣੇ ਲਿਆਂਦੇ ਬਿਸਤਰੇ ਹੀ ਵਰਤੇ। ਅਤੇ ਕਈ ਬੜੇ ਪਿਆਰੇ-ਪਿਆਰੇ ਬੰਦਿਆਂ ਨੂੰ ਦੁਬਾਰਾ ਜਾ ਕੇ ਆਪਣੇ ਬਿਸਤਰੇ ਲਿਆਉਣ ਲਈ 'ਆਖਿਆ' ਗਿਆ। ਮੇਰੇ ਲਈ ਵੀ ਜਦੋਂ ਰਾਤੀਂ 9 30 ਤਕ ਕਿਤੋਂ ਬਿਸਤਰਾ ਉਪਲਬਧ ਨਾ ਹੋਇਆ, ਠਾਕੁਰ ਦਲੀਪ ਸਿੰਘ ਜੀ ਨੇ ਆਪਣਾ ਨਿੱਜੀ ਬਿਸਤਰਾ ਭੇਜਦਿਆਂ ਇਕ 'ਹਦਾਇਤ' ਵੀ ਨਾਲ ਘੱਲੀ ਕਿ ਜੋੜਿਆਂ (ਜੁੱਤੀਆਂ) ਵਾਲੇ ਪੈਰ ਬਿਸਤਰੇ ਵਿਚ ਨਾ ਰਖੇ ਜਾਣ। ਯਕੀਨਨ ਮੈਨੂੰ ਰਾਤ ਨੀਂਦ ਨਹੀਂ ਸੀ ਪੈਣੀ ਜੇ ਇਹ ਬਿਸਤਰਾ ਨਾ ਮਿਲਦਾ। ਭਾਵੇਂ ਮੈਂ ਆਪਣੇ ਮਿੱਤਰ ਹਰਭਜਨ ਸਿੰਘ ਸਿਤਾਰ ਨਾਲ ਉਸ ਦੇ ਖੁਲ੍ਹੇ ਪਲੰਘ ਤੇ ਉਸ ਦੇ ਨਾਲ ਪੈ ਗਿਆ ਸਾਂ। ਦੂਜੇ ਮੰਜੇ ਤੇ ਲਕਸ਼ਮਣ ਚੰਬਦੀ ਵਾਲਾ, ਅਧੂਰੇ ਬਿਸਤਰੇ ਨਾਲ ਪਿਆ ਸੀ। ਠਾਕੁਰ ਜੀ ਦਾ ਬਿਸਤਰਾ ਆਉਣ ਤੇ ਮੈਨੂੰ ਲਕਸ਼ਮਣ ਵਾਲਾ ਮੰਜਾ ਵੀ ਮਿਲ ਗਿਆ। ਉਹ ਹਰਭਜਨ ਸਿੰਘ ਨਾਲ ਜਾ ਪਿਆ।

### ਹੋਲਾ ਮੇਲਾ 1979
### 13 ਮਾਰਚ, ਮੰਗਲਵਾਰ
### ਸ੍ਰੀ ਭੈਣੀ ਸਾਹਿਬ

## ਪਛੜੇ ਅਸੀਂ ਹੀ ਹਾਂ

ਸਵੇਰੇ 5 ਵਜੇ ਅੱਖ ਖੁੱਲ੍ਹੀ। ਮੈਂ ਅਜਿਹੇ ਸਾਥੀਆਂ ਵਿਚ ਪਿਆ ਸਾਂ ਜਿਨ੍ਹਾਂ ਦੇਰ ਨਾਲ ਹੀ ਉਠਣਾ ਸੀ। ਆਸਾ ਦੀ ਵਾਰ ਦਾ ਕੀਰਤਨ ਸ੍ਰੀਮਾਨ ਸੰਤ ਘੁੱਲਾ ਜੀ ਦੇ ਬੱਚਿਆਂ ਦਾ ਜਥਾ ਕਰ ਰਿਹਾ ਸੀ। ਸ੍ਰੀ ਸਤਿਗੁਰੂ ਜੀ ਤਾਂ ਦੀਵਾਨ ਵਿਚ ਅੰਮ੍ਰਿਤ ਵੇਲੇ 4 ਵਜੇ ਦੇ ਹੀ ਆਏ ਬੈਠੇ ਸਨ, ਪਰ, ਕੀਰਤਨਕਾਰ 5 ਵਜੇ ਹੀ ਆਏ। ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਤਾਂ ਬਖ਼ਸ਼ੇ ਪਰ ਕੀਰਤਨ ਵਿਚ ਭਾਗ ਨਹੀਂ ਲਿਆ। ਮੈਂ ਆਸਾ ਦੀ ਵਾਰ ਵਿਚ ਤਾਂ ਕੀ ਇਕ ਵਜੇ ਤਕ ਵੀ ਗੁਰੂ ਦਰਸ਼ਨ ਨਹੀਂ ਕਰ ਸਕਿਆ। ਇਹ ਓਦੋਂ ਹੀ ਹੋਏ ਜਦੋਂ ਆਪ ਜੀ ਡਾ: ਕੌਂਹਰੋ ਕੋਲ ਜਾਣ ਲਈ ਲੁਧਿਆਣੇ ਵਾਸਤੇ ਤਿਆਰ ਹੋ ਕੇ ਆਏ ਸਨ।

ਸੰਤ ਪੁਰਖਾਂ ਦੇ ਦੱਸਣ ਅਨੁਸਾਰ ਅੱਜ ਸਵੇਰ ਤੋਂ ਦੀਵਾਨ ਪਿਛੋਂ ਸਭ ਤੋਂ ਪਹਿਲਾਂ, ਹੋ ਰਹੀ ਸਿਮ੍ਰਤੀ ਮੰਦਰ ਦੀ ਉਸਾਰੀ ਵੇਖਣ ਗਏ। ਫੇਰ ਲੰਗਰ ਨੂੰ ਨਮਸਕਾਰ ਅਤੇ ਉਸ ਦੀ ਤਿਆਰੀ ਵਲ ਧਿਆਨ ਮਾਰਿਆ, ਮਾਲ ਭੰਡਾਰ ਦੇ ਕਾਰੇ ਵਿਚ ਦਰਸ਼ਨ ਦਿਤੇ, ਹਲਕਾ ਜਲਪਾਨ ਕਰ, ਕੁਛ ਜ਼ਰੂਰੀ ਆਦਮੀਆਂ ਨਾਲ ਬੈਠ, ਪ੍ਰਸ਼ਾਦ ਛਕ ਕੇ ਥੋੜ੍ਹਾ ਸਮਾਂ ਵਿਰਾਜੇ। ਅਤੇ ਉਠ ਕੇ ਲੁਧਿਆਣੇ ਜਾਣ ਦੀ ਤਿਆਰੀ।



Sri Satguru Jagjit Singh Ji Elibrary NamdhariElibrary@gmail.com

## ਸਰਵੋਦੇ ਨੇਤਾ ਤੇ: ਸਾ:

ਇਸ ਦੌਰਾਨ ਇਕ ਗਰੁੱਪ ਆਇਆ ਜਿਸ ਦੇ ਮੁਖੀ ਸਰਵੋਦੇ ਨੇਤਾ ਸ. ਉਜਾਗਰ ਸਿੰਘ ਬਿਲਗਾ ਸਨ। ਇਕ ਹੋਰ ਜੱਥਾ ਵੀ 'ਦਰਸ਼ਨ ਕੀ ਮਨ ਆਸ ਘਣੇਰੀ' ਲੈ ਕੇ ਆਇਆ ਹੋਇਆ ਸੀ ਜਿਸ ਦਾ ਆਗੂ ਸ੍ਰੀ ਜਸਵੰਤ ਰਾਇ 'ਰਾਇ' (ਕਵੀ) ਸੀ। ਇਹਨਾਂ ਮਹਾਰਾਜ ਬੀਰ ਸਿੰਘ ਜੀ ਨਾਲ ਕੋਈ ਗੱਲ ਬਾਤ ਕੀਤੀ। ਬਾਅਦ ਵਿਚ ਪਤਾ ਲੱਗਾ ਕਿ ਬਿਲਗਾ ਹੋਰੀਂ ਪੰਜਾਬ ਦੀ ਗਊ ਰੱਖਿਆ ਕਮੇਟੀ ਦਾ ਪ੍ਰਧਾਨ ਸ੍ਰੀ ਸਤਿਗੁਰੂ ਜੀ ਨੂੰ ਬਣਾਉਣਾ ਚਾਹੁੰਦੇ ਹਨ। ਨਿਰਮਲੇ ਸੰਤਾਂ ਵਿਚੋਂ ਇਕ ਵਿਦਵਾਨ ਲੇਖਕ, ਮਹੰਤ ਹਰਨਾਮ ਦਾਸ ਉਦਾਸੀ ਵੀ ਪਧਾਰੇ ਹੋਏ ਸਨ। ਇਕ ਹੋਰ ਨਿਰਮਲਾ ਲੇਖਕ ਸੰਤ ਰਜਿੰਦਰ ਸਿੰਘ ਨਿਰਾਲਾ ਵੀ ਘੁੰਮ ਰਿਹਾ ਸੀ। ਦਰਸ਼ਨਾਂ ਦਾ ਤਲਬਗਾਰ ਜਸਵੰਤ ਰਾਇ ਦਾ ਜਥਾ ਤਾਂ ਥੋੜਾ ਚਿਰ ਉਡੀਕ ਵਾਪਸ ਚਲਾ ਗਿਆ। ਪਰ, ਉਜਾਗਰ ਸਿੰਘ ਬਿਲਗਾ ਹੋਰੀਂ ਤਦ ਤਕ ਏਥੇ ਹੀ ਰਹੇ ਜਦ ਤਕ ਸਤਿਗੁਰੂ ਜੀ ਨਹੀਂ ਆਏ। ਬਿਲਗਾ ਜੀ ਨੇ ਅੱਜ ਕੱਲ੍ਹ ਦਾੜ੍ਹੀ ਰਖੀ ਹੋਈ ਹੈ ਜਦੋਂ ਕਿ ਸ੍ਰੀ ਰਾਇ ਨੇ ਸੰਨਿਆਸੀਆਂ ਵਰਗੇ ਕਪੜੇ ਪਹਿਨੇ ਹੋਏ ਸਨ।

## "ਗਊ ਰੱਖਿਆ" ਦਾ ਰੋਗ

ਜਾਣ ਤੋਂ ਪਹਿਲਾਂ, ਸਤਿਗੁਰੂ ਜੀ ਨੂੰ ਕੋਠੀ ਜਾ ਕੇ ਸ. ਉਜਾਗਰ ਸਿੰਘ ਬਿਲਗਾ ਮਿਲਿਆ। ਸਤਿਗੁਰਾਂ ਉਸ ਸਮੇਂ ਇਸ਼ਨਾਨ ਕਰ ਬਸਤਰ ਪਹਿਨੇ ਹੋਏ ਸਨ ਅਤੇ ਗਿੱਲੇ ਕੇਸਾਂ ਉਤੇ ਦਸਤਾਰ ਦਾ ਪੱਲਾ ਲਿਆ ਹੋਇਆ ਸੀ। ਬਿਲਗਾ ਜੀ ਨੇ ਕਹਿ ਦਿਤਾ : ਕਿ ਆਪ ਗਊ ਰਖਿਆ ਕਮੇਟੀ ਪੰਜਾਬ ਦੇ ਪ੍ਰਧਾਨ ਪਦ ਨੂੰ ਸਵੀਕਾਰ ਕਰੋ ਤਾਂ ਹੀ ਗਊਆਂ ਦੀ ਅਤੇ ਅਸਾਡੀ ਮਦਦ ਹੋ ਸਕੇਗੀ। ਸਤਿਗੁਰੂ ਜੀ ਨੇ ਗੱਲ ਨਿਬੇੜੀ : ਇਹੋ ਜਿਹੇ ਫੈਸਲੇ ਅਤੇ ਕੰਮ ਮਹਾਰਾਜ ਹੀ ਕੀਤਾ ਕਰਦੇ ਹਨ। ਆਉਣਗੇ ਤਾਂ ਸਲਾਹ ਕਰ ਕੇ ਤੁਹਾਨੂੰ ਦੱਸ ਦਿਆਂਗੇ ਅਤੇ ਮੈਨੂੰ ਆਦੇਸ਼ ਦਿਤਾ : ਮਹਾਰਾਜ ਜੀ ਦੇ ਆਇਆਂ ਜੋ ਫੈਸਲਾ ਹੋਵੇ ਉਹ ਇਹਨਾਂ ਨੂੰ ਲਿਖ ਭੇਜਣਾ। ਬਿਲਗਾ ਜੀ ਨੂੰ ਕਾਰ ਦੁਆਰਾ ਬਟਾਟੀ ਭੇਜਣ ਲਈ ਕਿਸੇ ਨੂੰ ਕਹਿ, ਮੈਨੂੰ ਆਖਿਆ : ਇਹ ਗਊ ਪ੍ਰੇਮੀ ਅੱਜ ਕੱਲ੍ਹ ਸਿਆਸੀ ਮੁਫ਼ਾਦ ਨੂੰ ਮੁਖ ਰਖ ਕੇ ਹੀ ਇਹੋ ਜਿਹੀਆਂ ਮੁਹਿੰਮਾਂ ਜਾਰੀ ਕਰ ਰਹੇ ਹਨ, ਜਦੋਂ ਵੀ ਇਹਨਾਂ ਦੀ ਸੁਆਰਥ ਸਿੱਧੀ ਹੋ ਗਈ, ਓਦੋਂ ਹੀ "ਗਊ ਰਖਿਆ ਦੇ ਮਸਲੇ ਹੱਲ ਹੋ ਜਾਣਗੇ।" ਉਸ ਸੰਸਥਾ ਵਿਚ ਫਸਣ ਦਾ ਕੀ ਲਾਭ, ਜਿਸ ਨੂੰ ਕਿਸੇ ਕੰਟਰੋਲ ਕਰਨਾ ਹੋਵੇ ! ਸੰਦੇਬਾਜ਼ੀ ਪਿਛੋਂ ਸਭ ਬਾਤੀ !

## ਲੁਧਿਆਣੇ ਨੂੰ

ਠੋਕ ਵਜੇ ਠੋਕ ਤੋਲ ਕਦਮਾਂ ਪੁਟਦੇ ਸਤਿਗੁਰੂ ਜੀ ਬਾਹਰ ਖੜੀ ਗੱਡੀ ਪਾਸ ਆਏ, ਜਿਥੇ ਸੰਤ ਗੁਰਮੁਖ ਸਿੰਘ ਡਰਾਈਵਰ ਆਪ ਨੂੰ ਉਡੀਕ ਰਿਹਾ ਸੀ। ਇਸੇ ਵੇਲੇ ਵੈਸਾਖੀਆਂ ਨਾਲ ਤਿੱਖੇ ਤਿੱਖੇ ਤੁਰਦੇ ਹਰਨਾਮ ਦਾਸ ਜੀ ਵੀ ਕਾਰ ਪਾਸ ਪੁੱਜ ਗਏ।



Sri Satguru Jagjit Singh Ji Elibrary NamdhariElibrary@gmail.com

ਇਹਨਾਂ ਦੀ ਕੋਈ ਸਲਾਹ ਮਸ਼ਵਰਾ ਕਰਨਾ ਸੀ । ਗੱਡੀ ਵਿਚ ਸਤਿਗੁਰਾਂ ਨਾਲ ਪੂਰਨ ਅਤੇ ਹਰਨਾਮ ਦਾਸ ਜੀ ਮਹੰਤ ਬੈਠੇ । ਗੱਡੀ ਅਹੁ ਗਈ-ਅਹੁ ਗਈ, ਹੋ ਗਈ ।

## ਬੀਬੀ ਨਿਰਲੇਪ ਕੌਰ

ਠਾਕੁਰ ਦਲੀਪ ਸਿੰਘ ਜੀ ਨੇ ਦੱਸਿਆ : ਪਰਸੋਂ ਸ. ਗਿਆਨ ਸਿੰਘ ਰਾੜੇ ਵਾਲਾ ਸਾਬਕਾ ਚੀਫ ਮਨਿਸਟਰ ਪੈਪਸੂ ਦੀ ਧੀ ਬੀਬੀ ਨਿਰਲੇਪ ਕੌਰ ਵੀ ਭੈਣੀ ਸਾਹਿਬ ਆਈ ਸੀ । ਫੋਨਾਂ ਵਿਚ ਪਤਾ ਨਹੀਂ ਉਹ ਕੀਹਦੀ ਮਦਦ ਚਾਹੁੰਦੀ ਸੀ ਕਿ ਆਪਣੀ ਹੀ । ਮਹਾਰਾਜ ਜੀ ਨੇ ਕਿਹਾ ਸੀ ਕਿ ਅਸਾਂ ਅਜੇ ਫੈਸਲਾ ਕਰਨਾ ਹੈ । ਪਰ ਉਹ ਮੁੜ ਕੇ ਆਉਣ ਦਾ ਇਸ਼ਾਰਾ ਦੇ 'ਕੇਵਲ ਦਰਸ਼ਨਾਂ ਖ਼ਾਤਰ' ਆਉਣਾ ਕਹਿ ਕੇ ਚਲੀ ਗਈ ।

## ਵਿਦੇਸ਼ਾਂ ਵਿਚੋਂ

ਇਸ ਹੋਲੇ ਮੇਲੇ ਦੌਰਾਨ ਮੇਰੀ ਵਾਕਫ਼ੀ ਵਿਚ ਹੇਠ ਲਿਖੇ ਸਰੀਰ ਵਿਦੇਸ਼ਾਂ ਵਿਚੋਂ ਆਏ ।

ਇੰਗਲੈਂਡ ਤੋਂ

1. ਸ. ਹਰਚਰਨ ਸਿੰਘ ਰੰਧਾਵਾ ਲੰਡਨ
2. ਸ. ਤਾਰਾ ਸਿੰਘ ਬਰਮਿੰਘਮ
3. ਸ. ਹਰੀ ਸਿੰਘ ਲੀਡਜ਼
4. ਸ. ਕੰਵਲ ਜੀਤ ਸਿੰਘ ਸਾਊਥਾਲ, ਲੰਡਨ,
5. ਸੰਤ ਨਿਰੰਜਨ ਸਿੰਘ ਕਹੋਰ
6. ਕੇਵਲ ਜੀਤ-ਪਤਨੀ ਅਤੇ ਹੋਰ

ਥਾਈਲੈਂਡ ਤੋਂ

1. ਸੇਠ ਪਿਆਰਾ ਸਿੰਘ ਬੈਂਕੌਕ
2. ਸ. ਸਤਪਾਲ ਸਿੰਘ ਲੰਪਾਂਗ
3. ਬੀਬੀ ਰਣਜੀਤ ਸੁਪਤਨੀ ਸ. ਸੁਰਿੰਦਰ ਸਿੰਘ
4. ਬੀਬੀ ਸੁਰਜੀਤ ਕੌਰ ਪ੍ਰਧਾਨ
5. ਬੀਬੀ ਮਹਿੰਦਰ ਕੌਰ ਕਿਆਨਣ

12. ਅਤੇ 7 ਬੀਬੀਆਂ ਹੋਰ

—ਸੂਬਾ ਰੇਸ਼ਮ ਸਿੰਘ, ਰਾਣੀ ਅਤੇ ਉਨ੍ਹਾਂ ਦੇ ਬੱਚੇ—ਕੈਨੇਡਾ ਵਿਚੋਂ

—ਅਫਰੀਕਾ ਅਤੇ ਹੋਰ ਦੇਸ਼ਾਂ ਵਿਚੋਂ ਆਉਣ ਵਾਲਿਆਂ ਨਾਲ ਮੇਰੀ ਜਾਣਕਾਰੀ ਨਹੀਂ ।

## ਕੋਠੀ ਸਤਿਗੁਰਾਂ ਦੀ

ਸ੍ਰੀ ਭੈਣੀ ਸਾਹਿਬ ਦੇ ਰਾਮ ਸਰ ਇਲਾਕੇ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਲੰਮੇ ਚਿਰ ਦਾ ਨਿਵਾਸ, ਜਿਸ ਨੂੰ ਕੋਠੀ ਕਿਹਾ ਜਾਂਦਾ ਹੈ, ਇਸੇ ਜਗ੍ਹਾ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਅੰਦਰੋਂ ਕੁਝ ਨਵੀਂ ਤਜਵੀਜ਼ ਦੇ, ਬਾਹਰੋਂ ਉਹੋ ਤਰਤੀਬ ਰਖ ਤਬਦੀਲੀਆਂ ਕੀਤੀਆਂ ਹਨ । ਉੱਪਰ ਗੁਰੂ ਸਪੁਤਰੀ ਬੀਬਾ ਜੀ ਰਹੀ ਨਿਵਾਸ



Sri Satguru Jagjit Singh Ji Elibrary NamdhariElibrary@gmail.com

ਘਟਿਆ ਹੋਇਆ ਹੈ, ਜਿਸ ਦੀ ਵਿਆਖਿਆ ਪਹਿਲਾਂ ਕਿਤੇ ਕੀਤੀ ਗਈ ਹੈ। ਵਿਚ ਦੋ ਬਦਲੀਆਂ ਹੋਰ ਜਾਪੀਆਂ ਹਨ। ਕੋਠੀ ਤੇ ਬਾਗ ਦੇ ਮੁਖ ਦੁਆਰ ਦੇ ਗੈਰੇਜ ਤੋਂ ਸਿੱਧੀ ਦਿਸਦੀ ਸੜਕ, ਇਕ ਦੀਵਾਰ ਕੋਠੀ ਵੱਲ ਓਹਲੇ ਰੂਪ ਵਿਚ ਕਰ ਕੇ, ਬੰਦ ਕਰ ਦਿਤੀ ਗਈ ਹੈ। ਕੋਠੀ ਵੱਲ ਦਾ ਸੜਕ ਲਾਂਘਾ ਸਾਫ ਕਰਕੇ ਰੁਖ ਬਿਰਖ ਵਿਰਲੇ ਕਰ ਘਾਹ ਕਿੱਤਾ ਬਣਾ ਦਿਤਾ ਗਿਆ ਹੈ। ਅੰਦਰ ਦੋ ਘਾਹ ਕਿੱਤੇ ਬਣਾ ਕੇ ਮੌਸਮੀ ਫੁੱਲਾਂ ਦੀਆਂ ਕਿਆਰੀਆਂ ਨਾਲ ਸਜਾ ਦਿਤੇ ਗਏ ਹਨ।

ਅੱਜ ਦਾ ਨਿਤਨੇਮ, ਕੋਠੀ ਦੇ ਘਾਹ ਕਿੱਤੇ ਵਿਚ ਹੀ ਸੀ। ਸੰਤ ਰਤਰ ਸਿੰਘ ਚੂੰਪ ਅੰਮ੍ਰਿਤਸਰ ਵਲਾਂ ਵਾਲੇ ਬਾਣਾ ਕਰਦੇ ਸਨ। ਮੈਂ ਤਾਂ ਸੁਣ ਨਹੀਂ ਸਕਿਆ ਪਰ ਕਹਿੰਦੇ ਹਨ, ਚੋਖੀ ਅੰਦਰ-ਖੁਭਵੀਂ ਹੁੰਦੀ ਹੈ। ਢਾਈ ਤੋਂ ਸਾਢੇ ਤਿੰਨ ਵਜੇ ਤਕ ਨਾਮ ਸਿਮਰਨ ਸੀ ਜਿਸ ਵਿਚ ਸਤਿਗੁਰੂ ਜੀ ਪਸ਼ਮੀਨੇ ਦੀ ਹਰੀ ਕੰਨੀ ਵਾਲੀ ਦੂਹਰੀ ਚੱਦਰ ਨਾਲ ਸਰੀਰ ਨੂੰ ਵਲ੍ਹੇਟ ਪਧਾਰੇ। ਨਾਮ ਸਿਮਰਨ ਉਪ੍ਰੰਤ ਹਜ਼ੂਰੀ ਰਾਗੀਆਂ ਦਾ ਕੀਰਤਨ ਸੀ : ਧੰਨੁ ਸੁ ਵੇਲਾ ਜਿਤੁ ਦਰਸਨ ਕਰਣਾ। ਰਾਗ ਕੇਦਾਰਾ। ਤਾਲ ਤਿੰਨ ਵਿਚ। ਦੂਸਰਾ ਸ਼ਬਦ ਪੜ੍ਹਿਆ ਗਿਆ : ਰਾਮ ਨਾਮ ਬੋਲ ਬੋਲ ਖੋਜਤੇ ਵਡਭਾਗੀ। ਇਹ ਵੀ ਰਾਗ ਕੇਦਾਰਾ, ਤਾਲ ਤਿੰਨ ਵਿਚ।

5 ਵਜੇ ਤਕ ਦੀਵਾਨ ਦੀ ਸਮਾਪਤੀ ਹੋ ਗਈ। ਉਪਰੰਤ ਸੰਤ ਆਤਮਾ ਸਿੰਘ ਸਨਖਤਰਾ ਨੇ ਖਲੋ ਕੇ ਐਲਾਨ ਕੀਤਾ ਕਿ ਪਾਠਾਂ ਤੇ ਵਿਆਹਾਂ ਬਾਰੇ ਉਨ੍ਹਾਂ ਨੂੰ ਸੂਚਨਾ ਦਿਤੀ ਜਾਵੇ। ਅਤੇ ਰਾਤ ਨੂੰ ਹੌਲੇ ਦਾ ਦੀਵਾਨ ਜਥੇਦਾਰ ਪ੍ਰੀਤਮ ਸਿੰਘ ਪੱਧਰੀ ਅਤੇ ਜਥੇਦਾਰ ਗਿਆਨ ਸਿੰਘ ਚੀਮੇਕਿਆਂ ਵਾਲੇ ਸਜਾਣਗੇ, ਅਤੇ ਅਰਦਾਸ ਹੋ ਗਈ।

## ਸੰਗੀਤ ਸਿਨੇਮਾ

ਦੀਵਾਨ ਵਿਚ ਸੰਤ ਕਰਤਾਰ ਸਿੰਘ ਸਤਿਗੁਰੂ ਜੀ ਦੇ ਹਜ਼ੂਰੀ ਸੇਵਕ ਨੇ ਇਕ ਐਲਾਨ ਕੀਤਾ ਸੀ ਕਿ ਗੁਰਮੁਖ ਸਿੰਘ ਲੁਧਿਆਣੇ ਵਾਲੇ ਉਨ੍ਹਾਂ ਨੂੰ ਆ ਕੇ ਮਿਲਣ। ਅੱਜ ਲੁਧਿਆਣੇ ਦੇ 4-5 ਸਰੀਰ ਜੁ ਨਾਮਧਾਰੀ ਨਹੀਂ ਸਨ, ਕਦੇ ਕਿਤੇ ਖਲੌਂਦੇ, ਕਦੇ ਕਿਤੇ। ਉਹ ਸਤਿਗੁਰੂ ਜੀ ਨਾਲ ਗੱਲ ਬਾਤ ਕਰਨਾ ਚਾਹੁੰਦੇ ਸਨ। ਅਸਲ ਵਿਚ ਉਹ ਕੋਈ ਸ਼ਿਕਾਇਤ ਲੈ ਕੇ ਆਏ ਸਨ। ਜਾਪਦਾ ਹੈ ਏਸੇ ਪਰਥਾਇ ਸ. ਗੁਰਮੁਖ ਸਿੰਘ ਸਿਆੜਾਂ ਵਾਲੀਏ ਨੂੰ ਆਵਾਜ਼ ਪਈ ਜੁ ਸੰਗੀਤ ਸਿਨੇਮਾ ਦੇ ਇਕ ਪਾਰਟਨਰ ਹਨ।

ਸ੍ਰੀ ਸਤਿਗੁਰੂ ਜੀ ਨੇ ਮਹਾਰਾਜ ਬੀਰ ਸਿੰਘ ਜੀ, ਠਾਕੁਰ ਦਲੀਪ ਸਿੰਘ ਜੀ ਅਤੇ ਪੰ: ਗੋਪਾਲ ਸਿੰਘ ਨੂੰ ਲੁਧਿਆਣੇ ਦੇ ਸੰਗੀਤ ਸਨੇਮਾ ਬਾਰੇ ਦੱਸਿਆ ਕਿ ਕਿਵੇਂ ਲੁਧਿਆਣਿਓਂ ਸਿਨਮਾ ਵਪਾਰੀ ਆਏ ਅਤੇ ਉਡੀਕਦੇ ਰਹੇ। ਉੱਤਮ ਸਿੰਘ ਜਤ੍ਹਾਂ-ਵਾਲੀਏ ਦੀ ਵਿਚੋਲਗੀ ਨਾਲ ਸੌਦਾ ਹੋਇਆ ਅਤੇ ਹੁਣ 5-6 ਲੱਖ ਰੁਪਿਆ ਹੋਰ ਮੰਗ ਕੇ, ਉਹਨਾਂ ਦੇ ਕਹਿਣ ਮੁਤਾਬਕ, ਸੌਦਾ ਰੋਕਿਆ ਜਾ ਰਿਹਾ ਹੈ।

ਦੀਵਾਨ ਉਪ੍ਰੰਤ ਸੇਠ ਤਰਲੋਕ ਸਿੰਘ ਦੇ ਮਕਾਨ ਦੇ ਪੌੜੀਆਂ ਹੇਠਲੇ ਕਮਰੇ ਵਿਚ ਸ੍ਰੀ ਸਤਿਗੁਰੂ ਜੀ ਦੀ ਉਨ੍ਹਾਂ ਖਰੀਦਾਰਾਂ ਨਾਲ ਗੱਲਬਾਤ ਹੋਈ। ਕੀ ਹੋਈ, ਕਿਵੇਂ ਹੋਈ ਤੇ ਕਿਥੇ ਮੁਕੀ, ਪਤਾ ਨਹੀਂ ਲਗ ਸਕਿਆ।



Sri Satguru Jagjit Singh Ji Elibrary NamdhariElibrary@gmail.com

## ਠਾਕੁਰ ਦਲੀਪ ਸਿੰਘ ਜੀ

ਠਾਕੁਰ ਜੀ ਆਮ ਕਰ ਕੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦੇ ਹਨ ਜਾਂ ਆਪ ਜੀ ਦੀ ਜਾਣਕਾਰੀ ਵਿਚ। ਆਗਿਆ ਲੈ ਕੇ ਸਾਰੇ ਕੰਮ ਕਰਦੇ ਹਨ। ਵਕਤ ਸਿਰ ਕੰਮ ਹੋਣ ਦਾ ਸਹਾਇਕਾਂ ਨੂੰ ਆਦੇਸ਼ ਦੇ ਕੇ ਫੇਰ ਸਤਿਗੁਰਾਂ ਦੇ ਪਾਸ। ਹਰ ਵਕਤ ਹੱਥ ਜੁੜੇ ਰਹਿੰਦੇ ਹਨ, ਸਤਿਗੁਰੂ ਜੀ ਦੇ ਬਚਨ ਅਤੇ ਹੁਕਮ ਸੁਣ ਜੀ ਜੀ ਜੀ ਜੀ ਕਰਦੇ ਰਹਿੰਦੇ ਹਨ। ਡੇਰੇ ਦੇ ਪ੍ਰਬੰਧ ਬਾਰੇ ਅੱਜ ਕੱਲ੍ਹ ਮੁਖ ਆਦੇਸ਼ ਠਾਕੁਰ ਦਲੀਪ ਸਿੰਘ ਜੀ ਦਾ ਹੀ ਹੁੰਦਾ ਹੈ। ਸਤਿਗੁਰੂ ਜੀ ਵੀ ਆਪਣੇ ਹੁਕਮ ਇਨ੍ਹਾਂ ਦੁਆਰਾ ਹੀ ਦੇਂਦੇ ਦਿਵਾਂਦੇ ਹਨ। ਇਹਨਾਂ ਪਾਸ ਕੰਮ ਕਰਨ ਵਾਲੇ ਮੁਖੀ ਅਤੇ ਸੇਵਕ ਜੀਵਨ ਨਗਰ ਇਲਾਕੇ ਦੇ ਹੀ ਹੁੰਦੇ ਹਨ, ਜ਼ਰੂਰਤ ਪੈਣ ਤੇ ਹੋਰਨਾਂ ਸਿੱਖਾਂ ਦੀ ਵੀ ਵਰਤੋਂ ਕਰਦੇ ਹਨ। ਇਸ ਵੇਲੇ ਭੈਣੀ ਸਾਹਿਬ ਦਾ ਅਧਿਕਾਰ ਖੇਤਰ ਠਾਕੁਰ ਜੀ ਹੇਠ, ਹੇਠ ਲਿਖੇ ਅਨੁਸਾਰ ਵੰਡਿਆ ਗਿਆ ਹੈ :

1. ਭੈਣੀ ਸਾਹਿਬ ਦੇ ਲੰਗਰ ਦਾ ਇਨਚਾਰਜ : ਜਥੇਦਾਰ ਸਵਰਨ ਸਿੰਘ ਢੱਕ
2. ਸਵਾ ਲੱਖ ਪਾਠ ਪ੍ਰਬੰਧਕ : ਸੰਤ ਸਤਨਾਮ ਸਿੰਘ ਦਿੱਲੀ
3. ਰਸਤ ਬਸਤ ਅਤੇ ਹੱਟੀ ਦਾ ਮੁਖੀ : ਸੰਤ ਪਿਆਰਾ ਸਿੰਘ ਨਾਥ
4. ਡੇਰਾ ਪ੍ਰਬੰਧਕ : ਸੰਤ ਬੇਅੰਤ ਸਿੰਘ ਸੰਧੂ, ਸੰਤ ਨਗਰ, (ਸਰਸਾ)
5. ਸ. ਸੁਰਜੀਤ ਸਿੰਘ (ਮੋਟਾ) (ਪਿੰਡ ਖੁਰਾਮ, ਜ਼ਿ: ਪਟਿਆਲਾ) ਵੀ ਹੁਕਮ ਅਨੁਸਾਰ ਕਾਰਜ ਕਰਦਾ ਹੈ।

ਠਾਕੁਰ ਜੀ ਲਈ ਦੀਵਾਨ ਵਿਚ ਆਉਣ ਦੀ ਪਾਬੰਦੀ ਸਿਹਤ ਅਤੇ ਕੰਮ ਦੀ ਸਹੂਲਤ ਅਨੁਸਾਰ ਹੈ। ਸੱਚੇ ਪਾਤਸ਼ਾਹ ਜੀ ਦੇ ਵੇਲੇ ਦੇ ਦੀਵਾਨ ਵਿਚ ਦਰਸ਼ਨ ਦੇ, ਲੰਗਰ ਅਤੇ ਪਸ਼ੂ ਸ਼ਾਲਾ ਵਲ ਚੱਕਰ ਮਾਰ ਕੇ, ਲੋੜੀਂਦੀਆਂ ਗੱਲਾਂ ਵਲ ਠਾਕੁਰ ਜੀ ਦਾ ਧਿਆਨ ਦਿਵਾਂਦੇ ਹਨ। ਆਪ ਸਾਧ ਸੰਗਤ ਨੂੰ ਦਰਸ਼ਨ ਜਾਂ ਦੂਜੇ ਪੰਥਕ ਮਸਲਿਆਂ ਨੂੰ ਸੁਣਦੇ ਸਮਝਦੇ ਅਤੇ ਫੈਸਲੇ ਦਿੰਦੇ ਹਨ।

## ਸ. ਮਹਿੰਦਰ ਸਿੰਘ ਯੂ.ਕੇ.

ਅੱਜ ਦੀਵਾਨ ਵਿਚ ਬੈਠਿਆਂ ਸਤਿਗੁਰੂ ਜੀ ਨੇ ਨਿਜੀ ਸਕੱਤਰ ਨੂੰ ਆਦੇਸ਼ ਦਿਤਾ ਕਿ ਲੁਧਿਆਣੇ ਵਾਲੇ ਸੁਰਿੰਦਰ ਸਿੰਘ ਨੂੰ ਕਹਿ ਕੇ 6 ਸੀਟਾਂ ਡੀਲੱਕਸ ਜਾਂ ਕਿਸੇ ਹੋਰ ਗੱਡੀ ਦੀਆਂ ਬੁਕ ਕਰਵਾਓ, ਲੁਧਿਆਣੇ ਤੋਂ ਦਿੱਲੀ, ਸਨਾਮਤ ਹੋਰਾਂ ਵਾਸਤੇ 16.3.79 ਨੂੰ ਸਵੇਰੇ। ਸੰਤ ਤਰਸੇਮ ਸਿੰਘ ਸਕੱਤਰ ਨੇ ਹੀ ਸਵੇਰੇ ਜਥੇਦਾਰ ਦਲੀਪ ਸਿੰਘ ਸੰਤ ਨਗਰੀਏ ਦੇ ਜਥੇ ਵਾਸਤੇ ਆਸਾ ਦੀ ਵਾਰ ਲਾਉਣ ਦਾ ਐਲਾਨ ਕੀਤਾ।

ਸਤਿਗੁਰੂ ਜੀ ਕਿਸੇ ਸਿੱਖ ਨੂੰ ਮਾਸ ਸ਼ਰਾਬ ਦਾ ਤਿਆਗ ਕਰਵਾ ਕੇ ਪੰਡਿਤ ਗੋਪਾਲ ਸਿੰਘ ਜੀ ਤੋਂ ਭਜਨ ਦਸਵਾ ਰਹੇ ਸਨ। ਮੇਰੇ ਪੁੱਛਣ ਤੇ ਸ. ਤਾਰਾ ਸਿੰਘ ਬਰਮਿੰਘਮ ਨੇ ਦੱਸਿਆ ਕਿ ਇਸ ਸੱਜਣ ਦਾ ਨਾਮ ਸ. ਮਹਿੰਦਰ ਸਿੰਘ ਕਲਸੀ ਹੈ। ਅਤੇ ਐਸੇ ਸਿੰਘ ਤੋਂ ਨਾਮਧਾਰੀ ਸਿੰਘਾਂ ਨੇ ਬਰਮਿੰਘਮ (ਇੰਗਲੈਂਡ) ਵਿਚ ਨਾਮਧਾਰੀ



Sri Satguru Jagjit Singh Ji Elibrary NamdhariElibrary@gmail.com

ਧਰਮਸਾਲਾ ਵਾਸਤੇ ਜਗ੍ਹਾ ਖਰੀਦੀ ਹੈ। ਭਾਰਤ ਆਏ ਸ. ਕਲਸੀ ਏਥੇ ਵੀ ਆ ਗਏ। ਅੱਜ, ਸਤਿਗੁਰਾਂ ਦੀ ਕਿਰਪਾ ਨਾਲ, ਭਜਨ ਪੁੱਛ ਕੇ ਸਿੱਖ ਸਜ ਗਏ ਹਨ।

## ਨਾਮਧਾਰੀ ਧਰਮਸਾਲਾ ਬਰਮਿੰਘਮ

ਸਤਿਗੁਰੂ ਜੀ ਨੇ ਸ. ਮਹਿੰਦਰ ਸਿੰਘ ਕਲਸੀ ਬਾਰੇ ਮਹਾਰਾਜ ਬੀਰ ਸਿੰਘ ਜੀ ਨਾਲ ਜ਼ਿਕਰ ਕਰਦਿਆਂ ਦੱਸਿਆ : ਇਸ ਸਰਦਾਰ ਨੇ ਜੋ ਜਗ੍ਹਾ ਸਾਨੂੰ ਵੇਚੀ ਹੈ, ਪ੍ਰਸਿਧ ਸਨਅਤੀ ਸ਼ਹਿਰ ਬਰਮਿੰਘਮ ਵਿਚ, ਉਸ ਵਿਚ ਸੈਂਕੜੇ ਕਾਰਾਂ ਦੀ ਪਾਰਕ ਹੈ। ਇਸ ਨੂੰ ਸਾਡੇ ਸੌਦੇ ਵੇਲੇ 50,000 ਪੌਂਡ, ਅਤੇ ਫਿਰ ਇਸ ਤੋਂ ਵੱਧ 70,000 ਪੌਂਡ ਮਿਲ ਰਹੇ, ਪਰ ਇਸ ਨੇ ਮਰਦਾਂ ਵਾਲੀ ਗੱਲ ਕੀਤੀ : ਨਹੀਂ, ਮੈਂ ਸੌਦਾ ਕਰ ਚੁਕਾਂ ਹਾਂ। ਸਤਿਗੁਰਾਂ ਬਚਨ ਕੀਤਾ : ਨਾਮਧਾਰੀ ਧਰਮਸਾਲਾ ਵਾਸਤੇ ਉਹ ਬੜੀ ਢੁਕਵੀਂ ਥਾਂ ਹੈ।

## ਗਊ ਰੱਖਿਆ ਦੀ ਪ੍ਰਧਾਨਗੀ ਬਾਰੇ

ਦੀਨ ਦਿਆਲ ਜੀ ਨੇ ਕੰਠੀ ਫੇਰਦਿਆਂ ਮੈਨੂੰ ਬੁਲਾਇਆ ਅਤੇ ਮਹਾਰਾਜ ਜੀ ਨੂੰ ਦੱਸਿਆ : ਅਸਾਂ ਉਜਾਗਰ ਸਿੰਘ ਬਿਲਗਾ ਨੂੰ ਚੰਗੀ ਤਰ੍ਹਾਂ ਸਮਝਾ ਦਿਤਾ ਹੈ ਕਿ ਅਸਾਂ ਇਹ ਗੱਲ (ਪ੍ਰਧਾਨਗੀ) ਨਹੀਂ ਕਰਨੀ, ਬਾਕੀ ਗਊ ਰੱਖਿਆ ਦੇ ਸੰਬੰਧੀ ਭਰਪੂਰ ਮੱਦਦ ਕਰਾਂਗੇ। ਲੁਧਿਆਣੇ ਜਾਂਦਿਆਂ ਹਰਨਾਮ ਦਾਸ ਉਦਾਸੀ (ਕਪੂਰਥਲਾ) ਨਾਲ ਗਏ ਸਨ ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਅੱਜ ਕਲ੍ਹ ਇਹ ਪਤਾ ਨਹੀਂ ਲਗਦਾ ਕਿ ਭੁਖ ਹੜਤਾਲ ਤੇ ਬੈਠੇ ਨੇ ਕਿੰਨੇ ਦਿਨ ਤਕ ਭੁਖ ਹੜਤਾਲ ਕਰਨੀ ਹੈ ਅਤੇ ਕਦੋਂ ਅਚਾਨਕ ਛੱਡ ਦੇਣੀ ਹੈ। ਸਾਨੂੰ ਇਹਦੀ ਸਮਝ ਨਹੀਂ ਆਉਂਦੀ। ਸਾਨੂੰ ਤਾਂ ਸੂਰਿਆਂ ਵਾਲੀ ਗੱਲ ਹੀ ਜਚਦੀ ਹੈ।

ਸਤਿਗੁਰੂ ਜੀ ਨੇ ਹਰਿਆਣਾ ਵਿਚ ਹੋਈ ਨਿਹੰਗਾਂ ਵਾਲੀ ਘੋ ਦੁਰਮਤੀ ਤੇ ਨੋਟਿਸ ਲਿਆ, ਜਿਸ ਵਿਚ ਪੁਲਿਸ ਨੇ ਕੁਝ ਨਿਹੰਗ ਮਾਰ ਦਿਤੇ ਸਨ। ਆਖਿਆ : ਦੋਵੀਂ ਲਾਲ ਪੁਰਾਂ ਨੇ 10-10 ਹਜ਼ਾਰ ਰੁਪਿਆ ਨਕਦ ਦੇ ਕੇ ਸਭ ਦੇ ਮੂੰਹ ਬੰਦ ਕਰ ਦਿਤੇ। ਇਕ ਮਿਸਾਲ ਮੈਂ ਵੀ ਦੇ ਦਿਤੀ : ਇਕ ਵਾਰ ਮਾਸਟਰ ਤਾਰਾ ਸਿੰਘ ਜੀ ਨੂੰ ਮੈਂ ਪਟਿਆਲੇ ਮਿਲਿਆ। ਉਨ੍ਹਾਂ ਗਿਲਾ ਪਰਗਟ ਕੀਤਾ : ਨਾਮਧਾਰੀ ਹੀ ਹਨ ਜੁ ਸਿੱਖਾਂ ਵਿਚ ਰਹਿੰਦਿਆਂ ਸਾਡੇ ਨਾਲ ਮਿਲ ਕੇ ਨਹੀਂ ਚਲਦੇ। ਮੈਂ ਉਹਨਾਂ ਨੂੰ ਸਪੱਸ਼ਟ ਕੀਤਾ : ਅਸੀਂ ਤੁਹਾਡੇ ਨਾਲ ਤਾਂ ਨਹੀਂ ਰਲਦੇ ਕਿ ਸਾਨੂੰ ਪਤਾ ਨਹੀਂ ਲਗਦਾ ਤੁਸੀਂ ਕਿਸ ਆਧਾਰ ਤੇ ਮੁਹਿੰਮਾਂ ਚਲਾਂਦੇ ਹੋ। ਚੋਣਾਂ ਵਿਚ ਅਕਾਲੀ ਬਣਾ ਕੇ ਜਿਤਾਂਦੇ ਹੋ। ਅਸੈਂਬਲੀਆਂ ਵਿਚ ਉਹ ਕਾਂਗਰਸੀ ਬਣ ਕੇ ਬੈਠੇ ਹੁੰਦੇ ਹਨ। ਅਸੀਂ ਕਿਸ ਨਾਲ ਜਾਈਏ।

ਮਹਾਰਾਜ ਜੀ ਨੇ ਦੱਸਿਆ : ਜਦੋਂ ਸ੍ਰੀ ਪ੍ਰਭੂ ਦੱਤ ਬ੍ਰਹਮਚਾਰੀ ਨੇ ਗਊ ਰੱਖਿਆ ਬਾਰੇ ਮਰਨ ਵਰਤ ਰਖਿਆ ਸੀ, ਓਦੋਂ ਵਿਨੋਬਾ ਜੀ ਚੁੱਪ ਰਹੇ। ਇਹ ਵਰਤ ਤਾਂ ਇਕ ਸਟੰਟ ਹੀ ਸੀ।

ਸਤਿਗੁਰੂ ਜੀ ਨੇ ਆਗਿਆ ਕੀਤੀ ਕਿ ਸਕੱਤਰ ਦੁਆਰਾ ਚਿੱਠੀ ਲਿਖਾਂ ਕੇ ਸ੍ਰੀ



Sri Satguru Jagjit Singh Ji Elibrary NamdhariElibrary@gmail.com

ਖਿਲਕਾ ਨੂੰ ਭੇਜੀ ਜਾਵੇ ਕਿ ਅਸੀਂ ਹੋਰ ਹਰ ਤਰ੍ਹਾਂ ਮਦਦਗਾਰ ਹਾਂ ਪਰ ਪ੍ਰਧਾਨਗੀ ਸਾਡੇ ਕੰਮ ਦੀ ਸ਼ੈ ਨਹੀਂ ।

**ਕਵੀਓ ਵਾਚ**

ਹੋਲਿਆਂ ਅਤੇ ਮੇਲਿਆਂ ਸਮੇਂ ਮੈਂ ਬਾਹਲਾ ਸਮਾਂ ਸਤਿਗੁਰਾਂ ਪਾਸ ਨਹੀਂ ਰਹਿੰਦਾ। ਆਪ ਜੀ ਨੂੰ ਮਿਲਣ ਵਾਲੇ ਵੀ ਵਧੇਰੇ, ਕੰਮ ਵੀ ਵਧੇਰੇ ਅਤੇ ਆਰਾਮ ਦੀ ਵੀ ਜ਼ਰੂਰਤ ਹੁੰਦੀ ਹੈ ਸੁ ਇਹਨੀ ਦਿਨੀਂ ਜੋ ਕੁਝ ਮੈਨੂੰ ਤੁਰਦਾ ਫਿਰਦਾ ਲਭ ਜਾਂਦਾ ਹੈ, ਉਹ ਸੰਭਾਲ ਲੈਂਦਾ ਹਾਂ । ਮੈਨੂੰ ਆਪ ਵੀ ਇਹਨੀਂ ਦਿਨੀਂ ਆਪਣੇ ਸੱਜਣਾਂ, ਮਿੱਤਰਾਂ, ਹਮਜੋਲੀਆਂ ਅਤੇ ਹੋਰ ਗੁਰੂ ਕੇ ਪ੍ਰੇਮੀਆਂ ਨਾਲ ਮਿਲਣ ਦਾ ਲਾਲਚ ਹੁੰਦਾ ਹੈ। ਸੋ ਮਨ ਕਰ ਕੇ ਨੇੜੇ ਰਹਿੰਦਿਆਂ ਵੀ ਸਮਾਂ ਦੁਰਾਡੀ ਵਿਚ ਬੀਤਦਾ ਹੈ ।

## ਹੋਲਾ ਮੇਲਾ 1979

## 14 ਮਾਰਚ, ਬੁੱਧ ਵਾਰ
## ਸ੍ਰੀ ਭੈਣੀ ਸਾਹਿਬ

**ਆਸਾ ਦੀ ਵਾਰ**

ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਦਲੀਪ ਸਿੰਘ, ਸੰਤ ਨਗਰ ਦੇ ਜਥੇ ਨੇ ਵਾਰਾਂ ਢੰਗ ਅਨੁਸਾਰ ਕੀਤਾ । ਹਰੀ ਮੰਦਰ ਦੇ ਬਾਹਰ ਕਨਾਤਾਂ ਲਾ ਕੇ ਬੰਦ ਕੀਤੇ ਹੋਏ ਸਨ । ਸਤਿਗੁਰੂ ਜੀ ਦਾ ਵਿਛੌਣਾ ਅਤੇ ਆਸਣ ਅੰਦਰਲੇ ਪਾਸੇ ਹੀ ਪੂਰਬ ਮੁਖ ਕੀਤਾ ਹੋਇਆ ਸੀ । ਬਾਕੀ ਬੀਬੀਆਂ, ਸੌਂਜੇ ਪੂਰਬ, ਸੂਬੇ, ਸੰਤ, ਮਹੰਤ ਅਤੇ ਸੰਪਤੀ ਸਿੰਘ ਸਤਿਗੁਰੂ ਜੀ ਦੇ ਆਸਣ ਦੇ ਦੋਹੀਂ ਪਾਸੀਂ ਸਨ । ਬੰਦ ਦੇ ਘੇਰੇ ਵਿਚ ਸ੍ਰੀ ਮਹਾਰਾਜ ਜੀ, ਠਾਕੁਰ ਉਦੇ ਸਿੰਘ ਜੀ, ਸੰਤ ਮਹਿੰਦਰ ਸਿੰਘ ਪੂਰਬਾ, ਸੇਠ ਰਣਜੋਧ ਸਿੰਘ, ਸੇਠ ਸਪੁੱਤਰ ਸ਼ੇਰ ਸਿੰਘ—ਪਰਮ ਸਿੰਘ, ਸੇਠ ਚੰਦ੍ਹਾਸ, ਪੰ: ਗੋਪਾਲ ਸਿੰਘ, ਸੇਠ ਕਿਰਪਾਲ ਸਿੰਘ ਡਾਲਟਨ ਗੰਜ, ਸੰਤ ਬਚਨ ਸਿੰਘ ਢੂੰਪ, ਮੈਂਬਰ ਹਰਬੰਸ ਸਿੰਘ ਸੰਤ ਨਗਰ, ਬਲਦੇਵ ਸਿੰਘ ਠਾਕਰੀ ਆਦਿ ।

ਬਸੰਤ ਦਾ ਸ਼ਬਦ ਪੜ੍ਹ ਕੇ 6.20 ਤੇ ਸਵੇਰੇ ਭੋਗ ਪਾ ਦਿਤਾ ਗਿਆ, ਪੰਡਿਤ ਗੋਪਾਲ ਸਿੰਘ ਹੁਰਾਂ ਅਰਦਾਸ ਕਰ ਕੇ ਫਿਰ ਸੰਗਤ ਨੂੰ ਸੰਬੋਧਨ ਕੀਤਾ ।

**ਪੰਡਿਤ ਗੋਪਾਲ ਸਿੰਘ:**

—ਅੱਜ ਚੇਤ ਦੇ ਮਹੀਨੇ ਦੀ ਸੰਗਰਾਂਦ ਹੈ ਅਰਥਾਤ ਅੱਜ ਸਵੇਰ ਤੋਂ ਚੇਤ ਦਾ ਮਹੀਨਾ ਪਰਾਰੰਭ ਹੁੰਦਾ ਹੈ :

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ।...
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ।

ਅਫ਼ਸੋਸ ਇਸ ਗੱਲ ਦਾ ਹੈ ਕਿ ਕਥਾ ਤਾਂ ਸਾਰੇ ਗੁਰਦੁਆਰਿਆਂ ਵਿਚ ਕੀਤੀ ਜਾਂਦੀ ਹੈ ਕਿ ਜੋ ਮੈਨੂੰ ਪ੍ਰਭੂ ਮਿਲਾਏ, ਮੈਂ ਉਹਦੇ ਪੈਰੀਂ ਲੱਗਾਂ । ਪਰ ਦੂਜੇ ਪਾਸੇ ਸਿੱਖਾਂ



Sri Satguru Jagjit Singh Ji Elibrary NamdhariElibrary@gmail.com

ਵਿਚ ਪੈਰੀਂ ਪੈਣ ਦੀ ਪ੍ਰਥਾ ਖ਼ਤਮ ਕਰਨ ਦੇ ਜਤਨ ਕੀਤੇ ਜਾਂਦੇ ਹਨ। ਪੈਰ ਢੋਲਕੀ ਜਾਂ ਪੁਸਤਕਾਂ ਦੇ ਨਹੀਂ ਹੁੰਦੇ। ਇਸ ਗੱਲ ਨੂੰ ਗਲਤ ਰੰਗ ਵਿਚ ਪੇਸ਼ ਕੀਤਾ ਜਾਂਦਾ ਹੈ।

—ਦੂਸਰੇ, ਅੱਜ ਦੇ ਦਿਨ ਵਡਭਾਗ ਸਿੰਘ ਜੀ ਦਾ ਜਨਮ ਹੋਇਆ ਹੈ। ਇਹ ਗੁਰੂ ਅੰਸ਼ ਵਿਚੋਂ ਸਨ ਜਿਵੇਂ, ਬਾਬਾ ਗੁਰਦਿੱਤਾ—ਧੀਰ ਮਲ—ਬਿਹਾਰ ਚੰਦ—ਰੰਜਨ ਰਾਇ—ਬਿਕ੍ਰਮ ਸਿੰਘ ਅਤੇ ਇਹਨਾਂ ਦੇ ਪੁੱਤਰ ਵਡਭਾਗ ਸਿੰਘ ਜੀ ਹੋਏ। ਪਹਾੜਾਂ ਵਿਚ ਡੇਰਾ ਬਾਬਾ ਵਡਭਾਗ ਸਿੰਘ ਭੂਤਨੇ ਭੂਤਨੀਆਂ ਕੱਢਣ ਦਾ ਡੇਰਾ ਹੈ। ਵਡਭਾਗ ਸਿੰਘ ਜੀ ਦਾ ਦੇਹਾਂਤ 1819 ਬਿਕ੍ਰਮੀ ਸੰਮਤ ਵਿਚ ਹੋਇਆ।

—ਸਾਡੇ ਵਿਚੋਂ ਕਈ ਡੋਲਦੇ ਚਿੱਤ ਵਾਲੇ ਵਡਭਾਗ ਸਿੰਘ ਜੀ ਦੇ ਡੇਰੇ ਵੀ ਹੋ ਆਉਂਦੇ ਹਨ : ਜਾਕਾ ਠਾਕੁਰ ਊਚਾ ਹੋਈ। ਸੋ ਜਨ ਪਰ ਘਰ ਜਾਤ ਨ ਸੋਹੀ।

—1857 ਬਿ: ਵਿਚ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਇਆ।

—ਪਰਸੋਂ, ਸ਼ਾਮ 6 ਕੁ ਵਜੇ ਤਕ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜਨਮ ਹੋਇਆ।

—ਅਗਿਆਨੀ ਪੁਰਸ਼, 'ਗਜੇ ਪੁਰਸ਼ ਜੋਧੇ, ਧਰੇ ਨੀਲ ਭੇਸਾ।' ਦਾ ਅਰਥ ਕਰਦੇ ਹਨ, ਗੱਜਣਗੇ ਜੋਧੇ ਪੁਰਸ਼ ਅਤੇ ਨੀਲੇ ਕਪੜੇ ਪਾਉਣਗੇ। ਪਰ, ਅਸਲ ਅਰਥ ਹਨ, ਜੋਧੇ ਪੁਰਸ਼ ਗੱਜਣਗੇ ਅਤੇ ਨੀਲ ਧਾਰੀ ਅਰਥਾਤ ਮੁਸਲਮਾਨਾਂ ਨੂੰ ਖ਼ਤਮ ਕਰਨ ਗੇ।

—ਅੱਜ ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਮਹੱਲਾ ਖੇਡ ਕੇ ਮਸਨੂਈ ਲੜਾਈ ਦੀ ਜਾਚ ਦੱਸੀ, ਤਾਕਿ ਮੁਗਲ ਹਕੂਮਤ ਨਾਲ ਟੱਕਰ ਲਈ ਜਾ ਸਕੇ। ਸਤਿਗੁਰੂ ਜੀ ਮਹੱਲਾ ਕੱਢਦੇ ਸਨ।

—ਅੱਜ ਚੇਤ ਵਦੀ ਪਹਿਲੀ ਹੈ। ਅਰਥਾਤ ਦੇਸੀ ਸਾਲ ਦੇ ਪਹਿਲੇ ਮਹੀਨੇ ਦਾ ਪਹਿਲਾ ਦਿਨ।

—ਕੈ ਨਾਸਨਿ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ।

ਸਿਮਰਨ ਕਰਨ ਵਾਲੇ ਕਰੀਬ ਕਰੀਬ ਨਾਮਧਾਰੀਆਂ 'ਚੋਂ ਵੀ ਘਟ ਗਏ ਹਨ।

—ਬੀਤਿਆ ਕੱਲ੍ਹ ਗੁਰੂ ਬਾਲਕ ਸਿੰਘ ਜੀ ਦਾ ਜਨਮ ਦਿਨ ਸੀ।

**ਸੰਤ ਸਨਖਤਰਾ**

ਫਿਰ ਸੰਤ ਆਤਮਾ ਸਿੰਘ ਸਨਖਤਰਾ ਨੇ ਚੰਦ ਸ਼ਬਦ ਆਖੇ। ਅੱਜ ਦੇ ਦਿਨ ਨੂੰ ਤ੍ਰਿਵੈਣੀ ਨਾਲ ਤੁਲਨਾ ਦਿਤੀ : ਅੱਜ ਚੰਦ੍ਰ ਗ੍ਰਹਿਣ ਹੈ। ਸਤਿਗੁਰੂ ਜੀ ਦੇ ਦਰਸ਼ਨ ਹਨ ਅਤੇ ਇਹ ਦੋਵੇਂ ਗੱਲਾਂ ਮਹਾਨ ਤੀਰਥ ਸ੍ਰੀ ਭੈਣੀ ਸਾਹਿਬ ਵਿਖੇ ਹਨ। ਇਸ ਲਈ ਇਹ ਤ੍ਰਿਵੈਣੀ ਹੈ।

—ਸਿੱਖ ਬੱਚਿਆਂ ਦੇ ਸਿਰਾਂ ਤੇ ਪਾਈਆਂ ਟੋਪੀਆਂ ਅਤੇ ਨੀਲੇ ਰੰਗ ਦੇ ਕਪੜੇ ਗੁਰਮਤ ਵਿਚ ਅਯੋਗ ਦੱਸੇ ਗਏ ਹਨ। (ਭਾਵੇਂ ਇਸ ਮੌਕੇ ਨਾ ਨਾਮਧਾਰੀ ਸੰਗਤ ਵਿਚ ਕਿਸੇ ਬੱਚੇ ਦੇ ਸਿਰ ਤੇ ਟੋਪੀ ਸੀ ਅਤੇ ਨਾ ਨੀਲੇ ਕਪੜੇ, ਜਾਪਦਾ ਹੈ ਉਹ ਗੱਲ ਕਿਸੇ ਹੋਰ ਨੂੰ ਕਹੀ ਗਈ।) ਸੰਤ. ਸਨਖਤਰਾ ਨੇ ਕਿਹਾ, ਮੈਂ ਬਾਹਾਂ ਖੜੀਆਂ ਨਹੀਂ



Sri Satguru Jagjit Singh Ji Elibrary NamdhariElibrary@gmail.com

ਕਰਵਾਦਾ ਪਰ ਆਪਣੇ ਅੰਦਰੋਂ ਪ੍ਰਣ ਕਰੋ ਕਿ ਨੀਲ ਤੇ ਟੋਪੀਆਂ ਦੀ ਵਰਤੋਂ ਨਹੀਂ ਕਰਨੀ ।

## ਜਥੇਦਾਰ ਦਲੀਪ ਸਿੰਘ

ਇਸ ਮੌਕੇ ਜਥੇਦਾਰ ਦਲੀਪ ਸਿੰਘ ਨੇ ਵੀ ਸੰਖੇਪ ਜਿਹੀ ਤਕਰੀਰ ਕੀਤੀ ਜਿਸ ਦਾ ਭਾਵ ਇਹ ਸੀ ਕਿ ਨਾਮਧਾਰੀ ਜੋ ਕੁਝ ਮੰਗਣ ਆਪਣੇ ਘਰੋਂ, ਗੁਰੂ ਘਰੋਂ ਮੰਗਣ, ਹੋਰ ਥਾਵਾਂ ਦੀ ਝਾਕ ਨਾ ਰਖਣ । 'ਜੇ ਦੂਜੇ ਥਾਵਹੁ ਮੰਗੀਐ ਤਾਂ ਲਾਜ ਮਰਾਈਐ ।'

7.30 ਵਜੇ ਅੱਜ ਪ੍ਰਥਮ ਦੀਵਾਨ ਦੀ ਸਮਾਪਤੀ ਹੋ ਗਈ ।

—ਜਥੇਦਾਰ ਸੇਵਾ ਸਿੰਘ ਮੰਡੀ ਅਤੇ ਜਥੇਦਾਰ ਕਰਤਾਰ ਸਿੰਘ ਥਿਜਲੀਵਾਲ ਅੱਜ ਦਿਨ ਵੇਲੇ, ਹੌਲੇ ਦੇ ਦੀਵਾਨ ਸਜਾਣਗੇ ।

—ਸੰਤ ਕਰਨੈਲ ਸਿੰਘ ਨੇ ਇਕ ਲੰਮੀ ਚੌੜੀ ਨਾਵਾਂ ਦੀ ਫਹਿਰਿਸਤ ਪੜ੍ਹੀ ਜਿਨ੍ਹਾਂ ਨੇ ਅੱਜ ਸਤਿਗੁਰਾਂ ਦੀ ਕੋਠੀ ਵਿਚ ਇਕੱਤਰ ਹੋਣਾ ਸੀ । ਮੈਨੂੰ ਦੱਸਿਆ ਗਿਆ ਕਿ ਨਾਮਧਾਰੀ ਦਰਬਾਰ ਨੇ ਹਰੇਕ ਨਾਮਧਾਰੀ ਤੋਂ 100-100 ਰੁਪਿਆ ਗੁਰਦੁਆਰਾ ਫੰਡਾਂ ਲਈ ਇਕੱਤਰ ਕੀਤਾ ਹੈ ।

## ਗੁਰੂ ਕਾ ਨਿਵਾਸ

ਭੈਣੀ ਸਾਹਿਬ, ਰਾਮ ਸਰੋਵਰ ਖੇਤਰ ਵਿਚ ਪਰਵੇਸ਼ ਦੇ ਨੇੜੇ ਹੀ ਲਹਿੰਦੇ ਪਾਸੇ, ਬਣ ਰਹੇ ਗੁਰੂ ਕੇ ਨਿਵਾਸ ਦੇ ਉਸਰਈਏ ਸੰਤ ਖਜ਼ਾਨ ਸਿੰਘ ਖਾਰੇ (ਦਿੱਲੀ) ਵਾਲੇ ਨੇ ਮੈਨੂੰ ਦੱਸਿਆ ਕਿ ਇਸ ਮਕਾਨ ਦੀਆਂ ਨੀਹਾਂ ਤਾਂ ਭਰਵਾਈਆਂ ਸ. ਸੁਰਿੰਦਰ ਸਿੰਘ ਮਨਚੰਦਾ (ਦਿੱਲੀ), ਪਰ ਹੁਣ ਇਹ ਗੁਰੂ ਕੇ ਨਿਵਾਸ ਲਈ ਤਿਆਰ ਹੋ ਰਿਹਾ ਹੈ । ਇਹ ਟੋਕੀ ਦਫਤਰ ਦਾ ਨਕਸ਼ਾ ਉਸ ਨੇ ਨੀਲੋਂ ਦੇ ਪੁਲ ਦੇ 'ਟੂਰਿਸਟ ਰੈਸਟੋਰਟ' ਜੈਸਾ ਹੀ ਬਣਵਾ ਕੇ ਲਿਆਂਦਾ ਸੀ, ਤਾਕਿ ਇਹ ਜਗਾਹ ਉਹੋ ਜੇਹੀ ਬਣੇ । ਪਰ ਕੰਮ ਚੱਲ ਨਹੀਂ ਸੀ ਰਿਹਾ । ਸ. ਮਨਚੰਦਾ ਦੀ ਬੇਧਿਆਨੀ ਅਤੇ ਘਸਾਰਾ ਪਿਆ ਵੇਖ, ਮਾਤਾ ਚੰਦ ਕੌਰ ਜੀ ਨੇ ਇਹ ਸਭ ਕੁਝ ਆਪਣੇ ਪੱਲੇ ਪਾ ਉਸਾਰੀ ਦੀ ਤਿਆਰੀ ਸ਼ੁਰੂ ਕਰ ਦਿਤੀ । ਹੁਣ ਇਹ ਸੌਣ ਸੈੱਟ ਬਾਥਰੂਮ ਆਦਿ ਨਾਲ ਤਿਆਰ ਹਨ । ਇਸ ਵੇਲੇ ਇਹ ਗੁਰੂ ਪਰਵਾਰ ਦੀਆਂ ਲੋੜਾਂ ਅਨੁਸਾਰ ਹੈ । ਮਾਤਾ ਜੀ ਨੇ ਕੁਝ ਵਾਧਾ ਕਰਵਾਇਆ ਹੈ । ਸਤਿਗੁਰਾਂ ਦੀ ਇੱਛਾ ਅਨੁਸਾਰ ਕੋਲ ਸੇਵਕਾਂ ਲਈ ਕੁਆਰਟਰ ਵੀ ਉਸਾਰੇ ਗਏ ਹਨ । ਇਹ ਸਤਿਗੁਰੂ ਜਾਣੇ ਕਿ ਇਸ ਵਿਚ ਕਿਨ ਰਹਿਣਾ ਹੈ ਤੇ ਕਦੋਂ ਰਹਿਣਾ ਹੈ । ਖਜ਼ਾਨ ਸਿੰਘ ਖਾਰਾ ਹੁਰਾਂ ਦੱਸਿਆ ਕਿ ਇਸ ਉਸਾਰੀ ਵਿਚ ਨਿਰੰਤਰ ਮਦਦਗਾਰ ਸੰਤ ਬਲਵੰਤ ਸਿੰਘ ਲੁਹਾਰਾਂ (ਜਲੰਧਰ) ਵਾਲੇ ਰਹੇ ਹਨ । ਬਾਕੀ ਦੇ ਸੱਜਣ ਸਮੇਂ ਸਮੇਂ ਸਿਰ ਹੀ ਸਹਾਇਕ ਹੁੰਦੇ ਰਹੇ ਗਏ ।

ਸੰਤ ਖਜ਼ਾਨ ਸਿੰਘ ਖਾਰਾ ਨੇ ਦੱਸਿਆ ਕਿ ਮਸਤਾਨਗੜ੍ਹ (ਸਰਸਾ) ਕੋਠੀ ਵੀ ਇਹਨਾਂ ਦੇ ਹੱਥੀਂ ਹੀ ਉਸਰੀ ਹੈ, ਉਸ ਵਿਚ ਪੌਣੇ ਤਿੰਨ ਸਾਲ ਇਹਨਾਂ ਸੇਵਾ ਕੀਤੀ ਹੈ । ਅੱਜ ਤਾਵੇਂ ਉਸ ਕੋਠੀ ਵਿਚ ਕਿਸੇ ਦੀ ਵੀ ਵਸੋਂ ਨਹੀਂ ।



Sri Satguru Jagjit Singh Ji Elibrary NamdhariElibrary@gmail.com

## ਸੰਤ ਖਜ਼ਾਨ ਸਿੰਘ ਰਾਗੀ

ਖਾਰੇ ਵਾਲੇ ਖਜ਼ਾਨ ਸਿੰਘ ਜੀ ਨਾਲ ਵਾਰਤਾਲਾਪ ਪਿਛੋਂ ਦੂਜੇ ਖਜ਼ਾਨ ਸਿੰਘ ਮਿਲ ਪਏ, ਖਜ਼ਾਨ ਸਿੰਘ ਰਾਗੀ । ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ ਹਜ਼ੂਰੀ ਰਾਗੀ ਹਨ : ਸੰਤ ਦਰਸ਼ਨ ਸਿੰਘ, ਸੰਤ ਖਜ਼ਾਨ ਸਿੰਘ ਤਬਲਾਵਾਦਕ । ਸੰਤ ਦਰਸ਼ਨ ਸਿੰਘ, ਪਿਛਲੇ ਦੋ ਤਿੰਨ ਸਾਲ ਤੋਂ ਕੀਰਤਨ ਕਰਨ ਦੇ ਕਾਬਿਲ ਨਹੀਂ ਰਹੇ, ਬਿਮਾਰ ਹੋਣ ਕਰਕੇ । ਉਹਨਾਂ ਦਾ ਲੜਕਾ, ਖਜ਼ਾਨ ਸਿੰਘ ਜੀ ਦਾ ਭਤੀਜਾ, ਹਰਬੰਸ ਸਿੰਘ ਘੁੱਲਾ ਹੁਣ ਕੀਰਤਨ ਕਰਦਾ ਹੈ । ਅੱਜ ਕੱਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਰਾਗੀ ਦੇ ਤੌਰ ਤੇ ਇਹੋ ਕੀਰਤਨ ਕਰਦੇ ਹਨ ।

ਖਜ਼ਾਨ ਸਿੰਘ ਤਬਲੇ ਦੇ ਕੀਰਤਨੀ ਢੰਗ ਦੇ ਮਾਸਟਰ ਹਨ । ਉਹਨਾਂ ਨੂੰ ਪਤਾ ਹੈ, ਕਦੋਂ ਕਿਹੜੀ ਗਤ ਵਜਾਣੀ ਹੈ ਅਤੇ ਜਦੋਂ ਕਿਤੇ ਹੋਰ ਵੀ ਸੁਆਦ ਬਣਾਉਣ ਖ਼ਾਤਰ ਘੁੰਘਰੀਆਂ, ਘੁੰਘਰੀਆਂ ਦੀ ਖੂੰਟੀ ਅੰਗੂਠੀ ਵਿਚ ਅੜਾਅ ਪੂਰਾ ਵਜਾਂਦੇ ਹਨ ਤਾਂ ਹਰ ਸਰੋਤੇ ਦਾ ਮਨ ਨਚ ਉੱਠਦਾ ਹੈ । ਖਜ਼ਾਨ ਸਿੰਘ ਤਬਲਾਵਾਦਨ ਨਾਲ ਭਰਪੂਰ ਆਵਾਜ਼ ਵਿਚ ਗਾਉਂਦੇ ਵੀ ਹਨ । ਨਿਤਨੇਮ ਭਜਨ ਬਾਣੀ ਵੀ ਕਰਦੇ ਹਨ । ਅਤੇ ਸ਼ਰਾਰਤਾਂ ਵੀ ਪੁੱਜ ਕੇ ਕਰਦੇ ਹਨ । ਗੱਲ ਗੱਲ ਤੇ ਸ਼ਰਾਰਤ, ਵੰਨਸੁਵੰਨੇ ਨਖ਼ਰੇ ਇਹਨਾਂ 'ਚੋਂ ਇਉਂ ਫੁਟਦੇ ਹਨ ਜਿਵੇਂ ਫੁਹਾਰੇ ਵਿਚੋਂ ਜਲ ਫੁਹਾਰਾਂ । ਇਹਨਾਂ ਨਾਲ ਰਹਿਣ ਦਾ ਅਰਥ ਹੈ ਹੱਸਦੇ ਰਹਿਣਾ, ਪ੍ਰਸੰਨਤਾ ਮਾਣਨੀ ਅਤੇ ਬੇਫ਼ਿਕਰ ਰਹਿਣਾ ।

ਉਦਾਹਰਣ ਅਰਥ ਮੈਂ ਅੱਜ ਦੀ ਗੱਲ ਬਾਤ ਨੂੰ ਨੋਟ ਕਰਦਾ ਹਾਂ । ਲੁਧਿਆਣਾ ਸ਼ਹੀਦੀ ਮੇਲੇ ਸਮੇਂ ਮੈਂ ਇਕ ਫੋਟੋ ਲਈ ਜਿਸ ਵਿਚ ਪੁੱਤਰੇ ਨਾਲ ਖਲੋਤਿਆਂ ਇਹਨਾਂ ਅੱਖਾਂ ਮੀਟ ਲਈਆਂ । ਕੇਸ ਦਾੜ੍ਹੀ ਪੂਰੀ ਤਰ੍ਹਾਂ ਖਿਲਾਰ ਲਏ, ਵਾਲ ਕੁਲ ਸਫ਼ੈਦ ਹਨ । ਅੱਖਾਂ ਵਿਚ ਸ਼ਰਾਰਤ ਜਵਾਨੀ ਵਾਲੀ ਹੈ । ਮੈਂ ਇਹਨਾਂ ਦੇ ਡੇਰੇ ਗਿਆ । ਬੀਕਾਨੇਰ ਦੌਰੇ ਦਾ ਹਾਲ ਪੁੱਛਿਆ । ਇਹਨਾਂ ਜਿਵੇਂ ਦੱਸਿਆ ਜ਼ਰਾ ਤੁਸੀਂ ਵੀ ਸੁਣ ਲਓ, ਇਹਨਾਂ ਦੇ ਆਪਣੇ ਸ਼ਬਦਾਂ ਵਿਚ ਹੀ :

"ਮੈਨੂੰ ਤਾਂ ਦੌਰਾ ਵੈਸੇ ਹੀ ਚੰਗਾ ਲਗਿਆ । ਖਾਣ ਪੀਣ ਨੂੰ ਤਾਂ ਵਾਹਵਾ ਕੁਝ ਮਿਲਦਾ ਸੀ । ਬਾਕੀ ਇਹ ਸੀ : ਆਓ ਜੀ, ਭਾਈਆ ਜੀ, ਚੱਲੋ ਜੀ, ਲਾਲਾ ਜੀ, ਹੋਂ ਹੋਂ ਜੀ, ਹੂੰ ਹੂੰ ਜੀ, ਰਾਜੀ ਜੀ ਰਾਜੀ । ਏਨਾ ਜ਼ਰੂਰ ਕੰਮ ਸੀ । ਬਾਕੀ ਠੰਢ ਬੜੀ ਸੀ । ਪੀਣ ਨੂੰ ਪਾਣੀ 'ਸੂਟ' ਹੀ ਸੀ ਨਹਾਉਣ ਨੂੰ ਵੀ ਨਹਿਰ ਦਾ, ਪੀਣ ਨੂੰ ਵੀ ਨਹਿਰ ਦਾ । ਉਹ ਸੂਟ ਹੀ ਬਣਿਆ ਸੀ ਪਾਣੀ ਦਾ । ਉਹਦੇ ਨਾਲ ਆਵਾਜ਼ ਵੀ ਖ਼ਰਾਬ ਹੋ ਗਈ । ਸਿਹਤਾਂ ਬਿਲਕੁਲ ਡਾਊਨ ਹੋ ਗਈਆਂ । ਸਰੀਰ ਰਿਸ਼ਟ ਪੁਸ਼ਟ ਹੋ ਗਏ । ਹਾਇੰ ਜੀ, ਤਕਲੀਫ਼ ਦਾ ਕੋਈ ਅੰਤ ਨਹੀਂ । ਸੁਖ ਬਣਿਆ ਰਿਹਾ । ਇਸ ਵਾਸਤੇ ਉਹ ਦੌਰਾ ਚੰਗਾ ਰਿਹਾ । ਅਜੇ ਤਕ ਉਹਦੀ ਥਕਾਨ ਨਹੀਂ ਗਈ । ਮੇਲਾ ਹੋਲਾ ਨਿਕਲ ਜਾਇਗਾ । ਫੇਰ ਦਸ ਦਿਨ ਆਰਾਮ ਕਰਾਂਗੇ । ਫਿਰ ਉਹ ਦੌਰਾ ਅੰਦਰੋਂ ਜਾਏਗਾ । ਅਜੇ ਦੌਰਾ ਪਿਆ ਹੀ ਹੋਇਆ ਹੈ ।"

ਸੁਖ ਨਾਲ ਇਹ ਸੱਜਣ ਅਜੇ 65 ਸਾਲਾਂ ਦੇ ਹਨ ।



Sri Satguru Jagjit Singh Ji Elibrary NamdhariElibrary@gmail.com

ਫੇਰ ਭਤੀਜੇ ਘੁੱਲੇ ਨੇ ਇਕ ਘਟਨਾ ਸੁਣਾਈ : ਇਕ ਦਿਨ ਸਤਿਗੁਰਾਂ ਦੇ ਦੋ ਸੇਵਕ ਉਹਨਾਂ ਦੇ ਪਾਸ ਹੀ ਲੜ ਪਏ ਆਪੋ ਵਿਚ। ਇਸ ਲੜਾਈ ਦਾ ਤਮਾਸ਼ਾ ਵੇਖ ਬਾਬਾ ਜੀ ਨੇ ਕਿਹਾ : ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਦੇ ਦੋਵੇਂ ਘੋੜੇ ਦਿਲਬਾਗ਼ ਤੇ ਗੁਲਬਾਗ਼ ਪੰਦ੍ਹਰਵੀਂ ਪਾਤਸ਼ਾਹੀ ਪਾਸ ਸੇਵਕ ਰੂਪ ਵਿਚ ਆ ਗਏ ਹਨ।

## ਦਿੱਲੀ ਦਾ ਜਥਾ

ਸਾਡੀ ਇਸ ਗੱਲਬਾਤ ਦੇ ਦੌਰਾਨ ਦਿੱਲੀ ਦੇ ਸਿੰਘਾਂ ਦਾ ਇਕ ਤਕੜਾ ਜਥਾ ਸੰਤ ਸੇਵਾ ਸਿੰਘ ਜਥੇਦਾਰ ਅਤੇ ਸੰਤ ਗੁਰਦੀਪ ਸਿੰਘ ਜਥੇਦਾਰ ਦੀ ਅਗਵਾਈ ਵਿਚ ਸ਼ਬਦ ਪੜ੍ਹਦਾ ਹੋਇਆ ਸਤਿਗੁਰੂ ਜੀ ਦੇ ਦੁਆਰ ਵਲ ਵਧ ਰਿਹਾ ਸੀ। ਮਸਤੀ ਦਾ ਇਕ ਆਲਮ ! ਢੋਲਕ, ਛੈਣੇ, ਖੜਤਾਲਾਂ ਅਤੇ ਨਿਰਤ। ਧਾਰਨਾ ਗਾਂਦੀ ਜਾ ਰਹੀ ਸੀ : ਦਿਹ ਦਰਸ਼ਨ ਗੁਰ ਮੇਰੇ ਸੰਗਤਾਂ ਉਡੀਕਦੀਆਂ !

## ਠਾਕੁਰ ਦਲੀਪ ਸਿੰਘ ਜੀ

ਮੈਂ ਸਿਮ੍ਰਤੀ ਮੰਦਰ ਵਲ ਜਾ ਰਿਹਾ ਸਾਂ ਕਿ ਠਾਕੁਰ ਦਲੀਪ ਸਿੰਘ ਜੀ ਮਿਲੇ। ਉਹਨਾਂ ਰਾਇ ਮੰਗੀ : ਭਾਵੇਂ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਸਾਰੀ ਸੰਗਤ ਦੇ ਸਹਿਯੋਗ ਨਾਲ ਹੀ ਵਜੂਦ ਵਿਚ ਆ ਰਿਹਾ ਹੈ ਪਰ ਜੇ ਕਿਸੇ ਇਕੱਲੇ ਵਿਅਕਤੀ ਦਾ ਫ਼ਿਕਰ ਅਤੇ ਧਿਆਨ ਗਿਣਨਾ ਹੋਵੇ ਤਾਂ ਉਹ ਮਾਤਾ ਚੰਦ ਕੌਰ ਜੀ ਹਨ। ਉਹਨਾਂ ਦੀਆਂ ਫੋਟੋ ਲੈਣ ਲਈ ਕਈ ਵਾਰ ਸੋਚਿਆ ਹੈ। ਸੇਵਾ ਕਰਦਿਆਂ ਸੰਗਤਾਂ ਨਾਲ ਫੋਟੋ ਲੋੜੀਂਦੀਆਂ ਹਨ, ਪਰ ਉਹ ਸੁਹਾਂਦੇ ਨਹੀਂ, ਕਹਿੰਦੇ ਹਨ : ਕੀ ਕਰਨੀਆਂ ਹਨ, ਠੀਕ ਹਾਂ ਇੰਜ ਹੀ। ਪਰ ਮੇਰੀ ਸੱਧਰ ਹੈ, ਕਿਸੇ ਇੱਕੋ ਫੋਟੋ ਵਿਚ ਉਨ੍ਹਾਂ ਦੀ ਸੇਵਾ ਰੂਪਮਾਨ ਕਰਾਂ। ਕੀ ਖ਼ਿਆਲ ਹੈ ਜੇ ਉਨ੍ਹਾਂ ਦੇ ਹੱਥ ਵਿਚ ਟੋਕਰੀ ਅਤੇ ਟੋਕਰੀ ਵਿਚ ਸਿਮ੍ਰਤੀ ਮੰਦਰ ਦਾ ਆਕਾਰ ਹੋਵੇ ! ਮੈਨੂੰ ਉਨ੍ਹਾਂ ਦਾ ਇਹ ਸੰਯੋਜਨ ਅੱਛਾ ਲਗਿਆ। ਉਨ੍ਹਾਂ ਕਿਹਾ : ਮੈਂ ਇਕ ਫੋਟੋ ਬਣਾਣ ਦਾ ਜਤਨ ਕੀਤਾ ਹੈ, ਵੇਖਣਾ।

ਠਾਕੁਰ ਜੀ ਦੀ ਫੋਟੋਗ੍ਰਾਫ਼ੀ ਮੈਂ ਦੁਪਹਿਰੇ, ਉਨ੍ਹਾਂ ਦੇ ਡੇਰੇ ਦੇ ਸਤਿਗੁਰੂ ਜੀ ਵਾਲੇ ਚਰਨੀਆਂ ਵਿਚਲੇ ਕਮਰੇ, ਨੇੜੇ ਪੈਂਦੇ ਘਾਹ ਪਿੜੇ ਵਿਚ ਵੇਖੀ, ਜਿਥੇ ਲੁਭਾਵਨੇ ਫੁੱਲ ਖਿੜੇ ਸਨ। ਅੱਜਕੱਲ੍ਹ ਉਹ ਆਪਣੀ 'ਲੈਬ' ਵਿਚ ਹੀ ਫ਼ਿਲਮਾਂ ਦੀ ਧੋਣ ਧੁਆਈ ਅਤੇ ਪ੍ਰਿੰਟ ਆਦਿ ਕਰਦੇ ਹਨ। ਫੋਟੋ ਅਨੇਕਾਂ ਸਨ, ਮੋਰਾਂ ਦੀਆਂ, ਹਥੋਂ ਚੋਗਾ ਲੈਂਦੇ ਮੋਰ ਦੀਆਂ ਅਤੇ ਹੋਰ ਕਲਾਤਮਿਕ ਢੰਗ ਦੀਆਂ। ਇੰਜ ਹੀ ਇਕ ਫੋਟੋ ਮਾਤਾ ਜੀ ਦੇ ਹੱਥ ਚੁਕੀ ਟੋਕਰੀ, ਵਿਚ ਉਸਰਦੇ ਸਿਮ੍ਰਤੀ ਮੰਦਰ ਦੀ ਸ਼ਕਲ ਸੀ। ਇਹ ਵੇਖ ਮੈਂ ਉਨ੍ਹਾਂ ਨੂੰ ਰਾਇ ਦਿਤੀ : ਉਹਨਾਂ ਦਾ ਇਹ ਆਈਡੀਆ (ਖ਼ਿਆਲ) ਸੁੰਦਰ ਹੈ ਪਰ ਟੋਕਰੀ ਮਾਤਾ ਜੀ ਦੇ ਸਿਰ ਤੇ ਹੋਣੀ ਚਾਹੀਦੀ ਹੈ। ਇਸ ਨਾਲ ਮੰਦਰ ਦੀ ਸ੍ਰੇਸ਼ਟਤਾ, ਉਨ੍ਹਾਂ ਦੇ ਸੀਸ ਦੀ ਮਹਾਨਤਾ ਅਤੇ ਸੇਵਾ ਦੀ ਭਾਵਨਾ, ਅਤੇ ਮੂਲ ਵਿਚਾਰ ਕਿ ਉਨ੍ਹਾਂ ਦੀ ਸੇਵਾ ਨੇ ਅਹਿਮ ਰੋਲ ਅਦਾ ਕੀਤਾ ਹੈ, ਸਭ ਕੁਝ ਆਪ ਤੋਂ ਆਪ ਸਾਮਣੇ ਆਵੇਗਾ। ਇਕ ਗੱਲ ਹੋਰ, ਆਪਣੇ ਸਹੁਰਾ ਸਾਹਿਬ ਸਤਿਗੁਰਾਂ ਦੀ ਯਾਦ ਨੂੰ ਸਿਰ ਮੱਥੇ ਧਾਰ



Sri Satguru Jagjit Singh Ji Elibrary NamdhariElibrary@gmail.com

ਕ੍ਰਿਤੱਗਿਅਤਾ ਪ੍ਰਗਟਾਈ ਜਾਵੇਗੀ। ਅਤੇ ਏਸੇ ਤੋਂ ਪਤਾ ਲੱਗੇਗਾ ਕਿ ਮਾਤਾ ਜੀ ਦੇ ਧਿਆਨ, ਉੱਦਮ ਅਤੇ ਸੰਗਤਾਂ ਵਲ ਪਹੁੰਚ ਦੁਆਰਾ ਹੀ ਸਿਮ੍ਰਤੀ ਮੰਦਰ ਰੂਪਮਾਨ ਹੋ ਸਕਿਆ।

ਠਾਕਰ ਜੀ ਦਾ ਇਹ ਵਡੱਪਣ ਸੀ ਕਿ ਉਨ੍ਹਾਂ ਮੇਰੇ ਵਿਚਾਰ ਨੂੰ ਸਹਰਸ਼ ਪਰਵਾਨ ਕੀਤਾ।

## ਰੁਝੇਵੇਂ

ਮੇਲਿਆਂ ਹੋਲਿਆਂ ਦੇ ਦਿਨੀਂ ਸ੍ਰੀ ਸਤਿਗੁਰੂ ਜੀ ਬੜੀ ਮੁਸ਼ਕਲ ਨਾਲ ਹੀ ਆਪਣੇ ਆਰਾਮ ਲਈ ਸਮਾਂ ਕੱਢ ਪਾਉਂਦੇ ਹਨ। ਅੱਜਕੱਲ੍ਹ ਦੀਵਾਨਾਂ ਤੋਂ ਅਗੇਤ ਪਿਛੇਤ ਦੇ ਸਮੇਂ ਵਿਚ ਆਪ ਜੀ ਕੋਠੀ ਦੇ ਵਿਹੜਿਆਂ ਵਿਚ ਵਿਚਰਦੇ ਕਦੇ ਕਿਸੇ ਨਾਲ, ਕਦੇ ਕਿਸੇ ਨਾਲ, ਖਲੋ ਕੇ ਜਾਂ ਬੈਠ ਕੇ, ਵਿਹਾਰਕ, ਪਰਮਾਰਥਕ ਜਾਂ ਆਰਥਕ ਗੱਲਾਂ ਬਾਤਾਂ ਕਰਦੇ ਰਹਿੰਦੇ ਹਨ। ਬਾਰਾਂ ਕੁ ਵਜੇ ਨਾਲ, ਸਾਰੇ ਕੰਮਾਂ ਨੂੰ ਰਫ਼ਾ ਦਫ਼ਾ ਕੇ, ਇਸ਼ਨਾਨ ਕਰ ਕੇ ਪ੍ਰਸ਼ਾਦ ਛਕ ਕੇ ਥੋੜੇ ਸਮੇਂ ਲਈ ਅੱਖੀਆਂ ਮੀਟ ਪੈ ਜਾਂਦੇ ਹਨ।

## ਉਸਰਦਾ ਸਿਮ੍ਰਤੀ ਮੰਦਰ

ਅੱਜ ਪੌਣੇ ਬਾਰਾਂ ਵਜੇ ਮੈਂ ਸਿਮ੍ਰਤੀ ਮੰਦਰ ਨੂੰ ਵੇਖਣ ਗਿਆ। ਛੱਤ ਉਤੇ ਕੋਈ ਡੇਢ ਸੌ ਆਦਮੀ ਮਸਾਲੇ ਦੀਆਂ ਤਗਾਰੀਆਂ ਲਈ, ਲੋਹੇ ਦੇ ਬਣੇ ਛੱਤ-ਢਾਂਚੇ ਵਿਚ ਉਲੱਦੀ ਜਾ ਰਿਹਾ ਸੀ। ਸਾਰੇ ਸੇਵਾਦਾਰ ਵਿਅਕਤੀ ਚਿੱਟੇ ਚਿੱਟੇ ਕਪੜਿਆਂ ਵਿਚ ਅਤੇ ਹੱਸਦੇ-ਹੱਸਦੇ ਸੇਵਾ ਕਾਰਜ ਕਰ ਰਹੇ ਸਨ। ਕੋਈ ਵੱਡੀ ਗੱਲ ਨਹੀਂ ਜੇ ਹੋਲੇ ਦੇ ਖ਼ਤਮ ਹੋਣ ਤਕ ਮੰਦਰ ਦੀ ਛੱਤ ਅੱਧ ਤਕ ਮੁਕੰਮਲ ਹੋ ਜਾਵੇ।

## ਫੈਸਲਾ ਜੰਮੂ ਵਾਲਿਆਂ ਦਾ

ਵਾਪਸ ਆਉਂਦਿਆਂ ਚਰਨੀਆਂ ਵਾਲੇ ਬੂੰਗੇ ਵਲ ਠਾਕਰ ਜੀ ਔਂਦੇ ਮਿਲੇ। ਉਹਨਾਂ ਦੱਸਿਆ ਕਿ ਜੰਮੂ ਵਾਲੇ ਸ. ਕਰਤਾਰ ਸਿੰਘ (ਸਾਧਾ ਸਿੰਘ)-ਇਕਬਾਲ ਸਿੰਘ ਪੁਤਾਂ ਦਾ ਵਿਹਾਰਕ ਝਗੜਾ, ਪਿਛਲੇ ਮੇਲੇ ਸਮੇਂ ਵੀ ਵਿਚਾਰਿਆ ਗਿਆ ਸੀ, ਉਸ ਤੇ ਵਿਚਾਰ ਵਟਾਂਦਰਾ ਹੋ ਕੇ ਅੱਜ ਫੈਸਲਾ ਕਰ ਲਿਆ ਗਿਆ ਹੈ। ਅੱਜ ਇਹ ਫੈਸਲਾ ਦੂਹਾਂ ਧਿਰਾਂ ਨੂੰ ਸੁਣਾਇਆ ਜਾਣਾ ਹੈ। ਛੇ ਮਹੀਨਿਆਂ ਵਿਚ ਪੈਦਾ ਹੋਈਆਂ ਉਲਝਣਾਂ ਅਤੇ ਪਹਿਲੇ ਤਕਰਾਰ ਦਾ ਨਬੇੜਾ ਅੱਜ ਹੋ ਜਾਣਾ ਹੈ।

## ਫੁੱਲਾਂ ਦੇ ਸ਼ੌਕੀਨ

ਮੈਂ ਏਥੋਂ ਸਤਿਗੁਰਾਂ ਦੇ ਡੇਰੇ ਗਿਆ; ਜੋ ਚਰਨੀ ਖੇਤਰ ਵਿਚ ਹੀ ਸਥਿਤ ਹੈ। ਏਥੇ ਫੁੱਲਾਂ ਸਜੇ ਲਾਨ ਦੇ ਬਾਰਡਰ ਦੇ ਵਿਚਾਲੇ, ਸਣ ਵਿਛਾਈ ਮੂਧੇ ਮੂੰਹ ਲੇਟੇ ਠਾਕੁਰ ਉਦੇ ਸਿੰਘ ਜੀ ਧੁੱਪ ਤੇ ਨੀਂਦ ਦਾ ਮਜ਼ਾ ਮਾਣ ਰਹੇ ਸਨ। ਮੈਂ ਫੁੱਲਾਂ ਦੀਆਂ ਕਤਾਰਾਂ ਨਾਲ ਸਹਿਜੇ 2 ਕਦਮ ਪੁਟਦਾ ਉਨ੍ਹਾਂ ਦੀ ਖ਼ੂਬਸੂਰਤੀ ਅਤੇ ਹੁਸਨ ਆਤਮਸਾਤ ਕਰ ਰਿਹਾ ਸਾਂ ਕਿ ਮੈਨੂੰ ਸੰਤ ਬਸੰਤ ਸਿੰਘ ਬਾਜਵਾ, ਗੁਰੂ ਦੇ ਪ੍ਰੇਮੀ ਅਤੇ ਸੇਵਕ ਮਿਲੇ। ਉਨ੍ਹਾਂ ਮੈਨੂੰ



Sri Satguru Jagjit Singh Ji Elibrary NamdhariElibrary@gmail.com

ਦੱਸਿਆ : ਇਹਨਾਂ ਸਤਿਗੁਰਾਂ ਨੂੰ ਫੁੱਲਾਂ ਦਾ ਬੜਾ ਸ਼ੌਕ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ, ਇਕ ਵੇਰਾਂ ਇਹ ਬਿਮਾਰ ਸਨ। ਇਹਨਾਂ ਨੂੰ ਜੀਵਨ ਨਗਰ ਕੋਠੀ ਵਿਚ ਵੱਸੋਂ ਦਿਤੀ ਗਈ। ਇਹ ਪਹਾੜਾਂ ਤੋਂ ਆਏ ਸਨ, ਸਰਦੀਆਂ ਉਤਰ ਰਹੀਆਂ ਸਨ। ਇਹਨਾਂ ਮੈਨੂੰ ਹੁਕਮ ਦੇ ਕੇ ਕੋਠੀ ਦੇ ਇਹਤੇ ਦੁਆਲੇ ਫੁੱਲ ਲੁਆਏ! ਸਤਿਗੁਰੂ ਪ੍ਰਤਾਪ ਸਿੰਘ ਜੀ ਬਾਹਰੋਂ ਆਏ ਤਾਂ ਉਨ੍ਹਾਂ ਮੈਨੂੰ ਕੋਲ ਬੁਲਾ ਕੇ ਕਿਹਾ : ਇਹ ਵੱਡੇ ਬਾਵੇ ਹੀ ਲੁਆਏ ਹੋਣਗੇ! ਬਹੁਤ ਪ੍ਰਸੰਨ ਹੋਏ ਕੋਠੀ ਦਾ ਦੁਆਲਾ ਸੁੰਦਰ ਫੁੱਲਾਂ ਵਾਲਾ ਵੇਖ ਕੇ। ਜਿਨ੍ਹਾਂ ਫੁੱਲਾਂ ਨੂੰ ਤਕ ਤਕ ਤੁਸੀਂ ਹੁਣ ਗੁਆਚੇ ਹੋਏ ਹੋ, ਇਹ ਵੀ ਇਹਨਾਂ ਦੀ ਕਿਰਪਾ ਹੈ।

ਸੰਤ ਬਚਿੰਤ ਸਿੰਘ ਨੇ ਇਹ ਵੀ ਦੱਸਿਆ : ਜਿਸ ਜਗਾਹ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜੀਵਨ ਨਗਰ ਵਿਚ ਸਰੋਵਰ ਦੀ ਮਹਾਨਤਾ ਬਖ਼ਸ਼ੀ ਹੈ (ਅਰਥਾਤ ਜੀਵਨ ਸਰੋਵਰ) ਕਈ ਕਈ ਸਤਿਗੁਰੂ ਜਗਜੀਤ ਸਿੰਘ ਜੀ ਮੈਨੂੰ ਰਾਤ ਨੂੰ ਉਠਾ ਕੇ ਉਧਰ ਲੈ ਤੁਰਦੇ। ਰਾਤਾਂ ਦੀ ਇਕਾਂਤ ਵਿਚ, ਕਦੇ ਚੰਦ ਚਾਨਣੀ ਨਾਲ ਚਾਂਦੀ ਦੇ ਰੰਗ ਵਾਂਗ ਪਾਣੀ ਚਮਕਦਾ, ਕਦੇ ਅਨੇਰ੍ਹੀਆਂ ਰਾਤਾਂ ਵਿਚ ਸ਼ੀਸ਼ੇ ਦਾ ਅਕਸ ਲਗਦਾ, ਅਜਿਹੀ ਨਿਰਾਂਤ ਇਕਾਂਤ ਦਾ ਸੁਖ ਮਾਣਦਿਆਂ, ਸਰੋਵਰ ਦੁਆਲੇ ਵੀ ਮੈਥੋਂ ਫੁੱਲ ਲਗਵਾਏ। ਕਹਿੰਦੇ : ਹਰ ਜਗ੍ਹਾ ਫੁੱਲ ਲਗਾਣ ਦਾ ਉੱਦਮ ਜਾਰੀ ਰਹਿਣਾ ਚਾਹੀਦਾ ਹੈ।

## ਨਵੇਂ ਆਉਣ ਵਾਲੇ

ਫਿਰਦੇ ਤੁਰਦੇ ਮੈਨੂੰ ਸ. ਹਰਵਿੰਦਰ ਸਿੰਘ ਹੰਸਪਾਲ ਨਾਲ,ਇਕ ਸਰਦਾਰ ਜੀ ਮਿਲੇ। ਵਿਦੇਸ਼ ਵਿਚੋਂ ਆਏ ਲਗਦੇ ਸਨ। ਉਹਨਾਂ ਤਾਂ ਮੈਨੂੰ ਪਛਾਣ ਲਿਆ, ਬੜੇ ਤਪਾਕ ਨਾਲ ਮਿਲੇ ਪਰ ਮੈਂ 'ਕਿੰ ਕਰਤਵ ਵਿਮੂੜ' ਦੀ ਅਵਸਥਾ ਵਿਚ ਸਾਂ। ਇਹ ਸ. ਕੇਸਰ ਸਿੰਘ ਸਨ ਇੰਗਲੈਂਡ ਦੇ ਸ਼ਹਿਰ ਵੂਲਵਰ ਹੈਂਪਟਨ ਦੇ, ਸੰਤ ਜਗਿੰਦਰ ਸਿੰਘ ਚਿੱਟੀ (ਜਲੰਧਰ) ਵਾਲਿਆਂ ਦੇ ਸਪੁੱਤਰ, ਹੋਲੇ ਸਮੇਂ ਗੁਰੂ ਦਰਸ਼ਨਾਂ ਦਾ ਸੁਖ ਲੈਣ ਵਾਸਤੇ ਆਏ ਸਨ।

ਫੇਰ ਮੇਰੇ ਕੰਨੀਂ ਇਹ ਸੁਨੇਹਾ ਪਈ ਕਿ ਸਤਿਗੁਰੂ ਜੀ ਦੇ ਮਹਾਂ ਪ੍ਰੇਮੀ ਪਟਿਆਲੇ ਵਾਲੇ ਪ੍ਰੋ: ਕਿਰਪਾਲ ਸਿੰਘ ਕਸੇਲ ਆਪਣੇ ਸਹਾਇਕ ਅਵਤਾਰ ਸਿੰਘ ਨਾਲ ਆਏ ਹੋਏ ਹਨ। ਇਸ ਸਾਤਵਿਕ ਰਾਹੀ ਮਹਾ ਵਿਦਵਾਨ ਨੂੰ ਲੱਭ ਕੇ ਜਾ ਕੇ ਮਿਲਿਆ। ਉਹਨਾਂ ਦੱਸਿਆ ਕਿ ਉਹ ਕੇਵਲ ਗੁਰੂ ਕੇ ਦਰਸ਼ਨਾਂ ਦੀ ਇੱਛਾ ਰੱਖਦੇ ਹਨ, ਕਿਸੇ ਵੱਖਰੀ ਜਾਂ ਵਿਸ਼ੇਸ਼ ਮਿਲਣੀ ਦੀ ਨਹੀਂ। ਉਹਨਾਂ ਨਾਮ ਸਿਮਰਨ ਸਮੇਂ ਦਰਸ਼ਨ ਕੀਤੇ ਅਤੇ ਸ਼ਬਦ ਕੀਰਤਨ ਸਮੇਂ ਵਾਪਸ ਜਾਣ ਦੀ ਆਗਿਆ ਲੈ ਲਈ।

## ਬਾਣੀਵਾਣ !! (ਵਿਪਰੀਤਤਾ !)

1.30 ਤੋਂ 2.30 ਤਕ ਸੰਤ ਚਤੁਰ ਸਿੰਘ ਜੀ ਦੁਆਰਾ ਕਥਾ ਉਪ੍ਰੰਤ ਇਕ ਘੰਟਾ ਨਾਮ ਸਿਮਰਨ। ਅੱਜ ਦੀਵਾਨ ਹਰੀ ਮੰਦਰ ਅਤੇ ਤਾਲਾਬ ਦੇ ਪੂਰਬੀ ਕਿਨਾਰੇ ਦੂਰ ਦੂਰ ਤਕ ਫੈਲਿਆ ਹੋਇਆ ਸੀ। ਗੁਰੂ ਕਾ ਆਸਣ ਹਰੀ ਮੰਦਰ ਦੇ ਉੱਤਰੀ ਪਾਸੇ ਉਤੇ,



Sri Satguru Jagjit Singh Ji Elibrary NamdhariElibrary@gmail.com

ਗੱਦੀ ਦੁਆਲੇ, ਮੂਹਰੇ ਸਾਹਮਣੇ, ਲਹਿੰਦੇ ਪਾਸੇ ਮਾਈਆਂ, ਚੜ੍ਹਦੇ ਪਾਸੇ ਭਾਈ। ਅਸਲੋਂ ਸਾਹਮਣੇ ਕੀਰਤਨਕਾਰ, ਇਹਨਾਂ ਦੇ ਪਿੱਛੇ ਬੱਚੇ।

ਸਤਿਗੁਰੂ ਜੀ ਨੇ ਸ੍ਰੀ ਸੁਰਿੰਦਰ ਸਿੰਘ 'ਸੁਮਨ' ਨੂੰ ਆਵਾਜ਼ ਦਿਤੀ। ਉਸ ਨੇ ਸਿੱਧੀ ਪੱਗ ਨਾਲ ਪੈਂਟ ਅੜਾਈ ਹੋਈ ਸੀ, ਪਰ ਸਤਿਗੁਰੂ ਜੀ ਉਸ ਦੇ ਸੁਰੀਲੇ ਸੁਰ ਵਿਨਿਆਸ ਨੂੰ ਸੁਣਨਾ ਚਾਹੁੰਦੇ ਸਨ। ਅਤੇ ਉਸ ਨੇ "ਰਾਮ ਸਿਮਰ ਰਾਮ ਸਿਮਰ ਇਹੈ ਤੇਰੈ ਕਾਜਿ ਹੈ" ਸ਼ਬਦ ਬੜੇ ਰਉਂ ਵਿਚ ਸ਼ੁਰੂ ਕੀਤਾ ਹੀ ਸੀ ਕਿ ਕੁਝ ਸਰੀਰ, ਸਾਹਮਣੇ ਆ ਹੱਥ ਜੋੜ ਕੇ ਖੜੇ ਗਏ। ਸਤਿਗੁਰੂ ਜੀ ਨੇ ਸਖ਼ਤ ਗੁੱਸੇ ਨਾਲ ਉੱਚੀ ਬੋਲ ਕੇ ਆਖਿਆ : ਤੁਸੀਂ ਏਥੋਂ ਚਲੇ ਜਾਓ! ਏਸੇ ਵੇਲੇ ਚਲੇ ਜਾਓ!! ਤੁਸੀਂ ਆਪਣੇ ਘਰੀਂ ਵਿਆਹ ਕਰੋ, ਅਤੇ ਸਾਰੀਆਂ ਮਰਿਆਦਾਵਾਂ ਉਲੰਘ ਕੇ ਜਿਵੇਂ ਮਰਜ਼ੀ ਹੈ ਕਰੋ!!! ਰੁਪਏ ਚੁਕ ਲਉ ਏਥੋਂ ਅਤੇ ਇਸੇ ਵੇਲੇ ਦੀਵਾਨ 'ਚੋਂ ਬਾਹਰ ਨਿਕਲ ਜਾਓ!!!! ਜੇ ਤੁਹਾਨੂੰ ਰੋਕ ਕੇ ਟੋਕਿਆ ਤਾਂ ਤੁਸੀਂ ਗੁੱਸਾ ਮਨਾਓਗੇ।

(ਵਾਹ, ਮੈਂ ਤਾਂ ਸਤਿਗੁਰਾਂ ਨੂੰ ਕਦੇ ਗੁੱਸੇ ਵਿਚ ਵੇਖਿਆ ਨਹੀਂ ਸੀ, ਹੁਣ ਵੀ ਵਿਸ਼ਵਾਸ ਨਹੀਂ ਸੀ ਆਉਂਦਾ ਕਿ ਉਹ ਕਰੋਧ ਦੇ ਅਧੀਨ ਹਨ, ਜ਼ਰਾ ਨੋਟ ਕਰੋ ਉਹਨਾਂ ਨੂੰ ਸਿੱਖਾਂ ਦੇ 'ਗੁੱਸਾ ਮਨਾਉਣ' ਦਾ ਵੀ ਫ਼ਿਕਰ ਹੈ।)

ਹੱਥ ਜੋੜੀ ਸਿੱਖਾਂ ਨੇ ਕੁਝ ਮੂੰਹ ਵਿਚ ਬੁੜਬੁੜਾਇਆ। ਖਿਮਾਂ ਹੀ ਮੰਗੀ ਹੋਵੇਗੀ। ਸਤਿਗੁਰੂ ਜੀ ਦੀ ਰੋਸ ਭਰੀ ਆਵਾਜ਼ ਫਿਰ ਗਰਜੀ : ਬਿਲਕੁਲ ਇਹ ਗੱਲ ਨਹੀਂ ਹੋਣੀ! ਨਾ ਰੁਪਈਏ ਤੁਹਾਡੇ ਲੈਣੇ ਨੇ!! ਤੁਸਾਂ ਫ਼ੈਸਲਾ ਕਰ ਲਿਆ ਸੀ ਕਿ ਪਹਿਲਾਂ ਇਹ ਕੰਮ (ਮਨ ਮਰਜ਼ੀ) ਕਰਨਾ ਹੈ ਫੇਰ ਮਾਫ਼ੀ ਮੰਗ ਲੈਣੀ ਹੈ, ਗਲਿਓਂ ਲਾਹਣੀ, ਤੁਸੀਂ ਬੰਦੇ ਘੱਲਿਆਂ ਵੀ ਨਹੀਂ ਮੰਨੇ!!! ਅਗਲੇ ਪਾਸਿਓਂ ਆਵਾਜ਼ : ਐਸੀ ਕੋਈ ਗੱਲ ਨਹੀਂ ਸੀ ਜੀ...

ਸਤਿਗੁਰੂ ਜੀ : ਜੇ ਕੋਈ ਤੁਹਾਨੂੰ ਮਜਬੂਰੀ ਸੀ ਤਾਂ ਤੁਸੀਂ ਆ ਕੇ ਦੱਸਦੇ!

ਸਿੱਖ : ਅਰਜ਼ ਤਾਂ ਸੁਣੋ ਜੀ...

ਸਤਿਗੁਰੂ ਜੀ : ਤੁਸਾਂ ਸਾਡੇ ਭੇਜੇ ਬੰਦਿਆਂ ਦੀ ਅਰਜ਼ ਸੁਣੀ ਨਹੀਂ, ਮੈਂ ਤੁਹਾਡੀ ਨਹੀਂ ਸੁਣਨੀ! ਤੁਸੀਂ ਨਿਕਲ ਜਾਓ ਏਥੋਂ!! ਤੁਸੀਂ ਚਲੇ ਜਾਣ ਦੀ ਗੱਲ ਕਰੋ!!!

(ਇਸ ਮੌਕੇ ਇਹਨਾਂ ਦੇ ਹੱਟ ਹਟਾਵਣੀਆਂ ਵੀ ਬੋਲ ਘਲੌਤੇ ਸਨ, ਜਿਹੜੇ ਦੱਸ ਰਹੇ ਸਨ ਕਿ ਸਾਡੀ ਇਕ ਨਹੀਂ ਮੰਨੀ ਗਈ।)

ਸਿੱਖ : ਬਖ਼ਸ਼ ਲਓ ਜੀ!

ਸਤਿਗੁਰੂ ਜੀ : ਬਖ਼ਸ਼ਬੰਦੀ ਵਾਲੀ ਗੱਲ ਏਥੇ ਕੋਈ ਨਹੀਂ। ਬਖ਼ਸ਼ਬੰਦੀ ਵਾਲੀ ਗੱਲ ਉਹ ਹੁੰਦੀ ਹੈ ਜਿਹੜੀ ਕਿਸੇ ਕੋਲੋਂ ਅਨਜਾਣੇ ਜਾਂ ਸਹਿਵਨ ਗ਼ਲਤੀ ਹੋ ਗਈ ਹੋਵੇ। ਏਥੇ ਤਾਂ ਗ਼ਲਤੀ ਜਾਣ ਬੁਝ ਕੇ ਕੀਤੀ ਗਈ। ਤੁਹਾਨੂੰ ਬੰਦੇ ਘੱਲੇ ਸਨ, ਤੁਸਾਂ ਠੁਕਰਾ ਕੇ ਵਾਪਸ ਕਰ ਦਿਤੇ। (ਹੁਣ ਸਤਿਗੁਰਾਂ ਦੇ ਪੱਖ ਦੀ ਪੁਸ਼ਟੀ ਕਰ ਰਹੀ ਸੀ।)

ਇੰਜ ਥੋੜੇ ਚਿਰ ਦੇ ਮੌਨ ਤੋੜ ਬਾਅਦ ਸਿੰਘ ਬਾਹਰ ਚਲੇ ਗਏ।



Sri Satguru Jagjit Singh Ji Elibrary NamdhariElibrary@gmail.com

## ਤੇਜ਼ੀ ਦਾ ਦੂਜਾ ਨਿਸ਼ਾਨਾ

ਇਕ ਹੋਰ ਸਿੱਖ ਨਾਲ ਵੀ ਅੱਜ ਏਸੇ ਸੁਰ ਵਿਚ ਗੱਲ ਹੋਈ। ਇਹ ਸੀ 'ਕਰੀ ਵਾਲੋਂ' ਦਾ ਇਕ ਜਾਣਿਆ ਪਛਾਣਿਆ ਬੰਦਾ।

ਇਹ ਵੀ ਗਲਤ ਵਿਆਹਾਂ ਤੇ ਜਾਂਦਾ ਸੀ ਅਤੇ ਰੌਣਕ ਮੇਲੇ ਦਾ ਕਾਰਨ ਬਣਦਾ ਸੀ। ਸਤਿਗੁਰੂ ਜੀ ਨੇ ਇਸ ਨੂੰ ਦੀਵਾਨ 'ਚੋਂ ਬਾਹਰ ਕਢਾ ਦਿਤਾ। ਸਤਿਗੁਰੂ ਜੀ ਦੀ ਆਵਾਜ਼ ਵਿਚ ਤੇਜ਼ੀ ਅਤੇ ਕੜਕ ਸੀ। ਪਰ ਮੈਂ ਇਹ ਜਾਣਦਾ ਸਾਂ ਕਿ ਉਹ ਅੰਦਰੋਂ ਦਇਆਲੂ ਦਿਲ ਨਾਲ, ਬਾਹਰੋਂ ਗੁੱਸਾ ਜਤਲਾ ਰਹੇ ਸਨ। ਸਿੱਖਾਂ ਪ੍ਰਤੀ ਉਨ੍ਹਾਂ ਦਾ ਹਿਰਦਾ ਮਾਂ ਦੀ ਮਮਤਾ ਵਾਲਾ ਹੁੰਦਾ ਹੈ। ਇਹ ਪਹਿਲੀ ਵਾਰ ਸੀ ਜਦੋਂ ਮੈਂ ਸਤਿਗੁਰੂ ਜੀ ਨੂੰ "ਪੰਥੋਂ ਬਾਹਰ ਨਿਕਲ ਜਾਣ ਦਾ", ਆਦੇਸ਼ ਕਿਸੇ ਨੂੰ ਦਿੰਦੇ ਵੇਖਿਆ। ਸਤਿਗੁਰੂ ਉਸ ਨਾਲ ਖ਼ਾਸ ਕਰ ਨਾਰਾਜ਼ਗੀ ਜਤਲਾਂਦੇ ਹਨ ਜਿਹੜਾ ਇਹ ਸਮਝ ਕੇ ਚਲੇ, ਹੁਣ ਕਰ ਲਓ, ਫਿਰ ਬਖਸ਼ਾ ਲਵਾਂਗੇ।

ਸਾਰਾ ਦੀਵਾਨ ਅੱਜ ਸਤੰਬਧ ਹੋਇਆ ਸਤਿਗੁਰੂ ਜੀ ਦੀ ਗਰਜ ਸੁਣ ਰਿਹਾ ਸੀ, ਜਿਹੜੀ ਉਸ ਨੇ ਕਦੇ ਨਹੀਂ ਸੀ ਸੁਣੀ। ਮੈਂ ਵੇਖ ਰਿਹਾ ਸਾਂ ਆਪਣੇ ਸਾਕਦਾਰ ਵਿਰੁਧ ਭੈਣ-ਭਣਵਈਆ 'ਗਵਾਹੀ' ਦਿੰਦੇ ਰਹੇ ਅਤੇ 'ਬਖ਼ਸ਼ਣ' ਦੀ ਅਰਜ਼ੋਈ ਵੀ। ਪਹਿਰੇ ਤੇ ਖੜੇ, ਮਾਲਾ ਫੇਰਦੇ ਗਿਆਨ ਸਿੰਘ ਮੰਡੀ ਵਾਲਿਆਂ ਦੀਆਂ ਅੱਖਾਂ ਛਲਨ ਛਲਨ ਜਲ ਵਹਾ ਰਹੀਆਂ ਸਨ।

## ਸ਼ੁਭ ਕੀਰਤਨ

'ਰਾਮ ਸਿਮਰ ਰਾਮ ਸਿਮਰ' ਫਿਰ ਸ਼ੁਰੂ ਹੋ ਗਿਆ, 'ਸੁਮਨ' ਦੀਆਂ ਸੁਰੀਲੀਆਂ ਸੁਰਾਂ ਵਾਯੂ ਮੰਡਲ ਵਿਚ ਛਾ ਗਈਆਂ। ਫਿਰ ਦੋ ਸ਼ਬਦ ਸੰਤ ਮਹਾਨ ਸਿੰਘ-ਘੁੱਲੇ ਨੇ ਗਾਂਵੇਂ, 'ਅਬ ਹਮ ਰਾਮ ਕਵਨ ਗਤਿ ਮੇਰੀ' ਅਤੇ 'ਕਵਨ ਗੁਨ ਪ੍ਰਾਨ ਪਤਿ ਮਿਲਉ, ਮੇਰੀ ਮਾਈ।' — ਕੀਰਤਨ ਦੀ ਅਰਦਾਸ ਹੋਣ ਉਪਰੰਤ ਫਿਰ ਇਕ ਨਾਵਾਂ ਦੀ ਫਹਿਰਿਸਤ ਸੁਣਾਈ ਗਈ ਜਿਨ੍ਹਾਂ ਨੇ ਕੋਠੀ ਵਿਖੇ ਹਾਜ਼ਰ ਹੋਣਾ ਸੀ।

## ਅਮੀਰ ਸਿੰਘ ਰੰਧਾਵਾ

5 ਵਜੇ ਸ਼ਾਮੀਂ ਜਾਂ ਮੈਂ ਗੁਰੂ ਕੀ ਕੋਠੀ ਵਿਚ ਗਿਆ ਤਾਂ ਅਨੇਕਾਂ ਲੋਕ, ਇਧਰ ਉਧਰ, ਦਰਸ਼ਨਾਂ ਦੀ ਤਲਬ ਵਿਚ ਖੜੇ ਸਨ। ਪਰ ਘਾਹ-ਵਿੱਛੇ ਦੇ ਵਿਚਾਲੇ ਸੋਹੇ ਸ੍ਰੀ ਸਤਿਗੁਰੂ ਜੀ, ਸ. ਅਮੀਰ ਸਿੰਘ ਰੰਧਾਵਾ ਵਕੀਲ ਸਰਸਾ ਨੂੰ ਸੁਣ ਰਹੇ ਸਨ। ਕੋਲ ਮਹਾਰਾਜ ਬੀਰ ਸਿੰਘ ਜੀ, ਸੇਠ ਤਰਲੋਕ ਸਿੰਘ, ਸ. ਹੰਸਪਾਲ ਅਤੇ ਇਕ ਦੋ ਹੋਰ ਜ਼ਰੂਰੀ ਸਿੱਖ ਸਨ। ਅਮੀਰ ਸਿੰਘ ਨੇ ਚੌਧਰੀ ਉਦੋ ਰਾਮ ਮੈਂਬਰ ਜਨਤਾ ਪਾਰਟੀ ਦੀ ਗੱਲ ਸੁਣਾਈ ਜੁ ਹਮੇਸ਼ਾ ਉਸਦਾ ਮੁਖ਼ਾਲਿਫ਼ ਰਿਹਾ ਸੀ, ਪਰ ਅਮੀਰ ਸਿੰਘ ਇੰਦਰਾ ਪੱਖੀ ਸੀ। ਉਦੋ ਰਾਮ ਨੇ ਕਿਹਾ, "ਤੂੰ ਕਾਂਗਰਸੀ ਹੈਂ ਤੇਰਾ ਕੰਮ ਨਹੀਂ ਕਰਨਾਂ। ਪਰ ਅਮੀਰ ਸਿੰਘ ਨੇ ਕਿਹਾ ਕਿ ਪੰਜਾਬ ਰਾਜ ਬਿਜਲੀ ਬੋਰਡ ਵਲੋਂ 14000/- ਨਾਜਾਇਜ਼ ਮੈਨੂੰ ਪੈ ਰਿਹਾ ਹੈ, ਪਰ ਅੱਜ ਤੋਂ ਤੈਨੂੰ ਨਹੀਂ ਕਹਾਂਗਾ। ਸਤਿਗੁਰੂ ਇਹ ਸੁਣ ਕੇ ਬਹੁਤ



Sri Satguru Jagjit Singh Ji Elibrary NamdhariElibrary@gmail.com

ਖ਼ੁਸ਼ ਹੋਵੇ । ਫ਼ਰਮਾਇਓ ਨੇ ਇਹ ਗੱਲ ਹੈ ਜਿਹੜੀ ਬੰਦੇ ਨੂੰ ਦੂਜਿਆਂ ਨਾਲੋਂ ਨਿਖੇੜਦੀ ਹੈ ।

ਜਦੋਂ ਅਮੀਰ ਸਿੰਘ ਨੇ ਅਗਲੀ ਪਿਛਲੀ ਸਾਰੀ ਗੱਲ ਸੁਣਾ ਲਈ ਤਾਂ ਸਤਿਗੁਰਾਂ ਮੈਨੂੰ ਦੱਸਿਆ : ਇਹ ਰੰਧਾਵਾ ਹੈ । ਸਰਸੇ ਵਿਚ ਵਕਾਲਤ ਕਰਦਾ ਹੈ । ਇਸ ਵਾਰ ਗੁਰਦੁਆਰਾ ਇਲੈਕਸ਼ਨ ਵਿਚ ਖਲੋਤਾ ਹੈ । ਆਜ਼ਾਦ ਖੜਾ ਹੈ । ਅੰਤ ਉੱਤੇ ਸ. ਰੰਧਾਵੇ ਨੇ ਅਰਜ਼ ਕੀਤੀ ਕਿ ਇਸ ਦੇ ਮਗਰ 'ਕਮਿਊਨਿਸਟਾਂ' ਵਾਲੀ ਪੂਛ ਲਗੀ ਹੋਈ ਹੈ । ਜਦੋਂ ਕਿ ਇਹ ਉਹਨਾਂ ਦੀ ਪਾਰਟੀ ਦਾ ਮੈਂਬਰ ਨਹੀਂ । ਸਤਿਗੁਰਾਂ ਬਚਨ ਕੀਤਾ : ਮੈਨੂੰ ਪਤਾ ਨਹੀਂ, ਪਰ ਜੇ ਕੋਈ ਮਸੀਤੇ ਨਾ ਜਾਵੇ, ਨਾ ਤਾਂ ਲੋਕ ਉਸ ਨੂੰ ਨਮਾਜ਼ੀ ਮਿਥਦੇ ਹਨ, ਜੇ ਮਿਥਦੇ ਵੀ ਹੋਣ ਤਾਂ ਆਪਣੇ ਆਪ ਆਖਣੋਂ ਹਟ ਜਾਂਦੇ ਹਨ ।

## ਪੁੱਤਰੀ ਸੰਤ ਚਕ੍ਰਵਰਤੀ ਜੀ ਦੀ

ਉਪਰੋਕਤ ਗੱਲ ਮੁਕਦਿਆਂ ਹੀ ਮੈਂ ਅਰਜ਼ ਕੀਤੀ : ਸੰਤ ਚਕ੍ਰਵਰਤੀ ਜੀ (ਮੇਰੇ ਕਲਮ ਗੁਰੂ) ਦੀ ਪੁੱਤਰੀ ਆਈ ਹੈ, ਆਪਣੇ ਪਤੀ ਸਮੇਤ । ਉਨ੍ਹਾਂ ਨੂੰ 'ਨਮਸਕਾਰ' ਦੀ ਆਗਿਆ ਹੋਵੇ । ਅਤੇ ਲੜਕੀ ਨੇ ਆਪਣੇ ਲਾੜੇ ਨਾਲ ਆ ਮੱਥਾ ਟੇਕਿਆ । ਮੂੰਹ ਤੇ ਮਾੜਾ ਜੇ ਦਾਗ਼, ਨੱਕ ਵਿਚ ਕੋਕਾ, ਚਿੱਟੇ ਨਾਮਧਾਰੀ ਕਾਟ ਦੇ ਕੱਪੜੇ । ਲਾੜਾ : ਦਾੜ੍ਹੀ ਕੱਟੀ, ਲਾਲ ਪੱਗ, ਪੈਂਟ ਬੁਸ਼ਰਟ, ਭਰਵਾਂ ਜੁਆਨ । ਸਤਿਗੁਰਾਂ ਲੜਕੀ ਵੱਲ ਵੇਖ ਫ਼ਰਮਾਇਆ : ਕਦੀ ਬੁਰਾ ਆਖਿਆ ਸੀ ਕਿ ਉਹ ਸੰਗਦੀ (ਕੋਕੇ ਕਾਰਨ) ਨਹੀਂ ਆਉਂਦੀ ਪਰ ਤੂੰ ਜਿਥੇ ਏਨਾ ਸਾਰਾ ਕੰਮ (ਅਰਥਾਤ ਨਾਮਧਾਰੀ ਪਹਿਰਾਵਾ ਪਹਿਨਿਆ ਹੋਇਆ ਹੈ) ਕੀਤਾ ਹੈ, ਓਥੇ ਉਸ ਨੂੰ ਵੀ ਠੀਕ ਕਰ ਲਵੇਂਗੀ ।

ਫੇਰ ਲੜਕੀ ਦੇ ਪਤੀ ਸ. ਸ਼ਮਸ਼ੇਰ ਸਿੰਘ ਵਲ ਵੇਖ ਕਹਿਓ ਨੇ :

ਕਿਥੇ ਘਰ ਹੈ ? — ਜੀ, ਪਟਿਆਲੇ ।

ਕੀ ਕੰਮ ਕਰਦੇ ਓ ? — ਕੰਪੋਜ਼ਿੰਗ, ਸਰਕਾਰੀ ਪ੍ਰੈਸ ਵਿਚ ।

ਕੀ ਤਨਖ਼ਾਹ ਹੈ ? — ਸਾਢੇ ਤਿੰਨ ਸੌ ਰੁਪਿਆ ਜੀ ।

ਐਜੂਕੇਸ਼ਨ ਕਿੰਨੀ ਹੈ ? — ਅੰਡਰ ਮੈਟ੍ਰਿਕ ।

''ਤੁਸੀਂ' ਹੁਣ ਦਾੜ੍ਹਾ ਨ ਕੱਟਿਆ ਕਰੋ । ਏਨਾ ਕੁ ਕੰਮ ਹਾਲੇ ਕਰੋ, ਅਗਲੀ ਗੱਲ ਫੇਰ ਵੇਖ ਲਵਾਂਗੇ ।'' ਅਤੇ ਸਤਿਗੁਰੂ ਜੀ ਨੇ ਸੁਮਰਨੀਆਂ ਦੀ ਸੰਗਤ ਜੀ ਪ੍ਰੇਰਣਾ ਦਿਤੀ । ਜੋੜੇ ਨੂੰ ਖ਼ੁਸ਼ੀਆਂ ਦੇ ਕੇ ਵਿਦਾ ਕੀਤਾ । ਪਰ ਸਤਿਗੁਰਾਂ ਜਾਂਦੇ-ਜਾਂਦੇ ਚੌਂਕੇ ਉਤੇ ਫੇਰ ਕਿਰਪਾ ਕੀਤੀ : ਗੁਰੂ ਗੋਬਿੰਦ ਸਿੰਘ ਜੀ ਕੇਸਾਂ ਲਈ ਚਾਰੇ ਪੁੱਤਰ ਵਾਰ ਦਿਤੇ ਤੇ ਅਸੀਂ ਹੁਣ ਏਨਾ ਵੀ ਨ ਕਰ ਸਕੀਏ ਕਿ ਕੇਸ ਸੰਭਾਲੇ ਰਹਿਣ । ਬੁਰਾ ਨ ਚਿਤਵਿਆ ਕਰੋ ਵਾਲਾਂ ਦਾ । ਅਤੇ ਸਤਿਗੁਰਾਂ ਨੇ ਪੂਰਬੋ ਨੂੰ ਆਵਾਜ਼ ਦੇ ਕੇ, ਸ. ਸ਼ਮਸ਼ੇਰ ਸਿੰਘ ਨੂੰ ਭਜਨ ਦੇਣ ਦੀ ਆਗਿਆ ਕੀਤੀ ।

ਇਹ ਲੜਕੀ, ਸ਼ਾਇਦ ਜਿਸ ਦਾ ਨਾਮ ਸੁਰਿੰਦਰ ਹੋਵੇ, ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਦੀ ਪੁਤਰੀ ਹੈ, ਜਿਨ੍ਹਾਂ ਨੇ ਨਾਮਧਾਰੀਆਂ ਵਿਚ ਸਾਹਿਤ, ਇਤਿਹਾਸ,



Sri Satguru Jagjit Singh Ji Elibrary NamdhariElibrary@gmail.com

ਮੁਬਾਹਸੇ, ਸਿਧਾਂਤਕ ਲੇਖ ਅਤੇ ਕਾਵਿ ਆਦਿ ਦੀਆਂ ਨੀਂਹਾਂ ਰੱਖੀਆਂ। ਉਹ ਲਗਾਤਾਰ 25 ਸਾਲ ਨਾਮਧਾਰੀ ਜਗਤ ਦੇ ਆਫੀਸ਼ਲ ਪੇਪਰ 'ਸਤਿਜੁਗ' ਦੇ ਸੰਪਾਦਕ ਰਹੇ। ਕਈ ਪੁਸਤਕਾਂ ਉਨ੍ਹਾਂ ਲਿਖੀਆਂ। ਸਿੱਖ ਜਗਤ, ਹਿੰਦੂ ਸਮਾਜ ਨਾਲ ਸੰਬੰਧਤ ਅਤੇ ਰਾਜਨੀਤਕ ਦਿੱਖ ਵਾਲੀਆਂ ਕਾਨਫਰੰਸਾਂ ਸਮੇਲਨ ਕਰ ਕੇ ਨਾਮਧਾਰੀਆਂ ਦਾ ਦੂਜੇ ਭਾਈਚਾਰਿਆਂ ਨਾਲ ਵਾਸਤਾ ਬਣਾਇਆ ਅਤੇ ਵਧਾਇਆ। ਗੁਰਮਤ ਸੰਗੀਤ ਸਮੇਲਨ, ਗੁਰੂ ਨਾਨਕ ਨਾਮ ਲੇਵਾ ਸਰਬ ਸੰਪ੍ਰਦਾ ਕਾਨਫਰੰਸ, ਹਿੰਦੂ ਸਿੱਖ ਮਿਲਾਪ ਕਾਨਫਰੰਸਾਂ ਅਤੇ ਪੰਜਾਬੀ ਭਾਸ਼ਾ ਨਾਲ ਸੰਬੰਧਤ ਅਨੇਕਾਂ ਗੋਸ਼ਟੀਆਂ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਕਰਵਾਈਆਂ। ਆਪਣੇ ਸਮੇਂ ਦੇ ਨਾਮਧਾਰੀ ਲੀਡਰ ਸਨ। ਦੁਰਭਾਗ ਵਸ ਘਰ ਵਿਚ ਸਾਹਿਤਕਾਰੀ ਜਾਂ ਸਮਾਜ ਸੇਵੀ ਰੁਚੀਆਂ ਵਾਲਾ ਕੋਈ ਨ ਜਨਮਿਆ। ਦੋ ਲੜਕੇ ਟਰੱਕਾਂ ਦਾ ਕੰਮ ਕਰਦੇ ਅਤੇ ਇਕ ਲੜਕੀ ਦਸਵੀਂ ਪਾਸ ਹੈ। ਪਰਵਾਰ ਦੀ ਰਿਹਾਇਸ਼ ਪਟਿਆਲੇ ਹੈ।

## ਬਿਜਲੀ ਵਾਲ ਵਾਲੇ

ਏਥੇ ਸੱਚੇ ਪਾਤਸ਼ਾਹ ਜੀ ਪਾਸ ਇਕ ਸੰਤ ਕੰਪਾਲ ਸਿੰਘ ਮਿਲੇ ਜੁ ਦਿੱਲੀ ਦੇ ਪ੍ਰਸਿਧ ਕਾਰੋਬਾਰੀ ਨਾਮਧਾਰੀ ਸ. ਕਰਤਾਰ ਸਿੰਘ ਬਿਜਲੀ ਵਾਲ ਅਤੇ ਸੰਤ ਪ੍ਰੀਤਮ ਸਿੰਘ ਲਾਦੀ ਪੁਰ ਵਾਲਿਆਂ ਦੇ ਭਾਈ ਹਨ। ਇਨ੍ਹਾਂ ਦੇ ਪਿਤਾ ਜੀ ਦਾ ਨਾਮ ਸੰਤ ਅੱਤਰ ਸਿੰਘ ਅਤੇ ਮਾਤਾ ਦਾ ਨਾਂ ਬੀਬੀ ਕਰਮ ਕੌਰ ਹੈ ਅਤੇ ਇਨ੍ਹਾਂ ਦੇ ਦਾਦਾ ਜੀ ਸਨ ਭਾਈ ਵੀਰ ਸਿੰਘ। ਨਾਮਧਾਰੀ ਇਨ੍ਹਾਂ ਦੇ ਪਿਤਾ ਸੰਤ ਅਤਰ ਸਿੰਘ ਜੀ 35-36 ਸਾਲ ਦੀ ਉਮਰੇ ਬਣੇ। ਇਹਨਾਂ ਦਾ ਪਿੰਡ ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਵਿਚ ਜੱਲੀਆਂ ਕੋਟੀਆਂ ਸੀ। ਅੱਤਰ ਸਿੰਘ ਜੀ ਬੜੇ ਰਸੀਆ ਸੁਭਾਅ ਦੇ ਮਾਲਿਕ ਸਨ ਅਤੇ ਹਰ ਮੇਲੇ ਸਮੇਂ ਆਣ ਕੇ ਭੈਣੀ ਸਾਹਿਬ ਬਿਜਲੀ ਦੀ ਸੇਵਾ ਸੰਭਾਲ ਲੈਂਦੇ ਰਹੇ।

## ਵਲਾਇਤ ਵਾਲਿਆਂ ਦੀ ਅਰਜ਼

ਜਦੋਂ ਮੈਨੂੰ ਲੈਸਟਰ (ਇੰਗਲੈਂਡ) ਵਾਲੇ ਸੰਤ ਹਰੀ ਸਿੰਘ ਜੀ ਮਿਲੇ, ਉਨ੍ਹਾਂ ਦੱਸਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਵਲਾਇਤੋਂ ਆਈ ਸੰਗਤ ਨੇ ਹੱਥ ਬੰਨ੍ਹ ਅਰਜ਼ ਕੀਤੀ ਹੈ ਕਿ ਸੱਚੇ ਪਾਤਸ਼ਾਹ ਵਲਾਇਤ ਵਿਚ ਛੇਤੀ ਹੀ ਦਰਸ਼ਨ ਦੇਣ, ਖੇਤੀ ਪਾਣੀ ਬਿਨਾ ਸੁੱਕ ਜਾਂਦੀ ਹੈ। ਸਿੱਖਾਂ ਪਾਸ ਤਾਂ ਉਨ੍ਹਾਂ ਦਾ ਸਭ ਕੁਝ ਹੀ ਸਤਿਗੁਰੂ ਦਾ ਹੁੰਦਾ ਹੈ। ਸਾਡੀ ਅਰਜ਼ ਦੇ ਉੱਤਰ ਵਿਚ ਇਹ ਜਵਾਬ ਮਿਲਿਆ ਹੈ ਕਿ ਅਗਸਤ ਦੇ ਮਹੀਨੇ ਦੇ ਦਿਨ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇਣਗੇ। ਕਿੰਨੇ ਸਰੀਰ ਨਾਲ ਜਾਣਗੇ ਤੇ ਉਹ ਕੌਣ ਕੌਣ ਹੋਣਗੇ, ਇਹਨੂੰ ਮਹਾਰਾਜ ਜੀ ਨਿਸਚਿਤ ਕਰਨਗੇ।

ਹਰੀ ਸਿੰਘ ਹੁਰਾਂ ਇਹ ਵੀ ਦੱਸਿਆ ਕਿ ਇਸ ਹੱਲੇ ਤੇ ਵਲਾਇਤੋਂ 15-20 ਜਣੇ ਆਏ ਹੋਏ ਹਨ।

## ਉਸਤਾਦ ਸਲਾਮਤ ਦਾ ਜ਼ਿਕਰ

ਵੇਲੇ ਸਿਰ ਹੀ ਸਤਿਗੁਰੂ ਜੀ ਨੇ ਸੰਤ ਹਰਭਜਨ ਸਿੰਘ ਸਿਤਾਰ ਅਤੇ ਖੰਬੜੀ ਵਾਲੇ



Sri Satguru Jagjit Singh Ji Elibrary NamdhariElibrary@gmail.com

ਲਕਸ਼ਮਣ ਨੂੰ ਬੁਲਾ ਕੇ ਡਿਊਟੀ ਲਾਈ ਕਿ ਉਹ ਦੋਵੇਂ ਕਾਰ ਲੈ ਕੇ ਜਾਣ, ਗੱਡੀਓਂ ਉਤਰਦੇ ਉਸਤਾਦ ਸਲਾਮਤ ਅਲੀ ਅਤੇ ਪਾਰਟੀ ਦਾ ਸੁਆਗਤ ਕਰਨ ਅਤੇ ਨਾਲ ਲਿਆ ਕੇ ਉਨ੍ਹਾਂ ਦਾ ਡੇਰਾ ਨੀਲੋਂ ਰੀਜ਼ਾਰਟ ਤੇ ਲੁਆਣ। ਉਨ੍ਹਾਂ ਦੇ ਖਾਣ ਪੀਣ ਦਾ ਪ੍ਰਬੰਧ ਓਥੇ ਹੀ ਕਰਵਾ ਕੇ ਸਤਿਗੁਰੂ ਜੀ ਨੂੰ ਸੂਚਿਤ ਕਰਨ।

ਸਾਧ ਸੰਗਤ ਕਾਫ਼ੀ ਵੱਡੀ ਗਿਣਤੀ ਵਿਚ ਆ ਰਹੀ ਹੈ। ਬੱਸਾਂ, ਕਾਰਾਂ, ਟੈਂਪੂਆਂ ਅਤੇ ਟਰੱਕਾਂ ਉਤੇ। ਸ੍ਰੀ ਭੈਣੀ ਸਾਹਿਬ ਅਤੇ ਰਾਮ ਸਰੋਵਰ ਦੇ ਇਲਾਕੇ ਵਿਚ ਗਹਿਮਾ ਗਹਿਮ ਹੈ।

## ਸੰਗੀਤ ਸਿਨਮਾ ਦਾ ਚੱਕਰ

ਮੈਂ ਕੁਛ ਛਕ ਛਕਾ ਕੇ, ਪ੍ਰੀਤਮ ਸਿੰਘ ਪੰਛੀ, ਮੇਰਾ ਲੰਗੋਟੀਆ, ਜੁ ਥੋੜ੍ਹਾ ਹੀ ਚਿਰ ਪਹਿਲਾਂ ਦਿੱਲੀਓਂ ਆਇਆ ਸੀ, ਨਾਲ ਪੰ: ਗੋਪਾਲ ਸਿੰਘ ਹੁਰਾਂ ਦੇ ਡੇਰੇ ਗਿਆ। ਏਥੇ ਪੰ: ਜੀ, ਸੰਤ ਬਲਕਾਰ ਸਿੰਘ, ਸੰਤ ਅਪਾਰ ਸਿੰਘ ਚੀਫ਼ ਅਤੇ ਸਾਬਕਾ ਸੇਵਕ ਗੁਲਜ਼ਾਰ ਸਿੰਘ ਬੈਠੇ,ਲੁਧਿਆਣੇ ਵਾਲੇ ਸਰੀਰਾਂ ਤੋਂ ਸੰਗੀਤ ਸਿਨੇਮਾ ਦੀ ਖਰੀਦੋ ਫਰੋਖਤ ਦਾ ਕੇਸ ਸੁਣ ਰਹੇ ਸਨ। ਏਸ ਗਰੁਪ ਨੇ, ਜਿਨ੍ਹਾਂ ਨੇ ਇਸ ਕੇਸ ਦੀ ਅਪੀਲ ਸ੍ਰੀ ਸਤਿਗੁਰੂ ਜੀ ਪਾਸ ਕੀਤੀ, ਉਨ੍ਹਾਂ ਨੂੰ ਉਪਰ ਦੱਸੇ ਸੱਜਨਾਂ ਦੇ ਸਨਮੁਖ ਮਾਜਰਾ ਪੇਸ਼ ਕਰਨ ਦੀ ਆਗਿਆ ਕੀਤੀ। ਅਪੀਲ ਕਰਤਿਆਂ ਦੇ ਨਾਮ ਇਹ ਹਨ: ਸ: ਜਗੀਰ ਸਿੰਘ, ਸ੍ਰੀ ਸੁਰਿੰਦਰ ਮੋਹਨ, ਸ. ਕੇਵਲ ਸਿੰਘ, ਸ. ਮਨਭਦਰ ਸਿੰਘ।

ਅਪੀਲ ਕਰਤਾ ਸੱਜਣਾਂ ਨੇ ਸੰਗੀਤ ਸਿਨੇਮਾ, ਲੁਧਿਆਣਾ ਦਾ ਕੇਸ ਇੰਜ ਬਿਆਨ ਕੀਤਾ ਕਿ ਸੰਗੀਤ ਸਿਨੇਮਾ ਵੇਚੇ ਜਾਣ ਦੀ ਗੱਲ ਚੱਲੀ ਤਾਂ ਇਹ ਗਰੁਪ ਖਰੀਦਾਰ ਦੇ ਤੌਰ ਤੇ ਤਿਆਰ ਹੋਇਆ। ਇਹਨਾਂ ਨੇ ਕਿਹਾ ਕਿ ਸੌਦੇ ਦੀ ਵਿਚੋਲਗਿਰੀ ਸ. ਉਤਮ ਸਿੰਘ (ਜਿਹੜਾ ਆਪ ਇਕ ਪਾਰਟਨਰ ਹੈ) ਨੇ ਕੀਤੀ। 35 (ਪੈਂਤੀ) ਲੱਖ ਰੁਪਏ ਵਿਚ ਸੌਦਾ ਤੈ ਹੋਇਆ। ਜਗਾ ਵਾਲੀਏ ਭਰਾਵਾਂ, ਸ. ਸੰਤੋਖ ਸਿੰਘ, ਸ. ਅਮਰ ਸਿੰਘ, ਸ. ਉਤਮ ਸਿੰਘ, ਸ. ਗੁਰਮੁਖ ਸਿੰਘ, ਸ. ਕਰਤਾਰ ਸਿੰਘ ਅਤੇ ਸ. ਸਾਧੂ ਸਿੰਘ ਹੁਰਾਂ ਵਿਚੋਂ ਛੋਟਾ, ਜੋ ਮੈਨੇਜਿੰਗ ਡਾਇਰੈਕਟਰ ਹੈ, ਨੇ ਕਾਗਜ਼ਾਤ ਤਿਆਰ ਕਰਵਾਏ ਪਰ ਹੁਣ ਜਗਾ ਵਾਲੀਏ 35 ਦੀ ਥਾਂ 40 ਲੱਖ ਮੰਗਦੇ ਅਤੇ ਕਹਿੰਦੇ ਹਨ ਕਿ ਇਹ ਪੰਜ ਲੱਖ ਦਲਾਲੀ ਲੈਣਾ ਹੈ। ਕਾਨੂੰਨੀ ਤੌਰ ਤੇ ਇਹ ਲੜਾਈ ਨਾ ਚੱਲ ਸਕਣ ਕਰਕੇ, ਅਤੇ ਜਗਾ ਵਾਲਿਆਂ ਦੇ ਨਾਮਧਾਰੀ ਹੋਣ ਕਾਰਨ ਸਤਿਗੁਰਾਂ ਪਾਸ ਅਪੀਲ ਆ ਗੁਜ਼ਾਰੀ ਹੈ।

ਪੰ: ਜੀ ਦੇ ਚੁਬਾਰੇ ਤੇ ਬੈਠਿਆਂ ਹੀ ਗੱਲ ਬਾਤ ਚਲ ਰਹੀ ਸੀ। ਪੰ: ਜੀ ਨੇ ਸਾਨੂੰ ਵੀ ਆਦਰ ਦਿਤਾ, ਅਤੇ ਬੈਠਾਇਆ, ਗੱਲ ਬਾਤ ਚਲਦੀ ਰਹੀ। ਪੰ: ਜੀ ਨੇ ਕਿਹਾ: ਸੌਦਾ ਤੁਸਾਂ ਉੱਤਮ ਸਿੰਘ ਨਾਲ ਕੀਤਾ ਹੈ, ਲਿਖਾ ਪੜ੍ਹੀ ਸਾਧੂ ਸਿੰਘ ਨਾਲ ਹੋਈ ਹੈ। ਦਸਖ਼ਤਾਂ ਵਾਲੇ ਨੂੰ ਲਿਆਓ, ਤਾਂ ਹੀ ਗੱਲ ਬਣੇ ਨ, ਬਲਕਾਰ ਸਿੰਘ ਸੇਵਕ ਨੇ ਆਖਿਆ (ਪੰਡਿਤ ਹੋਰਾਂ ਦੀ ਪੁਸ਼ਟੀ ਕਰਦਿਆਂ): ਤੁਸੀਂ ਵੀ ਜਾਣਦੇ ਓ, ਅਸੀਂ ਵੀ

ਜਾਣਦੇ ਆਂ, ਉਹਨਾਂ ਸਾਰੇ ਭਰਾਵਾਂ ਦੀ ਆਪੋ ਵਿਚ ਖਟਪਟੀ ਪੈ ਗਈ ਹੈ। ਦੋ ਏਧਰ ਖਿੱਚਦੇ ਹਨ, ਦੋ ਓਧਰ। ਪਰ ਸਾਧੂ ਸਿੰਘ ਬਿਨਾਂ ਗੱਲ ਅੱਗੇ ਨਹੀਂ ਚਲਣੀ।

ਸ. ਜਾਗੀਰ ਸਿੰਘ (ਸ਼ਾਇਦ ਅਮਰੀਕਾ ਦੀ ਲਾਇਬੇਰੀਆ ਸਟੇਟ ਵਿਚੋਂ) ਬੋਲਿਆ: ਤੁਹਾਡੇ ਪਾਸ ਗਿਆਨੀ (ਕਰਤਾਰ ਸਿੰਘ) ਜੋ ਪੰਜ ਲੱਖ 25 ਹਜ਼ਾਰ ਦੇਣ ਦੀ ਜੋ ਗੱਲ ਕੀਤੀ ਹੈ, ਉਸ ਬਾਰੇ ਤਾਂ ਏਨਾ ਹੀ ਹੈ ਕਿ ਉਹ ਆਪਣੇ ਇਸ਼ਟ ਦੀ ਸਹੁੰ ਚੁਕ ਲੈਣ, ਅਸੀਂ ਆਪਣੇ ਦੀ ਚੁਕ ਲਵਾਂਗੇ। ਉੱਤਮ ਸਿੰਘ ਨੂੰ ਬੁਲਾ ਕੇ, ਸਾਨੂੰ ਵਿਚ ਬਹਾ ਕੇ ਸੁਣ ਲਓ। ਸਾਡੇ ਵੀ ਮਨ ਦਾ ਭਾਰ ਹੌਲਾ ਹੋ ਜਾਏਗਾ।

ਪੰਡਿਤ ਜੀ ਨੇ ਉਹਨਾਂ ਨੂੰ ਮਨ ਦਾ ਭਾਰ ਹੌਲਾ ਕਰਨ ਦੀ ਧਾਰਮਿਕ ਜਾਚ ਦੱਸੀ: ਜੇ ਤੁਸੀਂ ਸੱਚੇ ਹੋ ਤਾਂ ਵੀ ਮਨ ਤੇ ਭਾਰ ਨਹੀਂ ਹੋਣਾ ਚਾਹੀਦਾ ਅਤੇ ਜੇ ਕਿਸੇ ਪਾਸਿਓਂ ਗਲਤ ਹੋ ਤਾਂ ਵੀ ਭਾਰ ਵਾਲੀ ਗੱਲ ਕੋਈ ਨਹੀਂ। ਗਲਤੀ ਹੋਂਦੀ ਹੀ ਹੈ। ਪੰਡਤ ਜੀ ਨੇ ਇਹ ਵੀ ਆਖਿਆ: ਸਤਾਂ ਵਾਲੀਆਂ ਨਾਲ ਕੀਤੇ ਇਕਰਾਰ ਅਨੁਸਾਰ ਤੁਸੀਂ ਨਹੀਂ ਆਏ, ਉਹਨਾਂ ਨਾਲ ਤੇ ਕੀਤੀ ਮਿਤੀ ਤੇ ਰਕਮ ਨਹੀਂ ਅਦਾ ਕੀਤੀ। ਇਹ ਵੀ ਸੌਦੇ ਦੀ ਪੁਖਤਗੀ ਵਿਚ ਵਿਘਨ ਸੀ।...ਦੂਸਰੇ ਅਸੀਂ ਉੱਤਮ ਸਿੰਘ ਨੂੰ ਆਪਣੇ ਪਾਸ ਆਉਣ ਲਈ ਮਜਬੂਰ ਨਹੀਂ ਕਰ ਸਕਦੇ ਕਿਉਂਕਿ ਉਹ ਤੇ ਦੋ ਤਿੰਨ ਹੋਰ ਭਰਾ ਸਾਝੀ ਲੀਹੋਂ ਲੱਥ ਗਏ ਨੇ।

ਜਿੰਨੇ ਕੁ, ਪਿਛੋਂ ਕੀਤੀ ਮੇਰੀ ਪੁਛ ਪੜਤਾਲ ਨੇ, ਹਾਲਾਤ ਰੌਸ਼ਨੀ ਵਿਚ ਲਿਆਂਦੇ, ਉਨ੍ਹਾਂ ਅਨੁਸਾਰ: 'ਵਿਲੋਂ ਵੂਦਰਕ' ਨਾਂ ਦੀ ਇਕ ਫ਼ਰਮ ਹੈ ਡਾਰੀਵਾਲ ਅਮਰੀਕਾ ਦੀ ਇਕ ਛੋਟੀ ਜਿਹੀ ਸਟੇਟ ਲਾਇਬੇਰੀਆ ਵਿਚ ਸੈਂਟਲ ਹੋਏ ਹੋਏ ਹਨ ਅਤੇ ਭਾਰਤ ਵਿਚ ਉਨ੍ਹਾਂ ਕਈ ਸਿਨੇਮਾ ਅਤੇ ਹੋਰ ਉਪਜਾਊ ਸੰਸਥਾਨ ਖਰੀਦੇ ਹਨ। ਉਪਰਲੀ ਪਾਰਟੀ ਨੇ ਸੰਗੀਤ ਸਿਨੇਮਾ ਵੀ ਖਰੀਦਣਾ ਚਾਹਿਆ ਅਤੇ ਸ. ਉਤਮ ਸਿੰਘ ਨੂੰ ਅੰਦਰ ਗਤੀ 5 ਲੱਖ ਰੁਪਿਆ ਦੇਣ ਦੇ ਫ਼ੈਸਲੇ ਤੇ, ਉਹ ਇਸ ਸੌਦੇ ਦੇ ਹਿਤ ਵਿਚ ਅਹਿਮ ਭੂਮਿਕਾ ਨਿਭਾਉਣ ਲਗਾ। ਦੂਜੇ ਪਾਰਟਨਰਾਂ ਤਕ ਇਸ ਦੀ ਭਿਣਕ ਪੈ ਗਈ ਜਿਸ ਨੂੰ ਉਨ੍ਹਾਂ ਬੁਰਾ ਵੀ ਮੰਨਿਆ ਅਤੇ ਉਹਨਾਂ ਦੇ ਮਨਾਂ ਵਿਚ ਆ ਗਈ ਕਿ ਇਹ ਅਮਰੀਕੀ ਪਾਰਟੀ ਸਾਡੇ ਵਿਚ ਬੇਈਮਾਨੀ ਦਾ ਸੰਚਾਰ ਕਰਕੇ ਆਪਣਾ ਕੰਮ ਕੱਢਣਾ ਚਾਹੁੰਦੀ ਹੈ। ਇਹ ਨਹੀਂ ਹੋਣ ਦਿਤਾ ਜਾਵੇਗਾ। ਸਬੱਬ ਨਾਲ ਇਹ ਸੌਦੇ ਦੀ ਨਿਸ਼ਚਿਤ ਤਾਰੀਖ਼ ਤੋਂ ਡੇਢ ਮਹੀਨਾ ਲੇਟ ਵੀ ਆਏ। ਮੈਨੇਜਿੰਗ ਡਾਇਰੈਕਟਰ ਸ. ਸਾਧੂ ਸਿੰਘ ਨੇ ਇਕ ਵਾਰ ਇਹਨਾਂ ਨੂੰ ਤਾਰ ਦੇ ਕੇ ਸੂਚਤ ਕੀਤਾ ਕਿ ਤੁਸੀਂ ਵਾਅਦਾ ਖਿਲਾਫ਼ੀ ਕਰ ਰਹੇ ਹੋ, ਅਸੀਂ ਸੌਦਾ ਕੈਂਸਲ ਕਰਦੇ ਹਾਂ। ਸਵਾ ਲਖ ਬਿਆਨਾ ਇਹ ਜ਼ਬਤ ਕਰ ਸਕਦੇ ਸਨ, ਪਰ ਇਹਨਾਂ ਉਹਦਾ ਚੌਥ ਕੱਟ ਕੇ ਉਨ੍ਹਾਂ ਲਈ ਤਿਆਰ ਰਖਿਆ। ਅਤੇ ਅੰਤ ਅਦਾ ਕਰ ਦਿਤਾ। ਅਸਲ ਵਿਰੋਲਾ ਤਾਂ ਕੋਈ ਹੋਰ ਸੀ ਪਰ ਸ. ਉਤਮ ਸਿੰਘ ਦੀ ਇਸ ਵਿਚ ਦਿਲਚਸਪੀ ਖ਼ਾਸ ਸੀ। ਅਤੇ ਇਹਨਾਂ ਨੂੰ ਇਸ 'ਅਤ' ਤੇ ਗੁਰੂ ਘਰ ਦਾ ਰਸਤਾ ਵੀ ਵਖਾਇਆ ਹੋਵੇਗਾ। ਪਾਰਟੀ ਨਿਰਾਸ਼ ਪਰਤ ਗਈ।



Sri Satguru Jagjit Singh Ji Elibrary NamdhariElibrary@gmail.com

## ਹੋਲਾ 1979

### 15 ਮਾਰਚ, ਵੀਰਵਾਰ
### ਸ੍ਰੀ ਭੈਣੀ ਸਾਹਿਬ

**ਸਵੇਰ ਸਾਰ, ਆਸਾ ਦੀ ਵਾਰ**

ਹੋਲਾ ਸਮਾਪਤੀ ਤੋਂ ਪਹਿਲੇ ਦਿਨ ਕਾਰਨ, ਸਾਰੀ ਰਾਤ ਨਾਮਧਾਰੀਆਂ ਦਾ ਆਪਣੇ ਕੇਂਦਰ ਵਿਚ ਆਗਮਨ ਰਿਹਾ। ਆਸਾ ਦੀ ਵਾਰ 4 ਵਜੇ ਲਗ ਗਈ। ਸੰਤ ਹਰਭਜਨ ਸਿੰਘ ਸਿਰਾਰ, ਖਜ਼ਾਨ ਸਿੰਘ ਰਾਗੀ ਅਤੇ ਸੰਤ ਹਰਬੰਸ ਸਿੰਘ ਘੁੱਲਾ ਹੀ ਕੀਰਤਨਕਾਰ ਸਨ। ਮੈਨੂੰ ਕਿਸੇ ਕਾਰਨ ਸਾਰੀ ਰਾਤ ਨੀਂਦ ਨਹੀਂ ਪਈ। ਪੌਣੇ ਚਾਰ ਵਜੇ ਹੀ ਕਿਤੇ ਅੱਖ ਲਗੀ, 6.30 ਵਜੇ ਦਿਨੇ ਜਾਗ ਖੁੱਲ੍ਹੀ। ਜਦ ਨੂੰ ਮੈਂ ਦੀਵਾਨ ਵਿਚ ਗਿਆ, ਆਸਾ ਦੀ ਵਾਰ ਸਮਾਪਤ ਹੋ, ਪੰ: ਭੁੱਪਾਲ ਸਿੰਘ ਅਤੇ ਸੰਤ ਆਤਮਾ ਸਿੰਘ ਸਨਖਤਰਾ ਦੇ ਭਾਸ਼ਣ ਹੋ ਚੁੱਕੇ ਸਨ।

ਆਸਾ ਦੀ ਵਾਰ ਦਾ ਕੀਰਤਨ ਵਿਸ਼ੇਸ਼ ਤਿਆਰੀ ਨਾਲ, ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਵਿਚ ਹੀ ਹੋਇਆ। ਮੇਰੇ ਮੰਦਰ ਤਕ ਜਾਂਦਿਆਂ ਸੱਚੇ ਪਾਤਸ਼ਾਹ ਪਰਤ ਰਹੇ ਸਨ। ਨਮਸਕਾਰ ਕੀਤੀ। ਸਮਾਂ 8 ਸਵੇਰ ਦਾ ਸੀ।

**ਦਰਬਾਰ ਦੀ ਮੀਟਿੰਗ**

ਜਦੋਂ ਮੈਂ ਦੂਜੀ ਵਾਰ ਸ੍ਰੀ ਹਜ਼ੂਰ ਦੇ ਦਰਸ਼ਨ ਕੀਤੇ, ਆਪ ਜੀ ਮਹਾਰਾਜ ਜੀ ਨੂੰ ਲੈ ਆਉਣ ਲਈ ਹਰੀ ਮੰਦਰ ਵਿਚ ਪਧਾਰੇ। ਏਥੇ ਨਾਮਧਾਰੀ ਦਰਬਾਰ ਦੀ ਮੀਟਿੰਗ ਚਲ ਰਹੀ ਸੀ। ਸੱਚੇ ਪਾਤਸ਼ਾਹ ਥੋੜ੍ਹੇ ਚਿਰ ਲਈ ਮੀਟਿੰਗ ਵਿਚ ਬੈਠੇ ਅਤੇ ਆਪ ਹੀ ਦੀਨ ਦਿਆਲ ਜੀ ਨੇ ਗੱਲ ਛੇੜੀ : ਸਾਧ ਸੰਗਤ, ਸਿਮ੍ਰਤੀ ਮੰਦਰ ਦੀਆਂ, ਖਿੜਕੀਆਂ-ਦਰਾਂ ਲਈ ਇਕ ਲੱਖ ਰੁਪਏ ਦੀ ਜ਼ਰੂਰਤ ਹੈ। ਸਮਰਿਧ ਵਿਅਕਤੀ ਜਿੰਨੇ ਮਰਜ਼ੀ ਦੇਣ ਪਰ ਸਰਦੇ ਪੁਜਦੇ ਸਿੰਘ 100-100 ਜ਼ਰੂਰ ਦੇਣ। ਅਤੇ ਇਹ ਉਗਰਾਹੀ ਪੂਰੇ ਨਾਮਧਾਰੀ ਦਰਬਾਰ ਦੇ ਮੈਂਬਰਾਂ ਵਲੋਂ ਆਰੰਭ ਹੋਵੇ।

ਮੌਕੇ ਤੇ 50 ਕੁ ਸਰੀਰ ਸਨ। ਕਿਸੇ 100/-, ਕਿਸੇ 200/-, ਕਿਸੇ 300/-, ਅਤੇ 500/- ਤਕ ਵੀ ਦਿਤੇ। ਕੁੱਲ ਜੋੜ ਮੈਨੂੰ ਪਤਾ ਨਹੀਂ ਲਗ ਸਕਿਆ। ਅੱਧਾ ਘੰਟਾ ਏਥੇ ਬੈਠਣ ਉਪਰੰਤ ਸਤਿਗੁਰੂ ਜੀ ਮਹਾਰਾਜ ਜੀ ਨੂੰ ਉਨ੍ਹਾਂ ਦੇ ਨਾਲ ਲੈ ਗਏ।

ਸਤਿਗੁਰੂ ਜੀ ਨੇ ਤਾਂ 11.30 ਤੋਂ 12 ਤਕ ਇਸ਼ਨਾਨ ਕਰ, ਪ੍ਰਸ਼ਾਦ ਛਕ ਅਤੇ ਆਰਾਮ ਫ਼ਰਮਾ ਕੇ ਆਉਣਾ ਸੀ। ਸਤਿਗੁਰੂ ਜੀ ਨੇ ਮੈਨੂੰ ਦੱਸਿਆ ਕਿ : ਮਹਾਰਾਜ ਬੀਰ ਸਿੰਘ ਜੀ ਤਾਂ ਬੇਵਕਤ ਹੋ ਜਾਏ ਤਾਂ ਪ੍ਰਸ਼ਾਦ ਉੱਕਾ ਨਹੀਂ ਛਕਦੇ, ਪਰ ਮੈਂ ਭਾਵੇਂ ਥੋੜ੍ਹਾ ਹੀ ਛਕਾਂ, ਜ਼ਰੂਰ ਛਕਦਾ ਅਤੇ ਆਰਾਮ ਕਰਦਾ ਹਾਂ। ਭਾਵੇਂ ਪੰਜ ਮਿੰਟ ਹੀ ਕਿਉਂ ਨ ਹੋਵੇ। ਅੱਜ ਵੀ ਪੰਜ ਮਿੰਟਾ ਆਰਾਮ ਹੀ ਕੀਤਾ ਗਿਆ ਹੋਵੇਗਾ।



Sri Satguru Jagjit Singh Ji Elibrary NamdhariElibrary@gmail.com

## ਛੋਟੀ ਸੰਗੀਤ ਸਭਾ

ਛੋਟੀ ਸੰਗੀਤ ਸਭਾ ਰਾਮ ਸਰ ਵਿਖੇ ਸ. ਜਸਵੰਤ ਸਿੰਘ ਕੱਲ੍ਹਾ, ਦੇ ਘਰੇਲੂ ਹਾਲ ਵਿਚ ਲਗੀ। ਇਸ ਵਿਚ ਐਨ 12.00 ਦੁਪਹਿਰੇ ਜਨਾਬ ਸਲਾਮਤ ਅਲੀ, ਇਨ੍ਹਾਂ ਦਾ ਜੁਆਨ ਬੇਟਾ ਸਰਾਫਤ ਅਲੀ ਅਤੇ ਇਨ੍ਹਾਂ ਦੇ ਇਕ ਵਧੀਆ ਮਿੱਤਰ ਸ੍ਰੀ ਅਮਰੀਕ ਸਿੰਘ (ਕੇਸ ਨਦਾਰਦ) ਹਾਂਗਕਾਂਗ ਵਾਲੇ ਆ ਗਏ। ਗੁਰਦੇਵ ਸਿੰਘ ਸਰੋਦ ਨਾਲ ਸੀ। ਅਤੇ ਇਕ ਹੋਰ ਵੀ ਇਨ੍ਹਾਂ ਦਾ ਪ੍ਰੇਮੀ ਸੀ, ਸ.ਐਚ.ਐਸ. ਰੰਧਾਵਾ (ਇੰਗਲੈਂਡ ਤੋਂ)। ਏਧਰ ਸੁਆਗਤ ਕਰਤਿਆਂ ਵਿਚ ਬਹੁਤ ਸਾਰੇ ਸੰਗੀਤ ਪ੍ਰੇਮੀ ਸਨ। ਸ੍ਰੀ ਸਤਿਗੁਰੂ ਜੀ ਖਾਂ ਸਾਹਿਬ ਨੂੰ ਮਾਣ ਦੇਣ ਲਈ ਉਨ੍ਹਾਂ ਤੋਂ ਵੀ ਦੋ ਮਿੰਟ ਪਹਿਲਾਂ ਪਹੁੰਚੇ ਹੋਏ ਸਨ। ਸੁਆਗਤ ਸਤਿਕਾਰ ਬਾਅਦ ਤੁਰਤ ਸੰਗੀਤ ਸਭਾ ਜਾਰੀ ਹੋ ਗਈ।

ਮੈਨੂੰ ਹੀਰਿਆਂ ਦੇ ਵਪਾਰੀ, ਹਾਂਗ ਕਾਂਗ ਵਾਸੀ ਸ. ਅਮਰੀਕ ਸਿੰਘ ਦਾ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਮੱਥਾ ਟੇਕਣਾ ਹੁਣ ਤਕ ਯਾਦ ਹੈ। ਉਸ ਨੇ ਸ੍ਰੀ ਚਰਨਾਂ ਤੇ ਸਿਰ ਧਰ ਕੇ ਰੀਝ, ਸ਼ਰਧਾ ਅਤੇ ਸਤਿਕਾਰ ਸਹਿਤ ਮੱਥਾ ਟੇਕਿਆ।

ਸੰਗੀਤ ਸਭਾ ਦੇ ਜਾਰੀ ਹੋਣ ਸਮੇਂ ਹੇਠ ਲਿਖੇ ਵਿਅਕਤੀ ਜ਼ਿਕਰ ਯੋਗ ਹਨ : ਸ੍ਰੀ ਮਹਾਰਾਜ ਬੀਰ ਸਿੰਘ ਜੀ, ਇਹਨਾਂ ਦੇ ਚਾਚੇ ਦੇ ਪੁੱਤ ਭਰਾ ਠਾਕੁਰ ਸਮਸ਼ੇਰ ਸਿੰਘ ਜੀ, ਠਾਕੁਰ ਦਲੀਪ ਸਿੰਘ ਜੀ, ਠਾਕੁਰ ਉਦੇ ਸਿੰਘ ਜੀ, ਬੀਬਾ ਸਾਹਿਬ ਕੌਰ ਜੀ, ਬੀਬੀ ਨਰਿੰਦਰ, ਇਸ ਦੇ ਪਤੀ ਜੀ ਤੇ ਸ. ਅਵਤਾਰ ਸਿੰਘ, ਉਸਤਾਦ ਮਹਿੰਦਰ ਸਿੰਘ ਠੁਮਰੀ ਗਾਇਕ, ਸੰਤ ਹਰਭਜਨ ਸਿੰਘ-ਗੁਰਦੇਵ ਸਿੰਘ, ਸ. ਹਰਚਰਨ ਸਿੰਘ ਰੰਧਾਵਾ, ਸੰਤ ਹਰਬੰਸ ਸਿੰਘ ਘੁੱਲਾ, ਸ. ਸੁਰਿੰਦਰ ਸਿੰਘ ਸੁਮਨ, ਸ. ਚਰਨ ਸਿੰਘ ਸੇਮ੍ਹ, ਮੋਹਣ-ਬਲਜੀਤ-ਸੁਖਦੇਵ, ਦੋਵੇਂ ਪੱਪੂ (ਦਿੱਲੀ)। ਸੰਤ ਹਜ਼ਾਰਾ ਸਿੰਘ ਮਾਛੀ, ਭਾਈ ਨਿਹਾਲ ਸਿੰਘ ਪਖਾਵਜੀ, ਸ੍ਰੀ ਜਸਪਾਲ ਸਿੰਘ, ਸੰਤ ਚੇਤ ਸਿੰਘ।

ਠਾਕੁਰ ਦਲੀਪ ਸਿੰਘ ਜੀ ਤਾਂ ਉਸਤਾਦ ਸਲਾਮਤ ਅਲੀ ਦੀਆਂ ਸਤਿਗੁਰੂ ਜੀ ਨਾਲ ਬਿਤਾਈਆਂ ਘੜੀਆਂ ਨੂੰ ਕੈਮਰਾ ਬੰਦ ਕਰਨ ਲਈ ਕਦੀ ਏਧਰ, ਕਦੀ ਓਧਰ ਦੌੜਦੇ ਰਹੇ।

ਸਤਿਗੁਰੂ ਜੀ ਨੇ ਸੰਖੇਪ ਵਿਚ ਉਸਤਾਦ ਸਲਾਮਤ ਅਲੀ ਖਾਂ ਨੂੰ ਸਨੇਹ-ਸਤਿਕਾਰ ਦੇ ਕੇ, ਬੱਚਿਆਂ ਨੂੰ ਸਾਜ਼ਾਂ ਨਾਲ ਪਹਿਲਾਂ ਸਵਾ ਚੌਦਾਂ ਮਾਤਰਾਂ ਦਾ ਸ਼ਬਦ 'ਧਰ ਜੀਅਰੇ ਇਕ ਟੇਕ ਤੂੰ' ਆਸਾਵਰੀ ਵਿਚ ਸੁਣਵਾਇਆ। ਫੇਰ ਦਸਮੇਸ਼ ਜੀ ਦੇ ਰਚੇ ਕਬਿੱਤ ਦੇ ਸਾਰੇ ਸ਼ਬਦ ਜ਼ਬਾਨੀ ਸੁਣਾ ਕੇ ਦੂਜਾ ਸ਼ਬਦ ਬੱਚਿਆਂ ਨੂੰ ਯਮਨ ਰਾਗ ਅਤੇ ਪੌਣੀਆਂ ਪੰਦਰਾਂ ਮਾਤਰਾਂ ਵਿਚ ਗਾਉਣ ਦਾ ਆਦੇਸ਼ ਦਿਤਾ : ਕਰੁਣਾ ਨਿਧਾਨ ਬੇਦ ਕਰਤ ਬਖਿਆਨ ਜਾਕੀ...

ਪਹਿਲਾ ਸ਼ਬਦ ਸੁਣ ਦੂਜੇ ਦੇ ਆਰੰਭ ਵਿਚ ਉਸਤਾਦ ਸਲਾਮਤ ਬੋਲੇ : ਬੱਚਿਆਂ ਨੇ ਜੋ ਸੁਣਾਇਆ ਹੈ ਬੜੀ ਮੁਸ਼ਕਲ ਬਾਤ ਹੈ। ਇਹ ਆਪ ਦੀ ਮਿਹਰਬਾਨੀ ਨਾਲ ਹੀ ਹੋ ਸਕਿਆ ਹੈ।

ਖ਼ਾਸ ਖ਼ਾਸ ਥਾਵਾਂ ਤੇ ਸਤਿਗੁਰੂ ਜੀ ਖਾਂ ਸਾਹਿਬ ਵਲ ਤੇ ਖਾਂ ਸਾਹਿਬ ਸਤਿਗੁਰੂ



Sri Satguru Jagjit Singh Ji Elibrary NamdhariElibrary@gmail.com

ਜੀ ਵੱਲ ਵੇਖਦੇ ਰਹੇ। ਫਿਰ ਸਤਿਗੁਰਾਂ ਤਿਹਾਈਆਂ ਬਾਬਤ ਵੇਰਵਾ ਸਮਝਾਇਆ। ਚੱਕਰੇ ਲਾਉਂਦੇ ਰਹੇ। ਸਲਾਮਤ ਜੀ ਦਾਦ ਦਿੰਦੇ ਰਹੇ। 'ਬੜੀ ਮੁਸ਼ਕਲ ਕਾਰ।' 'ਵਾਹ ਭਈ ਵਾਹ!' ਸਤਿਗੁਰਾਂ ਦੇ ਜਤਨਾਂ ਦੀ ਸ਼ਲਾਘਾ ਕਰਦਿਆਂ ਆਖਿਆ, "ਇਹ ਸਾਰੀ ਦਾਦ ਤਾਂ ਆਪ ਜੀ ਦੀ ਹੈ, ਬੜੀ ਮੁਸ਼ਕਲ ਬਾਤ ਹੈ। ਇਤਨਾ ਮੁਸ਼ਕਲ ਹੈ ਸਾਹਿਬ ਕਿ ਪੌਣੇ ਪੰਦਰਾਂ ਮਾਤਰਾ, ਫਿਰ ਉਸ ਦੀ ਸਰਗਮ ਭੀ ਪੌਣ ਮੇਂ ਖ਼ਤਮ ਹੋ, ਕਮਾਲ ਤੋ ਯਿਹ ਹੈ।" ਸਤਿਗੁਰੂ ਜੀ ਨੇ ਅਪਣੀ ਵਿਲੱਕਸ਼ਣ ਟੋਨ ਨਾਲ ਉੱਤਰ ਦਿੱਤਾ: ਜਾਇਦਾਦ ਹੋਤੀ ਹੈ ਨ? ਦਾਦ ਤੋ ਮੇਰੀ ਹੈ ਔਰ ਜੋ ਸ: ਮਹਿੰਦਰ ਸਿੰਘ-ਹਰਭਜਨ ਸਿੰਘ ਦੀ ਹੈ ਜਿਨ੍ਹਾਂ ਮੇਰੇ ਨਾਲ ਸਰਗਮ ਬਣਾਣ ਦਾ ਬਹੁਤ ਵਡਾ ਸਾਥ ਦਿਤਾ।

ਉਸਤਾਦ ਸਲਾਮਤ ਅਲੀ: ਆਪ ਨੇ ਐਸਾ ਅਸਮ ਪੈਦਾ ਕੀਆ ਹੈ। ਜੋਹ ਕੇ ਤਾਲ ਹੀ ਅਸਮ ਕਾ ਬਨ ਗਇਆ ਹੈ।

ਸਤਿਗੁਰੂ ਜੀ: ਕਬੀਰ ਜੀ ਨੇ ਲਿਖਿਆ ਹੈ, ਸੂਲੀ ਊਪਰਿ ਖੇਲਨਾ ਗਿਰੈ ਤ ਨਾਹਰ ਨਾਹਿ।

ਸਲਾਮਤ ਅਲੀ: ਇਹ ਤਾਂ ਸੂਲੀ ਤੋਂ ਵੀ ਔਖਾ ਕੰਮ ਹੈ ਜੀ। ਉਹ ਤਾਂ ਇਕ ਵਾਰ ਆ ਗਏ ਤੇ ਗੱਲ ਮੁਕ ਗਈ। ਇਹ ਤਾਂ ਬਾਰ ਬਾਰ ਸੂਲੀ ਚੜ੍ਹਨਾ ਹੈ।

ਅਤੇ ਹਾਸਾ ਮਚ ਗਈ।

ਉਸਤਾਦ ਨੇ ਫਿਰ ਕਿਹਾ: ਮੇਰੇ ਵਾਲਿਦ ਸਾਹਿਬ (ਵਲਾਇਤ ਅਲੀ) ਕਿਹਾ ਕਰਦੇ ਸਨ ਕਿ ਲੈਅ ਵਿਚ ਰਹਿਣਾ ਤਾਂ ਫਾਂਸੀ ਫੰਦੇ ਵਿਚ ਰਹਿਣਾ ਹੈ। ਇਹ (ਚੱਕਰਿਆਂ ਦਾ ਲਾਉਣਾ) ਵੀ ਤਾਂ ਬਿਲਕੁਲ ਓਹੋ ਗੱਲ ਹੈ...ਲੈਅ ਵਿਚ ਤਾਂ ਮਾਲਿਕ ਹੀ ਬਚਾਏ ਤਾਂ ਬਚਦਾ ਹੈ।...ਚੱਕਰਿਆਂ ਤੇ ਰੂਹਾਨੀ ਬਹੁਤ ਕਿਰਪਾ ਹੈ।

ਅਤੇ ਨਿੱਕੀਆਂ ਮੋਟੀਆਂ ਹੋਰ ਗੱਲਾਂ ਕਰ ਕੇ, ਠੇਕਾ ਲਗਵਾ ਕੇ ਤਿਹਾਈ ਦੇ ਬੋਲ ਸਤਿਗੁਰੂ ਜੀ ਨੇ ਆਪ ਗਾਉਂ ਕੇ ਸੁਣਾਏ।

ਖਾਂ ਸਾਹਿਬ ਨੇ ਕਿਹਾ: ਇਹਨਾਂ ਵਾਸਤੇ ਕੁਛ ਵੀ ਔਖਾ ਨਹੀਂ। ਮਾਲਿਕ ਨੇ ਔਖਾ ਇਹਨਾਂ ਲਈ ਸੁਖਾਲਾ ਕੀਤਾ ਹੈ।

ਕੁਲਦੀਪ ਸਿੰਘ ਸਰੰਦ ਦੇ ਕਹਿਣ ਤੇ ਸਤਿਗੁਰੂ ਜੀ ਨੇ ਪੰਜ ਮਿੰਟ ਵਾਸਤੇ ਦਿਲ-ਰੁਬਾ ਰਾਗਾਂ ਦਾ ਵਾਦਨ ਕੀਤਾ ਅਤੇ ਉਸ ਤੋਂ ਪਹਿਲੋਂ ਇਕ ਕਹਾਣੀ ਵਿਨੰਮਰਤਾ ਵਜੋਂ ਸੁਣਾਈ: ਪੰਜਾਬੀ ਦੀ ਇਕ ਕਹਾਵਤ ਹੈ। ਕੋਈ ਜੱਟ ਜ਼ਿਮੀਂਦਾਰ ਸੀ। ਉਹ ਸਿਰ ਤੇ ਕੜਾਹਿਆ ਚੁਕ ਕੇ ਮੇਲੇ ਵਿਚ ਆ ਵੜਿਆ। ਉਸ ਨੂੰ ਕਿਸੇ ਨੇ ਪੁਛਿਆ: ਭਲਿਆ ਮਾਣਸਾ, ਤੂੰ ਕੜਾਹਾ ਕਾਹਦੇ ਲਈ ਚੁਕ ਲਿਆਂਦਾ ਏ? ਉਹ ਕਹਿਣ ਲਗਾ, ਜਿਦ੍ਹੇ ਕੋਲ ਕੈਂਠਾ ਏ ਉਹ ਕੈਂਠਾ ਪਾ ਲਿਆਇਐ, ਜਿਦ੍ਹੇ ਕੋਲ ਹੋਰ ਗਹਿਣੇ ਹਨ, ਉਹ ਗਹਿਣੇ ਪਾ ਲਿਆਇਐ, ਕੋਈ ਚੂੜੀਆਂ ਹੀ ਪਾਈ ਫਿਰਦੀ ਏ। ਆਪੋ ਆਪਣੀ ਜਾਇਦਾਦ ਸਾਰੇ ਪਾਈ ਤੇ ਵਖਾਈ ਫਿਰਦੇ ਨੇ, ਮੇਰੇ ਪਾਸ ਕੜਾਹਿਆ ਹੀ ਏ, ਮੈਂ ਉਹੋ ਚੁਕ ਲਿਆਂਦਾ ਏ। (ਹੱਸਦਿਆਂ ਆਖਿਆ) ਸਾਡੇ ਕੋਲ ਤਾਂ ਕੜਾਹੇ ਵਾਲੀ ਜਾਇਦਾਦ ਹੀ ਹੈ। ਗੁਣ ਵਾਲੀ ਗੱਲ ਤਾਂ ਕੋਈ ਨਹੀਂ।



Sri Satguru Jagjit Singh Ji Elibrary NamdhariElibrary@gmail.com

ਅਤੇ ਤਰਬਾਂ ਛਣਕ ਪਈਆਂ ।

ਫੇਰ 'ਵਾਹਵਾ !', 'ਕਿਆ ਬਾਤ ਹੈ' 'ਕਿਆ ਕਹਿਣੇ', ਦੀ ਫੁਹਾਰ । ਮਹਾਰਾਜ ਜੀ ਭਾਵੇਂ, ਸਤਿਗੁਰਾਂ ਦੇ ਤਰਬਵਾਦਨ ਪਿਛੋਂ ਸਮਾਪਤੀ ਚਾਹੁੰਦੇ ਸਨ ਪਰ ਸਤਿਗੁਰੂ ਜੀ ਮਹਾਰਾਜ ਜੀ ਦਾ ਤਬਲਾਵਾਦਨ ਅਤੇ ਹਰਭਜਨ ਸਿੰਘ-ਰੈਦ੍ਹਾਸ ਦਾ ਧਰੁਪਦ ਵੀ ਖ਼ਾਂ ਸਾਹਿਬ ਨੂੰ ਸੁਣਾਣਾ ਚਾਹੁੰਦੇ ਸਨ । ਸੋ ਧੁਰਪਦ ਸ਼ੁਰੂ ਹੋ ਗਿਆ ਅਤੇ ਭਾਈ ਨਸੀਰ ਦਾ ਸ਼ਾਗਿਰਦ ਕਮਾਲ ਵਖਾਣ ਲੱਗਾ । ਧਰੁਪਦ ਦੇ ਨਾਲ ਨਾਲ ਚਲਦਾ ਮਹਾਰਾਜ ਜੀ ਦਾ ਤਬਲਾ ਗੁੰਦਵੀਆਂ ਗਤਾਂ ਦੀ ਭਰਮਾਰ ਨਾਲ ਭਰਪੂਰ ਰਿਹਾ ਸੀ । ਰਾਗ ਗੂਜਰੀ ਵਿਚ ਗੌਂਵਿਆ ਇਹ ਸ਼ਬਦ ਸਲਾਮਤ ਅਲੀ ਜੀ ਨੂੰ ਸਪੱਸ਼ਟ ਕਰ ਰਿਹਾ ਸੀ ਕਿ ਇਹ ਸਿੱਖ ਕਲਾਸੀਕਲ ਦੇ ਰਾਖੇ ਹਨ ।

ਖ਼ਾਂ ਸਾਹਿਬ ਨੂੰ ਆਪਣੀ ਗਾਇਨ ਸ਼ਕਤੀ ਤੋਂ ਜਾਣੂੰ ਕਰਵਾਣ ਲਈ, ਗੁਰਦੇਵ ਸਿੰਘ ਸਰੋਦ ਦੀ ਫਰਮਾਇਸ਼ ਤੇ ਭੈਰਵੀ ਵਿਚ ਧਮਾਰ ਦਾ ਆਰੰਭ ਕੀਤਾ :

ਆਲੀ, ਦੇਖੋ ਭੋਰ ਭਈ !
ਲੋਕ ਜਾਗੇ, ਪਵਨ ਜਾਗੇ, ਪੰਛੀ ਜਾਗੇ, ਗਗਨ ਬਿਰਾਜੇ
ਪ੍ਰੇਮ ਆਲਾਪ ਕਛ ਸੁਨਤ ਹੂੰ ਨਾਹੀ, ਕਹਾ ਕਹੂੰ ਮੋਰੇ ਪ੍ਰਾਨ ਜਾਤ ।

ਮਹਾਰਾਜ ਜੀ ਭਾਈ ਨਸੀਰ ਦੀ ਦਾਤ ਦਾ ਵਾਦਨ ਗਰਜ ਕਰਦੇ ਰਹੇ । ਅਤੇ ਫਿਰ ਆਸਾ ਰਾਗ ਦਾ ਇਕ ਚਉਤਾਲਾ :

ਚਰਨ ਸਰਨ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ ।

ਮਹਾਰਾਜ ਜੀ ਤਬਲੇ ਉਤੇ ਅੱਜ ਨਵੀਆਂ ਨਵੀਆਂ ਚੀਜ਼ਾਂ ਸੁਣਾਈਆਂ ਜੋ ਪਹਿਲਾਂ ਨਹੀਂ ਸੀ ਸੁਣਨ ਵਿਚ ਆਈਆਂ । ਸਤਿਗੁਰਾਂ ਵੀ ਤਰਬਵਾਦੀ ਸਮੇਂ ਬਹੁਤ ਕੁਝ ਨਵਾਂ ਨਵਾਂ ਪੇਸ਼ ਕੀਤਾ ਸੀ ।

ਉਸਤਾਦ ਸਲਾਮਤ ਅਲੀ ਜੀ ਸੁਣਕੇ ਪ੍ਰਭਾਵਤ ਅਤੇ ਪ੍ਰਸੰਨ ਹੋਏ ਕਿ ਉਨ੍ਹਾਂ ਦਾ ਗਾਉਣਾ ਕਲਾਕਾਰਾਂ ਅਤੇ ਕਲਾ ਪਾਰਖੂਆਂ ਅਗੇ ਹੀ ਹੋਵੇਗਾ ।

ਸਤਿਗੁਰੂ ਜੀ ਨੇ ਸਲਾਮਤ ਅਲੀ ਜੀ ਦੀਆਂ ਹੀ ਦੋ ਗਾਇਨ ਟੇਪਾਂ ਜ਼ਾਹਿਰ ਕਰਦਿਆਂ ਫਰਮਾਇਆ : ਤੁਹਾਡੇ ਆਉਣ ਦਾ ਹੋਰ ਤਾਂ ਅਸੀਂ ਕੁਝ ਨਹੀਂ ਦੇ ਸਕਦੇ, ਇਹ ਦੋ ਕੈਸੇਟਾਂ ਨੇ ਤੁਹਾਡੀਆਂ ਹੀ ਗਾਈਆਂ ਹੋਈਆਂ ।

ਖ਼ਾਂ ਸਾਹਿਬ ਨੇ ਦੱਸਿਆ ਕਿ ਭਾਈ ਨਸੀਰ ਫ਼ੌਤ ਹੋ ਚੁਕੇ ਹਨ । ਉਨ੍ਹਾਂ ਦਾ ਲੜਕਾ ਫ਼ਿਲਮਾਂ ਵਿਚ ਤਬਲਾ ਵਜਾਂਦਾ ਹੈ । ਸਤਿਗੁਰਾਂ ਉਸ ਨੂੰ ਜਾਕੇ ਮਿਲਣ ਦੀ ਇੱਛਾ ਦੱਸੀ । ਸਤਿਗੁਰੂ ਜੀ ਨੇ ਉਸਤਾਦ ਸਲਾਮਤ ਜੀ ਨੂੰ ਕਿਹਾ : ਤੁਸੀਂ ਜ਼ਰਾ ਆਸ਼ੀਰਵਾਦ ਦਿਓਗੇ ਤਾਂ ਬੱਚੇ ਚੰਗਾ ਔਣਾ...

ਖ਼ਾਂ ਸਾਹਿਬ : ਤੁਹਾਡੇ ਨਾਲੋਂ ਕਿਹੜਾ ਵੱਡਾ ਆਸ਼ੀਰਵਾਦ ਹੈ । ਅਸੀਂ ਤਾਂ ਆਪ ਆਸ਼ੀਰਵਾਦ ਲੈਣ ਆਏ ਹਾਂ । ਆਪ ਦਾ ਜਿਸ ਦੇ ਸਿਰ ਤੇ ਹੱਥ ਹੋਵੇ, ਉਸ ਦਾ ਬੇੜਾ ਪਾਰ ਹੈ ।



Sri Satguru Jagjit Singh Ji Elibrary NamdhariElibrary@gmail.com

1.00 ਵੱਜ ਚੁਕਾ ਸੀ । ਕੁਝ ਹੋਰ ਸਨੇਹ ਸਤਿਕਾਰ ਦੀਆਂ ਗੱਲਾਂ ਬਾਤਾਂ ਹੁੰਦਿਆਂ ਪੰਜ ਕੁ ਮਿੰਟ ਵਿਚ ਹੀ ਸਲਾਮਤ ਅਲੀ ਜੀ ਨਾਲ ਸਤਿਗੁਰੂ ਜੀ ਮਹਾਰਾਜ ਜੀ ਅਤੇ ਹੋਰ ਅਨੇਕਾਂ ਵਿਦਾ ਹੋ ਗਏ ।

ਪਰ ਏਥੋਂ ਉਠਣ ਤੋਂ ਪਹਿਲੋਂ ਸਤਿਗੁਰਾਂ ਉਸਤਾਦ ਸਲਾਮਤ ਅਲੀ ਨੂੰ ਇਹ ਸ਼ਬਦ ਆਖੇ : ਜਿਹੜੀ ਸਿਦਕ ਹੁੰਦਿਆਂ ਤੋਂ ਸਤਿਗੁਰਾਂ ਦੀ ਤੁਹਾਡੇ ਤੇ ਕਿਰਪਾ ਹੋਈ-ਹੋਈ ਹੈ, ਉਸੇ ਨੂੰ ਯਾਦ ਕਰਕੇ ਏਨੀ ਮਿਹਨਤ ਕੀਤੀ ਹੈ (ਤੁਹਾਨੂੰ ਲਿਆਉਣ ਦੀ) । ਬੜੀ ਮੁਸ਼ਕਲ ਨਾਲ ਤੁਸੀਂ ਆਏ ਹੋ । ਜਦੋਂ ਪਹਿਲਾਂ ਪਤਾ ਲਗਾ ਕਿ ਤੁਹਾਨੂੰ ਫਾਲਿਜ ਹੋ ਗਿਐ, ਐਉਂ ਲੱਗਾ ਜਿਵੇਂ ਫਸਲ ਪੱਕੀ ਪਕਾਈ ਤੇ ਗੜੇ ਮਾਰ ਹੋ ਗਈ ਹੋਵੇ । ਸਤਿਗੁਰਾਂ ਫਿਰ ਕਿਰਪਾ ਕਰ ਦਿਤੀ ਹੈ । (ਮਿਸਾਲ) ਇਕ ਵਾਰ ਸਾਡਾ ਸਾਰਾ ਮੋਠਾ ਖੜਾ ਸੀ, ਉਸਤੇ ਗੜੇ ਪੈ ਗਏ । ਸਾਰੀ ਫਸਲ ਬਰਬਾਦ ਹੋ ਗਈ, ਪਰ ਉਹ ਮੁੜ ਉਗ ਕੇ ਫਿਰ ਭਰ ਗਿਆ । ਗੱਲ ਤੁਹਾਡੇ ਵਾਲੀ ਵੀ ਏਵੇਂ ਹੀ ਹੋਈ ਹੈ । ਨਵਾਂ ਜੀਵਨ ਹੋਇਆ ਹੈ, ਸਤਿਗੁਰਾਂ ਦੀ ਕਿਰਪਾ ਨਾਲ ।

ਉਸਤਾਦ : ਆਪ ਦੀ ਦੁਆ ਸੇ ਹੀ ਹੂਆ ਹੈ, ਨਹੀਂ ਤੋ ਔਰ-ਕੁਛ ਚਾਹਾ ਨਹੀਂ ਥਾ ।

## ਸ੍ਰੀ ਅਮਰੀਕ ਸਿੰਘ

ਉਸਤਾਦ ਸਲਾਮਤ ਅਲੀ ਨਾਲ ਆਏ ਨੀਲੀਆਂ ਅੱਖਾਂ ਵਾਲੇ, ਭਰਪੂਰ ਜੁਆਨ ਦਾੜ੍ਹੀ ਵਲੋਂ ਸਫਾਚੱਟ, ਕੇਸਾਂ ਵਲੋਂ ਫੈਸ਼ਨੇਬਲ, ਦਰਮਿਆਨੇ ਕੱਦ ਦੇ ਗੋਰੇ ਨਛੋਹ ਅਮਰੀਕ ਸਿੰਘ ਨੂੰ ਮੈਂ ਪੁੱਛਿਆ (ਉਸ ਨੇ ਕਲਾਕਾਰਾਂ ਵਾਂਗ ਹਲਕੇ ਕੇਸਰੀ ਰੰਗ ਦਾ ਕੁੜਤਾ ਅਤੇ ਸਫੈਦ ਚੂੜੀਦਾਰ ਪਜਾਮਾ ਪਹਿਨਿਆ ਹੋਇਆ ਸੀ) : ਤੁਸੀਂ ਨਾਲ ਕਿਵੇਂ ? ਤਾਂ ਅਮਰੀਕ ਸਿੰਘ ਦੇ ਸ਼ਬਦ ਸਨ : ਸਲਾਮਤ ਮੇਰੇ ਉਸਤਾਦ ਨੇ ਤੇ ਮੇਰੇ ਦੋਸਤ ਨੇ ।

? ਆਪ ਰਿਹਾਇਸ਼ ਕਿਥੇ ਰਖਦੇ ਓ ?

! ਆਮ ਕਰਕੇ ਬਾਹਰ ਹੀ ਰਹਿਨਾ ਜੀ, ਜ਼ਿਆਦਾ ਹਾਂਗ ਕਾਂਗ । ਔਰ ਫਰਾਂਸ । ਪੈਰਿਸ ਵਿਚ ਜ਼ਿਆਦਾ ।

? ਕਾਰੋਬਾਰ ਕੀ ਅਤੇ ਕੈਸਾ ?

! ਮੇਰਾ ਸਟੋਨ ਦਾ ਬਿਜ਼ਨਸ ਹੈ, ਜਿਊਲਰੀ ਦਾ ਖਾਸ ਕਰ । ਜਿਥੇ ਮੈਂ ਪਹੁੰਚਿਆ ਹੋਵਾਂ ਕੋਸ਼ਿਸ਼ ਕਰਦਾ ਹਾਂ, ਇਹਨਾਂ ਨਾਲ ਮੇਰੀ ਮੁਲਾਕਾਤ ਹੋ ਜਾਵੇ । ਇਹ ਮੈਨੂੰ ਪਿਆਰ ਬੜਾ ਕਰਦੇ ਨੇ ਤੇ ਬੁਲਾ ਲੈਂਦੇ ਨੇ, ਜਿਥੇ ਮੈਂ ਨੇੜੇ ਕਿਤੇ ਹੋਵਾਂ ।

## ਸਾਖਿਆਤਕਾਰ ਖਾਂ ਸਾਹਿਬ, ਸਲਾਮਤ ਅਲੀ

ਫਿਰ ਮੈਂ ਉਸਤਾਦ ਸਲਾਮਤ ਅਲੀ ਪਾਸ ਗਿਆ ਅਤੇ ਉਨ੍ਹਾਂ ਨੂੰ 11ਵੇਂ ਸਾਲ ਵਿਚ ਸੁਣੇ ਹੋਣ ਦਾ ਜ਼ਿਕਰ ਕਰਕੇ ਕੁਝ ਪੁਛਣਾ ਚਾਹਿਆ ।

ਸ : ਆਪ ਹਿੰਦੁਸਤਾਨ ਵਿਚ ਕਦੋਂ ਕੁ ਦੇ ਆਏ ਹੋਏ ਹੋ ?



Sri Satguru Jagjit Singh Ji Elibrary NamdhariElibrary@gmail.com

ਜ : ਮੈਂ 26 ਜਨਵਰੀ 1979 ਨੂੰ ਆਇਆ ਸੀ, ਉਸਤਾਦ ਹਾਫਿਜ਼ ਅਲੀ ਦੀ ਬਰਸੀ ਬਾਰੇ।

ਸ : ਭਾਰਤ ਵਿਚ ਕਿੰਨਾ ਕੁ ਚਿਰ ਰਹੋਗੇ ?

ਜ : ਮਹੀਨਾ ਡੇਢ ਮਹੀਨਾ।

ਸ : ਅੱਜ ਜੁ ਆਪ ਨੇ ਇਕ ਬੈਠਕ ਵਿਚ ਸੰਗੀਤ ਦਾ ਪ੍ਰੋਗਰਾਮ ਸੁਣਿਆ, ਇਸ ਬਾਰੇ ਆਪਣੇ ਵਿਚਾਰ ਦਸਣਾ ਚਾਹੋਗੇ ?

ਜ : ਇਸ ਬਾਰੇ ਜੀ ਬਹੁਤ ਕੁਝ ਆਖਿਆ ਜਾ ਸਕਦੈ। ਬਹੁਤ ਅਨੰਦ ਮਿਲਿਐ, ਸਤਿਗੁਰੂ ਸਾਹਿਬ ਦੇ ਦਰਸ਼ਨ ਕਰਕੇ। ਸਤਿਗੁਰੂ ਸਾਹਿਬ ਦਾ ਸ਼ੌਕ ਬਹੁਤ ਕਾਬਿਲੇ ਤਾਰੀਫ਼ ਹੈ। ਉਹਨਾਂ ਦੀ ਸੋਚ ਵੀ ਕਾਬਿਲੇ ਤਾਰੀਫ਼ ਹੈ। ਬਹੁਤ ਖ਼ੂਬਸੂਰਤ ਤਿਹਾਈਆਂ ਉਨ੍ਹਾਂ ਨੇ ਫਿਟ ਕੀਤੀਆਂ ਹਨ। ਮੈਂ ਸੁਣ ਕੇ ਬਹੁਤ ਖੁਸ਼ ਹੋਇਆ ਹਾਂ। ਬੜਾ ਹੀ ਸਿੱਖਿਆ ਹੈ। ਉਹਨਾਂ ਦਾ ਇਹ ਸ਼ੌਕ ਵੇਖ ਕੇ ਮੇਰੀ ਦੁਆ ਹੈ ਕਿ ਸਭ ਲੋਕਾਂ ਨੂੰ ਇਹੋ ਜਿਹਾ ਲੋਕ ਸ਼ੌਕ ਹੋਵੇ ਜਿਹੋ ਜਿਹਾ ਉਨ੍ਹਾਂ ਨੂੰ ਹੈ। ਬੱਚਿਆਂ ਨੂੰ ਉਨ੍ਹਾਂ ਬੜਾ ਤਿਆਰ ਕੀਤਾ ਹੈ। ਇਹ ਬਹੁਤ ਲੈਅ ਅਤੇ ਸੁਰ ਵਿਚ ਗਾਏ।

ਸ : ਹੁਣ ਜ਼ਰਾ ਮੈਨੂੰ ਆਪਣੀ ਖ਼ਾਨਦਾਨੀ ਜਾਣਕਾਰੀ ਦਿਓ। ਆਪ ਜੀ ਦੇ ਪਿਤਾ ਜੀ ਦਾ ਸ਼ੁਭ ਨਾਮ ?

ਜ : ਮੇਰੇ ਪਿਤਾ ਜੀ ਦਲਾਵਰ ਅਲੀ ਸਾਹਿਬ ਸ਼ਾਮ ਚੁਰਾਸੀ ਵਾਲੇ।

ਸ : ਤੁਸੀਂ ਆਪਣੇ ਆਪ ਨੂੰ ਕਿਸ ਗਾਇਕੀ ਘਰਾਣੇ ਨਾਲ ਸੰਬੰਧਤ ਸਮਝਦੇ ਹੋ ?

ਜ : ਸ਼ਾਮ ਚੁਰਾਸੀ (ਹੁਸ਼ਿਆਰਪੁਰ) ਘਰਾਣਾ।

ਸ : ਕਿੰਨੀਆਂ ਪੀੜ੍ਹੀਆਂ ਤੋਂ ਆਪਣੇ ਖ਼ਾਨਦਾਨ ਵਾਲੇ ਗਾਉਂਦੇ ਚਲੇ ਆਏ ਨੇ ?

ਜ : ਕਰੀਬਨ ਅਕਬਰ ਦੇ ਜ਼ਮਾਨੇ ਤੋਂ ਘਰਾਣਾ ਸ਼ੁਰੂ ਹੋਇਆ। ਚਾਂਦ ਖਾਂ, ਸੂਰਜ ਖਾਂ (?) ਦੋ ਭਾਈ ਹੋਏ। ਉਹਨਾਂ ਬਾਅਦ ਵਡੇ ਵਡੇ ਗਾਇਕ ਹੋਏ, ਇਸ ਘਰਾਣੇ ਵਿਚ। ਮੈਂ ਵੀ ਏਸੇ ਘਰਾਣੇ ਦਾ ਇਕ ਫ਼ਰਦ ਹਾਂ।

ਸ : ਹੁਣ ਤੁਸੀਂ ਨਜ਼ਾਕਤ (ਇਹਨਾਂ ਦਾ ਵਡਾ ਭਾਈ) ਹੁਰਾਂ ਨਾਲ ਮਿਲ ਕੇ ਨਹੀਂ ਗਾਉਂਦੇ ?

ਜ : ਨਹੀਂ। ਉਹ ਕਰਾਚੀ ਰਹਿੰਦੇ ਹਨ। ਮੇਰਾ ਲੜਕਾ ਮੇਰੇ ਨਾਲ ਗਾਉਂਦਾ ਹੈ ਜੁ ਨਾਲ ਆਇਆ ਹੈ, ਸ਼ਰਾਫ਼ਤ ਅਲੀ ਖਾਂ।

ਸ : ਤੁਹਾਡੇ ਲੜਕੇ ਕਿੰਨੇ ਹਨ ?

ਜ : ਮਆਸ਼ਾ ਅਲੌਂ ਚਾਰ ਨੇ !

ਸ : ਨਾਮ ਲਓਗੇ ?

ਜ : ਹਾਂ, ਸ਼ਰਾਫ਼ਤ ਅਲੀ, ਰਫ਼ਾਕਤ ਅਲੀ, (?), ਸ਼ਫ਼ਕਤ ਅਲੀ। ਲੜਕੀਆਂ ਵੀ ਚਾਰ ਹੀ ਨੇ।

ਸ : ਤੁਹਾਡੀ ਸ਼ਾਦੀ ਕਦੋਂ ਤੇ ਕਿਥੇ ਹੋਈ ?



Sri Satguru Jagjit Singh Ji Elibrary NamdhariElibrary@gmail.com

ਜ : ਪਾਕਿਸਤਾਨ ਬਣਨ ਤੋਂ ਬਾਅਦ ਅਤੇ ਲਾਹੌਰ ਹੀ ਕੀਤੀ।

ਸ : ਬੀਬੀ ਕਿਸ ਘਰਾਣੇ ਨਾਲ ਸੰਬੰਧਤ ਹੈ ?

ਜ : ਮੇਰੀ ਬੀਵੀ ਪਟਿਆਲੇ ਤੋਂ ਹੈ।

ਸ : ਆਪ ਨੇ ਸੰਗੀਤ ਸਿਖਿਆ ਕਿਸ ਤੋਂ ਪ੍ਰਾਪਤ ਕੀਤੀ ?

ਜ : ਆਪਣੇ ਵਾਲਿਦ ਤੋਂ। ਖ਼ਾਨਦਾਨੀ ਹੈ। ਮਤਲਬ ਇਹ ਕਿ ਉਸ ਖ਼ਾਨਦਾਨ 'ਚੋਂ ਬਾਹਰ ਨ ਨਿਕਲੇ ਬੰਦਾ।

ਸ : ਕਿੰਨਿਆਂ ਦੇਸਾਂ ਦਾ ਟੂਰ ਲਗਾ ਕੇ ਆਏ ਹੋ ?

ਜ : ਬਹੁਤ ਵਾਰਾਂ ਬਹੁਤ ਦੇਸਾਂ ਵਿਚ।
ਅਤੇ ਉਹਨਾਂ ਦੇ ਸਮੇਂ ਨੂੰ ਮੁਖ ਰਖ, ਗੱਲਾਂ ਮੁਕ ਗਈਆਂ।

## ਸ. ਰੰਧਾਵਾ

ਸਲਾਮਤ ਅਲੀ ਜੀ ਨੂੰ ਏਥੇ (ਭਾਰਤ ਵਿਚ) ਲੈ ਆਉਣ ਵਿਚ ਸ. ਹਰਚਰਨ ਸਿੰਘ ਰੰਧਾਵਾ ਦਾ ਅਤੇ ਸ੍ਰੀ ਤੀਰਥ ਰਾਮ ਸ਼ਰਮਾ ਜੀ ਦਾ ਬੜਾ ਯੋਗਦਾਨ ਹੈ। ਇਹ ਦੋਵੇਂ ਸੱਜਣ ਇੰਗਲੈਂਡ ਵਿਚ ਵਸਦੇ ਨਾਮਧਾਰੀ ਹਨ ਅਤੇ ਸਤਿਗੁਰੂ ਜੀ ਦੇ ਪਰਮ ਵਿਸ਼ਵਾਸ ਪਾਤਰ ਹਨ।

ਰੰਧਾਵਾ ਜੀ ਨੇ ਉਸਤਾਦ ਸਲਾਮਤ ਅਲੀ ਬਾਰੇ ਕੁਝ ਜਾਣਕਾਰੀ ਦਿਤੀ : ਸ਼ੁਰੂ ਸ਼ੁਰੂ ਵਿਚ ਜਦੋਂ ਸਲਾਮਤ ਜਲੰਧਰ ਦੇ ਹਰਵਲਭ ਮੇਲੇ ਵਿਚ ਆਏ ਤਾਂ ਇਹਨਾਂ ਦੀ ਫੀਸ ਤੀਹ ਰੁਪਏ ਸੀ। ਇਹਨਾਂ ਇਕ ਵਾਰ ਕਿਹਾ ਤੀਹ ਵਿਚ ਨਹੀਂ, ਅਸੀਂ ਪੈਂਤੀ ਵਿਚ ਗਾਵਾਂਗੇ। ਇਹਦਾ ਜਵਾਬ ਹਰਵਲਭ ਵਾਲਿਆਂ ਨਾ ਦਿਤਾ। ਬਾਅਦ ਵਿਚ ਬੜਾ ਅਫ਼ਸੋਸ ਹੋਇਆ ਕਿ ਚਲੋ ਤੀਹ ਹੀ ਲੈ ਲੈਂਦੇ, ਅਸਾਂ ਪੈਂਤੀ ਕਿਉਂ ਆਖੇ ? ਏਸੇ ਅਫ਼ਸੋਸ ਵਿਚ ਸਨ ਕਿ ਭਾਈ ਨਸੀਬ ਇਹਨਾਂ ਪਾਸ ਭੈਣੀ ਸਾਹਿਬੋਂ ਆ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਲਾਮਤ-ਨਜ਼ਾਕਤ ਨੂੰ ਬੁਲਾਇਆ ਸੀ। ਹਜ਼ੂਰ ਨੇ ਇਹਨਾਂ ਨੂੰ ਸੁਣ ਕੇ 101/- ਨਾਲ ਸਨਮਾਨਤ ਕੀਤਾ ਅਤੇ ਨਾਲ ਹੀ ਆਸ਼ੀਰਵਾਦ ਦਿਤੀ ਕਿ ਇਹ ਦੋਵੇਂ ਬਚੇ ਹੁਣ ਦੇਸ਼ ਵਿਦੇਸ਼ ਘੁੰਮਣਗੇ। ਅਤੇ ਇਹ ਮੰਨਦੇ ਹਨ ਕਿ ਇਹ ਭੈਣੀ ਸਾਹਿਬ ਦੀ ਗੱਦੀ ਦੀ ਹੀ ਦੁਆ ਹੈ ਕਿ ਅਸੀਂ ਦੇਸ ਦੁਨੀਆ ਵਿਚ ਸੰਗੀਤ ਦੀ ਖ਼ਿਦਮਤ ਕਰਦੇ ਫਿਰਦੇ ਹਾਂ।

## ਸ. ਸੰਤੋਖ ਸਿੰਘ ਧੀਰ

ਸਤਿਗੁਰੂ ਜੀ ਤਾਂ ਪਤਾ ਨਹੀਂ ਕਿਸ ਪ੍ਰੋਗਰਾਮ ਵਿਚ ਰਹੇ ਪਰ ਮੈਨੂੰ ਛੇਤੀ ਹੀ ਪੰਜਾਬੀ ਦਾ ਪ੍ਰਸਿਧ ਅਤੇ ਉੱਤਮ ਕਵੀ, ਸ੍ਰੇਸ਼ਟ ਕਹਾਣੀਕਾਰ ਅਤੇ ਚੋਟੀ ਦੇ ਨਾਵਲਕਾਰ ਸ. ਸੰਤੋਖ ਸਿੰਘ ਧੀਰ ਮਿਲ ਪਏ। ਗੋਬਿੰਦਗੜ੍ਹ ਮੰਡੀ ਦੇ ਪਾਸ ਇਨ੍ਹਾਂ ਦਾ ਪਿੰਡ ਹੈ ਭਰਪੂਰਗੜ੍ਹ। ਇਨ੍ਹਾਂ ਦੇ ਪਿਤਾ ਸ. ਈਸ਼ਰ ਸਿੰਘ ਹੁਰਾਂ ਦਾ ਵੀ ਗੁਰੂ ਘਰ ਨਾਲ ਬੜਾ ਪ੍ਰੇਮ ਹੈ। ਪਹਿਲਾਂ ਉਹ ਲਗਭਗ ਹਰ ਮੇਲੇ ਤੇ ਆਉਂਦੇ ਰਹੇ। ਹੁਣ ਉਹ ਬਿਰਧ ਹਨ। 'ਧੀਰ' ਸਾਹਿਬ ਭਾਵੇਂ ਮਾਰਕਸਵਾਦੀ ਅਰਥਾਤ ਕਮਿਊਨਿਸਟ (ਸੀ. ਪੀ. ਆਈ.) ਦੇ



Sri Satguru Jagjit Singh Ji Elibrary NamdhariElibrary@gmail.com

ਪੰਜਾਬ ਵਿਚ ਕਲਚਰਲ ਖੇਤਰ ਦੇ ਮੁਖੀ ਹਨ ਪਰ ਇਕ ਤਾਂ ਕਲਚਰ (ਸਭਿਆਚਾਰ) ਅਤੇ ਫਿਰ ਕਲਾ ਨਾਲ ਵਾਸਤਾ ਹੋਣ ਕਰਕੇ ਇਹ ਉਦਾਰ ਮਨ ਹਨ ਅਤੇ ਇਸ ਧਾਰਮਿਕ ਮੇਲੇ ਨੂੰ ਵੇਖਣ, ਸਾਨੂੰ ਮਿਲਣ ਅਤੇ ਗੁਰੂ ਦਰਸ਼ਨਾਂ ਦਾ ਲਾਭ ਲੈਣ ਆ ਪਹੁੰਚੇ ਹਨ। ਮੈਂ ਇਨ੍ਹਾਂ ਨਾਲ ਇਕ ਟੂਰ ਕੇ ਨਾਮਧਾਰੀ ਪੰਥ ਅਤੇ ਭੈਣੀ ਸਾਹਿਬ ਬਾਰੇ ਲੋੜੀਂਦੀ ਜਾਣਕਾਰੀ ਦਿਤੀ। ਅਤੇ ਸਭ ਤੋਂ ਵੱਧ ਖੁਸ਼ੀ ਇਸ ਗੱਲ ਦੀ ਹੋਈ, ਜਦੋਂ ਸਤਿਗੁਰੂ ਜੀ ਥੋੜ੍ਹਾ ਕੁ ਆਰਾਮ ਕਰਨ ਖ਼ਾਤਰ ਆਪਣੇ ਨਵੇਂ ਬਣੇ ਮਕਾਨ (ਗੁਰੂ ਕਾ ਨਿਵਾਸ) ਦੇ ਇਕ ਕਮਰੇ ਵਿਚ ਪਧਾਰੇ, ਅਸੀਂ ਵੀ ਸਬੰਧ ਨਾਲ ਹੋਰ ਥਾਵਾਂ ਵੇਖ ਕੇ, ਓਸੇ ਸਮੇਂ, ਓਸੇ ਕਮਰੇ ਵਿਚ ਚਲੇ ਗਏ। ਸਤਿਗੁਰੂ ਜੀ ਨੇ 'ਮਾਲਾ ਦੇ ਮਣਕਿਆਂ' ਦੀ ਕਵਿਤਾ ਲਿਖਣ ਵਾਲੇ ਨਾਲ 5-7 ਮਿੰਟ ਆਪ ਨਾਲ ਹੋ ਕੇ ਸਾਰੇ ਕਮਰੇ ਵਿਖਾਏ। ਅਤੇ ਇਸ ਮਕਾਨ ਦੀ ਬਣਤਰ ਤੇ ਜ਼ਰੂਰਤ ਬਾਬਤ ਜਾਣਕਾਰੀ ਦਿਤੀ। ਸਤਿਗੁਰੂ ਜੀ ਦੀ ਸਾਦਗੀ, ਮਿਲਣ ਗਿੱਲਾ ਤੇ ਨਾਲ ਹੋ ਕੇ ਕੋਠੀ ਏਨੀ ਖੋਲ੍ਹ ਕਹੀ ਪੋਰ ਕਵੀ ਸਦਕੇ ਜਾ ਰਿਹਾ ਸੀ। ਉਸਨੂੰ ਪਤਾ ਸੀ ਕਿ ਸਤਿਗੁਰੂ ਜੀ ਸ਼ਾਂਤੀ ਦੇ ਖੇਤਰ ਵਿਚ ਵੀ ਬੜੇ ਸਰਗਰਮ ਰਹੇ ਹਨ।

## ਇਕ ਲਖ ਰੁਪਏ ਦੀ ਅਪੀਲ

ਨੇਮ ਪੂਰਵਕ ਕਥਾ, ਨਾਮ ਸਿਮਰਨ ਅਤੇ ਰਾਗੀਆਂ ਦਾ ਦੀਵਾਨ ਸਜਿਆ। ਦੀਵਾਨ ਦੇ ਦੌਰਾਨ ਪੰਡਿਤ ਗੋਪਾਲ ਸਿੰਘ ਦੁਆਰਾ ਅਪੀਲ ਕੀਤੀ ਗਈ ਕਿ ਸਿਮ੍ਰਤੀ ਮੰਦਰ ਵਾਸਤੇ ਬੂਹੇ-ਬਾਰੀਆਂ ਲਈ ਇਕ ਲੱਖ ਰੁਪਏ ਦੀ ਲੋੜ ਹੈ। ਥੋੜ੍ਹੇ ਪੌਣੇ ਘੰਟੇ ਵਿਚ ਹੀ 75000/- ਇਕੱਤਰ ਹੋ ਗਏ। ਅਤੇ ਰਹਿੰਦੀ ਕਸਰ ਪੂਰੀ ਕਰਨ ਲਈ ਸਵੇਰ ਦਾ ਦੀਵਾਨ ਸੌਂਪਿਆ ਗਿਆ। ਇਸ ਦੀਵਾਨ ਦੀ ਸਮਾਪਤੀ ਹੋ ਗਈ।

ਸ਼ਾਮ ਦੇ ਦੀਵਾਨ ਲਈ ਠਾਕੁਰ ਜੀ ਨੇ ਆਪਣੇ ਸੇਵਕ-ਜਥੇ ਨੂੰ ਆਗਿਆ ਦੇ ਕੇ ਪੂਰੀ ਤਰ੍ਹਾਂ ਤਿਆਰੀ ਕਰਵਾ ਦਿਤੀ।

## ਸੰਗੀਤ ਦੀਵਾਨ : ਉਸਤਾਦ ਸਲਾਮਤ

ਆਮ ਲੋਕਾਂ ਵਿਚ ਪਾਕਿਸਤਾਨੀ ਗਵੱਈਏ ਸਲਾਮਤ ਅਲੀ ਨੂੰ ਸੁਣਨ ਦਾ ਬੜਾ ਉਤਸਾਹ ਸੀ। ਪੰਜਾਬ ਦੇ ਸਾਰੇ ਹੀ ਅਖ਼ਬਾਰਾਂ ਨੇ ਸ਼ਾਮ ਚੁਰਾਸੀ ਦੇ ਘਰਾਣੇ ਦੇ ਵਰਤਮਾਨ ਉਸਤਾਦ ਨੂੰ ਪਾਕਿਸਤਾਨੋਂ ਸ੍ਰੀ ਭੈਣੀ ਸਾਹਿਬ ਆ ਕੇ ਸ਼ਾਸਤਰੀ ਸੰਗੀਤ ਦੀ ਪੇਸ਼ਕਾਰੀ ਕਰਨ ਦਾ ਬੜਾ ਤਰਕਾਂ ਤੇ ਉਤਸਾਹ ਵਰਧਕ ਜ਼ਿਕਰ ਕੀਤਾ ਸੀ। ਅੰਮ੍ਰਿਤਸਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਅਤੇ ਅੰਬਾਲਾ ਆਦਿ ਪ੍ਰਮੁਖ ਸ਼ਹਿਰਾਂ ਦੇ ਸੰਗੀਤ ਪਿਆਰੇ ਲੋਕ ਅੱਜ ਦੀ ਸੰਗੀਤ ਸਭਾ ਲਈ ਏਥੇ ਪਹੁੰਚੇ। ਅਧੂਰੇ ਸਿਮ੍ਰਤੀ ਮੰਦਰ ਦਾ ਸੰਪੂਰਨ ਹਾਲ ਹਾਜ਼ਰੀ ਵਲੋਂ ਭਰਪੂਰ ਹੋ ਗਿਆ। ਸਪੀਕਰਾਂ ਰਾਹੀਂ ਬਾਹਰ ਵੀ ਸੁਣਨ ਦਾ ਪ੍ਰਬੰਧ ਸੀ ਜਿਥੇ ਸ਼ਾਸਤਰੀ ਸੰਗੀਤ ਦੇ ਸ਼ੌਕੀਨ ਹਜ਼ਾਰਾਂ ਦੀ ਗਿਣਤੀ ਵਿਚ ਬੈਠੇ ਸਨ। ਠੀਕ ਹਾਜ਼ਰੀ 8 ਤੋਂ 10 ਹਜ਼ਾਰ ਦੇ ਕਰੀਬ ਸੀ। ਸ੍ਰੀ ਸਤਿਗੁਰੂ ਜੀ ਸੰਗੀਤ ਸੁਖ ਦਾ ਨਜ਼ਾਰਾ ਲੈਣ ਆਪਣੇ ਪ੍ਰਿਯ ਸਿੱਖਾਂ ਨਾਲ 7.30 ਵਜੇ ਸ਼ਾਮੀਂ ਆਪਣੇ ਆਸਣ ਤੇ ਆ ਸ਼ੁਸ਼ੋਭਤ ਹੋਏ।



Sri Satguru Jagjit Singh Ji Elibrary NamdhariElibrary@gmail.com

ਲੰਮੇ ਉੱਚੇ ਸਟੇਜ ਤੇ ਇਕ ਪਾਸੇ ਸਤਿਗੁਰੂ ਜੀ ਲਈ ਚੰਦੋਏਦਾਰ ਆਸਣ, ਨਾਲ ਹੀ, ਖੱਬੇ ਪਾਸੇ ਰਾਗੀਆਂ ਲਈ ਜਗ੍ਹਾ ਬਣੀ ਹੋਈ ਸੀ । 10 ਕੁ ਮਿੰਟ ਤਕ ਕਲਾਕਾਰ ਸਲਾਮਤ-ਨਜ਼ਾਕਤ (ਪਿਤਾ ਪੁੱਤਰ) ਵੀ ਆ ਗਏ । ਇਨ੍ਹਾਂ ਨਾਲ ਪਾਕਿਸਤਾਨੋਂ ਆਇਆ ਤਬਲਾ ਵਾਦਕ ਗੁਲਾਮ ਅੱਬਾਸ ਵੀ ਸੀ । ਤੰਤ੍ਰੂ ਸਾਜ਼ ਦਾ ਸਾਥ ਮਾਣਨ ਲਈ ਦਿੱਲੀਓਂ ਇਕ ਜਵਾਨ ਕਲਾਕਾਰ ਔਲਾਉਦੀਨ ਇਸਰਾਜ ਵਾਦਕ ਵੀ ਨਾਲ ਲੈ ਆਏ ਸਨ । ਚਹੁੰਆਂ ਸ੍ਰੇਸ਼ਟ ਮੁਸਲਿਮ ਕਲਾਕਾਰਾਂ ਨੇ ਸ੍ਰੀ ਗੁਰੂ ਚਰਨਾਂ ਵਲ ਝੁਕ ਨਮਸਕਾਰ ਕੀਤੀ । ਆਸ਼ੀਰਵਾਦ ਪ੍ਰਾਪਤ ਕਰ ਮੁਕੱਰਰ ਜਗ੍ਹਾ ਤੇ ਬੈਠ ਗਏ । ਤਰਤੀਬ ਇਹ ਸੀ : ਸਤਿਗੁਰੂ ਜੀ ਵਾਲੇ ਪਾਸੇ ਗੋਰਾ ਨਰੋਇ ਜਵਾਨ ਗੁਲਾਮ ਅੱਬਾਸ, ਫਿਰ ਉਸਤਾਦ ਸਲਾਮਤ ਅਲੀ, ਇਹਨਾਂ ਨਾਲ ਬਰਾਬਰ ਅਤੇ ਇਸਦੇ ਨਾਲ ਇਸਰਾਜ ਵਾਦਕ ਔਲਾਉਦੀਨ । ਸਲਾਮਤ ਹਥ ਸੁਰਮੰਡਲ , ਸ਼ਰਾਫ਼ਤ ਕੋਲ ਤਾਨਪੁਰਾ ਸੀ । ਸੁਰ ਸਰ ਕਰਦਿਆਂ ਨੂੰ 8 ਵਜ ਗਏ ਚਾਰ ਦੇ ।

ਫਿਰ ਆਗਿਆ ਲੈ ਕੇ ਮੈਂ 10 ਕੁ ਮਿੰਟ ਲਈ ਉਸਤਾਦ ਸਲਾਮਤ ਅਲੀ ਜੀ ਦੀ ਸੰਗੀਤ ਖੇਤਰ ਵਿਚ ਥਾਂ, ਇਹਨਾਂ ਲਈ ਸਤਿਗੁਰੂ ਜਗਜੀਤ ਸਿੰਘ ਜੀ ਅੰਦਰ ਸਨੇਹ ਆਦਿ, ਸੰਗਤ ਨੂੰ ਜਾਣਕਾਰੀ ਦੇਣ ਲਈ ਬੋਲਿਆ ।

## ਕਥਨ ਉਸਤਾਦ ਸਲਾਮਤ ਅਲੀ ਦਾ

ਖਚਾਖਚ ਭਰੇ ਸਿਮ੍ਰਤੀ ਹਾਲ ਅਤੇ ਹਜ਼ਾਰਾਂ ਦੀ ਤਾਦਾਦ ਵਿਚ ਬਾਹਰ ਬੈਠੇ ਸਰੋਤਿਆਂ ਨੂੰ ਮੁਖਾਤਿਬ ਕਰਕੇ ਉਸਤਾਦ ਸਲਾਮਤ ਅਲੀ ਨੇ ਚੰਦ੍ਰਕੌਂਸ ਦਾ ਖ਼ਿਆਲ ਪੇਸ਼ ਕਰਨੋਂ ਪਹਿਲਾਂ ਹੇਠ ਲਿਖੇ ਸ਼ਬਦ ਆਖੇ :

"ਸਤਿਗੁਰੂ ਜੀ ਦੀ ਬਰਕਤ ਨਾਲ, ਇਹ ਕਹਿਣਾ ਹੀ ਚਾਹੀਦਾ ਹੈ, ਕਿ ਤੁਹਾਡੇ ਸਾਹਮਣੇ ਅੱਜ ਮੈਂ ਬੈਠਾ ਹਾਂ । ਇਹਨਾਂ ਦੀ ਦੁਆ, ਬਰਕਤ ਨਾਲ ਇਹਨਾਂ ਦੀ ਕਿਰਪਾ ਨਾਲ ਇਹ ਵਕਤ ਮਿਲਿਆ ਹੈ ਕਿ ਆਪ ਲੋਕਾਂ ਦੀ ਸੰਗਤ ਮਿਲੀ ਹੈ । ਸੰਗੀਤ ਦੇ ਜ਼ਰੀਏ ਆਪ ਲੋਗੋਂ ਕੀ ਖ਼ਿਦਮਤ ਕਰਨੇ ਕਾ ਮੌਕਾ ਮਿਲਾ । ਬਹੁਤ ਅਰਸਾ ਪਹਿਲੇ, ਬਚਪਨ ਮੇਂ, ਮੈਂ ਯਹਾਂ ਆਇਆ ਥਾ ਤੋ ਬੜੇ ਸਤਿਗੁਰੂ ਜੀ ਕੀ ਦੁਆ ਸੇ ਮੁਝੇ, ਅੱਲਾ ਕੀ ਮਿਹਰਬਾਨੀ ਸੇ, ਜਿਹ, ਸੰਗੀਤ ਮੇਂ ਛੋਟਾ ਸਾ ਮੁਕਾਮ ਮਿਲਾ ਹੈ ਕਿ ਮੁਝੇ ਲੋਗ ਗਵੱਈਆ ਕਹਿ ਦੇਤੇ ਹੈਂ । ਗਵੱਈਆ ਕਹਿਲਵਾਨਾ ਹੀ ਮੁਸ਼ਕਲ ਹੈ । ਬਲਕਿ, ਬੜੀ ਫ਼ਖ਼ਰ ਕੀ ਬਾਤ ਹੈ । ਗੁਰੂ ਮਹਾਰਾਜ ਕੀ ਮਿਹਰਬਾਨੀ ਸੇ ਲੋਗ ਗਵੱਈਆ ਕਰਕੇ ਹਮੇਂ ਸੰਸਾਰ ਮੇਂ ਜਾਨਤੇ ਹੈਂ । ਹਮ ਨੇ ਸੰਗੀਤ ਕੀ, ਇਨ (ਗੁਰੂ ਮਹਾਰਾਜ) ਕੀ ਦੁਆ ਸੇ, ਇਨ ਕੇ ਬਜ਼ੁਰਗੋਂ ਕੀ ਦੁਆ, ਬਰਕਤ ਸੇ, ਕਿਰਪਾ ਸੇ, ਹਮੇ ਥੋੜ੍ਹਾ ਸਾ, ਸੰਗੀਤ ਮੇ ਮਾਲਿਕ ਨੇ ਮੁਕਾਮ ਦੀਆ । ਆਜ ਮੈਂ, ਮੈਂ ਕਿਆ ਮੇਰੀ ਸਾਰੀ ਸੰਗਤ ਸਤਿਗੁਰੂ ਜੀ ਕੀ ਸ਼ੁਕਰ ਗੁਜ਼ਾਰ ਹੈ ਕਿ ਆਪ ਲੋਗੋਂ ਕੇ ਦਰਸ਼ਨ ਕਰ ਰਹੇ ਹੈਂ ਔਰ ਆਪ ਕੀ ਸੇਵਾ ਕਰ ਰਹੇ ਹੈਂ । ਮੇਰੇ ਦੋਸਤ (ਅਰਥਾਤ ਪ੍ਰੀਤਮ ਸਿੰਘ ਕਵੀ) ਜੈਸੇ ਫ਼ਰਮਾ ਰਹੇ ਥੇ ਕਿ ਮੈਂ ਬਚਪਨ ਮੇਂ ਯਹਾਂ ਆਇਆ । ਅਬ ਵੁਹ ਜ਼ਮਾਨਾਂ ਗੁਜ਼ਰ ਗਿਆ । ਜਵਾਨੀ ਗੁਜ਼ਰ ਗਈ । ਐਸੇ ਮੁਕਾਮ ਪੇ ਆ ਗਇਆ ਹੂੰ, ਜ਼ਿੰਦਗੀ



Sri Satguru Jagjit Singh Ji Elibrary NamdhariElibrary@gmail.com

ਯਾ ਜਿਹ ਅਜੀਬ ਮੁਕਾਮ ਹੈ, ਲੇਕਿਨ ਇਨ (ਸਤਿਗੁਰੂ ਜੀ) ਕੀ ਦੁਆ ਸੇ, ਸਤਿਗੁਰੂ ਜੀ ਕੀ ਕਿਰਪਾ ਸੇ, ਮੈਂ ਅਭੀ ਭੀ ਗਾ ਰਹਾ ਹੂੰ। ਔਰ ਮੇਰੇ ਸਾਥ ਮੇਰਾ ਬੇਟਾ ਸ਼ਰਾਫ਼ਤ ਅਲੀ ਗਾ ਰਹਾ ਹੈ। ਹਮ ਭਾਈਓਂ ਨੇ ਭੀ ਖ਼ਿਦਮਤ ਕੀ ਇਨ ਕੀ, ਆਜ ਬਾਪ ਬੇਟਾ ਖ਼ਿਦਮਤ ਕਰ ਰਹੇ ਹੈਂ।

"ਜਿਹ ਇਨ ਕੀ ਕਿਰਪਾ ਸੇ ਹੈ। ਕਹਿਨੇ ਕੋ ਤੋ ਇਤਨਾ ਕੁਛ ਹੈ ਕਿ ਖ਼ਤਮ ਹੀ ਨਹੀਂ ਹੋਤਾ ਲੇਕਿਨ ਜੋ ਮੈਂ ਅਬ ਕਹੂੰਗਾ, ਲੈਅ ਸੁਰ ਕੀ ਜ਼ਬਾਨ ਮੇਂ, ਸਤਿਗੁਰੂ ਜੀ ਕੀ ਸੇਵਾ ਮੇਂ ਪੇਸ਼ ਕਰੂੰਗਾ। ਔਰ ਆਪ ਲੋਗੋਂ ਕੀ ਸੇਵਾ ਮੇਂ ਚੰਦ੍ਰ ਕੌਂਸ ਕਾ ਖ਼ਿਆਲ ਔਰ ਤਰਾਨਾ ਪੇਸ਼ ਕਰਨੇ ਲਗਾ ਹੂੰ। ਉਸ ਕੇ ਬਾਅਦ ਜੈਸੇ ਫ਼ਰਮਾਇਆ ਥਾ ਮੇਰੇ ਸਾਹਿਬਾਨ ਨੇ ਮਾਲਕੌਂਸ ਪੇਸ਼ ਕਰੂੰਗਾ। ਮੇਰਾ ਜੀ ਕਰ ਆਇਆ ਹੈ ਕਿ ਮੈਂ ਚੰਦ੍ਰ ਕੌਂਸ ਸਤਿਗੁਰੂ ਜੀ ਕੀ ਸੇਵਾ ਮੇਂ ਪੇਸ਼ ਕਰੂੰ। ਤਬਲੇ ਪਰ ਪਾਕਿਸਤਾਨ ਕਾ ਨੌਜਵਾਨ ਫ਼ਨਕਾਰ, ਵੁਹ ਭੀ ਮੇਰਾ ਅਜ਼ੀਜ਼ ਹੈ, ਸੰਗਤ ਕਰ ਰਿਹਾ ਹੈ ਗ਼ੁਲਾਮ ਅੱਬਾਸ। ਔਰ ਇਸਰਾਜ ਪਰ ਦਿਹਲੀ ਕੇ ਮਸ਼ਹੂਰ ਔਰ ਮਾਅਰੂਫ਼ ਅੱਲਾਹ ਦੀਨ ਖ਼ਾਂ ਸੰਗਤ ਕਰ ਰਹੇ ਹੈਂ।

"ਔਰ ਏਕ ਛੋਟੀ ਸੀ ਅਰਜ਼ ਕਰਨੇ ਲਗਾ ਹੂੰ। ਸਤਿਗੁਰੂ ਜੀ ਕੀ ਸੇਵਾ ਮੇਂ ਹਾਜ਼ਰੀ ਦੇਨੇ ਆਇਆ ਹੂੰ। ਹਾਜ਼ਰੀ ਦੇ ਰਹਾ ਹੂੰ। ਜੈਸਾ ਭੀ ਹੈ ਕਬੂਲ ਫ਼ਰਮਾਏਂ। ਗਾਨਾ ਤੋ ਆਪ ਖ਼ੁਦ ਇਤਨਾ ਸਮਝਤੇ ਹੈਂ ਕਿ ਮੈਂ ਕਿਆ ਸਮਝਤਾ ਹੂੰ ਕਿ ਮੈਂ ਸੁਨਾ ਹੀ ਨਹੀਂ ਸਕਤਾ, ਇਤਨਾ ਆਪ ਸਮਝਤੇ ਹੈਂ, ਬੇਹਦ ਗਾਨਾ ਸਮਝਤੇ ਹੈਂ। ਇਤਨੀ ਸੂਝ ਲੈਅ ਕੀ, ਸੁਰ ਕੀ, ਤੋ ਮੈਂ ਇਨ ਕੀ ਦੁਆ ਸੇ, ਇਨ ਕੇ ਬਜ਼ੁਰਗੋਂ ਕੀ ਦੁਆ ਸੇ ਇਨ ਕੀ ਹਾਜ਼ਰੀ ਦੇਨੇ ਲਗਾ ਹੂੰ। ਮੇਰੀ ਹਾਜ਼ਰੀ ਕਬੂਲ ਹੋ।

"ਗਾਨਾ ਤੋ ਸੁਨਾਨਾ ਬਹੁਤ ਮੁਸ਼ਕਲ ਬਾਤ ਹੈ। ਜਿਹ ਆਪ ਖ਼ੁਦ ਇਤਨਾ ਸਮਝਤੇ ਹੈਂ ਕਿ ਮੈਂ ਤਾਰੀਫ਼ ਨਹੀਂ ਕਰ ਸਕਤਾ। ਇਤਨੀ ਲੈਅ ਕੀ ਖ਼ਬਰ ਹੈ, ਮਹਾਰਾਜ ਜੀ ਕੋ।

"ਮੇਰੀ ਖ਼ੁਸ਼ ਕਿਸਮਤੀ ਹੈ ਕਿ ਇਨਕੇ ਸਾਮਨੇ ਤੀਸਰੀ ਦਫ਼ਾ ਫਿਰ ਖ਼ਿਦਮਤ ਕਾ ਮੌਕਾ ਮਿਲਾ। ਮੇਰੀ ਦੁਆ ਹੈ ਕਿ ਮੈਂ ਹਮੇਸ਼ਾ ਐਸੇ ਗਾਤਾ ਰਹੂੰ, ਆਪ ਸੁਨਤੇ ਰਹੇਂ। ਮੇਰੀ ਇੱਛਿਆ ਹੈ।"

ਜਦ ਤਕ ਸਲਾਮਤ ਅਲੀ ਬੋਲਦੇ ਰਹੇ ਸਾਜ਼ਿੰਦੇ ਵੀ ਸੁਰਾਂ ਟੁਣਕਾਰਦੇ ਰਹੇ ਅਤੇ ਤਾਰਾਂ ਰਾਹੀਂ ਸੁਰ ਭਰਦੇ ਰਹੇ। ਮਸਾਂ ਕਿਤੇ 8.20 ਤੇ 'ਸ਼ਡਜ' (ਖਰਜ), ਦਾ ਸੁਰ ਭਰਿਆ ਗਿਆ। 'ਨਿਸ਼ਾਦ' (ਨੀ) ਤੋਂ ਉਠ 'ਸਾ' (ਸ਼ਡਜ) ਤੇ ਪਹੁੰਚਿਆ ਜਾਂਦਾ। ਆਲਾਪ ਤੋਂ ਪਿਛੋਂ, ਵਿਲੰਬਤ, ਤਾਲ ਧਮਾਰ ਤੇ ਤਰਾਨਾ ਤਿੰਨ ਤਾਲ ਵਿਚ ਸੁਣਾਇਆ।

## ਚੰਦ੍ਰਕੌਂਸ ਦੀ ਪੇਸ਼ਕਾਰੀ

ਖ਼ਿਆਲ ਦੇ ਬੋਲ ਸਨ :

ਲਗਨ ਮੋਹਿ ਲਾਗੀ ਅਪਨੇ ਪੀਆ ਸੋਂ।



Sri Satguru Jagjit Singh Ji Elibrary NamdhariElibrary@gmail.com

ਬਸ ਫਿਰ 'ਸ਼ਬਦ' ਨੂੰ ਆਧਾਰ ਬਣਾ ਕੇ ਸੁਰ ਦੀਆਂ ਉਡਾਣਾਂ ਲੱਗਣ ਲੱਗੀਆਂ। ਕਦੀ ਅਨਿਲ ਪੰਛੀ ਵਾਂਗ ਆਕਾਸ਼ ਵਿਚ ਖੋ ਜਾਣਾ, ਕਦੇ ਫੁਹਾਰੇ ਵਾਂਗ ਉਤਰ ਉਤਰ ਕਿਰ ਕਿਰ ਪੈਣਾ। ਵਿਭਿੰਨ ਸੁਰ ਸੰਗਤੀਆਂ ਨਾਲ, ਤਾਨਾਂ ਪਲਟਿਆਂ ਨਾਲ ਐਸਾ ਵਾਤਾਵਰਣ ਸਿਰਜਿਆ ਗਿਆ ਕਿ ਸਭਨੀਂ ਪਾਸੀਂ ਸੁਰ ਦਾ ਰਾਜ ਹੀ ਪ੍ਰਤੀਤ ਦਿੰਦਾ ਸੀ। ਗਮਕਾਂ ਨੂੰ ਛਾਤੀ ਅਤੇ ਪੇਟ ਦੇ ਜ਼ੋਰ ਨਾਲ ਉਛਾਲਣਾ, ਰੋਹੀ-ਅਵਰੋਹੀ ਕਰਦਿਆਂ ਬਿਜਲੀ ਦੀ ਗਤੀ ਨਾਲ ਹੇਠਾਂ, ਉਤ੍ਹਾਂ ਜਾਣਾ, ਸਰਗਮਾਂ ਕਰਦਿਆਂ ਪਿਉ ਪੁੱਤ ਨੇ ਵਾਰੀਆਂ ਬਿਦ ਬਿਦ ਕੇ ਦੇਣੀਆਂ। ਬਾਪ ਬੇਟੇ ਦਾ ਐਸਾ ਸੰਜੋਗ ਸੀ ਕਿ ਸਭ ਪਾਸਿਉਂ ਬਰਾਬਰ ਦੀ ਚੋਟ ਸੀ,(ਪੁੱਤਰ ਦੀ ਤੇਜ਼ੀ ਅਤੇ ਸੁਰਾਂ ਦਾ ਸੰਯੋਜਨ ਅਦਭੁਤ ਸੀ) ਪਰ ਪਿਤਾ ਦੀ ਅਗਵਾਈ ਨੇ ਐਸਾ ਰੰਗ ਬੰਨ੍ਹਿਆ ਕਿ 10000 ਸਰੋਤਾ ਮੰਤਰ ਮੁਗਧ ਹੋਇਆ ਰਿਹਾ।

ਧਮਾਰ ਵਿਚ ਲੈਅ ਏਨੀ ਟਿਕਵੀਂ ਚਲ ਰਹੀ ਸੀ ਕਿ ਉਹ ਤਿੰਨ ਤਾਲ ਵਿਚ ਵਿਚਰ ਰਹੇ ਹਨ ਕਿ ਧਮਾਰ ਵਿਚ ਖੇਡ ਰਹੇ ਹਨ। ਪੋਲੋ ਦੇ ਘੋੜਿਆਂ ਵਾਂਗ ਏਧਰ ਓਧਰ ਦੌੜਦੇ ਗੇਂਦ ਨੂੰ ਖੁੱਤੀ (ਸਮ ਉੱਤੇ) ਵਿਚ ਅਪੜਾਨ ਦੀ ਕੋਸ਼ਿਸ਼ ਕਰਦੇ। ਮੁਕਾਮ ਵਖਾਂਦੇ ਵੀ ਜਾਦੂਗਰੀ ਕਰੀ ਜਾਂਦੇ। ਸੁਰਾਂ ਦੀ ਆਤਸ਼ਬਾਜ਼ੀ ਨੇ ਸਭ ਦਾ ਮਨ ਮੋਹ ਲਿਆ। 'ਠਗਨ ਮੋਹਿ ਲਾਗੀ' ਤਿੰਨ ਸ਼ਬਦਾਂ ਦੇ ਵਾਕ ਨੂੰ ਏਨੀਆਂ ਪਰਕਾਰਾਂ ਨਾਲ ਗੋਇਆਂ ਕਿ ਇਕ ਘੰਟਾ ਕਦੋਂ ਬਤੀਤ ਹੋ ਗਿਆ, ਕਿਸੇ ਨੂੰ ਪਤਾ ਹੀ ਨ ਲੱਗਾ।

ਫਿਰ ਸ਼ੁਰੂ ਹੋਇਆ ਦਰੁਤ ਲੈ ਵਿਚ :

ਮੋਰੇ ਪੀਆ ਘਰ ਆਏ ।
ਸਾਂਵਲੇ ਸਲੋਨੇ ਮੋਰੇ ਮਨ ਭਾਏ ।

ਪਿਤਾ ਪੁੱਤਰ ਦੀ ਸਾਂਵਲੀ ਸਲੋਨੀ ਜੋੜੀ ਤੇਜ਼ ਲੈਅ ਵਿਚ ਸੁਰਾਂ ਨਾਲ ਝੂਲਣ ਲੱਗੀ, ਪੀਂਘ ਵਾਂਗ ਲਹਿੰਦੀ ਚੜ੍ਹਦੀ। ਅੰਤਰਾ ਸੀ :

ਧੰਨ ਧੰਨ ਹਮਾਰੇ ਭਾਗ ਸਜਨੀ
ਮਨ ਰੰਗ ਪੀਆ ਮੋਰੇ ਆਂਗਨ ਆਏ ।

ਪੀਆ ਘਰ ਆ ਦਾ 'ਆ' ਐਸੀਆਂ ਐਸੀਆਂ ਥਾਵਾਂ ਤੇ ਟਿਕਾਇਆ ਜਾਂਦਾ ਕਿ ਸਮਝਦਾਰਾਂ ਨੂੰ ਇਹ ਮੁਕਾਮ ਵਾਹ ਵਾਹ ਕਰਨ ਤੇ ਲਾ ਦਿੰਦਾ। ਫਿਰ ਹੋਰ ਵੀ ਤੇਜ਼ ਲੈਅ ਵਿਚ ਸ਼ੁਰੂ ਹੋਇਆ ਤ੍ਰਾਨਾ :

ਓਧੇ ਤਾਨੀ ਦੇਰੇ ਨਾ ਤਾ ਦਾਨੀ
ਤਾ ਨਾ ਨਾ ਨਾ ਦਿਰ...ਓਧੇ ਤਾਨੀ

ਇਸ ਵਿਚ ਸੁਨਾਰ ਦੀ ਸਿਆਣਪ ਨਗ ਜੜਨ ਲਗੀ। ਕਦੇ ਵੱਡੀ ਸ਼ੇਅਰ, ਕਦੇ ਛੋਟੀ ਸੂਈਆਂ ਦਾ ਖੇਲ, ਕਦੇ ਆਲਾਪਾਂ ਦੇ ਵਿਹੜੇ।

ਜ਼ਰਾ ਰੁਕ ਕੇ ਸਲਾਮਤ ਨੇ ਤਰਾਨੇ ਦੇ ਅੰਤਿਮ ਫ਼ਾਰਸੀ ਸ਼ੇਅਰ ਨੂੰ ਅਰਥ



Sri Satguru Jagjit Singh Ji Elibrary NamdhariElibrary@gmail.com

ਦਿਤਾ : ਗਰ ਕਿ ਜ਼ਿੰਦਾ ਹੂੰ ਤੇਰੇ ਬਿਨਾ ਯਿਹ ਮੇਰੀ ਸਮਝ ਜਾਨੀ ਨਹੀਂ । ਤੈਨੂੰ ਮੁੜ ਮਿਲ ਸਕਣ ਦੀ ਆਸ ਨਾਲ ਜ਼ਿੰਦਾ ਹਾਂ । ਅਤੇ ਫਿਰ :

ਓਧੇ ਤਾਨੀ ਦੇਰੇ ਨਾ ਤਾ ਦਾਨੀ...

ਅਤੇ ਬਿਜਲੀ ਦੀ ਕੜਕ ਵਰਗੀਆਂ, ਨਾਲ ਹੀ ਦਾਣੇ ਦਾਰ ਤਾਨਾਂ ਫੁਟਣ ਲਗੀਆਂ । ਜਾਪਦਾ ਸੀ, ਉਸਤਾਦ ਨੂੰ ਏਨੇ ਭਰਪੂਰ ਅਤੇ ਸ਼ੌਕ ਸਰੋਤੇ ਪਹਿਲਾਂ ਕਦੇ ਨਹੀਂ ਸੀ ਮਿਲੇ । ਉਹ ਆਪਣੀ ਦੁਕਾਨ ਦਾ ਸਾਰਾ ਮਾਲ ਕੱਢ ਕੱਢ ਪੇਸ਼ ਕਰ ਰਿਹਾ ਸੀ । ਗੁਣੀ ਨੂੰ ਕਦਰੋਂ ਸਰੋਤੇ ਕਦਰੋਂ ਉਤਸ਼ਾਹ ਬਖ਼ਸ਼ਦੇ ਹਨ । ਨਿਗੁਣੀ ਨੂੰ ਅਜਿਹੇ ਵਿਚ ਤ੍ਰੇਲੀਆਂ ਛੁਟ ਪੈਂਦੀਆਂ ਹਨ ।

ਦੋ ਬੰਦਸ਼ਾਂ ਮਾਲਕੌਂਸ ਦੀਆਂ ਪੇਸ਼ ਕੀਤੀਆਂ ਗਈਆਂ ।

ਸੁੰਦਰ ਬਦਨ...

ਤਾਨਾ ਦਿਰਿ ਨਾ ਦਿਰ ਤਾ ਦੀਆ (ਤਰਾਨਾ ਮੂਲ ਭਾਖਤਾ)

ਪੈਲਾਂ ਪਾਂਦਾ ਮੋਰ, ਨਿਰਮਲ ਜਲ ਵਿਚ ਤਾਰੀਆਂ ਲਾਂਦੀ ਮਛਲੀ, ਖੁਲ੍ਹੇ ਅਕਾਸ਼ ਵਿਚ ਉਡਾਰੀਆਂ ਲਾਂਦਾ ਲਟਬੌਰਾ ਪੰਛੀ—ਇਹ ਸਾਰੇ ਹੀ ਰੰਗ ਸੁਰਾਂ ਵਿਚੋਂ ਖੁਲ੍ਹ ਖੁਲ੍ਹ ਪੈਂਦੇ ਰਹੇ । ਸ਼ਬਦਾਂ ਦੇ, ਸੁਰਾਂ ਦੇ ਟੁਕੜੇ, ਸਮ ਉਤੇ ਜ਼ੋਰ ਨਾਲ ਆ ਡਿੱਗਣਾ, ਸਭ ਕੁਝ ਹੀ ਅਦਭੁਤ ਸੀ ।

### ਮੂਲਭਾਖਤਾ ਦਾ ਤਰਾਨਾ

ਮੂਲਭਾਖਤਾ ਦਾ ਤਰਾਨਾ ਸ਼ੁਰੂ ਕਰਦਿਆਂ ਹੀ ਸ਼ਾਹ ਗਵੱਈਏ ਨੇ ਫਿਰ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ :

"ਹਜ਼ੂਰ ਕੀ ਖ਼ਿਦਮਤ ਮੇਂ ਇਤਨੇ ਸਾਲੋਂ ਕੇ ਬਾਅਦ ਮੌਕਾ ਮਿਲਾ ਹੈ ਗਾਨੇ ਕਾ, ਸਤਿਗੁਰੂ ਜੀ ਕੀ ਸੇਵਾ ਮੇਂ ਮੈਂ ਜੋ ਚਾਹਤਾ ਹੂੰ ਕਲੇਜਾ ਨਿਕਾਲ ਕਰ ਆਗੇ ਰਖ ਦੂੰ । (ਸਰੋਤਿਆਂ ਤੇ ਇਸ ਦਾ ਮਾਰਮਿਕ ਪ੍ਰਭਾਵ ਪਿਆ) ਇਸ ਲੀਏ ਮੈਂ ਯਿਹ ਬੰਦਸ਼ੇਂ ਬਜ਼ੁਰਗੋਂ ਕੀ ਪੇਸ਼ ਕਰ ਰਹਾ ਹੂੰ । ਯਿਹ ਮੂਲਭਾਖਤਾ ਤਰਾਨੇ ਕੀ ਬੰਦਸ਼ ਹਜ਼ੂਰ ਕੀ ਖ਼ਿਦਮਤ ਮੇਂ ।"

ਅਤੇ ਫਿਰ ਪਿਤਾ ਪੁੱਤਰ ਵਿਚ ਬਿਚ ਕੇ ਸੁਰਾਂ, ਤਾਨਾਂ, ਫਿਰਤਾਂ ਵਿਤਾਨ ਚਲੇ । ਚਪਲਤਾ ਅਤੇ ਤੇਜ਼ ਗਤੀ ਦਾ ਇਕ ਦਰਿਆ ਵਹਿ ਤੁਰਿਆ । ਬੋਲ ਸਨ :

ਤਾਨਾ ਦਿਰਿ ਨਾ ਦਿਰਿ ਤਾ ਦੀਆ...
ਅੰਤਰਾ : ਯਿਹ ਤਾਲ ਗੁਨੀਜਨ ਮਿਲ ਗਾਏਂ, ਬਜਾਏਂ,
ਸੁਨਾਏਂ ਅਚਦਲ ਸਮ ਬਿਸਮ ਅਤੀ ਰਚ ਕਾ ।...
ਧਾ ਕਿੱਤਾ, ਤਿਰਕਟ ਧਿੱਤਾ
ਤਿਰਕਟ ਤਾ, ਤਿਰਕਟ ਤਾ, ਤਿਰਕਟ ਤਾ ।



Sri Satguru Jagjit Singh Ji Elibrary NamdhariElibrary@gmail.com

ਤਬਲਾਨਿਵਾਜ਼ ਅਤੇ ਇਸਰਾਜੀਆ ਪਿਤਾ ਪੁੱਤਰ ਦਾ ਪਿੱਛਾ ਕਰਦੇ ਨਾਲ ਨਾਲ ਘੋੜੇ ਭਜਾਈ ਜਾ ਰਹੇ ਸਨ। ਅਸਲ ਵਿਚ ਗਾਇਕਾਂ ਦੀ ਸਵਾਰੀ ਤਾਂ ਤਬਲਾ ਨਿਵਾਜ਼ ਦੀ ਲੋੜ ਹੀ ਸੀ। ਸੁਰ ਤਾਨ ਦੀ ਖੋਜ ਵਿਚ ਇਕ ਘੰਟਾ ਹੋਰ ਬਤੀਤ ਹੋ ਗਿਆ।

## ਸਵੈ ਰਚਨਾ ਸਲਾਮਤ ਦੀ

ਉਸਤਾਦ ਗਾਇਕ ਨੇ ਆਪਣੀ ਤਿਆਰ ਕੀਤੀ ਹੋਈ ਇਕ ਤਰਾਨੇ ਦੀ ਰਚਨਾ ਕੇਵਲ ਤਿੰਨ ਚਾਰ ਮਿੰਟ ਲਈ ਹੀ ਸੁਣਾਈ। ਸ਼ਬਦ ਸਨ :

ਤਾਦਾਰੇ ਦਾਨੀ, ਤਾਨਾ ਦਿਰਿ ਨਾ, ਤਾ ਨਾ ਦੂ।

ਇਸ ਤੇਜ਼ ਗਤੀ ਤਰਾਨੇ ਤੋਂ ਬਾਅਦ ਇਕ ਦਮ ਚੁੱਪਚਾਨ ਹੋ ਗਈ। ਨਾ ਕੁਝ ਗਾਇਕਾਂ ਨੂੰ ਪਤਾ ਸੀ ਕਿ ਹੁਣ ਕੀ ਕਰਨਾ ਹੈ, ਨਾ ਸਰੋਤਿਆਂ ਨੂੰ ਕੁਝ ਅਹੁੜਦਾ ਸੀ ਕਿ ਉਹ ਕਿਹੜਾ ਕੁਝ ਅਖ਼ਤਿਆਰ ਕਰਨ। ਇਸ ਜਾਦੂ ਭਰੀ ਚੁਪ ਨੂੰ ਤੋੜਨ ਦਾ ਮੈਂ ਹੀ ਲਾਭ ਲਿਆ। ਇਸ ਅੰਮ੍ਰਿਤ ਰਸ ਦੇ ਵਰਣਨ ਲਈ, ਸੰਗਤ ਅਤੇ ਸਰੋਤਿਆਂ ਦੇ ਘੁਟੀਆਂ ਪਈ ਹਿਰਦੇ ਉਦਗਾਰ ਪਰਗਟ ਕਰਨ ਲਈ, ਸ੍ਰੀ ਸਤਿਗੁਰੂ ਜੀ ਨੂੰ ਜੋ ਆਨੰਦ ਪ੍ਰਾਪਤ ਹੋਇਆ ਉਸ ਤੋਂ ਰਤੀ ਕੁ ਕੰਨੀ ਖਿਸਕਾਣ ਲਈ ਮੈਨੂੰ ਸਟੇਜ ਤੇ ਆ, ਖਲੋਣ ਦਾ ਮੌਕਾ ਮਿਲ ਗਿਆ।

ਮੈਂ ਉਸਤਾਦੋ ਗਾਇਕ ਸ਼ਬਦਾਂ ਨਾਲ ਕਲਾਕਾਰਾਂ ਦੀ ਪੇਸ਼ਕਾਰੀ ਦੀ ਖ਼ੂਬਸੂਰਤੀ ਬਿਆਨ ਕਰਦਿਆਂ ਸਾਧ ਸੰਗਤ ਵਲੋਂ ਸਮੂਹਿਕ ਦਾਦ ਦਿਤੀ ਅਤੇ ਥੋੜ੍ਹਾ ਚਿਰ ਇਹ ਅੰਮ੍ਰਿਤ ਰਸ ਹੋਰ ਚੱਖਣ ਲਈ ਸਬਰ ਨਾਲ ਦੋ ਮਿੰਟ ਦੀ ਉਡੀਕ ਮੰਗੀ। ਮੇਰੇ ਸ਼ਬਦਾਂ ਨੂੰ ਵੀ ਭਰਵਾਂ ਹੁੰਗਾਰਾ ਮਿਲਿਆ। ਲੋਕਾਂ ਕਿਹਾ : ਅੱਜ ਤੁਸਾਂ ਵੀ ਕਮਾਲ ਕਰ ਦਿਤਾ, ਕਿਆ ਸ਼ਬਦ ਸਨ ! (ਏਨੇ ਨਾਲ ਮੇਰੀ ਬੈਟਰੀ ਹੋਰ ਚਾਰਜ ਹੋ ਗਈ।)

## ਅੰਤ ਤੇ ਪਹਾੜੀ ਆਈ

ਬਾਅਦ ਸਤਿਗੁਰੂ ਜੀ ਨੇ ਫ਼ਰਮਾਇਸ਼ ਕੀਤੀ। ਹੁਣ ਵਾਰੀ ਆਈ ਪਹਾੜੀ ਵਿਚ ਠੁਮਰੀ ਗਾਣ ਦੀ :

ਸਈਆਂ ਬਿਨਾ ਘਰ ਸੂਨਾ !

ਸੁਰਾਂ ਛੁਹ ਕੇ ਸਲਾਮਤ ਅਲੀ ਬੋਲੇ :

"ਸੰਗੀਤ ਏਡਾ ਅਥਾਹ ਸਮੁੰਦਰ ਹੈ ਕਿ ਇਹਦੇ ਵਿਚ ਕਈ ਮੇਰੇ ਵਰਗੇ ਡੁੱਬ ਗਏ ਤੇ ਕਈ ਡੁੱਬ ਜਾਣਗੇ। ਇਹ ਅਮਲ ਚਲ ਰਿਹਾ ਏ। ਇਹ ਨਾ ਬੰਦ ਹੋਣ ਵਾਲਾ, ਨਾ ਖੜਾ ਹੋਣ ਵਾਲਾ ਸਮੁੰਦਰ ਏ ਅਤੇ ਇਹ ਅਥਾਹ ਗਹਿਰਾ ਏ। ਜਿਉਂ ਜਿਉਂ ਚੱਲੋ ਜਾਓ, ਇਹਦੀ ਗਹਿਰਾਈ ਹੋਰ ਤੋਂ ਹੋਰ ਨਜ਼ਰ ਆਉਂਦੀ ਏ। ਇਹ ਗਹਿਰਾ ਹੀ ਗਹਿਰਾ ਨਜ਼ਰ ਆਉਂਦਾ ਏ। ਇਨਸਾਨ ਥਕ ਜਾਂਦਾ ਏ, ਇਹ ਨਹੀਂ ਥਕਦਾ। ਇਹ ਜੀਵ (ਸਲਾਮਤ) ਓਹੀ ਇਨਸਾਨ ਹੈ। ਮੈਂ ਥਕ ਗਿਆ। ਇਹਨਾਂ (ਸਤਿਗੁਰੂ ਜੀ) ਦੀ ਨਜ਼ਰ ਨੇ ਫੇਰ ਮੈਨੂੰ ਖੜਾ ਕਰ ਦਿਤਾ। ਮੈਂ ਲੰਡਨ ਥਕ ਗਿਆ ਸੀ, ਪਰ ਇਹਨਾਂ ਨਜ਼ਰਾਂ ਕੀਤੀਆਂ। ਮੇਰੇ ਰੱਬ ਨੇ ਕਰਮ ਨਿਵਾਜ਼ੀ ਕੀਤੀ, ਮੈਂ ਫਿਰ ਖੜਾ ਹੋ ਗਿਆ।



Sri Satguru Jagjit Singh Ji Elibrary NamdhariElibrary@gmail.com

ਇਹਦੇ ਵਿਚ ਵੀ ਕੋਈ ਰਾਜ਼ ਹੈ. ਇਹ ਹੀ ਜਾਣਦੇ ਨੇ. ਮੈਂ ਨਹੀਂ ਜਾਣਦਾ। (ਮਸਤਾਨਿਆਂ ਦੀ ਕੂਕ 'ਓਇ ਹੋਇ' ਅਰਥਾਤ ਆਹਾ !) ਮਾਲਿਕ ਇਹਨਾਂ ਨੂੰ, ਇਹ ਦੁਆ ਕਰੋ, ਕੋਈ ਖੁਸ਼ੀ ਰਖੇ। ਮੈਂ ਬਚਪਨ ਤੋਂ ਹਾਜ਼ਰੀ ਦੇ ਰਿਹਾ ਹਾਂ, ਬੁੱਢਾ ਹੋਣ ਤਕ ਹਾਜ਼ਰੀ ਦਵਾਂਗਾ। (ਜੈਕਾਰਾ)। ਇਹ ਛੋਟੀ ਸਾਹਿਬ ਦੀ ਗੱਦੀ ਦਾ ਅਸਰ ਹੈ ਜੋ ਮੈਂ ਗਾਣਾ ਗਾਇਆ। ਲੰਡਨ ਤੋਂ ਆਉਣ ਦੇ ਬਾਅਦ ਇਹ ਪਹਿਲਾ ਗਾਣਾ ਮੇਰਾ ਇਸ ਤਰ੍ਹਾਂ ਦਾ ਹੈ। ਇਸ ਤੋਂ ਪਹਿਲਾਂ ਮੈਂ ਗਾਂਦਾ ਰਿਹਾ ਹਾਂ, ਉਸਤਾਦੀ ਨਾਲ ਗਾਉਂਦਾ ਰਿਹਾ ਹਾਂ। ਲੇਕਿਨ ਜਜ਼ਬਾਤ ਨਹੀਂ ਖੁੱਲੇ। ਅੱਜ ਮੇਰੇ ਜਜ਼ਬਾਤ ਖੁੱਲੇ, ਇਹਨਾਂ (ਸਤਿਗੁਰਾਂ) ਦੀ ਮਿਹਰਬਾਨੀ ਨਾਲ। ਔਰ ਮੈਂ ਬੜਾ ਹੀ ਧਨਵਾਦੀ ਹਾਂ ਸਤਿਗੁਰੂ ਜੀ ਦਾ, ਜਿਨ੍ਹਾਂ ਦੀ ਕਿਰਪਾ ਨਾਲ ਅੱਜ ਫੇਰ ਮੈਨੂੰ ਲੱਗਾ ਹੈ ਕਿ ਗਾਣੇ ਵਿਚ ਜੁਆਨ ਹੋ ਗਿਆ ਹਾਂ। ਜੁਆਨਾਂ ਵਾਲਾ ਗਾਣਾ ਗਾਇਆ ਹੈ। ਇਹ ਇਹਨਾਂ ਦੀ ਕਿਰਪਾ ਹੈ — ਇਹ ਹਮੇਸ਼ਾ ਇਸ ਤਰ੍ਹਾਂ ਰੱਖਣ।

"ਜਿਸ ਤਰ੍ਹਾਂ ਫ਼ਨ ਬੜੀ ਮੁਸ਼ਕਿਲ ਚੀਜ਼ ਹੈ, ਫ਼ਨਕਾਰ ਵੀ ਬੜੀ ਮੁਸ਼ਕਲ ਬਣਦਾ ਹੈ। ਫ਼ਨਕਾਰ ਬਣਨਾ ਆਸਾਨ ਗੱਲ ਨਹੀਂ ਹੈ। ਜਦ ਤਕ ਗੁਰੂ ਮਹਾਰਾਜ ਦੀ ਕਿਰਪਾ ਨਾ ਹੋਵੇ, ਫ਼ਨਕਾਰ ਨਹੀਂ ਬਣ ਸਕਦਾ। ਇਹ ਕਿਰਪਾ ਹੋਵੇ, ਜਿਹੜੇ ਫ਼ਨਕਾਰ ਨੇ ਸਾਰੇ ਜੀਉਂਦੇ ਰਹਿਣ, ਮੇਰੇ ਭਰਾ। ਅੱਲਾ ਉਨ੍ਹਾਂ ਨੂੰ ਖੁਸ਼ ਰਖੇ। ਮੈਂ ਇਹ ਕਹੇ ਬਿਨਾ ਨਹੀਂ ਰਹਾਂਗਾ ਕਿ ਫ਼ਨਕਾਰ ਬੜੀ ਮੁਸ਼ਕਲ ਨਾਲ ਬਣਦਾ ਹੈ। ਸਰੋਤਾ ਬਣਨਾ ਵੀ ਬੜਾ ਮੁਸ਼ਕਲ ਹੈ ਫ਼ਨਕਾਰ ਤਾਂ ਜਿਨ੍ਹੂੰ ਮਾਲਕ ਬਣਾਏ।

"ਮੈਂ ਰੂਹਾਨੀ ਸੇਵਾ ਵਿਚ, ਗੁਰੂ ਮਹਾਰਾਜ ਦੇ ਹੁਕਮ ਨਾਲ ਪਹਾੜੀ ਦੀ ਠੁਮਰੀ ਗਾਣ ਲੱਗਾ ਹਾਂ। 'ਸਈਆਂ ਬਿਨਾ ਘਰ ਸੂਨਾ।' ਜੰਮੂ-ਕਸ਼ਮੀਰ ਦੀ ਪਹਾੜੀ ਪੇਸ਼ ਖ਼ਿਦਮਤ ਹੈ।"

## ਸਈਆਂ ਬਿਨਾ ਘਰ ਸੂਨਾ

ਅਤੇ ਇਸ ਤੋਂ ਪਿਛੋਂ ਪਹਾੜੀ ਦੀਆਂ ਸੁਰਾਂ ਗੂੰਜ ਉਠੀਆਂ। ਖ਼ਾਂ ਸਾਹਿਬ ਰਉਂ ਵਿਚ ਸਨ, ਫਿਰ ਬੋਲੇ : ਪਹਾੜੀ ਇਕ ਧੁਨ ਹੈ ਜੁ ਤਮਾਮ ਦੁਨੀਆ ਦੇ ਪਹਾੜਾਂ ਵਿਚ ਗਾਈ ਜਾਂਦੀ ਹੈ, ਲੇਕਿਨ ਪਹਾੜੀ ਧੁਨ ਜੰਮੂ ਕਸ਼ਮੀਰ ਦੀ ਬਹੁਤ ਪਿਆਰੀ ਹੈ। ਅਕਸਰ ਇਸ ਨੂੰ ਗੁਣੀ ਲੋਕ, ਵਡੇ ਵਡੇ ਲੋਕ ਗਾਂਦੇ ਰਹੇ। ਮੈਨੂੰ ਵੀ ਇਹ ਔਖੀ ਲਗੀ। ਠੁਮਰੀ ਪੂਰਬ ਦਾ ਅੰਗ ਹੈ। ਪਹਾੜੀ ਪੰਜਾਬ ਦਾ ਹਿੱਸਾ ਹੈ। ਪੰਜਾਬ ਨੇ ਜੈਸੀ ਪਹਾੜੀ ਗਾਈ ਹੈ, ਇਹ ਮੈਂ ਦਾਅਵੇ ਨਾਲ ਕਹਿਨਾਂ, ਕੋਈ ਨਹੀਂ ਗਾ ਸਕਦਾ। ਪੰਜਾਬੀ ਅੰਗ ਨੂੰ ਪੂਰਬ ਦੇ ਬੋਲਾਂ ਵਿਚ ਢਾਲਿਆ ਹੈ। ਇਹ ਖੂਬੀ ਹੈ।...ਜਦ ਤਕ ਜਜ਼ਬਾਤ ਨਾ ਖੁੱਲਣ, ਰਾਗ ਨਹੀਂ ਬਣਦਾ। ਸਾਨੂੰ ਮਾਲਿਕ ਨੇ ਇਹੋ ਹੀ ਜਜ਼ਬਾਤ ਨੇ, ਹੋਰ ਜੋ ਦਿਤਾ ਹੈ, ਸਾਨੂੰ ਪਤਾ ਨਹੀਂ।

'ਅਤੇ ਇਸਰਾਜ ਨੇ ਗਜ਼ ਛੋਹੰਦਿਆਂ ਹੀ ਗੂੰਜਣਾ ਸ਼ੁਰੂ ਕਰ ਦਿਤਾ। ਫਿਰ ਸਲਾਮਤ-ਸ਼ਰਾਫ਼ਤ ਨੇ ਜੰਮੂ ਕਸ਼ਮੀਰ ਦੀ ਆਵਾਜ਼ ਵਿਚ ਸੁਰਾਂ ਲਗਾਈਆਂ ਅਤੇ ਗਾਉਣਾ ਸ਼ੁਰੂ ਹੋ ਗਿਆ। ਥੋੜ੍ਹਾ ਚਿਰ ਠੁਮਰੀ ਨੂੰ ਪੰਜਾਬੀ ਅੰਗ ਵਿਚ ਗਾ ਕੇ ਫਿਰ ਸਲਾਮਤ ਜੀ ਨੇ



Sri Satguru Jagjit Singh Ji Elibrary NamdhariElibrary@gmail.com

ਇਸ ਨੂੰ ਕੌਮਾਂਤਰੀ ਰੰਗ ਦਿਤਾ, ਨੇਪਾਲੀ, ਅਫ਼ਗਾਨੀ, ਈਰਾਨੀ, ਯੂਰਪੀ, ਪੂਰਬੀ ਯੂਰਪੀ, ਅਤੇ ਅਮਰੀਕਨਾਂ ਦੀਆਂ ਧੁਨਾਂ ਅਤੇ ਸਰਗਮਾਂ ਇਸ ਤਰ੍ਹਾਂ ਪੇਸ਼ ਕੀਤੀਆਂ ਜਿਵੇਂ ਸਾਰੀਆਂ ਪਹਾੜੀਆਂ ਸਿਮ੍ਰਤੀ ਮੰਦਰ ਵਿਚ ਹੀ ਆ ਗਈਆਂ ਹੋਣ। ਸਰੋਤੇ ਅਸ਼-ਅਸ਼ ਕਰ ਉਠੇ।

ਪਾਠਕਾਂ ਦੇ ਸੁਆਦ ਨੂੰ ਕੁਝ ਬੰਦ ਸੰਭਾਲੇ ਹੋਏ ਹਨ :

(1) ਉੱਚੀ ਮਾੜੀ ਤੇ ਨਾ ਦਿੱਸੇ ਮਾਹਣੂਆ
ਮੈਂ ਸਾਰੇ ਬਨ ਵਿਚ ਰੋ ਰਹੀ ਆਂ।

... ...

(2) ਚੰਨ ਮੁਕੜਾ ਚੜ੍ਹਿਆ ਤਵੀਏ ਦੇ ਪਾਰ।
ਤੈਨੂੰ ਮੈਂ ਉਡੀਕਾਂ ਬੈਠਾ ਸੰਮੁਦੇਂ ਦੀ ਧਾਰ। ਓ ਮਾਹਣੂਆਂ।

(3) ਮਨ ਮੇਂ ਰਖੂੰ ਤੋ ਮੇਰਾ ਮਨ ਜਲੇ, ਅਰ ਕਹੂੰ ਤੋਂ ਮੁਖ ਜਲ ਜਾਇ।
ਜੈਸੇ ਗੂੰਗੇ ਕੋ ਸਪਨੋ ਭਇਓ, ਸਮਝ ਸਮਝ ਪਛਤਾਇ।
—ਸਈਆਂ ਬਿਨਾ ਘਰ ਸੂਨਾ, ਸਾਂਵਰੀਆ ਨਾ ਆਏ।

(4) ਚਕਵੀ ਬਿਛੜੀ ਰੈਨ ਕੀ ਆਨ ਮਿਲੀ ਪਰਭਾਤ।
ਮੈਂ ਪਾਪਣ ਐਸੀ ਬਿਛੁੜੀ ਨਾਂ ਦਿਨ ਮਿਲੀ ਨ ਰਾਤ।

... ...

(5) ਚਕਵਾ! ਰਾਤ ਪਈ ਦਿਨ ਛਿਪ ਗਇਆ, ਚਕਵੀ ਕਰੇ ਪੁਕਾਰ।
ਕੌਨ ਮਿਲੇ ਹਮ ਬੀਛੜੇ, ਕਿਆਂ ਕੀਨੀ ਕਰਤਾਰ।

... ...

(6) ਚਲ ਚਲੀਏ ਸੁਹਾਰ ਏ, ਸੁ ਸੰਗਲ ਲਈਏ ਘੜਾ
ਨੈਣ ਵਿਛੋੜਾ ਦੇਖ ਕੇ, ਗਲ ਵਿਚ ਲਈਏ ਪਾ।
—ਸਈਆਂ ਬਿਨਾ ਘਰ ਸੂਨਾ, ਸਾਂਵਰੀਆ ਨਾ ਆਏ।

(7) ਸੁਣ ਚਕਵੀ ਤੂੰ ਬਾਵਰੀ, ਤੈਨੂੰ ਮੌਤ ਨ ਖਾਇ।
ਜੇ ਧੁਰੋਂ ਵਿਛੋੜਾ ਲਿਖਿਆ, ਤਾਂ ਸੰਗਲ ਭੀ ਟੁਟ ਜਾਇ।

... ...

(8) ਆਂਖ ਪੁਰ ਨਮ ਹੈ, ਜਿਗਰ ਜਲਤਾ ਹੈ।
ਕਿਆ ਕਿਆਮਤ ਹੈ, ਕਿ ਬਰਸਾਤ ਮੇਂ ਘਰ ਜਲਤਾ ਹੈ।
—ਸਈਆਂ ਬਿਨਾ ਘਰ ਸੂਨਾ, ਸਾਂਵਰੀਆ ਨਾ ਆਏਂ।



Sri Satguru Jagjit Singh Ji Elibrary NamdhariElibrary@gmail.com

(9) ਸਾਜਨ ਪ੍ਰੀਤ ਲਗਾਇ ਕੇ, ਦੂਰ ਦੇਸ ਮਤ ਜਾ ।
ਬਸ ਬਸ ਹਮਰੇ ਨਗਰ ਮੇ, ਹਮ ਮਾਂਗੇਂ ਤੂ ਖਾ ।

... ...

(10) ਸੋਨਾ ਲੇਨੇ ਪੀਅ ਗਏ, ਸੂਨਾ ਕਰ ਗਏ ਦੇਸ ।
ਨ ਸੋਨਾ ਮਿਲਾ, ਨ ਪੀਆ ਮਿਲੇ, ਮੋਰੇ ਰੂਪਾ ਭਏ ਨੀ ਕੇਸ ।
—ਸਈਆਂ ਬਿਨਾ ਘਰ ਸੂਨਾ...

(11) ਜਬ ਭੀ ਮੁਅੱਜ਼ਨੀ ਕੋਈ 'ਦੇਸ' ਗਾਤਾ ਹੈ ।
ਹਮ ਪਰਦੇਸੀਓਂ ਕੋ ਆਪਨਾ ਦੇਸ ਯਾਦ ਆਤਾ ਹੈ ।

(12) ਸਈਆਂ ਬਿਨਾ ਘਰ ਸੂਨਾ, ਸਾਂਵਰੀਆ ਨਹੀਂ ਆਏ ।
ਯਾਦ ਤਿਹਾਰੀ ਜੀਆ ਜਲਾਏ, ਅਬ ਨਿੰਦੀਆ ਨਹੀਂ ਆਏ ।

ਇਹਨਾਂ ਦੋਹੜਿਆਂ ਨੂੰ ਵਰਤਦਿਆਂ ਪਿਤਾ ਪੁੱਤਰ ਨੇ ਦੋਨੋਂ ਰਾਗਾਂ ਦੀ ਚਿੰਨਤਾ (ਰਾਗ ਮਾਲਾ) ਦਰਸਾਈ ਅਤੇ ਵਿਵਿਧ ਦੇਸਾਂ ਦੀਆਂ ਵਿਭਿੰਨਤਾਈਆਂ ਸੁਰ ਰਚਨਾਵਾਂ ਸਰਗਮੀਆਂ ਕਿ ਸਰੋਤੇ ਵਾਹ-ਵਾਹ ਕਰਦੇ ਨ ਥਕੇ । ਜਦੋਂ ਰਾਤ ਦੇ 10.30 ਵਜ ਗਏ, ਸੰਗੀਤ ਮਹਿਫ਼ਲ ਸਮਾਪਤ ਹੋਈ ਤਾਂ ਲੋਕਾਂ ਤੇ ਜਿਵੇਂ ਜਾਦੂ ਹੋ ਗਿਆ, ਬੈਠੇ ਰਹੇ । ਸਤਿਗੁਰੂ ਜੀ ਤੇ ਉਸਤਾਦ ਸਲਾਮਤ ਅਲੀ ਉਠ ਖਲੋਤੇ । ਲੋਕਾਂ ਦਾ ਮੁੜਣ ਜਾਣ ਤੇ ਜੀ ਕਰਦਾ ਨੀ ।

## ਸਤਿਗੁਰਾਂ ਵਲੋਂ ਖਿਮਾ

ਸ੍ਰੀ ਸਤਿਗੁਰੂ ਜੀ ਨੇ ਆਪਣੇ ਉਠਣ ਤੋਂ ਚਾਰ ਮਿੰਟ ਪਹਿਲਾਂ ਪਬਲਿਕ ਦੇ ਉਤਸ਼ਾਹ ਤੇ ਖ਼ਾਂ ਸਾਹਿਬ ਦੇ ਭੈਣੀ ਸਾਹਿਬ ਆਉਣ ਦੀ ਚਰਚਾ ਕੀਤੀ ਅਤੇ ਦੂਰ ਦਰਾਡ ਤੋਂ ਆਏ ਸਰੋਤਿਆਂ ਨੂੰ ਅਸੁਵਿਧਾ ਹੋਣ ਵਜੋਂ ਖਿਮਾ ਕਰਨ ਲਈ ਆਖਿਆ ।

ਕਹਿੰਦੇ ਹਨ ਕਿ ਉਸਤਾਦ ਸਲਾਮਤ ਦੇ ਗਾਉਣ ਦਾ ਏਨਾ ਪ੍ਰਭਾਵ ਰਿਹਾ ਕਿ ਕਿੰਨੇ ਹੀ ਲੋਕ ਥਾਂ ਥਾਂ ਖਲੋਤੇ ਉਸਦੇ ਗਾਉਣ ਢੰਗ ਅਤੇ ਬੇਓੜਕੀ ਰਸ ਪ੍ਰਾਪਤੀ ਦਾ ਬਖਾਨ ਕਰਦੇ ਰਹੇ ।

ਰਾਤ 11 ਵਜੇ ਚੌਂਕੇ ਦਾ ਦੀਵਾਨ ਏਸੇ ਸਥਾਨ ਤੇ ਸਜ ਗਿਆ ।



Sri Satguru Jagjit Singh Ji Elibrary NamdhariElibrary@gmail.com

## ਹੋਲਾ ਸਮਾਪਤੀ

## 16 ਮਾਰਚ 1979, ਸ਼ੁਕਰਵਾਰ
## ਸ੍ਰੀ ਭੈਣੀ ਸਾਹਿਬ

### ਅੰਤਮ ਦਿਨ

ਆਸਾ ਦੀ ਵਾਰ ਦਾ ਕੀਰਤਨ ਸੰਤ ਦਲੀਪ ਸਿੰਘ ਸੰਤ ਨਗਰ ਦਾ ਜਥਾ। ਹਵਨ ਦੀ ਤਿਆਰੀ, ਧੂਪ ਦੀਪ ਸਮਗਰੀ ਤੇ ਬਾਣੀਆਂ ਦੇ ਪਾਠ ਨਾਲ। ਮੰਚ ਉਤੇ ਸ੍ਰੀ ਸਤਿਗੁਰੂ ਜੀ ਦਾ ਆਸਣ। ਖੁੱਲ੍ਹੇ ਨਜ਼ਾਰੇ ਦਰਸ਼ਨਾਂ ਦੇ। ਸਤਿਗੁਰੂ ਜੀ ਦੇ ਪਿਛੇ ਸੰਤਾਂ ਸਾਧਾਂ ਅਤੇ ਪਰਵਾਰਿਕ ਪ੍ਰੇਮੀਆਂ ਦਾ ਭਰਿਆ ਮੰਡਲ। ਵਾਰ ਦੇ ਕੀਰਤਨ ਬਾਅਦ ਬਸੰਤ ਦਾ ਸ਼ਬਦ ਅਤੇ ਬਸੰਤ ਦੀ ਵਾਰ। ਵਿਆਹ-ਯੋਗ ਜੋੜਿਆਂ ਨੂੰ ਅੰਮ੍ਰਿਤਪਾਨ ਅਤੇ ਨਵੇਂ ਸਿਰਿਓਂ ਭਜਨ ਦੇਣਾ ਅਤੇ ਭੇਖ ਧਰਾਵੇ। 7.30 ਵਜੇ ਤਕ ਸਵਾਰਾ ਸਾਹਿਬ ਅਤੇ ਕੜਾਹ ਪ੍ਰਸ਼ਾਦ ਦੀ ਆਮਦ। ਕੈਮਰਾਮੈਨਾਂ ਦੇ ਝੁਰਮਟ।

ਇਸ ਸਮੇਂ ਜਦੋਂ 41 ਮੰਤਿਆਂ ਦੀ ਮਰਿਆਦਾ ਅਨੁਸਾਰ ਵੇਦੀ ਅੰਦਰ, ਹਵਨ ਦੁਆਲੇ ਫੇਰੇ ਹੋਣ ਦੀ ਤਿਆਰੀ ਸੀ ਕਿ ਪੰਡਿਤ ਗੋਪਾਲ ਸਿੰਘ ਜੀ ਨੇ ਇਕ ਪ੍ਰਭਾਵ-ਸ਼ਾਲੀ ਤਕਰੀਰ ਕੀਤੀ, ਜਿਸ ਦਾ ਤੱਤ ਸੀ : ਜਾਕਾ ਠਾਕੁਰ ਉਹਾ ਹੋਈ। ਸੋ ਜਨ ਪਰ ਘਰ ਜਾਤ ਨ ਸੋਹੀ। ਅਤੇ ਫਿਰ ਪੰਡਿਤ ਜੀ ਨੇ ਹੀ ਸਾਧ ਸੰਗਤ ਨੂੰ ਰਾਤ ਵਾਲੀ ਰਕਮ 75000/- ਦੱਸ ਕੇ ਸਿਮ੍ਰਤੀ ਮੰਦਰ ਲਈ 25000/- ਹੋਰ ਦੀ ਅਪੀਲ ਕੀਤੀ ਅਤੇ ਸਵੇਰ ਦੇ 8.30 ਤਕ ਸਵਾ ਲੱਖ ਰੁਪੱਈਆ ਪੂਰਾ ਹੋ ਗਿਆ। ਮੰਡੀ ਲਾਧੂ ਕਿਆਂ ਦੀ ਸੰਗਤ ਨੇ 10,000 ਰੁਪੱਈਆ ਅਤੇ 80 ਘੜੀਆਂ ਬਣਵਾ ਦੇਣ ਦਾ ਬਚਨ ਦੇ ਕੇ ਖ਼ੁਸ਼ੀਆਂ ਲੈ ਲਈਆਂ। ਉਪਰਾਂਤ ਨੱਥਾ ਸਿੰਘ ਦੇ ਪੰਜਾਂ ਬੱਚਿਆਂ ਨੇ 2500/- ਭੇਟ ਕਰ ਦਿਤਾ ਅਤੇ ਇੰਜ ਹੀ ਹੋਰ ਇਕੱਤਰ ਹੋ ਗਏ।

### ਅਗਲਾ ਹੋਲਾ

ਪੰਡਿਤ ਜੀ ਦੁਆਰਾ ਐਲਾਨ ਕੀਤਾ ਗਿਆ ਕਿ ਅਗਲਾ ਹੋਲਾ ਕਿਥੇ ਹੋਵੇਗਾ, ਇਹਦਾ ਪਤਾ ਵੈਸਾਖੀ ਮੌਕੇ ਤੇ ਦਿਤਾ ਜਾਏਗਾ।

ਐਲਾਨ ਕੀਤਾ ਗਿਆ ਕਿ ਨੀਲੇ ਬਸਤਰਾਂ ਵਾਲੀਆਂ ਗੁਰੂਆਂ ਦੀਆਂ ਫੋਟੋ ਘਰਾਂ ਵਿਚੋਂ ਉਤਾਰ ਦਿਓ ਅਤੇ ਬੇਮੁਖਾਂ ਦੇ ਰੰਗ ਨਾ ਪਾਓ : ਨੀਲਾ ਕਾਲਾ ਖਿਧੋਲੜਾ ਤਿਨਿ ਬੇਮੁਖ ਬੇਮੁਖੈ ਨੋ ਪਾਇਆ।...

ਦੋ ਵਾਰਾਂ ਵਿਚ ਕਰਕੇ ਇਕਤਾਲੀ ਜੋੜਿਆਂ ਦੇ ਆਨੰਦ ਕਾਰਜ 9.20 ਵਜੇ ਤਕ ਕਰ ਦਿਤੇ ਗਏ।

### ਸੰਤ ਖਿੱਟੀ ਵਾਲੇ

ਖਿੱਟੀ, ਜ਼ਿਲ੍ਹਾ ਜਲੰਧਰ ਦੇ ਡੇਰੇ ਦੇ ਸ੍ਰੀ ਮਹੰਤ ਸੰਤ ਸੁਖਦੇਵ ਸਿੰਘ ਜੀ ਨੂੰ ਸੰਤ



Sri Satguru Jagjit Singh Ji Elibrary NamdhariElibrary@gmail.com

ਹੀਰਾ ਦਾਸ ਜੀ ਦੀ ਗੱਦੀ (ਮਲੇਰ ਕੋਟਲਾ ਕਾਂਡ ਵਿਚ ਭਾਗ ਲੈ ਕੇ ਰੂਪੋਸ਼ ਹੋਏ) ਤੇ ਬਿਰਾਜਮਾਨ ਹਨ, ਕੱਲ੍ਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਨੂੰ ਭੈਣੀ ਸਾਹਿਬ ਆਏ ਸਨ। ਸੂਬਾ ਅਮਰੀਕ ਸਿੰਘ ਜੀ ਮਹਿਤਪੁਰੀ (ਜਲੰਧਰ) ਨਾਲ ਨੇੜਤਾ ਹੋਣ ਕਰ ਕੇ ਰਾਤ ਉਨ੍ਹਾਂ ਪਾਸ ਹੀ ਰਹੇ। ਸੰਤ ਜੀ ਸਤਿਗੁਰੂ ਜੀ ਨੂੰ ਕੱਲ੍ਹ ਦੁਪਹਿਰ ਵੇਲੇ ਤਕ ਮਿਲਣਾ ਚਾਹ ਰਹੇ ਸਨ ਕਿ ਤਾਲਮੇਲ ਨਾ ਹੋ ਸਕਿਆ। ਫਿਰ ਅਚਾਨਕ ਉਨ੍ਹਾਂ ਨੂੰ ਸਰੀਰਕ ਤਕਲੀਫ਼ ਹੋ ਗਈ ਅਤੇ ਉਹ ਬਿਨਾਂ ਦਰਸ਼ਨ ਕੀਤਿਆਂ ਵਾਪਸੀ ਲਈ ਮਜਬੂਰ ਹੋ ਗਏ। ਪਤਾ ਲੱਗਣ ਤੇ ਸਤਿਗੁਰੂ ਜੀ ਨੇ ਬੜਾ ਮਹਿਸੂਸ ਕੀਤਾ ਅਤੇ ਸੰਬੰਧਤ ਵਿਅਕਤੀਆਂ ਨੂੰ ਝਾੜ ਪਾਈ ਕਿ ਕਿਉਂ ਸੰਤਾਂ ਦੀ ਆਮਦ ਦੀ ਵੇਲੇ ਸਿਰ ਖ਼ਬਰ ਨਹੀਂ ਦਿਤੀ ਗਈ। ਅੱਜ ਦੀਵਾਨ ਵਿਚ ਭੋਗ ਦੇ ਸਮੇਂ ਵੀ ਚਰਚਾ ਹੋਈ। ਸੱਚੇ ਪਾਤਸ਼ਾਹ ਹੋਲੇ ਦੀ ਅਰਦਾਸ ਹੁੰਦਿਆਂ ਹੀ ਪਿੰਡ ਚਿੱਟੀ ਤਕ ਸਫ਼ਰ ਕਰਨਗੇ, ਸੰਤਾਂ ਦੀ ਸੁਧ ਲੈ ਕੇ ਆਉਣਗੇ।

ਸਤਿਗੁਰਾਂ ਦੀ ਇਸ ਪਹੁੰਚ ਅਤੇ ਸਨੇਹ ਨੇ ਹੀ ਨਾਮਧਾਰੀ ਸਮਾਜ ਨੂੰ ਇਕ ਸੂਤਰ ਵਿਚ ਬੰਨ੍ਹਿਆ ਹੋਇਆ ਹੈ।

## ਲੇਖਕ ਨੂੰ ਖ਼ੁਸ਼ੀਆਂ

ਲਾਵਾਂ ਹੋਣ ਸਮੇਂ, ਚੀਨ ਵਿਸ਼ਾਲ ਜੀ ਨੇ ਮੇਰਾ ਧਿਆਨ ਇਕ ਜੋੜੇ ਵਲ ਦਿਵਾਇਆ। ਬਚਨ ਕੀਤਾ : ਮੈਂ ਇਥੇ ਜੋੜਾ ਤਿਆਰ ਕੀਤਾ ਤਾਂ ਲੜਕੀ ਦਾ ਪਿਤਾ ਆਨਾ-ਕਾਨੀ ਕਰਨ ਲੱਗਾ। ਪਰ ਲੜਕੀ ਦੇ ਭਰਾਵਾਂ ਨੇ ਆਖਿਆ : ਆਪ ਜੀ ਦੀ ਰਜ਼ਾ ਤੋਂ ਉੱਤਮ ਸਾਡੇ ਲਈ ਹੋਰ ਕੋਈ ਸ਼ੈ ਨਹੀਂ। ਸੰਤ ਓਅੰਕਾਰ ਸਿੰਘ ਲੇਖਕ ਅਤੇ ਇਸ ਦਾ ਛੋਟਾ ਭਰਾ ਹਰੀ ਸਿੰਘ ਸੰਤ ਨਗਰ (ਸਰਸਾ) ਸਤਿਗੁਰਾਂ ਦੀਆਂ ਖੁਸ਼ੀਆਂ ਜਿੱਤ ਲਗਏ : 'ਸਾਡੀਆਂ ਭੈਣਾਂ ਧੀਆਂ, ਸੱਚੇ ਪਾਤਸ਼ਾਹ ਆਪ ਜੀ ਦੀਆਂ ਬੱਚੀਆਂ ਹਨ' ਪਿਤਾ ਨੇ ਵੀ ਆ ਮੁਆਫ਼ੀ ਮੰਗੀ।

ਇਹਨਾਂ ਸ਼ਬਦਾਂ ਨੂੰ ਬਲ ਲੱਗਾ। ਇਹ ਲੜਕੀ ਕੋਟੇਕ ਦੇ ਮੁਨਿਆਰ ਸਿੰਘ ਸ. ਹਰਭਜਨ ਸਿੰਘ ਨਿਰਮਲ ਦੀ ਨੂੰਹ ਬਣੀ ਹੈ, ਜੁ ਸੰਤ ਤਰਲੋਕ ਸਿੰਘ ਹੁਰਾਂ ਦਾ ਲੜਕੀ ਵਲੋਂ ਕੁੜਮ ਹੈ।

## ਸ. ਧੰਨਾ ਸਿੰਘ ਗੁਲਸ਼ਨ ਨਾਲ ਵਾਰਤਾਲਾਪ

8.45 ਤੇ, ਕੇਂਦਰੀ ਮੰਤਰੀ ਸ. ਧੰਨਾ ਸਿੰਘ ਗੁਲਸ਼ਨ (ਅਕਾਲੀ) ਪਬਲਿਕ ਵੱਲੋਂ ਡੇਅਰ ਮਨਿਸਟਰ ਸੇਠ ਤਰਲੋਕ ਸਿੰਘ ਸ. ਹਰਵਿੰਦਰ ਹੰਸਪਾਲ ਨਾਲ ਦੀਵਾਨ ਵਿਚ ਆ ਕੇ ਗੁਰੂ ਚਰਨਾਂ ਤੇ ਝੁਕੇ ਤਾਂ ਸਤਿਗੁਰੂ ਜੀ ਨੇ ਉੱਨ ਦੀ ਅਣਤਰੀ ਮਾਲਾ ਉਨ੍ਹਾਂ ਦੇ ਗਲੇ ਪਾ ਸਨਮਾਨ ਦਿਤਾ। ਅਤੇ ਆਪਣੇ ਕੋਲ ਹੀ ਬੈਠਾਅ ਲਿਆ। ਨੀਲੀ ਪਗੜੀ, ਪੀਲੀ ਫ਼ਿਫ਼ਟੀ, ਲੰਮਾ ਚਿੱਟਾ ਦਾੜ੍ਹਾ, ਸਾਂਵਲਾ ਦਰਮਿਆਨਾ ਕੱਦ, ਅਚਕਨ ਪਜਾਮਾ,



Sri Satguru Jagjit Singh Ji Elibrary NamdhariElibrary@gmail.com

ਸਾਦਾ ਬਸਤਰ—ਵਿੱਜ ਦੇ ਸ. ਕੁਲਜ਼ਨ ਨਾਲ ਸਮੇਂ ਸਮੇਂ ਸਤਿਗੁਰੂ ਜੀ ਦੀ ਗੱਲ ਬਾਤ ਹੋਣ ਲੱਗੀ ।

ਸਤਿਗੁਰੂ ਜੀ ਨੇ ਸੇਠ ਤਰਲੋਕ ਸਿੰਘ ਦੇ ਦੋ ਲੜਕਿਆਂ ਦੀ ਅਮਰੀਕਾ ਦੀ ਪੈਨਸਲਵੇਨੀਆ ਸਟੇਟ ਵਿਚ ਰਹਿੰਦਿਆਂ, ਫਰੰਗੀ ਗਿਰਦੀਆਂ ਵਿਚ ਵੀ ਆਪਣੀ ਮੁੱਛ ਸੋਧ ਬਣਾਈ ਰਖਣ ਦੀ, ਮੰਤਰੀ ਜੀ ਨੂੰ, ਕਰਮ ਨਿਸ਼ਠਾ ਦੱਸੀ । ਉਹਨਾਂ ਦੀ ਸ਼ਾਦੀ ਬਾਰੇ ਦੱਸਿਆ ਕਿ ਉਸ ਧਨਵਾਨ ਮੁੰਡੇ ਨਾਲ, ਗਰੀਬ ਸੁਨਿਆਰੇ ਸਿੱਖਾਂ ਦੀ ਲੜਕੀ ਦਾ ਅਨੰਦ ਕਾਰਜ ਕਰ ਦਿਤਾ ਤਾਂ ਮਾਂ-ਬਾਪ, ਲੜਕੇ ਕਿਸੇ ਨੇ ਵੀ ਇਤਰਾਜ਼ ਨਹੀਂ ਕੀਤਾ । ਇਹ ਹੈ ਸਿੱਖੀ ਅਤੇ ਇੰਜ ਹੇਠਲਿਆਂ ਉਤਲਿਆਂ ਨੂੰ ਮੇਲਣ ਦਾ ਜਤਨ ਕਰ ਰਿਹਾ ਹਾਂ ।

ਸ. ਪੰਨਾ ਸਿੰਘ ਨੇ ਦੱਸਿਆ : ਪਹਿਲੇ ਮੇਰੇ ਪਾਸ ਪ੍ਰੈਸ ਰੀਪੋਰਟਰ ਆਏ ਸਨ । ਪੁੱਛਣ ਲੱਗੇ, ਇਹਨਾਂ ਸ਼ਾਦੀਆਂ ਨੂੰ ਕਿਵੇਂ ਸਮਝਦੇ ਹੋ । ਮੈਂ ਤਾਂ ਸਾਫ਼ ਕਿਹਾ ਕਿ ਇਹ ਵਿਆਹ ਹਰੇਕ ਦੇ ਰੀਸ ਕਰਨ ਯੋਗ ਹਨ ।

ਫਿਰ ਸਤਿਗੁਰਾਂ ਸਪੱਸ਼ਟ ਕੀਤਾ : ਜਿਨ੍ਹਾਂ ਦੀ ਰੋਟੀ ਦੀ ਸਾਂਝ ਹੈ, ਉਨ੍ਹਾਂ ਦੀ ਬੇਟੀ ਦੀ ਸਾਂਝ ਵੀ ਕਰ ਰਿਹਾ ਹਾਂ । ਅਪ੍ਰ ਵੇਖੋ, ਇਹ ਜੋ ਫੇਰੇ ਹੋ ਰਹੇ ਹਨ, ਲੜਕਾ ਸੁਨਿਆਰਾ ਹੈ, ਲੜਕੀ ਘੁਮਿਆਰ ਸਿੱਖਾਂ ਦੀ ਹੈ । ਲੜਕਾ ਬਾਈਲੈਂਡ ਰਹਿੰਦਾ ਹੈ ।

ਇਕ ਲੜਕੇ ਦੇ ਪੈਰੀਂ, ਅਨੰਦ ਕਾਰਜ ਸਮੇਂ, ਜਰਾਬਾਂ ਪਈਆਂ ਵੇਖ ਸਤਿਗੁਰਾਂ ਠਾਕੁਰ ਜੀ ਵਡਿਆਂ ਨੂੰ ਪਾਸ ਬੁਲਾਇਆ । ਆਖਿਆ : ਧਿਆਨ ਰਖਿਆ ਕਰੋ । ਜਰਾਬਾਂ ਲੜਕੀਆਂ ਦੀਆਂ ਹੀ ਰਹਿਣ, ਲੜਕਿਆਂ ਦੀਆਂ ਲਹਿਣ । ਜੁਰਾਬਾਂ ਲੁਹਾਕੇ ਹੀ ਅਗਲੀ ਲਾਂਵ ਦਾ ਪਾਠ ਜਾਰੀ ਹੋਇਆ ।

ਸ੍ਰੀ ਕੁਲਜ਼ਨ ਜੀ ਨੇ ਇਕ ਆਪ ਵੇਖੇ ਸਾਦਾ ਵਿਆਹ ਦੀ ਮਿਸਾਲ ਸਤਿਗੁਰੂ ਜੀ ਨੂੰ ਸੁਣਾਈ । ਆਪ ਜੀ ਪ੍ਰਸੰਨ ਹੋਏ । ਬਚਨ ਕੀਤਾ : ਐਹੋ ਜਿਹੇ ਵਿਆਹਾਂ 'ਤੇ ਜਾਇਆ ਕਰੋ ਤਾਂ ਠੀਕ ਹੈ ।

ਸਤਿਗੁਰਾਂ ਸ. ਕੁਲਜ਼ਨ ਨੂੰ ਕੱਲ੍ਹ ਦੀ ਘਟਨਾ ਵੀ ਸੁਣਾਈ ਜੁ ਕੱਜ ਵੱਜ ਕੇ ਘਰ ਵਿਆਹ ਕਰ, ਮਾਫ਼ੀ ਮੰਗਣ ਆਏ ਸਨ । ਬਚਨ ਕੀਤਾ : ਬਹੁਤ ਸਾਰੇ ਸਿੱਖਾਂ ਦੇ ਚੋਰ ਲਗਾਏ ਸੀ, ਜਿੰਨਾ ਉਨ੍ਹਾਂ ਵਿਆਹ ਤੇ ਖ਼ਰਚ ਕੀਤਾ ਸੀ ਓਨਾ ਹੀ ਡੰਨ, 15000/- ਲਗਾ ਕੇ ਮਾਫ਼ ਕੀਤਾ ਤਾਕਿ ਦੂਜਿਆਂ ਨੂੰ ਕੰਨ ਹੋ ਜਾਣ ।

ਸਤਿਗੁਰੂ ਜੀ ਦਾ ਧਿਆਨ ਦੂਜੇ ਪਾਸੇ ਗਿਆ ਤਾਂ ਕੇਂਦਰੀ ਮੰਤਰੀ ਗੁਲਸ਼ਨ ਸੇਠ ਤ੍ਰਲੋਕ ਸਿੰਘ ਹੁਰਾਂ ਨਾਲ ਗੱਲ ਬਾਤ ਜਾਰੀ ਰਖੇ ਰਹੇ । ਉਹ ਵਿਆਹੇ ਜਾ ਰਹੇ ਜੋੜਿਆਂ ਵਲ ਵੀ ਰਹੁ ਨਾਲ ਵੇਖ ਰਹੇ ਸਨ ।

ਨਮਸਕਾਰ ਕਰਨ ਵਾਲੀ ਸੰਗਤ ਸਵੇਰੇ 4 ਵਜੇ ਤੋਂ ਹੀ ਇਕ ਟਕ ਚਲੀ ਆ ਰਹੀ ਹੈ, ਭੇਟਾ ਧਰਦੀ, ਦਰਸ਼ਨ ਕਰਦੀ, ਮਿਲਦੀ ਤੇ ਨਿਰਧਾਰਤ ਥਾਵਾਂ ਤੇ ਬੈਠਦੀ ਜਾਂਦੀ ਰਹੀ ਹੈ । ਸਤਿਗੁਰੂ ਜੀ ਨੇ ਮੈਨੂੰ ਪਟਨਾ ਤੇ ਬਨਾਰਸ ਦੇ ਸਿੱਖਾਂ ਵੱਲ



Sri Satguru Jagjit Singh Ji Elibrary NamdhariElibrary@gmail.com

ਝਾਤ ਪੁਆ ਕੇ ਬਚਨ ਕੀਤਾ : ਸਤਿਗੁਰਾਂ ਤੇ ਸਾਧ ਸੰਗਤ ਦਾ ਪ੍ਰੇਮ ਹੀ ਇਹਨਾਂ ਨੂੰ ਏਡੀ ਦੂਰੋਂ ਖਿੱਚ ਕੇ ਲਿਆਉਂਦਾ ਹੈ।

## ਕੈਨੇਡਾ ਤੋਂ ਭੇਟਾ

ਪਾਠ ਭੋਗਾਂ ਦਾ ਅਰਦਾਸਾ ਹੋਣ ਹੀ ਵਾਲਾ ਸੀ ਕਿ ਪਿੰਡ ਰੇਰੂ, ਜ਼ਿਲਾ ਜਲੰਧਰ ਦੇ ਨੰਬਰਦਾਰ ਸ. ਨਿਰੰਜਨ ਸਿੰਘ ਵਿਰਕ ਅਤੇ ਇਨ੍ਹਾਂ ਦਾ ਭਤੀਜਾ ਸ. ਇੰਦਰਜੀਤ ਸਿੰਘ ਕੈਨੇਡਾ ਤੋਂ, ਸਪੁਤ੍ਰ ਸ. ਹਰਬੰਸ ਸਿੰਘ (ਨੰਬਰਦਾਰ) ਰੇਰੂ, ਦੀਵਾਨ ਦੇ ਪਾਸ ਆਏ, ਮੇਰੇ ਮਿੱਤਰ ਹੋਣ ਦੇ ਨਾਤੇ ਮੈਨੂੰ ਬਾਹਰ ਸਦਵਾਇਆ ਅਤੇ ਦੱਸਿਆ ਕਿ ਕੈਨੇਡਾ ਤੋਂ ਬੀਬੀ ਜਗਦੀਪ ਕੌਰ ਨੇ ਸਤਿਗੁਰੂ ਜੀ ਦੀ ਸੇਵਾ ਵਿਚ, ਕੁਝ ਮਾਇਆ ਭੇਜੀ ਹੈ। ਮੈਂ ਉਨ੍ਹਾਂ ਨੂੰ ਸਤਿਗੁਰੂ ਜੀ ਪਾਸ ਲੈ ਗਿਆ। ਉਨ੍ਹਾਂ ਨਮਸਕਾਰ ਉਪਰੰਤ 1344/- ਭੇਟਾ ਧਰੀ। ਪਰਵਾਰਕ ਸੁਖ ਸਾਂਦ ਪੁੱਛਣ ਪਿਛੋਂ ਆਪ ਜੀ ਨੇ ਪੁਛਿਆ : ਏਨੇ ਰੁਪਏ ਕਾਹਦੇ ? ਸ. ਵਿਰਕ ਨੇ ਵੇਰਵਾ ਦੱਸਿਆ ਅਤੇ ਨਮਸਕਾਰ ਕਰਕੇ ਉਹਨੀਂ ਪੈਰੀਂ ਵਾਪਸ ਹੋ ਗਏ।

## ਪਾਠ ਭੋਗ

9. 45 ਵਜੇ ਪਾਠਾਂ ਦੇ ਭੋਗ ਪੈਣ ਉਪਰੰਤ ਹੋਲੇ ਦੇ ਆਯੋਜਨ ਦੀ ਇਸ ਤਰ੍ਹਾਂ ਨਾਲ ਸਮਾਪਤੀ ਹੋ ਗਈ। ਸਮਾਪਤੀ ਦੀ ਅਰਦਾਸ ਪੰਡਿਤ ਗੋਪਾਲ ਸਿੰਘ ਜੀ ਨੇ ਕੀਤੀ। ਇਸ ਅਨੁਸਾਰ ਪਾਏ ਗਏ ਭੋਗਾਂ ਦਾ ਵੇਰਵਾ ਇਸ ਪਰਕਾਰ ਹੈ :

58 ਪਾਠ ਅਨੰਦ ਕਾਰਜਾਂ ਵਾਲਿਆਂ ਵਲੋਂ।
30 ,, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ।
135 ,, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ।
1 ,, ਸਤਿਗੁਰੂ ਹਰੀ ਸਿੰਘ ਜੀ ਦੀ ਸੇਵਾ ਵਿਚ।
5 ,, ਸਤਿਗੁਰੂ ਜਗਜੀਤ ਸਿੰਘ ਜੀ ਦੀ ਭੇਟ।
6 ,, ਗੁਰੂ ਪਰਵਾਰ ਦੇ ਦਰਸ਼ਨਾਂ ਲਈ।
12 ,, ਸੁਪਨਾਂ ਵਾਲਿਆਂ ਵਲੋਂ।

---

247 ਪਾਠ ਕੁੱਲ

---

ਇਸ ਤੋਂ ਇਲਾਵਾ, ਬੈਂਕੋਕ ਦੀਆਂ ਬੀਬੀਆਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਸਵਾ ਲੱਖ ਭਗਉਤੀਆਂ ਦੇ ਪਾਠਾਂ ਦੀ ਅਰਦਾਸ ਕਰਵਾਈ।

## ਡੱਬੀਆਂ ਵਾਲਾ ਸਵੈਟਰ

ਸਤਿਗੁਰੂ ਜੀ ਨੇ ਏਥੇ ਟੇਹਾ ਲੈਂਦੇ ਫਿਰਦੇ ਸੰਤ ਬਲਵੰਤ ਸਿੰਘ ਸੰਧੀ+ਸੰਧੀ ਦੇ ਲੜਕੇ ਨੂੰ ਕੋਲ ਸੱਦਿਆ। ਬਚਨ ਕੀਤਾ : ਇਹ ਨੀਲੀਆਂ ਕਾਲੀਆਂ ਡੱਬੀਆਂ ਵਾਲਾ ਸਵੈਟਰ ਨਾ ਪਹਿਨਿਆ ਕਰੋ। ਗੁਰੂ ਸਾਹਿਬਾਂ ਦਾ ਕਥਨ ਹੈ :

'ਨੀਲਾ ਕਾਲਾ ਖਿੰਥੜਾ ਤਿਨਿ ਵੇਮੁਖੁ ਵੇਮੁਖੈ ਨੋ ਪਾਇਆ।' ਜਦ ਤਕ ਪਹੁੰਚ



Sri Satguru Jagjit Singh Ji Elibrary NamdhariElibrary@gmail.com

ਕਦੇ ਪਿਤਾ ਨੇ ਉਸੇ ਵਕਤ ਸਵੈਟਰ ਲੂਹਾ ਦਿਤਾ। ਸਤਿਗੁਰੂ ਜੀ ਪ੍ਰਸੰਨ ਹੋਏ : ਹਾਂ, ਇਹ ਹੈ ਆਗਿਆ ਪਾਲਨ।

ਪਰਵਾਰਕ ਸੁਖ ਸਾਂਦ, ਸਰੀਰਕ ਸਿਹਤ, ਪੁੱਤਰ ਆਦਿ ਮੰਗਾਂ ਮੰਗਣ ਵਾਲੇ ਜੋ ਵੀ ਸਿੱਖ ਸੇਵਾ ਵਿਖੇ ਹਾਜ਼ਰ ਹੋਏ ਹਰੇਕ ਨੂੰ 40 ਮਾਲਾ ਭਗੌਤੀਆਂ ਅਤੇ ਇਕ ਮਾਲਾ ਰੋਜ਼ ਭਜਨ ਦੀ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸੋਂ ਅਰਦਾਸ ਕਰਕੇ ਮੰਗ ਮੰਗਣ ਦੀ ਆਗਿਆ ਕੀਤੀ।

## ਮਹਾਰਾਜ ਜੀ ਤੇ ਸ. ਧੰਨਾ ਸਿੰਘ

ਕੇਂਦਰੀ ਮੰਤਰੀ ਸ. ਗੁਲਸ਼ਨ ਨੇ ਮਹਾਰਾਜ ਬੀਰ ਸਿੰਘ ਜੀ ਨਾਲ ਗੱਲ ਬਾਤ ਕਰਦਿਆਂ ਆਪਣੇ ਪਿੰਡ ਦੇ ਇਕ ਨਾਮਧਾਰੀ ਜਥੇਦਾਰ ਸੇਵਾ ਸਿੰਘ ਆਕਲੀਆ (ਬਠਿੰਡਾ) ਦੀ ਚਰਚਾ ਕੀਤੀ। ਕਿਹਾ : ਜਦੋਂ ਉਹ ਵੈਸਾਖੀ ਦੇ ਦੀਵਾਨ ਵਿਚ ਰਾਗ ਲੈਂਦਾ ਤਾਂ ਰੰਗ ਹੀ ਹੋਰ ਹੋ ਜਾਂਦਾ। ਸਰੋਤੇ ਝੂਮ ਉਠਦੇ, ਉਸ ਦਾ ਕੀਰਤਨ ਸੁਣ ਕੇ।

ਅਕਾਲੀ ਸਿਆਸਤ ਦੇ ਚੰਗੇ ਮੰਦੇ ਪ੍ਰਭਾਵਾਂ ਦਾ, ਸ. ਧੰਨਾ ਸਿੰਘ ਗੁਲਸ਼ਨ ਨਾਲ ਮਹਾਰਾਜ ਜੀ ਅਤੇ ਸੇਠ ਤਰਲੋਕ ਸਿੰਘ ਹੁਰਾਂ ਵਿਚਾਰ ਵਟਾਂਦਰਾ ਕੀਤਾ।

ਮਹਾਰਾਜ ਜੀ ਨੇ ਸ. ਗੁਲਸ਼ਨ ਨੂੰ ਦੱਸਿਆ ਕਿ ਇਹ ਵਿਸ਼ਾਲ ਮੰਦਰ ਜਿਸ ਨੂੰ ਤੁਸੀਂ ਬਹੁਤ ਵੱਡਾ ਕਹਿੰਦੇ ਹੋ, ਅਜੇ ਤਿਆਰੀ ਅਧੀਨ ਹੈ, ਇਹ ਉਸ ਜਗਹ ਤੇ ਸਥਿਤ ਹੈ ਜਿਥੇ 1934 ਈ: ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਮਾਮ ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਦੀ ਏਕਤਾ ਲਈ, ਆਪਣੀ ਮਰਿਆਦਾ ਵਿਚ ਕੁਝ ਢਿੱਲ ਪਾ ਕੇ ਵੀ, ਇਕ ਕਾਨਫਰੰਸ ਕੀਤੀ : ਗੁਰੂ ਨਾਨਕ ਸਰਬ ਸੰਪਰਦਾ ਕਾਨਫਰੰਸ। ਅਤੇ ਧਾਰਮਿਕ ਸਹਿਨਸ਼ੀਲਤਾ ਦਾ ਮੁੱਢ ਬੰਨ੍ਹਿਆ।

ਸ. ਗੁਲਸ਼ਨ : ਰੂਹਾਨੀ ਸੰਸਥਾ ਦਾ ਹਮੇਸ਼ਾ ਸਿੱਖ ਮਤ ਨਾਲ ਹੀ ਵਾਸਤਾ ਰਿਹਾ ਹੈ। ਅਤੇ ਸੇਠ ਹੁਰਾਂ ਨਾਮਧਾਰੀ ਰਹੁ ਰੀਤ ਬਾਰੇ ਕੁਝ ਵਿਆਖਿਆ ਕੀਤੀ ਅਤੇ ਵਿਭਿੰਨਤਾ ਦੇ ਕੁਝ ਕਾਰਣਾਂ 'ਤੇ ਚਾਨਣਾ ਪਾਇਆ।

ਸ. ਗੁਲਸ਼ਨ : ਇਹ ਤਾਂ ਸਾਫ਼ ਹੈ ਕਿ ਜਿੰਨਾ ਅਸੀਂ ਇਕ ਦੂਜੇ ਦੇ ਨੇੜੇ ਹੋਵੀਏ, ਠੀਕ ਤਰ੍ਹਾਂ ਇਕ ਦੂਜੇ ਨੂੰ ਸਮਝੀਏ, ਓਨਾ ਹੀ ਉੱਚਾ ਉਠ ਸਕਦੇ ਹਾਂ। ਸਾਨੂੰ ਪਰਸਪਰ ਤਾਲਮੇਲ ਤਾਂ ਬਣਾ ਕੇ ਹੀ ਰਖਣਾ ਚਾਹੀਦਾ ਹੈ।

ਇਸ ਸਮੇਂ ਸ. ਧੰਨਾ ਸਿੰਘ ਨੂੰ ਨਾਮਧਾਰੀ ਦਰਬਾਰ ਦੇ ਸਕੱਤਰ ਸ. ਹਰਵਿੰਦਰ ਸਿੰਘ ਨੇ ਇਕ ਨਾਮਧਾਰੀ ਨਿੱਤਨੇਮ ਦਾ ਗੁਟਕਾ, ਮਾਸਿਕ ਪੱਤਰ "ਵਰਿਆਮ" ਜਲੰਧਰ ਅਤੇ 'ਨਿਰੀਖਿਅਕ' (ਤ੍ਰਿਮਾਹੀ) ਲੁਧਿਆਣਾ ਪੇਸ਼ ਕੀਤੇ।

ਅਤੇ ਨਾਲ ਹੀ ਮਾਈਕ ਸਾਹਵੇਂ ਹੋ ਕੇ ਹੰਸਪਾਲ ਜੀ ਨੇ ਸ. ਧੰਨਾ ਸਿੰਘ ਦੀ ਰੂਸੋਂ ਰਿਆਜ਼, ਭੈਣੀ ਸਾਹਿਬ ਪਹੁੰਚਣ ਦੀ ਉਤਸੁਕਤਾ ਦਰਸਾਂਦੀ ਜਾਣਕਾਰੀ ਬਾਅਦ ਉਨ੍ਹਾਂ ਨੂੰ ਤਕਰੀਰ ਕਰਨ ਦੀ ਬੇਨਤੀ ਕੀਤੀ। ਪਰ ਮਾਈਕ ਤਿਆਗ ਤੋਂ ਪਹਿਲਾਂ ਉਨ੍ਹਾਂ ਨਾਮਧਾਰੀ ਦਰਬਾਰ ਵਲੋਂ ਇਕ ਮਤਾ ਵੀ ਪੇਸ਼ ਕੀਤਾ ਜਿਸ ਦਾ ਮਨੋਰਥ



Sri Satguru Jagjit Singh Ji Elibrary NamdhariElibrary@gmail.com

ਸ੍ਰੀ ਸੰਤ ਵਿਨੋਬਾ ਭਾਵੇ ਵਲੋਂ ਲੋਕਾਂ ਨੂੰ ਭੂਮੀਆਂ ਸੌਂਪਣ, ਉਨ੍ਹਾਂ ਦੀ ਸੇਵਾ ਕਰਨ ਤੇ ਦੁੱਧ ਉਪਜ ਵਿਚ ਵਾਧੇ ਦੀ ਪ੍ਰਸ਼ੰਸਾ ਕਰਨਾ ਅਤੇ ਉਸ ਦੀ ਨਾਮਧਾਰੀ ਦਰਬਾਰ ਵਲੋਂ ਤਰਫਦਾਰੀ ਕਰਨੀ । ਧੁਨੀ ਮਤ ਨਾਲ ਇਹ ਮਤਾ ਪਰਵਾਨ ਹੋ ਗਿਆ ਤਾਂ ਕਰੀਬ 10 ਵਜੇ ਸ. ਪੰਨਾ ਸਿੰਘ ਗੁਲਸ਼ਨ ਵੈਲਫੇਅਰ, ਸਪੋਰਟਸ ਆਦਿ ਦੇ ਕੇਂਦਰੀ ਮੰਤਰੀ ਭਾਸ਼ਣ ਕਰਨ ਲਈ ਉਠੇ । ਉਨ੍ਹਾਂ ਦੇ ਕਥਨ ਦਾ ਸੰਖੇਪ ਇਸ ਪਰਕਾਰ ਹੈ :

## ਸ. ਪੰਨਾ ਸਿੰਘ ਗੁਲਸ਼ਨ

— ਮੈਨੂੰ ਇਨ੍ਹਾਂ ਦੇ ਪਿਆਰ ਨੇ ਏਨੀ ਖਿੱਚ ਪਾਈ ਕਿ ਸਮਾ ਨਾ ਹੁੰਦੇ ਹੋਏ ਵੀ ਬਾਰਜ ਕਦਮ ਰੰਨ ਤੋੜ ਕੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਹਾਜ਼ਰ ਹੋਇਆ । ਮਹਾਰਾਜ ਸਾਹਿਬ ਦਾ ਹੁਕਮ ਗਿਆ ਅਤੇ ਮੈਂ ਸਿਰ ਝੁਕਾ ਕੇ ਤੁਰ ਪਿਆ ।

— ਮੈਨੂੰ ਖੁਸ਼ੀ ਹੋਈ ਹੈ ਕਿ ਜੋ ਗੁਰ ਮਰਿਆਦਾ ਏਥੇ ਕੀਤੀ ਜਾਂਦੀ ਹੈ, ਇਹ ਗੁਰਬਾਣੀ ਅਨੁਸਾਰ ਹੈ । ਇਹ ਸਿੱਖੀ ਦੀ ਬੁਨਿਆਦ ਹੈ ਅਤੇ ਇਹ ਮੈਂ ਏਥੇ ਹੀ ਵੇਖੀ ਹੈ ।

— ਨਾਮਧਾਰੀ ਤਹਿਰੀਕ ਭਾਰਤ ਦੇ ਇਤਿਹਾਸ ਦਾ ਇਕ ਕਾਂਡ ਹੀ ਨਹੀਂ ਸਗੋਂ ਇਕ ਇਤਿਹਾਸ ਹੈ । ਬਾਬਾ ਰਾਮ ਸਿੰਘ ਜੀ ਨੂੰ ਦੇਸ ਨਿਕਾਲਾ ਦੇਣ ਦੇ ਕਾਰਨ ਸਨ ਉਨ੍ਹਾਂ ਦੇ ਨਾਹਰੇ, ਗਊ ਹੱਤਿਆ ਬੰਦ ਹੋਵੇ ਅਤੇ ਵਿਦੇਸ਼ੀ ਸਰਕਾਰ ਦੇਸ ਵਿਚ ਨਾ ਰਹੇ ।

— ਦੇਸ਼ ਦੀ ਆਜ਼ਾਦੀ ਅਤੇ ਧਰਮ ਹੇਤ ਨਾਮਧਾਰੀ ਸਿੰਘਾਂ ਨੇ ਕੁਰਬਾਨੀਆਂ ਕੀਤੀਆਂ ਹਨ, ਹੱਸ ਹੱਸ ਕੇ ।

— ਮੇਰੇ ਪਾਸ ਭਾਰਤ ਸਰਕਾਰ ਦਾ ਸੋਸ਼ਲ ਵੈੱਲ ਫੇਅਰ (ਸਮਾਜ ਭਲਾਈ) ਦਾ ਅਤੇ ਸਪੋਰਟਸ (ਖੇਡਾਂ) ਦਾ ਮਹਿਕਮਾ ਹੈ । ਇਸ ਵਿਚ ਮੈਂ ਨਾਮਧਾਰੀ ਸਿੰਘਾਂ ਦੀ ਚੋਖੀ ਵੀ ਮਦਦ ਕਰ ਸਕਦਾ ਹਾਂ ।

— ਮੈਨੂੰ ਪ੍ਰਸੰਨਤਾ ਹੋਈ ਹੈ ਏਥੇ ਸਿੱਖੀ ਮਰਿਆਦਾ ਅਨੁਸਾਰ ਸਾਦਗੀ ਨਾਲ ਆਨੰਦ ਕਾਰਜ ਵੇਖ ਕੇ । ਕਿਸ ਤਰ੍ਹਾਂ ਸਮਾਜ ਸੁਧਾਰ ਹੁੰਦਾ ਹੈ, ਏਥੇ ਵੇਖਿਆ ਹੈ ।

— ਸਾਦਗੀ, ਸੰਜਮ, ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣ ਦੀ ਸੱਚੀ ਝਲਕ ਮੈਨੂੰ ਏਥੇ ਹੀ ਆ ਕੇ ਦਿਸੀ ਹੈ ।

— ਮੈਨੂੰ ਇਹ ਜਾਣ ਕੇ ਵੀ ਖੁਸ਼ੀ ਹੋਈ ਹੈ ਕਿ ਏਥੇ ਬਹੁਤ ਅਮੀਰ ਘਰ ਦੇ ਲੜਕੇ ਅਤੇ ਗਰੀਬ ਘਰਾਂ ਦੀਆਂ ਲੜਕੀਆਂ ਦੇ ਸੰਜੋਗ ਕੀਤੇ ਜਾਂਦੇ ਹਨ । ਇਸ ਢੰਗ ਨਾਲ ਗਰੀਬੀ ਨੂੰ ਤਿਲਾਂਜਲੀ ਦਿੱਤੀ ਜਾ ਸਕਦੀ ਹੈ ।

— ਭਾਈ ਕਾ ਦਿਆਲ ਪੁਰਾ ਅਤੇ ਭਾਈ ਕਾ ਰੂਪਾ ਵਿਚ ਮੈਂ ਆਪਣੀ ਪਹਿਲੀ ਉਮਰੇ ਕੀਰਤਨ ਮੰਡਲੀਆਂ ਵੇਖਦਾ ਰਿਹਾ ਹਾਂ, ਪਰ ਜਦੋਂ ਕਦੇ ਨਾਮਧਾਰੀਆਂ ਦਾ ਜਥਾ ਕੀਰਤਨ ਕਰਦਾ ਸੀ, ਓਦੋਂ ਮਸਤੀ ਛਾ ਜਾਂਦੀ ਸੀ । ਗੁਰਬਾਣੀ ਤੇ



Sri Satguru Jagjit Singh Ji Elibrary NamdhariElibrary@gmail.com

ਆਧਾਰਤ ਅਤੇ ਪ੍ਰੇਮ ਭਰਪੂਰ ਕੀਰਤਨ ! ਹੁਣ ਫੇਰ ਅਜਿਹੀਆਂ ਕੀਰਤਨ ਮੰਡਲੀਆਂ ਦੀ ਲੋੜ ਹੈ ।

— ਹੁਣੇ ਹੁਕਮ ਹੋਇਆ ਹੈ ਫਿਲਮ ਨਾ ਵੇਖੋ, ਹੁਣੇ ਮਤਾ ਪਾਸ ਹੋਇਆ ਹੈ ਕਿ ਗਊਆਂ ਨ ਕਤਲ ਕੀਤੀਆਂ ਜਾਣ । ਮੈਨੂੰ ਤਸੱਲੀ ਹੋਈ ਹੈ ਕਿ ਨਾਮਧਾਰੀ ਸ਼ਰਾਬ ਨਹੀਂ ਪੀਂਦੇ, ਮਾਸ ਨਹੀਂ ਖਾਂਦੇ । ਮੇਰੇ ਸਮਾਜ ਭਲਾਈ ਦੇ ਮਹਿਕਮੇ ਲਈ ਇਹ ਮਾਣ ਦੀ ਗੱਲ ਹੈ । ਹੁਣ ਸਾਰੇ ਦੇਸ਼ ਵਿਚ ਨਸ਼ਾਬੰਦੀ ਦਾ ਪ੍ਰੋਗਰਾਮ ਹੈ, ਪਰ ਏਥੇ ਤਾਂ ਪਹਿਲਾਂ ਤੋਂ ਹੀ ਲਾਗੂ ਹੋਈ-ਹੋਈ ਹੈ । ਤੁਹਾਡੀ ਸੰਸਥਾ ਵਿਚ ਇਹ ਵੀ ਬਹੁਤ ਸਲਾਹੁਣ ਯੋਗ ਹੈ ।

— ਅਸੀਂ ਸੰਸਥਾਵਾਂ ਨੂੰ 90% ਸਹਾਇਤਾ ਦਿੰਦੇ ਹਾਂ ਜੋ ਦੇਸ਼ ਨੂੰ ਨਸ਼ੇਬਾਜ਼ੀ ਤੋਂ ਬਚਾਉਣ ਤੇ ਹੋਰ ਅਜਿਹੇ ਦੇਸ਼ ਉਸਾਰੂ ਕੰਮ ਕਰਦੀਆਂ ਹਨ ।

— ਮੈਂ ਸੇਠ ਤ੍ਰਿਲੋਕ ਸਿੰਘ ਆਦਿ ਨਾਮਧਾਰੀਆਂ ਨੂੰ ਬੈਂਕਕ ਵਿਚ ਵੀ ਮਿਲਿਆ ਹਾਂ ਤੇ ਨਾਮਧਾਰੀਆਂ ਦੇ ਸਵੱਛ ਤਰੀਕੇ ਨੂੰ ਤੱਕਿਆ ਹੈ । ਮੈਂ ਸਮਝਦਾ ਹਾਂ ਕਿ ਤੁਹਾਡਾ ਤਰੀਕਾ ਦੇਸ਼ ਲਈ ਹਿਤੂ ਹੈ ।

— ਇਕ ਗੱਲ ਮੈਂ ਹੋਰ ਅਰਜ਼ ਕਰਨੀ ਚਾਹਾਂਗਾ ਕਿ ਨੌਜਵਾਨਾਂ ਵਿਚ ਖੇਡਾਂ ਦੀ ਆਦਤ ਪਾਉਣੀ ਚਾਹੀਦੀ ਹੈ । ਜੇ ਤੁਸੀਂ ਖੇਡਾਂ ਵਿਚ ਚੰਗੇ ਖਿਡਾਰੀ ਪੈਦਾ ਕਰ ਸਕਦੇ ਹੋ ਤਾਂ 1982 ਦੀਆਂ ਖੇਡਾਂ ਭਾਰਤ ਵਿਚ ਹੋਣੀਆਂ ਹਨ, ਉਸ ਵਿਚ ਸਾਡਾ ਨਾਮ ਉੱਚਾ ਹੋਣਾ ਚਾਹੀਦਾ ਹੈ ।

— ਸਾਨੂੰ ਕਦੇ ਸੋਨੇ ਦੇ ਚਾਰ ਮੈਡਲਾਂ ਤੋਂ ਵੱਧ ਨਹੀਂ ਮਿਲੇ ਪਰ ਐਤਕਾਂ ਤੁਸਾਂ ਸਭ ਭਰਾਵਾਂ ਦੀ ਮਦਦ ਨਾਲ ਅਸੀਂ ਗਿਆਰਾਂ ਮੈਡਲ ਸੋਨੇ ਦੇ ਲਿਆ ਸਕੇ ਹਾਂ, ਬੈਂਕਕ ਏਸ਼ੀਅਨ ਗੇਮਜ਼ 'ਚੋਂ ।

— ਜਦੋਂ ਮਹਾਰਾਜ ਜੀ ਦੀ ਕਿਰਪਾ ਹੋ ਗਈ, ਓਦੋਂ ਟੀਮ ਸ਼ਾਇਦ ਏਥੋਂ (ਭੈਣੀ ਸਾਹਿਬੋਂ) ਨਿਕਲੇ ਜਾਂ ਜੀਵਨ ਨਗਰੋਂ, ਬੜੀ ਉੱਤਮ ਗੱਲ ਹੋਵੇਗੀ । ਟੀਮ ਓਥੋਂ ਹੀ ਨਿਕਲਣੀ ਹੈ ਜਿਥੇ ਮਹਾਰਾਜ ਜੀ ਦੀ ਨਜ਼ਰ ਸਵੱਲੀ ਹੋਵੇਗੀ'। ਫਿਰ ਜਿਵੇਂ ਅਸੀਂ ਬੈਂਕੋਕ ਵਿਚ ਵੱਡਿਆਂ ਬੈਠ ਕੇ ਵੇਖਿਆ, ਇਨਾਮ ਲੈਂਦੇ ਵੇਖੇ ਆਪਣੇ ਲੋਕ—ਸਾਨੂੰ ਖੁਸ਼ੀ ਹੋਵੇਗੀ...।

— ਮੈਂ ਖਿਮਾ ਮੰਗਦਾ ਹਾਂ ਕਿ ਤੁਹਾਨੂੰ ਵਧੇਰੇ ਸਮਾਂ ਬਿਤਾਇਆ ।

— ਹੋਰ ਖੁਸ਼ੀ ਦੀ ਗੱਲ ਹੈ ਕਿ ਜਿਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 2000 ਏਕੜ ਜ਼ਮੀਨ ਗ਼ਰੀਬਾਂ ਤੇ ਮਾੜਿਆਂ ਵਿਚ ਵੰਡੀ ਹੈ, ਇਹ ਹੈ ਸਿੱਧਾ, ਸਾਫ਼ ਤੇ ਸਮਾਜ ਭਲਾਈ ਦਾ ਮਾਮਲਾ । ਮੈਨੂੰ ਉਮੀਦ ਹੈ ਆਪ ਸਭ ਵੀਰ ਭੈਣਾਂ ਮੇਰੀ ਬੇਨਤੀ ਨੂੰ ਪਰਵਾਨ ਕਰੋਗੇ ।

— ਮੈਂ ਨਾਮਧਾਰੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ । ਨਾਮਧਾਰੀ ਦਰਬਾਰ ਦਾ ਧਨਵਾਦ ਕਰਦਾ ਹਾਂ ਜਿਹੜਾ ਸਿੱਖੀ ਮਰਿਆਦਾ ਨੂੰ ਸਹੀ ਢੰਗ ਨਾਲ ਲਈ



Sri Satguru Jagjit Singh Ji Elibrary NamdhariElibrary@gmail.com

ਆ ਰਿਹਾ ਹੈ । ਸਾਡੇ ਵਿਚ ਵਿਚਾਰਾਂ ਦੇ ਮਤਭੇਦ ਹੋ ਸਕਦੇ ਹਨ ਪਰ ਗੁਰੂ ਨਾਨਕ ਸਾਡਾ ਸਭ ਦਾ ਸਾਂਝਾ ਹੈ । ਉਸ ਦੇ ਉਪਦੇਸ਼ ਤੇ ਕੋਈ ਮਤਭੇਦ ਨਹੀਂ ਹੋ ਸਕਦਾ । ਤੁਸੀਂ ਗੁਰੂ ਨਾਨਕ ਦੀ ਬਾਣੀ ਤੇ ਅਮਲ ਕਰਦੇ ਹੋ ।

— ਆਪ ਸਭ ਦਾ ਕ੍ਰਿਤੱਗਿਅ ਹਾਂ ਤੇ ਖਿਮਾ ਮੰਗਦਾ ਹਾਂ ।

**ਮਹਾਰਾਜ ਬੀਰ ਸਿੰਘ ਜੀ :**

ਫਿਰ ਮਹਾਰਾਜ ਬੀਰ ਸਿੰਘ ਜੀ ਨੇ ਸ. ਧੰਨਾ ਸਿੰਘ ਗੁਲਸ਼ਨ ਦੇ ਧਨਵਾਦ ਵਿਚ ਚੰਦ ਸ਼ਬਦ ਆਖੇ । ਜਿਵੇਂ :

— ਗੁਲਸ਼ਨ ਜੀ ਨੇ ਜੀਵਨ ਨਗਰ ਆਉਣ ਵਾਸਤੇ ਵੀ ਮੰਨਿਆ ਸੀ ਪਰ ਕਈ ਸਰਕਾਰੀ ਰੁਝੇਵਿਆਂ ਕਰਕੇ ਨਹੀਂ ਆ ਸਕੇ । ਏਥੇ ਆਉਣ ਲਈ ਆਪ ਦਾ ਬਹੁਤ ਬਹੁਤ ਧਨਵਾਦ ।

— ਉਹਨਾਂ (ਗੁਲਸ਼ਨ ਜੀ) ਦੇ ਵਿਚਾਰ ਸਾਰੀਆਂ ਸੰਸਥਾਵਾਂ ਲਈ ਸ਼ੁਭ ਹਨ । ਮੈਂ ਭੈਣੀ ਸਾਹਿਬ ਵਾਸਤੇ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ । ਇਸ ਮੌਕੇ ਏਥੇ ਸਰਕਾਰ ਦਾ ਪ੍ਰਾਇਮਰੀ ਸਕੂਲ ਹੈ, ਸਮਾਂ ਇਸ ਗੱਲ ਦੀ ਮੰਗ ਕਰਦਾ ਹੈ ਕਿ ਏਥੇ ਨੂੰ ਹਾਈ ਸਕੂਲ ਕਿਤਾ ਜਾਵੇ । ਇਹ ਉਹ ਥਾਂ ਹੈ ਜਿਥੋਂ ਸਭ ਤੋਂ ਪਹਿਲੋਂ ਆਜ਼ਾਦੀ ਦੀਆਂ ਕਿਰਨਾਂ ਫੁਟੀਆਂ, ਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਸੁਤੰਤਰਤਾ ਅੰਦੋਲਨ ਏਥੋਂ ਹੀ ਜਾਰੀ ਕੀਤਾ ।

— ਖੇਡਾਂ ਬਾਰੇ ਜੋ ਸਹੂਲਤਾਂ ਹਾਈ ਸਕੂਲ ਵਿਚ ਹੁੰਦੀਆਂ ਹਨ, ਉਸ ਲਈ ਗ੍ਰਾਉਂਡ ਤੇ ਹੋਰ ਸਾਰੇ ਸਾਮਾਨ ਏਥੇ ਨੂੰ ਮਿਲਣਾ ਚਾਹੀਦਾ ਹੈ । ਸਤਿਗੁਰੂ ਜੀ ਨੇ ਕਿਰਪਾ ਕੀਤੀ ਹੈ । ਸ੍ਰੀ ਜੀਵਨ ਨਗਰ ਗੁਰੂ ਹਰੀ ਸਿੰਘ ਸਕੂਲ ਦੇ ਵਿਦਿਆਰਥੀਆਂ 'ਚੋਂ ਇਕ ਹਾਕੀ ਟੀਮ ਤਿਆਰ ਕਰਵਾਈ ਹੈ, ਜਿਸ ਨੇ ਬੜਾ ਨਾਮਣਾ ਪੈਦਾ ਕੀਤਾ ਹੈ । ਉਸ ਲਈ ਹਰ ਪਰਕਾਰ ਦਾ ਖਰਚਾ ਸਤਿਗੁਰੂ ਜੀ ਵਲੋਂ ਹੀ ਹੋ ਰਿਹਾ ਹੈ । ਪੰਜਾਬ ਵਿਚ ਚੰਗੀਆਂ ਚੰਗੀਆਂ ਟੀਮਾਂ ਨੂੰ ਜਿਤ ਕੇ ਨੈਸ਼ਨਲ ਜੂਨੀਅਰ ਮੁਕਾਬ-ਲਿਆਂ ਵਿਚ ਭਾਗ ਲੈਂਦੀ ਹੈ, ਇਹ ਟੀਮ ।

(ਸਤਿਗੁਰੂ ਜੀ ਨੇ ਕੋਲ ਬੈਠੇ ਸ. ਧੰਨਾ ਸਿੰਘ ਨੂੰ ਕਿਹਾ ਕਿ ਕੱਚ ਵਿਹਲੇ ਫਿਰਦੇ ਹਨ ਪਰ ਸਾਨੂੰ ਨਹੀਂ ਮਿਲਦੇ । ਜ਼ਰਾ ਜਤਨ ਕਰੋ ।)

ਇਹੋ ਗੱਲ ਮਹਾਰਾਜ ਜੀ ਨੇ ਦੁਹਰਾਈ । ਮਹਾਰਾਜ ਜੀ ਨੇ ਪਿੱਛਲ ਵਲ ਧਿਆਨ ਦੁਆਂਦਿਆਂ ਕਿਹਾ :

— ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜੰਡਿਆਲਾ ਵਿਚ ਸਿੱਖਾਂ ਦੇ ਦੋ ਗਰੁਪਾਂ ਦੀ ਲੜਾਈ ਵਿਚ ਜੰਦਰੇ ਵਜੇ ਹੋਏ ਗੁਰਦੁਆਰਿਆਂ ਤੋਂ ਬੁਰਾ ਮਹਿਸੂਸ ਕਰਕੇ ਗੁਰੂ ਨਾਨਕ ਸਰਬ ਸੰਪ੍ਰਦਾ ਕਾਨਫਰੰਸ ਦਾ ਏਥੇ ਆਯੋਜਨ ਕੀਤਾ ਜਿਸ ਨੂੰ ਸੰਤ ਇੰਦਰ ਸਿੰਘ ਚਕ੍ਰਵਰਤੀ ਜੀ, ਸੰਤ ਨਿਧਾਨ ਸਿੰਘ ਆਲਿਮ ਜੀ ਆਦਿ ਨਾਮਧਾਰੀ ਵਿਦਵਾਨਾਂ ਨੇ ਕਾਮਯਾਬ ਕਰਨ ਲਈ ਭਰਪੂਰ ਹਿੱਸਾ ਪਾਇਆ ।

— ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਥਕ ਏਕਤਾ ਨੂੰ ਮੁਖ ਰਖ ਕੇ ਏਥੇ ਆਪਣੇ ਕੇਂਦਰ



Sri Satguru Jagjit Singh Ji Elibrary NamdhariElibrary@gmail.com

ਵਿਚ, ਦੀਵਾਨ ਵਿਚ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾ ਕੇ, ਰੋਜ਼ ਓਨੇ ਦਿਨ, 10 ਪਾਤਸ਼ਾਹੀਆਂ ਤਕ ਦੀ ਅਰਦਾਸ ਵੀ ਭਾਈ ਅਰਜਨ ਸਿੰਘ ਬਾਗੜੀਆਂ ਤੋਂ ਸੁਣੀ।

ਮਹਾਰਾਜ ਜੀ ਨੇ ਦੋਬਾਰਾ ਸ. ਧੰਨਾ ਸਿੰਘ ਗੁਲਸ਼ਨ ਦਾ ਧਨਵਾਦ ਕਰ ਕੇ ਸਾਧ ਸੰਗਤ ਨੂੰ ਚਾਹ, ਸਿਨੇਮਾ ਆਦਿ ਤਿਆਗਣ ਦੀ ਪ੍ਰੇਰਨਾ ਦਿੱਤੀ।

ਮਹਾਰਾਜ ਜੀ ਦੇ ਭਾਸ਼ਣ ਦੇ ਦੌਰਾਨ ਸੰਤ ਈਸ਼ਰ ਸਿੰਘ ਭੈਣੀ ਸਾਹਿਬ ਨੇ, ਇਕ ਜੋੜੀ ਸੁੰਦਰ ਪਊਇਆਂ ਦੀ, ਸ. ਗੁਲਸ਼ਨ ਨੂੰ ਭੇਂਟ ਕੀਤੀ। ਪਰ ਇਹ ਛੋਟੀ ਹੋਣ ਕਰਕੇ ਹੋਰ ਮੰਗਵਾ ਕੇ ਗੁਲਸ਼ਨ ਜੀ ਨੂੰ ਦਿਤੀ ਗਈ।

10.30 ਵਜ ਚੁਕੇ ਸਨ। ਦੀਵਾਨ ਦੀ ਸਮਾਪਤੀ ਨਾਲ ਹੋਲੇ ਮਹਲੇ ਦਾ ਵੀ ਭੋਗ ਪੈ ਗਿਆ।

## ਸਚਮੁਚ ਦੇ ਸਤਿਗੁਰੂ

ਭੋਗ ਪਾ ਕੇ ਸੱਚੇ ਪਾਤਸ਼ਾਹ ਜੀ ਕੋਠੀ ਪਹੁੰਚ ਗਏ। ਬਹੁਤ ਸਾਰੇ ਸਰੀਰ, ਖ਼ਾਸ ਲੋਕ ਕੱਲੇ ਕੱਲੇ ਅਤੇ ਸਮੂਹਾਂ ਵਿਚ ਆਪ ਜੀ ਤੋਂ ਵਿਦਾ ਆਗਿਆ ਲੈਣ ਆਉਂਦੇ ਰਹੇ। ਸਤਿਗੁਰੂ ਜੀ ਕੋਠੀ ਦੇ ਬਾਹਰ ਕਿਤੇ ਵਿਚ ਠਾਕੁਰ ਸ਼ਮਸ਼ੇਰ ਸਿੰਘ ਜੀ ਨਾਲ ਗੱਲਬਾਤ ਕਰ ਰਹੇ ਸਨ ਕਿ ਮੈਂ ਅਤੇ ਮੇਰੀ ਭੂਰਥ ਵਾਲੀ ਲੜਕੀ, ਕੁਲਵੰਤ ਕੌਰ ਬੱਬੂ, ਨੇੜਿਓਂ ਦੀ ਲੰਘੇ। ਸਤਿਗੁਰੂ ਜੀ ਤੁਰਤ ਸਾਡੇ ਵਲ ਮੁੜ ਕੇ ਸਿਅੰਕਾਤਮਿਕ ਮੁਸਕਰਾਏ। ਕਹਿਓ ਨੇ: ਇਹਨਾਂ ਵਿਚੋਂ ਬੱਬੂ ਕਿਹੜੀ ਏ?

ਬੱਬੂ ਨੇ ਜਾ ਚਰਨੀਂ ਹੱਥ ਲਾਇਆ। ਬਾਗ਼ ਬਾਗ਼ ਹੋ ਗਈ। ਬਾਅਦ ਵਿਚ ਉਸ ਮੈਨੂੰ ਦੱਸਿਆ: ਮੈਂ ਮਨ ਵਿਚ ਧਾਰੀ ਸੀ ਕਿ ਜੇ ਸਚਮੁਚ ਦੇ ਸਤਿਗੁਰੂ ਹੋਏ ਤਾਂ ਮੈਨੂੰ ਜ਼ਰੂਰ ਬੁਆਣਗੇ। ਇਹ ਤਾਂ ਕਰਾਮਾਤ ਹੋ ਗਈ।

## ਚਲੋ ਚਲੀ

ਬਾਹਰ ਗੁਰਮੁਖ ਸਿੰਘ ਡਰਾਈਵਰ ਕਾਰ ਤਿਆਰ ਕੀਤੀ ਖਲੋਤਾ ਸੀ। ਸਤਿਗੁਰੂ ਜੀ ਸੰਤ ਚਿੱਟੀ ਵਾਲਿਆਂ ਨੂੰ ਦਰਸ਼ਨ ਦੇਣ, ਸੁਖ ਪੁੱਛਣ ਜਾਣਗੇ ਕਿਉਂਕਿ ਸੰਤ ਭੈਣੀ ਸਾਹਿਬ ਆ ਕੇ ਵੀ ਮਿਲ ਨਹੀਂ ਸਨ ਸਕੇ। ਅੱਜ ਸਤਿਗੁਰਾਂ ਨੂੰ ਇਸ਼ਨਾਨ ਕਰਨ, ਪ੍ਰਸ਼ਾਦ ਛਕਣ ਅਤੇ ਆਰਾਮ ਕਰਨ ਦੀ ਵਿਹਲ ਨਹੀਂ ਮਿਲਣੀ।

ਮੇਲੇ ਵਿਚੋਂ ਸੰਗਤ ਹਰ ਪਲ ਘਟਦੀ ਜਾ ਰਹੀ ਸੀ। ਜਿਵੇਂ ਹੜ੍ਹਿਆਈ ਨਦੀ ਦਾ ਪਾਣੀ ਉਤਰ ਰਿਹਾ ਹੋਵੇ। ਜਾਪਦਾ ਹੈ ਸ਼ਾਮ ਤਕ ਬਹੁਤ ਥੋੜੇ ਸਰੀਰ ਰਹਿ ਜਾਣਗੇ।

ਸਤਿਗੁਰੂ ਜੀ ਨੇ ਕੱਲ ਦਿੱਲੀ ਵਿਚ 'ਕੁਇਕ ਟ੍ਰੈਵਲ' ਫਰਮ ਦਾ ਉਦਘਾਟਨ ਕਰਨ ਜਾਣਾ ਹੈ।

## ਜ਼ਿੰਦਾਬਾਦ ਪੰਜਾਬ

ਮੈਂ ਸਾਰੇ ਪੰਜਾਬ ਦਾ ਹੀ ਇਸ ਵਾਰ ਦੌਰਾ ਕੀਤਾ ਹੈ। ਭਾਵੇਂ ਭਾਰੀ ਮੀਂਹ ਅਤੇ ਗੜੇ ਮਾਰ ਵੀ ਹੋਈ ਹੈ ਪਰ ਕੁੱਲ ਮਿਲਾ ਕੇ ਦੇਸ਼ ਨੂੰ ਭਰਪੂਰ ਅੰਨ ਦਾਣਾ ਮਿਲ



Sri Satguru Jagjit Singh Ji Elibrary NamdhariElibrary@gmail.com

ਜਾਵੇਗਾ । ਚੱਪਾ ਚੱਪਾ ਧਰਤੀ ਦਾ ਦਾਣਿਆਂ ਦਾ ਅਤੁੱਲ ਭੰਡਾਰ ਹੈ । ਅੰਤ ਪੰਜਾਬ, ਦੇਸ਼ ਦਾ ਮਾਣ-ਮੱਤਾ ਭਾਗ ਏਨਾ ਅੰਨ ਧਨ ਭਾਰਤ ਮਾਂ ਦੀ ਸੇਵਾ ਵਿਚ ਸਮਰਪਣ ਕਰੇਗਾ ਕਿ ਕਿਸੇ ਦੇਸ਼ ਪਾਸੋਂ ਅੰਨ ਦੀ ਭੀਖ ਨਹੀਂ ਮੰਗਣੀ ਪਏਗੀ ।

## 18 ਮਾਰਚ 1979, ਐਤਵਾਰ
## ਨਵੀਂ ਦਿੱਲੀ

### ਕੁਇਕ ਟ੍ਰੈਵਲਜ਼

ਮੈਂ ਬੀਤੀ ਰਾਤੀਂ ਹੀ ਘਰ ਪਹੁੰਚਿਆ । ਕੱਲ੍ਹ ਦਾ ਦਿਨ ਮੇਰਾ ਚੰਡੀਗੜ੍ਹ ਅਤੇ ਸਫ਼ਰ ਵਿਚ ਬੀਤ ਗਿਆ । ਅੱਜ ਸਵੇਰੇ 9 ਕੁ ਵਜੇ ਜਾਂ ਮੈਂ ਸ. ਹੰਸਪਾਲ ਦੇ ਘਰ, ਗਿਆ ਤਾਂ ਉਹ ਮੇਰੀ ਉਡੀਕ ਵਿਚ ਸੀ । ਉਸ ਦੱਸਿਆ ਕਿ ਲੰਘੇ ਕੱਲ੍ਹ ਉਨ੍ਹਾਂ ਦੇ ਟੂਰਾਂ ਦੇ ਸੰਬੰਧਤ ਕਾਰੋਬਾਰ "ਕੁਇਕ ਟ੍ਰੈਵਲਜ਼" ਦਾ ਉਦਘਾਟਨ ਸੀ । ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ । ਮੈਨੂੰ ਮੇਰੇ ਘਰ ਇਨ੍ਹਾਂ ਦਾ ਨਿਮੰਤ੍ਰਣ ਪੱਤਰ ਤਾਂ ਪੁੱਜਾ, ਪਰ ਭੈਣੀ ਸਾਹਿਬ ਜਾ ਵੱਸੇ ਜਾਣ ਕਾਰਨ ਇਹਨਾਂ ਦੇ ਫੰਕਸ਼ਨ ਤੇ ਮੈਂ ਨਹੀਂ ਪੁੱਜ ਸਕਿਆ ।

### ਵਿਸ਼ੇਸ਼ ਅਧਿਕਾਰ

ਪਰ ਅੱਜ ਹੰਸਪਾਲ ਜਿਸ ਵਿਸ਼ੇਸ਼ ਰਉਂ ਵਿਚ ਮੇਰੇ ਮਿਲਣ ਦੀ ਉਤਸੁਕਤਾ ਰਖਦਾ ਸੀ, ਉਸ ਦਾ ਕਾਰਨ ਸੀ ਉਸ ਨੂੰ 16-3-79 ਨੂੰ ਸ੍ਰੀ ਸਤਿਗੁਰੂ ਜੀ ਵਲੋਂ 'ਭਜਨ ਦੇਣ' ਦਾ ਅਧਿਕਾਰ ਬਖਸ਼ਣ ਦੀ ਕਿਰਪਾ ਕਰਨੀ ਅਤੇ ਇਸ ਆਗਿਆ ਵਿਚ ਚੌਰਿਆਂ ਨੂੰ 'ਪ੍ਰਥਮ ਦਸਤਾਰ' ਬੰਨ੍ਹਣ ਦਾ ਅਧਿਕਾਰ ਵੀ ਸ਼ਾਮਿਲ ਸੀ । ਉਸ ਨੇ ਨਿਤੂਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਦਰਲੀ ਜਿਲਦ ਵਿਚ ਆਪਣੇ ਲਈ ਇਹ ਯਾਦ ਲਿਖੀ ਸੀ ਅਤੇ ਨਾਲ ਹੀ ਇਹ ਵੀ ਗੱਲ ਕਿ 12-3-79 ਨੂੰ ਕੁਇਕ ਟ੍ਰੈਵਲਜ਼ ਦਫ਼ਤਰ ਦਾ ਉਦਘਾਟਨ ਸਤਿਗੁਰੂ ਜੀ ਨੇ 11.30 A.M. ਵਜੇ ਕੀਤਾ ।

ਏਥੇ ਬੈਠੇ ਬੈਠੇ ਹੀ ਡਾ: ਅਮਰ ਭਾਰਤੀ ਨਾਲ ਮੇਲ ਹੋ ਗਿਆ । ਉਹ ਹੰਸਪਾਲ ਨੂੰ ਦੱਸ ਰਿਹਾ ਸੀ ਕਿ ਅੱਜ ਸਵੇਰੇ ਆਲ ਇੰਡੀਆ ਰੇਡੀਓ ਦੇ ਹਿੰਦੀ ਬੁਲਿਟਨ ਵਿਚ ਦੋ ਖ਼ਬਰਾਂ ਦਿੱਤੀਆਂ ਗਈਆਂ, ਉਸ ਵਿਚ ਨਾਮਧਾਰੀ ਹੋਲੇ ਮੇਲੇ ਦੀ ਸਮਾਪਤੀ ਅਤੇ ਸਾਦਾ ਅਨੰਦ ਕਾਰਜਾਂ ਦਾ ਜ਼ਿਕਰ ਵੀ ਸੀ ।

### ਕੁਝ ਜਾਣਕਾਰੀ ਹੋਰ

—ਹੰਸਪਾਲ ਨੇ ਦੱਸਿਆ ਕਿ ਦਿੱਲੀ ਦੀ ਨਾਮਧਾਰੀ ਕਾਲੋਨੀ ਦੇ ਇਕ ਪ੍ਰਮੁੱਖ ਵਸਨੀਕ ਸ. ਸੁਰਿੰਦਰ ਸਿੰਘ ਮਾਹਲੂਵਾਲੀਏ ਨੂੰ 6 ਮਹੀਨੇ ਸ੍ਰੀ ਭੈਣੀ ਸਾਹਿਬ ਵਿਖੇ ਰਹਿ ਕੇ ਸੇਵਾ ਕਰਨ ਦਾ ਹੁਕਮ ਲੱਗਾ । ਇਹ ਉਸ ਵਿਆਹ ਵਿਚ ਸ਼ਾਮਲ ਸੀ ਜਿਸ ਕਾਰਨ ਘਰ ਵਾਲਿਆਂ ਨੂੰ ਸਤਿਗੁਰਾਂ ਵਲੋਂ 35000/- ਡੰਨ ਲਗਿਆ ਸੀ । ਸਿੱਖ ਨੇ ਖ਼ੁਸ਼ੀ ਖ਼ੁਸ਼ੀ ਮਨਜ਼ੂਰ ਕਰ ਲਿਆ ।



Sri Satguru Jagjit Singh Ji Elibrary NamdhariElibrary@gmail.com

—ਹੰਸਪਾਲ ਨੇ ਫ਼ਿਕਰਮੰਦੀ ਜ਼ਾਹਰ ਕੀਤੀ ਕਿ ਇਸ ਵਾਰ ਹੋਲੇ ਤੇ ਕਈ 'ਗਲਤ' ਵਿਆਹ ਹੋ ਗਏ ਕਿਉਂਕਿ ਵਿਆਹਾਂ ਤੋਂ ਪਹਿਲੀ ਰਾਤੇ ਸਦਾ ਵਾਂਗ ਮਾਪਿਆਂ ਨਾਲ ਬੈਠ ਕੇ ਠਾਕੁਰ ਜੀ (ਅਤੇ ਉਸਨੇ) ਆਦਿ ਨੇ ਸੁਚੇਤ ਪੁਣ-ਛਾਣ ਨਹੀਂ ਕੀਤੀ।

—ਹੰਸਪਾਲ ਨੇ ਦੱਸਿਆ ਕਿ ਸ. ਧੰਨਾ ਸਿੰਘ ਗੁਲਸ਼ਨ ਨੇ ਭੋਜਨ ਛਕਣ ਸਮੇਂ ਭੈਣੀ ਸਾਹਿਬ ਹੋਲੇ ਤੇ ਹੋਈ ਗੱਲ ਬਾਤ ਵਿਚ ਕਿਹਾ : ਕਈ ਗੱਲਾਂ ਏਥੇ ਆ ਕੇ ਨਵੀਆਂ ਵੇਖੀਆਂ ਅਤੇ ਸਿੱਖੀਆਂ ਹਨ। ਉਹ ਭੁਲੇਖੇ ਜੁ ਦੂਰੋਂ ਦੂਰੋਂ ਵੇਖਣ ਤੇ ਸੁਣਨ ਨਾਲ ਪੈਦਾ ਹੋਏ ਸਨ, ਕੀ ਖ਼ਤਮ ਹੋ ਗਏ ਹਨ। ਇਹ ਗੱਲ ਯਕੀਨੀ ਹੈ ਕਿ ਆਪਾਂ—ਨਾਮਧਾਰੀ ਤੇ ਅਕਾਲੀ—ਕੱਠੇ ਹੋ ਕੇ ਚਲ ਸਕਦੇ ਹਾਂ।

## ਬੀਬਾ ਜੀ ਦਾ ਮੰਗੇਤਰ

ਅੱਜ ਮੈਂ ਸ. ਹੰਸਪਾਲ ਦੇ ਘਰ ਗੁਰੂ ਸਪੁਤਰੀ ਬੀਬਾ ਸਾਹਿਬ ਕੌਰ ਜੀ ਦਾ ਮੰਗੇਤਰ ਵੀ ਵੇਖਿਆ—ਇਕਹਿਰਾ, ਸਲੋਨਾ, ਸਫੈਦ ਨਾਮਧਾਰੀ ਬਸਤਰ, ਸੋਹਣੇ ਤਿਖੇ ਨਕਸ਼, ਗੰਭੀਰ ਧੀਰ, ਸਿੱਧੀ ਦਾਹੀ ਹੋਈ ਦਾੜ੍ਹੀ ਵਾਲਾ। ਹੰਸਪਾਲ ਨੇ ਮੈਨੂੰ ਵਾਕਫੀ ਨਹੀਂ ਕਰਵਾਈ। ਮੈਂ ਓਪਰਾ ਨੌਜਵਾਨ ਜਾਣ ਆਪ ਹੀ ਪਹਿਲ ਕਰ ਕੇ ਉਸ ਦਾ ਨਾਮ ਪੁਛਿਆ। ਉਹ ਮਧੁਰ ਬਾਣੀ ਵਿਚ ਬੋਲਿਆ : ਜਗਤਾਰ ਸਿੰਘ।

— ਪਿੰਡ ਕਿਥੇ ਜੇ ? = ਪਨਿਹਾਰੀ, ਸਰਸੇ ਦੇ ਕੋਲ।

— ਜ਼ਮੀਨ ਕਿੰਨੀ ਕੁ ? = ਸੈ ਏਕੜ।

— ਕੀ ਪੜ੍ਹ ਰਹੇ ਹੋ, ਅਰਥਾਤ ਐਜੂਕੇਸ਼ਨ ? = ਲਾ ਫਾਈਨਲ।

ਮੈਨੂੰ ਇਹ ਲੜਕਾ ਬੜਾ ਦਰੁਸਤ ਲਗਾ। ਕਈਆਂ ਦਾ ਵਿਚਾਰ ਹੈ, ਲੜਕਾ ਗੋਰਾ ਚਿੱਟਾ ਨਹੀਂ ਪਰ ਸਤਿਗੁਰੂ ਜੀ ਨੇ ਰਤਾ ਸੰਵਲਾਏ ਰੰਗ ਨੂੰ ਤਰਜੀਹ ਦੇ ਕੇ ਬਲਸ਼ਾਲਤਾ ਦੀ ਹੀ ਚੋਣ ਕੀਤੀ ਹੈ। ਆਗਿਆਕਾਰ ਸਿੱਖ ਦਾ ਚੋਖਾ ਧੰਧਾ ਸਤਿਗੁਰੂ ਜੀ ਲਈ ਪਰਵਾਰਕ ਸੁਖ ਦਾ ਕਾਰਨ ਬਣੇਗਾ। ਰਜਵੇਂ ਜ਼ਮੀਂਦਾਰ ਸਿੱਖ ਨਾਲ ਨਾਤਾ ਜੋੜਨ ਨਾਲ ਬੀਬਾ ਜੀ ਨੂੰ ਖੁਲ੍ਹੀਆਂ ਜ਼ਮੀਨਾਂ ਤੇ ਅਧਿਕਾਰ ਵੀ ਹੋਵੇਗਾ ਅਤੇ ਮਾਤਾ ਜੀ ਨੂੰ ਵੀ ਆਪਣਾ ਭਾਈਚਾਰਾ ਸੁਖਾਵਾਂ ਪ੍ਰਤੀਤ ਹੋਵੇਗਾ।

ਲੜਕੇ ਦਾ ਸਾਰਾ ਪਰਵਾਰ ਚੱਕ 17–0 ਬੀਕਾਨੇਰ ਵਿਚ ਰਹਿੰਦਾ ਹੈ ਪਿਤਾ ਸੰਤ ਮਹਿੰਦਰ ਸਿੰਘ ਬੜਾ ਚਰਿਤ੍ਰਵਾਨ, ਸੂਝ ਵਾਲਾ ਅਤੇ ਪੁੱਜ ਕੇ ਸਾਊ ਹੈ। ਮੇਰੇ ਖ਼ਿਆਲ ਵਿਚ ਬਹੁਤ ਉਮਦਾ ਚੋਣ ਹੈ।

## 23 ਮਾਰਚ 1979, ਸ਼ੁਕਰਵਾਰ

### ਨਵੀਂ ਦਿੱਲੀ

## ਮਿਲਣੀ ਸਾਬਕਾ ਪ੍ਰਧਾਨ ਮੰਤਰੀ ਨਾਲ

ਸ. ਹਰਵਿੰਦਰ ਸਿੰਘ ਹੰਸਪਾਲ ਨੇ ਅੱਜ ਦੇ ਮੇਲ ਵਿਚ ਮੈਨੂੰ ਦੱਸਿਆ ਕਿ 10 ਮਾਰਚ ਨੂੰ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਰਾਜਸਥਾਨ ਦੇ ਦੌਰੇ ਤੋਂ ਪਰਤ



Sri Satguru Jagjit Singh Ji Elibrary NamdhariElibrary@gmail.com

ਰਹੇ ਸਨ ਤਾਂ ਆਪ ਜੀ ਦਿੱਲੀ ਪਧਾਰੇ। ਏਥੇ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨਾਲ ਮਿਲਣੀ ਦਾ ਵਕਤ ਮੁਕੱਰਰ ਸੀ। ਪਹਿਲਾਂ ਇਸ ਮੁਲਾਕਾਤ ਦਾ ਸਮਾਂ ਸ਼ਾਮ ਦੇ ਕਿਸੇ ਵੇਲੇ ਮਿਥਿਆ ਜਾ ਰਿਹਾ ਸੀ, ਜਦੋਂ ਸ੍ਰੀ ਸਤਿਗੁਰੂ ਸਵੇਰੇ 9 ਵਜੇ ਹੀ ਦਿੱਲੀ ਪਹੁੰਚ ਗਏ ਤਾਂ ਸ੍ਰੀਮਤੀ ਇੰਦਰਾ ਗਾਂਧੀ 10 ਵਜੇ ਹੀ ਕੋਠੀ 1-6/ਬੀ ਪੂਸਾ ਰੋਡ ਪਹੁੰਚ ਗਈ।

ਗਰਾਊਂਡ ਫਲੋਰ ਦੇ ਹਾਲ ਵਿਚ ਲਾਲ ਕਾਲੀਨ ਤੇ ਦੋਹੀਂ ਪਾਸੀਂ ਦੋ ਸਫੈਦ ਚੱਦਰਾਂ ਵਿਛ ਗਈਆਂ। ਪ੍ਰਭੂ ਸਤਿਗੁਰੂ ਜੀ ਤੇ ਇੰਦਰਾ ਜੀ ਸੋਫ਼ਿਆਂ ਤੇ ਹੀ ਬੈਠੇ। ਬੀਬੀ ਜੀ ਨਾਲ ਆਰ. ਕੇ. ਧਵਨ ਅਤੇ ਸ. ਬੂਟਾ ਸਿੰਘ ਆਏ ਸਨ। ਇਕ ਸਕਿਉਰਿਟੀ ਅਧਿਕਾਰੀ ਵੀ ਨਾਲ ਸੀ।

ਸਤਿਗੁਰੂ ਜੀ ਇੰਦਰਾ ਜੀ ਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਬੈਠਣ ਉਪਰੰਤ, 10 ਮਿੰਟ ਪਿਛੋਂ ਆਏ। ਬੀਬੀ ਜੀ ਨੇ ਉਠ ਕੇ, ਸਿਰ ਝੁਕਾ ਕੇ ਅਭਿਵਾਦਨ ਕੀਤਾ। ਇਸ ਮਿਲਣੀ ਸਮੇਂ ਉਪਰ ਦੱਸੇ ਇੰਦਰਾ ਜੀ ਨਾਲ ਆਏ ਅਤੇ ਸਤਿਗੁਰੂ ਜੀ ਦੀ ਆਗਿਆ ਵਿਚ ਗਏ ਸੇਠ ਤਰਲੋਕ ਸਿੰਘ ਅਤੇ ਸ. ਹਰਵਿੰਦਰ ਸਿੰਘ ਹੰਸਪਾਲ ਹੀ ਕੋਲ ਸਨ।

ਹੰਸਪਾਲ ਦੇ ਕਥਨ ਅਨੁਸਾਰ ਇੰਦਰਾ ਜੀ ਦੇ ਚਿਹਰੇ ਤੇ ਕੁਝ ਫ਼ਿਕਰਮੰਦੀ ਦੇ ਚਿੰਨ੍ਹ ਸਨ। ਕੁਝ ਮਿੰਟ ਦੀ ਸਾਂਝੀ ਗੱਲ ਬਾਤ ਪਿਛੋਂ ਸ੍ਰੀ ਸਤਿਗੁਰੂ ਜੀ ਅਤੇ ਇੰਦਰਾ ਜੀ ਨੇ ਅਸਲੋਂ ਇਕਾਂਤ ਲਈ। ਪਰਸਪਰ ਕੀ ਗੱਲਬਾਤ ਹੋਈ, ਕਿਸੇ ਨੂੰ ਕੁਝ ਪਤਾ ਨਹੀਂ। 10 ਮਿੰਟ ਬਾਅਦ ਫਿਰ ਸਾਰੇ ਜਣੇ ਮਿਲ ਕੇ ਬੈਠ ਗਏ। ਹੋਰ ਕੁਝ ਨਾਮਧਾਰੀ ਵੀ ਕੋਲ ਆ ਬੈਠੇ।

ਬੀਬੀ ਜੀ ਦੇ ਜਾਣ ਬਾਅਦ ਸਤਿਗੁਰੂ ਜੀ ਦੀ ਆਗਿਆ ਨਾਲ ਸ. ਹੰਸਪਾਲ ਅਤੇ ਸ. ਗੁਰਰਤਨ ਸਿੰਘ ਸ੍ਰੀ ਕੇ. ਸੀ. ਪੰਤ ਨੂੰ ਮਿਲੇ। ਸ੍ਰੀ ਪੰਤ ਨਾਲ ਹੋਈ ਗੱਲਬਾਤ ਤੋਂ ਉਨ੍ਹਾਂ ਸ੍ਰੀਮਤੀ ਇੰਦਰਾ ਗਾਂਧੀ ਨੂੰ ਜਾਣੂ ਕਰਵਾਇਆ।

## ਮੁੱਢਲ ਪਰਵਾਰ ਨੂੰ ਸਦਮਾ

ਰਾਜੌਰੀ ਗਾਰਡਨ, ਨਵੀਂ ਦਿੱਲੀ, ਮੇਰੇ ਵਾਲੇ ਪਲਾਟ ਦੇ ਆਦੀ, ਸੇਠ ਪ੍ਰਤਾਪ ਸਿੰਘ ਮੁੱਢਲ, ਕੂਕੂ ਦੇ ਪਟਵਾਰੀ, ਸਾਂਝੀ ਦੁਕਾਨ ਸੰਧੂ ਰੇਡੀਓਜ਼ ਦੇ ਨਾਲ ਹੀ ਕਰਿਆਨੇ ਦੀ ਦੁਕਾਨ ਕਰਦੇ ਹਨ। ਇਹ ਦੁਕਾਨ ਸਵੇਰੇ 6 ਤੋਂ ਖੁਲ੍ਹਦੀ ਅਤੇ ਰਾਤੀਂ 9 ਵਜੇ ਹੀ ਬੰਦ ਹੁੰਦੀ ਹੈ। ਅੱਜ ਸਾਰਾ ਦਿਨ ਹੀ ਬੰਦ ਰਹੀ। ਪੁੱਛਣ ਤੋਂ ਪਤਾ ਲੱਗਾ, ਸੇਠ ਪ੍ਰਤਾਪ ਸਿੰਘ ਮੁੱਢਲ ਦੇ ਪਿਤਾ ਸ੍ਰੀ ਮੇਲਾ ਰਾਮ ਜੀ ਪੂਰੇ ਹੋ ਗਏ ਹਨ। ਇਸ ਵੇਲੇ ਉਹ ਆਪਣੇ ਛੋਟੇ ਪੁੱਤਰ ਸ. ਸੁਰਜੀਤ ਸਿੰਘ ਪਾਸ ਨਾਰਾਇਣੇ ਰਹਿੰਦੇ ਸਨ। ਭਜਨ ਪਾਠ ਕਰਨ ਵਾਲੇ ਬਿਰਧ ਹੁਣ ਮਿਰਤੂ ਦੇਵ ਦੀ ਗੋਦ ਵਿਚ ਚਲੇ ਗਏ ਹਨ।



Sri Satguru Jagjit Singh Ji Elibrary NamdhariElibrary@gmail.com

## 24 ਮਾਰਚ 1979, ਸ਼ਨੀਵਾਰ
## ਨਵੀਂ ਦਿੱਲੀ

### ਸ਼ਵ ਯਾਤਰਾ

ਭਾਵੇਂ ਸਾਨੂੰ ਸਾਡੇ ਅਸਲੋਂ ਗੁਆਂਢੀ ਪ੍ਰਤਾਪ ਸਿੰਘ ਪਰਵਾਰ ਨੇ ਆਪਣੇ ਬਜ਼ੁਰਗ ਦੇ ਗੁਜ਼ਰਨ ਬਾਰੇ ਸੂਚਨਾ ਤਕ ਨਹੀਂ ਦਿਤੀ ਪਰ ਬਜ਼ੁਰਗ ਸ੍ਰੀ ਮੇਲਾ ਰਾਮ ਦੇ ਸਤਿਕਾਰ ਵਿਚ ਮੈਂ ਅਤੇ ਮੇਰੀ ਪਤਨੀ ਗੁਰਬਚਨ ਕੌਰ ਸਮੇਂ ਸਿਰ ਨਾਰਾਇਣੇ ਪਹੁੰਚੇ। 9 ਵਜੇ ਮੇਲਾ ਰਾਮ ਜੀ ਦੀ ਸ਼ਵ ਯਾਤਰਾ ਨਿਕਲਣੀ ਅਤੇ ਦਾਹ ਸੰਸਕਾਰ ਹੋਣਾ ਸੀ। ਇਸ ਯਾਤਰਾ ਵਿਚ ਬਹੁਤਾਤ ਨਾਮਧਾਰੀ ਨਰ ਨਾਰੀਆਂ ਦੀ ਸੀ।

### ਚਾਹ ਛੁਡਾਈ

ਸਸਕਾਰ ਉਪ੍ਰੰਤ ਵਾਪਸ ਪਰਤਦਿਆਂ ਸ੍ਰੀ ਮੇਲਾ ਰਾਮ ਜੀ ਦੇ ਵੱਡੇ ਦਾਮਾਦ ਸ. ਕੇਸਰ ਸਿੰਘ ਕਾਨਪੁਰੀ ਮਿਲੇ। ਇਹ ਸੱਜਣ ਸਾਡੇ ਨਾਲ ਸ੍ਰੀ ਭੈਣੀ ਸਾਹਿਬ ਵਿਚ ਜੂਨੀਅਰ ਜਮਾਤਾਂ ਵਿਚ ਪੜ੍ਹਿਆ ਕਰਦੇ ਸਨ। ਪਰਸਪਰ ਮਿਲ ਹਾਰਦਿਕ ਪ੍ਰਸੰਨਤਾ ਹੋਈ ਅਤੇ ਮੈਨੂੰ ਇਹਨਾਂ ਦੇ ਇਸ ਪਰਵਾਰ ਨਾਲ ਨਿਕਟ ਸੰਬੰਧਾਂ ਦਾ ਪਤਾ ਲਗਾ।

ਪਿਛਲੇ ਦਿਨੀਂ ਹੋਏ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਾਨਪੁਰ ਦੌਰੇ ਦਾ ਜ਼ਿਕਰ ਕਰਦਿਆਂ ਸ. ਕੇਸਰ ਸਿੰਘ ਨੇ ਦੱਸਿਆ : ਇਸ ਵਾਰ ਸਤਿਗੁਰੂ ਜੀ ਨੇ ਮੈਨੂੰ ਚਾਹ ਛੁੜਵਾ ਦਿਤੀ ਹੈ। ਸਵੇਰ ਇਸ਼ਨਾਨ, ਭਜਨ ਬਾਣੀ ਤਾਂ ਮੈਂ ਅੱਗੇ ਹੀ ਕਰਦਾ ਸਾਂ ਪਰ ਚਾਹ ਛੱਡਣ ਨਾਲ ਤਾਂ ਮੈਨੂੰ ਹੋਰ ਵੀ ਕਈ ਅਲਾਮਤਾਂ ਤੋਂ ਛੁਟਕਾਰਾ ਹੋ ਗਿਆ ਹੈ। ਮੇਰਾ ਸਰੀਰ ਹਲਕਾ-ਫੁਲਕਾ ਤੇ ਸੰਤੋਖ ਮਹਿਸੂਸ ਕਰਦਾ ਹੈ। ਸਤਿਗੁਰੂ ਜੀ ਦੇ ਸਹਿਪਾਠੀ ਹੋਣ ਦਾ ਸਾਨੂੰ ਦੋਹਾਂ ਨੂੰ ਮਾਣ ਹੈ।

### ਮਨ ਚੀਆਂ ਪੂਰਨ ਚਾਹਨਾ

ਮੈਂ ਸ. ਕੇਸਰ ਸਿੰਘ ਨੂੰ ਕਿਹਾ : ਸਤਿਗੁਰੂ ਇਹ ਕਿਰਪਾ ਮੇਰੇ ਤੇ ਵੀ ਕਰ ਦੇਣ! ਤਾਂ ਉਹ ਬੜੀ ਸਰੂਰੀ ਹਾਲਤ ਵਿਚ ਬੋਲਿਆ : ਵਈ ਜੀ, ਗੱਲ ਏਦੂੰ ਵੀ ਅੱਗੇ ਦੀ ਹੈ। ਇਸ ਵਾਰ ਕਾਨਪੁਰ ਵਿਚ ਜਦੋਂ ਸਤਿਗੁਰੂ ਜੀ ਦਾ ਘਰੀਂ ਚਰਨ ਪਾਉਣ ਦਾ ਕਾਰਜ ਕਰਮ ਬਣਿਆ ਤਾਂ ਮੈਂ ਸੰਗਤ ਵਿਚ ਸਭ ਤੋਂ ਅਮੀਰਤਾ ਵਿਅਕਤੀ ਸਾਂ। ਬਜਾਜ਼ੀ ਦੀ ਦੁਕਾਨ, ਮੁਨਾਸਬ ਸੰਤਾਨ, ਆਹਲਾ ਮਕਾਨ, ਸਭ ਕੁਝ ਤਾਂ ਮੇਰੇ ਪਾਸ ਸੀ, ਮੈਂ ਕੀ ਮੰਗਣਾ ਸੀ ਸਤਿਗੁਰਾਂ ਕੋਲੋਂ। ਮੇਰੀ ਨੀਅਤ ਸੀ ਕਿ ਜੇ ਤਾਂ ਸਤਿਗੁਰਾਂ ਮੈਨੂੰ ਆਪ ਬੁਲਾ ਲਿਆ, ਫਿਰ ਤਾਂ ਚਰਨਾਂ ਦੀ ਓਟ ਵੀ ਕਰ ਲਵਾਂਗੇ, ਨਹੀਂ ਤਾਂ ਹਰੀ ਇੱਛਿਆ।

ਪਰ ਸਤਿਗੁਰੂ ਜੀ ਨੇ ਤਾਂ ਦੋ ਚਾਰ ਨਾਵਾਂ ਪਿਛੋਂ ਹੀ ਮੈਨੂੰ ਆਵਾਜ਼ ਮਾਰ ਲਈ : ਅੱਜ ਵਈ, ਬੁੱਧ ਸਿੰਘ ਦੇ ਲੜਕੇ ਅਤੇ ਆਪਣੇ ਨਾਲ ਪੜ੍ਹੇ ਹੋਏ ਦੇ ਘਰ ਵਿਚ ਜਾ ਕੇ ਉਹਦੇ ਪਰਵਾਰ ਦੇ ਦਰਸ਼ਨ ਕਰਨੇ ਹਨ।



Sri Satguru Jagjit Singh Ji Elibrary NamdhariElibrary@gmail.com

ਇਹ ਸ਼ਬਦ ਸੁਣਦਿਆਂ ਹੀ ਮੇਰਾ ਮਨ ਬਿਹਬਲ ਹੋ ਉੱਠਿਆ। ਮੈਂ ਜਾ ਅਰਜ਼ ਕੀਤੀ : ਸੱਚੇ ਪਾਤਸ਼ਾਹ, ਅੱਜ ਤਾਂ ਮਨ ਦੀ ਭੁੱਖ ਲਹੀ ਜੇ ! ਕ੍ਰਿਪਾ ਕਰੋ, ਜੇ ਮੈਨੂੰ ਬਖਸ਼ਿਆ ਜੇ ਉਸ ਘਰ ਵੀ ਚਰਨ ਪਾਓ। ਸਤਿਗੁਰਾਂ ਨੇ ਫੁਰਮਾਇਆ : ਨਹੀਂ, ਤੇਰੇ ਘਰ ਚਰਨ ਨਹੀਂ ਪਾਉਣੇ, ਦਰਸ਼ਨ ਕਰਨ ਜਾਣਾ ਹੈ। ਮੈਂ ਹੱਥ ਜੋੜੇ : ਮੈਨੂੰ ਏਸ ਤਰ੍ਹਾਂ ਆਖ ਕਿਉਂ ਸ਼ਰਮਿੰਦਿਆਂ ਕਰਦੇ ਓ ? ਉੱਤਰ ਮਿਲਿਆ : ਗੱਲ ਸ਼ਰਮਿੰਦਗੀ ਵਾਲੀ ਕੋਈ ਨਹੀਂ। ਜੇ ਮੈਂ ਚਰਨ ਪਾਉਣ ਜਾਵਾਂ ਤਾਂ ਕੁਝ ਨ ਕੁਝ ਛੱਡਣਾ ਪੈਂਦਾ ਹੈ,ਦਰਸ਼ਨ ਕਰਨ ਜਾਵਾਂ ਤਾਂ ਊਂ ਹੀ ਸਰ ਜਾਂਦਾ ਹੈ। ਅਤੇ ਕੇਸਰ ਸਿੰਘ ਨੇ ਦੱਸਿਆ : ਮੈਂ ਸਤਿਗੁਰਾਂ ਦੀ ਇੱਛਾ ਜਾਣ ਕੇ ਘਰ ਚਰਨ ਪੁਆਏ। ਅਤੇ ਹੁਣ ਹੋਰ ਵੀ ਸੁਖ ਬਣ ਗਿਆ ਹੈ। ਐਸੀ ਮਗਰੋਂ ਲੱਗੀ ਹੈ ਕਿ ਚਾਹ ਦੀ ਅਸਲੋਂ ਚਾਹ ਨਹੀਂ ਰਹੀ।

## 28 ਮਾਰਚ 1979, ਬੁੱਧਵਾਰ
## ਨਵੀਂ ਦਿੱਲੀ

### ਗੰਡਾ ਬੰਧਨ

ਅੱਜ ਸ੍ਰੀ ਸਤਿਗੁਰੂ ਜੀ ਬੈਂਕਾਕ, ਥਾਈਲੈਂਡ ਤੋਂ, ਰਾਤੀਂ ਕਿਸੇ ਵੇਲੇ ਦਿੱਲੀ ਪਹੁੰਚੇ ਹੋਣਗੇ। ਆਪ ਜੀ ਨਾਲ ਕੇਵਲ ਗ. ਮਨਰੋਗਾ ਅਤੇ ਸੇਵਕ ਪੂਰਨਾ ਹੀ ਹੋਣਗੇ। ਸਵੇਰੇ ਖ਼ਾਂ ਸਾਹਿਬ ਵਲਾਇਤ ਖ਼ਾਂ ਨੇ ਇਕ ਨਾਮਧਾਰੀ ਸ਼ਾਗਿਰਦ ਧਰਮ ਵੀਰ ਸਿੰਘ ਸਪੁੱਤ੍ਰ ਸ. ਸੁਰਜੀਤ ਸਿੰਘ ਯੂ. ਕੇ. ਨੂੰ ਗੰਡਾ ਬੰਨ੍ਹਣਾ ਅਰਥਾਤ ਵਿਧੀਵਤ ਚੇਲਾ ਐਲਾਨ ਕਰਨਾ ਹੈ। ਉਹਨਾਂ ਨੇ ਇਸ ਅਵਸਰ ਤੇ ਸਤਿਗੁਰੂ ਜੀ ਦੇ ਪਧਾਰਨ ਬਾਰੇ ਜ਼ਬਰਦਸਤ ਆਗ੍ਰਹਿ ਕੀਤਾ ਸੀ।

ਪਹੁੰਚਣ ਲਈ ਤਾਂ ਮੈਨੂੰ ਵੀ ਧਰਮ ਵੀਰ ਸਿੰਘ ਨੇ ਆਖਿਆ ਸੀ ਪਰ ਮੈਂ ਹੋਰ ਰੁਝੇਵਿਆਂ ਕਰ ਕੇ ਦਿੱਲੀ ਨਹੀਂ ਜਾ ਸਕਿਆ। ਅੱਜ ਦੀ ਡਾਕ ਵਿਚ ਅੰਗਰੇਜ਼ੀ ਵਿਚ ਛਪਿਆ ਉਸਤਾਦ ਵਲਾਇਤ ਖ਼ਾਂ ਵਲੋਂ ਇਕ ਸੱਦਾ ਪੱਤਰ ਵੀ ਪ੍ਰਾਪਤ ਹੋਇਆ, ਜਿਸ ਵਿਚ ਦੱਸਿਆ ਗਿਆ ਸੀ ਕਿ 29 ਮਾਰਚ 1979 ਨੂੰ ਸ਼ਾਮੀਂ 7.00 ਵਜੇ ਗੰਡਾ ਬਾਂਧੀ ਰਸਮ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਵੀ ਦਰਸ਼ਨ ਦੇਣ ਦੀ ਕ੍ਰਿਪਾ ਕਰਨਗੇ। ਇਹ ਰਸਮ ਨੈਸ਼ਨਲ ਸੈਂਟਰ ਆਫ਼ ਪਰਫਾਰਮਿੰਗ ਆਰਟਸ, ਨਾਰੀਮਨ ਪੁਆਇੰਟ, ਬੰਬਈ ਵਿਚ ਅਦਾ ਕੀਤੀ ਜਾਣੀ ਹੈ।

## 31 ਮਾਰਚ 1979, ਸ਼ਨੀਵਾਰ
## ਨਵੀਂ ਦਿੱਲੀ

### ਆਗਮਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਗਮਨ ਦੀ, ਦਿੱਲੀ ਦੇ ਨਾਮਧਾਰੀਆਂ ਵਿਚ, ਅੱਜ ਦੇ ਦਿਨ, ਕਾਫ਼ੀ ਇੰਤਜ਼ਾਰ ਸੀ, ਪਰ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ



Sri Satguru Jagjit Singh Ji Elibrary NamdhariElibrary@gmail.com

ਆਗਮਨ ਕਿਸ ਸਮੇਂ ਹੋਵੇਗਾ। ਹੰਸਪਾਲ ਜੀ 9 ਕੁ ਵਜੇ ਹੀ ਜਾਣ ਸਕੇ ਕਿ 12.05 ਦੁਪਹਿਰ ਤਕ ਬੈਂਗਲੌਰ ਤੋਂ ਉਹ ਫਲਾਈਟ ਆਵੇਗੀ।

ਮੈਂ ਵੀ ਹੰਸਪਾਲ ਦੇ ਸਾਥ ਦਾ ਲਾਭ ਲੈ ਕੇ ਪਾਲਮ ਏਅਰ ਪੋਰਟ ਤੇ 11.45 ਵਜੇ ਪਹੁੰਚ ਗਿਆ। ਉਹ ਜਹਾਜ਼ 12.10 ਤੇ ਉਤਰਿਆ। ਸੁਆਗਤਕਾਰੀਆਂ ਵਿਚ ਇਹ ਨਾਂ ਪ੍ਰਧਾਨ ਹਨ: ਠਾਕੁਰ ਸ਼ਮਸ਼ੇਰ ਸਿੰਘ ਜੀ, ਸ. ਹਰਵਿੰਦਰ ਸਿੰਘ ਹੰਸਪਾਲ, ਸ. ਜਗਤਾਰ ਸਿੰਘ ਪਨਿਹਾਰੀ, ਸੇਠ ਧਰਮ ਸਿੰਘ-ਜ਼ੋਰ ਸਿੰਘ, ਸ. ਪ੍ਰੀਤਮ ਸਿੰਘ ਚੱਪਲਾਂ ਵਾਲੇ, ਸ. ਦਲਬੀਰ ਸਿੰਘ ਬਾਲੀ ਨਗਰ, ਸੰਤ ਅਵਤਾਰ ਸਿੰਘ ਰਮੇਸ਼ ਨਗਰ, ਸੰਤ ਬਲਵੰਤ ਸਿੰਘ ਜੇ.ਜੇ. ਕਾਲੋਨੀ, ਸ. ਭੁਪਿੰਦਰ ਸਿੰਘ ਭੂਰਜੀ ਸੰਤ ਮਹਿੰਦਰ ਸਿੰਘ ਜਗਾਧਰੀ, ਸ. ਬੂਟਾ ਸਿੰਘ ਕੇਵਲ ਹੈਦਰਾਬਾਦ, ਸ. ਨਰਿੰਦਰ ਸਿੰਘ ਮਨਚੰਦਾ।

## ਝੰਡਾ ਬੰਧਨ

ਜਦ ਤਕ ਸਤਿਗੁਰੂ ਜੀ ਦੀ ਪਹੁੰਚ ਸੁਆਗਤ ਹਾਲ ਵਿਚ ਹੁੰਦੀ ਹੈ, ਮੈਂ ਠਾਕੁਰ ਸ਼ਮਸ਼ੇਰ ਸਿੰਘ ਜੀ ਨੂੰ ਬੰਬਈ 'ਝੰਡਾ ਬੰਧਨ' ਸਮਾਗਮ ਬਾਰੇ ਪੁੱਛਦਾ ਹਾਂ। ਠਾਕੁਰ ਜੀ ਬੰਬਈ ਵਿਚ ਕਸਟਮ ਅਧਿਕਾਰੀ ਹਨ, ਅੱਜ ਸਵੇਰੇ ਹੀ ਕਿਤੇ ਦਿੱਲੀ ਪਹੁੰਚੇ ਹਨ। ਇਹ ਦਸਦੇ ਹਨ: ਫੰਕਸ਼ਨ ਭਰਪੂਰ ਵਧੀਆ ਹੋ ਗਿਆ। ਇਨਵਾਇਟੀ ਲਿਮਿਟਿਡ (ਸੱਦੇ ਹੋਏ ਗਿਣਤੀ ਦੇ) ਸਨ। ਕੋਈ 100 ਜਣਾ। ਲਗਭਗ ਸਾਰੇ ਹੀ ਸੰਗੀਤਕਾਰ। ਉਸਤਾਦ ਸਲਾਮਤ ਅਲੀ ਅਤੇ ਕੁਝ ਕੁਮੈਂਟੇਟਰ (ਆਲੋਚਕ) ਵੀ ਆਏ ਹੋਏ ਸਨ। ਪਹਿਲਾਂ ਉਸਤਾਦ ਵਲਾਇਤ ਖ਼ਾਂ ਨੇ ਧਰਮ ਵੀਰ ਦੇ ਗੁੱਟ ਨਾਲ ਮੌਲੀ ਦਾ ਰੇਸ਼ ਬੰਨ੍ਹਿਆ, ਫਿਰ ਉਸ ਆਪਣੇ ਉਸਤਾਦ ਦੀ ਆਗਿਆ ਨਾਲ, ਸਤਿਗੁਰਾਂ ਤੋਂ ਆਸ਼ੀਰਵਾਦ ਲੈਕੇ ਸਿਤਾਰ ਵਜਾਈ। ਅਤੇ ਹੋ ਗਈ ਰਸਮ।

## ਸੁਆਗਤ !

ਏਨੇ ਚਿਰ ਨੂੰ ਸਫੈਦ ਖਾਦੀ ਦੇ ਬਸਤਰਾਂ ਵਿਚ, ਕਰੜ-ਬਰੜੇ ਪਰ ਵਧੇਰੇ ਚਿਟੇ ਦਾਹੜੇ ਅਤੇ ਗੂੜ੍ਹਿਆਂ ਸ਼ੀਸ਼ਿਆਂ, ਸੁਨਹਿਰੀ ਫਰੇਮ ਵਾਲੀਆਂ ਐਨਕਾਂ (ਗਾਗਲਜ਼) ਨਾਲ ਫਬਦੇ-ਫਬਦੇ ਸਤਿਗੁਰੂ ਜੀ ਹਵਾਈ ਅੱਡੇ ਦੀ ਅਪਰੋਚ ਬਸ ਤੋਂ ਉਤਰ ਕੇ ਸੁਆਗਤ ਹਾਲ ਵਿਚ ਪਧਾਰੇ। ਸਭ ਸੁਆਗਤ ਕਰਤਿਆਂ ਨੇ ਜੁੱਤੇ ਬੂਟ ਲਾਹ, ਵਿਧੀ ਵਤ ਚਰਨਾਂ ਤੇ ਹੱਥ ਲਾ, ਸਿਰ ਝੁਕਾਅ ਨਮਸਕਾਰ ਕੀਤਾ। ਮੁਸਕਾਨ ਭਾਵੇਂ ਸਤਿਗੁਰਾਂ ਦੇ ਮੁਖੋਂ ਕਦੇ ਗਈ ਨਹੀਂ, ਪਰ ਅੱਜ ਵਿਸ਼ੇਸ਼ ਝਲਕਣ ਪ੍ਰਤੀਤ ਦਿੰਦੀ ਸੀ।

ਮੇਰੇ ਕੁਸ਼ਲ ਖੇਮ ਪੁੱਛਣ ਤੇ ਮੁਸਕਰਾ ਕੇ ਕਹਿਣ ਲਗੇ: ਰੰਗਦਾਰ ਐਨਕ ਲਾਈ ਹੈ ਤਾਕਿ ਤੁਸੀਂ ਫ਼ਿਕਰ ਕਰਦਿਆਂ ਐਨਕ ਵੀ ਗਿਣ ਲਓ। ਅਤੇ ਫਿਰ ਓਥੇ ਹੀ ਦੋ ਮਿੰਟ ਠਾਕੁਰ ਜੀ ਨਾਲ, ਦੋ ਮਿੰਟ ਸ੍ਰੀ ਹੰਸਪਾਲ ਨਾਲ ਗੱਲਬਾਤ ਕਰ, ਨਿੱਕੀ ਮੋਟੀ ਸਾਂਝੀ ਵਾਰਤਾ ਕਰਦਿਆਂ, ਆਪ ਹਵਾਈ ਅੱਡਿਓਂ ਬਾਹਰ ਆਏ। ਏਅਰ ਪੋਰਟ ਤੇ ਹੀ ਤੈ ਹੋ ਗਿਆ ਕਿ ਸੰਤ ਤਰਲੋਕ ਸਿੰਘ ਆਰੇ ਵਾਲੇ ਦੇ ਸ਼ਾਮ ਦਾ ਦੀਵਾਨ ਲਗੇ। ਸ.



Sri Satguru Jagjit Singh Ji Elibrary NamdhariElibrary@gmail.com

ਦਲਬੀਰ ਸਿੰਘ, ਸ. ਪ੍ਰੀਤਮ ਸਿੰਘ ਚੱਪਲਾਂ ਵਾਲੇ ਦੇ ਲੜਕੇ ਨੂੰ ਪਿਆਰ ਦੇ, ਬਚਨ ਕੀਤਾ : ਹੁਣ ਤੁਸੀਂ ਜਵਾਨ ਅੱਗੇ ਆਓ ਤੇ ਕੰਮ ਕਰੋ। ਤ੍ਰਲੋਕ ਸਿੰਘ ਨੂੰ ਸੂਚਨਾ ਦਿਓ, ਸ਼ਾਮ ਦੇ ਦੀਵਾਨ ਦੀ।

ਮੇਰੇ ਤੇ ਫੇਰ ਕਿਰਪਾ ਹੋਈ, ਆਖਿਆ : ਸੁਰਿੰਦਰ (ਮਨਚੰਦਾ) ਨੂੰ ਕਿਹਾ ਕਿ ਦਿੱਲੀ ਤਾਰ ਦੇ ਦਿਓ ਕਵੀ ਹੋਰੀਂ ਥੰਬਈ ਪਹੁੰਚਣ। ਪਰ ਸੁਰਿੰਦਰ ਫੋਨ ਤੇ ਹੀ ਜ਼ੋਰ ਅਜ਼ਮਾਈ ਕਰਦਾ ਰਿਹਾ ਅਤੇ ਫਿਰ ਉਹ ਵਕਤ ਆ ਗਿਆ ਕਿ ਪਹੁੰਚਿਆ ਨਹੀਂ ਸੀ ਜਾਣਾ। ਮੈਂ ਆਖਿਆ, ਹੋਰ ਆਰਾਮ ਕਰ ਲੈਣ, ਕਾਹਨੂੰ ਥੱਕਣ। ਸਾਰਾ ਪ੍ਰੋਗਰਾਮ ਟੇਪ ਕਰ ਲਿਆਂਦਾ ਹੈ, ਸੁਣਾਵਾਂਗੇ ਤੁਹਾਨੂੰ।

ਸ. ਹੰਸਪਾਲ ਦੀ ਕਾਰ ਤੇ ਸਤਿਗੁਰੂ ਜੀ ਆਪਣੇ ਚਾਚੇ ਦੇ ਪੁੱਤ ਭਰਾ ਠਾਕੁਰ ਸ਼ਮਸ਼ੇਰ ਸਿੰਘ ਜੀ ਨੂੰ ਲੈ ਕੇ ਕੋਠੀ ਨੂੰ ਚਲੇ।

## 1–6/ਬੀ ਪੂਸਾ ਰੋਡ

ਜਦੋਂ ਕੋਠੀ ਜਾ ਕੇ ਦਰਸ਼ਨ ਹੋਏ ਇਕ ਵਜ ਚੁਕਾ ਸੀ। ਬਹੁਤ ਸਾਰੇ ਇਸਤਰੀ ਪੁਰਸ਼ ਹਿਰਦੇ ਸਮ੍ਹਾਟ ਓ ਦਰਸ਼ਨ ਕਰਨ ਆਏ ਹੋਏ, ਕੋਠੀ ਦਿਆਂ ਕੰਧਾਂ ਕੋਲਿਆਂ ਨਾਲ ਲਗੇ ਖੜੇ ਸਨ।

ਸੇਠ ਤਰਲੋਕ ਸਿੰਘ-ਮਹਿੰਦਰ ਕੌਰ ਵਾਲੀ ਧ੍ਰੁਵਾ ਸੇਵ ਸਪੁਤਰਾਂ ਨੇ ਨਿਭਾਈ। ਸਤਿਗੁਰੂ ਜੀ ਨੂੰ ਇਕ ਸੋਫ਼ੇ ਤੇ ਬਿਠਾਲ ਸੁਆਗਤ ਹਾਰ ਪਹਿਨਾਅ ਕੇ ਚਰਨੀਂ ਹੱਥ ਲਾਇਆ। ਸਚਿੰਦਰ ਸਿੰਘ ਪੱਪੂ ਦੀ ਪਤਨੀ ਨੇ ਵੀ ਇੰਜ ਹੀ ਖੁਸ਼ੀ ਪ੍ਰਾਪਤ ਕੀਤੀ। ਇਸ ਮੌਕੇ ਦਾ ਸਭ ਨੇ ਲਾਭ ਲਿਆ। ਚਰਨਾਂ ਵਿਚ ਆ-ਆ ਨਮਸਕਾਰ ਕੀਤੀ।

ਫਿਰ ਛੇਤੀ ਛੇਤੀ ਇਕ ਦੋ ਜ਼ਿਮੇਵਾਰਾਂ ਨਾਲ ਬਚਨ ਕਰ ਕੇ ਸ਼ਨਾਨ-ਕਮਰੇ ਵਿਚ ਗਏ। ਬੈਠਕ ਕਮਰੇ ਵਿਚ ਮੈਂ ਅਤੇ ਠਾਕੁਰ ਸ਼ਮਸ਼ੇਰ ਸਿੰਘ ਜੀ ਬੈਠੇ ਸਾਂ ਕਿ ਇਸ਼ਨਾਨ ਕਰ ਅੱਖੀ ਦੀ ਫੁੱਰਕਨ ਮਾਤਰ ਸਤਿਗੁਰੂ ਜੀ ਅੰਦਰ ਆਏ। ਠਾਕੁਰ ਜੀ ਨੂੰ ਪੁੱਛ ਕੇ ਮੈਨੂੰ ਵੀ ਆਖਿਆ : ਪ੍ਰਸ਼ਾਦ ਛਕਣਾ ਹੋਵੇਗਾ, ਅੰਦਰ ਆ ਜਾਓ।

## ਪ੍ਰਸ਼ਾਦ ਪਾਣੀ

ਭੋਜਨ ਕਮਰੇ ਵਿਚ ਸਤਿਗੁਰੂ ਜੀ ਸੂਹਾ ਕੁਰਤਾ ਤੇ ਬਾਰੀਕ ਖੱਦਰ ਦਾ ਕਛਹਿਰਾ ਪਹਿਨੀ, ਸੀਸ ਤੇ ਹਲਕਾ ਜਿਹਾ ਪਰਨਾ ਵਲ੍ਹੇਟੀ ਲੱਕੜ ਦੀ ਜ਼ਰਾ ਉਚੇਰੀ ਚੌਕੀ ਤੇ, ਵਿਛੇ ਹੋਏ ਆਸਣ ਤੇ ਚੌਕੜਾ ਲਾ ਕੇ ਬੈਠ ਗਏ। ਬੀਬੀ ਸੁਰਜੀਤ ਕੌਰ (ਸਚਿੰਦਰ ਪੱਪੂ ਦੀ ਮਾਂ) ਚਰਨਜੀਤ (ਸ਼ੇਰ ਸਿੰਘ ਪਤਨੀ, ਅਤੇ ਮਾਤਾ ਜੀ ਦੀ ਭਤੀਜੀ) ਅਤੇ ਸੁਰਿੰਦਰ ਸਿੰਘ ਮਨਚੰਦਾ ਸੇਵਾ ਵਿਚ ਹਾਜ਼ਰ ਸਨ।

ਸਤਿਗੁਰੂ ਜੀ ਦੇ ਸੋਹੇਂ, ਸਟੀਲ ਦੇ ਥਾਲ ਵਿਚ ਤਿੰਨ ਚਾਰ ਕੌਲੀਆਂ ਰੱਖ ਥੋੜੇ ਥੋੜੇ ਪਦਾਰਥ ਮਨਚੰਦਾ ਨੇ ਆਪ ਪਰੋਸੇ : ਨਮਕੀਨ ਚਾਵਲ, ਚਟਨੀ, ਮਸਰ ਦਾਲ, ਕੋਲੀਏ ਦੀ ਸਬਜ਼ੀ, ਹਰੇ ਮਟਰਾਂ ਦੀ ਸਬਜ਼ੀ, ਸੁੱਚਾ ਆਪੂੰ ਬਣਾਇਆ ਕੇਕ ਤੇ ਤਿੰਨ



Sri Satguru Jagjit Singh Ji Elibrary NamdhariElibrary@gmail.com

ਇੰਦਰ ਘੋਸ਼ ਦੇ ਢੁੱਲਦੇ ਢੁਲਕੇ । ਸਤਿਗੁਰਾਂ ਨੇ ਹੰਸਪਾਲ ਨੂੰ ਵੀ ਯਾਦ ਕੀਤਾ ਅਤੇ ਉਹ ਅਮਰ ਭਾਰਤੀ ਨਾਲ ਅੰਦਰ ਆ ਗਿਆ ।

## ਸੁਭਾਗ !

ਸਭ ਸ਼ਾਂਤੀਪੂਰਵਕ ਪ੍ਰਸ਼ਾਦ ਛਕ ਰਹੇ ਸਨ, ਪਰ ਨਿੱਕੀ ਨਿੱਕੀ ਚੱਲਦੀ ਕੋਈ ਗੱਲ ਕਰਦਿਆਂ ।

ਆਪਣੀ ਗੱਲ ਨੂੰ ਸੁਆਦਲਾ ਬਣਾਨ ਲਈ, ਜਾਣ ਕੇ ਮੈਨੂੰ ਸੁਣਾਂਦਿਆਂ ਸਤਿਗੁਰਾਂ ਆਖਿਆ : ਅੰਗਰੇਜ਼ਾਂ ਇਕ ਸੁਨਹਿਰੀ ਇਨਸ਼ੋਅਰਡ ਕਲਮ ਲਿਆਂਦੀ ਹੈ । ਕਵੀ ਹੋਰਾਂ ਨੂੰ ਨਹੀਂ ਦੇਣੀ, ਭਾਰਤੀ ਜੀ ਨੂੰ ਦੇਣੀ ਹੈ । ਭਾਰਤੀ ਹੋਰੀਂ ਤਾਂ ਪ੍ਰਸੰਨ ਹੋਣਗੇ ਹੀ, ਮੈਨੂੰ ਤਾਂ ਏਸ ਗੱਲ ਦੀ ਖ਼ੁਸ਼ੀ ਸੀ ਕਿ ਭਾਰਤੀ ਨੂੰ ਦੇਣ ਲੱਗਿਆਂ ਵੀ ਪਹਿਲਾਂ ਮੇਰਾ ਨਾਮ ਚੇਤੇ ਆਇਆ । ਮੇਰਾ ਨਾਮ ਤਾਂ ਲਿਆ ਭਾਵੇਂ 'ਨਹੀਂ' ਵਿਚ ਹੀ ਸਹੀ । ਮੇਰੇ ਲਈ ਤਾਂ ਇਹ ਵੀ ਸਸਤੇ ਲੜੇ ਦਾ ਸੌਦਾ ਹੈ । ਸਤਿਗੁਰੂ ਮੈਨੂੰ ਆਪਣਾ ਸਿੱਖ ਨਹੀਂ ਸਮਝਦੇ ਪ੍ਰਸ਼ੰਸਕ ਜਾਂ ਪ੍ਰੇਮੀ ਗਿਣਦੇ ਹਨ । ਮੈਨੂੰ ਤਾਂ ਜੋ ਵੀ ਮਿਲਦਾ ਹੈ, ਉਹ ਵਾਧੂ । ਮੇਰੀ ਦਸ਼ਾ ਅਜਿਹੀ ਹੈ : ਜੇ ਗੁਰ ਝਿੜਕੇ, ਤਾਂ ਮੀਠਾ ਲਾਗੈ, ਮਾਰ ਕਢੇ, ਭੀ ਪਿਆਰੀ ।

## ਫਾਇਦਾ

ਪ੍ਰਸ਼ਾਦ ਛਕਣ ਉਪਰੰਤ, ਸਤਿਗੁਰੂ ਜੀ ਨੇ ਇਕ ਇਕ ਕੌਲੀ ਜਲ ਨਾਲ ਧੋਤੀ ਅਤੇ ਫਿਰ ਸਾਰੀਆਂ ਕੌਲੀਆਂ ਦਾ ਧੋਣ ਇਕ ਕੌਲੀ ਵਿਚ ਪਾ ਕੇ ਆਨੰਦ ਨਾਲ ਛਕਿਆ । ਮੈਂ ਵੇਖਿਆ ਕਿ ਅੱਜ ਸਤਿਗੁਰਾਂ ਪਾਸ ਪਰੋਸਣ ਦਾ ਸਾਰਾ ਕਾਰਜ ਸ. ਮਨਚੰਦਾ ਕਰ ਰਿਹਾ ਸੀ । ਸਾਨੂੰ ਪ੍ਰਸ਼ਾਦ ਸੁਰਜੀਤ ਕੌਰ ਨੇ ਛਕਾਇਆ । ਸਤਿਗੁਰੂ ਜੀ ਦਾ ਥਾਲਾ ਚੁੱਪ ਕਰਕੇ ਮਨਚੰਦਾ ਨੇ ਉਠਾ ਲਿਆ ਅਤੇ ਉਸ ਵਿਚ ਭੋਜਨ ਸਮਗਰੀ ਪਾ ਆਪ ਛਕਣ ਲਗਾ ।

## ਹੋਰ ਜ਼ਰੂਰੀ ਬਚਨ

ਸ੍ਰੀ ਹਜ਼ੂਰ ਨੇ ਮੈਨੂੰ ਤੇ ਭਾਰਤੀ ਨੂੰ ਸੰਬੋਧਨ ਕਰਦਿਆਂ ਫ਼ਰਮਾਇਆ : ਸਵਾਮੀ ਹਰਨਾਮ ਦਾਸ ਉਦਾਸੀ ਤੋਂ ਜਿਸ ਆਦਿ ਗ੍ਰੰਥ ਸਾਹਿਬ ਨੂੰ ਅਸਾਂ ਖਰੀਦਿਆ ਹੈ, ਉਹ ਟੀਕਾ ਹੈ, ਉਸਨੂੰ ਤੁਸੀਂ ਦੋਵੇਂ ਗ਼ੌਰ ਨਾਲ ਵੇਖੋ । ਉਸ ਨੇ ਜਿਹਾ ਹੈ ਕਿ .ਨਾ-ਅਨੁਕੂਲ ਗੱਲ, ਨਾ ਛਾਪਣ ਦਾ ਸਾਨੂੰ ਅਧਿਕਾਰ ਹੈ । ਜਿਥੇ ਉਸ ਨੇ ਕਿਸੇ ਦੂਜੇ ਤੇ ਟੇਕ ਧਾਰਨਾ ਕੀਤਾ ਹੋਵੇ, ਅਯੋਗ ਸ਼ਬਦ ਵਰਤੇ ਹੋਣ, ਕੇਵਲ ਕ੍ਰਿਟਿਸਿਜ਼ਮ ਹੀ ਕੀਤਾ ਹੋਵੇ, ਉਸਨੂੰ ਬਦਲਣ ਜਾਂ ਕੱਟਣ ਦਾ ਸਾਨੂੰ ਅਧਿਕਾਰ ਹੈ ।

ਚੰਡੀਗੜ੍ਹ ਦੇ ਇਕ ਸਪਤਾਹਿਕ ਸਮਾਚਾਰ 'ਪੰਜ ਪਾਣੀ' ਦਾ ਜ਼ਿਕਰ ਕਰਦਿਆਂ ਹੰਸਪਾਲ ਨੇ ਉਸ ਦਾ ਇਕ ਲੇਖ ਪੇਸ਼ ਕੀਤਾ, ਜਿਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦਿਲਰੁਬਾ ਵਜਾਂਦਿਆਂ ਦੀ ਫੋਟੋ ਛਾਪ ਕੇ ਥੱਲੇ ਲਿਖਿਆ ਹੈ ਕਿ ਉਹਨਾਂ ਕਿਹਾ ਸੀ ਦੇਹਧਾਰੀ ਗੁਰੂ ਦੀ ਪ੍ਰਥਾ ਦੀ ਅਗੋਂ ਕੋਈ ਲੋੜ ਨਹੀਂ ! ਸਤਿਗੁਰੂ ਜੀ ਇਹ ਕਤਰਨ



Sri Satguru Jagjit Singh Ji Elibrary NamdhariElibrary@gmail.com

ਹੱਸ ਕੇ ਮੁਸਕਰਾਏ : ਜਿਵੇਂ ਸਾਡੇ ਵਿਚੋਂ ਕੋਈ ਮਾਸਟਰ ਤਾਰਾ ਸਿੰਘ ਜੀ ਦੀ ਫੋਟੋ ਛਾਪ ਕੇ ਹੇਠਾਂ ਲਿਖ ਦੇਵੇ : ਮੈਨੂੰ ਯਕੀਨ ਹੋ ਗਿਐ ਕਿ ਦੇਹਧਾਰੀ ਗੁਰੂ ਦੀ ਸ਼ਰਨ ਬਿਨਾ ਗਤੀ ਨਹੀਂ।

ਸਤਿਗੁਰੂ ਜੀ ਨੇ ਭਾਰਤੀ ਵਾਲੀ ਪੁਸਤਕ ਦੀ ਭੂਮਿਕਾ ਸ. ਕਿਰਪਾਲ ਸਿੰਘ ਨਾਰੰਗ (ਰੀਟਾਇਰਡ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ) ਹੁਰਾਂ ਤੋਂ ਲਿਖਵਾਣ ਦਾ ਸੁਝਾਉ ਦਿਤਾ। ਆਖਿਆ : ਉਹ ਠੀਕ ਤਰੀਕੇ ਨਾਲ ਗੁਰੂ ਮਤ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ।

ਸਤਿਗੁਰੂ ਜੀ ਪ੍ਰਸ਼ਾਦ ਛਕ ਆਰਾਮ ਕਰਨ ਚਲੇ ਗਏ।

## ਸੂਬਾ ਰੇਸ਼ਮ ਸਿੰਘ ਜੀ

ਕੈਨੇਡਾ ਦੇਸ਼ ਦੇ ਨੌਜਵਾਨ ਨਾਮਧਾਰੀ ਸੂਬਾ ਰੇਸ਼ਮ ਸਿੰਘ ਜੀ ਆਪਣੀ ਸੁਪਤਨੀ ਰਾਣੀ ਅਤੇ ਦੋਹਾਂ ਸਪੁਤਰਾਂ ਰਤਨ ਸਿੰਘ (ਵਡਾ)-ਗੁਰਮੁਖ ਸਿੰਘ (ਛੋਟਾ) ਨਾਲ ਪਰਸੋਂ ਤਕ ਭਾਰਤ ਤੋਂ ਵਿਦਾ ਹੋਣ ਲਈ ਆਏ ਹੋਏ ਹਨ। ਸਤਿਗੁਰੂ ਜੀ ਦੇ ਪਾਸ ਬੈਠਣ ਦਾ ਸਮਾਂ ਜਿੰਨਾ ਵੀ ਮਿਲੇ, ਉਹ ਦੁਰਲਭ ਸਮਝਦੇ ਹਨ। ਸੂਬਾ ਜੀ ਦਾ ਭਰਾ ਪੰਜਾਬ ਵਿਚੋਂ ਉਹਨਾਂ ਨੂੰ ਵਿਦਾ ਕਰਨ ਹਿਤ ਨਾਲ ਆਇਆ ਹੋਇਆ ਹੈ।

ਬੀਬੀ ਰਣਜੀਤ ਕੌਰ ਸੁਪਤਨੀ ਸ. ਸੁਰਿੰਦਰ ਸਿੰਘ ਯੂਨੀਵੇਂ (ਬੈਂਕਾਕ-ਥਾਈਲੈਂਡ) ਵੀ ਸਤਿਗੁਰਾਂ ਦੇ ਦਰਸ਼ਨਾਂ ਦੀ ਤਲਬਗਾਰ ਹੈ। ਉਸ ਵੀ ਕੁਝ ਸਮਾਂ ਸੂਬਾ ਜੀ ਨਾਲ ਗੱਲਬਾਤ ਕਰਦਿਆਂ ਬਿਤਾਇਆ। ਸਤਿਗੁਰਾਂ ਦੇ ਜਾਗਣ ਤਕ ਕਿਸੇ ਤਰ੍ਹਾਂ ਸਮਾਂ ਗੁਜ਼ਾਰਨਾ ਹੈ।

## ਉਸਤਾਦ ਅਮਜਦ ਅਲੀ ਖਾਂ

ਉਸਤਾਦ ਅਮਜਦ ਹੁਰਾਂ ਨਾਲ 4 ਵਜੇ ਸ਼ਾਮ ਦਾ ਸਮਾਂ ਨਿਰਧਾਰਤ ਸੀ, ਪਰ ਆਪ 15 ਮਿੰਟ ਲੇਟ ਆਏ। ਏਨੇ ਵਿਚ ਦਰਸ਼ਨਾਂ ਦੇ ਤਲਬਗਾਰਾਂ ਨੂੰ ਹੋਰ ਵਕਤ ਮਿਲ ਗਿਆ।

ਹੇਠਲੇ ਹਾਲ ਵਿਚ ਖਾਂ ਸਾਹਿਬ ਨਾਲ ਬੈਠਕ ਹੋਈ। ਉਸਤਾਦ ਅਮਜਦ ਨੇ ਪਿਛਲੇ ਦਿਨਾਂ ਵਿਚ ਹੋਈ ਬੇਸੁਆਦੀ ਦਾ ਜ਼ਿਕਰ ਕੀਤਾ ਕਿ ਕਿਵੇਂ "ਸੂਟਿੰਗ" (ਸਪਤਕ ਫਿਲਮ) ਵਿਚ ਰਾਤ ਦੇ 2 ਵਜ ਗਏ। ਸਵੇਰੇ ਵੇਲੇ ਸਿਰ ਜਾਗਿਆ ਨ ਗਿਆ। ਜਹਾਜ਼ ਉਡ ਗਿਆ। ਬੈਂਗਲੋਰ ਲਈ ਬੰਬਈ ਦੇ ਰਸਤੇ ਉਡਿਆ, ਪਰ ਬੰਬਈ ਜਾ ਕੇ ਮੁੜ ਨਿਰਾਸਤਾ ਪੱਲੇ ਪਈ। ਅਗੋਂ ਜਹਾਜ਼ ਵੇਲੇ ਸਿਰ ਨਹੀਂ ਸੀ ਲਿਜਾਂਦਾ। 27 ਤਾਰੀਖ਼ ਰਾਤ ਦਾ ਪ੍ਰੋਗਰਾਮ ਹੋ ਨਹੀਂ ਸਕਿਆ। ਵਾਪਸ ਦਿੱਲੀ ਆਉਣ ਤੇ 'ਅਮਾਨ' (ਪੁਤਰ) ਨੂੰ ਮਾਤਾ ਨਿਕਲ ਆਈ। ਬੁਖ਼ਾਰ ਹੋ ਗਿਆ। ਆਦਿ।

ਸਤਿਗੁਰੂ ਜੀ ਨੇ 'ਗੰਡਾ ਬੰਧਨ' ਦਾ ਸੰਖੇਪ ਵਿਵਰਣ ਦਿੱਤਾ। ਸਲਾਮਤ ਅਲੀ ਦੇ ਪ੍ਰੋਗਰਾਮ ਕਰਨ ਬਾਰੇ ਦਸਦਿਆਂ ਸਤਿਗੁਰਾਂ ਕਿਹਾ : ਅੱਜ ਥੋੜ੍ਹੇ ਪੈਸੇ ਵਲੋਂ ਅਸੀਂ ਵੀ ਜ਼ਰਾ ਗੁਜ਼ਾਰਾ ਪਏ ਕਰਦੇ ਹਾਂ, ਨਹੀਂ ਤਾਂ ਜਲੰਧਰ, ਦਿੱਲੀ ਆਦਿ ਵਿਚ ਅਸੀਂ



Sri Satguru Jagjit Singh Ji Elibrary NamdhariElibrary@gmail.com

ਹੀ ਪ੍ਰੋਗਰਾਮ ਕਰ ਲੈਂਦੇ। ਟਿਕਟਾਂ ਲਾ ਕੇ ਕੰਮ ਕਰਨ-ਕਰਵਾਣ ਦੇ ਅਸੀਂ ਆਦੀ ਨਹੀਂ।

ਅਤੇ ਫਿਰ 20 ਕੁ ਮਿੰਟ ਲਈ, ਸਤਿਗੁਰੂ ਜੀ ਤੇ ਖ਼ਾਂ ਸਾਹਿਬ, ਦੋਵੇਂ ਹੀ ਇਕੱਲੇ ਬੈਠ ਕੇ ਗੱਲ ਬਾਤ ਕਰਦੇ ਰਹੇ।

## ਸ਼ਾਮ ਦਾ ਦੀਵਾਨ

5 ਤੋਂ 6 ਤਕ ਨਾਮ ਸਿਮਰਨ ਉਪਰੰਤ ਦੀਵਾਨ ਸੰਤ ਤਰਲੋਕ ਸਿੰਘ ਆਰੇ ਵਾਲਿਆਂ ਦੇ ਸੀ। 'ਸ਼ਾਰਟ ਨੋਟਿਸ' ਤੇ ਵੀ 3-4 ਸੌ ਸੱਜਣਾਂ ਦੀ ਇਕੱਤਰਤਾ ਹੋ ਗਈ। ਜਥੇਦਾਰ ਸੇਵਾ ਸਿੰਘ ਦੀ ਥਾਂ ਹਰਭਜਨ-ਕੁਲਦੇਵ ਸਿੰਘ ਤੋਂ ਸ਼ਬਦ ਸੁਣਿਆ, ਸੰਤ ਪ੍ਰੀਤਮ ਸਿੰਘ ਢੁਚਲੀ ਢੋਲਕ ਵਜਾ ਰਿਹਾ ਸੀ। "ਹਮਾਰੈ ਏਹਿ ਕਿਰਪਾ ਕੀਜੈ" 'ਹਮਾਰੈ' ਦੀ ਥਾਂ 'ਹਮਾਰੇ' ਪੜ੍ਹਦਿਆਂ ਵੇਖ ਕੇ ਉਂਗਲਾਂ ਉੱਚੀਆਂ ਕਰ ਇਸ਼ਾਰਾ ਕੀਤਾ, 'ਹਮਾਰੈ' ਪੜ੍ਹੋ। ਸਪੀਕਰ ਅਗੋਂ ਹਟਾ ਕੇ, ਆਪ ਅਗਵਾਈ ਦੇ ਪ੍ਰਮਾਣਾਂ ਨਾਲ ਸ਼ਬਦ ਪੜ੍ਹਿਆ। 6.20 ਤੇ ਸਮਾਪਤੀ ਕਰ ਆਰੇ ਵਾਲਿਆਂ ਘਰ ਹੀ ਸ਼ਾਮ ਦਾ ਜਲਪਾਨ ਕੀਤਾ। ਫਿਰ 3-4 ਘਰੀਂ ਚਰਨ ਵੀ ਪਾਏ।

## ਕਲਮ ਤਾਂ ਮੈਨੂੰ ਵੀ ਮਿਲੀ

7.30 ਤੋਂ ਸ਼ਾਮੀਂ, ਸੇਠ ਜੀ ਦੀ ਕੋਠੀ ਸਤਿਗੁਰੂ ਜੀ ਨੇ ਸੰਗੀਤ ਦਾ ਕਾਰਜ ਕ੍ਰਮ ਰਖਿਆ ਸੀ, ਪਰ ਆਪ ਹਾਲ ਵਿਚ 8 ਵਜੇ ਹੀ ਪਧਾਰੇ। ਉਪਸਥਿਤ ਸੱਜਣਾਂ ਨੇ ਉਠ ਕੇ ਸਤਿਕਾਰ ਕੀਤਾ। ਆਪ ਜੀ ਨੇ ਆਸਣ ਤੇ ਬੈਠਦਿਆਂ ਹੀ ਆਪਣਾ ਬ੍ਰੀਫ਼ ਕੇਸ ਮੰਗਵਾਇਆ। ਉਸ ਵਿਚ ਮਿੰਨੀ ਕੈਸੇਟ ਕਾਰਡਰ ਕਢ ਕੇ ਧਰਮਵੀਰ ਦੀ ਸਿਤਾਰ ਸੁਣਾਣੀ ਸ਼ੁਰੂ ਕੀਤੀ। ਅਤੇ ਮੈਨੂੰ ਉਹ ਵਿਸ਼ੇਸ਼ਕਰ ਬਾਲ ਪੈੱਨ, ਅਰਥਾਤ ਸੁਨਹਿਰੀ ਕਲਮ ਜਿਸ ਦੀ ਕੀਮਤ 450/- ਸੀ ਤੇ ਇਹ 24 ਕੈਰੇਟ ਸੋਨੇ ਦੀ ਸੀ, ਬਖ਼ਸ਼ ਦਿਤੀ। ਬਾਲ ਪੈੱਨ ਦਾ ਨਾਮ "ਐਡੀਸਨ" ਹੈ। ਇਸ ਦੇ ਖੁਰਾਏ ਜਾਣ ਤੇ ਕੰਪਨੀ ਸਾਲ ਭਰ ਲਈ ਜ਼ਿੰਮੇਵਾਰੀ ਲੈਂਦੀ ਹੈ, ਹੋਰ ਬਾਲਪੈੱਨ ਦੇਣ ਦੀ। ਮੈਂ ਇਹ ਪ੍ਰਾਪਤ ਕਰਕੇ ਹੋਰ ਵਧੇਰੇ ਪ੍ਰਸੰਨ ਹੋ ਗਿਆ।

## ਸੰਗੀਤ ਸਭਾ

ਧਰਮਵੀਰ ਦੀ ਕੈਸੇਟ ਮੁਕਣ ਤੇ ਸ੍ਰੀ ਹਰਭਜਨ ਸਿੰਘ ਸਿਤਾਰ ਤੇ ਪੂਰੀਆ ਧਨਾਸਰੀ ਵਜਾਣ ਲਗਾ। ਸਤਿਗੁਰਾਂ ਫ਼ਰਮਾਇਆ : ਹੁਣ ਤੂੰ ਵੀ ਵਜਾਇਆ ਕਰ, ਸੰਗੀਤ ਸਭਾ ਜਾਂ ਦੀਵਾਨਾਂ ਵਿਚ। ਤੂੰ ਬੜੀ ਅੱਛੀ ਸਿਤਾਰ ਵਜਾ ਲੈਂਦਾ ਹੈਂ।

10 ਕੁ ਬੀਬੀਆਂ ਅਤੇ ਏਨੇ ਕੁ ਕਲਾਕਾਰ ਤੇ ਅ-ਕਲਾਕਾਰ ਬੈਠੇ ਸਨ ਕਿ 9.15 ਵਜਦਿਆਂ ਨੂੰ ਥਾਈਲੈਂਡ ਦੇ ਕੁਛ ਸਰੀਰ ਦਰਸ਼ਨਾਂ ਲਈ ਆ ਗਏ : ਸੇਠ ਪਿਆਰਾ ਸਿੰਘ-ਪਰਕਾਸ਼ ਕੌਰ, ਸੇਠ ਮੁਕੰਦ ਸਿੰਘ ਤੇ ਸਾਰਾ ਪਰਵਾਰ, ਸੇਠ ਧੀਰ ਦਾ ਦਾਮਾਦ



Sri Satguru Jagjit Singh Ji Elibrary NamdhariElibrary@gmail.com

ਸ. ਦਰਸ਼ਨ ਸਿੰਘ, ਗਾਂਧੀ ਨਗਰ ਵਾਲਾ ਪੁਰਾਣਾ ਪਰਵਾਰ, ਅਤੇ ਦਰਸ਼ਨ ਸਿੰਘ ਡਾਲਟਨ ਗੰਜ।

## ਆਗਿਆਕਾਰੀ ਹੋਣਹਾਰ

ਸ. ਜਗਤਾਰ ਸਿੰਘ ਪਨਿਹਾਰੀ ਨੇ ਰਾਤ 10 ਦੀ ਗੱਡੀ ਤੇ ਬੀਕਾਨੇਰ ਨੂੰ ਜਾਣਾ ਸੀ। ਸ. ਹਰਵਿੰਦਰ ਸਿੰਘ ਨੇ ਗੱਡੀ ਚੜ੍ਹਾਣ ਜਾਣਾ ਸੀ। ਜਗਤਾਰ ਸਿੰਘ ਨੇ ਆ ਕੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸਤਿਗੁਰੂ ਜੀ ਹਰਭਜਨ ਸਿੰਘ ਦੀ ਸਿਤਾਰ ਸੁਣ ਰਹੇ ਸਨ। ਆਪ ਜੀ ਨੇ ਜਗਤਾਰ ਸਿੰਘ ਨੂੰ ਬੈਠਣ ਦਾ ਇਸ਼ਾਰਾ ਕੀਤਾ। ਨੌਜਵਾਨ ਚੁੱਪ ਕਰ ਕੇ ਕੋਲ ਬੈਠ ਗਿਆ। ਹੰਸਪਾਲ ਹੁਰੀਂ ਇਸ਼ਾਰੇ ਕਰਨ ਕਿ ਆਓ, ਪਰ ਉਹ ਚੁੱਪ-ਚਾਪ। ਫੇਰ ਸ. ਹੰਸਪਾਲ ਨੇ ਆਪ ਕੋਲ ਆ ਕੇ ਆਗਿਆ ਲਈ ਕਿ 10 ਵਜੇ ਦੀ ਗੱਡੀ ਫੜਨੀ ਹੈ।

## ਕੁਦਰਤੀ ਇਲਾਜ

ਅੱਜ ਹਰਭਜਨ ਸਿੰਘ ਨੇ ਵੀ ਆਗਿਆ ਮੰਨ ਕੇ ਹੀ ਸਿਤਾਰ ਫੜ ਲਈ ਸੀ। ਉਂਜ ਉਸਨੂੰ ਬੁਖ਼ਾਰ ਅਤੇ ਜ਼ੁਕਾਮ ਸੀ। ਸਤਿਗੁਰੂ ਜੀ ਨੇ ਉਸਦੀ ਹਾਲਤ ਜਾਣ ਇਕ ਗਿੱਲਾ ਤੋਲੀਆ ਮੰਗਵਾਇਆ, ਨਰੇਸ਼ ਦੇ ਗਲੇ ਦੁਆਲੇ ਵਲ੍ਹੇਟ ਕੇ ਸਿਤਾਰ ਵਜਾਂਦੇ ਰਹਿਣ ਲਈ ਆਖਿਆ।

ਹਰਭਜਨ ਸਿੰਘ (ਰਾਗੀ ਵੀ ਜਿਸ ਨੂੰ ਕਹਿੰਦੇ ਹਨ) ਨੂੰ ਸਤਿਗੁਰੂ ਜੀ ਦੇ ਧਿਆਨ ਅਤੇ ਪਿਆਰ ਨੇ ਹੀ ਬਚਾਇਆ ਹੈ, ਨਹੀਂ ਤਾਂ ਇਹ ਤਨੋਂ, ਮਨੋਂ ਤੇ ਧਨੋਂ ਵੀ ਰੋਗੀ ਹੋ ਗਿਆ ਸੀ। ਕੁਲਦੇਵ ਸਿੰਘ ਸਰੋਦ ਨਾਲ ਦਿਲੀ ਦੋਸਤੀ ਸੀ ਅਤੇ ਅੰਦਰ ਸਤਿਗੁਰੂ ਜੀ ਦਾ ਸਨੇਹ ਸਤਿਕਾਰ ਹੋਣ ਕਰਕੇ ਸਰੀਰ ਵਲੋਂ ਅਤੇ ਮਨ ਵਲੋਂ ਨਰੋਗ ਹੋ ਗਿਆ ਹੈ। ਰੋਟੀ ਵਲੋਂ ਵੀ ਸੁਤੰਤਰ ਹੋ ਗਿਆ ਹੈ। ਇਸ ਨੇ ਸਭੇ-ਤਾਰਿਆਂ ਵਿਚ ਸਿਤਾਰ ਫੜੀ ਸੀ ਪਰ ਹੁਣ ਤਾਂ ਖ਼ੂਬਸੂਰਤ ਵਜਾਣ ਲਗ ਪਿਆ ਹੈ।

ਅੰਤ ਉਤੇ 10 ਕੁ ਮਿੰਟ ਲਈ ਕੁਲਦੇਵ ਸਿੰਘ ਨੇ ਵੀ ਸਰੋਦ ਤੇ ਗਤ ਵਜਾਈ ਅਤੇ ਫਿਰ ਸਤਿਗੁਰੂ ਜੀ ਨੇ ਸਭਾ ਸਮਾਪਤ ਕਰ ਦਿਤੀ। 10 ਵਜੇ ਰਾਤ ਤਕ ਸਤਿਗੁਰੂ ਜੀ ਬਿਰਾਜ ਜਾਣਾ ਚਾਹੁੰਦੇ ਸਨ, ਪਰ ਸ. ਸੇਵਾ ਸਿੰਘ ਤੇਬੂਆਂ ਵਾਲਾ, ਸ. ਹੰਸਪਾਲ ਹੁਰੀਂ ਗੱਲ ਕੱਥ ਦਾ ਪ੍ਰੋਗਰਾਮ ਲਈ ਬੈਠੇ ਸਨ।

### ਤੁਰੇ ਤੁਰੇ ਜਾਂਦਿਆਂ

## ਬੀਬੀ ਸ਼ਕੁੰਤਲਾ ਕੁਟਾਣੀ

ਬੀਬੀ ਸ਼ਕੁੰਤਲਾ ਕੁਟਾਣੀ ਜੀ ਪਿਛਲੇ 35-40 ਬਰਸਾਂ ਤੋਂ ਸਰਦਾਰਨੀ ਲੀਲਾਵੰਤੀ ਦੀ ਸੰਗਤ ਵਿਚ ਆ ਕੇ ਭਜਨ ਪੁਛ ਕੇ ਨਾਮਧਾਰੀ ਬਣ ਗਏ ਸਨ। ਸਾਰੇ ਪੇਕਾ ਪਰਵਾਰ ਚੋਂ ਨਿਰਾਮਿਸ਼ ਭੋਜੀ ਹਨ, ਉਨ੍ਹਾਂ ਦਾ ਇਕੱਲਾਪਨ ਵੀ ਜਨਮ ਜਾਤ ਹੈ। ਸਰਕਾਰੀ



Sri Satguru Jagjit Singh Ji Elibrary NamdhariElibrary@gmail.com

ਨੌਕਰੀ ਕਰਕੇ ਆਪ ਪੜ੍ਹਿਆ ਤੇ ਸਹਿਯੋਗਣਾਂ ਨੂੰ ਪੜ੍ਹਾਇਆ ਹੈ। ਬੀਬੀ ਸ਼ਕੁੰਤਲਾ ਵੇਦਾਂਤ ਅਤੇ ਉਪਨਿਸ਼ਦਾਂ ਦੇ ਪੰਡਿਤ ਹਨ।

ਪਿਛਲੇ ਦਿਨੀਂ ਮੈਨੂੰ ਬੀਬੀ ਜੀ ਨੇ ਕਿਹਾ ਸੀ : ਪਤਾ ਨਹੀਂ ਸਤਿਗੁਰੂ ਜੀ ਨਾਰਾਜ਼ ਹਨ ਜਾਂ ਕੋਈ ਹੋਰ ਕਾਰਨ, ਹੋਰ ਹਰ ਇਸਤਰੀ ਪੁਰਸ਼ ਨਾਲ ਗੱਲ ਬਾਤ ਕਰ ਲੈਂਦੇ ਹਨ ਪਰ ਮੇਰੇ ਨਾਲ ਕਦੇ ਨਹੀਂ ਬੋਲੇ। ਮੇਰੇ ਘਰ ਵਾਲੇ (ਪੇਕਾ ਪਰਵਾਰ) ਮਕਾਨ ਵੇਚ ਉਹਨਾਂ ਪਾਸ ਇਲਾਹਾਬਾਦ ਚਲੇ ਆਉਣ ਲਈ ਕਹਿੰਦੇ ਹਨ ਜਾਂ ਫਿਰ ਭੈਣੀ ਸਾਹਿਬ ਦੀ ਮੁਸਤਕਿਲ ਮੁਕੀਮ ਹੋਣ ਵਾਸਤੇ। ਕੀ ਕਰਾਂ ?

ਮੈਂ ਉਨ੍ਹਾਂ ਨੂੰ ਕਿਹਾ : ਸਤਿਗੁਰੂ ਜੀ ਦੀ ਤੁਹਾਡੇ ਨਾਲ ਨਾਰਾਜ਼ਗੀ ਦਾ ਕੋਈ ਕਾਰਨ ਨਹੀਂ। ਤੁਹਾਨੂੰ ਗਿਆਨਵਾਨ ਹੋਣ ਕਰਕੇ ਕੁਛ ਨਹੀਂ ਆਖਦੇ। ਜੇ ਮਨ ਗੱਲਬਾਤ ਕਰਨ ਲਈ ਕਰਦਾ ਹੈ ਤਾਂ ਅਰਜ਼ ਕਰ ਵੇਖੋ। ਸੋ ਅੱਜ ਕੋਠੀ ਵਿਚ ਦਾਖ਼ਲ ਹੁੰਦਿਆਂ ਹੀ ਉਨ੍ਹਾਂ ਸਤਿਗੁਰਾਂ ਨੂੰ 'ਵਖਰੇ ਸਮੇਂ' ਲਈ ਅਰਜ਼ ਕੀਤੀ ਤਾਂ ਸੱਚੇ ਪਾਤਸ਼ਾਹ ਜੀ ਨੇ 6-7 ਅਪਰੈਲ ਦੀਆਂ ਤਾਰੀਖ਼ਾਂ ਗੱਲਬਾਤ ਕਰਨ ਲਈ ਦੇ ਦਿਤੀਆਂ।

ਬਾਅਦ ਵਿਚ ਸ਼ਕੁੰਤਲਾ ਜੀ ਨੇ ਮੈਨੂੰ ਦੱਸਿਆ ਕਿ ਉਸ ਨਾਲ ਥੋੜ੍ਹਾ ਸਮਾਂ ਬਚਨ ਕਰਕੇ ਬਾਕੀ ਦੀਆਂ ਗੱਲਾਂ ਵਾਸਤੇ, ਅਪਰੈਲ ਪੱਕੀ ਕਰ ਦਿਤੀ ਹੈ। ਸ਼ਕੁੰਤਲਾ ਜੀ ਸੋ 50-55 ਸਾਲ ਉਮਰ ਦੇ ਦਰਮਿਆਨ ਹੋਣਗੇ, ਅੱਜ ਮਨ ਕਰਕੇ ਸੰਤੁਸ਼ਟ ਹਨ।

## ਸਤਿਗੁਰੂ ਜਗਜੀਤ ਸਿੰਘ ਬੋਟ

ਸ. ਸੇਵਾ ਸਿੰਘ ਇੰਜਨੀਅਰ, ਵਾਸੀ ਜੀਵਨ ਨਗਰ ਦੀ ਬੇਟੀ ਬੀਬੀ ਸਵਰਨ ਕੌਰ, ਇਕਲੌਤੇ ਬੇਟੇ ਬੂਟਾ ਸਿੰਘ 'ਕਮਲ' (ਕੈਵਲ) ਦਾ ਆਸਰਾ ਪਰਨਾ ਹੈ ਅਤੇ ਦੋਹਾਂ ਦੀ ਟੇਕ ਹੈ ਸਤਿਗੁਰੂ ਜਗਜੀਤ ਸਿੰਘ। ਸਤਿਗੁਰੂ ਜੀ ਨੇ ਮਾਂ ਪੁੱਤ ਨੂੰ ਕਦੇ ਕਿਸੇ ਕਿਸਮ ਦਾ ਵਿਛੋੜਾ ਨਹੀਂ ਆਉਣ ਦਿਤਾ। ਮੈਨੂੰ ਬੂਟਾ ਸਿੰਘ, ਆਸ਼ਾਵਾਦੀ ਨੌਜਵਾਨ, ਅੱਜ ਮਿਲਿਆ ਤਾਂ ਉਸ ਦੱਸਿਆ : ਮੈਂ ਹੈਦਰਾਬਾਦ ਵਿਚ ਨਾਮਧਾਰੀ ਏਜੰਸੀ ਦੇ ਠੇਕੂ-ਕੰਟਰੈਕਟੀਆਂ ਆਦਿ ਦਾ ਕਾਰੋਬਾਰੀ ਇਨਚਾਰਜ ਹਾਂ। ਅਤੇ ਮੇਰੇ ਸ਼ੌਕਾਂ ਦਾ ਅੰਦਾਜ਼ਾ ਏਥੋਂ ਕਰ ਲਓ ਕਿ ਮੈਂ ਸਰਬ ਆਂਧਰਾ ਬੋਟਿੰਗ ਐਸੋਸੀਏਸ਼ਨ ਦਾ ਸਕੱਤਰ ਚੁਣਿਆ ਗਿਆ ਹਾਂ। ਸਤਿਗੁਰੂ ਜੀ ਨੇ ਮੈਨੂੰ ਹੈਦਰਾਬਾਦ ਨੇੜੇ ਇਕ ਗੋਚਰਦਾਇਕ ਵਿਚ, ਜਿਸ ਦਾ ਨਾਮ ਹੁਸੈਨ ਸਾਗਰ ਹੈ, ਕੁਝ ਸਮਾਂ ਪਹਿਲਾਂ ਬੋਟਿੰਗ ਬਾਦਬਾਨੀ ਕਿਸ਼ਤੀ (ਪਾਲਾਂ ਵਾਲੀ ਕਿਸ਼ਤੀ ਨਾਲ ਸਫ਼ਰ ਕਰਨਾ, ਮੁਕਾਬਲੇ ਕਰਨਾ-ਕਰਵਾਣਾ) ਸਿਖਣ ਵਾਸਤੇ ਹੁਕਮ ਕੀਤਾ ਸੀ। ਹੁਕਮ ਅਨੁਸਾਰ ਮੈਂਬਰ ਬਣ ਗਿਆ। ਸਤਿਗੁਰਾਂ ਦੀ ਕਿਰਪਾ ਨੇ ਐਸੋਸੀਏਸ਼ਨ ਦੀਆਂ ਤਮਾਮ ਜ਼ਿੰਮੇਵਾਰੀਆਂ ਮੇਰੇ ਹਵਾਲੇ ਕਰਵਾ ਦਿਤੀਆਂ। ਮੇਰੇ ਜਤਨਾਂ ਨੇ 60,000/-ਸਰਕਾਰ ਵਲੋਂ ਦਿਵਾ ਦਿਤਾ। ਇਸ ਨਾਲ ਅਸਾਂ ਇਕ ਨਵੀਂ ਬੋਟ (ਪਾਲ ਨੌਕਾ) ਖਰੀਦੀ। ਇਸ ਦਾ ਉਦਘਾਟਨ ਸ੍ਰੀ ਸਤਿਗੁਰੂ ਜੀ ਦੁਆਰਾ ਹੋਇਆ ਅਤੇ ਇਸ ਪਾਲ ਨੌਕਾ ਦਾ ਨਾਮ ਰਖਿਆ ਗਿਆ : "ਹਿਜ਼ ਹੋਲੀਨੈਸ ਸਤਿਗੁਰੂ ਜਗਜੀਤ ਸਿੰਘ"



Sri Satguru Jagjit Singh Ji Elibrary NamdhariElibrary@gmail.com

## ਸੁਰਿੰਦਰ ਸਿੰਘ ਮਾਲੂਵਾਲ

ਅੱਜ ਦੁਪਹਿਰ ਦੀ ਗੱਲ ਹੈ । ਸਤਿਗੁਰੂ ਜੀ ਪ੍ਰਸ਼ਾਦ ਛਕ ਬਿਰਾਜਣ ਚਲੇ ਗਏ । ਬਹੁਤ ਸਾਰੀ ਸੰਗਤ ਦਰਸ਼ਨਾਂ ਹਿਤ ਕੋਠੀ 1-6/B ਪੂਸਾ ਰੋਡ ਹੀ ਆ ਗਈ । ਸਤਿਗੁਰਾਂ ਦੀ ਇੱਛਾ ਸੀ ਕਿ ਦਰਸ਼ਨ ਮੇਲੇ ਦੀਵਾਨ ਵਿਚ ਹੀ ਹੋਣ ਪਰ ਪ੍ਰੇਮੀਆਂ ਦੀ ਖਾਤ੍ਰ ਕਈ ਵਾਰ ਅਰੂਰ ਹੋ ਜਾਂਦੀ ਹੈ । ਇਸ ਸਮੂਹ ਵਿਚ ਮੇਰੇ ਚਿਰ ਪੁਰਾਣੇ ਮਿੱਤਰ ਠੇਕੇਦਾਰ ਈਸ਼ਰ ਸਿੰਘ ਹੁਰਾਂ ਦੇ ਸਪੁੱਤਰ, ਜਿਹੜੇ ਹੁਣ ਆਪ ਚਿਟੇ ਦਾੜ੍ਹੇ ਵਾਲੇ ਅਤੇ ਪੰਜ ਹੋਣਹਾਰ ਬੇਟਿਆਂ ਦੇ ਪਿਤਾ ਹਨ, ਸ. ਸੁਰਿੰਦਰ ਸਿੰਘ ਮਾਲੂਵਾਲੀਏ ਮਿਲੇ ।

ਮੈਂ ਪੁੱਛਿਆ : ਤੁਸਾਂ ਤਾਂ ਸੁਰਿੰਦਰ ਸਿੰਘ ਜੀ 6 ਮਹੀਨੇ ਭੈਣੀ ਸਾਹਿਬ ਹੀ ਰਹਿ ਸੇਵਾ ਕਰਨੀ ਸੀ ਕਿਸੇ ਗਲਤ ਵਿਆਹ ਵਿਚ ਸ਼ਮੂਲੀਅਤ ਕਰਕੇ । ਸ. ਸੁਰਿੰਦਰ ਸਿੰਘ ਬੋਲੇ : ਮੈਂ ਆਪਣਾ ਛੇ ਮਹੀਨੇ ਭੈਣੀ ਸਾਹਿਬ ਰਹਿ ਸੇਵਾ ਕਰਨਾ, ਸਤਿਗੁਰੂ ਜੀ ਦੇ ਮੁਖੋਂ ਸੁਣ ਕੇ ਮਸਤਾਨਾ ਹੀ ਹੋ ਚਲਿਆ ਸਾਂ । ਉਸ ਵੇਲੇ ਸਤਿਗੁਰੂ ਸੱਚੇ ਪਾਤਸ਼ਾਹ ਜੋ ਵੀ ਸਜ਼ਾ ਦਿੰਦੇ, ਪਰਵਾਨ ਹੁੰਦੀ । ਪਰ, ਮੈਨੂੰ ਤਾਂ ਸਤਿਗੁਰਾਂ ਉਸੇ ਬਖਸ਼ ਵੀ ਕਰ ਦਿਤਾ । ਖੁਸ਼ੀਆਂ ਮਿਲ ਗਈਆਂ ।

ਜਿਹਨਾਂ ਦਾ ਲੜਕਾ ਵੀ ਕੁ ਓਸੇ ਵਿਆਹ ਵਿਚ ਸ਼ਾਮਲ ਹੋਇਆ ਸੀ, ਅੱਜ ਪੇਸ਼ ਹੋਇਆ । ਛੇ ਮਹੀਨੇ ਦਾ ਭੈਣੀ ਸਾਹਿਬ ਰਹਿਣਾ ਪਰਵਾਨ ਕਰਦਿਆਂ ਹੀ ਬਖਸ਼ ਦਿਤਾ ਗਿਆ ।

## ਕੋਠੀ ਪੂਸਾ ਰੋਡ

ਜਦੋਂ ਤੋਂ ਕੋਠੀ ਬਦਲੀ ਹੈ, ਅਰਥਾਤ 11/10 ਪੂਸਾ ਰੋਡ ਨੂੰ ਛੱਡ ਸੇਠ ਰਬਲੇਧ ਸਿੰਘ ਅਤੇ ਸ੍ਰੀ ਸਤਿਗੁਰੂ ਜੀ ਦਾ ਡੇਰਾ 1-6/ਬੀ ਪੂਸਾ ਰੋਡ ਆਇਆ ਹੈ, ਤਦ ਤੋਂ ਹੀ ਇਸ ਦੀ ਮੁਰੰਮਤ ਹੋ ਅਤੇ ਤਬਦੀਲੀ ਜਾਰੀ ਰਹੀ ਹੈ । ਸਿਠਾਣੀ ਮਹਿੰਦਰ ਕੌਰ ਅਤੇ ਉਹਦੇ ਸਰਦਾਰ ਸੇਠ ਜੀ ਆਪਣੀ ਸਹੂਲਤ ਅਤੇ ਵਿਉਂਤ ਅਨੁਸਾਰ ਕਮਰੇ ਛੋਟੇ ਵੱਡੇ ਕਰ-ਕਰਾ ਰਹੇ ਹਨ । ਨਵੀਨਤਮ ਢੰਗਾਂ ਵਾਸਤੇ ਬਿਜਲੀ ਫਿਟਿੰਗ ਅਤੇ ਸੁਵੰਨਵੇਂ ਰੰਗਾਂ ਦੇ ਡਿਸਟੈਂਪਰ ਹੋ ਰਹੇ ਹਨ । ਉਪਰਲੀ ਛੱਤੇ ਚੌਕਾ ਜੀ, ਠਾਕੁਰ ਜੀ ਆਦਿ ਲਈ ਕਮਰੇ-ਗੁਸਲਖ਼ਾਨੇ ਵਗੈਰਾ ਦਾ ਨਵੀਨ ਪ੍ਰਬੰਧ ਕਰ ਲਿਆ ਗਿਆ ਹੈ । ਅੱਜ ਵੀ ਜਦੋਂ ਸਤਿਗੁਰੂ ਜੀ ਪ੍ਰਸ਼ਾਦ ਛਕ ਰਹੇ ਸਨ, ਉਪਰ ਉਧਰ ਠੁਕ ਠਾਹ ਅਤੇ ਠਕ ਠਕ ਚਲ ਰਹੀ ਸੀ । ਭਾਵੇਂ ਸੇਠ-ਸਿਠਾਣੀ ਜੀ ਏਥੇ ਨਹੀਂ ਪਰ ਸੁਲੱਗ ਉਹ ਪੁਤਰ ਮਾਤਾ ਪਿਤਾ ਦੀ ਇੱਛਾ ਅਨੁਸਾਰ ਕੋਠੀ ਦੀ ਮੁਰੰਮਤ ਕਰਵਾ ਰਹੇ ਹਨ । ਕੰਮ ਦਿਨ ਰਾਤ ਹੋ ਰਿਹਾ ਹੈ ।

### 1 ਅਪਰੈਲ 1979, ਐਤਵਾਰ
### ਨਵੀਂ ਦਿੱਲੀ

## ਬਾਲੀ ਨਗਰ ਵਿਚ ਵਾਰ

ਕੱਲ੍ਹ ਹੀ ਪ੍ਰੋਗਰਾਮ ਦਿੱਤਾ ਗਿਆ ਸੀ ਕਿ ਅੱਜ ਸਵੇਰੇ ਆਸਾ ਦੀ ਵਾਰ ਦਾ



Sri Satguru Jagjit Singh Ji Elibrary NamdhariElibrary@gmail.com

ਕੀਰਤਨ ਗੁਰੂ ਕੀ ਹਜ਼ੂਰੀ ਵਿਚ ਸ. ਪ੍ਰੀਤਮ ਸਿੰਘ ਚੱਪਲਾਂ ਵਾਲੇ ਦੇ ਘਰ, ਜੀ-6 ਬਾਲੀ ਨਗਰ ਵਿਚ ਹੋਵੇਗਾ।

ਮੇਰੇ ਬੱਚੇ ਸ. ਮਨਦੀਪ ਸਿੰਘ ਸੰਧੂ ਉਹਦੀ ਪਤਨੀ ਬੀਬੀ ਜੁਗਿੰਦਰ ਕੌਰ, ਉਹਦੀ ਛੋਟੀ ਭੈਣ ਜਸ ਕਿਰਨ, ਗੁਰੂ ਕੇ ਦਰਸ਼ਨ ਪਰਸਨ ਲਈ ਸਵੇਰੇ ਸਵੇਰੇ ਉਠ ਸ਼ਨਾਨ ਪਾਣੀ ਕਰ ਜਾਂ 4.50 ਵਜੇ ਆਸਾ ਦੀ ਵਾਰ ਵਿਚ ਪਹੁੰਚੇ ਤਾਂ ਹਰਭਜਨ ਸਿੰਘ-ਗੁਰਦੇਵ ਸਿੰਘ ਦੀ ਜੋੜੀ ਨੇ ਅੰਤਮ ਛੱਕਾ ਪੜ੍ਹਿਆ। ਬੱਚਿਆਂ ਨੇ ਸ੍ਰੀ ਚਰਨਾਂ ਵਿਚ ਮੱਥਾ ਟੇਕਿਆ ਤੇ ਵਾਰ ਦੀ ਸਮਾਪਤੀ ਹੋ ਗਈ।

ਮੈਂ 5.05 ਤੇ ਗਿਆ ਤਾਂ ਸਤਿਗੁਰੂ ਜੀ ਕਾਰ ਦੁਆਰਾ ਅੰਮ੍ਰਿਤਸਰ ਨੂੰ ਚਲ ਚੁੱਕੇ ਸਨ। ਸਾਧ ਸੰਗਤ ਕਾਫੀ ਵੱਡੀ ਗਿਣਤੀ ਵਿਚ ਦੀਵਾਨ ਸਮਾਪਤੀ ਤੇ ਸੰਤਰੇ, ਕੇਲੇ, ਸੇਬ, ਦੁੱਧ ਆਦਿ ਦਾ ਪ੍ਰਸ਼ਾਦ ਲੈ ਵਿਦਾ ਹੋ ਰਹੀ ਸੀ।

ਅਸੀਂ ਛਕਣ-ਛਕਾਉਣ ਕਰ ਹੀ ਰਹੇ ਸਾਂ ਕਿ ਕੋਈ ਸੁਨੇਹਾ ਲੈ ਕੇ ਆ ਗਿਆ: ਸ. ਹਰਵਿੰਦਰ ਸਿੰਘ ਆਪਣੀ ਕਾਰ ਲੈ ਕੇ ਫੌਰਨ ਪੰਜਾਬੀ ਬਾਗ਼ ਪੈਟਰੋਲ ਪੰਪ ਤੇ ਪਹੁੰਚੇ, ਅਵਤਾਰ ਸਿੰਘ ਰਮੇਸ਼ ਨਗਰ ਦੀ ਕਾਰ ਖ਼ਰਾਬ ਹੋ ਗਈ ਹੈ, ਜੁ ਸਤਿਗੁਰਾਂ ਨੂੰ ਅੰਮ੍ਰਿਤਸਰ ਪੁਚਾਣ ਚੱਲੀ ਜਾ ਰਹੀ ਸੀ। ਹੁਣ ਹਰਵਿੰਦਰ ਸਿੰਘ ਦੀ ਗੱਡੀ ਸ੍ਰੀ ਭੈਣੀ ਸਾਹਿਬ ਛੱਡਣ ਜਾਵੇਗੀ।

ਏਨੀ ਸਵੇਰੇ ਹੀ ਆਸਾ ਦੀ ਵਾਰ ਦਾ ਭੋਗ ਪਾ ਦੇਣ ਦਾ ਕਾਰਨ ਸੀ ਕਿ ਅੱਜ ਦੀ ਹਵਾਈ ਟਿਕਟ ਦਿੱਲੀਓਂ ਨਹੀਂ ਮਿਲ ਸਕੀ ਅੰਮ੍ਰਿਤਸਰ ਲਈ, ਨਹੀਂ ਤਾਂ ਦਿੱਲੀਓਂ ਹੀ 11.30 ਵਜੇ ਵਿਦਾ ਹੋਣਾ ਸੀ।

ਪਰ ਸ. ਪ੍ਰੀਤਮ ਸਿੰਘ ਨੂੰ ਤਸੱਲੀ ਸੀ ਕਿ ਚੋਖੀ ਸੰਗਤ ਨੇ ਸਤਿਗੁਰਾਂ ਦੇ ਦਰਸ਼ਨ ਕਰ ਲਏ। ਸਾਰੇ ਪਰਵਾਰ ਨੇ ਵਿਸ਼ੇਸ਼ ਉਦਮ ਕਰ ਕੇ ਬੜੀਆ ਚਾਨਣੀਆਂ ਵਾਲਾ ਪੰਡਾਲ ਬਣਵਾਇਆ ਸੀ। ਪਰਵਾਰ ਸਤਿਗੁਰੂ ਜੀ ਅਤੇ ਸਾਧ ਸੰਗਤ ਦੇ ਘਰ ਚਰਨ ਪੁਆ ਸੰਤੁਸ਼ਟਤਾ ਅਨੁਭਵ ਕਰ ਰਿਹਾ ਸੀ।

## ਉਸਤਾਦ ਸਲਾਮਤ ਨੂੰ ਵਿਦਾਇਗੀ

ਸ੍ਰੀ ਗੁਰਦੇਵ ਸਿੰਘ ਸਰੋਦ ਨੇ ਮੈਨੂੰ ਦੱਸਿਆ ਕਿ ਸਤਿਗੁਰੂ ਜੀ ਉਸਤਾਦ ਸਲਾਮਤ ਅਲੀ ਤੇ ਬੜੇ ਪ੍ਰਸੰਨ ਹਨ। ਉਸ ਨੂੰ ਹੋਲੇ ਉਤੇ ਭਾਵੇਂ ਗਾਇਕੀ ਦਿਖਾਣਾ ਨਹੀਂ ਦਿਤਾ ਗਿਆ ਪਰ ਸ੍ਰੀ ਹਜ਼ੂਰ ਦੀ ਇੱਛਾ ਹੈ ਭਾਰਤੋਂ ਵਿਦਾ ਹੋਣ ਲਗੇ ਨੂੰ ਜਾਂ ਤਾਂ 22000/- (ਬਾਈ ਹਜ਼ਾਰ ਰੁਪਿਆ) ਇਕੱਠਾ ਜਾਂ ਹਰ ਮਹੀਨੇ 1000/- ਘੱਲਣ ਦਾ ਪ੍ਰਬੰਧ ਕਰ ਦਿਤਾ ਜਾਵੇ।

ਜਾਪਦਾ ਹੈ ਜੁ 17 ਅਪਰੈਲ ਨੂੰ ਚੰਡੀਗੜ੍ਹ ਵਿਚ ਉਸ ਦਾ ਸੰਗੀਤ ਕਾਰਜ ਕਰਮ ਹੋਵੇਗਾ, ਉਦੋਂ ਉਸਨੂੰ ਵੱਧ ਤੋਂ ਵੱਧ ਰਕਮ ਨਾਲ ਸਤਿਕਾਰਿਆ ਜਾਵੇਗਾ। ਮੈਂ ਸਮਝਦਾ ਹਾਂ, ਉਸਤਾਦ ਅਮਜਦ ਅਲੀ ਨਾਲ ਅਜਿਹੇ 'ਏਦ' ਤੇ ਵਿਚਾਰ ਕਰ ਲਈ ਗਈ ਹੋਵੇਗੀ। ਕੱਲ ਜਦੋਂ ਕੱਠੇ ਹੋ ਕੇ ਬੈਠੇ ਸਨ।



Sri Satguru Jagjit Singh Ji Elibrary NamdhariElibrary@gmail.com

## 3 ਅਪਰੈਲ 1979, ਮੰਗਲਵਾਰ
## ਨਵੀਂ ਦਿੱਲੀ

### ਅਨੰਦ ਕਾਰਜ ਦੀ ਸਾਦਗੀ

ਮੇਰੇ ਗੁਆਂਢੀਆਂ, ਸੰਤ ਪ੍ਰਤਾਪ ਸਿੰਘ ਮੁੱਢਲ ਹੋਰਾਂ ਪਿਤਾ ਸ੍ਰੀ ਮੇਲਾ ਰਾਮ ਨਮਿਤ ਪਰਸੋਂ ਭੋਗ ਪਾ ਕੇ, ਕੱਲ ਸ੍ਰੀ ਭੈਣੀ ਸਾਹਿਬ ਪਹੁੰਚ ਕੇ, ਆਪਣੇ ਲੜਕੇ ਸ੍ਰੀ ਸੁਰਿੰਦਰ ਸਿੰਘ ਦੀ ਸ਼ਾਦੀ ਅੱਜ ਸਵੇਰੇ ਸੰਪੰਨ ਕਰਵਾ ਲਈ ਹੈ। ਅੱਜ ਲਾੜਾ-ਲਾੜੀ ਆਪਣੇ ਘਰ ਦੇ ਬੂਹੇ ਵਿਚ ਖਲੋਤੇ ਮਾਤਾ ਦੀ ਇੰਤਜ਼ਾਰ ਕਰ ਰਹੇ ਸਨ।

## 4 ਅਪਰੈਲ 1979, ਬੁੱਧਵਾਰ
## ਨਵੀਂ ਦਿੱਲੀ

### ਕੋਠੀ ਤੇ ਕਰੋਪੀ

ਡਾ: ਅਮਰ ਭਾਰਤੀ ਦੀ ਭੈਣ ਬੀਬੀ ਪਿਆਰੀ ਨੇ ਕਰੋਲ ਬਾਗੋਂ ਆਉਂਦਿਆਂ, ਆਪਣੇ ਨਵਾਂਨਵਦੀਏ ਦੇ ਘਰ ਦੋ ਮਿੰਟ ਬੈਠ, ਮੇਰੀ ਪਤਨੀ ਨੂੰ ਦੱਸਿਆ ਕਿ ਅੱਜ ਸੇਠ ਤਰਲੋਕ ਸਿੰਘ ਦੀ ਕੋਠੀ 11/10 ਜਨਤਾ ਪਾਰਟੀ ਦੇ ਅਤਾਬ ਦਾ ਸ਼ਿਕਾਰ ਹੋ ਗਈ ਹੈ, ਰੋਡ ਰੋਲਰ ਅਤੇ ਤੋੜਨ ਟੈਂਕ ਲਿਆ ਕੇ, ਸੜਕ ਦੀ ਤਰਫ਼ ਦੇ, ਕੋਠੀ ਅੰਦਰਲੇ ਵੱਧੇ ਹੋਏ ਹਿੱਸੇ ਦੇ ਲੈਂਟਰ ਆਦਿ ਤੋੜ ਕੇ ਗਿਰਾ ਦਿਤੇ ਗਏ ਹਨ।

ਇਸ ਸਮੇਂ ਸੇਠ ਤਰਲੋਕ ਸਿੰਘ ਬੈਂਕੋਕ ਵਿਚ ਸਨ।

ਪ੍ਰਤੀਤ ਹੁੰਦਾ ਹੈ, 10 ਮਾਰਚ 1979 ਨੂੰ ਸੇਠ ਤਰਲੋਕ ਸਿੰਘ ਦੀ, ਦੂਜੀ ਕੋਠੀ, 1-6/ਬੀ ਪੂਸਾ ਰੋਡ ਵਿਖੇ ਸ੍ਰੀ ਸਤਿਗੁਰੂ ਜੀ ਨਾਲ ਹੋਈ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੁਲਾਕਾਤ ਨੂੰ ਜਨਤਾ ਪਾਰਟੀ ਦੇ ਕਰਣਧਾਰਾਂ ਨੇ ਚੰਗਾ ਨਹੀਂ ਸਮਝਿਆ। ਨਹੀਂ ਤਾਂ ਜਨਤਾ ਪਾਰਟੀ ਦੇ ਰਾਜ ਵਿਚ ਵੀ ਇਹ ਕਰੀਰ ਦੋ ਸਾਲ ਬਰਕਰਾਰ ਰਹੀ। ਦਿੱਲੀ ਪ੍ਰਸ਼ਾਸਨ ਨੇ ਜਦੋਂ ਤਕੜੀ ਢਹਿਣ-ਢੁਹਾਈ ਸ਼ੁਰੂ ਕੀਤੀ ਸੀ, ਉਦੋਂ ਵੀ ਇਸ ਮਕਾਨ ਨੂੰ ਨਜ਼ਰ ਅੰਦਾਜ਼ ਕੀਤੀ ਰੱਖਿਆ ਸੀ ਜਾਂ ਇਸ ਦੀ ਉਚਿਤਤਾ ਪਰਵਾਨ ਕੀਤੀ ਰਖੀ।

### ਸੁਆਗਤ ਜਗਜੀਵਨ ਰਾਮ।

ਦੂਜੇ ਪਾਸੇ, ਅੱਜ ਹੀ ਮੈਨੂੰ ਡਾਕ ਰਾਹੀਂ, ਇਕ ਨਿਮੰਤ੍ਰਣ ਪੱਤਰ ਮਿਲਿਆ, ਜਿਸ ਅਨੁਸਾਰ 7 ਅਪਰੈਲ 1979 ਨੂੰ 'ਸ੍ਰੀ ਹਰੀ ਪ੍ਰਤਾਪ ਨਿਵਾਸ' 1-6/8 ਪੂਸਾ ਰੋਡ ਨਵੀਂ ਦਿੱਲੀ ਵਿਖੇ 6.00 ਸ਼ਾਮੀਂ, ਭਾਰਤ ਦੇ ਮੌਜੂਦਾ ਡਿਪਟੀ ਪ੍ਰਾਈਮ ਮਨਿਸਟਰ ਸ੍ਰੀ ਜਗਜੀਵਨ ਰਾਮ ਨੂੰ ਇਕ ਪਾਰਟੀ ਦਿਤੀ ਜਾ ਰਹੀ ਹੈ, ਜਿਸ ਦੀ ਸ਼ੋਭਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦੇ ਕੇ ਵਧਾਣੀ ਹੈ।

ਮਾਲੂਮ ਹੁੰਦਾ ਹੈ ਕਿ ਜਨਤਾ ਪਾਰਟੀ ਦੇ ਸੋਚਣ ਵਾਲਿਆਂ ਨੂੰ ਸ੍ਰੀ ਜਗਜੀਵਨ ਰਾਮ ਦਾ ਏਥੇ ਬੁਲਾਇਆ ਜਾਣਾ ਵੀ ਇੰਦਰਾ ਗਾਂਧੀ ਨਾਲ ਸਾਂਢ ਗਾਂਢ ਦੀਆਂ ਸੰਭਾਵਨਾਵਾਂ ਦਾ ਪੇਸ਼ ਖ਼ੇਮਾ ਲਗਦਾ ਹੋਵੇਗਾ।



Sri Satguru Jagjit Singh Ji Elibrary NamdhariElibrary@gmail.com

ਉਮੀਦ ਕੀਤੀ ਜਾ ਸਕਦੀ ਹੈ ਕਿ ਹੁਣ ਗੁਰੂ ਘਰ ਵਲ ਵੀ ਜਨਤਾ ਸਰਕਾਰ ਦੀ ਕੈਰੀ ਅੱਖ ਉਠੇਗੀ ।

### ਸੁਪਰੀਮ ਕੋਰਟ ਵਿਚ

ਦੁਪਹਿਰੇ 2 ਵਜੇ ਦੇ ਕਰੀਬ ਸੰਤ ਸਵਰਨ ਸਿੰਘ ਨੈਰੋਬੀਆ (ਲੰਮੀ ਦਾੜ੍ਹੀ ਕਰਕੇ ਵੀ ਪ੍ਰਸਿਧ ਹਨ) ਮੇਰੇ ਪਾਸ ਸੰਤ ਪ੍ਰਤਾਪ ਸਿੰਘ ਮੁੱਕਲ ਬਾਰੇ ਪੁੱਛਦੇ ਆਏ । ਮੇਰੇ ਗੁਆਂਢੀ ਸੰਤ ਜੀ ਤਾਂ ਲੜਕੀ ਦੇ ਸਹੁਰੇ ਘਰ ਗਏ ਹੋਏ ਸਨ । ਸਵਰਨ ਸਿੰਘ ਨੇ ਇਕ ਚਿੱਠੀ ਦਿਖਾਈ ਤੇ ਦੱਸਿਆ ਕਿ ਮਹਾਰਾਜ ਬੀਰ ਸਿੰਘ ਜੀ ਆਏ ਹੋਏ ਹਨ । ਚਿੱਠੀ ਉਨ੍ਹਾਂ ਆਪਣੇ ਮੁਨਸ਼ੀ (ਪ੍ਰਤਾਪ ਸਿੰਘ) ਵਲ ਲਿਖੀ ਹੈ । ਮਜ਼ਮੂਨ ਸੀ : ਸੁਪਰੀਮ ਕੋਰਟ ਵਿਚ 'ਸਤਿਗੁਰੂ ਜਗਜੀਤ ਸਿੰਘ ਬਨਾਮ ਜੀਤੋ' ਕੇਸ ਨਿਕਲਿਆ ਹੈ, ਉਸ ਦੀ ਤਾਰੀਖ ਪਤਾ ਕਰੇ ਅਤੇ ਪਤਾ ਕਰੇ ਉਸ ਦਾ ਮੁਖ ਵਕੀਲ ਕਿਹੜਾ ਹੈ । ਮਹਾਰਾਜ ਜੀ ਨੂੰ 3 ਵਜੇ ਤਕ ਖ਼ਬਰ ਮਿਲਣੀ ਚਾਹੀਦੀ ਹੈ । ਫਿਰ ਉਨ੍ਹਾਂ ਲਖਨਊ ਲਈ ਗੋਮਤੀ ਐਕਸਪ੍ਰੈਸ ਫੜਨੀ ਹੈ ।

### ਸ੍ਰੀ ਹਰੀ ਪ੍ਰਤਾਪ ਨਿਵਾਸ

ਮੇਰੀ ਪਿਛਲੀ ਫੇਰੀ ਤੋਂ ਅੱਜ ਤਕ, ਕਿਸੇ ਦਿਨ 1-6/ਬੀ ਵਿਚ ਇਹ ਵਾਪਰਿਆ ਹੈ ਕਿ ਉਸ ਕੋਠੀ ਦਾ ਨਾਂ 'ਸ੍ਰੀ ਹਰੀ ਪ੍ਰਤਾਪ ਨਿਵਾਸ' ਬਣ ਗਿਆ ਹੈ । ਅੱਜ ਦੇ ਸ੍ਰੀ ਜਗਜੀਵਨ ਰਾਮ ਮੁਬਾਰਕ ਵਾਲੇ ਨਿਮੰਤ੍ਰਣ ਪੱਤਰ ਤੋਂ ਹੀ ਇਹ ਨਾਮ ਪਹਿਲੀ ਵਾਰ ਪੜ੍ਹਿਆ ।

## 5 ਅਪਰੈਲ 1979, ਵੀਰਵਾਰ
## ਨਵੀਂ ਦਿੱਲੀ

### ਭੁੱਟੋ ਨੂੰ ਫਾਂਸੀ

ਸਾਰੇ ਦੇਸ਼ ਦੀਆਂ ਤਮਾਮ ਅਖ਼ਬਾਰਾਂ, ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਜ਼ੁਲਫ਼ਕਾਰ ਅਲੀ ਭੁੱਟੋ ਨੂੰ ਫਾਹੇ ਲਗਾਏ ਜਾਣ ਦੀਆਂ ਖ਼ਬਰਾਂ ਨਾਲ ਭਰੀਆਂ ਪਈਆਂ ਹਨ । ਇਹ ਦੁਖਦਾਈ ਖ਼ਬਰਾਂ ਪਹਿਲੇ ਪੇਜਾਂ ਤੇ ਸਨ । ਸ੍ਰੀ ਭੁੱਟੋ ਨੂੰ 4.4.79 ਨੂੰ ਤੜਕੇ 2.30 ਵਜੇ ਫਾਂਸੀ ਲਟਕਾ ਦਿਤਾ ਗਿਆ । ਉਹ ਰਾਵਲਪਿੰਡੀ ਜੇਲ੍ਹ ਵਿਚ ਸਨ । ਪਾਕਿਸਤਾਨ ਦੇ ਫ਼ੌਜੀ ਰਾਜ ਦੇ ਪ੍ਰੈਜ਼ੀਡੈਂਟ ਜ਼ਿਆਉਲ ਹੱਕ ਨੇ ਦੁਨੀਆ ਭਰ ਦੇ ਦੇਸ਼ਾਂ ਦੀ ਰਹਿਮ ਦੀ ਅਪੀਲ ਠੁਕਰਾ ਦਿੱਤੀ, ਦੂਜੇ ਅਰਥਾਂ ਵਿਚ ਸਾਰੀ ਦੁਨੀਆ ਦੀ ਪਰਵਾਹ ਨਹੀਂ ਕੀਤੀ । ਓਧਰ ਜ਼ੁਲਫ਼ਕਾਰ ਅਲੀ-ਭੁੱਟੋ ਪਰਵਾਰ ਨੇ ਉਂਜ ਹੀ ਰਹਿਮ ਦੀ ਅਪੀਲ ਨਹੀਂ ਕੀਤੀ ਅਤੇ ਨਾ ਹੀ ਸ੍ਰੀ ਭੁੱਟੋ ਨੇ ਖ਼ੁਦ । ਉਹ ਕਹਿੰਦਾ ਸੀ : ਮੈਂ ਨਿਰਦੋਸ਼ ਹਾਂ । ਪਰ ਉਸ ਦੇ ਜ਼ਿੰਮੇ ਮੁਹੰਮਦ ਅਹਿਮਦ ਕਸੂਰੀ ਨੂੰ ਕਤਲ ਕਰਨ ਤੇ ਉਸ ਦੇ ਬੇਟੇ ਨੂੰ ਖ਼ਾਸ ਕਰ ਮੌਤ ਦਾ ਨਿਸ਼ਾਨਾ ਬਣਾਨ ਦੀ ਰਾਜਨੀਤਕ



Sri Satguru Jagjit Singh Ji Elibrary NamdhariElibrary@gmail.com

ਸਾਜ਼ਸ਼ ਦਾ ਕੇਸ ਸੀ । ਪਾਕਿਸਤਾਨ ਸੁਪਰੀਮ ਕੋਰਟ ਨੇ ਵੀ ਭੁੱਟੋ ਨੂੰ ਦੋਸ਼ੀ ਗਰਦਾਨਿਆ ਸੀ ।

ਰੂਸ, ਅਮਰੀਕਾ, ਬਰਤਾਨੀਆ, ਚੀਨ ਆਦਿ ਦੇਸ਼ਾਂ ਦੀ ਰਹਿਮ ਦੀ ਅਪੀਲ ਠੁਕਰਾਣ ਦਾ ਅਰਥ ਹੈ ਜ਼ਿਆਉਲ ਹੱਕ ਰਾਸ਼ਟਰਪਤੀ ਨੂੰ ਇਸ ਦੇ ਜਿਉਂਦੇ ਰਹਿਣ ਨਾਲ ਆਪਣੀ ਮੌਤ ਯਕੀਨੀ ਜਾਪਦੀ ਸੀ । ਚਾਰ ਹੋਰਨਾਂ ਦੀ ਫਾਂਸੀ ਅਜੇ ਵਿਚਾਰ ਅਧੀਨ ਹੈ । ਪਾਕਿਸਤਾਨ ਵਿਚ ਦੰਗੇ ਫ਼ਸਾਦ ਸ਼ੁਰੂ ਹੋ ਗਏ ਹਨ !

ਇਸ ਫਾਂਸੀ ਦਾ ਪ੍ਰਭਾਵ ਪਾਕਿਸਤਾਨ ਦੀ ਨੀਤੀ ਅਤੇ ਸਰਕਾਰ ਉਤੇ ਪੈਣੋਂ ਰੁਕ ਨਹੀਂ ਸਕਦਾ—ਐਸਾ ਮਾਲੂਮ ਦਿੰਦਾ ਹੈ ।

ਸਾਮਰਾਜੀਆਂ ਦੀਆਂ ਲੋੜਾਂ ਅਸਥਿਰ ਸਰਕਾਰਾਂ ਹਨ । ਅਤੇ ਪਾਕਿਸਤਾਨ ਅਸਥਿਰਤਾ ਦਾ ਪੂਰਾ ਸ਼ਿਕਾਰ ਹੈ ।

## ਗੱਲ ਗੁਰਸਿੱਖਾਂ ਦੀ

ਬਾਅਦ ਦੁਪਹਿਰੇ ਮੇਰੇ ਨਾਲ ਹਰਭਜਨ-ਗੁਰਦੇਵ ਸਿੰਘ ਸੇਠ ਤਰਲੋਕ ਸਿੰਘ ਹੁਰਾਂ ਦੀ ਕੋਠੀ ਗਏ । ਸੇਠ ਜੀ ਸਾਨੂੰ ਘੱਸੋਂ ਉਤਰਦਿਆਂ ਹੀ ਨਜ਼ਰ ਪਏ । ਪੁੱਛਣ ਤੇ ਪਤਾ ਲੱਗਾ, ਉਹ ਅੱਜ ਹੀ ਜਹਾਜ਼ੋਂ ਉਤਰੇ ਹਨ । ਜੀਵਨ ਨਗਰ ਵਲੋਂ ਆਇਆ ਸਿੰਘਾਂ ਦਾ ਜਥਾ ਵੀ ਕੋਠੀ ਦੀ ਉਪਰਲੀ ਛੱਤੇ ਆਰਾਮ ਕਰ ਰਿਹਾ ਸੀ । ਸਤਿਗੁਰਾਂ ਦੀ ਕੱਲ੍ਹ ਆਉਣ ਦੀ ਉਡੀਕ ਹੈ ।

ਜਦੋਂ ਸੇਠ ਜੀ ਨਾਲ 10/11 ਕੋਠੀ ਦਾ ਅਗਵਾੜ ਢਾਹੇ ਜਾਣ ਦਾ ਅਫ਼ਸੋਸ ਕੀਤਾ, ਤਾਂ ਉਹਨਾਂ ਕਿਹਾ : ਕੋਈ ਗੱਲ ਨਹੀਂ । ਚੰਗਾ ਹੀ ਹੋਇਆ, ਜੋ ਹੋਇਆ । ਸਤਿਗੁਰੂ ਬਿਹਤਰ ਜਾਣਦੇ ਹਨ । ਕੀ ਪਤਾ ਉਹ ਇਸ ਤੋਂ ਵੀ ਵਧੀਆ ਕੁਝ ਬਣਾ ਕੇ ਦੇਣਾ ਚਾਹੁੰਦੇ ਹੋਣ ।

ਇਹ ਸ਼ਬਦ ਉਨ੍ਹਾਂ ਬਿਨਾਂ ਕਿਸੇ ਵਿਸ਼ਾਦ ਦੇ ਸਹਿਜ ਸਰਲਤਾ ਨਾਲ ਆਖੇ । ਇਹੀ ਗੱਲ ਗੁਰਸਿੱਖੀ ਸਿਖਾਂਦੀ ਹੈ । ਇਹੋ ਸਹਿਜ ਮਾਨਸਿਕ ਉਤਮਤਾ ਦੀ ਨਿਸ਼ਾਨੀ ਹੈ ।

ਸੇਠ ਜੀ ਨੇ ਦੱਸਿਆ : ਦੋ ਦਿਨ ਪਹਿਲਾਂ ਇਕ ਨੋਟਿਸ ਆਇਆ ਸੀ ਜਿਸ ਵਿਚ 'ਇਹ ਥਾਂ ਕਿਉਂ ਉਸਾਰੀ' ਪੁੱਛਿਆ ਗਿਆ ਸੀ । ਥੱਲੇ ਇਹ ਜਵਾਬ ਨਹੀਂ ਸਨ ਦੇ ਸਕਦੇ, ਉਹਨਾਂ ਨੋਟਿਸ ਵਾਪਸ ਕਰ ਦਿਤਾ, ਕਿਉਂਕਿ ਮੈਂ ਥਾਈਲੈਂਡ ਸਾਂ । ਉਹਨਾਂ ਦਾ ਖ਼ਿਆਲ ਸੀ, ਮੇਰੇ ਆਉਣ ਤਕ ਨੋਟਿਸ ਦੋਬਾਰਾ ਆ ਜਾਵੇਗਾ ਤਦ ਮੈਂ ਆਪੇ ਉੱਤਰ ਦੇ ਲਵਾਂਗਾ । ਪਰ ਮਿਊਨਸਪੈਲਿਟੀ ਵਾਲੇ ਕੱਲ੍ਹ ਕਰੇਨ ਲੈ ਕੇ ਆ ਗਏ । ਅਗੋਂ ਜੋ ਹੋਇਆ, ਤੁਹਾਨੂੰ ਪਤਾ ਹੀ ਹੈ ।

## ਮਹੱਤਵਪੂਰਨ ਚਿੱਠੀਆਂ

(1) (ਲਖਨਊ ਸੰਗੀਤ ਸਮੇਲਨ ਬਾਰੇ) 'ਜਗ ਬਾਣੀ' ਵਿਚ ਵਿਜੇ ਜੀ ਨੇ 'ਪਾਇਓਨੀਅਰ' ਵਿਚੋਂ ਤਸਵੀਰ ਕੱਟ ਕੇ ਲਾ ਦਿਤੀ ਸੀ ਅਤੇ ਅਖ਼ਬਾਰ ਮੈਨੂੰ ਦੇ ਕੇ



Sri Satguru Jagjit Singh Ji Elibrary NamdhariElibrary@gmail.com

ਸਤਿਗੁਰਾਂ ਦੇ ਨੋਟਿਸ ਵਿਚ ਲਿਆਉਣ ਲਈ ਕਿਹਾ ਸੀ। ਫਿਰ ਆਨੰਦ ਕਾਰਜਾਂ ਦੀਆਂ ਤਸਵੀਰਾਂ ਛਾਪੀਆਂ ਤੇ ਫੇਰ ਹੋਰ ਮੇਲੇ (ਹੋਲੇ) ਦੀ ਕਵਰੇਜ ਦਿੱਤੀ। ਸੰਗੀਤ ਮੇਲਾ ਜਲੰਧਰ ਕਰਨ ਅਤੇ ਸਹਿਯੋਗ ਦੀ ਪੇਸ਼ਕਸ਼ ਕੀਤੀ ਸੀ।

—ਜਗਦੀਸ਼ ਸਿੰਘ "ਵਰਿਆਮ"
ਦੀ ਮਿਤੀ 1-2-79, ਚਿੱਠੀ ਵਿਚੋਂ

(2) "ਜਗਬਾਣੀ" 'ਹਿੰਦ ਸਮਾਚਾਰ' ਕਰੁਪ ਵਾਲੇ ਪੰਜ ਛੇ ਤਸਵੀਰਾਂ ਲਾ ਕੇ ਰੀਪੋਰਟ ਦੇ ਰਹੇ ਹਨ।... ਯਥਾਸ਼ਕਤ ਹੋਰ ਅਖ਼ਬਾਰਾਂ ਵਿਚ ਵੀ ਕੁਝ ਨਾ ਕੁਝ ਆਵੇਗਾ। ਨਵਾਂ ਜ਼ਮਾਨਾ ਵਾਲੇ ਵੀ...

'ਅਕਸ' ਵਿਚ ਮੇਰਾ ਮਜ਼ਮੂਨ ਛਪ ਤਾਂ ਗਿਆ ਹੈ ਪਰ ਪਰੂਫ ਦੀਆਂ ਗ਼ਲਤੀਆਂ ਬਹੁਤ ਹਨ। ਕੁਝ ਗ਼ਲਤ ਥਾਂ ਤੇ ਕੈਂਚੀ ਚਲ ਗਈ ਹੈ। "ਪੰਜਾਬ ਟਾਈਮਜ਼" ਲੰਡਨ ਵਾਲਿਆਂ 'ਠੀਕ' ਲਾਇਆ ਹੈ। ਤਿੰਨ ਤਸਵੀਰਾਂ ਨਾਮਧਾਰੀ ਇਤਿਹਾਸ ਦੀਆਂ ਇਕ ਲੇਖਕ ਨਾਲ ਸੰਖੇਪ ਜਾਣਕਾਰੀ ਨੋਟ ਲਾ ਕੇ।

—ਜਗਦੀਸ਼ ਸਿੰਘ ਆਫ 'ਵਰਿਆਮ'
12-2-79

## ਬਰਮਿੰਘਮ ਵਿਚ ਧਰਮਸਾਲਾ

(3) ਇਸ ਗੱਲ ਦੀ ਤੁਹਾਨੂੰ ਜ਼ਰੂਰ ਖੁਸ਼ੀ ਹੋਵੇਗੀ ਕਿ ਬਰਮਿੰਘਮ ਚ ਧਰਮਸਾਲਾ ਦਾ ਉੱਦਮ ਏਕਮ ਸਿੰਘ ਕਰ ਰਿਹਾ ਹੈ ਉਸ ਬਿਲਡਿੰਗ ਵਿਚ ਐਤਕੀਂ ਬਸੰਤ ਮਨਾਈ ਹੈ। ਕਾਫ਼ੀ ਸੰਗਤਾਂ ਹੋਈਆਂ ਸਨ। ਭਾਵੇਂ ਹਾਲੇ ਕਾਗਜ਼ੀ ਕਾਰਵਾਈ ਹੋਣੀ ਹੈ ਪਰ ਮਾਲਿਕ ਨੇ ਇਹ ਕਹਿ ਦਿਤਾ ਹੈ ਕਿ ਇਹ ਬਿਲਡਿੰਗ ਨਾਮਧਾਰੀਆਂ ਦੀ ਹੀ ਹੈ। ਏਕਮ ਸਿੰਘ ਨੇ ਚਿੱਟਾ ਝੰਡਾ ਝੁਲਾ ਦਿਤਾ ਹੈ। ਮੇਰੀ ਉਸਨੂੰ 100% ਸਪੋਰਟ ਹੈ। ਬਾਕੀ ਇਹ ਪ੍ਰੋਗਰਾਮ ਬਣਾਇਆ ਹੈ ਕਿ ਅਗਲਾ ਹੋਲਾ ਇੰਗਲੈਂਡ ਵਿਚ ਬਰਮਿੰਘਮ 'ਚ ਹੋਵੇ। ਤਾਰਾ ਸਿੰਘ ਬਰਮਿੰਘਮ ਤੋਂ (ਭਾਰਤ ਵਿਚ) ਪਹੁੰਚ ਗਿਆ ਹੈ। ਉਹ ਬੇਨਤੀ ਕਰੇਗਾ। ਅੱਗੇ ਮਾਲਕ ਦੀ ਮੌਜ ਹੈ।

—ਜੇ. ਐਸ. ਭਮਰਾ
22 ਰਟਲੈਂਡ ਪਲੇਸ, ਮੇਡਨਹੈੱਡ
ਯੂ. ਕੇ.

5-3-79 ਦੀ
ਚਿੱਠੀ ਵਿਚੋਂ

---

## 6 ਅਪਰੈਲ 1979, ਸ਼ੁਕਰਵਾਰ
## ਨਵੀਂ ਦਿੱਲੀ

## ਆ ਰਹੇ ਹਨ ਸਤਿਗੁਰੂ

ਅੱਜ ਜਾਂ ਮੈਂ ਹੰਸਪਾਲ ਨੂੰ ਮਿਲਿਆ ਤਾਂ ਪਤਾ ਲਗਾ ਕਿ ਸਤਿਗੁਰੂ ਜੀ ਡੀਲੱਕਸ ਟ੍ਰੇਨ ਤੇ ਲੁਧਿਆਣਿਓਂ ਦਿੱਲੀ ਆ ਰਹੇ ਹਨ। ਸੋ ਮੈਂ ਤਾਂ 3 ਵਜੇ ਹੀ ਕੋਠੀ ਜਾਵਾਂਗਾ।



Sri Satguru Jagjit Singh Ji Elibrary NamdhariElibrary@gmail.com

ਜਿਸ ਸਮੇਂ ਮੈਂ ਹਰਭਜਨ ਸਿੰਘ ਸਿਤਾਰ ਨੂੰ ਲੈ ਕੋਠੀ ਪਹੁੰਚਾ, ਬਾਹਰ ਅਜਿਹੀ ਚੁੱਪਚਾਨ ਅਤੇ ਕਾਰਾਂ ਦੀ ਘਾਟ ਸੀ ਕਿ ਸਤਿਗੁਰੂ ਜੀ ਦੀ ਆਮਦ ਦਾ ਅਹਿਸਾਸ ਨਹੀਂ ਸੀ ਹੁੰਦਾ। ਸੇਠ ਜੀ ਦੇ ਇਕ ਬੰਦੇ ਨੇ ਦੱਸਿਆ ਕਿ ਹਜ਼ੂਰ ਆ ਚੁਕੇ ਹਨ, "ਤੁਸੀਂ ਛੇਤਨ ਉਪਰ ਜਾਓ।"

ਉਪਰ ਜਾ ਕੇ ਜਾਂ ਸਤਿਗੁਰੂ ਜੀ ਦਾ ਦੁਆਰ ਖੋਲ੍ਹਿਆ ਤਾਂ ਸਤਿਗੁਰੂ ਜੀ ਅਮਰ ਭਾਰਤੀ ਨੂੰ ਇਕ ਟੇਪ ਸੁਣਾ ਰਹੇ ਸਨ। ਇਸ਼ਾਰਾ ਮਿਲਣ ਤੇ ਮੈਂ ਵੀ ਅੰਦਰ ਚਲਾ ਗਿਆ।

ਸਤਿਗੁਰੂ ਜੀ ਨੇ ਦੱਸਿਆ ਕਿ ਕੱਲ੍ਹ ਉਨ੍ਹਾਂ ਨੂੰ ਅਮਰ ਸਿੰਘ ਦੁਸਾਂਝ (ਸੰਪਾਦਕ 'ਅਕਾਲੀ ਪਤ੍ਰਿਕਾ') ਜੀ ਆ ਕੇ ਮਿਲੇ। ਉਹ ਜਲੰਧਰ ਗਿਆਨੀ ਸਾਦੀ ਸਿੰਘ ਦੀ ਖ਼ਬਰ ਨੂੰ ਗਏ ਸਨ। ਵਿਨੋਦੀ ਸੁਭਾਅ ਤੇ ਤੇਜ਼ ਬੁਧੀ ਹੋਣ ਕਾਰਨ ਮੈਨੂੰ ਸੰਕਟ ਦੇ ਰੋਲ ਵਿਚ ਪਾਉਣ ਲਈ ਸ੍ਰੀ ਸਤਿਗੁਰੂ ਜੀ ਨੇ ਕਿਹਾ: ਵਿਆਹ ਸਿੰਘ ਨਾਲ ਵੀ ਮੁਲਾਕਾਤ ਹੋ ਗਈ। (ਅਰਥਾਤ ਸਾਦੀ ਸਿੰਘ)

**ਭਰਪੂਰ ਸ਼ਾਂਤੀ**

ਕੋਠੀ ਵਿਚ ਅੱਜ ਅਸਲੋਂ ਸ਼ਾਂਤੀ ਸੀ। ਕੋਠੀ, ਸਿਹਨ ਜਾਂ ਘਾਹ-ਪਿੰਡੇ ਵਿਚ ਕੋਈ ਦਰਸ਼ਨਾਰਥੀ ਨਹੀਂ ਸੀ। ਸਤਿਗੁਰੂ ਇਸੇ ਇਕਾਂਤ ਦਾ ਸੰਪੂਰਣ ਸੁਖ ਮਾਣ ਰਹੇ ਸਨ।

ਸਤਿਗੁਰਾਂ ਦੱਸਿਆ ਕਿ ਉਹ 16 ਅਪਰੈਲ ਤੋਂ, ਮਹੀਨੇ ਦੇ ਅਗਲੇ ਸਾਰੇ ਦਿਨ ਭੈਣੀ ਸਾਹਿਬ ਰਹਿਣਗੇ ਅਤੇ ਬੱਚਿਆਂ ਨੂੰ ਸੁਰਾਂ ਸਰਗਮਾਂ ਤੇ ਸ਼ਬਦ-ਰੀਤਾਂ ਸਿਖਾਉਣਗੇ।

4.20 ਤਕ ਸੂਬਾ ਗੰਡਾ ਸਿੰਘ ਜੀ ਤੇ ਉਨ੍ਹਾਂ ਦਾ ਲੜਕਾ ਗਿਆਨੀ ਜਸਵੰਤ ਸਿੰਘ ਵੀ ਆ ਹਾਜ਼ਰ ਹੋਏ। ਸਤਿਗੁਰੂ ਜੀ ਨੇ ਗਿਆਨੀ ਸਾਦੀ ਸਿੰਘ ਵਾਲੀ ਕੈਸੇਟ, ਕਲੀਅਰ ਆਵਾਜ਼ ਵਾਲੀ ਕਰਕੇ ਦੇਣ ਲਈ ਆਗਿਆ ਕੀਤੀ।

**[illegible]**

ਥੋੜੇ ਚਿਰ ਪਿਛੋਂ ਜਾਰਡ ਦਾ ਡਾਰ-ਚੁਕ ਬਹਾਦਰ ਸ. ਦਲਬੀਰ ਸਿੰਘ ਅਤੇ ਕੋਠਾ-ਸੂਟ ਸ. ਪਰਮਜੀਤ ਸਿੰਘ (ਚੋਰੋਂ ਵਾਲੀ) ਆ ਗਏ। ਸਤਿਗੁਰੂ ਜੀ ਨੇ ਸੁਖ ਸਾਂਦ ਪੁੱਛੀ ਤਾਂ ਦਲਬੀਰ ਸਿੰਘ ਦੱਸਿਆ, ਕਮਰ ਵਿਚ ਦਰਦ ਵਧ ਗਈ ਹੈ। ਤਾਂ ਹੀ ਉਹ ਬਾਈਏਸੈਂ'ਡ ਖੇਡਾਂ ਵਿਚ ਸ਼ਾਮਲ ਨਹੀਂ ਹੋਇਆ। ਦੋਹਾਂ ਭਰਾਵਾਂ ਨੂੰ ਦਾੜ੍ਹੀ ਦੀ ਰੱਖਿਆ ਅਤੇ ਮਾਸ ਸ਼ਰਾਬ ਦੇ ਪਰਹੇਜ਼ ਬਾਰੇ ਪੁਛਿਆ। ਉਨ੍ਹਾਂ ਦੱਸਿਆ ਕਿ ਉਹ ਮਾਸ ਸ਼ਰਾਬ ਨਹੀਂ ਵਰਤਦੇ ਅਤੇ ਹੁਣ ਦਾੜ੍ਹੀ ਦੀ ਕਾਂਟੀ ਵੀ ਨਹੀਂ ਕਰ ਰਹੇ। ਸਤਿਗੁਰੂ ਜੀ ਪ੍ਰਸੰਨ ਹੋਏ। ਸਿੰਘਾਂ ਨੇ ਸਵੇਰੇ ਆਸਾ ਦੀ ਵਾਰ ਬਾਰੇ ਪੁਛਿਆ। ਕਿਉਂਕਿ 7.4.79 ਨੂੰ ਸਵੇਰੇ ਕੀਰਤਨ ਬਹਾਦਰਗੜ੍ਹ ਹੋਣਾ ਸੀ, ਸੁ ਉਨ੍ਹਾਂ ਨੂੰ ਅੰਮ੍ਰਿਤ ਵੇਲੇ 4 ਵਜੇ ਕੋਠੀ ਪਹੁੰਚਣ ਲਈ ਪੱਕੀ ਕੀਤੀ ਗਈ। ਉਹਨਾਂ ਨੂੰ ਅਫ਼ਸੋਸ ਸੀ ਕਿ ਉਹ 1.4.79 ਨੂੰ ਸ. ਪ੍ਰੀਤਮ ਸਿੰਘ ਬਾਜਵੀ ਨਗਰ ਦਾ ਘਰ ਲਭਦਿਆਂ ਹੀ ਦਰਸ਼ਨਾਂ ਤੋਂ ਵੰਚਿਤ ਰਹਿ ਗਏ ਸਨ।



Sri Satguru Jagjit Singh Ji Elibrary NamdhariElibrary@gmail.com

## ਕਾਮਰੇਡ ਸਹਿੰਸਰਾ

ਸਤਿਗੁਰੂ ਜੀ ਇਸ਼ਨਾਨ ਆਦਿ ਕਰਨ ਲਈ 4.45 ਵਜੇ ਦਿਨ ਢਲੇ ਚਲੇ ਗਏ। ਮਗਰੋਂ ਗੁਰੂ ਕੇ ਨਿਜੀ ਸਕੱਤਰ ਸੰਤ ਤਰਸੇਮ ਸਿੰਘ ਨੇ ਮੈਨੂੰ ਦੱਸਿਆ ਕਿ ਕਾਮਰੇਡ ਗੁਰਚਰਨ ਸਿੰਘ ਸਹਿੰਸਰਾ ਬਿਰਧ ਉਮਰੇ, ਬਿਮਾਰ ਪਏ ਹਨ। ਸਚੇ ਪਾਤਸ਼ਾਹ ਉਹਨਾਂ ਦੀ ਖ਼ਬਰ-ਗੀਰੀ ਲਈ, ਅੰਮ੍ਰਿਤਸਰ ਗਿਆਂ ਉਨ੍ਹਾਂ ਦੀ ਰਿਹਾਇਸ਼ਗਾਹ ਤੇ ਪਹੁੰਚੇ ਸਨ। ਉਨ੍ਹਾਂ ਨੂੰ ਸੱਚੇ ਪਾਤਸ਼ਾਹ ਜੀ ਨੇ ਪੁੱਛਿਆ : ਦੱਸੋ ਕਿਸੇ ਮਦਦ ਇਮਦਾਦ ਦੀ ਲੋੜ ਹੋਵੇ ?

ਸਹਿੰਸਰਾ ਦੇ ਭਾਈ ਸ. ਦਲੀਪ ਸਿੰਘ ਨੇ ਆਖਿਆ : ਜੇ ਪੀ. ਜੀ. ਆਈ. ਵਿਚ ਪ੍ਰਬੰਧ ਹੋ ਸਕੇ ? ਸਤਿਗੁਰੂ ਜੀ ਨੇ ਬਚਨ ਕੀਤਾ : ਹੋ ਜਾਇਗਾ। ਤਦ ਤੋਂ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਭਾਲ ਹੋ ਰਹੀ ਹੈ। ਫੋਨ ਕੰਟੈਕਟ ਕਰਕੇ ਸ. ਸਹਿੰਸਰੇ ਨੂੰ ਪੀ. ਜੀ. ਆਈ. ਵਿਚ ਦਾਖਲੇ ਦੇ ਹੁਕਮ ਦੁਆਣਗੇ।

ਸੰਤ ਤਰਸੇਮ ਸਿੰਘ ਨੇ ਇਹ ਵੀ ਦੱਸਿਆ : ਮੈਨੂੰ ਅਤੇ ਜਗਦੀਸ਼ ਸਿੰਘ ਵਰਿਆਮ ਨੂੰ 400/- ਦੇ ਕੇ ਕਾਮਰੇਡ ਸਹਿੰਸਰੇ ਦੇ ਘਰ ਭੇਜਿਆ ਗਿਆ ਕਿ ਕੁਝ ਸਹੂਲਤ ਹੋਵੇ।

ਸਤਿਗੁਰੂ ਸਭਨਾ ਦਾ ਭਲਾ ਮਨਾਇੰਦਾ...

ਇਸ ਬਾਰੇ ਸੱਚੇ ਪਾਤਸ਼ਾਹ ਜਦੋਂ ਫਿਰ ਮਿਲੇ ਤਾਂ ਮੈਨੂੰ, ਲੇਖਕ ਨੂੰ, ਆਦੇਸ਼ ਦਿਤਾ ਕਿ ਮੈਂ ਆਪਣੀ ਨੌਕਰੀ ਦੀ ਫ਼ੁਰਸਤ ਵਿਚ ਉਸ ਦੇਸ਼ ਭਗਤ ਨੂੰ ਜਾ ਕੇ ਮਿਲਾਂ ਜਿਸ ਨੇ ਗੁਪਤ ਸਰਗਰਮੀਆਂ ਦੌਰਾਨ ਸੀ. ਆਈ. ਡੀ. ਤੇ ਅੰਗਰੇਜ਼ ਦੇ ਪੁਲਸੀਆਂ ਤੋਂ ਬੇਪਛਾਣ ਹੋਣ ਲਈ ਇਕ ਅੱਖ ਦਾ ਡੇਲਾ ਹੀ ਕੱਢ ਸੁੱਟਿਆ ਅਤੇ ਦੇਸ਼ ਭਗਤ ਕਾਰਜਾਂ ਦੀ ਪ੍ਰਮੁਖਤਾ ਨੂੰ ਸਾਹਵੇਂ ਰਖ ਸ਼ਾਦੀ ਵੀ ਨਹੀਂ ਸੀ ਕੀਤੀ। ਸਤਿਗੁਰਾਂ ਕਿਹਾ : ਜਾ ਕੇ ਖ਼ਬਰ ਸੁਰਤ ਪੁੱਛੋ, ਮੈਨੂੰ ਆ ਕੇ ਦੱਸਣਾ ਨ ਭੁਲਣਾ।

## ਮਾਇਕਾਂ ਦਾ ਮੌਢਣੀ

ਸੰਤ ਤਰਸੇਮ ਸਿੰਘ ਨੇ ਮੈਨੂੰ ਜਾਣਕਾਰੀ ਦਿਤੀ : ਭੈਣੀ ਸਾਹਿਬ ਵਿਚ ਜੋ ਗ਼ਰੀਬ ਸਿਖ ਰਹਿੰਦੇ ਹਨ, ਅਰਥਾਤ ਜਿਨ੍ਹਾਂ ਲਈ ਪੈਸੇ ਪ੍ਰਾਪਤੀ ਦਾ ਹੋਰ ਵਸੀਲਾ ਕੋਈ ਨਹੀਂ, ਉਹਨਾਂ ਤੇ ਉਹਨਾਂ ਦੇ ਪਰਵਾਰਾਂ ਨੂੰ ਗੁਰੂ ਕੇ ਲੰਗਰੋਂ ਪ੍ਰਸ਼ਾਦਾ, ਦੁੱਧ, ਅਤੇ ਹੋਰ ਮਹੀਨੇ ਭਰ ਲਈ ਰਾਸ਼ਨ ਮਿਲਦਾ ਹੈ। ਪਰ ਇਸ ਤੋਂ ਬਿਨਾਂ ਖਰਚੇ ਨਿੱਕੀ ਮੋਟੀ ਲੋੜ ਲਈ ਉਨ੍ਹਾਂ ਦੇ ਨਾਂ ਟ੍ਰੇਜ਼ਰਜ਼ ਬੈਂਕ ਦੇ ਐਸ. ਬੀ. ਅਕਾਊਂਟ ਵਿਚ ਰਕਮਾਂ ਜਮ੍ਹਾਂ ਕਰਵਾ ਛੱਡੀਆਂ ਹਨ। ਇਹਨਾਂ ਵਿਚ ਉਹ ਵੀ ਹਨ ਜੋ ਬੇਮੁਆਵਜ਼ਾ ਸੇਵਾ ਕਰਦੇ ਹਨ :

500/- ਮਿ: ਇਆਲ ਸਿੰਘ
1000/- ਮਹੰਤ ਬੀਰ ਸਿੰਘ ਮੰਡੀ
1000/- ਮਿਸਤਰੀ ਕਸ਼ਮੀਰਾ ਸਿੰਘ
500/- ਸੰਤ ਟਹਿਲ ਸਿੰਘ ਦੀ ਵਿਧਵਾ



Sri Satguru Jagjit Singh Ji Elibrary NamdhariElibrary@gmail.com

## ਗੁਰੂ ਦੰਪਤੀ ਨੂੰ ਅੰਮ੍ਰਿਤ

ਸਤਿਗੁਰੂ ਜੀ ਨੇ ਸੰਤ ਪੁਰਖਾਂ ਨੂੰ ਆਗਿਆ ਕੀਤੀ ਹੋਈ ਸੀ ਕਿ ਉਹ ਅੰਮ੍ਰਿਤ ਤਿਆਰ ਕਰਕੇ ਰਖਣ । ਸ੍ਰੀ ਹਜ਼ੂਰ ਆਪ ਅਤੇ ਮਾਤਾ ਜੀ ਅੰਮ੍ਰਿਤ ਛਕਣਗੇ । ਮੇਰੇ ਪੁੱਛਣ ਤੇ ਆਪ ਜੀ ਨੇ ਬਚਨ ਕੀਤਾ : ਆਉਂਦੀ ਵੇਰ, ਲੁਧਿਆਣਿਓਂ, ਡਾ: ਵੋਹਰਾ ਦੀ ਕਲੀਨਿਕ ਤੇ ਅਸੀਂ ਦੋਵੇਂ ਦੰਦਾਂ ਦੀ ਤਕਲੀਫ਼ ਬਾਰੇ ਦੱਸਣ ਗਏ ਸਾਂ । ਡਾ: ਨੇ ਦੰਦਾਂ ਨੂੰ ਉਂਗਲਾਂ ਅਤੇ ਸੰਦਾਂ ਦੇ ਇਸਤੇਮਾਲ ਲਈ ਮੂੰਹਾਂ ਨੂੰ ਹੱਥ ਛੁਹਾਏ ਸੂ ਸੁਰਮ ਨੂੰ ਕਾਇਮ ਰਖਣ ਲਈ ਅੰਮ੍ਰਿਤ ਛਕਣਾ ਜ਼ਰੂਰੀ ਹੈ ।

ਇਸ਼ਨਾਨ ਪਾਣੀ ਕਰਦਿਆਂ ਹੀ ਆਪ ਜੀ ਨੇ ਇਕੱਠੇ ਹੋ ਗਏ ਸਿੱਖਾਂ ਸੇਵਕਾਂ ਨੂੰ ਦਰਸ਼ਨ ਦਿਤੇ । ਸ ਸੇਵਾ ਸਿੰਘ ਨਾਮਧਾਰੀ ਏਜੰਸੀਜ਼ ਨਾਲ ਇਕਾਂਤ ਬਚਨ ਵੀ ਕਰ ਲਏ ਅਤੇ 4.45 ਵਜੇ ਤਕ ਪੁਰਾਣੇ ਸੇਵਕ ਬਲਕਾਰ ਸਿੰਘ ਹਥੀਂ ਅੰਮ੍ਰਿਤ ਵੀ ਛਕ ਲਿਆ ।

## ਸ਼ਾਦੀਪੁਰ ਵਿਚ ਦਰਸ਼ਨ

ਸੰਤ ਸੁੰਦਰ ਸਿੰਘ ਜੀ ਵਾਜਿਆਂ ਵਾਲੇ (ਗੁਜਰਾਂਵਾਲਾ ਵਾਲੇ) ਦੇ ਪੋਤਰਿਆਂ ਵਲੋਂ ਅਰਜ਼ ਹੋਈ ਕਿ ਉਨ੍ਹਾਂ ਦੇ ਘਰੀਂ ਸ਼ਾਦੀਪੁਰ ਵਿਖੇ ਚਰਨ ਪਾਉਣ ਦੀ ਕ੍ਰਿਪਾ ਕੀਤੀ ਜਾਵੇ । ਸ. ਕਬੀਰ ਸਿੰਘ ਪੰਜਾਬੀ ਬਾਗ਼, ਜੋ ਕਿ ਆਪਣੇ ਸਮੇਂ ਦਾ ਉਦਾਰ ਸਿੱਖ ਸੀ, ਨੂੰ ਉਹਦੇ ਘਰ ਜਾ ਕੇ ਦਰਸ਼ਨ ਦੇਣ ਦਾ ਸਤਿਗੁਰਾਂ ਦਾ ਆਪਣਾ ਮਨ ਸੀ । ਇਸ ਵੇਲੇ ਉਹ 75 ਸਾਲਾਂ ਦਾ ਅਤੇ ਰੋਗਗ੍ਰਸਤ ਹੈ । ਸੋ ਸਭ ਹਾਜ਼ਰ ਵਿਅਕਤੀਆਂ ਨੂੰ ਨਿਪਟਾ ਪਹਿਲਾਂ ਸ਼ਾਦੀਪੁਰ ਸੰਤ ਸੁੰਦਰ ਸਿੰਘ ਜੀ ਦੇ ਸਪੁੱਤਰ ਸੰਤ ਬਲਦੇਵ ਸਿੰਘ ਦੇ ਲੜਕਿਆਂ ਦੇ ਘਰੀਂ ਚਰਨ ਪਾਉਣ ਪਧਾਰੇ । ਸੇਵਾ ਵਿਚ ਹਾਜ਼ਰ ਸਨ, ਪੁਰਖਾ, ਹੇਮਪਾਲ ਅਤੇ ਕਈ । ਸ਼ਰਧਾ ਭਰੇ ਸਿਖਾਂ ਦੀ ਮਾਤਾ ਅਤੇ ਪਰਵਾਰ ਨੇ ਭੇਟਾ ਧਰ ਧਰ ਨਮਸਕਾਰ ਕੀਤੀ । ਕੁਝ ਸਮਾਂ ਸਤਿਗੁਰੂ ਜੀ ਨੇ ਬੈਠ ਕੇ ਸਾਰੇ ਪਰਵਾਰ ਨੂੰ ਦਰਸ਼ਨ ਦਿਤੇ, ਪਰ ਸਿੱਖਾਂ ਨੇ ਆਗ੍ਰਹਿ ਕੀਤਾ ਕਿ ਉਨ੍ਹਾਂ ਦੇ ਸਾਰੇ ਕਮਰਿਆਂ ਅਤੇ ਚੁਬਾਰੇ ਵਿਚ ਵੀ ਚਰਨ ਪਾਏ ਜਾਣ । ਬੇਨਤੀ ਇਹ ਵੀ ਕੀਤੀ ਕਿ ਉਨ੍ਹਾਂ ਦੇ ਘਰੋਂ ਰੋਗ, ਸੋਗ ਅਤੇ ਨੁਕਸਾਨ ਨਹੀਂ ਨਿਕਲਦੇ, ਆਪ ਜੀ ਕਿਰਪਾ ਕਰਨ । ਸਤਿਗੁਰੂ ਜੀ ਨੇ ਸਵੇਰੇ ਉੱਠ, ਇਸ਼ਨਾਨ ਕਰ, ਇਕ ਮਾਲਾ ਭਜਨ ਅਤੇ ਇਕ ਮਾਲਾ ਭਗਉਤੀਆਂ ਦੀਆਂ ਫੇਰ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਸੁਖ ਸਮ੍ਰਿਧੀ ਲਈ ਅਰਜ਼ ਕਰਨ ਲਈ ਆਖਿਆ ਅਤੇ ਨਾਲ ਹੀ ਬਚਨ ਕੀਤਾ : ਵਿਸ਼ਵਾਸ ਪੈਦਾ ਕਰੋ, ਆਤਮ ਵਿਸ਼ਵਾਸ । ਵਹਿਮਾਂ ਭਰਮਾਂ 'ਚੋਂ ਨਿਕਲੋ । ਤੁਹਾਡੇ ਦੁਖ ਦਾ ਕਾਰਨ ਏਹੋ ਹਨ । ਵਹਿਮ ਮਨੁੱਖ ਨੂੰ ਕਿਤੇ ਖਲੋਣ ਜੋਗਾ ਨਹੀਂ ਛਡਦੇ ।

ਫਿਰ ਇਹਨਾਂ ਵਿਚੋਂ ਵਡੇ ਭਾਈ ਨੇ ਨੇੜੇ ਹੀ ਪੈਂਦੀ ਵਰਕਸ਼ਾਪ ਵਿਚ ਵੀ ਚਰਨ ਪੁਆਏ ਜਿਥੇ ਸਪੇਅਰ ਪਾਰਟ ਤਿਆਰ ਕਰਨ ਦੀਆਂ ਨਿੱਕੀਆਂ ਨਿੱਕੀਆਂ ਕਈ ਮਸ਼ੀਨਾਂ ਸਨ ।



Sri Satguru Jagjit Singh Ji Elibrary NamdhariElibrary@gmail.com

ਸਾਰੇ ਪਰਵਾਰ ਨੂੰ ਵਿਸ਼ੇਸ਼ ਖ਼ੁਸ਼ੀ ਹੋਈ ਕਿਉਂਕਿ ਗੁਰੂ ਚਰਨਾਂ ਲਈ ਬੇਨਤੀ ਬਹੁਤ ਸਮੇਂ ਤੋਂ ਹੋ ਰਹੀ ਸੀ ਲੇਕਿਨ ਅੱਜ ਹੀ ਪਰਵਾਨਗੀ ਦਾ ਅਵਸਰ ਮਿਲਿਆ ।

## ਸ. ਵਜ਼ੀਰ ਸਿੰਘ

ਸ. ਵਜ਼ੀਰ ਸਿੰਘ (75) ਜਿਨ੍ਹਾਂ ਦਾ ਪਹਿਲੋਂ ਪਹਿਲ ਕਾਰੋਬਾਰ ਰੌਸ਼ਨਆਰਾ ਰੋਡ ਤੇ ਸੀ ਅਤੇ ਜੋ ਸੁਹਿਰਦ, ਉਦਾਰ ਅਤੇ ਸਮਾਜ ਭਲਾਈ ਦੇ ਕੰਮਾਂ ਵਿਚ ਹਮੇਸ਼ਾ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ, ਪੁੱਤਰਾਂ ਅਤੇ ਕਾਰੋਬਾਰਾਂ ਦੇ ਵਡੇ ਹੋ ਜਾਣ ਕਾਰਨ, ਪਿਛਲੇ ਕਈ ਸਾਲਾਂ ਤੋਂ ਨਵੀਂ ਦਿੱਲੀ ਦੀ ਇਕ ਅਮੀਰ ਕਾਲੋਨੀ ਪੰਜਾਬੀ ਬਾਗ਼ ਵਿਚ ਕੋਠੀ ਪਾ ਕੇ ਸੁਖ ਪੂਰਵਕ ਰਹਿ ਰਹੇ ਹਨ ਪਰ ਉਨ੍ਹਾਂ ਦੀ ਸਿਹਤ ਬੁਢਾਪੇ ਵਿਚ ਆ ਕੇ ਠੀਕ ਨਹੀਂ ਰਹੀ । ਸਥਿਤੀ ਐਸੀ ਵੀ ਰਹੀ ਕਿ ਇਹਨਾਂ ਦੀ ਦੂਰਾਈ ਸਤਿਗੁਰੂ ਜੀ ਵਲ ਵੀ ਵਧ ਗਈ ।

ਰੋਗ ਗ੍ਰਸਿਆ ਤੇ ਪਿਆ ਆਪਣੇ ਸਤਿਗੁਰੂ ਦੀ ਯਾਦ ਆਉਂਦੀ-ਤੜਪਾਉਂਦੀ, ਪਰ ਰੋਣੀ ਦੀ ਦਾਵਾ ਨ ਹੋਣ ਕਰਕੇ ਮਨ ਮਸੋਸ ਕੇ ਰਹਿ ਜਾਂਦੇ । ਅਗਲਾ ਪੋਚ, ਪੁੱਤਰ ਧੀਆਂ ਪਰਵਾਰ ਨਾਮਧਾਰੀ ਸਮਾਜ ਨਾਲੋਂ ਟੁੱਟਣ ਦੀ ਪਰਕਿਰਿਆ ਵਿਚ ਸੀ ।

ਸਤਿਗੁਰੂ ਜੀ, ਮਾਤਾ ਜੀ ਤੇ ਸੇਵਾ ਵਿਚ ਰਹਿੰਦੇ ਨਿਕਟੀ ਸਿਖ ਜਦੋਂ ਪੰਜਾਬੀ ਬਾਗ਼ ਕੋਠੀ ਪਹੁੰਚੇ ਤਾਂ ਸਰਦਾਰ ਜੀ ਹਸਪਤਾਲ ਵਿਚ ਚੈੱਕਅੱਪ ਲਈ ਗਏ ਹੋਏ ਸਨ । ਟੈਲੀਫੋਨ ਅਗਾਊਂ ਕੀਤਾ-ਕਰਵਾਇਆ ਤਾਂ ਗਿਆ ਪਰ ਸਥਿਤੀ ਸਪੱਸ਼ਟ ਨਹੀਂ ਸੀ । ਅੱਜ ਸਤਿਗੁਰੂ ਸਿੱਖ ਤੇ ਦਿਆਲ ਸਨ ਅਤੇ ਉਹ ਵਾਰ ਵਾਰ ਆਪਣੇ ਕਦੋਂ ਵਧੀਆ ਸਿਖ ਨੂੰ ਚੇਤ ਰਹੇ ਸਨ ।

ਸ. ਵਜ਼ੀਰ ਸਿੰਘ ਦੇ ਕਮਰੇ ਵਿਚ ਸਤਿਗੁਰਾਂ ਪਰਵੇਸ਼ ਕੀਤਾ । ਸਾਹਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਦੇ ਚਿੱਤਰ ਦੀਵਾਰ ਨਾਲ ਸ਼ੁਸ਼ੋਭਤ ਸਨ । ਸਰਦਾਰ ਜੀ ਦੇ ਪਲੰਘ ਤੇ ਤਾਜ਼ਗੀ ਨਹੀਂ ਸੀ, ਜਿਵੇਂ ਵਿਛਾਉਣੇ ਕਈ ਦਿਨਾਂ ਦੇ ਵਿਛੇ ਹੋਣ । ਇਕ ਸੇਵਕ ਨੇ ਐਵੇਂ ਹੀ ਸੀਟ ਵਿਛਾ ਦਿੱਤੀ । ਸੱਚੇ ਪਾਤਸ਼ਾਹ ਬਿਰਾਜਮਾਨ ਹੋ ਗਏ । ਸਿੰਘ ਇਰਦ ਗਿਰਦ ਖਲੋਤੇ ਸਨ ਸਮੇਤ ਮਾਤਾ ਜੀ ਦੇ ।

ਸ. ਵਜ਼ੀਰ ਸਿੰਘ ਹੁਰਾਂ ਦੀ ਇਕ ਨੂੰਹ ਆਈ ਜੁ ਮੰਡੀ ਵਾਲੇ (ਹਿਮਾਚਲ) ਸ. ਗਿਆਨ ਸਿੰਘ ਹੁਰਾਂ ਦੀ ਪੁੱਤਰੀ ਸੀ । ਉਸ ਨੂੰ ਨਾਮਧਾਰੀਆਂ ਵਾਂਗ ਗੁਰੂ ਚਰਨੀਂ ਹਥ ਲਾਉਣ ਦੀ ਜਾਚ ਹੀ ਭੁੱਲ ਗਈ ਸੀ । ਉਹ ਦੋ ਉਂਗਲਾਂ ਨੂੰ ਚਰਨਾਂ ਤੇ ਛਾ ਨਮਸਕਾਰ ਕਰ ਕੇ ਸਾਹਮਣੇ ਪਏ ਦੂਜੇ ਪਲੰਘ ਤੇ ਬੈਠਣ ਲਗੀ ਤਾਂ ਕਿਸੇ ਨੇ ਟੋਕਿਆ । ਫਿਰ ਸਤਿਗੁਰੂ ਜੀ ਦੇ ਨਾਲ ਹੋ ਕੇ ਮਾਤਾ ਜੀ ਨੂੰ ਬੈਠ ਜਾਣ ਲਈ ਪਰੇਰੇ । ਅੰਤ ਇਕ ਪਹਿਲਾਂ ਤੋਂ ਹੀ ਬਿਸਤਰਿਆਂ ਉਤੇ ਵਿਛਦੀ ਰੱਖੀ ਹੋਈ ਚਾਦਰ ਮਾਤਾ ਜੀ ਦੇ ਬੈਠਣ ਲਈ ਚੁਕ ਲਿਆਈ । ਇਹ ਵੀ ਅਯੋਗ ਸੀ । ਦੂਜੀ ਨੂੰਹ ਵੀ ਕੋਲ ਆ ਕੇ ਖਲੋ ਰਹੀ ਪਰ ਉਹ ਚੁੱਪ ਅਤੇ ਸ਼ਾਂਤ ਸੀ ।

ਸਿੱਖਾਂ ਨੇ ਸਮਝਾਇਆ ਕਿ ਸ. ਗਿਆਨ ਸਿੰਘ ਦੀ ਪੁੱਤਰੀ ਨੂੰ ਸਤਿਗੁਰੂ ਜੀ ਦਾ



Sri Satguru Jagjit Singh Ji Elibrary NamdhariElibrary@gmail.com

ਸਤਿਕਾਰ ਕਰਨਾ ਕਿਵੇਂ ਭੁੱਲ ਗਿਆ। ਉਸ ਦਾ ਪਿਤਾ ਤਾਂ ਬਿਰਧਾਵਸਥਾ ਵਿਚ ਵੀ ਦੀਵਾਨ ਸਮੇਂ 6-6 ਘੰਟੇ ਖਲੋ ਕੇ ਡਿਊਟੀ ਦਿੰਦਾ, ਮਾਲਾ ਫੇਰਦਾ ਹੈ। ਸਤਿਗੁਰੂ ਜੀ ਨੇ ਸਮਝਾਇਆ, ਇਹ ਭੁੱਲਾਂ ਸਾਧ ਸੰਗਤ ਨਾਲੋਂ ਟੁੱਟ ਜਾਣ ਕਾਰਨ ਹੋ ਰਹੀਆਂ ਹਨ। ਸਾਧ ਸੰਗਤ ਦੀ ਮਾਣ ਮਰਿਆਦਾ ਤਾਂ ਸਾਧ ਸੰਗਤ ਵਿਚ ਆਇਆਂ-ਗਿਆਂ ਹੀ ਸਮਝ ਵਿਚ ਆ ਸਕਦੀ ਹੈ। ਬੀਬੀਆਂ ਨੂੰ ਸਾਧ ਸੰਗਤ ਵਿਚ ਆਉਣ ਦੀ ਪ੍ਰੇਰਨਾ ਦਿੰਦਿਆਂ ਬਚਨ ਕੀਤਾ : ਅਸੀਂ ਤਾਂ ਵਜ਼ੀਰ ਸਿੰਘ ਹੁਰਾਂ ਨੂੰ ਮਿਲਣ ਵਾਸਤੇ ਆਏ ਸਾਂ ਪਰ ਜੇ ਉਹ ਨਹੀਂ ਹਨ ਏਥੇ ਤਾਂ ਫੇਰ ਕਦੇ ਜਤਨ ਕਰਾਂਗੇ। ਇਸ ਵਾਰ ਤਾਂ ਹੋਰ ਸਮਾਂ ਮਿਲ ਨਹੀਂ ਸਕਣਾ।

## ਸੁਖਬੀਰ ਸੰਧੂ ਨੂੰ ਉਪਦੇਸ਼

ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦੱਸਿਆ ਕਿ ਕਮਿਊਨਿਸਟ ਪਾਰਟੀ ਦੀ ਪੰਜਾਬ ਸ਼ਾਖਾ ਵਲੋਂ ਮੇਰਾ ਛੋਟਾ ਲੜਕਾ ਸੁਖਬੀਰ ਸਿੰਘ ਵਿਸ਼ੇਸ਼ ਪੜ੍ਹਾਈ ਲਈ ਮਾਸਕੋ ਜਾਣ ਦੀ ਸੰਭਾਵਨਾ ਰਖਦਾ ਹੈ। ਉਸ ਦੇ ਕਾਗਜ਼ ਪੱਤਰ ਤਿਆਰ ਕਰਵਾਏ ਅਤੇ ਸਿੱਧੀ ਦਸਤਾਰ ਨਾਲ ਫੋਟੋ ਲੁਹਾ ਕੇ ਪਾਸ ਪੋਰਟ ਬਣਾਇਆ ਹੈ। ਸਤਿਗੁਰੂ ਜੀ ਬੜੇ ਪ੍ਰਸੰਨ ਹੋਏ। ਕਹਿਣ ਲਗੇ : ਅੱਜ ਰਾਤੀਂ ਉਸ ਨੂੰ ਮੇਰੇ ਪਾਸ ਲਿਆ, ਮੈਂ ਹਰਵਿੰਦਰ ਸਿੰਘ ਦੇ ਹੁੰਦਿਆਂ ਉਸ ਨਾਲ ਗੱਲਬਾਤ ਕਰਨਾ ਚਾਹੁੰਦਾ ਹਾਂ।

ਪੰਜਾਬੀ ਬਾਗ਼ ਤੋਂ ਵਾਪਸੀ ਸਮੇਂ ਮੈਂ ਰਾਜੌਰੀ ਗਾਰਡਨ ਉਤਰ ਪਿਆ।

ਮੈਂ ਜਦੋਂ ਸੁਖਬੀਰ ਸਿੰਘ ਨੂੰ ਨਾਮਧਾਰੀ ਬਸਤਰ ਪਹਿਨਾਅ ਸਤਿਗੁਰੂ ਜੀ ਪਾਸ ਲੈ ਗਿਆ ਤਾਂ ਕੋਠੀ ਪੂਸਾ ਰੋਡ ਵਿਚ ਕਾਫ਼ੀ ਚਹਿਲ ਪਹਿਲ ਸੀ। ਸਤਿਗੁਰੂ ਜੀ ਦੇ ਬੈਠਣ ਕਮਰੇ ਵਿਚ ਗਏ। ਸਤਿਗੁਰੂ ਜੀ ਪਾਸ ਮਾਤਾ ਜੀ, ਸੇਠ ਜੀ ਅਤੇ ਸ. ਹੰਸਪਾਲ ਬੈਠੇ ਸਨ। ਸਾਡੀ ਨਮਸਕਾਰ ਉਪਰੰਤ ਸਤਿਗੁਰੂ ਜੀ ਨੇ ਸੁਖਬੀਰ ਬਾਰੇ ਫ਼ਰਮਾਇਆ :

"ਇਹ ਕਾਕਾ, ਛੋਟਾ, ਕਵੀ ਹੁਰਾਂ ਦਾ ਹੈ। ਜਿਸ ਨੇ ਕਵੀ ਹੁਰਾਂ ਬਾਰੇ ਥੋੜ੍ਹਾ ਜ. ਲਿਖਿਆ। ਕਵੀ ਹੋਰੀਂ ਬੜੇ ਖ਼ੁਸ਼ ਨੇ। ਮੈਂ ਵੀ ਬੜਾ ਖ਼ੁਸ਼ ਹਾਂ ਕਿ ਕੋਈ ਲਿਖਾਰੀ ਤਾਂ ਜੰਮਿਆ। ਹੁਣ ਇਹਦਾ ਰੂਸ ਜਾਣ ਦਾ ਪ੍ਰਬੰਧ ਬਣਦਾ ਫਿਰਦੈ।

"(ਸੁਖਬੀਰ ਨੂੰ ਸੰਬੋਧਨ) ਜੇ ਤਾਂ ਤੂੰ ਇਹ ਸਾਡੇ ਕਪੜੇ ਰਖ ਸਕੇਂ ਫਿਰ ਤਾਂ ਬਹੁਤ ਵਧੀਆ। ਦਾੜ੍ਹੀ ਤੂੰ ਅਜੇ ਕੈਂਚੀ ਨਹੀਂ (ਭਾਵ ਅਜੇ ਦਾੜ੍ਹੀ ਵੀ ਆਮਦ ਹੀ ਹੈ)। ਪੱਗ ਸਿੱਧੀ ਨਾਲ ਪਾਸਪੋਰਟ ਬਣਵਾ ਅਤੇ ਸਿੱਧੀ ਨਾਲ ਹੀ ਜਾ।'

ਸੁਖਬੀਰ : ਫੋਟੋ ਸਿੱਧੀ ਪੱਗ ਨਾਲ ਹੀ ਖਿਚਵਾਈ ਹੈ ਜੀ।

"ਓਥੇ ਇਸ ਤਰ੍ਹਾਂ ਹੁੰਦਾ ਹੈ, ਕਿ ਕਈ ਆਦਮੀ ਕਮਜ਼ੋਰੀ ਪੈਦਾ ਕਰਨ ਲਈ ਹੀ ਆਖ ਦਿੰਦੇ ਹਨ, ਕੋਈ ਗੱਲ ਨਹੀਂ, ਸ਼ਰਾਬ ਤੂੰ ਨਾ ਪੀ, ਪਰ ਦਵਾਈ ਵਜੋਂ ਤਾਂ ਕੋਈ ਹਰਜ ਨਹੀਂ। ਬੀਅਰ ਵਿਚ ਕਿਹੜੀ ਗੱਲ ਹੈ, ਕੀ ਪਿਆ ਹੈ ਉਸ ਵਿਚ। ਇਸ ਤਰ੍ਹਾਂ ਕਰ ਕੇ ਲੋਕ ਕਮਜ਼ੋਰੀ ਪੈਦਾ ਕਰ ਦਿੰਦੇ ਹਨ। ਜੇ ਬੰਦਾ ਡਟਿਆ ਰਹੇ ਤਾਂ ਆਪੇ ਹਟ ਜਾਂਦੇ ਨੇ।



Sri Satguru Jagjit Singh Ji Elibrary NamdhariElibrary@gmail.com

"ਰੂਸ ਨਾਲ ਸਾਡਾ ਉਂਜ ਹੀ ਬੜਾ ਵੱਡਾ ਸੰਬੰਧ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇਕ ਬੰਦਾ ਰੂਸ ਵਿਚ ਹੈ (ਵਿਚੋਂ ਹੀ ਮੈਂ ਬੋਲਿਆ : ਸਤਿਗੁਰੂ ਰਾਮ ਸਿੰਘ ਜੀ ਨਾਲ ਸੰਬੰਧਤ ਲਿਖਤਾਂ ਓਥੇ ਹਨ)। ਬੜਾ ਕੁਝ ਹੈ ਓਥੇ। ਖੋਜ ਕੀਤੀ ਹੈ। ਸ. ਨਾਹਰ ਸਿੰਘ (ਐਮ. ਏ.) ਹੋਰਾਂ ਨੂੰ ਬੜੀਆਂ ਗੱਲਾਂ ਯਾਦ ਨੇ।

"ਬੱਸ ਗੱਲ ਏਨੀ ਕੁ ਹੀ ਏ। ਤੇ ਗੱਲ ਵੱਡੀ ਵੀ ਏ। ਜਿੰਨਾ ਤੇਰਾ ਹੁਨਰ ਚੰਗਾ ਹੋਵੇ, ਇਸ ਪੱਗ ਨਾਲ ਉਹ ਹੁਨਰ ਹੋਰ ਚਮਕੇ। ਇਹ ਪਤਾ ਲੱਗੇ ਰੂਸ ਵਾਲਿਆਂ ਨੂੰ ਕਿ ਇਸ ਪੱਗ ਵਾਲੇ (ਗੁਰੂ ਰਾਮ ਸਿੰਘ ਜੀ ਵੇਲੇ) ਓਦੋਂ ਹੀ ਨਹੀਂ ਸਨ, ਹੁਣ ਵੀ ਹੈਗੇ ਨੇ। ਇਹ ਰੂਸਾਂ ਕਰ ਕੇ ਵਿਖਾਉਣਾ ਹੈ,ਜਿਹੜੇ ਸਾਡੀ ਪਨੀਰੀ ਹੈ ਅਗਲੀ। ਪ੍ਰਮਾਣ ਦੇ ਤੌਰ ਤੇ ਤੇਰੇ ਉਤਸਾਹ ਵਾਸਤੇ ਦਸਣਾ ਚਾਹੁੰਦਾ ਹਾਂ ਕਿ ਇਹਨਾਂ (ਸੇਠ ਤਰਲੋਕ ਸਿੰਘ) ਦੇ ਲੜਕੇ ਵਲੈਤ ਵਿਚ ਪੜ੍ਹੇ ਨੇ, ਹੁਣ ਅਮਰੀਕਾ ਵਿਚ ਰਹਿੰਦੇ ਨੇ। ਨਾ ਉਨ੍ਹਾਂ ਤੇ ਵਲੈਤ ਦਾ ਅਸਰ ਏ ਤੇ ਨਾ ਹੀ ਅਮਰੀਕਾ ਦਾ। ਉਹ ਇਹਨਾਂ (ਨਾਮਧਾਰੀ ਪਹਿਰਾਵਾ) ਕਪੜਿਆਂ ਨਾਲ ਰਹਿੰਦੇ ਨੇ ਤੇ ਸੋਧ ਰਖੀ ਹੋਈ ਨੇ।

"ਜਦੋਂ ਆਦਮੀ ਆਪਣੀ ਥਾਂ ਤੇ ਖਲੋ ਜਾਂਦਾ ਹੈ, ਫਿਰ ਦੂਸਰੇ ਲੋਕੀਂ ਉਸ ਵਲ ਤੱਕਦੇ ਹਨ। ਇਹਦਾ ਬੜਾ ਮਾਣ ਮਿਲਦਾ ਏ।"

ਸਤਿਗੁਰਾਂ ਦਿੱਲੀ ਦੇ ਇਕ ਮਿਸਤਰੀ ਸਿੰਘ ਦਾ ਪ੍ਰਮਾਣ ਦਿਤਾ : ਉਸ ਦੇ ਕਿਸੇ ਕਾਰਖ਼ਾਨੇ ਵਿਚ ਕੰਮ ਕਰਦਿਆਂ, ਬਾਹਰੋਂ ਆਏ ਗੋਰੇ ਨੇ ਮਜ਼ਦੂਰਾਂ ਦੀਆਂ ਫੋਟੋ ਲਈਆਂ। ਗੋਰਾ ਨਾਮਧਾਰੀ ਨੂੰ ਆਖੇ ਕਿ ਤੂੰ ਵੀ ਪੱਗ ਟੇਢੀ ਕਰਕੇ ਆ ਤਾਂ ਫੋਟੋ ਵਿਚ ਸਾਮਲ ਕਰਾਂਗਾ। ਪਰ ਉਸ ਸਿੰਘ ਨੇ ਝਟ ਕੇ ਕਿਹਾ : ਕਿਉਂ ਕਰਾਂ ਪੱਗ ਟੇਢੀ। ਸਿੱਧੀ ਪੱਗ (ਜੁ ਉਸ ਨੇ ਬੰਨ੍ਹ ਰਖੀ ਸੀ) ਵਾਲਿਆਂ ਤਾਂ ਭਾਰਤ ਵਿਚੋਂ ਗੋਰਿਆਂ ਦਾ ਰਾਜ ਖ਼ਤਮ ਕਰਨ ਲਈ, ਕਾਲੇ ਪਾਣੀ, ਜਲਾਵਤਨੀ, ਫਾਂਸੀਆਂ ਅਤੇ ਤੋਪਾਂ ਅਗੇ ਉਡਣ ਦੇ ਕਸ਼ਟ ਸਹੇ। ਅਤੇ ਅੱਜ ਦੇਸ ਆਜ਼ਾਦ ਹੈ। ਮੈਨੂੰ ਮਾਣ ਹੈ ਇਸ ਗੱਲ ਤੇ। ਫਿਰ ਦੂਜੇ ਵਰਕਰਾਂ ਵੀ ਕਿਹਾ, ਇਹ ਫੋਟੋ ਤਾਂ ਹੀ ਲੱਗੇਗੀ ਜੇ ਇਹ ਵਿਚ, ਇਸੇ ਤਰ੍ਹਾਂ ਸ਼ਾਮਲ ਹੋਵੇਗਾ।

ਸਤਿਗੁਰੂ ਜੀ ਜਿਵੇਂ ਇਕਾਗਰ ਹੋ ਗਏ ਸਨ। ਸਾਰੀਆਂ ਕਾਹਲੀਆਂ ਮੁਕ ਗਈਆਂ ਸਨ। ਆਪ ਜੀ ਨੇ ਸੁਖਬੀਰ ਸਿੰਘ ਨੂੰ ਸਮਝਾਇਆ : ਕਾਕਾ, ਇਹ ਇਕ ਮੌਕਾ ਹੈ ਡਿੱਗ ਪੈਣ ਵਾਲਾ ਜਾਂ ਸਥਿਰ ਹੋ ਜਾਣ ਵਾਲਾ। ਤੂੰ ਚੰਗਾ ਜਿਹਾ ਉਤਸਾਹ ਅੰਦਰ ਰਖ।...ਪੱਗ ਏਸੇ ਤਰ੍ਹਾਂ ਰਖ। ਮਿਹਨਤ ਕਰ। ਹੁਨਰ ਸਿਖ ਫਿਰ ਉਸ ਹੁਨਰ ਨੂੰ ਚਮਕਾਅ। ਜੇ ਆਪਣੀ ਮਰਿਆਦਾ ਰਖਣ ਦੇ ਨਾਲ ਨਾਲ ਬੰਦਾ ਯੋਗਤਾ ਵੀ ਵਧਾਵੇ ਤਾਂ ਪਰਸਨੈਲਿਟੀ ਦਾ ਪ੍ਰਭਾਵ ਵਧਦਾ ਹੈ। (ਸੱਚੇ ਪਾਤਸ਼ਾਹ ਜੀ ਨੇ ਹੰਸਪਾਲ ਹੋਰਾਂ ਵੱਲ ਤਕਾਅ ਉਨ੍ਹਾਂ ਦੀ ਮਿਸਾਲ ਦਿਤੀ।)

"ਮੈਂ ਤੇ ਮਹਾਰਾਜ ਜੀ, ਅਸੀਂ ਦੋਵੇਂ ਭਰਾ ਇਸ ਤਰ੍ਹਾਂ ਦੇ ਹਾਂ ਕਿ ਸਾਡੇ ਪਾਸ ਚਾਰ ਚਾਰ ਸੇਵਕ ਰਹਿੰਦੇ ਹਨ। ਕੋਈ ਕਪੜਾ ਫੜਦਾ ਹੈ, ਕੋਈ ਗੜਵਾ ਫੜਦਾ ਹੈ, ਕੋਈ ਰੋਟੀ ਪਕਾਉਂਦਾ ਹੈ, ਕੋਈ ਲਿਆਕੇ ਦਿੰਦਾ ਹੈ, ਪਰ ਜਿਥੋਂ ਤਕ ਮਰਿਆਦਾ ਦਾ



Sri Satguru Jagjit Singh Ji Elibrary NamdhariElibrary@gmail.com

ਮਤਲਬ ਹੈ, ਸਤਿਗੁਰਾਂ ਸਾਡੇ ਤੇ ਐਸੀ ਕਿਰਪਾ ਕੀਤੀ ਹੋਈ ਹੈ, ਜਿਥੇ ਅਸਾਂ ਅਸਲੋਂ ਕੱਲਿਆਂ ਜਾਣਾ ਹੋਵੇ, ਸਾਰੇ ਕੰਮ ਆਪ ਕਰ ਸਕਦੇ ਹਾਂ। ਰੋਟੀ ਨਾ ਖਾ ਕੇ, ਫਲ ਖਾ ਕੇ ਵੀ ਗੁਜ਼ਾਰਾ ਕਰ ਸਕਦੇ ਹਾਂ। ਮਹਾਰਾਜ ਬੀਰ ਸਿੰਘ ਜੀ 19 ਦਿਨ ਯੂਰਪ (ਫਿਨਲੈਂਡ) ਦੀ ਯਾਤਰਾ ਕਰਦਿਆਂ ਸਰਨਾ ਹੋਰ ਸਹਿਯਾਤਰੀਆਂ ਨਾਲ ਵਿਚਰਦੇ ਆਪਣਾ ਕੰਮ ਆਪ ਕਰਦੇ ਰਹੇ।

"ਤੂੰ ਚੰਗਾ ਸਿਆਣਾ ਹੈਂ, ਤੈਨੂੰ ਬਹੁਤਾ ਆਖਣ ਦੀ ਲੋੜ ਨਹੀਂ, ਥੋੜਾ ਆਖਿਆ ਵੀ ਤੂੰ ਬਹੁਤਾ ਸਮਝੇਂਗਾ। ਮੇਰਾ ਮਤਲਬ ਇਹ ਹੈ ਕਿ ਜਿਹੜਾ ਨਿਯਮ ਹੈ, ਇਸ ਦੀ ਪਾਲਣਾ ਕੀਤਿਆਂ ਬੰਦਾ ਮਜ਼ਬੂਤ ਹੁੰਦਾ ਹੈ। ਨੇਮ ਦੀ ਪਾਲਣਾ ਦੂਜਿਆਂ ਤੇ ਛਾਪ ਲਾ ਜਾਂਦੀ ਹੈ। ਮੈਂ ਜਾਂ ਮੇਰੇ ਸਾਥੀ, ਅਸੀਂ ਦਿਹਾੜੀ ਵਿਚ ਚਾਰ ਵਾਰ ਨਹਾਂਦੇ ਹਾਂ, ਕੇਸ ਕਿਸੇ ਵੀ ਤਰ੍ਹਾਂ ਸੁਕਾਈਏ, ਸੁਕਾਂਦੇ ਹਾਂ। "ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰ ਪਾਈਐ ਪਾਣੀ।"

"ਮੇਰਾ ਇਹ ਮਤਲਬ ਨਹੀਂ ਕਿ ਜਿੰਨੀਆਂ ਗੱਲਾਂ ਮੈਂ ਆਖੀਆਂ ਨੇ ਉਹ ਤੂੰ ਕਰ ਲੈਣੀਆਂ ਨੇ। ਤੂੰ ਪੜ੍ਹਾਈ ਕਰਨ ਜਾਣਾ ਹੈ। ਓਥੇ ਵੱਡਾ ਸਮੁੰਦਰ ਹੈ ਪੜ੍ਹਾਈ ਦਾ। ਜਿੰਨਾ ਵੱਧ ਤੋਂ ਵੱਧ ਤੂੰ ਪੜ੍ਹ ਸਕਦਾ ਏਂ ਪੜ੍ਹਨਾ ਵੇ। ਇੰਜ ਹੀ ਅੰਮ੍ਰਿਤ ਵੇਲੇ ਉਠਣਾ, ਸਣੇ ਕੇਸੀਂ ਇਸ਼ਨਾਨ ਕਰਨਾ, ਮਾਸ ਸ਼ਰਾਬ ਵਾਲੇ ਪਾਸੇ ਨਾ ਜਾਣਾ, ਏਨੀ ਗੱਲ ਚੇਤੇ ਰੱਖਣੀ।

"ਐਨਾ ਥੋੜੀ ਜਿਹੀ ਗੱਲ ਹੋਰ। 10 ਮਿੰਟ ਬਹਿ ਕੇ ਨਾਮ ਸਿਮਰਨ ਕਰ ਕੇ ਅਰਦਾਸ ਕਰਨੀ। ਇਹ ਨ ਭੁਲਾਈਂ।" ਅਤੇ ਇੰਜ ਸਤਿਗੁਰੂ ਜੀ ਨੇ ਮੇਰੇ ਛੋਟੇ ਬੇਟੇ ਸੁਖਬੀਰ ਸਿੰਘ ਨੂੰ ਉਪਦੇਸ਼ਾਤਮਿਕ ਆਸ਼ੀਰਵਾਦ ਦਿਤੀ।

ਬਾਹਰ ਸੰਗਤ ਜੁ ਉਡੀਕਦੀ ਸੀ, ਉਸ ਨੂੰ ਦਰਸ਼ਨ ਦੇ ਸਤਿਗੁਰੂ ਫਿਰ ਅੰਦਰ ਚਲੇ ਗਏ।

## ਲੰਮੀ ਮੀਟਿੰਗ

ਹੁਣ ਹੋਠ ਜੀ, ਹੰਸਪਾਲ ਜੀ ਅਤੇ ਸ੍ਰੀ ਮਹਿਲ ਮਾਤਾ ਜੀ ਨਾਲ ਬੈਠ ਗਏ। ਲੰਗਰ ਸੇਵਿਕਾ ਸੁਰਜੀਤ ਕੌਰ ਤੋਂ ਮਾਲੂਮ ਹੋਇਆ ਕਿ ਰਾਤ 12.30 ਤਕ ਅੰਦਰ ਮੀਟਿੰਗ ਚਲਦੀ ਰਹੀ।

ਅਸੀਂ ਤਾਂ 10 ਵਜਦੇ ਨੂੰ ਘਰ ਪਰਤ ਆਏ।

## ਕੱਵਾਲਾਂ ਦੀ ਗੱਲ

ਆਪਣੇ ਆਪ ਨੂੰ ਗੁਰੂ ਕੇ ਮਰਾਸੀ ਮਰਦਾਨੇ ਦੀ ਕੁਲ ਵਿਚੋਂ ਦੱਸਣ ਵਾਲਾ ਸ੍ਰੀ ਅਬਦੁਲ ਰਸ਼ੀਦ ਵੀ ਅੱਜ ਇਸ ਆਸ ਨਾਲ ਫਿਰਦਾ ਰਿਹਾ ਕਿ ਉਨ੍ਹਾਂ ਦੀ ਕੱਵਾਲ ਪਾਰਟੀ ਤੋਂ ਸਤਿਗੁਰ ਕੱਵਾਲੀ ਜ਼ਰੂਰ ਸੁਣਨ ਪਰ ਆਗਿਆ ਇਹ ਹੋਈ ਕਿ ਗੁਰਦੇਵ ਸਿੰਘ (ਸਰੋਦ) ਨਾਲ ਗੱਲ ਕਰ ਕੇ ਫੇਰ ਹੀ ਕੋਈ ਪ੍ਰੋਗਰਾਮ ਬਣੇਗਾ। ਇਹ, ਅਬਦੁਲ ਰਸ਼ੀਦ ਮਾਸਟਰ, ਮਾਸਟਰ ਸ਼ੱਬੀਰ ਹੁਸੈਨ, ਤੇ ਏਜਾਜ਼ ਹੁਸੈਨ ਕੱਵਾਲ ਜੁ ਪੰਜ ਕੁਈਆਂ



Sri Satguru Jagjit Singh Ji Elibrary NamdhariElibrary@gmail.com

ਤੇ ਸਥਿਤ ਅੰਧ ਵਿਦਿਆਲਾ ਪਾਸ ਰਹਿੰਦੇ ਹਨ, ਇਹਨਾਂ ਲਈ ਵਕਤ ਮੰਗਣ ਆਇਆ ਸੀ।

## ਸੰਤ ਚਿੱਟੀ ਵਾਲੇ

ਮੈਨੂੰ ਚਰਨ ਲਗੇ ਨੂੰ ਅੱਜ ਇਹ ਵੀ ਆਗਿਆ ਹੋਈ ਕਿ ਮੈਂ ਜਲੰਧਰ ਜ਼ਿਲੇ ਦੇ ਨਕੋਦਰ ਰੋਡ ਦੇ ਕੋਲ ਪੈਂਦੇ ਪਿੰਡ ਚਿੱਟੀ ਵਿਚ ਜਾਵਾਂ, ਫੁਰਸਤ ਕਢ ਕੇ ਜ਼ਰੂਰ ਅਤੇ ਉਨ੍ਹਾਂ ਦਾ ਸਾਖਿਆਤ ਕਰ ਲਿਆਵਾਂ।

## 7 ਅਪਰੈਲ 1979, ਸ਼ਨੀ ਵਾਰ
### ਨਵੀਂ ਦਿੱਲੀ

## ਬਹਾਦਰ ਗੜ੍ਹ ਤੇ ਕਿਰਪਾ

ਸਤਿਗੁਰਾਂ ਦੇ ਚਰਨ ਛੋਹਿਆਂ ਸੰਤ ਮਹਿੰਦਰ ਸਿੰਘ (ਜਮਨਾ ਨਗਰੀਆ) ਬੀਬੀ ਪੂਰਨ ਕੌਰ ਕੀ ਜੋੜੀ, ਦਿੱਲੀ ਸਰਸਾ ਰੋਡ ਤੇ, ਦਿੱਲੀਓਂ 30-32 ਕਿਲੋ ਮੀਟਰ ਤੇ ਪੈਂਦੇ ਹਰਿਆਣੇ ਦੇ ਇਕ ਸ਼ਹਿਰ ਬਹਾਦਰ ਗੜ੍ਹ ਵਿਚ ਰਹਿੰਦੀ ਹੈ। ਹੋਰ ਪਰਵਾਰ ਵੀ ਸੰਖੇਪ ਹੀ ਹੈ। ਦੰਪਤੀ ਸੰਧੀ ਹੈ। ਸਤਿਗੁਰੂ ਜੀ ਜਾਂਦੇ ਆਉਂਦੇ ਇਨ੍ਹਾਂ ਦੇ ਘਰੋਂ ਕੁਛ ਨ ਕੁਛ ਛਕਦੇ ਹਨ। ਅੱਜ ਇਹਨਾਂ ਆਸਾ ਦੀ ਵਾਰ ਦਾ ਕੀਰਤਨ ਮੰਗਿਆ ਹੋਇਆ ਸੀ।

ਆਸਾ ਦੀ ਵਾਰ ਦਾ ਕੀਰਤਨ ਗੁਰਦੇਵ-ਹਰਭਜਨ ਸਿੰਘ ਦੁਆਰਾ ਸੰਤ ਮਹਿੰਦਰ ਸਿੰਘ ਦੇ ਘਰ ਹੋਇਆ। ਸ੍ਰੀ ਹਰੀ ਪ੍ਰਤਾਪ ਨਿਵਾਸ (ਕੋਠੀ 1/6 ਬੀ) ਤੋਂ ਸਤਿਗੁਰੂ ਜੀ ਆਪਣੇ ਸੇਵਕਾਂ ਨਾਲ ਅਤੇ ਹੋਰ ਨਿਵਾਜੇ ਹੋਇਆਂ ਨਾਲ ਬਹਾਦਰ ਗੜ੍ਹ ਪਧਾਰੇ। ਸ. ਦਲਬੀਰ ਸਿੰਘ-ਪਰਮਜੀਤ ਸਿੰਘ ਸ਼ਾਹ-ਕੁਕ ਤੇ ਕੌਲਾ-ਮੁਟ ਦੀ ਸਵੇਰੇ ਨਹਾ ਧੋ ਕੇ ਕੋਠੀ ਪੁਜੇ ਹੋਏ ਸਨ, ਸੁ ਨਾਲ ਆਏ।

ਸਤਿਗੁਰਾਂ ਸੰਤ ਮਹਿੰਦਰ ਸਿੰਘ ਦੀ ਅਰਜ਼ ਪਰਵਾਨ ਕਰ ਕੇ ਚੌਥਕੜਾ ਹੀ, ਅਰਥਾਤ ਸਵੇਰੇ 7.30 ਵਜੇ ਲੰਗਰ ਛਕ ਲਿਆ ਜੁ ਆਮ ਕਰਕੇ ਦਿਨੇ 11-12 ਦੇ ਕਰੀਬ ਛਕਿਆ ਕਰਦੇ ਹਨ।

## ਗੁਰੂ ਕੀਆਂ ਨੀਂਦਾਂ

ਬੀਬੀ ਸੁਰਜੀਤ ਕੌਰ ਨੇ ਦੱਸਿਆ ਕਿ ਲੰਗਰ ਕਰਨ ਵਾਲੀਆਂ ਬੀਬੀਆਂ ਬਹਾਦਰ ਗੜ੍ਹ ਨਾਲ ਹੀ ਗਈਆਂ ਸਨ।

ਬੀਬੀ ਲੰਗਰ ਸੇਵਿਕਾ ਨੇ ਦੱਸਿਆ ਕਿ ਬੀਤੀ ਰਾਤੀਂ ਜੋ ਮੀਟਿੰਗ ਚਲ ਰਹੀ ਸੀ, ਉਹਦੇ ਖ਼ਾਤਮੇ ਤੋਂ ਥੋੜੀ ਪਿਛੋਂ, 12.40 'ਤੇ ਸ. ਸੁਰਿੰਦਰ ਸਿੰਘ ਪਰਵਾਰ ਸਮੇਤ ਲੁਧਿਆਣੇ ਤੋਂ ਆਇਆ ਤਾਂ ਰਾਤ ਸੌਣ-ਬਹਿਣ ਦਾ ਠੀਕ ਪ੍ਰਬੰਧ ਹੋਇਆ ਜਾਂ ਨਹੀਂ, ਸੱਚੇ ਪਾਤਸ਼ਾਹ ਇਕ ਵਜੇ ਦੇ ਕਰੀਬ ਜਾਨਣ ਵਾਸਤੇ ਆਏ। ਤਿੰਨ ਵਜੇ ਇਸ਼ਨਾਨ



Sri Satguru Jagjit Singh Ji Elibrary NamdhariElibrary@gmail.com

ਕਰਨਾ ਸੀ, ਪਤਾ ਨਹੀਂ ਰਾਤ ਬਿਰਾਜਣਾ ਮਿਲਿਆ ਕਿ ਨਹੀਂ।

ਸਵੇਰੇ 8 ਵਜੇ ਤਕ ਸੱਚੇ ਪਾਤਸ਼ਾਹ ਬਹਾਦਰ ਗੜ੍ਹੋਂ ਕੋਠੀ ਪਹੁੰਚ ਗਏ।

## ਸ੍ਰੀ ਹਰੀ ਪ੍ਰਤਾਪ ਨਿਵਾਸ 1/6 ਬੀ

ਮੈਂ ਅੱਜ 10 ਵਜੇ ਹੀ ਏਥੇ ਪੁੱਜਾ। ਨਾਮ ਅੰਗਰੇਜ਼ੀ ਦੇ ਸੁਨਹਿਰੀ ਹਰਫ਼ਾਂ ਵਿਚ ਚਮਕਦਾ ਦਰਸ਼ਕਾਂ ਨੂੰ ਆਕਰਸ਼ਤ ਕਰਦਾ ਹੈ। ਸੇਠ ਤਰਲੋਕ ਸਿੰਘ ਹੁਰਾਂ ਦੀ ਮਨੋਭਾਵਨਾ ਨੂੰ ਵਿਅਕਤ ਕਰਦਾ ਇਹ ਨਾਮ ਹੀ ਅੱਜ ਦੇ ਫੰਕਸ਼ਨ ਵਿਚ ਆਉਣ ਵਾਲੇ ਲੋਕਾਂ ਦੇ ਸੱਦਾ ਪੱਤਰਾਂ ਉੱਤੇ ਛਪਿਆ ਹੋਇਆ ਸੀ।

ਮੈਂ ਵੇਖਿਆ ਕਿ ਸੜਕ ਨਾਲ ਲਗਦੇ ਘਾਹ ਦੇ ਟੋਟੇ ਵਿਚ ਕਨਾਤਾਂ ਆਦਿ ਲਗਾ ਕੇ ਪੰਡਾਲ ਬਣਾਇਆ-ਸਜਾਇਆ ਜਾ ਰਿਹਾ ਸੀ। ਸ੍ਰੀ ਸਤਿਗੁਰੂ ਇਸ਼ਨਾਨ ਕਰ ਸਫੇਦ ਖੱਦਰ ਦੇ ਬਸਤਰ ਪਹਿਨੀ ਬਾਹਰ ਆਏ। ਸ. ਸੁਰਿੰਦਰ ਸਿੰਘ ਮਨਚੰਦਾ ਨੂੰ ਦਰਸ਼ਨ ਦਿਤੇ। ਕੰਨ ਤੇ ਪੁੱਛਿਆ : ਕੱਲ ਦਾ ਆਇਆ ਕਿਥੇ ਰਿਹਾ ਹੈਂ, ਮੈਂਥੋਂ ਨਹੀਂ ਲੱਭਾ।

ਅਤੇ ਫਿਰ ਬੈਠਣ ਕਮਰੇ ਵਿਚ ਮਾਤਾ ਜੀ, ਬੇਬੇ ਜੀ, ਮਹਾਰਾਜ ਜੀ ਨਾਲ ਇਕ ਬੈਠਕ ਕੀਤੀ। ਮਹਾਰਾਜ ਜੀ ਲਖਨਊ ਵਲੋਂ ਆਏ ਸਨ। ਅੱਜ ਵਿਸ਼ੇਸ਼ ਸੱਜਣ ਵੀ ਨਜ਼ਰ ਪਏ, ਨਾਮਧਾਰੀ ਦਰਬਾਰ ਦੇ ਮਾ: ਨਿਹਾਲ ਸਿੰਘ ਜੀ, ਸਤਿਜੁਗ ਸੰਪਾਦਕ ਸਨਖਤਰਾ, ਸੂਬਾ ਰਤਨ ਸਿੰਘ ਜੀ ਗਵਾਲੀਅਰ ਤੋਂ, ਸ. ਜਗਤਾਰ ਸਿੰਘ ਪਨਿਹਾਰੀ ਆਦਿ।

ਇਕ ਗਰੁੱਪ ਹੋਰ ਨਜ਼ਰੀਂ ਪਿਆ, ਸੇਠ ਆਸਾ ਸਿੰਘ-ਹਜ਼ਾਰਾ ਸਿੰਘ ਜਗਾਧਰੀ, ਸੇਠ ਨਾਰਾਇਣ ਸਿੰਘ, ਪ੍ਰੋ: ਸੁਖਬੀਰ ਸਿੰਘ ਕੁਲਾਣੀ, ਇਟਲੀ ਦੇ ਸੁਖਪਾਲ ਸਿੰਘ ਜਸਪਾਲ ਸਿੰਘ ਅਤੇ ਇਹਨਾਂ ਦੇ ਮਾਮਾ ਗੁਰਚਰਨ ਸਿੰਘ, ਇਹਨਾਂ ਦੀ ਪਤਨੀ ਤੇ ਲੜਕੀ।

## ਸ੍ਰੀ ਮਦਨ ਲਾਲ ਖੁਰਾਣਾ

10.15 ਹੋਏ ਤਾਂ ਸ. ਸੇਵਾ ਸਿੰਘ ਨਾਮਧਾਰੀ ਓਵਰਸੀਅਰ, ਇਹਨਾਂ ਦਾ ਵੱਡਾ ਲੜਕਾ ਭੁਪਿੰਦਰ ਸਿੰਘ ਅਤੇ ਜਵਾਈ ਸ. ਮਨਮੋਹਣ ਸਿੰਘ, ਦਿੱਲੀ ਮੈਟਰੋਪਾਲੀਟਨ ਦੇ ਮੁਖੀ ਸ੍ਰੀ ਮਦਨ ਲਾਲ ਖੁਰਾਣਾ ਅਤੇ ਜਮਨਾ ਪਾਰ ਦੇ ਇਕ ਕਾਉਂਸਲਰ ਸ੍ਰੀ ਚੰਦ ਦਿਆਲ ਆਹੂਜਾ ਨੂੰ ਨਾਲ ਲੈ, ਗੁਰੂ ਕੇ ਦਰਸ਼ਨਾਂ ਨੂੰ ਆਏ। ਸਤਿਗੁਰੂ ਜੀ ਨੂੰ ਬੈਠਣ ਕਮਰੇ ਵਿਚ ਤਕ ਕੇ ਬੈਠਿਆਂ ਹੀ ਨਮਸਕਾਰ ਕਰਕੇ ਸਾਹਮਣੇ ਸਜ ਗਏ।

ਸ੍ਰੀ ਆਹੂਜਾ : ਮੈਂ ਆਪ ਜੀ ਦੇ ਦਰਸ਼ਨ ਮਲੇਰ ਕੋਟਲੇ ਵਿਚ ਕੀਤੇ ਸਨ, ਓਥੇ ਮੇਲਾ ਸੀ।

ਸਤਿਗੁਰੂ ਜੀ : ਹਾਂ, ਓਥੇ ਹਰ ਸਾਲ 17-18 ਜਨਵਰੀ ਨੂੰ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਮੇਲਾ ਹੁੰਦਾ ਹੈ।



Sri Satguru Jagjit Singh Ji Elibrary NamdhariElibrary@gmail.com

ਸ੍ਰੀ ਮਦਨ ਲਾਲ ਖੁਰਾਣਾ : ਮੈਂ ਆਪ ਜੀ ਦੇ ਦਰਸ਼ਨ ਪਹਿਲੀ ਵਾਰ 7 ਨਵੰਬਰ 1966 ਵਿਚ ਗਊ ਰੱਖਿਆ ਸਮੇਲਨ ਦਿੱਲੀ ਸਮੇਂ ਕੀਤੇ ਸਨ। ਬਹੁਤ ਵਾਰ ਫਿਰ ਵੀ ਚਾਹਿਆ ਕਿ ਦਰਸਨ ਹੋਣ, ਪਰ ਚਾਹਤ ਹੀ ਰਹੀ, ਦਰਸਨ ਨਹੀਂ ਹੋਏ।

ਸਤਿਗੁਰੂ ਜੀ : ਆਪ ਦੇ ਪਰਵਾਰ ਦੀ ਕੁਸਲਤਾ ਹੈ ?

ਅਤੇ ਸ੍ਰੀ ਕ੍ਰਿਸ਼ ਖੁਰਾਣਾ ਜੀ ਨੇ ਦੱਸਿਆ ਉਸ ਅਨੁਸਾਰ ਇਹਨਾਂ ਦੀਆਂ ਦੋ ਲੜਕੀਆਂ ਇਕ ਲੜਕਾ ਹੈ। ਲੜਕਾ ਛੋਟਾ ਹੈ ਅਜੇ। ਇਹ ਆਪ ਪਹਿਲਾਂ ਪ੍ਰੋਫੈਸਰੀ ਕਰਦੇ ਸਨ। ਹੋਲੀ ਹੋਲੀ ਜਨ ਸੇਵਾ ਦਾ ਸ਼ੌਕ ਜਾਗਿਆ। ਹੁਣ ਇਹ ਕਾਰਪੋਰੇਸ਼ਨ ਦੇ ਕੌਂਸਲਰ ਹਨ। ਇਹਨਾਂ ਦੱਸਿਆ ਕਿ ਕੌਂਸਲਰ ਬਣਨ ਲੱਗਿਆਂ ਇਹਨਾਂ ਪੰਜਾਬੀ ਬੋਲੀ ਵਿਚ ਸਹੁੰ ਚੁਕੀ ਹੈ। ਸਿੱਖਾਂ ਨੂੰ ਆਖਿਆ ਹੈ ਕਿ ਮੇਰੇ ਪਾਸ ਗੁਰਦੁਆਰਿਆਂ ਬਾਰੇ ਜਾਂ ਹੋਰ ਮਸਲਿਆਂ ਬਾਰੇ ਪੰਜਾਬੀ ਵਿਚ ਦਰਖ਼ਾਸਤਾਂ ਲਿਖ ਕੇ ਭੇਜੋ। ਬੋਲਚਾਲ ਤੇ ਤਕਰੀਰਾਂ ਪੰਜਾਬੀ ਵਿਚ ਕਰਿਆ ਕਰੋ। ਤੁਸੀਂ ਮੁਦਈ ਪੰਜਾਬੀ ਦੇ ਹੋ ਪਰ ਤੁਹਾਡੇ ਦਫ਼ਤਰਾਂ, ਘਰਾਂ ਵਿਚ ਅੰਗਰੇਜ਼ੀ ਦਾ ਬੋਲ ਬਾਲਾ ਹੈ, ਖ਼ਤ ਪੱਤਰ ਅੰਗਰੇਜ਼ੀ ਵਿਚ ਕਰਦੇ ਹੋ।

ਸਤਿਗੁਰੂ ਜੀ ਨੇ ਬੰਬਈ ਦੇ ਇਕ ਮਾਸਿਕ ਪੱਤਰ ਨਵਨੀਤ (ਹਿੰਦੀ) ਦਾ ਹਵਾਲਾ ਆਪਣੀ ਯਾਦ ਵਿਚੋਂ ਦਿੱਤਾ : ਕੋਈ ਹਿੰਦੁਸਤਾਨੀ ਰੂਸੀ ਸਰਕਾਰ ਦੇ ਕੇਂਦਰੀ ਸਥਾਨ, ਕ੍ਰੈਮਲਿਨ ਕੋਲ ਜਾ ਕੇ ਉਸ ਇਲਾਕੇ ਬਾਰੇ ਅੰਗਰੇਜ਼ੀ ਵਿਚ ਪੁੱਛਣ ਲੱਗਾ। ਰੂਸੀ ਨੇ ਜਵਾਬ ਦਿੱਤਾ ਹਿੰਦੀ ਵਿਚ।

ਸ੍ਰੀ ਖੁਰਾਣਾ ਨੇ ਦੱਸਿਆ ਕਿ ਉਹ ਦਿੱਲੀ ਵਿਚ ਬੇਰੁਜ਼ਗਾਰੀ ਦੂਰ ਕਰਨ ਲਈ ਇਕ ਸਕੀਮ ਚਲਾ ਰਹੇ ਹਨ, ਜਿਸ ਨਾਲ ਹਰੇਕ ਪਰਵਾਰ ਨੂੰ ਇਕ ਕਮਾਊ ਮੈਂਬਰ ਜ਼ਰੂਰ ਮਿਲੇ। ਮਦਨ ਲਾਲ ਜੀ ਕੋਲ ਸਿਵਲ ਸਪਲਾਈ ਦਾ ਮਹਿਕਮਾ ਹੈ ਅਤੇ ਉਹ ਜਤਨ ਕਰ ਕੇ ਪੰਜਾਬੀ ਵਿਚ ਦਰਖ਼ਾਸਤਾਂ ਲੈਂਦੇ ਹਨ।

ਸ੍ਰੀ ਖੁਰਾਣਾ : ਜਮਨਾ ਪਾਰ ਇਕ ਹਸਪਤਾਲ ਬਣਾਇਆ ਹੈ, ਸ਼ਾਹਦਰੇ। 14 ਕਰੋੜ ਰੁਪਏ ਦੀ ਲਾਗਤ ਨਾਲ, ਉਸ ਦਾ ਨਾਮ ਰਖਿਆ ਹੈ ਗੁਰੂ ਤੇਗ਼ ਬਹਾਦੁਰ ਹਸਪਤਾਲ। ਮੈਨੂੰ ਕਿਸੇ ਕਹਿਆਗਇਆ : ਤੁਸਾਂ ਬੜਾ ਅੱਛਾ ਕੰਮ ਕੀਤਾ ਹੈ ਕਿ ਹਸਪਤਾਲ ਨੂੰ ਗੁਰੂਆਂ ਦਾ ਨਾਮ ਦਿਤਾ ਹੈ। ਮੈਂ ਦੱਸਿਆ ਕਿ ਸਤਿਗੁਰਾਂ ਦਾ ਨਾਮ ਇਸ ਵਾਸਤੇ ਨਹੀਂ ਰਖਦੇ ਕਿ ਉਹ ਸਾਡੇ ਕੀਤਿਆਂ ਵੱਡੇ ਹੋਣੇ ਨੇ। ਉਹ ਤਾਂ ਪਹਿਲਾਂ ਹੀ ਬਹੁਤ ਉੱਚੇ ਨੇ। ਇਸ ਨਾਂ ਦੇ ਲਿਆਂ ਤਾਂ ਸਾਡੇ ਸਭ ਦੇ ਮੁਖ ਪਵਿਤਰ ਹੋਣਗੇ।

ਸਤਿਗੁਰੂ ਜੀ, ਮੈਂ ਪੰਜਾਬੀ ਹਾਂ ਤੇ ਮੇਰੀ ਜ਼ਬਾਨ ਪੰਜਾਬੀ ਹੈ। ਅਸੀਂ ਤਾਂ ਦਿੱਲੀ ਦੀ ਰਾਜ ਭਾਸ਼ਾ ਪੰਜਾਬੀ ਬਣਾਉਣਾ ਚਾਹੁੰਦੇ ਹਾਂ। ਪਰ ਪੰਜਾਬੀ ਵਿਚ ਕੋਈ ਲਿਖੇ ਭੀ।



Sri Satguru Jagjit Singh Ji Elibrary NamdhariElibrary@gmail.com

ਅਤੇ ਸ੍ਰੀ ਖੁਰਾਣਾ ਨੇ ਦਿੱਲੀ ਵਿਚ ਦਿੱਲੀ ਦੀ ਆਮ ਜਨਤਾ ਹਿਤ ਚਲਾਈਆਂ ਜਾ ਰਹੀਆਂ ਅਤੇ ਜਾਣ ਵਾਲੀਆਂ ਸਕੀਮਾਂ ਦਾ ਵਿਸਤਾਰ ਸੁਣਾਇਆ। ਸ੍ਰੀ ਖੁਰਾਣਾ ਧੋਤੀ ਕੁਰਤੇ ਵਿਚ ਸਨ, ਬੋਲ ਚਾਲ ਵਿਚ ਜ਼ਰਾ ਥਥਲਾਂਦੇ ਵੀ ਸਨ। ਸਤਿਗੁਰੂ ਜੀ ਨੇ ਉਹਨਾਂ ਦੀ ਵੇਸਭੂਸ਼ਾ ਦੀ ਪ੍ਰਸੰਸਾ ਕਰਦਿਆਂ ਮਿ: ਆਹੂਜਾ ਦੇ ਪਹਿਰਾਵੇ ਨੂੰ ਵਿਦੇਸ਼ੀ ਦੱਸਿਆ। ਸ੍ਰੀ ਆਹੂਜਾ ਨੇ ਪਤਲੂਨ ਤੇ ਬੁਸ਼ਰਟ ਪਹਿਨੀ ਹੋਈ ਸੀ।

ਸ੍ਰੀ ਖੁਰਾਣਾ ਨੇ ਦੱਸਿਆ ਕਿ ਦਿੱਲੀ ਦੀ ਜਨ ਪੈਦਾਇਸ਼ 1.07 ਪਰਸੈਂਟ ਵਧਦੀ ਹੈ ਪਰ ਤਿੰਨ ਲੱਖ ਆਦਮੀ ਹਰ ਸਾਲ ਬਾਹਰੋਂ ਆ ਜਾਂਦਾ ਹੈ।

ਸ੍ਰੀ ਯੋਗ ਧਿਆਨ ਆਹੂਜਾ ਨੇ ਕਿਹਾ ਕਿ ਉਹ ਦਿੱਲੀ ਦੀ ਸਕੀਮ ਹੁਣ ਕੁਝ ਇਸ ਤਰ੍ਹਾਂ ਬਣਾ ਰਹੇ ਹਨ, ਜਿਵੇਂ ਹਰ ਪ੍ਰਾਂਤ ਸਿਰਫ ਆਪਣੇ ਜਨਮ ਸਾਰ ਲੋਕਾਂ ਲਈ ਸਹੂਲਤਾਂ ਮੁਹਈਆ ਕਰਦਾ ਹੈ, ਅਸੀਂ ਵੀ ਦਿੱਲੀ ਵਿਚ ਇੰਜ ਕਰਨਾ ਹੈ।

ਸਤਿਗੁਰੂ ਜੀ : ਇਹ ਕੰਮ ਤਾਂ ਬਹੁਤ ਚਤੁਰਤਾ ਅਤੇ ਤੇਜ਼ੀ ਮੰਗਦਾ ਹੈ।
ਚੋਰੀ ਕਰਨ ਵਾਲਿਆਂ ਨੂੰ ਜੇ ਫੜਨ ਵਾਲੇ ਵਧੇਰੇ ਅਤੇ ਤੇਜ਼ ਹੋਣ ਤਾਂ ਹੀ ਗੱਲ ਬਣ ਸਕਦੀ ਹੈ।

ਇਕ ਸੁਝਾਉ ਸਤਿਗੁਰਾਂ ਦਿਤਾ। ਦਿੱਲੀ ਅਜਿਹਾ ਪ੍ਰਬੰਧ ਹੋਣਾ ਚਾਹੀਦਾ ਹੈ ਕਿ ਸੜਕਾਂ, ਖਾਸ ਕਰ ਮੇਨ ਸੜਕਾਂ ਲਈ ਤੀਰਾਂ ਦੇ ਨਿਸ਼ਾਨ ਥੋੜੀ ਥੋੜੀ ਮਿਥਕੇ ਲਾਣ ਤਾਕਿ ਬਾਹਰੋਂ ਆਏ ਨੂੰ ਘੜੀ ਮੁੜੀ ਦੀ ਪੁੱਛਣਾ ਤੋਂ ਬਚਾਇਆ ਜਾ ਸਕੇ। ਸੜਕਾਂ ਨੂੰ ਅਜਿਹਾ ਸੁਧਾਰਿਆ ਜਾਵੇ ਕਿ ਓਪਰਾ ਆਦਮੀ ਵੀ ਤੀਰਾਂ ਦੇ ਆਸਰੇ ਥਾਂ ਸਿਰ ਪਹੁੰਚ ਜਾਵੇ।

ਹੰਸਪਾਲ ਜੀ ਦਾ ਸੁਝਾਉ ਸੀ 'ਵੇ ਟੂ ਗੈੱਟ ਦਿੱਲੀ' ਵੀ. ਠੇਲਣ ਵਾਲਿਆਂ ਵਾਂਗੂ ਛਾਪਿਆ ਜਾਵੇ।

## ਸ੍ਰੀ ਖੁਰਾਣਾ ਦੇ ਸਤਿਕਾਰ ਹਿਤ ਤਾਰੀਖ਼

ਸ. ਸੇਵਾ ਸਿੰਘ ਤੇ ਹੰਸਪਾਲ ਜੀ ਖੁਰਾਣਾ ਨੂੰ ਖਾਸ ਸਤਿਕਾਰਨ ਲਈ ਕੋਈ ਮੁਨਾਸਬ ਤਾਰੀਖ਼ ਤਲਾਸ਼ ਕਰ ਰਹੇ ਸਨ। ਉਸ ਦਿਨ ਸ੍ਰੀ ਸਤਿਗੁਰੂ ਜੀ ਦਾ ਵੀ ਏਥੇ ਹੋਣਾ ਮਕਸੂਦ ਸੀ। ਸਤਿਗੁਰਾਂ ਦੱਸਿਆ ਆਪ ਸੋਲਾਂ ਅਪਰੈਲ ਤਕ ਸ੍ਰੀ ਭੈਣੀ ਸਾਹਿਬ ਹੀ ਰਹਿਣਗੇ।

ਉਪ੍ਰੋਕਤ ਸਾਰੀ ਗੱਲ ਬਾਤ ਦੇ ਹੁੰਦਿਆਂ ਇਹ ਵਿਅਕਤੀਆਂ ਵੀ ਕੋਲ ਸਨ : ਸ੍ਰੀ ਮਹਾਰਾਜ ਜੀ, ਸੰਤ ਗੁਲਜ਼ਾਰ ਸਿੰਘ, ਸਕੱਤਰ ਕਰਨੈਲ ਸਿੰਘ, ਪਰਮ ਸਿੰਘ ਬਾਵਲਾ ਸ. ਜਗਤਾਰ ਸਿੰਘ ਪਨਿਹਾਰੀ ਅਤੇ ਟੋਰਾਂਟੋ (ਕੈਨੇਡਾ) ਦੇ ਸ. ਦਰਸ਼ਨ ਸਿੰਘ ਧਾਲੀਵਾਲ।

ਜਦੋਂ ਕੁਝ ਖਾਣ ਪੀਣ ਲਈ ਸੇਉ ਸੰਤਰੇ ਆਦਿ ਆਏ ਤਾਂ ਸ੍ਰੀ ਖੁਰਾਣਾ ਨੇ ਸਤਿਗੁਰਾਂ ਦੇ ਕਰ ਕਮਲਾਂ ਤੋਂ ਪ੍ਰਸ਼ਾਦ ਰੂਪ ਵਿਚ ਹੀ ਲੈਣੇ ਸਵੀਕਾਰੇ। ਸਤਿਗੁਰੂ ਜੀ ਨੇ ਇੱਛਾ ਪੂਰਨ ਕੀਤੀ।

ਇਹਨਾਂ ਨਾਲ ਇਕ ਘੰਟਾ ਵਾਰਤਾਲਾਪ ਹੁੰਦੀ ਰਹੀ।



Sri Satguru Jagjit Singh Ji Elibrary NamdhariElibrary@gmail.com

## ਸ. ਦਰਸ਼ਨ ਸਿੰਘ ਧਾਲੀਵਾਲ

11.15 ਹੋਏ ਤਾਂ ਸਤਿਗੁਰੂ ਜੀ ਨੇ ਅਮਰੀਕਾ ਦੇ ਇਕ ਕਾਰੋਬਾਰੀ ਸਰਦਾਰ ਦਰਸ਼ਨ ਸਿੰਘ ਧਾਲੀਵਾਲ ਨਾਲ ਬਚਨ ਬਿਲਾਸ ਸ਼ੁਰੂ ਕੀਤੇ। ਉੱਚੇ ਲੰਮੇ ਕੱਦ ਕਾਠ ਦੇ ਦਰਸ਼ਨੀ ਦਿੱਖ ਵਾਲੇ, ਜਿਨ੍ਹਾਂ ਡਾਈ ਕੀਤੀ ਦਾੜ੍ਹੀ ਬੱਧੀ ਹੋਈ ਸੀ ਅਤੇ ਜੁ ਸੁਭਾ ਵਲੋਂ ਹਸਮੁਖ ਜਾਪਦੇ ਸਨ, ਨਾਲ ਕੁਝ ਬਹੁਤ ਅਪਣੱਤ ਦੇ ਪਲ ਬਿਤਾਏ ਅਤੇ ਪੁੱਛਿਆ ਕਿ ਉਹ ਪਿਛਲੀ ਵਾਰ ਕਿਉਂ ਨਹੀਂ ਮਿਲੇ? ਸ. ਦਰਸ਼ਨ ਸਿੰਘ ਨੇ ਇਸ ਦਾ ਕਾਰਨ ਕਾਰੋਬਾਰ ਹਿਤ ਕਿਸੇ ਦੂਸਰੇ ਸ਼ਹਿਰ ਹੋਣਾ ਦੱਸਿਆ। ਸ. ਦਰਸ਼ਨ ਸਿੰਘ ਨੇ ਆਪਣੇ ਪ੍ਰੋਗਰਾਮ ਬਾਰੇ ਦੱਸਿਆ ਕਿ ਉਹ ਤਿੰਨ ਹਫਤੇ ਭਾਰਤ ਰਹਿਣ ਦਾ ਵਿਚਾਰ ਰਖਦੇ ਹਨ। ਅਤੇ ਉਨ੍ਹਾਂ ਸਤਿਗੁਰਾਂ ਨੂੰ ਦੱਸਿਆ ਕਿ ਉਹ ਦਿੱਲੀ ਵਿਚ ਕੋਠੀ ਬਣਾਨ ਦਾ ਇਰਾਦਾ ਰਖਦੇ ਹਨ। ਉਮੀਦ ਹੈ ਕੋਠੀ ਖਰੀਦ ਕੇ ਹੀ ਅਮਰੀਕਾ ਪਰਤਿਆ ਜਾ ਸਕੇਗਾ।

ਮੈਂ ਜਦੋਂ ਸ੍ਰੀ ਸਤਿਗੁਰੂ ਜੀ ਨਾਲ ਅਗਸਤ-ਸਤੰਬਰ 1974 ਵਿਚ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦਾ ਭਰਮਣ ਕੀਤਾ ਸੀ, ਓਦੋਂ ਸਾਡਾ ਡੇਰਾ ਏਸੇ ਸ. ਦਰਸ਼ਨ ਸਿੰਘ ਸ਼ਹਿਰ ਮਿਲਵਾਕੀ ਦੇ ਘਰ ਲਗਾ ਸੀ। ਸਰਦਾਰ ਜੀ ਨੇ ਆਉਂਦਿਆਂ ਹੀ 100/- ਚਰਨਾਂ ਵਿਚ ਰਖ ਕੇ ਨਾਮਧਾਰੀਆਂ ਵਾਂਗ ਮੱਥਾ ਟੇਕਿਆ ਸੀ।

## ਇਕ ਜੋੜਾ ਹੋਰ

ਏਸੇ ਸਮੇਂ ਇਕ ਹੋਰ ਸਿੱਖ ਜੋੜਾ ਬੈਠਣ ਕਮਰੇ ਵਿਚ ਪਰਵੇਸ਼ ਕੀਤਾ। ਦੋਹਾਂ ਜੀਆਂ ਨੇ 100-100 ਦੇ ਨੋਟਾਂ ਨਾਲ ਨਮਸਕਾਰ ਕੀਤੀ। ਠਾਕੁਰ ਦਲੀਪ ਸਿੰਘ ਜੀ ਇਨ੍ਹਾਂ ਨੂੰ ਨਾਲ ਲੈ ਕੇ ਲਿਆਏ ਸਨ। ਨਮਸਕਾਰ ਕਰ ਇਕ ਪਾਸੇ ਹੋ ਕੇ ਜਦੋਂ ਜੀ ਬੈਠੇ ਤਾਂ ਸਤਿਗੁਰਾਂ ਮੈਨੂੰ ਜਾਣਕਾਰੀ ਦਿਤੀ: ਇਹ ਅੰਮ੍ਰਿਤਸਰੋਂ ਨੇ। ਐਸ. ਈ. ਨੇ ਨਹਿਰ ਮਹਿਕਮੇ ਦੇ। ਬੀਬੀ ਦਾ ਨਾਂ ਵੀ ਮਲਕੀਅਤ ਕੌਰ ਹੈ ਤੇ ਇਨ੍ਹਾਂ ਦਾ ਨਾਂ ਵੀ ਮਲਕੀਅਤ ਸਿੰਘ ਹੈ. ਬਰਾੜ ਨੇ।

ਸਤਿਗੁਰੂ ਜੀ ਨੇ ਬਚਨ ਜਾਰੀ ਰਖਿਆ: ਇਕ ਮੇਜਰ ਨੌਰੰਗ ਸਿੰਘ ਹੁੰਦੇ ਸਨ। ਸਤਿਗੁਰਾਂ (ਸਤਿਗੁਰੂ ਪ੍ਰਤਾਪ ਸਿੰਘ ਜੀ) ਨਾਲ ਉਨ੍ਹਾਂ ਦਾ ਬੜਾ ਪ੍ਰੇਮ ਸੀ। ਜਦੋਂ ਸੱਚੇ ਪਾਤਸ਼ਾਹ ਜੀ ਦਾ ਸਰੀਰ ਸ਼ਾਂਤ ਹੋਇਆ, ਓਦੋਂ ਉਹ ਡੀ. ਆਈ. ਜੀ. ਸਨ ਜਲੰਧਰ। ਫੁਰਤ ਆਏ ਭੈਣੀ ਸਾਹਿਬ ਅਤੇ ਨੰਗੇ ਪੈਰੀਂ ਸਸਕਾਰ ਲਈ ਨਾਲ ਗਏ। ਭੋਗ ਪੈਣ ਵੇਲੇ ਵੀ ਆਏ। ਉਨ੍ਹਾਂ ਦੀ ਲੜਕੀ ਹੈ ਇਹ ਬੀਬੀ। ਲੜਕਾ ਇਹਨਾਂ ਦਾ ਦੇਵਿੰਦਰ ਸਿੰਘ ਹੈ ਜੁ ਮੋਹਨ ਸਿੰਘ ਹੁਰਾਂ ਦੀ ਕੰਪਨੀ ਰੈਨਬੈਕਸੀ ਵਿਚ ਕੰਮ ਕਰਦਾ ਹੈ।

ਸਤਿਗੁਰਾਂ ਹੋਰ ਪਿਛੋਕੜ ਜੋੜਿਆ: ਪੰਡਿਤ ਬਸੰਤ ਸਿੰਘ ਸਨ ਪਧਾਣਿਆਂ (ਜਲੰਧਰ) ਤੋਂ, ਜਿਨ੍ਹਾਂ ਤੋਂ ਸੱਚੇ ਪਾਤਸ਼ਾਹ (ਸਤਿਗੁਰੂ ਪ੍ਰਤਾਪ ਸਿੰਘ) ਜੀ ਨੇ ਸੰਸਕ੍ਰਿਤ ਸਿੱਖੀ ਸੀ। ਇਹਨਾਂ ਦਾ ਪਰਵਾਰ ਹਰ ਬੱਚੇ ਦੇ ਜਨਮ ਸਮੇਂ ਉਹਨਾਂ ਤੋਂ ਰਸਨ ਪੁਆਂਦਾ ਹੈ।

ਦੋ ਕੁ ਹੋਰ ਬਚਨ ਕਰਕੇ ਇਹਨਾਂ ਨੂੰ ਵੀ ਵਿਦਾ ਬਖਸ਼ੀ ਗਈ।



Sri Satguru Jagjit Singh Ji Elibrary NamdhariElibrary@gmail.com

## ਸ੍ਰੀ ਗੌਰੀ ਸ਼ੰਕਰ

ਫਿਰ ਸ੍ਰੀ ਗੌਰੀ ਸ਼ੰਕਰ ਜੀ ਦਰਸ਼ਨਾਂ ਲਈ ਅੰਦਰ ਆਏ। ਮਾੜੂਆ ਸਰੀਰ, ਧੋਤੀ ਕੁੜਤਾ ਪਹਿਰਾਵਾ। ਸਿਰ ਦੇ ਵਾਲ ਪਿਛਾਂਹ ਸੁਟੇ ਹੋਏ, ਰੰਗ ਸਾਂਵਲਾ। ਸਤਿਗੁਰਾਂ ਹਾਲ ਚਾਲ ਪੁਛਿਆ। ਫਿਰ ਗਊਆਂ ਬਾਰੇ ਜਾਣਕਾਰੀ ਲਈ। ਗੌਰੀ ਸ਼ੰਕਰ ਨੇ ਦੱਸਿਆ ਕਿ ਆਸ਼ਰਮ ਨੇ ਗਊਆਂ ਗਊਸ਼ਾਲਾ ਨੂੰ ਦੇ ਦਿਤੀਆਂ ਹਨ।

ਸ੍ਰੀ ਗੌਰੀ ਸ਼ੰਕਰ ਨੇਚਰੋਪੈਥ ਹਨ (ਬਰੇਲੀ ਤੋਂ)। ਹੁਣ ਇਹਨਾਂ ਦਾ ਪਹਿਲਾ ਸੰਬੰਧਤ ਆਸ਼ਰਮ ਵਲੋਂ ਜੀਅ ਉਪਰਾਮ ਹੋ ਗਿਆ ਹੈ। ਇਹ ਸਤਿਗੁਰਾਂ ਵਲੋਂ ਕੁਝ ਪ੍ਰਬੰਧ ਚਾਹੁੰਦੇ ਹਨ। ਸਤਿਗੁਰਾਂ ਦੱਸਿਆ ਕਿ ਉਹਨਾਂ ਇਹਨਾਂ ਦੀ ਚਿੱਠੀ ਵਾਚ ਲਈ ਹੈ। ਓਦੋਂ ਤੋਂ ਹੀ ਕੋਈ ਜੁਗਾੜ ਸੋਚ ਰਹੇ ਹਨ। ਜਦੋਂ ਵੀ ਕਿਤੇ ਮੁਨਾਸਬ ਪ੍ਰਬੰਧ ਹੋ ਗਿਆ, ਬੁਲਾ ਲੈਣਗੇ। ਪਰ ਫਿਲਹਾਲ ਇਹ ਪਹਿਲੇ ਆਸ਼ਰਮ ਨਾਲ ਸੰਬੰਧਾਂ ਨੂੰ ਨਾ ਵਿਗਾੜਨ।

ਇਕ ਕੈਂਪ ਜੀਵਨ ਨਗਰ ਇਲਾਕੇ ਵਿਚ ਲੁਆਣ ਦਾ ਵੀ ਫੈਸਲਾ ਹੋਇਆ।

## ਯਾਦ ਡਾ: ਤ੍ਰਿਲੋਕ ਸਿੰਘ ਦੀ

ਸਤਿਗੁਰੂ ਜੀ ਨੇ ਡਾ: ਗੌਰੀ ਸ਼ੰਕਰ ਨੂੰ ਡਾ: ਤ੍ਰਿਲੋਕ ਸਿੰਘ (ਕੁਦਰਤ ਦਾ ਨੇਚਰੋਪੈਥ) ਦੇ ਇਕਦਮ ਅਸਵਸਥ ਹੋ ਜਾਣ ਦੀ ਖ਼ਬਰ ਸੁਣਾਈ, ਕਿ ਕਿਵੇਂ ਉਨ੍ਹਾਂ ਨੇ ਇਕ ਦਿਨ ਕੈਂਪ ਵਿਚ ਪਿਆ ਕਰਾਇਆ ਵੀ ਭੇਟ ਕਰ ਦਿਤਾ, ਪਰ ਅਗਲੇ ਦਿਨ ਉਹ ਰਾਜ਼ੀ ਹੋ ਗਏ ਅਤੇ ਆਸਾ ਦੀ ਵਾਰ ਵਿਚ ਆ ਬੈਠੇ। ਅਜਿਹੇ ਆਦਮੀ ਦੇ ਚਲੇ ਜਾਣ ਤੋਂ ਜੋ ਥਾਂ ਖ਼ਾਲੀ ਹੁੰਦੀ ਹੈ। ਉਹ ਪੂਰ ਕਰਨੀ ਔਖੀ ਹੋ ਜਾਂਦੀ ਹੈ।

## ਬੀਂਡੇ ਦਾ ਬੱਚਾ

ਸ੍ਰੀ ਜੀਵਨ ਨਗਰ ਵਿਚ ਇਕ ਉਦਮੀ ਸੇਵਕ, ਪਸ਼ੂ ਪਾਲ, ਸੰਤ ਮਹਿੰਦਰ ਸਿੰਘ ਬੀਂਡੇ ਦੇ ਬੱਚੇ ਬਾਰੇ ਠਾਕੁਰ ਦਲੀਪ ਸਿੰਘ ਜੀ ਨੇ ਸਤਿਗੁਰਾਂ ਨੂੰ ਅਰਜ਼ ਕੀਤੀ: ਜੀ ਬੱਚਾ ਬਹੁਤ ਬਿਮਾਰ ਹੈ ਅਤੇ ਮਹਿੰਦਰ ਸਿੰਘ ਇਸ ਰੋਗੀ ਬੱਚੇ ਬਾਰੇ ਬੜਾ ਮਹਿਸੂਸ ਕਰਦਾ ਹੈ। ਕਿਰਪਾ ਹੋ ਜਾਵੇ। ਸਤਿਗੁਰੂ ਜੀ ਨੇ ਭਜਨ ਬਾਣੀ ਕਰਦੇ ਰਹਿਣ ਅਤੇ ਡਾਕਟਰੀ ਜਤਨਾਂ ਨੂੰ ਜਾਰੀ ਰਖਣ ਲਈ ਹੀ ਆਖਿਆ। ਜੋ ਰਜ਼ਾ ਅਕਾਲ ਪੁਰਖ ਦੀ ਉਸੇ ਨੂੰ ਮਿੱਠਾ ਕਰਕੇ ਮੰਨਣ ਲਈ ਸਮਝਾਇਆ। ਸਤਿਗੁਰਾਂ ਦੱਸਿਆ: ਉਹ ਛੋਟਾ ਜਿਹਾ ਬੱਚਾ ਏਨਾ ਪਿਆਰਾ ਅਤੇ ਸੁੰਦਰ ਹੈ ਕਿ ਜੋ ਵੀ ਉਸਨੂੰ ਵੇਖਦਾ ਉਠਾ ਲੈਂਦਾ। ਕਿਸੇ ਖ਼ੂਬਸੂਰਤ ਬੱਚੇ ਦਾ ਇੰਜ ਰੋਗ ਦੇ ਪੰਜੇ ਵਿਚ ਫਸ ਜਾਣਾ, ਮਾਪਿਆਂ ਨੂੰ ਪਰੇਸ਼ਾਨ ਤਾਂ ਕਰਦਾ ਹੀ ਹੈ।

## ਸ. ਇੰਦਰ ਸਿੰਘ ਬਨਾਰਸ

ਸ. ਸੇਵਾ ਸਿੰਘ ਨਾ: ਦੇ: ਨੇ ਸਤਿਗੁਰਾਂ ਨੂੰ ਅਰਜ਼ ਕੀਤੀ: ਜੀ ਬਨਾਰਸ ਵਾਲੇ ਇੰਦਰ ਸਿੰਘ ਜੀ ਦਰਸ਼ਨ ਕਰਨਾ ਚਾਹੁੰਦੇ ਹਨ। ਸਤਿਗੁਰਾਂ ਬਚਨ ਕੀਤਾ: ਆ ਜਾਣ, ਪਰ



Sri Satguru Jagjit Singh Ji Elibrary NamdhariElibrary@gmail.com

ਤੁਸਾਂ ਵੀ ਨਾਲ ਆਉਣਾ । ਅਤੇ ਆ ਕੇ ਨਮਸਕਾਰ ਕਰਕੇ ਸ. ਇੰਦਰ ਸਿੰਘ ਨੇ ਕਾਕੇ ਦੇ ਵਿਆਹ ਕਰਨ ਦੀ ਆਗਿਆ ਮੰਗੀ । ਸ. ਬਲਵੰਤ ਸਿੰਘ ਸੁੰਦਰ ਨਗਰ (ਹਿਮਾਚਲ) ਵਾਲਿਆਂ ਵੱਲ ਛੋਟੇ ਲੜਕੇ ਨੂੰ ਮੰਗਿਆ ਸੀ । ਸਤਿਗੁਰੂ ਜੀ ਨੇ ਪੁੱਛਿਆ : ਉਹ ਨਾਮਧਾਰੀ ਹਨ ? ਇੰਦਰ ਸਿੰਘ : ਉਹ ਮਾਸ ਸ਼ਰਾਬ ਨਹੀਂ ਖਾਂਦੇ ਪੀਂਦੇ । ਭੈਣੀ ਸਾਹਿਬ ਵੀ ਆਉਂਦੇ ਰਹਿੰਦੇ ਹਨ । ਸਤਿਗੁਰੂ ਜੀ : ਇਹ ਗੱਲ ਨਹੀਂ । ਭੈਣੀ ਸਾਹਿਬ ਤਾਂ ਮੁਸਲਮਾਨ ਵੀ ਆਉਂਦੇ ਰਹਿੰਦੇ ਹਨ । ਉਹ ਵੀ ਅਨੇਕਾਂ ਹਨ ਜੋ ਮਾਸ ਸ਼ਰਾਬ ਨਹੀਂ ਵਰਤਦੇ । ਤੁਸੀਂ ਦੱਸੋ ਕਿ ਉਹ ਨਾਮਧਾਰੀ ਹੈਨ ਕਿ ਨਹੀਂ ? ਇੰਦਰ ਸਿੰਘ : ਜੀ ਉਨ੍ਹਾਂ ਨੂੰ ਭੈਣੀ ਸਾਹਿਬ ਆ ਕੇ ਵਿਆਹ ਕਰਨ ਨੂੰ ਮਨਾ ਲਿਆ ਹੈ । ਸਤਿਗੁਰੂ ਜੀ : ਵਿਆਹ ਕਰਨ ਨੂੰ ਵੀ ਲੋਕੀਂ ਮੰਨ ਜਾਂਦੇ ਨੇ । ਪਰ ਮੈਨੂੰ ਪਤਾ ਹੈ ਜਦੋਂ ਨਾਮਧਾਰੀ ਧੀਆਂ ਅ-ਨਾਮਧਾਰੀਆਂ ਦੇ ਘਰੀਂ ਵਿਆਹੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਮੁਸ਼ਕਲਾਂ ਪੇਸ਼ ਆਉਂਦੀਆਂ ਹਨ । ਤੁਸੀਂ ਮਾਪੇ ਤਾਂ ਵਿਆਹ ਕਰਕੇ ਸੁਰਖ਼ਰੂ ਹੋ ਜਾਂਦੇ ਹੋ, ਫਿਰ ਲੜਕੀਆਂ ਵਲੋਂ ਮੈਨੂੰ ਪਰੇਸ਼ਾਨੀਆਂ ਦੱਸੀਆਂ ਜਾਂਦੀਆਂ ਹਨ । ਅਤੇ ਚੰਦ ਮਿੰਟ ਸਮਝਾ ਕੇ ਸਤਿਗੁਰੂ ਜੀ ਨੇ ਇਸ ਸੰਜੋਗ ਦੀ ਪਰਵਾਨਗੀ ਨਾ ਦਿਤੀ । ਅਤੇ ਫ਼ਰਮਾਇਆ : ਮੈਨੂੰ ਪਤਾ ਹੈ ਹੁਣ ਤੁਸੀਂ, ਮੈਨੂੰ ਮਿਲਣ ਨਾਲੋਂ ਬਣੇ ਹੋਏ ਸਾਕਾਂ ਨੂੰ ਤਰਜੀਹ ਦਿਓਗੇ । ਪਰ ਮੈਂ ਜੋ ਕੁਝ ਠੀਕ ਸਮਝਿਆ ਹੈ, ਤੁਹਾਨੂੰ ਦੱਸ ਦਿਤਾ ਹੈ । ਚੰਗੀ ਗੱਲ ਇਹੋ ਹੈ ਕਿ ਤੁਸੀਂ ਉਨ੍ਹਾਂ ਨੂੰ ਜਵਾਬ ਦਿਓ । ਲੜਕੇ ਦਾ ਵਿਆਹ ਹੋ ਜਾਇਗਾ ।

### ਖੁਲ੍ਹਿਆਂ ਵਲ ਵਿਆਹ ਦਾ ਅਨੁਭਵ

ਸੱਚੇ ਪਾਤਸ਼ਾਹ ਜੀ ਨੇ ਇਕ ਪੁਰਾਣੀ ਘਟਨਾ ਸੁਣਾਈ : ਇਕ ਲੜਕੀ ਮੈਨੂੰ ਪਟਿਆਲੇ ਚਕ੍ਰਵਰਤੀ ਜੀ ਦੇ ਘਰ ਮਿਲੀ । ਇਸ ਗੱਲ ਨੂੰ ਕਈ ਸਾਲ ਹੋ ਗਏ ਨੇ । ਰੋ ਰੋ ਕੇ ਉਸ ਲੋਕੇ ਹਾਲ ਕਹਿ ਲਏ । ਕਹੇ : ਮਾਪਿਆਂ ਨੇ ਅਗਲੇ ਘਰ ਦੀ ਦੌਲਤ ਵੇਖ ਕੇ ਮੈਨੂੰ ਵਿਆਹ ਦਿਤਾ । ਉਹ ਮਾਸ ਖਾਣ ਵਾਲੇ ਤੇ ਸ਼ਰਾਬ ਪੀਣ ਵਾਲੇ ਸਨ । ਉਹਨਾਂ ਦਾ ਜ਼ੋਰ ਸੀ ਕਿ ਉਨ੍ਹਾਂ ਲਈ ਮਾਸ ਰਿੰਨ੍ਹਾਂ । ਮੇਰੇ ਇਨਕਾਰ ਕਰਨ ਤੇ ਸਾਰੀ ਸਾਰੀ ਰਾਤ ਮੰਜੇ ਦੇ ਪਾਵਿਆਂ ਥੱਲੇ ਹੱਥ ਰਖ ਕੇ ਆਪ ਘੁਰਾੜੇ ਮਾਰਦੇ ਸੌਂ ਰਹਿੰਦੇ । ਅੱਜ ਮੈਂ ਜਿਵੇਂ ਕਿਵੇਂ ਚੋਰੀ ਨੱਸ ਕੇ ਆਈ ਹਾਂ । ਪਤਾ ਨਹੀਂ ਮੇਰੀ ਕੀ ਬਾਬ ਹੋਵੇ । ਮੁੜ ਕੇ ਉਸ ਨੂੰ ਮੈਂ ਵੀ ਨਹੀਂ ਮਿਲ ਸਕਿਆ । ਕੋਈ ਮਦਦ ਵੀ ਨਹੀਂ ਪਹੁੰਚ ਸਕੀ । ਓਪਰਿਆਂ ਨਾਲ ਸਾਡਾ ਕੀ ਜ਼ੋਰ । ਉਂਜ ਮੈਂ ਉਸ ਦਿਨ ਤੋਂ ਪੱਕਾ ਹੋ ਗਿਆ ਹਾਂ ਕਿ ਨਾਮਧਾਰੀ ਕੁੜੀਆਂ ਨੂੰ ਕਿਸੇ ਹਾਲਤ ਵਿਚ ਖੁਲ੍ਹਿਆਂ ਦੇ ਨਹੀਂ ਜਾਣ ਦੇਣਾ । ਜੇ ਤੁਸੀਂ ਖੁਲ੍ਹਿਆਂ ਵੱਲ ਲੜਕੇ ਵਿਆਹੋਗੇ ਤਾਂ ਨਾਮਧਾਰੀ ਧੀਆਂ ਕਿਧਰ ਜਾਣਗੀਆਂ !

ਅਤੇ ਇਹ ਸਭ ਕੁਝ ਸੁਣ ਦੁਬਿਧਾ ਵਿਚ ਪਿਆ ਸ. ਇੰਦਰ ਸਿੰਘ, ਘਰ ਵਾਲਿਆਂ ਨੂੰ ਜਾ ਮਿਲਿਆ । ਸਬੱਬ ਨਾਲ ਸਤਿਗੁਰੂ ਓਧਰੋਂ ਹੀ ਲੰਘ ਰਹੇ ਸਨ, ਉਨ੍ਹਾਂ ਕੋਠੀ ਅੰਦਰ ਖਲੋਤੇ ਇੰਦਰ ਸਿੰਘ ਪਰਵਾਰ ਨੂੰ ਪਰੇਰਨਾ ਦਿਤੀ ਕਿ ਬਲਵੰਤ ਸਿੰਘ ਸੁੰਦਰ ਨਗਰ ਨੂੰ ਜਵਾਬ ਦੇ ਦੇਣ ਕਿ ਅਸਾਂ ਖੁਲ੍ਹਿਆਂ ਵਲ ਲੜਕਾ ਨਹੀਂ ਵਿਆਹੁਣਾ । ਸਤਿਗੁਰਾਂ ਸਮਝਾਇਆ : ਤੁਸੀਂ ਸਭ ਕੁਝ ਜਾਣਦੇ ਬੁਝਦੇ ਇਹ ਕੰਮ ਕਰਦੇ ਓ, ਫਿਰ ਮੇਰੇ



Sri Satguru Jagjit Singh Ji Elibrary NamdhariElibrary@gmail.com

ਜ਼ਿੰਮੇ ਲਾਉਂਦੇ ਓ ਕਿ ਵਿਆਹ ਕਰਨ ਦੀ ਮਨਜ਼ੂਰੀ ਨਹੀਂ ਦਿੰਦਾ।

11.30 ਤਕ ਸੰਗਤ ਵਿਚ ਹਾਲ ਕਮਰੇ ਵਿਚ ਬੈਠੀ ਹੋ ਗਈ। ਸਤਿਗੁਰੂ ਜੀ ਨੇ ਫੇਰ ਕਿਰਪਾ ਕੀਤੀ, ਦਰਸ਼ਨ ਦਿਤੇ, ਬਚਨ ਕੀਤੇ। 12 ਵਜੇ ਪਰਵਾਰਕ ਮੀਟਿੰਗ ਸ਼ੁਰੂ ਹੋ ਗਈ। ਬੇਬੇ ਜੀ, ਠਾਕੁਰ ਦਲੀਪ ਸਿੰਘ ਜੀ ਜੀਵਨ ਨਗਰੋਂ ਆਏ ਸਨ। ਪਹਿਲੀ ਵਾਰ ਮਿਲਿਆਂ ਬੇਬੇ ਦਲੀਪ ਕੌਰ ਜੀ ਨੇ ਮਾਤਾ ਚੰਦ ਕੌਰ ਜੀ ਨੂੰ ਬਾਕਾਇਦਾ ਚਰਨੀਂ ਹੱਥ ਲਾਇਆ।

## ਬੀਬੀ ਮਾਇਆ ਦੇਵੀ ਨਮਿਤ

ਰਘੁਬੀਰ ਨਗਰ ਵਿਖੇ ਸੰਤ ਚੰਨਣ ਸਿੰਘ ਦੀ ਪਤਨੀ ਬੀਬੀ ਮਾਇਆ ਦੇਵੀ ਨਮਿਤ ਅੱਜ ਨਿਤਨੇਮ ਦੇ ਸਮੇਂ ਹੀ ਚੱਲ ਪਿਆ। ਸੰਤ ਸੇਵਾ ਸਿੰਘ ਜਥੇਦਾਰ ਦਾ ਦੀਵਾਨ ਦੀ ਥੋੜ੍ਹਾ ਸਮਾਂ ਸੁਣਿਆ। ਕੀਰਤਨ ਸਮੇਂ ਜੋ ਮਾਇਆ ਚੜ੍ਹੀ, ਜਥੇਦਾਰ ਜੀ ਨੇ ਸਤਿਗੁਰਾਂ ਦੇ ਚਰਨਾਂ ਵਿਚ ਲਿਆ ਧਰੀ। ਜਥੇਦਾਰ ਜੀ ਸਦਾ ਹੀ ਇੰਜ ਕਰਦੇ ਹਨ। ਸੰਤ ਚੰਨਣ ਸਿੰਘ ਹੁਰਾਂ, ਪਾਠ ਭੋਗ, ਰਾਗ ਮਾਲਾ, ਸਦ, ਉਪਰੰਤ ਦੀਵਾਨ ਦੀ ਸਮਾਪਤੀ ਤੇ ਅਰਜ਼ ਕਰਕੇ ਜਲਪਾਨ ਦੀ ਸੇਵਾ ਕੀਤੀ।

## ਪਾਰਟੀ ਜਗਜੀਵਨ ਰਾਮ ਨੂੰ

6.30 ਵਜੇ ਸ਼ਾਮੀਂ ਜਦੋਂ ਸ. ਸੁਰਿੰਦਰ ਸਿੰਘ ਮਨਚੰਦਾ, ਉਸ ਦੇ ਸਹੁਰਾ ਸਾਹਿਬ ਸ. ਕਰਤਾਰ ਸਿੰਘ ਹੈਦਰਾਬਾਦੀ ਅਤੇ ਮੈਂ ਸ੍ਰੀ ਹਰੀ ਪ੍ਰਤਾਪ ਨਿਵਾਸ ਵਿਚ ਦਾਖ਼ਲ ਹੋਏ ਤਾਂ ਦ੍ਰਿਸ਼ ਕੌਤੂਹਲ ਭਰਪੂਰ ਸੀ। ਕੋਠੀ ਦੇ ਘਾਹ ਕਿੱਤੇ ਦੁਆਲੇ ਕਨਾਤਾਂ, ਕੁਰਸੀਆਂ ਵਿਚ ਜੁਗਨੂੰ-ਬਲਬ, ਕੁਰਸੀਆਂ ਲਗਾ ਕੇ ਪੂਰਬੀ ਬਾਹੀ ਵਲ ਕੋਈ 3 ਫੁਟ ਉਚਾ ਮੰਚ ਸਥਾਪਤ ਹੋਇਆ ਪਿਆ ਸੀ। ਮੰਚ ਤੇ ਪਏ ਸੋਫ਼ੇ ਕਿਸੇ ਦੀ ਉਡੀਕ ਵਿਚ ਸਨ। ਮੰਚ ਉਤੋਂ ਫੋਟੋਗ੍ਰਾਫ਼ੀ ਹੋ ਰਹੀ ਸੀ ਅਤੇ ਦ੍ਰਿਸ਼ਟੀ ਬਿੰਦੂ ਸਨ ਸ੍ਰੀ ਸਤਿਗੁਰੂ ਜੀ, ਨਾਲ ਉਪ ਪ੍ਰਧਾਨ ਮੰਤਰੀ ਡੀਫ਼ੈਂਸ ਮਨਿਸਟਰ ਜਗਜੀਵਨ ਰਾਮ ਅਤੇ ਧਨੀ ਮਾਨੀ ਲੋਕ। ਸੇਠ ਤਰਲੋਕ ਸਿੰਘ ਸ੍ਰੀ ਜਗਜੀਵਨ ਰਾਮ ਦੇ 72ਵੇਂ ਜਨਮ ਦਿਨ ਦੇ ਸੰਬੰਧ ਵਿਚ ਪਾਰਟੀ ਦੇ ਰਹੇ ਸਨ।

ਜਿਉਂ ਹੀ ਸਤਿਗੁਰੂ ਜੀ ਅਤੇ ਉਪ ਪ੍ਰਧਾਨ-ਮੰਤਰੀ, ਡੀਫ਼ੈਂਸ ਮਨਿਸਟਰ ਸੋਫ਼ਿਆਂ ਉਤੇ ਬੈਠੇ, ਤਮਾਮ ਨਿਮੰਤ੍ਰਿਤ ਪ੍ਰਾਹੁਣੇ—ਇਸਤਰੀ ਪੁਰਸ਼—ਕੁਰਸੀਆਂ ਤੇ ਸਜ ਗਏ। ਸੱਜੇ ਪਾਸੇ ਦੇ ਸੋਫ਼ੇ ਤੋਂ, ਫਰਲਡ ਕੋਰਟ ਦੇ ਸਨਮਾਨਯੋਗ ਜੱਜ ਸ੍ਰੀ ਨਰਿੰਦਰ ਸਿੰਘ, ਚੌਧਰੀ ਬ੍ਰਹਮ ਪ੍ਰਕਾਸ਼ (ਦਿੱਲੀ ਦੇ ਸਾਬਕਾ ਪ੍ਰਬੰਧ ਮੁਖੀ) ਸ੍ਰੀ ਜਗਜੀਵਨ ਰਾਮ, ਸ੍ਰੀ ਸਤਿਗੁਰੂ ਜੀ, ਥਾਈਲੈਂਡ ਦੇ ਰਾਜਦੂਤ ਸਾਹਿਬ, ਸ. ਜਸਵੰਤ ਸਿੰਘ ਸੇਠੀ ਪ੍ਰਧਾਨ ਦਿੱਲੀ ਸਿਖ ਗੁਰਦੁਆਰਾ ਕਮੇਟੀ, ਮਹਾਰਾਜ ਬੀਰ ਸਿੰਘ ਜੀ, ਸ. ਇੰਦਰਜੀਤ ਸਿੰਘ ਚੇਅਰਮੈਨ, ਪੰਜਾਬ ਐਂਡ ਸਿੰਧ ਬੈਂਕ, ਰਮੇਸ਼ ਜੀ ਅਤੇ ਸਾਹਨੀ ਸਾਹਿਬ ਟ੍ਰੇਡਰਜ਼ ਬੈਂਕ। ਪਿਛਲੀਆਂ ਕੁਰਸੀਆਂ ਤੇ ਖੱਬਿਓਂ ਸੱਜੇ ਸੇਠ ਤਰਲੋਕ ਸਿੰਘ ਚਾਵਲਾ, ਸ. ਜਗਤਾਰ ਸਿੰਘ ਪਨਿਹਾਰੀ, ਠਾਕੁਰ ਦਲੀਪ ਸਿੰਘ ਜੀ ਅਤੇ ਇਕ ਦੋ ਹੋਰ।



Sri Satguru Jagjit Singh Ji Elibrary NamdhariElibrary@gmail.com

ਅੱਜ ਦੀ ਸਭਾ ਦਾ ਮੰਚ ਸੰਚਾਲਨ ਸ. ਹਰਵਿੰਦਰ ਸਿੰਘ ਹੰਸਪਾਲ ਦੇ ਹੱਥ ਸੀ। ਹਿੰਦੀ ਵਿਚ ਬੋਲਦਿਆਂ, ਥੋੜ੍ਹੇ ਅਤੇ ਢੁਕਵੇਂ ਸ਼ਬਦਾਂ ਵਿਚ ਹੰਸਪਾਲ ਜੀ ਨੇ ਬਾਬੂ ਜਗਜੀਵਨ ਰਾਮ ਅਤੇ ਸੇਠ ਤਰਲੋਕ ਸਿੰਘ ਦਾ ਪ੍ਰਸਪਰ ਪ੍ਰੇਮ, ਜਿਸ ਦੇ ਕਾਰਨ ਅੱਜ ਦੀ ਪਾਰਟੀ ਹੋ ਰਹੀ ਸੀ ਅਤੇ ਫਿਰ ਨਾਮਧਾਰੀ ਜਗਤ ਵਲ ਡੀਫੈਂਸ ਮਨਿਸਟਰ ਦੀ ਪਹੁੰਚ ਦੱਸ ਕੇ, ਸੁਆਗਤ ਹਾਰ ਪਹਿਨਾਣ ਲਈ ਵਿਅਕਤੀਆਂ ਨੂੰ ਬੁਲਾਇਆ ਜਾਣ ਲੱਗਾ।... 150 ਨਿਮੰਤ੍ਰਿਤ ਇਸਤਰੀ-ਪੁਰਸ਼ਾਂ ਦਾ ਇਕ ਸਰਕਲ।

## ਸੁਆਗਤ ਹਾਰ

6.45 ਤੋਂ ਪਹਿਲ ਮਹਾਰਾਜ ਜੀ ਵਲੋਂ ਹਾਰਾਂ ਦੀ, ਸ੍ਰੀ ਸਤਿਗੁਰੂ ਜੀ ਅਤੇ ਡੀਫੈਂਸ ਮਨਿਸਟਰ ਜਗਜੀਵਨ ਰਾਮ ਨੂੰ। ਫਿਰ ਸੇਠ ਤਰਲੋਕ ਸਿੰਘ ਹੁਰਾਂ ਅੱਜ ਦੀ ਸਭਾ ਦੇ ਪ੍ਰਧਾਨ ਮਹਾਰਾਜ ਬੀਰ ਸਿੰਘ ਜੀ ਨੂੰ ਹਾਰ ਪਹਿਨਾਅ ਕੇ ਸ੍ਰੀ ਸਤਿਗੁਰੂ ਜੀ ਦੇ ਗਲੇ ਹਾਰ ਪਹਿਨਾਏ ਅਤੇ ਚਰਨਾਂ ਤੇ ਢਹਿ ਕੇ ਨਮਸਕਾਰ ਕੀਤੀ। ਅਤੇ ਤੀਜਾ ਹਾਰ ਬਾਬੂ ਜੀ ਦੇ, ਚੌਥਾ ਥਾਈ ਲੈਂਡ ਦੇ ਰਾਜਦੂਤ ਗਲ। ਫੇਰ ਥਾਈ ਰਾਜਦੂਤ ਨੇ ਸ੍ਰੀ ਸਤਿਗੁਰੂ ਜੀ ਅਤੇ ਜਗਜੀਵਨ ਰਾਮ ਜੀ ਨੂੰ ਹਾਰ ਪਹਿਨਾ ਕੇ ਸਨਮਾਨਿਤ ਕੀਤਾ। ਚੌਧਰੀ ਬ੍ਰਹਮ ਪ੍ਰਕਾਸ਼ ਵਲੋਂ ਇਕ ਹਾਰ ਬਾਬੂ ਜਗਜੀਵਨ ਰਾਮ ਅਤੇ ਇਕ ਸ੍ਰੀ ਸਤਿਗੁਰੂ ਜੀ ਨੂੰ, ਹੋਰ ਵੀ ਸਤਿਕਾਰਤ ਵਿਅਕਤੀਆਂ ਨੇ ਸਤਿਗੁਰੂ ਜੀ ਨੂੰ ਅਤੇ ਬਾਬੂ ਜੀ ਨੂੰ ਹਾਰ ਪਹਿਨਾਏ। ਉਸ ਵੇਲੇ ਤਾਂ ਹਾਸਾ ਹੀ ਮਚ ਗਈ ਜਦੋਂ ਦੋਹਾਂ ਨੂੰ ਹਾਰ, ਸ੍ਰੀ ਰਣਧੀਰ ਆਫ਼ "ਮਿਲਾਪ" ਨੇ ਪਹਿਨਾਏ ਅਤੇ ਸਤਿਗੁਰਾਂ ਰਣਬੀਰ ਜੀ ਨੂੰ ਉਹੋ ਹਾਰ ਪਾ ਦਿਤਾ।

## ਮਹਾਰਾਜ ਬੀਰ ਸਿੰਘ ਜੀ

8.00 ਵਜੇ ਤਕ ਇਹ ਪੁਸ਼ਪ ਹਾਰ ਕਾਰਵਾਈ ਚਲੀ। ਫਿਰ ਮਹਾਰਾਜ ਜੀ ਨੇ ਹਿੰਦੀ ਵਿਚ ਲਿਖਿਆ ਹੋਇਆ ਸਵਾਗਤੀ ਭਾਸ਼ਣ ਪੜ੍ਹਿਆ, ਜਿਸ ਵਿਚ ਬਾਬੂ ਜਗਜੀਵਨ ਰਾਮ ਦੀ ਕੰਮ ਕਰਨ ਦੀ ਯੋਗਤਾ ਅਤੇ ਖ਼ਾਸ ਕਰ, ਮਲੇਰ ਕੋਟਲੇ ਦੇ ਰੱਕੜ ਵਿਚ ਜਿਥੇ ਨਾਮਧਾਰੀ ਸਿੰਘ ਤੋਪਾਂ ਅੱਗੇ ਉਡਾ, ਸ਼ਹੀਦ ਕੀਤੇ ਗਏ ਸਨ, ਉਸਦੀ 6 ਏਕੜ ਜ਼ਮੀਨ ਨਾਮਧਾਰੀਆਂ ਨੂੰ ਦੇਣ ਦੀ ਚਰਚਾ ਸੀ।

## ਬਾਬੂ ਜਗਜੀਵਨ ਰਾਮ ਉਪ ਪ੍ਰਧਾਨ ਮੰਤਰੀ

ਬਾਬੂ ਜਗਜੀਵਨ ਰਾਮ ਨੇ ਇਸ ਦੇ ਉੱਤਰ ਵਿਚ ਉਠ ਕੇ ਆਖਿਆ ਕਿ ਉਨ੍ਹਾਂ ਨੂੰ ਇਹ ਮਾਲੂਮ ਨਹੀਂ ਸੀ ਕਿ ਏਥੇ ਆ ਕੇ ਏਨੀ ਤਾਰੀਫ਼ ਸੁਣਨ ਨੂੰ ਮਿਲੇਗੀ, ਇਹ ਪਰੇਸ਼ਾਨ ਕਰਦੀ ਹੈ। ਉਹ ਤਾਂ ਕੇਵਲ ਏਨਾ ਹੀ ਜਾਣਦੇ ਸਨ ਕਿ ਏਥੇ ਆਇਆਂ ਸਤਿਗੁਰਾਂ ਦੇ ਦਰਸ਼ਨ ਅਤੇ ਮੁਲਾਕਾਤ ਹੋਵੇਗੀ। ਪਰ ਅਸਲ ਵਿਚ ਤਾਂ ਏਥੇ ਮੇਰੇ ਸਤਿਕਾਰ ਦਾ ਹੀ ਆਯੋਜਨ ਹੈ, ਇਹਦਾ ਤਾਂ ਧੰਨਵਾਦ ਹੀ ਹੈ।

## ਸ੍ਰੀ ਸਤਿਗੁਰੂ ਜੀ

ਉਪਰੰਤ ਸ੍ਰੀ ਸਤਿਗੁਰੂ ਜੀ ਨੇ ਬਾਬੂ ਜੀ ਦੀ ਲੰਮੀ ਉਮਰ ਦੀ ਕਾਮਨਾ



Sri Satguru Jagjit Singh Ji Elibrary NamdhariElibrary@gmail.com

ਕਰਦਿਆਂ ਉਨ੍ਹਾਂ ਨੂੰ ਆਸ਼ੀਰਵਾਦ ਦਿਤਾ ਅਤੇ ਬਚਨ ਕੀਤਾ, ਉਹ ਜਨ ਸੇਵਕ ਜੋ ਪਿਛੇ ਰਹਿ ਕੇ ਵੱਡੇ ਵੱਡੇ ਕੰਮ ਕਰ ਜਾਂਦੇ ਹਨ, ਉਹਨਾਂ ਦੀ ਸਲਾਘਾ ਜਿੰਨੀ ਕੀਤੀ ਜਾਇ ਓਨੀ ਥੋੜ੍ਹੀ ਹੈ। ਸੱਚੇ ਪਾਤਸ਼ਾਹ ਜੀ ਨੇ ਵੀ ਡੀਫੈਂਸ ਮਨਿਸਟਰ ਸ੍ਰੀ ਜਗਜੀਵਨ ਰਾਮ ਜੀ ਦੁਆਰਾ ਨਾਮਧਾਰੀਆਂ ਨੂੰ ਉਨ੍ਹਾਂ ਦੇ ਇਤਿਹਾਸ ਨਾਲ ਸੰਬੰਧਤ ਥਾਂ ਅਰਪਣ ਕਰਨ ਦੀ ਪ੍ਰਸ਼ੰਸਾ ਕੀਤੀ ਅਤੇ ਅਜਿਹੇ ਸਮੇਂ ਬਾਰ ਬਾਰ ਪੈਦਾ ਹੋਣ ਦੀ ਇੱਛਾ ਦੱਸੀ ਜੈਸਾ ਅੱਜ ਬਣਿਆ ਹੈ।

ਇਸ ਤੋਂ ਸੇਠ ਤਰਲੋਕ ਸਿੰਘ ਵਲੋਂ ਸ. ਇੰਦਰਜੀਤ ਸਿੰਘ ਨੇ ਜਗਜੀਵਨ ਰਾਮ ਜੀ ਦੀ ਤਾਰੀਫ ਵਿਚ ਕੁਛ ਸ਼ਬਦ ਆਖੇ ਅਤੇ ਆਏ ਹੋਏ ਸਜਣਾਂ ਦਾ ਧਨਵਾਦ ਕੀਤਾ। ਅਤੇ ਸਾਰੀ ਸਭਾ ਖਾਣ ਪੀਣ ਲਈ ਉਠ ਬੈਠੀ।

ਅੱਧਾ ਘੰਟਾ ਹੀ ਲਗਾ ਇਸ ਸਮਾਗਮ ਨੂੰ।

## ਸਰਦਾਰਾ ਸਿੰਘ 'ਪੰਥਕ ਏਕਤਾ'

ਸਜੇ ਹੋਏ ਟੇਬਲਾਂ ਤੇ ਸਾਤ੍ਵਿਕ ਭੋਜਨ ਪਰੋਸਿਆ ਹੋਇਆ ਸੀ ਜਿਸ ਨੂੰ ਨਿਮੰਤ੍ਰਿਤ ਸੱਜਣ ਹਸਬ ਇਛਾ ਛਕਦੇ ਛਕਾਂਦੇ ਰਹੇ। ਸ੍ਰੀ ਸਤਿਗੁਰੂ ਜੀ ਨਾਲ ਏਥੇ ਵੀ ਕਈ ਲੋਕ ਆ, ਨਮਸਕਾਰ ਕਰ ਗੱਲਾਂ ਬਾਤਾਂ ਕਰਦੇ ਰਹੇ। ਸੱਚੇ ਪਾਤਸ਼ਾਹ ਇਸ ਖਾਣ ਪੀਣ ਵਿਚ ਚਲਦੇ ਫਿਰਦੇ ਦਰਸ਼ਨ ਦੇ ਰਹੇ ਸਨ। 'ਪੰਥਕ ਏਕਤਾ' ਅਖਬਾਰ ਦਾ ਸੰਪਾਦਕ ਸਰਦਾਰਾ ਸਿੰਘ, ਦਰਮਿਆਨਾ ਕੱਦ, ਲੰਮੀ ਕਰੜ ਬਰੜੀ ਦਾੜ੍ਹੀ, ਨੀਲੀ ਪੱਗੜੀ, ਨਮਸਕਾਰ ਕਰਕੇ ਕਹਿਣ ਲਗਾ: ਮੈਂ ਅਕਾਲੀਆਂ ਕੋਲੋਂ ਗਾਲੀਆਂ ਖਾਣ ਤੋਂ ਪਰਹੇਜ਼ ਨਹੀਂ ਕਰਦਾ, ਤੁਹਾਡੀ ਫੋਟੋ ਜ਼ਰੂਰ ਛਾਪ ਦਿੰਦਾ ਹਾਂ। ਇਕ ਵਾਰ ਸਵਰਗਵਾਸੀ ਗਿਆਨੀ ਕਰਤਾਰ ਸਿੰਘ (ਸਿੱਖਾਂ ਦਾ ਦਿਮਾਗ) ਨੇ ਲੰਮਾ ਸਫ਼ਰ ਕਰਨਾ ਸੀ। ਬਾਬਾ ਰਾਮ ਸਿੰਘ ਜੀ ਦੀ ਜੀਵਨੀ ਦੀ ਕਿਤਾਬ ਲੈ ਲਈ, ਜਦੋਂ ਮੁਕੀ, ਰੋਣਾ ਸ਼ੁਰੂ ਕਰ ਦਿਤਾ। ਇਕ ਘੰਟਾ ਰੋਂਦਾ ਰਿਹਾ। ਮੈਂ ਪੁੱਛਿਆ: ਗਿਆਨੀ ਜੀ, ਏਨੀ ਕੀ ਗੱਲ ਹੋਈ? ਕਹਿੰਦਾ: ਮੈਨੂੰ ਬੁਲਾ ਨ! ਓਦੋਂ ਅਸੰਬਲੀ ਦੀ ਸੀਟ ਰੀਜੈਕਟ ਹੋ ਗਈ ਸੀ ਅਤੇ ਵੋਟ ਵਿਆਸ ਨੂੰ ਲੈਣ ਗਏ ਸਾਂ।

ਏਨੇ ਚਿਰ ਨੂੰ 'ਕੌਮੀ ਏਕਤਾ' ਵਾਲਾ ਸ. ਰਾਜਿੰਦਰ ਸਿੰਘ ਭਾਟੀਆ ਵੀ ਆ ਗਿਆ। ਬੰਨ੍ਹੀ ਹੋਈ ਕਾਲੀ ਦਾੜ੍ਹੀ, ਕਾਲੀ ਪੱਗ। ਉਹਦਾ ਆਪਣਾ ਰੰਗ ਹੈ। ਉਹ ਅਜਿਹੇ ਵੇਲੇ ਚੁਪ ਰਹਿੰਦਾ ਹੈ। ਉਂਜ ਪਤਾ ਰਖਦਾ ਹੈ, ਸਤਿਗੁਰਾਂ ਕਦੋਂ ਆਉਣਾ ਹੈ। ਜਦੋਂ ਆਏ ਉਸ ਨੇ ਆਪਣੀ ਚੱਠ ਵੱਖਰਿਆਂ ਹੀ ਕਰਨੀ ਹੈ। ਇਹੋ ਟੈਕਨੀਕ ਕਾਮਰੇਡ ਜਗਜੀਤ ਸਿੰਘ ਆਨੰਦ ਦੀ ਹੈ। ਸ. ਭਾਟੀਆ ਨੂੰ ਵੇਖ ਕੇ ਮਹਾਰਾਜ ਜੀ ਨੇ ਮੁਸਕਰਾਂਦਿਆਂ ਆਖਿਆ: ਲਉ 'ਕੌਮੀ ਏਕਤਾ' ਵੀ ਆ ਗਈ ਜੇ। ਅਜ ਤਾਂ ਬਸ 'ਏਕਤਾ' ਹੀ 'ਏਕਤਾ' ਹੈ।

'ਪੰਥਕ ਏਕਤਾ' ਨੇ ਗੱਲ ਪੂਰੀ ਕੀਤੀ: ਗਿਆਨੀ ਜੀ ਨੇ ਅਖ਼ੀਰ ਆਖਿਆ ਕਿ ਉਹਨਾਂ ਦੀ ਗੱਦੀ ਤੇ ਹੁਣ ਬਾਬਾ ਜਗਜੀਤ ਸਿੰਘ ਜੀ ਹਨ। ਮੇਰਾ ਤਾਂ ਉਦੋਂ ਤੋਂ ਹੀ



Sri Satguru Jagjit Singh Ji Elibrary NamdhariElibrary@gmail.com

ਦਰਸ਼ਨ ਕਰਨ ਤੇ ਜੀ ਕਰਦਾ ਸੀ । ਪਿਛਲੀ ਗੱਲ ਮੁਕਾ ਕੇ ਸ. ਸਰਦਾਰਾ ਸਿੰਘ ਨੇ ਕਿਹਾ : ਮੈਂ ਬਾਬੂ ਜੀ ਨੂੰ ਕੱਲ ਮਿਲਿਆ ਤਾਂ ਉਹ ਕਹਿਣ ਲਗੇ ਕਿ ਉਪ ਪ੍ਰਧਾਨ ਮੰਤਰੀ ਹੋਣ ਕਰਕੇ ਮੈਨੂੰ ਅਜਿਹੀਆਂ ਪਾਰਟੀਆਂ ਤੇ ਜਾਣ ਦੀ ਰੋਕ ਹੈ, ਪਰ ਏਥੇ ਤਾਂ ਗੁਰੂ ਜੀ ਨੇ ਆਉਣਾ ਹੈ, ਸੁ ਜ਼ਰੂਰ ਜਾਵਾਂਗਾ । ਮੈਂ ਤਾਂ, ਗੁਰੂਆਂ ਦੀ ਬੜੀ ਮਾਨਤਾ ਕਰਦਾ ਹੈ ।

ਸਤਿਗੁਰੂ ਜੀ : ਸਾਨੂੰ ਤਾਂ ਇਕੋ ਗੱਲ ਤੋਂ ਪਤਾ ਲਗ ਗਿਆ ਹੈ, ਜੋ ਸਾਡੇ ਵਾਸਤੇ (ਮਾਲੇਰ ਕੋਟਲੇ ਦੇ ਰੱਕੜ ਦੀ ਜਗਹ) ਸਿਖ ਮਨਿਸਟਰ ਨਹੀਂ ਕਰ ਸਕੇ, ਉਹ ਬਾਬੂ ਜਗਜੀਵਨ ਰਾਮ ਨੇ ਕਰ ਦਿਤੀ ਹੈ । ਅਸੀਂ ਬਾਬੂ ਜੀ ਨੂੰ 10 ਸਾਲ ਪਹਿਲਾਂ ਦੇ ਮਿਲੇ ਹੋਏ ਹਾਂ । ਜਦੋਂ ਉਨ੍ਹਾਂ ਪਾਸ ਨਾਮਧਾਰੀਆਂ ਦੀ ਦਰਖਾਸਤ ਗਈ, ਉਨ੍ਹਾਂ ਉਸ ਤੇ ਨੋਟ ਲਿਖਿਆ ਕਿ ਕਿਸੇ ਸਿੱਖ ਨੇ ਵੀ ਲਿਖਣਾ ਸੀ । ਇਨ੍ਹਾਂ ਨੇ ਲਿਖਿਆ : ਇਹ ਡੀਜ਼ਰਵ (ਯੋਗ) ਕਰਦੇ ਹਨ, ਦਿਓ ਇਹਨਾਂ ਨੂੰ !

ਫਿਰ ਸਰਦਾਰਾ ਸਿੰਘ ਨੇ ਅਗਲੀ ਮੁਲਾਕਾਤ ਲਈ ਵਕਤ ਮੰਗਿਆ ਜੁ ਮਹਾਰਾਜ ਜੀ ਨੇ ਹੀ ਕਰਵਾਣੀ ਸੀ । ਕਹਿਣ ਲਗਾ : ਮੇਰਾ ਵੀ ਹੱਕ ਬਣਦਾ ਹੈ । ਮੈਨੂੰ ਇਹਨਾਂ ਤੋਂ ਕੁਝ ਲੈ ਲੈਣ ਦਿਓ, ਖੋਹ ਲੈਣ ਦਿਓ । ਸਤਿਗੁਰੂ ਮੁਸਕਰਾਏ : ਮੈਂ ਵੇਖਦਾ ਪਿਆ ਸਾਂ, ਸਾਰੀ ਸਭਾ ਵਿਚ ਨੀਲੀ ਪੱਗ ਵਾਲਾ ਇੱਕੋ ਸਿੰਘ ਸੀ ।

## ਸ਼ਰਾਬ ਛੁਡਾਊ ਉੱਦਮ

ਇਕ ਨੌਜਵਾਨ ਜਰਨੈਲ ਸਿੰਘ, ਜੁ ਕਈ ਸਾਲ ਬੜੀ ਸ਼ਰਾਬ ਪੀਂਦਾ ਹੁੰਦਾ ਸੀ ਅਤੇ ਬੇਸੁਰਤੀ ਤਕ ਪੀਤੀ ਜਾਂਦਾ ਹੁੰਦਾ ਸੀ, ਕਿਸੇ ਪਿਛਲੀ ਫੇਰੀ ਮਿਲਣੀ ਤੇ ਸਤਿਗੁਰਾਂ ਇਸ ਨੂੰ ਸ਼ਰਾਬ ਛੱਡਣ ਲਈ ਨਸੀਹਤ ਕੀਤੀ ਸੀ । ਇਸ ਦੇ ਖ਼ਾਨੇ ਬੈਠ ਗਈ । ਸ਼ਰਾਬ ਛੱਡ ਦਿਤੀ । ਅੱਜ ਇਹ 4-5 ਹੋਰ ਨੌਜਵਾਨ ਨਾਲ ਲੈ ਕੇ ਆਇਆ । ਸਤਿਗੁਰਾਂ ਨੂੰ ਅਰਜ਼ ਕੀਤੀ : ਇਹਨਾਂ ਤੇ ਵੀ ਕਿਰਪਾ ਕਰੋ । ਸਤਿਗੁਰੂ ਜੀ ਨੇ ਇਹਨਾਂ ਨੂੰ ਮਾਸ ਸ਼ਰਾਬ ਤੋਂ ਪਰਹੇਜ਼ ਦੀ ਪੱਕੀ ਕਰ, ਸੂਬਾ ਰਤਨ ਸਿੰਘ ਜੀ ਲਵਾਣੀਆਂ ਤੋਂ ਭਜਨ ਦਿਵਾਇਆ ।

## ਸ. ਅਵਤਾਰ ਸਿੰਘ ਹਿਤ

ਇਸ ਪਾਰਟੀ ਤੋਂ ਵਿਹਲੇ ਹੋ ਕੇ ਜਾਂ ਸੱਚੇ ਪਾਤਸ਼ਾਹ ਆਰਾਮ ਕਮਰੇ ਵਲ ਚੱਲੇ ਤਾਂ ਸ. ਅਵਤਾਰ ਸਿੰਘ ਹਿਤ, ਹਰੀ ਨਗਰ, ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਨਾਲ ਹੋ ਤੁਰੇ । ਚਲਦੀਆਂ ਗੱਲਾਂ 'ਚੋਂ ਸਤਿਗੁਰੂ ਜੀ ਨੇ ਪੁੱਛਿਆ : ਇਹ ਜਿਹੜੀ ਗੁਰਦੁਆਰਿਆਂ ਵਿਚ ਹੇਰਾ ਫੇਰੀ ਕਰਦੇ ਹਨ, ਇਹ ਕਿਸ ਤਰ੍ਹਾਂ ਕਰਦੇ ਹਨ ?

## ਗੁਰਦੁਆਰਿਆਂ ਦੀ ਲੁੱਟ ਕਿਵੇਂ

ਸ. ਹਿਤ : ਮੈਨੂੰ ਤਾਂ ਉਪਰਲਾ ਉਪਰਲਾ ਹੀ ਪਤਾ ਹੈ ਜੀ, ਜ਼ਿਆਦਾ ਪਤਾ ਤਾਂ ਸੁਲੱਖਣ ਸਿੰਘ ਨੂੰ ਹੋਵੇਗਾ । ਕੈਸ਼ ਗਿਣਨ ਸਮੇਂ ਵਾਧ ਘਾਟ ਦੀ ਗੁੰਜਾਇਸ਼ ਨਹੀਂ,



Sri Satguru Jagjit Singh Ji Elibrary NamdhariElibrary@gmail.com

ਨਾ ਬਾਹਰੋਂ ਆਉਂਦੀ ਰਕਮ 'ਚੋਂ ਹੀ ਪ੍ਰਬੰਧਕ ਹੇਰਾ ਫੇਰੀ ਕਰ ਸਕਦੇ ਹਨ। ਹੇਰਾ ਫੇਰੀ ਓਦੋਂ ਹੁੰਦੀ ਹੈ, ਜਦੋਂ ਘਿਉ ਖਰੀਦਣਾ ਹੋਵੇ, ਕਣਕ ਖਰੀਦਣੀ ਹੋਵੇ। ਇਹ ਚੀਜ਼ਾਂ ਥੋੜੀ ਥੋੜ੍ਹੀਆਂ ਤਾਂ ਖਰੀਦਣੀਆਂ ਨਹੀਂ ਹੁੰਦੀਆਂ। ਓਦੋਂ ਬਿਲ ਬਣਵਾਣ ਲਗਿਆਂ ਹੇਰਾ ਫੇਰੀ ਕਰਦੇ ਹਨ। ਜਿਵੇਂ ਲੱਕੜ 20/- ਕੁਇੰਟਲ ਆਉਂਦੀ ਹੋਵੇ ਤਾਂ ਇਹ 25/- ਦਾ ਬਿਲ ਬਣਵਾ ਲੈਣਗੇ। ਏਸ ਵਧੇ ਹੋਏ ਪੰਜ ਰੁਪੈ ਨੂੰ ਮੈਨੇਜਰ ਵੀ ਖਾਣਾ ਹੈ, ਪ੍ਰਧਾਨ ਨੇ ਵੀ। ਇਕ ਇਕ ਚੀਜ਼ 'ਚੋਂ 8-8, 10-10 ਹਜ਼ਾਰ ਦਾ ਮਾਰਜਨ ਹੋਣਾ ਕੁਦਰਤੀ ਹੈ।

ਸ. ਹਿਤ ਨੇ ਹੋਰ ਸਪੱਸ਼ਟ ਕੀਤਾ : ਇਕ ਤਰੀਕਾ ਹੋਰ ਵੀ ਹੈ ਗੁਰਦੁਆਰੇ ਖਾਣ ਦਾ, ਉਹ ਹੈ ਜ਼ਮੀਨਾਂ ਠੇਕੇ ਦੇਣੀਆਂ। ਬਿਲਡਿੰਗਾਂ ਬਣਦੀਆਂ ਹਨ, ਤਾਲਾਬ ਤਿਆਰ ਹੁੰਦੇ ਹਨ। ਇਸ ਵੇਲੇ ਦੀ ਦਿੱਲੀ ਦੀ ਗੁ: ਪ੍ਰ: ਕਮੇਟੀ 4-4½ ਕਰੋੜ ਦਾ ਕੰਮ ਕਰਦਾ ਰਹੀ ਹੈ। ਇਸ ਵਿਚ ਆਪਣੀ ਮਰਜ਼ੀ ਨਾਲ ਠੇਕੇ ਦੇਣੇ ਹਨ। ਜੋ ਨਿਹਾਲ ਕਰ ਸਕਦਾ ਹੈ, ਉਹ ਨਿਹਾਲ ਹੋ ਵੀ ਸਕਦਾ ਹੈ। ਅਤੇ ਇਹਦਾ ਹੋਰ ਵਿਸਤਾਰ ਸੁਣ ਕੇ, ਇਸ ਵੇਲੇ ਤਕ ਕੋਲ ਆ ਬੈਠੇ ਖਿੜਖਿੜਾ ਕੇ ਹੱਸ ਪਏ।

ਜਦੋਂ ਹਿਤ ਜੀ ਵਿਦਾ ਹੋਏ ਤਾਂ ਵਿਸ਼ਵ ਹਿੰਦੂ ਪਰਸ਼ਿਦ ਦੀ ਹਿੰਦੀ ਪਤ੍ਰਿਕਾ ਦੇ ਸੰਪਾਦਕ ਜੀ ਆ ਗਏ। ਦੋ ਕੁ ਮਿੰਟ ਦਰਸ਼ਨ ਦੇ ਕੇ ਉਹਨਾਂ ਨੂੰ ਛੁੱਟੀ ਕਰ ਦਿਤੀ ਗਈ।

## ਪੰ: ਸੁੰਦਰ ਲਾਲ

ਮੇਲਾ ਚਲੋ ਚਲੀ ਦਾ ਸ਼ੁਰੂ ਹੋ ਗਿਆ। ਮਹਾਰਾਜ ਜੀ, ਮਾਤਾ ਜੀ ਆਦਿ ਨੇ ਵੱਖ ਜਾਣਾ ਸੀ, ਲੁਧਿਆਣੇ ਵਾਸਤੇ। ਸਤਿਗੁਰਾਂ ਅੱਜ ਆਪਣੇ ਸੇਵਕ ਜਥੇ ਨਾਲ ਕੈਂਥਾ ਫ਼ਾਰਮ ਯੂ. ਪੀ. ਲਈ ਚਲਣਾ ਸੀ। 9.55 ਤੇ ਲਖਨਊ ਮੇਲ ਚਲਣੀ ਸੀ। ਹੁਣ 8.30 ਹੋ ਗਏ ਸਨ।

ਸ੍ਰੀ ਸਤਿਗੁਰੂ ਜੀ ਮਹਾਰਾਜ ਜੀ, ਠਾਕੁਰ ਜੀ ਵੱਡੇ, ਪੂਰਨਾ, ਰਵੀ, ਨੂੰ ਨਾਲ ਲੈ ਕੇ ਹੰਸਪਾਲ ਹੁਰਾਂ ਦੇ ਗੱਡੀ ਚਲਾਂਦਿਆਂ ਪੰ: ਸੁੰਦਰ ਲਾਲ ਨੂੰ ਦਰਸ਼ਨ ਦੇਣ ਹਿਤ ਪਧਾਰੇ। ਪੰ: ਸੁੰਦਰ ਲਾਲ ਪ੍ਰਸਿਧ ਦੇਸ਼ ਭਗਤ, ਸੁਤੰਤਰਤਾ ਸੰਗਰਾਮੀਏ, ਵਿਸ਼ਵ ਸ਼ਾਂਤੀ ਦੇ ਖੇਤਰ ਵਿਚ ਆਗੂਆਂ 'ਚੋਂ, ਮੰਨੇ ਹੋਏ ਲੇਖਕ ਅਤੇ ਦਿਲਕਸ਼ ਵਕਤਾ ਹਨ, ਸਿਧੇ ਸਾਦੇ ਜੀਵਨ ਨੂੰ ਅਮਲੀ ਤੌਰ ਤੇ ਜੀਉਣ ਵਾਲੇ। ਅੰਗਰੇਜ਼ਾਂ ਦੇ ਰਾਜ ਸਮੇਂ ਇਹਨਾਂ ਦੀ ਇਤਿਹਾਸਕ ਪੁਸਤਕ 'ਭਾਰਤ ਮੇਂ ਅੰਗਰੇਜ਼ੀ ਰਾਜਿਅ' ਜ਼ਬਤ ਕਰ ਲਈ ਗਈ ਸੀ। 'ਹਜ਼ਰਤ ਮੁਹੰਮਦ ਸਾਹਿਬ ਕਾ ਜੀਵਨ' ਜਾਂ ਮੁਸਲਿਮ ਜਗਤ ਦੀ ਸਰਬ ਸਤਿਕਾਰਤ ਧਾਰਮਕ ਪੁਸਤਕ ਕੁਰਆਨ ਦੀ ਇਹਨਾਂ ਹਿੰਦੀ ਵਿਚ ਲਿਖਿਆ। ਆਪ ਹਿੰਦੂ ਸਿੱਖ ਮੁਸਲਿਮ ਏਕਤਾ ਦੇ ਮੁਦੱਈ ਹਨ।

ਸਤਿਗੁਰੂ ਜੀ ਉਹਨਾਂ ਨੂੰ ਕਾਫ਼ੀ ਬਿਰਧ ਅਤੇ ਸ਼ਾਇਦ ਬਿਮਾਰ ਵੀ ਜਾਣ; ਇਕ ਦੇਸ਼ ਭਗਤ ਨੂੰ, ਦਰਸ਼ਨ ਦੇਣ ਲਈ ਇਹਨਾਂ ਦੇ ਘਰ ਆਏ ਸਨ। ਚਿਤ੍ਰਾ ਕੁਟੀਰ,



Sri Satguru Jagjit Singh Ji Elibrary NamdhariElibrary@gmail.com

ਮਾਰਕਿਟ ਸਕੁਏਅਰ ਦੇ ਕੋਲ ਗ਼ਰੀਬ ਜਿਹੇ ਕੁਆਟਰ ਸਨ, ਸਾਡੀ ਗੱਡੀ ਸਫ਼ਰ ਕਰ ਕੇ ਉਸ ਜਗਹ ਪਹੁੰਚੀ।

ਸਤਿਗੁਰੂ ਜੀ ਅਚਾਨਕ ਹੀ ਪੰ: ਸੁੰਦਰ ਲਾਲ ਨਿਵਾਸ ਵਿਖੇ ਪਹੁੰਚੇ ਤਾਂ ਉਹ ਇਕ ਛੋਟੇ ਜਿਹੇ ਅਤੇ ਨਾ-ਸਾਫ਼ ਕਮਰੇ ਵਿਚ, ਮੈਲੇ ਕਪੜਿਆਂ ਨਾਲ ਵਿਛੀ ਮੰਜੀ ਉੱਤੇ, ਮੈਲੇ ਤੇ ਬੜੇ ਸਾਧਾਰਨ ਜਿਹੇ ਲੇਫ਼ ਵਿਚ ਪਏ ਸਨ। ਸਾਨੂੰ ਅੰਦਰ ਵੜਦਿਆਂ ਵੇਖ, ਪੰ: ਜੀ ਦੇ ਦੋ ਸ਼ੁਭਚਿੰਤਕ-ਸਹਾਇਕ ਵੀ ਅੰਦਰ ਆ ਵੜੇ। ਇਕ ਟੁੱਟੀ ਜਿਹੀ ਮੰਜੀ ਹੋਰ ਕੋਲ ਪਈ ਸੀ ਅਤੇ ਇਕ ਇਹੋ ਜਿਹੀ ਨਿਕੰਮੀ ਕੁਰਸੀ ਵੀ ਪਈ ਸੀ। ਇਸ ਤੇ ਸਤਿਗੁਰਾਂ ਦਾ ਆਪਣਾ ਆਸਣ ਰਖ ਕੇ ਬੈਠਣ ਲਈ ਜਗਹ ਬਣਾਈ।

ਕਮਰਾ, ਜਿਸ ਨੂੰ ਕਲੀ ਕੀਤਿਆਂ ਜੁਗੜੇ ਹੋ ਗਏ ਸਨ, ਜਿਸ ਦੀ ਪੰਡਿਤ ਜੀ ਵਾਲੀ ਬਾਹੀ ਤੇ 'ਦੇਸ਼ ਭਗਤੀ' ਦਾ ਇਕ 'ਪ੍ਰਮਾਣ ਪੱਤਰ' ਵੀ ਲਟਕ ਰਿਹਾ ਸੀ (ਅਤੇ ਇਹ ਸੀ ਦੇਸ਼ ਵਾਸੀਆਂ ਤੇ ਦੇਸ਼ ਦੇ ਹਾਕਮਾਂ ਦੀ ਦੇਸ਼ ਭਗਤ ਵਾਸਤੇ ਕਦਰ)!

ਪੰ: ਸੁੰਦਰ ਲਾਲ ਅਸਲੀ ਅਰਥਾਂ ਵਿਚ ਸਾਧੂ ਤੇ ਤਿਆਗੀ ਹਨ। ਸਾਰੀ ਉਮਰ ਦੇਸ਼ ਭਗਤੀ ਵਿਚ ਬਿਤਾਈ ਅਤੇ ਹੁਣ ਸਦੀ ਭਰ (93 ਸਾਲ) ਦੀ ਉਮਰ ਵਿਚ ਇਸ ਮੈਲੇ ਕੁਚੈਲੇ ਦੁਆਲੇ ਵਿਚ ਅੰਤਮ ਘੜੀਆਂ ਦੀ ਇੰਤਜ਼ਾਰ ਵਿਚ ਹਨ! ਮੌਕਾ ਪ੍ਰਸਤ ਲੋਕ ਮਹਿਲ, ਮਾੜੀਆਂ, ਕੋਠੀਆਂ, ਕਾਰਾਂ, ਕਾਰਖ਼ਾਨੇ ਤਿਆਰ ਕਰਵਾਈ ਬੈਠੇ ਹਨ ਅਤੇ ਕਰਵਾ ਲੈਂਦੇ ਹਨ ਪਰ ਪੰਡਿਤ ਜੀ ਦੇਸ਼ ਭਗਤੀ ਦੀ ਮਿਲਦੀ ਨਿਗੂਣੀ ਜਿਹੀ ਪੈਨਸ਼ਨ ਨਾਲ ਆਪਣੇ ਮੁਸਲਿਮ ਸਾਥੀਆਂ-ਸਹਾਇਕਾਂ ਵਿਚ ਰਹਿਕੇ, ਉਹਨਾਂ ਨਾਲ ਵੰਡ ਛਕ ਕੇ ਸਹੀ ਧਰਮ ਨਿਰਪੇਖਤਾ ਅਤੇ ਧਾਰਮਿਕ ਸਹਿਨ ਸ਼ੀਲਤਾ ਦਾ ਮਾਰਗ ਦਰਸ਼ਨ ਕਰ ਰਹੇ ਹਨ।

## ਵਾਰਤਾਲਾਪ ਇਕ ਦੇਸ਼ ਭਗਤ ਨਾਲ

ਸਤਿਗੁਰੂ ਜੀ ਨੂੰ ਆਪਣੇ ਪਾਸ ਆਇਆਂ ਵੇਖ ਪੰ: ਜੀ ਉਠ ਕੇ ਬੈਠਣ ਦੀ ਕੋਸ਼ਸ਼ ਕਰ ਰਹੇ ਸਨ, ਪਰ ਕਮਜ਼ੋਰ ਸਰੀਰ ਚਾਹਿਆ ਨਹੀਂ ਸੀ ਮੰਨਦਾ। ਸਤਿਗੁਰੂ ਜੀ ਰੋਕਿਆ : ਆਪ ਕਸ਼ਟ ਨ ਕਰੋ, ਲੇਟੇ ਰਹੋ। ਹੂੰਗਦਿਆਂ ਹੋਇਆਂ ਪੰਡਿਤ ਜੀ ਨੇ ਇਕ ਹੋਰ ਕੋਸ਼ਸ਼ ਕੀਤੀ ਪਰ ਸਤਿਗੁਰਾਂ ਨੇ ਆਪ ਹੱਥਾਂ ਨਾਲ ਪਕੜ ਕੇ ਲਿਟਾ ਦਿਤਾ। ਪੰਡਿਤ ਜੀ ਦੀ ਆਵਾਜ਼ ਬੜੀ ਸਾਫ਼ ਸੀ। ਬੋਲੇ : ਮੇਰੀ ਬਦਤਮੀਜ਼ੀ, ਹਾਏ, ਔਰ ਮੈਂ ਯਹਾਂ ਲੇਟ ਰਹਾ ਹੂੰ! ਪੰਡਿਤ ਜੀ ਫਿਰ ਉਠਣ ਨੂੰ ਅਹੁਲੇ। ਸਤਿਗੁਰਾਂ ਬਚਨ ਕੀਤਾ : ਪੰਡਿਤ ਜੀ, ਆਪ ਲੇਟੇ ਰਹੇਂ। ਪਰ ਪੰਡਿਤ ਜੀ ਇਸ ਅਵਸਰ ਤੇ ਆਪਣਾ ਲੇਟੇ ਰਹਿਣਾ ਬਹੁਤ ਮਹਿਸੂਸ ਕਰਦੇ ਰਹੇ ਅਤੇ ਹੂੰਗਦੇ ਰਹੇ।

ਪੰਡਿਤ ਸੁੰਦਰ ਲਾਲ ਜੀ ਨੇ ਅਜੇ ਵੀ ਆਪਣੇ ਗਲੇ ਪਈ ਉੱਨ ਦੀ ਮਾਲਾ ਨੂੰ ਵਖਾਂਦਿਆਂ ਕਿਹਾ : ਮਾਲਾ ਤੋ ਮੇਰੇ ਭੀ ਗਲੇ ਮੇਂ ਪੜੀ ਹੂਈ ਹੈ। ਫੇਰ ਸਤਿਗੁਰਾਂ ਨੂੰ ਪੁਛਿਆ : ਕਹਾਂ ਸੇ ਕਹਾਂ ?

ਸਤਿਗੁਰੂ ਜੀ : ਦਿਹਲੀ ਮੇਂ ਆਏ ਹੂਏ ਥੇ। ਖ਼ਿਆਲ ਆਇਆ, ਆਪ ਕੇ ਦਰਸ਼ਨ



Sri Satguru Jagjit Singh Ji Elibrary NamdhariElibrary@gmail.com

ਕਰ ਜਾਏਂ । ਫਿਰ 15-20 ਰੋਜ਼ ਇਧਰ ਆਇਆ ਨਹੀਂ ਜਾਨਾ ਥਾ । ਮੈਂ ਇਧਰ ਯੂ. ਪੀ. ਮੇਂ ਜਾ ਰਹਾ ਹੂੰ ।

— ਕਬ ?

— ਆਜ ਰਾਤ ਕੀ ਗਾਡੀ ਮੇਂ !

— ਹਾਏ ! ਤੋ ਮੁਝੇ ਮੌਕਾ ਨ ਮਿਲਾ, ਮੈਂ ਆਪ ਕੇ ਚਰਨੋਂ ਮੇਂ ਬੈਠ ਕਰ ...ਐਂਡਾ ਨਾ ਸਹੀ, ਕੋਈ ਬਾਤ ਨਹੀਂ ।

ਏਨੇ ਚਿਰ ਨੂੰ ਇਕ ਬੱਚਾ ਅਤੇ ਇਸਤਰੀ ਏਸੇ ਪਰਵਾਰ ਦੇ ਹੋਰ ਅੰਦਰ ਆ ਗਏ ।

ਪੰਡਿਤ ਸੁੰਦਰ ਲਾਲ ਜੀ : ਬਾਤ ਯਿਹ ਹੈ ਕਿ ਛਿਆਨਵੇਂ ਬਰਸ ਵੈਸੇ ਹੀ ਹੋ ਗਏ । ਕਹਾਂ ਤਕ ਬਦਨ ਸਾਥ ਦੇਗਾ । ਜਬ ਤਕ ਦੇ ਰਹਾ ਹੈ, ਠੀਕ ਹੈ । (ਖਿੜਖਿੜਾ ਕੇ ਹੱਸਦਿਆਂ) ਸੁਨਾਈ ਬਹੁਤ ਊਂਚਾ ਦੇ ਰਹਾ ਹੈ । ਔਰ ਕਿਆ ਬਤਾਊਂ... ...ਆਪ ਨੇ ਕਿਉਂ ਤਕਲੀਫ਼ ਕੀ ?

ਸਤਿਗੁਰੂ ਜੀ : ਕੋਈ ਸੇਵਾ ਹਮਾਰੇ ਲਾਇਕ ਹੋ ?...ਕੋਈ ਸੇਵਾ ??

ਪੰਡਿਤ ਜੀ : ਮੈਂ ਸਮਝ ਗਇਆ...ਸੇਵਾ ਹੈ ।...ਯਿਹ ਤੋ ਇਸ ਤਰਹ ਸੇ ਨਹੀਂ । ਮੁਝੇ ਏਕ ਸਲਿਪ ਪੇ ਪਤਾ ਲਿਖ ਕਰ ਦੇ ਦੀਜੀਏ ।

ਸਤਿਗੁਰੂ ਜੀ : ਪਤਾ ਲੇਨੇ ਕੀ ਜ਼ਰੂਰਤ ਨਹੀਂ । ਆਪ ਕੇ ਪਾਸ ਹਮ ਫਿਰ ਆ ਸਕੇਂਗੇ ।

ਪੰਡਿਤ ਜੀ : ਵੁਹ ਭੀ ਦੇ ਦੀਜੀਏ—ਦੋਨੋਂ ਸਹੀ । ਆਪ ਫਿਰ ਭੀ ਆਈਏ ।... ਆਪ ਕੋ ਮਾਲੂਮ ਹੈ, ਨਾ ਹੈ, ਮੈਂ ਆਪ ਕੀ ਹੀ ਸੰਗਤ ਮੇਂ ਹੂੰ । ਗੁਰੂ ਰਾਮ ਸਿੰਘ ਜੀ ਕੀ ਜੀਵਨੀ ਮੈਨੇ ਪੜ੍ਹੀ ਭੀ ਹੈ । ਲਿਖਾ ਭੀ ਹੈ ਉਸ ਪੇ ਬਹੁਤ । (ਕਮਜ਼ੋਰੀ ਕਾਰਨ ਪੰ: ਜੀ ਨਾਲ ਨਾਲ ਹੂੰਗ ਵੀ ਰਹੇ ਸਨ) ਮੈਂ ਤੋ, ਕੋਈ ਦੂਸਰਾ ਮਾਨੇ ਨਾ ਮਾਨੇ, ਮੈਂ ਤੋ ਅਪਨੇ ਆਪ ਕੋ, ਕੇਸਧਾਰੀ ਨਾ ਸਹੀ, ਸਹਿਜਧਾਰੀ ਸਹੀ, ਗੁਰੂ ਨਾਨਕ ਕੇ ਚੇਲੋਂ ਮੇਂ (ਤੋ ਪਏ) ਮਾਨਤਾ ਹੂੰ । ਔਰ ਸਬ ਸਿੱਖ ਗੁਰੂਓਂ ਕੋ ਮਾਨਤਾ ਹੂੰ । ਮੈਨੇ ਗੁਰੂ ਗੋਬਿੰਦ ਸਿੰਘ ਕੀ ਜੀਵਨੀ ਭੀ ਪੜ੍ਹੀ ਹੈ । ਜ਼ਫ਼ਰਨਾਮਾ ਔਰੰਗਜ਼ੇਬ ਕੇ ਨਾਮ । ਆਹਾ ! (ਲਟਕਾ ਕੇ) ਕਿਆ ਕਹਿਨੇ ! ਗ਼ਜ਼ਬ ਕਾ ਹੈ ।... ਮੈਂ ਤੋ ਆਪ ਕੇ ਚਰਨ ਸੇਵਕੋਂ ਮੇਂ ਹੂੰ । ਆਪ ਮਾਨੇ ਨਾ ਮਾਨੇ, ਮੈਂ ਤੋ ਅਪਨੇ ਕੋ ਸਿੱਖ ਮਾਨਤਾ ਹੂੰ, ਆਪ ਕਾ । ਸਹਿਜਧਾਰੀ !!

"ਕਿਆ ਵੁਹ ਜ਼ਮਾਨਾ ਥਾ ਲਾਹੌਰ ਕਾ, ਆਪ ਕੋ ਯਾਦ ਹੈ 1905,6,7 ਕਾ ਕਿ ਜਬ ਗੁਰਦਵਾਰਿਓਂ ਮੇਂ ਕੇਸ ਧਾਰੀਓਂ ਕੀ ਬਜਾਇ ਸਹਿਜ ਧਾਰੀਓਂ ਕੀ ਸੰਖਿਆ ਅਧਿਕ ਹੋ ਗਈ ਥੀ । ਸਬ ਅਪਨੇ ਹੈਂ, ਹਮ ਸਬ ਕੇ । ਕਿਤਨਾ ਬੜਾ ਅਹਿਸਾਨ ਹੈ ਸਿੱਖ ਗੁਰੂਓਂ ਕਾ ਇਸ ਦੇਸ਼ ਕੇ ਊਪਰ ਔਰ ਦੁਨੀਆ ਕੇ ਊਪਰ । ਆਹਾ...ਮੈਂ ਤੋ ਆਪ



Sri Satguru Jagjit Singh Ji Elibrary NamdhariElibrary@gmail.com

ਕੇ ਬਹੁਤ ਨਾਲਾਇਕ ਚੇਲੋਂ ਮੇਂ ਹੂੰ !

"ਮਹਾਤਮਾ ਗਾਂਧੀ ਗੁਰੂ ਰਾਮ ਸਿੰਘ ਜੀ ਕੋ ਅਪਨਾ ਗੁਰੂ ਮਾਨਤੇ ਥੇ। ਨਾਨ ਵਾਇਲੈਂਸ, ਅਹਿੰਸਾ ਯਿਹ ਗੁਰੂ ਰਾਮ ਸਿੰਘ ਕਾ ਚਲਾਇਆ ਹੂਆ ਹੈ।...ਮੈਨੇ ਤੋ ਇਸ ਪੇ ਖ਼ੂਬ ਪੜ੍ਹਾ ਭੀ ਹੈ, ਲਿਖਾ ਭੀ ਹੈ। —ਮੈਂ ਤੋ ਕਹਾ ਨ ਕਿ ਮੇਰੀ ਦਾੜ੍ਹੀ ਕਟੀ ਹੂਈ ਹੈ। ਮੈਂ ਤੋ ਅਪਨੇ ਆਪ ਕੋ ਗੁਰਭਾਈ ਮਾਨਤਾ ਹੂੰ ਔਰ ਆਪ ਕਾ ਤੋ ਅਪਨੇ ਕੋ ਚੇਲਾ ਮਾਨਤਾ ਹੂੰ।

ਸ੍ਰੀ ਸਤਿਗੁਰੂ ਜੀ ਨੇ ਮੇਰੇ ਬਾਰੇ ਵੀ ਪੰਡਿਤ ਜੀ ਨੂੰ ਦੱਸਿਆ ਅਤੇ ਨਾਲ ਹਿੰਦੀ ਦੇ ਪ੍ਰਸਿਧ ਵਿਦਵਾਨ ਬਨਾਰਸੀ ਦਾਸ ਚਤੁਰਵੇਦੀ ਨਾਲ ਉਨ੍ਹਾਂ ਦੀਆਂ ਮੁਲਾਕਾਤਾਂ ਦਾ ਚੇਤਾ ਕਰਵਾਇਆ ਤੇ ਕਿਹਾ : ਕਿ ਤੁਸੀਂ ਉਸ ਦੇ ਲਿਖੇ ਸ਼ਬਦ ਅਗੇ ਪਿਛੇ ਕਰਕੇ ਸੁੰਦਰ ਬਣਾ ਦਿੰਦੇ ਸਾਓ। ਆਪ ਕਾ ਤੋ ਨਾਮ ਭੀ ਸੁੰਦਰ ਲਾਲ ਹੈ। ਪੰਡਿਤ ਜੀ ਨੂੰ ਸੁਣਦਾ ਥੋੜਾ ਘੱਟ ਸੀ, ਉਹ ਆਪਣੇ ਰਉਂ ਵਿਚ ਬੋਲੇ :

"ਮਹਾਤਮਾ ਗਾਂਧੀ ਨੇ ਅਪਨਾ ਨਾਨ ਵਾਇਲੈਂਸ ਕਾ ਆਈਡੀਆ ਗੁਰੂ ਰਾਮ ਸਿੰਘ ਸੇ ਲੀਆ। ਆਪ ਸੇ ਲੀਆ।"

ਜਦੋਂ ਸਤਿਗੁਰੂ ਜੀ ਏਥੋਂ ਵਿਦਾ ਹੋਏ ਤਾਂ ਵਿਦਾ ਕਰਨ ਲਈ ਪੰਡਿਤ ਜੀ ਦੇ ਨਾਲ ਰਹਿਣ ਵਾਲੇ ਮੁਸਲਿਮ ਇਸਤਰੀ ਪੁਰਸ਼ ਕਾਰ ਤਕ ਨਾਲ ਆਏ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਪੁਛਿਆ : ਆਪ ਕੌਨ ਕੌਨ ਹੈਂ ਔਰ ਇਨ ਸੇ ਕਿਆ ਸੰਬੰਧ ਹੈ ? ਇਕ ਜਣਾ ਬੋਲਿਆ : ਹਮ ਹੈਂ। ਹਮਾਰਾ ਦਾਮਾਦ ਹੈ। ਹਮਾਰੀ ਲੜਕੀ ਹੈ। ਹਮ ਲੰਬੇ ਅਰਸੇ ਸੇ ਉਨ ਕੇ ਸਾਥ ਰਹਤੇ ਹੈਂ। ਰੌਸ਼ਨ ਅਤੇ ਮਿਰਜ਼ਾ ਉਹਨਾਂ ਨੇ ਆਪਣੇ ਨਾਮ ਦੱਸੇ।

ਸ੍ਰੀ ਸਤਿਗੁਰੂ ਜੀ ਨੇ ਸ. ਚਰਨਜੀਤ ਸਿੰਘ ਸਪੁਤਰ ਮਾ: ਨਿਹਾਲ ਸਿੰਘ ਨੂੰ ਕਿਹਾ ਕਿ ਉਹ ਹਰ ਮਹੀਨੇ ਦੋ ਕਿਲੋ ਦੇਸੀ ਘਿਉ ਏਨ੍ਹਾਂ ਨੂੰ ਏਥੇ ਆ ਕੇ ਦੇ ਜਾਇਆ ਕਰੇ। ਇਹ ਸਿੰਘ ਨਾਲ ਤਾਂ ਨਹੀਂ ਸੀ, ਹਰਪਾਲ ਨੇ ਉਨ੍ਹਾਂ ਨੂੰ ਸੂਚਿਤ ਕਰਨਾ ਸੀ। ਇਸ ਵੇਲੇ ਸਮਾਂ 8.45 ਸੀ। ਮੈਂ ਤਾਂ ਕੋਠੀ ਆ ਕੇ ਘਰ ਜਾਣ ਵਾਲੀ ਬਸ ਫੜ ਲਈ। ਸਤਿਗੁਰੂ ਜੀ 9.55 ਰਾਤ ਦੀ ਲਖਨਊ ਮੇਲ ਫੜਕੇ ਨਾਮਧਾਰੀ ਫਾਰਮ ਬੰਗਲਾ ਪਹੁੰਚਣ ਲਈ।

**ਘੜੀ ਦੇ ਖੁੰਝਿਆਂ**

ਪੰ: ਸੁੰਦਰ ਲਾਲ ਜੀ ਨੂੰ ਮਿਲ ਕੇ ਆਉਂਦਿਆਂ ਰਸਤੇ ਵਿਚ ਮੈਨੂੰ ਸਤਿਗੁਰਾਂ ਹੁਕਮ ਕੀਤਾ ਕਿ ਮੈਂ ਕਦੇ ਫੇਰ ਆ ਕੇ ਪੰਡਿਤ ਜੀ ਨੂੰ ਮਿਲਾਂ ਅਤੇ ਨਾਲ ਟੇਪ ਰਿਕਾਰਡਰ ਲਿਆਵਾਂ ਤੇ ਕੁਝ ਬੋਲ ਪੰਡਿਤ ਜੀ ਦੇ ਕੈਸੇਟ ਕਰ ਲਵਾਂ। ਕਿਤੇ ਖੁੰਝਿਆ ਨ ਜਾਵੇ।

ਇਸ ਦੇ ਨਾਲ ਹੀ ਸਤਿਗੁਰੂ ਜੀ ਨੇ ਮਹਾਰਾਜ ਜੀ ਦੀ ਇਕ ਬੇਧਿਆਨੀ ਉਨ੍ਹਾਂ ਦੇ ਹੁੰਦਿਆਂ ਹੀ ਸੁਣਾਈ :



Sri Satguru Jagjit Singh Ji Elibrary NamdhariElibrary@gmail.com

ਮੈਂ ਤਰਨ ਸਿੰਘ (ਵਹਿਮੀ) ਹੁਰਾਂ ਵਾਸਤੇ ਇਕ ਚਿਟ ਲਿਖ ਕੇ ਮਹਾਰਾਜ ਜੀ ਨੂੰ ਦਿੱਤੀ। ਉਹ ਚੜ੍ਹਾਈ ਕਰ ਗਏ। ਇਹਨਾਂ ਫਿਰ ਉਹ ਚਿਟ ਮੈਨੂੰ ਵਿਖਾਈ। ਆਖਿਆ : ਮੈਂ ਆਖਿਆ ਉਹ ਅਖ਼ੀਰ ਤੇ ਪਏ ਹੋਏ ਨੇ। ਮੈਂ ਦੱਸਿਆ ਕਿ ਮੈਂ ਵੀ ਤਾਂ ਹੀ ਉਹ ਚਿਟ ਲਿਖੀ ਸੀ। ਸਤਿਗੁਰਾਂ ਕਿਹਾ : ਮੈਂ ਉਹਨਾਂ ਨਾਲ ਪ੍ਰੋਗਰਾਮ ਬਣਾਇਆ ਸੀ ਕਾਬਲ ਜਾਣ ਦਾ। ਕਾਬਲ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਗੁਰਦੁਆਰਾ ਹੈ। ਜਾ ਕੇ ਪਤਾ ਕਰਨਾ ਸੀ ਕਿ ਸਤਿਗੁਰੂ ਜੀ ਕਦੋਂ ਗਏ ਸਨ ਕਾਬਲ।

ਮਹਾਰਾਜ ਜੀ ਨੇ ਦੱਸਿਆ ਕਿ ਇਤਿਹਾਸ ਵਿਚ ਜ਼ਿਕਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਾਬਲ ਦਰਿਆ ਵਿਚ ਪੱਥਰ ਚੁਕ ਚੁਕ ਮਾਰੇ। ਸਿੱਖਾਂ ਪੁਛਿਆ : ਇਹ ਕਿਉਂ ? ਤਾਂ ਸਤਿਗੁਰਾਂ ਦੱਸਿਆ : ਮੁਸਲਮਾਨ ਸ਼ਹੀਦ ਰੜ੍ਹ ਕੇ ਆਏ ਸਨ, ਉਹਨਾਂ ਦਾ ਸਤਾਇਆ ਕੀਤਾ ਹੈ।

ਮਹਾਰਾਜ ਜੀ ਨੇ ਕਿਹਾ : ਇਹ ਗੱਲ ਗਿਆਨੀ ਗਿਆਨ ਸਿੰਘ ਨੇ ਲਿਖੀ ਹੈ ਅਤੇ ਘਟਨਾ ਵੀ ਨੇੜੇ ਤੇੜੇ ਬਾਅਦ ਦੀ ਹੈ।

## 12 ਅਪਰੈਲ 1979, ਵੀਰਵਾਰ
## ਭਿੱਟੀ, ਜ਼ਿਲ੍ਹਾ ਜਲੰਧਰ

ਮੈਂ ਦੋ ਜ਼ਰੂਰੀ ਵਿਅਕਤੀਆਂ ਦੇ ਇੰਟਰਵਿਊ (ਸਾਖਿਆਤਕਾਰ) ਲਈ ਘਰੋਂ 10.4.79 ਦਾ ਤੁਰਿਆ ਹੋਇਆ, ਇਕ ਰਾਤ ਚੰਡੀਗੜ੍ਹ ਰਿਹਾ। ਆਪਣੇ ਛੋਟੇ ਲੜਕੇ ਸੁਖਬੀਰ ਸਿੰਘ ਨੂੰ ਮਾਸਕੋ ਵਿਚ ਉੱਚੀ ਤਾਲੀਮ ਲਈ ਭੇਜਣ ਵਾਸਤੇ ਉਥੇ ਸਾਥੀ ਕਮਿਊਨਿਸਟਾਂ ਨੂੰ ਮਿਲਿਆ ਅਤੇ ਉਹਨਾਂ ਹੱਥ ਦਰਖ਼ਾਸਤ ਦਿੱਤੀ ਲੂਮੁੰਬਾ ਫਰੈਂਡਸ਼ਿਪ ਯੂਨੀਵਰਸਿਟੀ ਮਾਸਕੋ ਲਈ। ਅਤੇ ਹੋਰ ਲੋੜੀਂਦੇ ਕਾਗ਼ਜ਼ ਪੱਤਰ ਦਿਤੇ।

11.4.79 ਨੂੰ ਮਿੱਤਰ ਜਗਦੀਸ਼ ਸਿੰਘ ਦੇ ਘਰ, ਜਲੰਧਰ ਪਹੁੰਚਾ। ਅੱਜ ਉਸ ਨੂੰ ਨਾਲ ਲੈ ਸ੍ਰੀ ਮਾਨ ਸੰਤ ਦਇਆ ਨੰਦ ਜੀ ਉਦਾਸੀ ਨੂੰ ਮਿਲਣ ਵਾਸਤੇ ਜ਼ਿਲ੍ਹਾ ਜਲੰਧਰ ਦੇ ਪਿੰਡ ਭਿੱਟੀ ਪਹੁੰਚਾ।

ਦਿਨ ਬੜਾ ਸਾਫ਼ ਸੀ, ਧੁਪ ਚਮਕੀਲੀ। ਫ਼ਸਲਾਂ ਨਾਲ ਖੇਤ ਆਫਰੇ ਹੋਏ। ਸੁਨਹਿਰੀ ਹੁੰਦੀਆਂ ਜਾਂਦੀਆਂ ਕਣਕਾਂ। ਸਾਰਾ ਇਲਾਕਾ ਵਿਚ ਭਾਉਂਦਾ ਸੀ। ਪਿੰਡ ਭਿੱਟੀ ਕਾਫ਼ੀ ਤਕੜਾ ਹੈ। ਇਹਦੀ ਲਹਿੰਦੀ ਖੂੰਠੇ (ਦੋਹੇਂ ਸਿੰਮਤ ਜਾਪਦੀ ਹੈ), ਪਿੰਡੋਂ ਦੋ ਕੁ ਫ਼ਰਲਾਂਗ ਹਟਵੀਂ, ਸੰਘਣੇ ਰੁੱਖਾਂ ਦੀ ਇਕ ਝਿੜੀ ਹੈ। ਇਸ ਵਿਚ ਇਕ ਸਮਾਧੀ ਅਤੇ ਇਕ ਦੋ ਖੁਲ੍ਹੇ ਮਕਾਨ ਹਨ।

ਜਗਦੀਸ਼ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਏਸੇ ਝਿੜੀ ਵਿਚ ਹੀ ਨਾਮਧਾਰੀ ਮੇਲਾ ਹੋਇਆ ਸੀ।

### [illegible] ਪਿੰਡ ਭਿੱਟੀ ਦੀ

ਝਿੜੀ ਵਿਚ ਦਾਖ਼ਲ ਹੋਏ ਤਾਂ ਇਉਂ ਲਗਾ ਜਿਵੇਂ ਏਥੇ ਥੋੜੇ ਦੀ ਬਾਰ ਦਾ ਕੋਈ



Sri Satguru Jagjit Singh Ji Elibrary NamdhariElibrary@gmail.com

ਕੰਮ ਨਹੀਂ। ਸਵੇਰੇ ਹੀ ਬੀਂਡੇ ਬੋਲਣ ਲਗੇ ਹੋਏ ਸਨ। ਥੋੜੇ ਜਿਹੇ ਅਗੇ ਹੋਏ ਤਾਂ ਸਮਾਧ ਦੇ ਸਾਹਵੇਂ, ਮਕਾਨ ਦੀ ਓਟ ਵਿਚ, ਇਕ ਬਿਸਤਰਾ, ਸਰਦੀਆ ਦਾ ਵਿਛਿਆ ਪਿਆ ਹੈ। ਜਾਪਦਾ ਸੀ ਜਿਵੇਂ ਕੋਈ ਰਾਤ ਨੂੰ ਹੀ ਇਸਦੀ ਵਰਤੋਂ ਕਰਦਾ ਹੈ। ਜੋ ਬਿਸਤਰੇ ਪਾਸ ਜਾ ਕੇ ਵੇਖਿਆ ਤਾਂ ਦੱਖਣ ਦਿਸ਼ਾ ਵਲ ਇਕ ਵਰਾਂਡੇ ਹੇਠ, ਅੱਧ ਵਿਛੇ ਮੰਜੇ ਉਪਰ ਇਕ ਵਿਅਕਤੀ ਬੈਠੇ ਮਿਲੇ : ਗੇਰੂਆ ਕੁੜਤਾ, ਤੇੜ ਕੁਪੀਨ, ਮੰਜੇ ਪਰ ਇਕਵਾਸੇ ਬੈਠੇ, ਨੰਗੇ ਸਿਰ, ਐਨਕਾਂ ਲਗਾਈ ਕੁਝ ਪੜ੍ਹ ਰਹੇ ਸਨ। ਇਹੋ ਸਨ ਸਾਧੂ ਦਇਆ ਨੰਦ ਜੀ, ਆਯੂ 100 ਤੋਂ ਉਪਰ ਕੁਝ ਸਾਲ। ਕੋਲ ਇਕ ਤਿਪਾਈ ਤੇ ਪੁਸਤਕਾਂ ਪਈਆਂ ਸਨ। ਲੱਕੜ ਦੀ ਇਕ ਡੱਬੀ ਵਿਚ ਘੜੀ, ਨੇਲ ਕਟਰ ਤੇ ਇਕ ਦਵਾਈ ਦੀ ਸ਼ੀਸ਼ੀ।

ਸਾਧੂ ਸਾਨੂੰ ਵੇਖ ਸੁਚੇਤ ਹੋਇਆ। ਅਸਾਂ ਆਉਣ ਦਾ ਮਨੋਰਥ ਦੱਸਿਆ ਕਿ ਆਪ ਨਾਲ ਕੁਝ ਗੱਲਾਂ ਕਰਨੀਆਂ ਹਨ। ਸੁਆਗਤ ਕਰਦੇ ਇਸ ਸਾਰੇ ਹਲਾਤ ਵਿਚ ਅਕੇਲੇ ਸੰਤ ਨੇ ਸਾਡੀਆਂ ਗੱਲਾਂ ਦਾ ਉੱਤਰ ਦਿਤਾ ਅਤੇ ਫਿਰ ਸਾਨੂੰ ਉਸ ਮਕਾਨ ਦੇ ਕਮਰੇ ਵਿਖਾਏ ਜਿਸ ਵਿਚ ਅੱਜ ਕਲ੍ਹ ਕੋਈ ਨਹੀਂ ਸੀ ਰਹਿ ਰਿਹਾ। 100 ਸਾਲ ਤੋਂ ਉਪਰ ਦਾ ਰਿਸ਼ੀ ਖੜਾਵਾਂ ਪਾ ਕੇ ਸਾਡੇ ਨਾਲ ਨਾਲ ਤੁਰ ਪਿਆ। ਅਗਾਂਹ ਇਕ ਰਸੋਈ ਵਿਚ ਅਧਖੜ ਉਮਰ ਦੀ ਇਕ ਤੀਵੀਂ ਰੋਟੀ ਪਕਾ ਰਹੀ ਸੀ। ਸਾਧੂ ਨੇ ਦੱਸਿਆ : ਇਹ ਬੀਬੀ ਰੋਟੀ ਪਕਾ ਕੇ, ਖੁਆ ਕੇ ਚਲੀ ਜਾਂਦੀ ਹੈ।

ਖ਼ਾਲੀ ਕਮਰਿਆਂ ਵਿਚ ਹੋਰ ਕੂੜਾ ਨਿਕ-ਸੁਕ ਪਿਆ ਸੀ : ਕਈ ਰਜਿਸਟਰ, ਕਈ ਕਿਤਾਬਾਂ, ਅਖ਼ਬਾਰਾਂ ਦੀਆਂ ਫ਼ਾਈਲਾਂ ਰੁਲ ਰਹੀਆਂ ਸਨ। ਸਮਾਂ ਇਸ ਵੇਲੇ ਦਿਨ ਦੇ 11.00 ਵਜਾ ਸੀ।

ਇਹ ਸਭ ਕੁਝ ਵਿਖਾ ਸਾਧੂ ਸਾਨੂੰ ਸਮਾਧੀ ਵੱਲ ਨੂੰ ਲੈ ਤੁਰਿਆ। ਬਿਨਾ ਪਲਸਤਰ ਗੁੰਬਦਦਾਰ ਇਸ ਸਮਾਧ ਦਾ ਸਾਧੂ ਦਇਆ ਨੰਦ ਜੀ ਨੇ ਆਪ ਜਿੰਦਾ ਬੂਹਾ ਖੋਲ੍ਹਿਆ। ਵਿਚ ਇਹਨਾਂ ਦੇ ਵੱਡੇ, ਅਰਥਾਤ ਪਹਿਲੇ ਮਹੰਤ ਸਵਾਮੀ ਗੋਬਿੰਦਦਾਸ ਜੀ ਦੇ (ਫੋਟੋ) ਚਿੱਤਰ ਸਨ, ਪੂਜਾ ਸਥਾਨ ਤੇ। ਉਪਰਵਾਰ ਇਕ ਪਲੰਘੜੀ ਤੇ ਆਦਿ ਸ੍ਰੀ ਗ੍ਰੰਥ ਜੀ ਦੀ ਬੀੜ ਰੁਮਾਲਿਆਂ ਵਿਚ ਸੁਖਾਸਨ ਸੀ। ਪੂਜਾ ਸਥਾਨ ਦੇ ਸਾਹਵੇਂ, ਸੰਸਕ੍ਰਿਤ ਦੀਆਂ ਅਨੇਕਾਂ ਪੁਸਤਕਾਂ (ਲਗਭਗ 45) ਪਈਆਂ ਸਨ, ਵੇਦਾਂਤ ਦੇ ਗ੍ਰੰਥ ਵੀ ਹੈਸਨ। ਕੁਝ ਸਮਾਂ ਏਥੇ ਬੈਠਣ ਉਪਰੰਤ, ਏਥੇ ਵਿਛੇ ਆਸਣ ਹੇਠੋਂ ਚਾਬੀਆਂ ਕੱਢ, ਸੰਤ ਇਕ ਕੋਨੇ ਵਾਲੇ ਕਮਰੇ ਵਿਚ ਲੈ ਗਏ। ਏਥੇ ਵੀ ਪੁਸਤਕਾਂ ਦੇ ਟਰੰਕ ਪਏ ਹੋਏ ਸਨ। ਅਤੇ ਕੁਝ ਪੁਰਾਣੀਆਂ ਯਾਦਾਂ ਨਾਲ ਸੰਬੰਧਤ ਵਸਤਾਂ।

## ਸਵਾਮੀ ਦਇਆ ਨੰਦ ਜੀ

ਘੰਟੇ ਭਰ ਦੀ ਗੱਲ ਬਾਤ ਤੋਂ ਪਤਾ ਲੱਗਾ ਕਿ ਸਵਾਮੀ ਦਇਆ ਨੰਦ ਜੀ ਚੰਗੇ ਚੋਖੇ ਵਿਦਵਾਨ ਹਨ। 100 ਸਾਲ ਤੋਂ ਵੱਧ ਦੇ ਹੁੰਦਿਆਂ ਸੁਰਤ ਅਤੇ ਸਮਰਥਾ ਦੇ ਧਨੀ ਸਨ। ਸਾਨੂੰ ਉਹਨਾਂ ਵਿਚ ਕਿਸੇ ਪਰਕਾਰ ਦੀ ਕੋਈ ਕਮੀ ਨਹੀਂ ਜਾਪੀ। ਜਦੋਂ



Sri Satguru Jagjit Singh Ji Elibrary NamdhariElibrary@gmail.com

ਮੈਂ ਪੁੱਛਿਆ : ਕੋਈ ਚੇਲਾ ਨਹੀਂ ਰਖਿਆ ? ਕਹਿਣ ਲਗੇ : ਅਜੇ ਜੀਊਣਾ ਏ, ਕਾਹਨੂੰ ਮੁਸੀਬਤ ਗਲ ਪਾਵਾਂ ! ਗੱਲ ਇਹ ਠੀਕ ਸੀ, ਚੇਲੇ ਰੁਪਇਆਂ ਦੇ ਲਾਲਚ ਪਿਛੇ ਗੁਰੂ ਨੂੰ ਹੀ ਮਾਰ ਮੁਕਾਂਦੇ ਹਨ । ਸੰਤਾਂ ਨੇ ਦੱਸਿਆ, ਡੇਰੇ ਦੇ ਨਾਮ 63 ਏਕੜ ਜ਼ਮੀਨ ਵੀ ਹੈ ।

ਉਨ੍ਹਾਂ ਨਾਲ ਕੀਤੀ ਗੱਲ ਬਾਤ ਵਿਚੋਂ ਲੁੜੀਂਦੇ ਨੁਕਤੇ ਇਸ ਪ੍ਰਕਾਰ ਹਨ :

— ਸ੍ਰੀਮਾਨ ਸੰਤ ਹੀਰਾ ਦਾਸ ਜੀ, ਇਸ ਡੇਰੇ ਦੇ ਮੋਢੀ ਤੇ ਮੁਖੀ 120 ਸਾਲ ਦੇ ਹੋ ਕੇ ਗੁਜ਼ਰੇ ।

— ਮਲੇਰ ਕੋਟਲੇ ਦੇ ਬੁੱਚੜ ਘੱਧ ਕਾਂਡ (1872 ਜਨਵਰੀ) ਵਿਚ ਸੰਤ ਹੀਰਾ ਦਾਸ ਜੀ ਵੀ ਨਾਲ ਸਨ ।

— ਸੰਤ ਹੀਰਾ ਦਾਸ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਖ਼ੁਦ ਦੱਸਿਆ ਸੀ ਕਿ ਉਹਨਾਂ ਨੇ ਮਲੇਰ ਕੋਟਲਾ ਬੁੱਚੜ-ਘੱਧ ਵਿਚ ਹਿੱਸਾ ਲਿਆ, ਫੇਰ ਉਹ ਭੱਜ ਆਏ ਅਤੇ ਸਾਧ ਬਣ ਕੇ ਏਥੇ ਰਹਿੰਦੇ ਰਹੇ ।

— ਬਹੁਤੇ ਲੋਕ ਸੋਚਦੇ ਹਨ ਕਿ ਸੰਤ ਹੀਰਾ ਦਾਸ ਜੀ ਨਾਮਧਾਰੀ ਸਨ,ਪਰ ਇਹ ਉਨ੍ਹਾਂ ਦਾ ਆਪਣਾ ਖ਼ਿਆਲ ਹੈ, ਉਹਨਾਂ ਨੇ ਸਾਨੂੰ ਇਹ ਨਹੀਂ ਦੱਸਿਆ । ਜਿਵੇਂ ਗੁਰੂ ਗੋਬਿੰਦ ਸਿੰਘ ਜੀ ਪਾਸ ਉਦਾਸੀ ਸਾਧੂ ਕ੍ਰਿਪਾਲ ਅਤੇ ਗੁਰਬਖ਼ਸ਼ ਜੀ ਆਦਿਕ ਸਨ, ਇੰਜ ਹੀ, ਇਹ ਵੀ ਗੁਰੂ ਰਾਮ ਸਿੰਘ ਜੀ ਨਾਲ ਸੰਬੰਧ ਰਖਦੇ ਉਦਾਸੀ ਸਾਧੂ ਸਨ । ਸਵਾਮੀ ਜੀ ਨੇ ਸਾਫ਼ ਗਹਿ ਕੇ ਸਾਫ਼ ਕਿਤਾ ।

— ਗੁਰੂ ਰਾਮ ਸਿੰਘ ਜੀ ਦੇ ਸਮੇਂ ਬ੍ਰਹਮ ਬੂਟਾ ਅਖਾੜੇ ਦੇ ਮਹੰਤ ਸਨ ਸੰਤੋਖ ਦਾਸ ਜੀ । ਵੱਡੇ ਅਖਾੜੇ ਦੇ ਮੁਖੀ ਤੇ ਮੋਢੀ ਮਹੰਤ ਪ੍ਰੀਤਮ ਦਾਸ ਜੀ ਸਨ ਤੇ ਇਹਨਾਂ ਤੋਂ ਉਤਰ ਕੇ ਸੰਤੋਖ ਦਾਸ । ਫਿਰ ਜਦ ਸੰਗਲ ਵਾਲਾ ਅਖਾੜਾ ਵੱਖ ਹੋਇਆ ਤਾਂ ਸੰਤੋਖ ਦਾਸ ਜੀ ਏਧਰ ਆ ਗਏ ।

— "ਆਪ ਲੋਕਾਂ (ਨਾਮਧਾਰੀਆਂ) ਦਾ ਮੇਲ (ਸਾਡੇ ਨਾਲ) ਅੱਜ ਦਾ ਨਹੀਂ ਹੈ । ਇਹ ਬਹੁਤ ਪੁਰਾਣਾ ਹੈ । ਜਦੋਂ ਮਹਾਰਾਜ ਭੈਣੀ ਸਾਹਿਬ ਰਿਹਾ ਕਰਦੇ ਸਨ,ਉਹਨਾਂ ਨਾਲ ਸੰਤ (ਉਦਾਸੀ) ਰਹਿੰਦੇ ਰਹੇ ਹਨ ।

— "ਮੇਰਾ ਜਨਮ ਉਦਾਸੀ ਸੰਤਾਂ ਦੇ ਘਰ ਦਾ ਹੈ । ਮੇਰੇ ਦਾਦਾ ਜੀ ਗ੍ਰਿਸਤੀ ਉਦਾਸੀ ਸਨ । ਉਹਨਾਂ ਦੇ ਸਪੁੱਤਰ ਦੇ ਘਰ ਮੇਰਾ ਜਨਮ ਹੋਇਆ । ਹੁਸ਼ਿਆਰਪੁਰ ਜ਼ਿਲ੍ਹੇ ਵਿਚ ਮੇਰਾ ਪਿੰਡ 'ਸੋਤਾ' ਹੈ । ਮੈਂ ਸੱਤਵੀਂ ਪੜ੍ਹਦਿਆਂ ਹੀ ਏਥੇ (ਡੇਰੇ) ਆ ਗਿਆ ਸਾਂ । ਵੀਹ ਵਰ੍ਹੇ ਮੈਂ ਕਾਸ਼ੀ ਰਹਿ ਕੇ ਪੜ੍ਹਿਆ ਹਾਂ, ਕੁਝ ਸਮਾਂ ਅੰਮ੍ਰਿਤਸਰ ਵੀ ।

— "ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਮੈਨੂੰ ਡੇਹਰਾ ਦੂਨ ਅਤੇ ਹਰਿਦੁਆਰ ਕੁੰਭਾਂ ਸਮੇਂ ਹੁੰਦੇ ਰਹਿੰਦੇ ਸਨ । (ਮਹਾਰਾਜ) ਗੁਰਦਿਆਲ ਸਿੰਘ ਜੀ ਸਾਡੇ ਪਾਸ ਕਾਸ਼ੀ (ਹਿੰਦੂ ਮਹਾਂ ਸਭਾ) ਵਿਚ ਜ਼ਿਆਦਾ ਕਰ ਕੇ ਠਹਿਰਦੇ ਹੁੰਦੇ ਸਨ । ਮੈਂ



Sri Satguru Jagjit Singh Ji Elibrary NamdhariElibrary@gmail.com

ਉਸ ਵੇਲੇ ਸੰਸਕ੍ਰਿਤ ਵਿਦਿਆਲਾ ਵਿਚ ਰਿਹਾ ਕਰਦਾ ਸਾਂ। ਮੇਰੇ ਪਾਸ ਗੁਰਦਿਆਲ ਸਿੰਘ ਜੀ (ਮਹਾਰਾਜ), ਨਿਧਾਨ ਸਿੰਘ ਆਲਿਮ ਅਤੇ ਇੰਦਰ ਸਿੰਘ ਚਕ੍ਰਵਰਤੀ, ਮੰਗਲ ਸਿੰਘ ਮਸਤਾਨਾ ਆਦਿ ਠਹਿਰਿਆ ਕਰਦੇ ਸਨ। ਪੰਡਿਤ ਸੰਤੋਸ਼ਾਨੰਦ ਮਹੰਤ ਵੀ ਏਥੇ ਹੀ ਰਿਹਾ ਕਰਦੇ ਸਨ।

— "ਇਕ ਸੂਬਾ ਦਸੌਂਧਾ ਸਿੰਘ ਜੀ ਨਗਰ ਦੇ ਹੁੰਦੇ ਸਨ। ਉਨ੍ਹਾਂ ਨੂੰ ਚਿੱਟੀ ਪਿੰਡ ਦੇ ਲੋਕਾਂ, ਇਕ ਵਾਰ, ਅਖੰਡ ਪਾਠ ਕਰਨ ਲਈ ਬੁਲਾਇਆ। ਭੋਗ ਪੈਣ ਉਪਰੰਤ ਸ਼ਾਮੀ ਉਹ ਏਥੇ (ਸੰਤਾਂ ਦੇ ਡੇਰੇ) ਆਏ ਤਾਂ ਅਸੀਂ ਉਨ੍ਹਾਂ ਦਾ ਬੜਾ ਸਤਿਕਾਰ ਕੀਤਾ (35 ਵਰ੍ਹੇ ਪਹਿਲਾਂ)। ਏਥੇ ਹੀ ਦੀਵਾਨ ਲੁਆਇਆ ਦੋ ਦਿਨ ਅਤੇ ਲੰਗਰ ਵੀ ਕੀਤਾ।

— "ਸਤਿਗੁਰੂ ਪ੍ਰਤਾਪ ਸਿੰਘ ਜੀ ਕਾਲੇ (ਕਾਲਾ ਸੰਘਿਆਂ) ਵੀ ਆਉਂਦੇ ਰਹੇ। ਏਸੇ ਡੇਰੇ ਦੀ ਓਥੇ ਵੀ ਜਾਇਦਾਦ ਹੈ। ਸਤਿਗੁਰਾਂ ਨੂੰ ਵੇਖ ਕੇ ਸ਼ਾਂਤੀ ਜਿਹੀ ਆ ਜਾਂਦੀ ਸੀ। ਜਿਵੇਂ ਤੁਹਾਨੂੰ ਏਥੋਂ ਦਾ (ਕੁਟੀ ਦਾ) ਵਾਤਾਵਰਣ ਸ਼ਾਂਤ ਲੱਗਾ ਹੈ, ਇਵੇਂ ਹੀ ਉਨ੍ਹਾਂ ਦੇ ਦਰਸ਼ਨ ਕਰ ਕੇ ਸੁਖ ਜਿਹਾ ਹੁੰਦਾ ਸੀ।

— "ਜਿੱਦਣ ਮੈਂ ਭੈਣੀ ਸਾਹਿਬ ਗਿਆ ਸਾਂ, ਓਦੂੰ ਅਗਲੇ ਦਿਨ ਸਤਿਗੁਰੂ (ਜਗਜੀਤ ਸਿੰਘ) ਜੀ ਏਥੇ ਆ ਗਏ। ਅਮਰੀਕ ਸਿੰਘ (ਸੂਬਾ ਜੀ) ਨੇ ਆਣ ਆਖਿਆ : ਮਹਾਰਾਜ ਆ ਗਏ। ਮੈਂ ਆਖਿਆ : ਹੱਦ ਹੋ ਗਈ। ਮਹਾਰਾਜ ਜੀ ਨੇ ਏਥੋਂ ਦਾ ਸ਼ਾਂਤ ਵਾਤਾਵਰਣ ਵੇਖ ਕੇ ਆਖਿਆ ਸੀ : ਮੇਰਾ ਜੀ ਕਰਦਾ ਏ, ਚਾਰ ਕੁ ਦਿਨ ਏਥੇ ਰਹਾਂ। ਮੈਂ ਕਿਹਾ : ਚਾਰ ਦਿਨ ਕਿਉਂ, ਚਾਰ ਮਹੀਨੇ ਰਹੋ।

— "ਕੂਕਾ" ਅਖ਼ਬਾਰ ਅਸੀਂ ਆਪ ਕਢਦੇ ਰਹੇ ਹਾਂ। ਮੁਨਸ਼ੀ ਰਾਮ ਨੂੰ ਉਸ ਦਾ ਐਡੀਟਰ ਬਣਾਇਆ ਸੀ। ਨਿਰੰਕਾਰ ਸਿੰਘ ('ਚੰਦਨ') ਨਾਮਧਾਰੀ ਵੀ ਉਸ ਵਿਚ ਕੰਮ ਕਰਦਾ ਸੀ। ਮੈਂ ਉਸ ਵਕਤ ਬਨਾਰਸ ਵਿਚ ਸਾਂ। ਮੇਰੇ ਪਾਸ ਆਉਂਦਾ ਸੀ "ਕੂਕਾ"। ਮਹੰਤ ਲਛਮਣ ਦਾਸ ਡੇਹਰਾਦੂਨ ਵਾਲੇ ਸਾਰਾ ਖ਼ਰਚ ਕਰਦੇ ਸਨ। ਪਰ ਅਖ਼ਬਾਰ ਕੂਕਿਆਂ ਦਾ ਸੀ। ਮੇਰੇ ਲੇਖ ਵੀ ਇਸ ਵਿਚ ਛਪਦੇ ਰਹੇ ਹਨ। ਪੰ: ਕੰਗੇਸ਼ਵਰਾ ਨੰਦ ਵੀ ਮੇਰੇ ਨਾਲ ਪੜ੍ਹਦੇ ਰਹੇ ਹਨ। ਅਸੀਂ ਅਖ਼ਬਾਰ "ਆਜ" (ਬਨਾਰਸ) ਵਿਚ ਤੁਹਾਡੇ (ਨਾਮਧਾਰੀਆਂ ਦੇ) ਗੁਣ ਗਾਉਂਦੇ ਰਹੇ ਹਾਂ। ਅਤੇ ਉਦਾਸੀਆਂ ਦੇ ਵੀ ਪਰ ਅਕਾਲੀਆਂ ਨੂੰ ਰੜਕਦੇ ਹੀ ਰਹੇ।

— 'ਸੰਤ ਹੀਰਾ ਦਾਸ ਜੀ ਕਈ ਧਾੜੀਆਂ ਦੇ ਸਾਰੀ ਉਮਰ ਦੁਸ਼ਮਨ ਰਹੇ। ਹੈਦਰਾਬਾਦ, ਰਸੂਲਪੁਰ ਆਦਿ ਦੇ ਬੁੱਚੜਖ਼ਾਨਿਆਂ ਦੇ ਵਿਰੋਧ ਵਿਚ ਉਹ ਸੰਤਪੁਣਾ ਤਕ ਤਿਆਗ ਦਿੰਦੇ।

— "ਇਸ ਡੇਰੇ ਦੇ ਦੁਆਲੇ ਦੀ ਜ਼ਮੀਨ ਕੇਵਲ 5–6 ਏਕੜ ਹੈ।

— "ਸੰਤ ਹੀਰਾ ਦਾਸ ਜੀ ਮਾਰਚ 1927 ਵਿਚ ਪੂਰੇ ਹੋਏ।"

— ਮੈਂ ਪੁੱਛ ਲਿਆ : ਸਤਿਗੁਰੂ ਜਗਜੀਤ ਸਿੰਘ ਜੀ ਤੁਹਾਨੂੰ ਕੈਸੇ ਲਗੇ ?



Sri Satguru Jagjit Singh Ji Elibrary NamdhariElibrary@gmail.com

— ਬੋਲੇ : ਸਥਾਨੰ ਪ੍ਰਧਾਨੰ ਵ ਬਲੰ ਪ੍ਰਧਾਨੰ । ਸ਼ਕਤੀ ਤਾਂ ਹੁੰਦੀ ਹੀ ਹੈ, ਮਹਾਨ ਸਥਾਨ ਤੇ ਮਹਾਨ ਵਿਅਕਤੀ ਹੀ ਬੈਠਦੇ ਹਨ ।

## ਗਿਆਨੀ ਸ਼ਾਦੀ ਸਿੰਘ

ਚਿੱਟੀ ਦੇ ਡੇਰੇ ਤੋਂ ਵਾਪਸੀ ਸਮੇਂ ਮੈਨੂੰ ਇਕ ਕੈਸੇਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ (ਸ਼ਾਇਦ ਏਸੇ ਮਹੀਨੇ ਵਿਚ) ਰੋਜ਼ਾਨਾ 'ਅਕਾਲੀ ਪਤ੍ਰਿਕਾ' ਜਲੰਧਰ ਦੇ ਮਾਲਿਕ ਸੰਪਾਦਕ ਗਿ: ਸ਼ਾਦੀ ਸਿੰਘ ਨਾਲ ਇਕ ਮਿਲਣੀ ਦੀ ਪ੍ਰਾਪਤ ਹੋਈ । ਓਦੋਂ ਉਹ ਜਲੰਧਰ ਰੋਗ ਸ਼ੱਈਆ ਤੇ ਪਏ ਸਨ । ਸ਼ਾਦੀ ਸਿੰਘ ਹੁਰਾਂ ਸਤਿਗੁਰਾਂ ਨੂੰ ਦੱਸਿਆ ਕਿ ਉਹਨਾਂ ਨੂੰ ਜੈ ਪ੍ਰਕਾਸ਼ ਨਰਾਇਣ ਵਾਲਾ ਹੀ ਰੋਗ ਹੈ । ਇਸ ਬਾਰੇ ਉਹ ਵਲਾਇਤ ਗਏ । ਇਲਾਜ ਕਰਵਾਇਆ । ਗਿਆਨੀ ਜੀ ਕਿਹਾ : ਮੈਨੂੰ ਕਮਜ਼ੋਰੀ ਸੀ । ਮੈਨੂੰ ਡਾਇਲਾਇਸਿਸ ਤੇ ਨਹੀਂ ਸਨ ਪਾਉਂਦੇ । ਵਲਾਇਤ ਵਿਚ ਮੈਡੀਕਲ ਏਡ (ਦਵਾਦਾਰੂ) ਫ੍ਰੀ ਹੈ । ਏਥੇ, ਦੇਸ਼ ਵਿਚ 3-4 ਦਿਨਾਂ ਵਿਚ ਹੀ 10,000/- ਦੇ ਕੇ ਵੀ ਓਨੀ ਮਦਦ ਨਹੀਂ ਹੁੰਦੀ ।

''ਤੁਹਾਡੇ ਜੈਸੇ ਮਹਾਪੁਰਸ਼ਾਂ ਦੀ ਕਿਰਪਾ ਨਾਲ ਹੀ ਚਾਰ ਦਿਨ ਜ਼ਿੰਦਗੀ ਦੇ ਬੀਤੇ ਹਨ । ਹੁਣ ਨ ਪਲੰਘ ਤੇ ਜੀ ਕਰਦਾ ਹੈ, ਨ ਪੈਣ ਤੇ, ਨ ਬਹਿਣ ਤੇ ।

ਸਤਿਗੁਰੂ ਜੀ ਨੇ ਉਹਨਾਂ ਤੋਂ ਸਭ ਕੁਝ ਸੁਣ ਕੇ ਅਖ਼ੀਰ ਵਿਚ ਫ਼ਰਮਾਇਆ : ਸਾਨੂੰ ਦੱਸੋ, ਕੋਈ ਤੁਹਾਡੀ ਸੇਵਾ ਕਰੀਏ ? ਕਿਸ ਤਰ੍ਹਾਂ ਕਰੀਏ ?? ਗਿਆਨੀ ਜੀ : ਮੈਂ ਤਾਂ ਤੁਹਾਡੇ ਦਰਸ਼ਨਾਂ ਨਾਲ ਹੀ ਨਿਹਾਲ ਹੋ ਗਿਆ ਹਾਂ, ਸਾਫ਼ ਗੱਲ ਹੈ । ਮੈਨੂੰ ਸਵੇਰੇ ਦੁਸਾਂਝ ਹੁਰਾਂ ਦੱਸਿਆ ਸੀ ਕਿ ਤੁਸਾਂ ਆਉਣਾ ਹੈ । ਮੈਂ ਆਖਿਆ ਕਿ ਇਹ ਤਾਂ ਬੜੀ ਔਖੀ ਗੱਲ ਹੈ । ਮੇਰਾ ਆਪਣਾ ਵੀ ਜੀ ਤੁਹਾਡੇ ਦਰਸ਼ਨਾਂ ਨੂੰ ਕਰਦਾ ਸੀ, ਪਰ ਸਰੀਰ ਬਹੁਤ ਕਮਜ਼ੋਰ ਸੀ । ਹੁਣ ਦਿਮਾਗ਼ ਤਾਂ ਠੀਕ ਕੰਮ ਕਰਦਾ ਹੈ ਪਰ ਸਰੀਰ ਨਹੀਂ ਮਦਦ ਕਰਦਾ । ਮੈਨੂੰ ਤਾਂ ਇਹ ਸੀਗਾ ਕਿ ਬਾਬਾ ਬੀਰ ਸਿੰਘ ਆਣਗੇ, ਤੁਹਾਡਾ ਨਹੀਂ ਸੀ ਅੰਦਾਜ਼ਾ । ਪਰ ਅੱਜ ਤਾਂ ਤੁਹਾਡੀ ਗ਼ੈਬੀ ਤਾਕਤ ਆਈ ਹੈ ।

ਸਤਿਗੁਰੂ ਜੀ : ਮੈਂ ਸੋਚਿਆ ਕਿ ਜੇ ਗਿਆਨੀ ਜੀ ਲਈ ਪੀ. ਜੀ. ਆਈ. (ਚੰਡੀਗੜ੍ਹ) ਦਾ ਪ੍ਰਬੰਧ ਕਰਨ ਦੀ ਲੋੜ ਹੋਵੇ ਤਾਂ ਕਰਵਾ ਦਿਆਂ ।

ਗਿਆਨੀ ਜੀ : ਮੈਂ ਉਦੋਂ ਓਥੇ ਹੀ ਸਾਂ ਜਦੋਂ ਸ: ਗੁਰਬਖ਼ਸ਼ ਸਿੰਘ ਓਥੇ ਆਇਆ ਸੀ (ਸਤਿਗੁਰਾਂ ਹੀ ਪ੍ਰਬੰਧ ਕਰਵਾਇਆ ਸੀ) ।

ਸਤਿਗੁਰੂ ਜੀ : ਜੋ ਅਨਰੂਪਿਓ ਠਾਕੁਰ ਮੇਰੇ ਹੋਇ ਰਹੀ ਉਹ ਬਾਤ ।

ਫਿਰ ਗਿਆਨੀ ਜੀ ਨੇ ਆਪਣੇ ਸਾਰੇ ਪਰਵਾਰ ਬਾਰੇ ਸਤਿਗੁਰੂ ਜੀ ਨੂੰ ਜਾਣਕਾਰੀ ਦਿਤੀ, ਮਿਲਾਇਆ ।

ਗਿਆਨੀ ਜੀ : ਇਸ ਵੇਲੇ ਕੋਈ ਧਨ ਦਾ ਲਾਲਚ ਨਹੀਂ, ਮਨ ਦਾ ਲਾਲਚ ਨਹੀਂ ।

ਸਤਿਗੁਰੂ ਜੀ ਨੇ ਫਿਰ ਸੇਵਾ ਪੁੱਛੀ ।

ਗਿਆਨੀ ਜੀ : ਗੱਲ ਇਹ ਐ ਜੀ, ਸਾਨੂੰ ਤੁਹਾਡੇ ਤੇ ਮਾਣ ਹੀ ਬੜੈ । ਤੁਹਾਡਾ ਸਾਡੇ



Sri Satguru Jagjit Singh Ji Elibrary NamdhariElibrary@gmail.com

ਤੇ ਹੱਥ ਫੇਰਿਆ ਵੀ ਕਤੇ। ਹੋਰ ਸੇਵਾ ਕੀ ਕਹਣੀ ਐ। ਦੁਆਈ ਦੀ ਦੁਆਈ ਹੀ ਇਹ ਐ। ਮਹਾਂਪੁਰਸ਼ਾਂ ਦਾ ਪਰਛਾਵਾਂ ਹੀ ਐਸਾ ਹੈ, ਰੂਹ ਵੀ ਐਸੀ ਹੈ। ਇਹ ਅਸਲੀਅਤ ਹੈ। ਇਹੋ ਬਖਸ਼ ਮੰਗੀਦੀ ਹੈ ਜੁ ਮਿਹਰ ਹੋਵੇ, ਫਿਰ, ਅੱਗੋਂ ਮਿਹਰ ਹੋਵੇ।

ਸਤਿਗੁਰੂ ਜੀ : ਤੁਸੀਂ ਤਾਂ ਵਿਦਵਾਨ ਆਦਮੀ ਹੋ, ਮੈਂ ਤਾਂ ਇਸ ਲਾਇਕ ਨਹੀਂ ਜੁ ਤੁਸਾਂ ਸ਼ਬਦ ਆਖੇ ਨੇ।

ਗਿਆਨੀ ਜੀ : ਇਹ ਤਾਂ ਜੀ ਮੈਟਰ ਆਫ਼ ਫ਼ੇਥ ਹੈ (ਵਿਸ਼ਵਾਸ ਦੀ ਗੱਲ ਹੈ) ਅਸੀਂ ਜਿੰਨੇ ਲੋਕ ਰੱਬ ਨੂੰ ਮੰਨਣ ਵਾਲੇ ਹਾਂ। ਰੱਬ ਨੂੰ ਕਿਸੇ ਫੜ ਕੇ ਵੇਖਿਐ। ਰੱਬ ਦੇ ਬੰਦੇ ਹੀ ਰੱਬ ਨੇ।... ਮੈਨੂੰ ਬੜਾ ਉਤਸਾਹ ਮਿਲਿਆ ਹੈ, ਤੁਹਾਡੇ ਆਉਣ ਨਾਲ।

## 13 ਅਪਰੈਲ 1979, ਸ਼ੁੱਕਰਵਾਰ
## ਅੰਮ੍ਰਿਤਸਰ

### ਚੱਕਰ ਬਟਾਲੇ ਦਾ

ਰਾਤ, ਮੈਂ ਬਟਾਲੇ ਹਰਭਜਨ ਸਿੰਘ ਫ਼ੋਟੋਗ੍ਰਾਫ਼ਰ ਨੂੰ ਮਿਲਣ ਆ ਗਿਆ ਸਾਂ। ਇਸ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਇਕ ਦਿਨ ਰਹਿ ਕੇ, ਉਨ੍ਹਾਂ ਦੀ 'ਵੱਨ ਡੇ ਲਾਈਫ਼' (ਇਕ ਦਿਨ ਦੀ ਜ਼ਿੰਦਗੀ) ਫ਼ੋਟੋਗ੍ਰਾਫ਼ ਕਰਨ ਦੀ ਇੱਛਾ ਦੱਸੀ ਹੋਈ ਸੀ। ਮੈਂ ਚਾਹੁੰਦਾ ਸਾਂ ਕਿ ਉਹ ਸਵੇਰੇ ਮੇਰੇ ਨਾਲ ਅੰਮ੍ਰਿਤਸਰ ਚੱਲੇ ਅਤੇ ਅਸੀਂ ਸਤਿਗੁਰੂ ਜੀ ਤੋਂ ਸਮਾਂ ਨਿਸਚਿਤ ਕਰਵਾ ਲਈਏ। ਪਰ ਬਾਜਵਾ ਤਾਂ ਜਲੰਧਰ ਪੁੱਜਾ ਹੋਇਆ ਸੀ। ਮੈਂ ਕੱਲ੍ਹ ਜਲੰਧਰੋਂ ਏ ਵਜੇ ਏਧਰ ਨੂੰ ਤੁਰਿਆ ਹੋਇਆ ਸਾਂ।

ਰਾਤੀਂ ਮੈਂ ਵੇਰਕੇ ਦੇ ਖ਼ਾਨਦਾਨੀ ਨਾਮਧਾਰੀਆਂ ਘਰ ਪੁੱਜਾ। ਸ. ਗੁਰਦਿਆਲ ਸਿੰਘ ਬਾਜਵਾ ਕੋਲ। ਇਹ ਸੇਠ ਰਣਜੀਤ ਸਿੰਘ ਬਾਜਵਾ ਸੰਤ ਨਗਰ ਵਾਲਿਆਂ ਦੇ ਭਾਈ ਅਤੇ ਮਹੰਤ ਕਿਸ਼ਨ ਸਿੰਘ ਜੀ ਦੇ ਸਪੁੱਤਰ ਹਨ। ਅੱਜ ਕੱਲ ਮੰਨਦੇ ਤਾਂ ਗੁਰੂ ਘਰ ਨੂੰ ਹੀ ਹਨ ਪਰ ਪਾਬੰਦੀਆਂ ਵਿਚ ਨਹੀਂ।

### ਅੰਮ੍ਰਿਤਸਰ

ਰਾਤ ਸਾਗਰਪੁਰ ਰਹਿ ਕੇ ਜਾਂ ਅੱਜ ਸਵੇਰੇ ਅੰਮ੍ਰਿਤਸਰ ਪਹੁੰਚਾ ਤਾਂ ਪਤਾ ਲਗਾ ਕਿ ਸਤਿਗੁਰੂ ਸੱਚੇ ਪਾਤਸ਼ਾਹ, ਆਪਣੇ ਸੇਵਕ ਜਥੇ ਨਾਲ ਅੱਜ 10 ਵਜੇ ਹੀ ਹਾਵੜਾ ਮੇਲ ਦੁਆਰਾ ਲਖਨਊਓਂ ਆਏ ਹਨ। ਡੇਰਾ ਸ. ਸੂਰਤ ਸਿੰਘ 17, ਬਟਾਲਾ ਰੋਡ ਦੇ ਘਰ ਹੈ। ਸੰਗਤ ਵਲੋਂ ਭਰਪੂਰ ਸੁਆਗਤ ਸੀ। ਸਤਿਗੁਰੂ ਜੀ ਪ੍ਰੋਗਰਾਮ ਅਨੁਸਾਰ ਦੁਪਹਿਰ ਦੇ ਲੰਗਰ ਵਾਸਤੇ ਛੇਹਿਵਾਲੀ ਪਧਾਰੇ। ਲੰਗਰ, ਸੰਤ ਭਗਵਾਨ ਸਿੰਘ ਪਹੋਵੇ ਵਾਲਿਆਂ ਦੇ ਡਾਈਵਰਾਂ ਵਲ ਸੀ। ਪ੍ਰਸ਼ਾਦ ਪਾਣੀ ਛਕ, ਆਰਾਮ ਫ਼ਰਮਾ 6.20 ਤੇ ਹੀ ਸ਼ਾਮੀਂ ਸ. ਸੂਰਤ ਸਿੰਘ ਕੋਲ ਪਧਾਰੇ। ਇਸ ਸਮੇਂ ਸੁਆਗਤ ਕਰਤਾ ਸਨ :



Sri Satguru Jagjit Singh Ji Elibrary NamdhariElibrary@gmail.com

ਸ. ਸੂਰਤ ਸਿੰਘ, ਉਹਨਾਂ ਦਾ ਵੱਡਾ ਲੜਕਾ ਸ. ਸੁਰਜੀਤ ਸਿੰਘ, ਯੂ. ਕੇ.; ਛੋਟਾ ਸ. ਅਵਤਾਰ ਸਿੰਘ ਤਬਲਾਵਾਦਕ, ਸ. ਹਰਪਾਲ ਸਿੰਘ ਭੌਲੀ, ਦੂਹਤਰਾ, ਪ੍ਰੀਤਮ ਸਿੰਘ ਕਵੀ. ਸ. ਜਗਦੀਸ਼ ਸਿੰਘ "ਵਰਿਆਮ", ਸ. ਗੁਰਬਚਨ ਸਿੰਘ ਠੇਕੇਦਾਰ ਦਿੱਲੀ, ਸ. ਹਰਦਿਆਲ ਸਿੰਘ ਐਸ. ਡੀ. ਓ. ਜਮਨਾ ਨਗਰ ਵਾਲੇ ਦੇ ਦੋ ਬੱਚੇ ਹਰਵਿੰਦਰ ਅਤੇ ਦਲਬੀਰ।

ਸਤਿਗੁਰੂ ਜੀ ਹਸਦੇ ਹਸਦੇ ਅੰਦਰ ਆਏ ਨਮਸਕਾਰਾਂ ਪਰਵਾਨ ਕਰ ਬੈਠਕ ਵਿਚ ਹੀ ਬੈਠਣ ਦੀ ਤਿਆਰੀ ਕਰਨ ਨੂੰ ਕਿਹਾ। ਥਾਂ ਬਣ ਗਈ ਤਾਂ ਸ੍ਰੀ ਮਹਾਦੇਉ ਕੱਥਕ ਜੀ ਦਾ ਲੜਕਾ ਸ੍ਰੀ ਦਰਸ਼ਨ ਕੱਥਕ ਆ ਗਿਆ। ਜਾਪਦਾ ਸੀ, ਸੰਗੀਤ ਪ੍ਰੋਗਰਾਮ ਹੋਵੇਗਾ। ਸਤਿਗੁਰੂ ਜੀ ਪਾਸੋਂ ਬੀਬਾ ਜੀ ਹਸਦੇ ਹਸਦੇ ਆਏ ਅਤੇ ਦਰਸ਼ਨ ਕੱਥਕ ਦੇ ਕੰਨ ਕੋਲ ਜਾ ਕੇ ਕਿਹਾ : ਉਡੀਕਣਾ, ਥੋੜ੍ਹੀ ਦੇਰ ਤਕ ਸੱਚੇ ਪਾਤਸ਼ਾਹ ਆਉਂਦੇ ਹਨ।

## ਚਰਚਾ ਗੰਗਾ ਬੰਧਨ ਦੀ

ਤਿਆਰ ਹੋਈ ਬੈਠਕ ਵਿਚ 7 ਵਜੇ ਸਤਿਗੁਰੂ ਜੀ ਨੇ ਆ ਦਰਸ਼ਨ ਦਿਤੇ। ਆਉਂਦੇ ਹੀ ਇਸ ਘਰ ਦੇ ਪੋਤਰੇ ਧਰਮਵੀਰ ਸਿੰਘ ਸਪੁਤਰ ਸ. ਸੁਰਜੀਤ ਸਿੰਘ ਯੂ. ਕੇ. ਦੀ ਵਜਾਈ ਹੋਈ ਬੰਸਰੀ ਤੇ ਗੰਗਾ ਬੰਧਨ ਸਮਾਗਮ ਦੀ ਕੈਸੇਟ ਸਟੀਰੀਓ ਵਿਚ ਲਾ ਦਿਤੀ। ਇਹ ਸਾਰੀ ਸੁਣੀ। ਜਿਸ ਵਿਚ ਸਤਿਗੁਰੂ ਜੀ ਵਲੋਂ ਆਸ਼ੀਰ ਵਚਨ ਏਥੇ ਦਰਜ ਕਰਦਾ ਹਾਂ :

"ਖਾਂ ਸਾਹਿਬ ਨੇ ਮੁਝੇ ਆਗਿਆ ਕੀ ਹੈ ਕਿ ਮੈਂ ਭੀ ਕੁਛ ਕਹੂੰ। ਮੈਂ ਤੋ ਪਹਿਲੇ ਹੀ ਯਿਹ ਸੋਚ ਰਹਾ ਥਾ ਕਿ ਮੈਂ ਭੀ ਕੁਛ ਕਹੂੰ। ਬਹੁਤ ਦੇਰ ਸੇ ਹਮ ਸਲਾਮਤ ਅਲੀ ਸਾਹਿਬ ਕੋ ਬੁਲਾ ਰਹੇ ਥੇ, ਵੋਹ ਆ ਨਹੀਂ ਪਾਏ। ਹਮੇ ਖੁਸ਼ੀ ਹੈ ਕਿ ਆਜ, ਕਰੀਬ ਇਸ ਬਾਤ ਕੇ ਜੋ ਹਮ ਉਨ ਕੋ ਬੁਲਾ ਸਕੇਂਗੇ, ਹਮੇ ਆਜ ਬਾਹਰ ਭੀ ਨਹੀਂ ਜਾਨਾ ਪੜਾ। ਪਾਕਿਸਤਾਨ ਸੇ ਲਾਨੇ ਕੀ ਬਾਤ ਤੋ ਦੂਰ ਕਿਨਾਰ, ਬੰਬਈ ਸੇ ਭੀ ਬਾਹਰ ਨਹੀਂ ਜਾਨਾ ਪੜਾ। ਔਰ ਵੋਹ ਪਹਿਲੇ ਹੀ ਹਾਲ ਮੇਂ ਆ ਗਏ। (ਤਾਲੀਆਂ)। ਉਨ ਕੇ ਸਾਥ ਅਮਰੀਕ ਸਿੰਘ ਹਾਂਗਕਾਂਗ ਸੇ ਆਏ ਹੂਏ ਹੈਂ, ਉਨ ਸੇ ਭੀ ਕੁਛ ਸੀਖ ਰਹੇ ਹੈਂ। ਹਮ ਅਪਨੇ ਭਾਰਤ ਕੇ ਰਹਿਨੇ ਵਾਲੇ ਸਬ ਲੋਗ ਪਿਛੋਂ ਹੋ ਰਹੇ ਹੈਂ।

"ਯੇਹੀ ਏਕ ਸੰਗੀਤ ਕਾ ਕਾਰਯਕ੍ਰਮ ਹੈ, ਜਿਸ ਕੋ ਸੁਨਨੇ ਸੇ ਹਮੇਂ ਧੀਰ ਬਲ ਆਏਗਾ ਔਰ ਹਮ ਸਬ ਲੋਗ ਅਪਨੇ ਦੇਸ਼ ਕੀ ਰਖਸ਼ਾ ਕਰ ਸਕੇਂਗੇ। ਅਗਰ ਹਮਾਰੇ ਅੰਦਰ ਭਗਵਾਨ ਕੋ ਮਿਲਨੇ ਕੀ ਇਛਾ ਹੋਗੀ ਵੋਹ ਭੀ ਇਸੀ ਸੇ ਪ੍ਰਾਪਤ ਹੋ ਸਕੇਗਾ। ਸੰਗੀਤ ਮੇਂ ਬਹੁਤ ਹੀ ਔਰ ਔਰ ਬੋਲ ਹੈਂ, ਸ਼ਬਦ ਹੈਂ, ਸਵੱਰ ਹੈਂ। ਹਮਾਰੇ ਗਾਨੇ ਮੇ ਸੁਰ ਔਰ ਅਸੁਰ ਦੋ ਚੀਜ਼ੇਂ ਹੈਂ। ਜਿਸ ਕੇ ਬਸ ਮੇਂ ਸੁਰ ਹੋ ਜਾਏ ਤੋ ਉਸ ਕੇ ਬਸ ਮੇਂ ਸਬ ਕੁਛ ਹੋ ਗਇਆ।

"ਬੜੋਂ ਕਾ ਅਦਬ ਕਰਨਾ, ਔਰ ਬੜੋਂ ਨੇ ਛੋਟੋਂ ਕੋ ਸਾਥ ਰਖਨਾ, ਉਨ ਕੋ ਸਿਕਸ਼ਾ ਦੇਨੀ ਆਗੇ ਕੇ ਲੀਏ, ਯਿਹ ਬਾਹਰ ਕੇ ਲੋਗੋਂ ਮੇਂ ਬਹੁਤ ਹੈ। ਥਾਈਲੈਂਡ ਮੇਂ



Sri Satguru Jagjit Singh Ji Elibrary NamdhariElibrary@gmail.com

ਹਮ ਜਾਤੇ ਹੈਂ ਤੋ ਦੇਖਤੇ ਹੈਂ ਕਿ ਯੂਨੀਵਰਸਿਟੀਓਂ ਮੇਂ, ਕਾਲਿਜ ਯਾ ਸਕੂਲੋਂ ਮੇਂ, ਜੋ ਲੜਕਾ ਪੀਛੇ ਸੇ ਆਤਾ ਹੈ, ਵੁਹ ਬਹੁਤ ਝੁਕ ਕਰ "ਕਸ਼ਿਮਾ ਕੀਜੀਏ" "ਕਸ਼ਿਮਾ ਕੀਜੀਏ" (ਖਿਮਾ ਕਰਨਾ) ਕਹਤਾ ਹੁਆ ਜਾਤਾ ਹੈ ਔਰ ਅਪਨਾ ਸਥਾਨ ਗ੍ਰਹਿਣ ਕਰਤਾ ਹੈ।

"ਐਸੇ ਅੱਛੇ ਉਸਤਾਦੋਂ ਮੇਂ ਯਿਹ ਰਸਮੇਂ ਔਰ ਰਿਵਾਜ ਹੈਂ। ਅਭੀ ਭਾਰਤ ਵਰਸ਼ ਕੀ ਸਭਿਅਤਾ ਜੀਵਤ ਹੈ। ਇਸੇ ਲੇਕਰ ਹੀ ਹਮ ਆਗੇ ਬੜ੍ਹ ਸਕਤੇ ਹੈਂ।

"ਖਾਂ ਸਾਹਿਬ ਕੇ ਬਾਅਦ, ਜਿਹ ਤੋ ਬਹੁਤ ਹੀ ਬੜੇ ਆਦਮੀ ਹੈਂ, ਉਨ ਕੇ ਪਾਸ ਹਮ ਲੋਗ ਬੈਠੇ ਹੈਂ, ਵਿੱਦਿਆ ਦੇਂ, ਔਰ ਯੇਹ ਸਿਖਾ ਰਹੇ ਹੈ, ਯੇਹ ਬਹੁਤ ਅੱਛੀ ਬਾਤ ਕੀ, ਖਾਂ ਸਾਹਿਬ ਨੇ ਕਿ ਕੁਛ ਬਰਸ ਪਹਿਲੇ ਸਿਖਾਓ, ਬਚੋਂ ਕੋ ਫਿਰ ਐਸਾ (ਗੰਡਾ ਬੰਧਨ) ਕੀਆ ਜਾਏ।

"ਏਕ ਮਿਸਾਲ ਹੈ, ਸਤਿਗੁਰੂ ਪ੍ਰਤਾਪ ਸਿੰਘ ਜੀ ਯਿਹ ਕਹਾ ਕਰਤੇ ਥੇ, ਮਾਤਾ ਪਿਤਾ ਨੇ ਜਨਮ ਦੀਆ ਔਰ ਕਹਿਤੇ ਹੈਂ ਔਰੋਂ ਕਾ ਨਾਮ ਰਖ ਦੋ। ਪਹਿਲੇ ਦੋ ਚਾਰ ਬਰਸ ਉਨ੍ਹੇ ਦੇਖੋ, ਜ਼ਰਾ ਬੜਾ ਹੋ ਜਾਏ ਤੋ ਉਨ ਕੇ ਮੁਤਾਬਿਕ ਨਾਮ ਰਖਾ ਜਾਏ। ਜੋ ਲੋਗ ਦਾੜ੍ਹੀ ਮੂੰਛ ਰਖਤੇ ਹੈ, ਉਨ ਕੇ ਜਬ ਬੱਚਾ ਪੈਦਾ ਹੋਤਾ ਹੈ ਤੋ ਬੜਾ ਹੋਨੇ ਸੇ ਲੋਗ ਕਹਿਤੇ ਹੈਂ ਕਿ ਦਾੜ੍ਹੀ ਮੂੰਛ ਆ ਲੇਨੇ ਦੋ ਫਿਰ ਦੇਖੇਂਗੇ ਕੈਸਾ ਸੁੰਦਰ ਲਗਤਾ ਹੈ। ਯਿਹ ਬੜੀ ਅੱਛੀ ਬਾਤ ਹੈ ਕਿ ਪਹਿਲੇ ਕੁਛ ਸਿਖਾ ਲੀਆ ਫਿਰ ਗੰਡਾ ਬੰਧਨ ਕੀ ਰਸਮ ਕੀ।

"ਮੈਂ ਚਾਹਤਾ ਹੂੰ ਕਿ ਸਤਿਗੁਰੂ ਜੀ ਕੀ ਕ੍ਰਿਪਾ ਸੇ ਬਹੁਤ ਸੇ ਲੋਗ ਗਾਨੇ ਬਜਾਨੇ ਵਾਲੇ ਹੋ ਸਕੇਂ। ਯਹੀ ਮੇਰੀ ਆਸ਼ੀਰਵਾਦ ਹੈ।

"ਯੇਹ ਕਹਿ ਕਰ ਮੈਂ (ਸਿਤਾਰ ਬਜਾਨੇ ਕੀ) ਆਗਿਆ ਦੇਤਾ ਹੂੰ।"

ਜਿਹੜੀ ਉਸ ਦਿਨ ਸਿਤਾਰ ਵੱਜੀ ਧਰਮ ਵੀਰ ਦੁਆਰਾ ਉਸ ਦਾ ਰਿਕਾਰਡ ਸੁਣਾਉਂਦਿਆਂ ਕਿਤੇ ਸਤਿਗੁਰਾਂ ਠਾਕੁਰ ਉਦੇ ਸਿੰਘ ਜੀ ਨੂੰ ਪੁੱਛਿਆ : ਕਿਸ ਦੀ ਸਿਤਾਰ ਹੈ? ਕਹਿਣ ਲਗੇ : ਬੁੱਢਾ ਫਿੜਾ ਵਜਾਂਦਾ ਲਗਦਾ ਹੈ। ਜਦੋਂ ਸਤਿਗੁਰੂ ਜੀ ਨੇ ਧਰਮ ਵੀਰ ਦਾ ਨਾਮ ਲਿਆ ਤਾਂ ਉਦੇ ਸਿੰਘ ਜੀ ਦੇ ਮੰਨਣ ਵਿਚ ਨਹੀਂ ਸੀ ਆ ਰਿਹਾ।

## ਮੋਹ ਛੁੱਟੀਆਂ

ਮੈਂ ਸ੍ਰੀ ਸਤਿਗੁਰੂ ਜੀ ਨੂੰ ਚਿੱਠੀ ਦੁਆਰਾ ਸੂਚਿਤ ਕੀਤਾ ਕਿ ਸੂਬਾ ਸਾਹਿਬ ਸਿੰਘ ਜੀ ਬਾਰੇ ਪੁਸਤਕ ਲਿਖਣ ਲਈ ਮੈਂ 20.4.79 ਨੂੰ ਭੂੰਤਰ (ਕੁੱਲੂ-ਹਿਮਾਚਲ) ਜਾ ਰਿਹਾ ਹਾਂ। ਨਾ ਕੱਲ੍ਹ ਵੈਸਾਖੀ ਦੇ ਦਿਹਾੜੇ ਆਪ ਜੀ ਦੇ ਦਰਸ਼ਨ ਕਰ ਸਕਾਂਗਾ ਅਤੇ ਨਾ ਹੀ 17 ਜਾਂ 18 ਨੂੰ ਚੰਡੀਗੜ੍ਹ ਵਿਚ ਉਸਤਾਦ ਸਲਾਮਤ ਨੂੰ ਸੁਣ ਸਕਾਂਗਾ।

ਅਜਿਹੇ ਮੌਕੇ ਸੱਚੇ ਪਾਤਸ਼ਾਹ 'ਠੀਕ ਹੈ' ਜਾਂ 'ਜਾਓ!' ਏਨੀ ਤੇਜ਼ੀ ਨਾਲ ਕਹਿੰਦੇ ਹਨ ਜਿਵੇਂ ਉਹ ਕਹਿਣ ਨੂੰ ਤਿਆਰ ਹੀ ਬੈਠੇ ਹੋਏ ਹਨ। ਪਰ ਮੈਂ ਤਾਂ ਸੂਚਨਾ ਹੀ ਅਰਜ਼ ਕੀਤੀ ਸੀ।



Sri Satguru Jagjit Singh Ji Elibrary NamdhariElibrary@gmail.com

## ਸੰਗੀਤ ਸਭਾ

ਸ਼ਾਮ ਦੀ ਸੰਗੀਤ ਸਭਾ ਦਾ ਆਰੰਭ ਬੀਬੀ ਨਰਿੰਦਰ, ਇਸ ਘਰ ਦੀ ਧੀ, ਦੇ ਲੜਕੇ ਹਰਪਾਲ ਸਿੰਘ ਭੱਲੀ ਦੇ ਤਬਲਾ ਵਾਦਨ ਨਾਲ ਹੋਇਆ। ਇਹ ਪੰਡਿਤ ਕਿਸ਼ਨ ਮਹਾਰਾਜ ਦਾ ਸ਼ਾਗਿਰਦ ਹੈ।

ਕੇ. ਦਰਸ਼ਨ ਪੰ: ਨੂੰ ਸਤਿਗੁਰੂ ਜੀ ਕਹਿਆ : ਤੂੰ ਆਪਣੇ ਘਰ ਬੱਚਾ ਹੋਣ ਸਮੇਂ ਆਖਿਆ ਸੀ ਕਿ ਜੇ ਲੜਕਾ ਹੋਇਆ ਤਾਂ ਦਸਤਾਰ ਬਨ੍ਹਾਵਾਂਗਾ, ਹੁਣ ਲਿਆ ਬੱਚੇ ਨੂੰ ਸਵੇਰੇ। ਗਾਇਕ ਨੇ 'ਸਤਿਬਚਨ' ਆਖਿਆ। ਤਾਂ ਵੀ ਸਤਿਗੁਰੂ ਜੀ ਨੇ ਸ. ਅਵਤਾਰ ਸਿੰਘ ਦੇ ਲੜਕੇ "ਆਸ਼ੂ" ਵਲ ਤਕਾ ਕੇ ਕਹਿਆ : ਵੇਖ ਕਿੰਨਾ ਸੁਹਣਾ ਲਗਦਾ ਹੈ। ਤੇ ਹੋਇਆ ਕਥਕ ਸ੍ਰੀ ਦਰਸ਼ਨ ਸਵੇਰੇ ਨਹਾ ਕੇ, 4.30 ਵਜੇ ਤਕ ਕੋਠੀ ਪਹੁੰਚ ਜਾਵੇਗਾ ਫਿਰ ਗੱਡੀ ਭੇਜ ਕੇ ਉਸ ਦਾ ਪਰਵਾਰ ਮੰਗਵਾ ਲਿਆ ਜਾਵੇਗਾ।

ਸ੍ਰੀ ਦਰਸ਼ਨ ਕੱਥਕ ਏਥੇ ਗਵਰਨਮੈਂਟ ਗਰਲਜ਼ ਹਾਈ ਸਕੂਲ ਵਿਚ ਸੰਗੀਤ ਅਧਿਆਪਕ ਹੈ। ਇਹ ਆਪਣੇ ਪਿਤਾ ਜੀ ਨਾਲ 5-7 ਸਾਲ ਸਤਿਗੁਰਾਂ ਪਾਸ ਜੀਵਨ ਨਗਰ ਵੀ ਲਗਾ ਆਇਆ ਹੈ।

ਠੇਕੇਦਾਰ ਗੁਰਚਰਨ ਸਿੰਘ ਰਾਜੌਰੀ ਗਾਰਡਨ ਦਿੱਲੀ ਵਾਲੇ ਨੇ ਅਰਜ਼ ਕੀਤੀ ਕਿ ਨੇੜੇ ਹੀ ਉਸ ਦੇ ਦਾਮਾਦ ਸ. ਪ੍ਰੀਤਮ ਸਿੰਘ ਐਸ.ਡੀ.ਓ. ਦਾ ਮਕਾਨ ਹੈ, ਕਿਸੇ ਸਮੇਂ ਚਰਨ ਪਾਉਣ ਦੀ ਕਿਰਪਾ ਕੀਤੀ ਜਾਵੇ। ਸਵੇਰੇ ਆਸਾ ਦੀ ਵਾਰ ਤੋਂ ਪਿਛੋਂ ਘਰ ਚਰਨ ਪਾਉਣ ਦੀ ਪਰਵਾਨਗੀ ਮਿਲੀ।

ਸ. ਗੁਰਮੇਲ ਸਿੰਘ (ਰੀਡਰ) ਐਮ.ਐਲ.ਏ. ਅਤੇ ਨਵਯੁਗ ਸਕੂਲ ਦੇ ਮਾਲਿਕ ਕੌਹਲੀ ਸਾਹਿਬ ਦਰਸ਼ਨ ਕਰਨ ਆਏ, 15-20 ਮਿੰਟ ਸੰਗੀਤ ਪ੍ਰੋਗਰਾਮ ਸੁਣ ਆਗਿਆ ਲੈ ਕੇ ਚਲੇ ਗਏ। ਸਤਿਗੁਰਾਂ ਬਚਨ ਕੀਤਾ : ਪ੍ਰੇਮੀ ਹਨ। ਆਦਰ ਕਰਦੇ ਹਨ। ਜਦੋਂ ਪਤਾ ਲਗੇ ਆਉਣ ਦਾ, ਮਿਲਣ ਦੀ ਕੋਸ਼ਸ਼ ਕਰਦੇ ਹਨ। ਇਹਨਾਂ ਇਕ ਨਵੀਂ ਸਕੂਲ ਬਿਲਡਿੰਗ ਦਾ ਨੀਂਹ ਪੱਥਰ ਵੀ ਸਤਿਗੁਰਾਂ ਤੋਂ ਰਖਵਾਇਆ ਸੀ।

8.15 ਵਜੇ ਤਾਂ ਸਤਿਗੁਰਾਂ ਆਪਣਾ ਦਿਲਰੁਬਾ ਮੰਗਵਾ, ਤਰਬਾਂ ਸੁਰ ਕਰ, ਅਵਤਾਰ ਸਿੰਘ ਦੀ ਸੰਗਤ ਨਾਲ ਵਜਾ ਕੇ ਨਿਹਾਲ ਕੀਤਾ। ਇਕ ਚੀਜ਼ ਅੰਮ੍ਰਿਤ ਪਾਲ ਨੇ ਗਾਈ, ਫਿਰ ਕੱਥਕ ਸ੍ਰੀ ਦਰਸ਼ਨ ਦੀ ਵਾਰੀ ਆਈ। ਉਸ ਨੇ ਪੂਰੀਆ ਧਨਾਸਰੀ ਵਿਚ "ਤੂੰ ਹੀ ਰਾਮ ਤੂੰ ਹੀ ਸ਼ਾਮ" ਗਾਇਆ ਤਬਲੇ ਤੇ ਅਵਤਾਰ ਸਿੰਘ ਦੇ ਸਾਥ ਨਾਲ।

ਪੂਰੇ ਬੋਲ : ਤੂੰਹੀ ਰਾਮ, ਤੂੰਹੀ ਸ਼ਾਮ
ਸਾਰੇ ਤੇਰੇ ਨਾਮ।

ਅੰਤਰਾ : ਜਗ ਕਰਤਾਰ, ਪਾਲਨਹਾਰ ਤੂੰ ਹੀ,
ਘਟ ਘਟ ਤੇਰੇ ਧਾਮ।

ਇਕ ਬੰਦਸ਼ ਮੂਲ ਕਾਇਦਾ ਤਾਲ ਵਿਚ ਸੁਣਾਈ :



Sri Satguru Jagjit Singh Ji Elibrary NamdhariElibrary@gmail.com

ਸਥਾਈ : ਤੜਪ ਤੜਪ ਬੀਤੀ ਰੈਨ
ਬਾਲਮ ਨਹੀਂ ਆਏ ।

ਅੰਤਰਾ : ਕਾ ਜਾਨੂੰ ਕੌਣ ਸੌਤਨ ਦੇਵਨ ਬਿਲਮਾਏ ।
ਏ ਰੀ ਸਖੀ ਯਾ ਹੀ ਸੋਚ ਸੋਚ ਜੀਆ ਜਾਏ ।

ਰਤਾ ਕੀਰਤਕਾਰ ਨੂੰ ਖਾਂਸੀ ਆਈ । ਸਤਿਗੁਰਾਂ ਆਪਣਾ ਬ੍ਰੀਫਕੇਸ ਮੰਗਵਾਇਆ । ਉਸ ਵਿਚੋਂ 'ਮਿਲਾਇਫ' ਦੀ ਡੱਬੀ ਕਢੀ, ਪਹਿਲਾਂ ਉਸ ਨੂੰ 4-5 ਗੋਲੀਆਂ ਇਕ ਇਕ ਕਰ ਕੇ ਦਿੱਤੀਆਂ । ਫੇਰ ਸਾਰੀ ਡੱਬੀ ਹੀ ਉਸ ਵਲ ਚਲਾ ਦਿਤੀ । ਫਿਰ ਕੱਥਕ ਨੇ ਚਿਹਰੇ ਦੁਆਰਾ ਭਾਵ ਦਰਸਾਂਦਿਆਂ ਇਕ ਠੁਮਰੀ ਸੁਣਾਈ :

ਨਦੀਆ ਕਿਨਾਰੇ ਮੇਰਾ ਗਾਮ ।

ਅੰਤਰਾ : ਊਂਚੀ ਅਟਰੀਆ, ਚੰਦਨ ਕੇਵਰੀਆ
ਚੰਦਾ ਸਖੀ ਮੇਰਾ ਨਾਮ ।

## ਦੋ ਸ਼ਾਗਿਰਦ ਪੰ: ਰਾਮ ਨਾਰਾਇਣ ਨੂੰ

ਦਰਸ਼ਨ ਬੜੀ ਖ਼ੂਬਸੂਰਤੀ ਨਾਲ ਗਾਉਂ ਰਿਹਾ ਸੀ । ਨਾਲ ਹੀ ਉਹ ਆਪਣੇ ਚਿਹਰੇ ਦੇ ਰੂਪ ਬਦਲਦਾ ਜਾ ਰਿਹਾ ਸੀ ਅਤੇ ਵਖ ਵਖ ਭਾਵਾਂ ਦੀ ਅਭਿਵਿਅਕਤੀ ਕਰ ਰਿਹਾ ਸੀ ਕਿ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਦੱਸਿਆ : ਦਰਸ਼ਨ ਸਿੰਘ ਮੰਡੀ ਵਾਲੇ ਦੇ ਦੋ ਬੱਚੇ ਹਨ, ਛੋਟੇ ਛੋਟੇ । ਇਕ ਗਾਉਂਦਾ ਹੈ, ਇਕ ਤਬਲਾ ਵਜਾਉਂਦਾ ਹੈ । ਜਦੋਂ ਮੈਂ ਜਾਵਾਂ, ਬੜੇ ਕਰੇ ਸ਼ਬਦ ਸੁਣਦਾ ਹਾਂ । ਇਹ ਦੋਵੇਂ ਉੱਤਮ ਕਲਾਸੀਕਲ (ਸ਼ਾਸਤਰੀ) ਸੰਗੀਤ ਸਿਖਣ ਲਈ, ਤਾਨ ਪਲਟੇ ਤੇ ਵਧੀਆ ਅਦਾਇਗੀ ਵਾਸਤੇ ਪੰ: ਰਾਮ ਨਰਾਇਣ ਜੀ ਪਾਸ ਬੰਬਈ ਭੇਜ ਛੱਡੇ ਹਨ । ਬੱਚੇ ਬਹੁਤ ਛੋਟੇ ਹੋਣ ਕਾਰਨ, ਪਿਤਾ ਵੀ ਉਨ੍ਹਾਂ ਦੀ ਸੇਵਾ ਤੇ ਸੰਭਾਲ ਲਈ ਨਾਲ ਜਾਵੇਗਾ ।

• ਪੰਡਿਤ ਜੀ ਪਾਸ ਪਹਿਲਾਂ ਵੀ ਇਕ ਨਾਮਧਾਰੀ ਸ਼ਾਗਿਰਦ ਹੈ ਜੁ ਉਨ੍ਹਾਂ ਤੋਂ ਸਾਰੰਗੀ ਸਿੱਖਦਾ ਹੈ, ਸੁਰਜੀਤ ਸਿੰਘ ਸਪੁਤ੍ਰ ਸੰਤ ਪਿਆਰਾ ਸਿੰਘ ਰਮੇਸ਼ ਨਗਰ ਦਿੱਲੀ ਤੋਂ ।

### ਤਬਲ ਵਾਦਨ

ਕੱਥਕ ਦੀ ਰਵਾਇਸ਼ ਹਟੀ ਤਾਂ ਸਤਿਗੁਰੂ ਜੀ ਨੇ ਤਾਊਸ ਦੀਆਂ ਤਾਰਾਂ ਮਾਲਕੌਂਸ ਦੀਆਂ ਸੁਰਾਂ ਨਾਲ ਮੇਲ ਲਈਆਂ ਅਤੇ 15 ਮਿੰਟ ਤਕ ਮਾਲਕੌਂਸ ਨੂੰ ਤਰਬਾਂ ਟੁਣਕਾ ਕੇ ਹੀ ਗਿਰਤਾਰਥ ਕੀਤਾ । ਇਸ ਮੌਕੇ ਤਬਲੇ ਦੀ ਸੰਗਤ ਦਾ ਅਵਸਰ ਅਵਤਾਰ ਸਿੰਘ ਨੂੰ ਪਰਦਾਨ ਕੀਤਾ ।

ਉਪਰੰਤ ਆਪ ਜੀ ਨੇ ਖ਼ੁਦ ਇਕ ਹੋਰੀ ਗਾਈ, 14 ਮਾਤਰਾ ਤਾਲ ਧਮਾਰ ਵਿਚ, "ਆਇ ਗਈ ਸਭ ਖੇਲਨ ਹੋਰੀ ।" ਪੰ: ਬਿਰਜੂ ਮਹਾਰਾਜ ਨ੍ਰਿਤਕਾਰ ਨੂੰ ਇਹ ਹੋਰੀ ਰੀਕਾਰਡ ਕਰ ਕੇ ਭੇਜੀ ਸੀ ਤਾਕਿ ਉਹ ਨਾਚ ਦੁਆਰਾ ਪ੍ਰਸਤੁਤ ਕਰ ਸਕਣ ।



Sri Satguru Jagjit Singh Ji Elibrary NamdhariElibrary@gmail.com

ਇਹ ਸਭਾ 10 ਵਜੇ ਰਾਤ ਜਾ ਕੇ ਸਮਾਪਤ ਹੋਈ ।

ਸੰਤ ਪੂਰਬੇ ਤੋਂ ਪਤਾ ਲੱਗਾ ਪੰ: ਕੇ. ਦਰਸ਼ਨ ਨੂੰ 100/- ਪਿਆਰ ਵਜੋਂ ਦਿਤਾ ਗਿਆ । ਇਹਨਾਂ ਨਾਲ ਕਰੀਬੀ ਸਾਂਝ ਹੈ ।

## 14 ਅਪਰੈਲ, 1979 ਸ਼ਨੀਚਰ ਵਾਰ
## ਵੈਸਾਖੀ, ਸ੍ਰੀ ਅੰਮ੍ਰਿਤਸਰ

### ਨਾਮਧਾਰੀ ਧਰਮਸਾਲਾ

ਬਹੁਤ ਪੁਰਾਣੇ ਸਮਿਆਂ ਦਾ ਨਾਮਧਾਰੀ ਸਥਾਨ ਅੰਮ੍ਰਿਤਸਰ ਵਿਚ ਵਿਦਮਾਨ ਹੈ, ਧਰਮਸਾਲਾ, ਚੌਕ ਬਾਬਾ ਭੌੜੀ ਵਾਲਾ ਵਿਚ । ਸੁਲਤਾਨ ਵਿੰਡ ਵਾਲੇ ਗੇਟ ਵਲ ਇਸ ਦੀ ਨੇੜਤਾ ਹੈ । ਜ਼ਿਲੇ ਅੰਮ੍ਰਿਤਸਰ, ਗੁਰਦਾਸਪੁਰ, ਪਠਾਨ ਕੋਟ, ਜੰਮੂ ਆਦਿ ਦੀ ਖ਼ਾਸ ਕਰ ਜਲੰਧਰ-ਹੁਸ਼ਿਆਰਪੁਰ ਦੀ ਸੰਗਤ ਆਮ ਕਰਕੇ ਵੈਸਾਖੀ ਤੇ ਦੀਵਾਨਾਂ ਦੀ ਸੇਵਾ ਹੁੰਦੀ ਹੈ । ਸ੍ਰੀ ਸਤਿਗੁਰੂ ਜੀ ਦੀ ਕੋਸ਼ਸ਼ ਰਹਿੰਦੀ ਹੈ ਕਿ ਇਸ ਅਵਸਰ ਤੇ ਅੰਮ੍ਰਿਤਸਰ ਜ਼ਰੂਰ ਪਹੁੰਚਿਆ ਜਾਵੇ ।

ਇਸ ਧਰਮਸਾਲਾ ਦੇ ਹਾਲ ਵਿਚ, ਸਵੇਰੇ 3.30 ਤੋਂ ਆਸਾ ਜੀ ਦੀ ਵਾਰ ਦਾ ਕੀਰਤਨ ਜਾਰੀ ਸੀ । ਕੀਰਤਨੀਏ ਸਨ : ਸੰਤ ਹਰਬੰਸ ਸਿੰਘ ਘੁੱਲਾ, ਸੰਤ ਸ਼ਰਨ ਸਿੰਘ ਅਤੇ ਸੰਤ ਗਿਆਨ ਸਿੰਘ ਜਥੇਦਾਰ । ਸਤਿਗੁਰੂ ਜੀ ਸਮਾਧੀ ਸਹਿਤ ਕੀਰਤਨ ਸੁਣਦੇ ਰਹੇ । ਸੰਗਤ ਆ-ਆ ਨਮਸਕਾਰ ਕਰ ਕੇ ਯਥਾ ਸਥਾਨ ਬੈਠਦੀ ਰਹੀ । ਅੱਜ ਸਤਿਗੁਰੂ ਜੀ ਦੇ ਨਿਕਟ ਬੈਠਣ ਦਾ ਇਨ੍ਹਾਂ ਸਜਣਾਂ ਨੂੰ ਮਾਣ ਹਾਸਲ ਹੈ : ਸੂਬਾ ਅਮਰੀਕ ਸਿੰਘ ਜੀ ਮਹਿਤਪੁਰ (ਜਲੰਧਰ), ਸ. ਅਵਤਾਰ ਸਿੰਘ ਤਬਲੇ ਸਮੇਤ, ਸ. ਅਮਰੀਕ ਸਿੰਘ ਜੰਮੂ, ਸੰਤ ਸੰਤੋਖ ਸਿੰਘ ਸੰਤ ਨਗਰ, ਸੰਤ ਮਨੋਹਰ ਸਿੰਘ, ਹਰਭਜਨ ਸਿੰਘ ਸੰਤ ਨਗਰ (ਸਰਸਾ), ਸੰਤ ਕਿਰਪਾਲ ਸਿੰਘ ਚੰਦਰ, ਸੰਤ ਤਰਸੇਮ ਸਿੰਘ ਸਕੱਤਰ, ਪੰ: ਗੋਪਾਲ ਸਿੰਘ, ਸੰਤ ਮਹਿੰਦਰ ਸਿੰਘ ਪੂਰਬਾ, ਜਥੇਦਾਰ ਨਿਰੰਜਨ ਸਿੰਘ ਕੱਕੜ, ਸ੍ਰੀ ਜਗਦੀਸ਼ ਸਿੰਘ ਵਰਿਆਮ, ਸ੍ਰੀ ਅੰਮ੍ਰਿਤਪਾਲ ਸਿੰਘ ਯੂ. ਕੇ., ਸੰਤ ਗੁਰਬਚਨ ਸਿੰਘ ਰੋੜੇ (ਜੀਰੱਕਪੁਰ) ।

6.30 ਤਕ ਸਵਾਮੀ ਹਰਨਾਮ ਦਾਸ ਉਦਾਸੀ ਹੁਰਾਂ 5/- ਭੇਟਾ ਧਰ ਨਮਸਕਾਰ ਕੀਤੀ । ਸਤਿਗੁਰਾਂ ਆਦਰ ਨਾਲ ਪਾਸ ਬਿਠਾਇਆ । ਪੌਣੇ ਸੱਤ ਵਜੇ ਪੰ: ਜੀ ਨੇ ਸਵੇਰ ਦੇ ਦੀਵਾਨ ਦੀ ਅਰਦਾਸ ਕਰ ਦਿਤੀ ।

ਫਿਰ ਪੰ: ਗੋਪਾਲ ਸਿੰਘ ਜੀ ਦੀ ਹੁਕਮ ਅਨੁਸਾਰ ਤਕਰੀਰ ਹੋਈ । ਪੰਡਿਤ ਜੀ ਨੇ ਕੁਛ ਅਹਿਮ ਐਲਾਨ ਕੀਤੇ :

### ਗੁਰਦਾਸਪੁਰ ਦੇ ਸੂਬਾ ਜੀ

ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕਰ ਕੇ ਜ਼ਿਲ੍ਹਾ ਗੁਰਦਾਸਪੁਰ ਲਈ ਸੂਬਾ ਸਥਾਪਤ



Sri Satguru Jagjit Singh Ji Elibrary NamdhariElibrary@gmail.com

ਕਰ ਦਿਤੇ ਹਨ, ਉਹਨਾ ਦਾ ਨਾਮ ਹੈ ਮਾਸਟਰ ਕਰਤਾਰ ਸਿੰਘ ਜੀ, ਪਿੰਡ ਹੇਠੀਆਂ, ਬਟਾਲੇ ਦੇ ਕੋਲ ਕਰ ਕੇ ਪਿੰਡ ਹੈ। ਜ਼ਿਲਾ ਗੁਰਦਾਸ ਪੁਰ ਦੀ ਸੰਗਤ ਉਨ੍ਹਾਂ ਦੁਆਰਾ ਸ੍ਰੀ ਸਤਿਗੁਰੂ ਜੀ ਨਾਲ ਤਾਲਮੇਲ ਰਖੇ।

## ਜੈਕਾਰਾ

ਸਾਰੀ ਸਾਧ ਸੰਗਤ ਜੋਗ ਹੁਕਮ ਹੈ ਕਿ ਦੀਵਾਨ ਵਿਚ ਬੈਠਿਆਂ ਜਦੋਂ ਕਿਸੇ ਦਾ ਜੀ ਆਵੇ ਜੈਕਾਰਾ ਨ ਗਜਾਏ। ਸਤਿਗੁਰਾਂ ਦੀ ਆਗਿਆ ਨਾਲ ਜਾਂ ਜਿਸ ਨੂੰ ਹੁਕਮ ਹੋਵੇ, ਉਹੋ ਕਿਰਪਾ ਕਰੇ ਜੈਕਾਰਾ ਛੱਡਣ ਦੀ। ਇਸ ਮਰਿਆਦਾ ਦਾ ਅਗੋਂ ਤੋਂ ਜ਼ਰੂਰ ਧਿਆਨ ਰਖਿਆ ਜਾਵੇ।

## ਯੂ. ਪੀ. ਦੇ ਸੂਬਾ ਜੀ

ਪੰਡਿਤ ਗੋਪਾਲ ਸਿੰਘ ਜੀ ਨੇ ਐਲਾਨ ਕੀਤਾ ਕਿ ਉਤਰ ਪ੍ਰਦੇਸ਼ ਦੇ ਪ੍ਰਮੁਖ ਸ਼ਹਿਰਾਂ ਲਖਨਊ ਤੇ ਕਾਨਪੁਰ ਵਿਖੇ ਅਗੇ ਸੂਬੇ ਕਾਇਮ ਹਨ ਪਰ ਹੁਣ ਯੂ. ਪੀ. ਦੇ ਪੇਂਡੂ ਇਲਾਕਿਆਂ ਵਿਚ ਨਾਮਧਾਰੀਆਂ ਦੀ ਵੱਸੋਂ ਬਹੁਤ ਵਧ ਗਈ ਹੈ। ਕਾਫ਼ੀ ਨਾਮਧਾਰੀ ਸਿੰਘਾਂ ਨੇ ਆਪਣੇ ਅਸਲੀ ਪਿੰਡ ਛੱਡ ਕੇ ਯੂ. ਪੀ. ਵਿਚ ਜ਼ਮੀਨ ਖ਼ਰੀਦ ਲਈ ਹੈ, ਉਹਨਾਂ ਦੀ ਸਹੂਲਤ ਲਈ ਸੂਬਾ ਧਰਮ ਸਿੰਘ ਜੀ ਮੁਕਤਾ ਸਥਾਪਤ ਕੀਤੇ ਗਏ ਹਨ। ਮੁਕਤਾ ਜੀ ਦਾ ਆਪਣਾ ਪਿੰਡ ਸੰਗਰੂਰ ਜ਼ਿਲੇ ਵਿਚ ਸੰਤ ਨਗਰ ਹੈ।

## ਅਗਲਾ ਹੋਲਾ, ਰਾਣੀਆਂ

ਜ਼ਿਲ੍ਹਾ ਸਰਸਾ (ਹਰਿਆਣਾ) ਦੇ ਪ੍ਰਸਿਧ ਕਸਬੇ ਰਾਣੀਆਂ ਦੇ 8-10 ਸਰੀਰ ਦੀਵਾਨ ਵਿਚ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਹੱਥ ਜੋੜ ਕੇ ਖੜੇ ਗਏ। ਉਹਨਾਂ ਦੀ ਬੇਨਤੀ ਸੀ ਕਿ ਸਾਲ 1980 ਦਾ ਹੋਲਾ ਕਸਬਾ ਰਾਣੀਆਂ ਦੀ ਸੰਗਤ ਨੂੰ ਕਰਨ ਦੀ ਮਨਜ਼ੂਰੀ ਮਿਲੇ। ਸੱਚੇ ਪਾਤਸ਼ਾਹ ਜੀ ਨੇ ਬੇਨਤੀ ਪਰਵਾਨ ਕਰ ਲਈ। ਪੰਡਿਤ ਜੀ ਨੇ ਰਾਣੀਆਂ ਵਿਖੇ ਅਗਲਾ ਹੋਲਾ ਕਰਨ ਦਾ ਸੰਗਤ ਵਿਚ ਐਲਾਨ ਕੀਤਾ। ਜੈਕਾਰਾ ਗਜਾ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਗਿਆ।

ਇਸ ਵੈਸਾਖੀ ਬਾਰੇ ਜੋ ਹੋਰ ਐਲਾਨ ਕੀਤੇ ਗਏ, ਉਹ ਇਸ ਪਰਕਾਰ ਹਨ :

**ਅਨੰਦ ਕਾਰਜ**—ਅਨੰਦ ਕਾਰਜ ਪ੍ਰਬੰਧ ਦੇ ਮੁਖੀ ਸੰਤ ਆਤਮਾ ਸਿੰਘ ਸਨਖਤਰਾ ਹਨ। ਜਿਨ੍ਹਾਂ ਪਰਵਾਰਾਂ ਸਵੇਰੇ ਅਨੰਦ ਕਾਰਜ ਕਰਵਾਣੇ ਹੋਣ ਉਹ ਇਹਨਾਂ ਨੂੰ ਮਿਲਣ।

**ਡੇਰਾ ਇਨਚਾਰਜ**—ਬਾਬਾ ਅਮਰ ਸਿੰਘ ਰੋਖ ਨੂੰ ਸਾਧ ਸੰਗਤ ਦੇ ਲੰਗਰ ਅਤੇ ਡੇਰੇ ਚਲਾਣ ਲਈ ਨਿਸਚਿਤ ਕੀਤਾ ਗਿਆ।

**ਉਗਰਾਹੀ**—ਸ੍ਰੀ ਭੈਣੀ ਸਾਹਿਬ ਦੀ ਉਗਰਾਹੀ ਵਾਸਤੇ ਸੰਤ ਸਤਨਾਮ ਸਿੰਘ ਦਿੱਲੀ ਨੂੰ ਤੈਨਾਤ ਕੀਤਾ।



Sri Satguru Jagjit Singh Ji Elibrary NamdhariElibrary@gmail.com

**ਹੱਲੇ ਦੇ ਦੀਵਾਨ**—ਅੱਜ ਇਹਨਾਂ ਜਥੇਦਾਰਾਂ ਦੇ ਦੀਵਾਨ ਸਜਣਗੇ : ਜਥੇਦਾਰ ਇੰਦਰ ਸਿੰਘ, ਸੰਤ ਹਜ਼ਾਰਾ ਸਿੰਘ ਲਖਨਊ, ਜਥੇਦਾਰ ਗੁਰਬਚਨ ਸਿੰਘ ਸੰਤ ਨਗਰ, ਜਥੇਦਾਰ ਪ੍ਰੀਤਮ ਸਿੰਘ ਦਿੱਲੀ ਅਤੇ ਪੰ: ਗੋਪਾਲ ਸਿੰਘ ।

## ਚੁਬਾਰੇ ਉਤੇ

7.30 ਤਕ ਸੱਚੇ ਪਾਤਸ਼ਾਹ, ਨਾਮਧਾਰੀ ਧਰਮਸਾਲਾ ਦੀ ਡਿਊਢੀ ਉਤਲੇ ਚੁਬਾਰੇ ਤੇ ਸਿੱਖਾਂ ਸੇਵਕਾਂ ਸਮੇਤ ਜਲਪਾਨ ਲਈ ਅਟਕੇ । ਏਥੇ ਪਹੁੰਚ ਕੇ ਸੰਤ ਹਰਨਾਮ ਦਾਸ ਉਦਾਸੀ ਨੇ ਆਪਣੀ ਪੁਸਤਕ, "ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ ਦੀ ਪ੍ਰਸਤਾਵਨਾ" ਦੀਆਂ ਦੋ ਕਾਪੀਆਂ ਭੇਟ ਕੀਤੀਆਂ । ਚੰਦ ਮਿੰਟਾਂ ਲਈ ਸੋਸ਼ਲਿਸਟ ਪਾਰਟੀ ਦੇ ਲੀਡਰ ਅਤੇ ਪੰਜਾਬ ਸਰਕਾਰ ਦੇ ਸਪਲਾਈ ਮੰਤਰੀ ਸ. ਹਰਭਜਨ ਸਿੰਘ ਦਰਸ਼ਨਾਂ ਲਈ ਆਏ । ਚਰਚਾ ਕੁਝ ਐਸੇ ਪਾਠਾਂ ਦੀ ਹੋਈ ਜੁ ਲਿਖੇ ਕੁਝ ਹੋਰ ਹਨ ਪਰ ਪੜ੍ਹੇ ਕੁਝ ਹੋਰ ਜਾਂਦੇ ਹਨ । ਵਖ ਵਖ ਬੀੜਾਂ ਦੇ ਭੇਦਾਂ ਤੇ ਵੀ ਗੱਲਬਾਤ ਹੋਈ ।

ਇਸ ਸਮੇਂ ਸਤਿਗੁਰੂ ਜੀ ਪਾਸ ਨਿੱਜੀ ਸਕੱਤਰ ਸੰਤ ਤਰਸੇਮ ਸਿੰਘ, ਸ. ਜਸਵਿੰਦਰ ਸਿੰਘ ਦਿੱਲੀ, ਸ. ਜਗਦੀਸ਼ ਸਿੰਘ "ਵਰਿਆਮ", ਸੂਬਾ ਮੇਲਾ ਸਿੰਘ ਜੀ, ਅਤੇ ਪ੍ਰੀਤਮ ਸਿੰਘ ਕਵੀ ਨੂੰ ਬੈਠਣ ਦਾ ਅਵਸਰ ਮਿਲਿਆ ।

## ਇਕ ਵਿਸ਼ੇਸ਼ ਸੰਤ

ਜਦੋਂ ਚੁਬਾਰਿਓਂ ਉੱਤਰ ਸਤਿਗੁਰੂ ਜੀ ਆਪਣੇ ਡੇਰੇ ਨੂੰ ਚੱਲੇ ਤਾਂ ਡਿਊਢੀ ਦੇ ਕੋਲ ਇਕ ਵੱਡੀ ਮਾਟਾਡੋਰ ਗੱਡੀ ਨਾਲ ਖਲੋਤਾ, ਨਾਮਧਾਰੀ ਸੰਤ ਜਾਪਦਾ, ਸੁਹਣਾ ਛੈਲ-ਛਬੀਲਾ ਇਕ ਗੱਭਰੂ ਔਰਤਾਂ ਦੇ ਘੇਰੇ ਵਿਚ ਸੀ । ਸਤਿਗੁਰੂ ਜੀ ਮੈਨੂੰ ਇਸ਼ਾਰੇ ਨਾਲ ਦੱਸ ਗਏ ਕਿ ਮੈਂ ਇਸ ਸੰਤ ਨੂੰ ਸਮਝਾਵਾਂ ਕਿਤੇ ਬੀਬੀਆਂ ਕੋਲੋਂ 'ਮਾਰ' ਨਾ ਖਾ ਜਾਵੇ, ਸਾਵਧਾਨੀ ਅਖ਼ਤਿਆਰ ਕਰੇ । ਉਹਦੀ ਮਾਟਾਡੋਰ ਤੇ ਸਤਿਗੁਰਾਂ ਦੀ ਕਾਰ ਵਾਂਗੂ ਅੱਗੇ ਚਿੱਟੀ ਝੰਡੀ ਲਗੀ ਹੋਈ ਸੀ । ੧ਓ ਸਤਿਗੁਰੂ ਰਾਮ ਸਿੰਘ ਜੀ ਸਹਾਇ । ਵੀ ਗੱਡੀ ਉਤੇ ਲਿਖਿਆ ਹੋਇਆ ਸੀ ਅਤੇ ਉਨ੍ਹਾਂ ਦੇ ਡੇਰੇ ਦਾ ਨਾਮ ਪਤਾ ਵੀ ਸੀ ਗੱਡੀ ਉਤੇ ।

ਮੈਂ ਸਮਾਂ ਵਿਚਾਰ ਜੁਆਨ ਸੰਤ ਨਾਲ ਜਦੋਂ ਗੱਲ ਕੀਤੀ ਤਾਂ ਉਹ ਅਭਿਮਾਨ ਦੇ ਘੋੜੇ ਤੇ ਸਵਾਰ ਸੀ । ਮੇਰੀ ਗੱਲਬਾਤ ਦੇ ਉੱਤਰ ਵਿਚ ਜੋ ਕੁਝ ਉਹ ਕਹਿ ਰਿਹਾ ਸੀ ਉਹ ਕੇਵਲ 'ਠਗਾਣੀਆਂ' ਸਨ । ਉਸ ਨੇ ਮੈਨੂੰ ਆਪਣੇ ਅਹੰਕਾਰ ਦੇ ਬੜੇ ਚਮਤਕਾਰ ਦਿਖਾਏ ।

ਸਤਿਗੁਰਾਂ ਨੂੰ ਫ਼ਿਕਰ ਸੀ, ਮੇਰੀ ਵੀ ਚਿੰਤਾ ਸੀ ਕਿ ਪਹਿਰਾਵੇ ਨੂੰ ਲਾਜ ਨ ਲਗੇ । ਇਸ 'ਜੁਆਨੇ' ਨੇ ਕਿਸ ਕਿਸ ਦੀ 'ਸੇਵਾ' ਨਹੀਂ ਕੀਤੀ !

ਸ੍ਰੀ ਸਤਿਗੁਰੂ ਜੀ ਸ. ਸੁਰਤ ਸਿੰਘ ਦੀ ਕੋਠੀ ਜਾਂਦੇ-ਜਾਂਦੇ ਸ. ਗੁਰਬਚਨ ਸਿੰਘ ਠੇਕੇਦਾਰ ਰਾਜੌਰੀ ਗਾਰਡਨ ਦੇ ਦਾਮਾਦ ਸ. ਪ੍ਰੀਤਮ ਸਿੰਘ ਐਸ. ਡੀ. ਓ. ਦੇ ਘਰ ਚਰਨ ਵੀ ਪਾ ਗਏ ।



Sri Satguru Jagjit Singh Ji Elibrary NamdhariElibrary@gmail.com

## ਸ੍ਰੀ ਕੇ. ਦਰਸ਼ਨ

ਘਰ ਆਉਂਦਿਆਂ ਨੂੰ, ਰਾਤ ਵਾਲਾ ਗਾਇਕ ਸ੍ਰੀ ਦਰਸ਼ਨ ਕੱਥਕ ਆਪਣੀ ਪਤਨੀ ਅਤੇ ਬੱਚਿਆਂ—ਦੋ ਲੜਕੇ, ਇਕ ਲੜਕੀ—ਨਾਲ ਪਹੁੰਚਿਆ ਹੋਇਆ ਸੀ। ਸਤਿਗੁਰੂ ਜੀ ਨੇ ਸਾਰੇ ਦਰਸ਼ਨ ਪਰਵਾਰ ਦਾ ਅਭਿਵਾਦਨ ਪਰਵਾਨ ਕਰ, ਉਸ ਦੇ ਸਾਰੇ ਪਰਵਾਰ ਦੇ ਕੰਨਾਂ ਵਿਚ, ਸ. ਸੂਰਤ ਸਿੰਘ ਨੂੰ ਭਜਨ ਦੇਣ ਦੀ ਆਗਿਆ ਕੀਤੀ।

ਮੇਰੇ ਚਲੇ ਆਉਣ ਪਿਛੋਂ ਬਾਕਾਇਦਾ ਅੰਮ੍ਰਿਤ ਤਿਆਰ ਕਰਕੇ ਸ੍ਰੀ ਦਰਸ਼ਨ ਕੱਥਕ ਦੇ ਦੋਹਾਂ ਬੱਚਿਆਂ ਨੂੰ ਛਕਾਇਆ ਗਿਆ। ਨਾਮਧਾਰੀ ਦਸਤਰ ਪਹਿਨਾਅ ਕੇ ਸਿੱਧੀਆਂ ਚਿਟੀਆਂ ਦਸਤਾਰਾਂ ਸਜਾਈਆਂ ਗਈਆਂ। ਇਹ ਬੱਚੇ ਸਤਿਗੁਰੂ ਸਤਿਕਾਰੇ ਉਸਤਾਦ ਪੰ: ਮਹਾਦੇਉ ਜੀ ਕੱਥਕ ਦੇ ਪੋਤਰੇ ਹਨ।

## ਬੀਬਾ ਜੀ

ਗੁਰੂ ਸਪੁਤਰੀ ਬੀਬਾ ਸਾਹਿਬ ਕੌਰ ਜੀ ਪ੍ਰੌਢਤਾ ਵਾਲੇ ਪਾਸੇ ਵਧ ਰਹੇ ਹਨ। ਅਤੀ ਸੁੰਦਰ, ਅਤੀ ਕੋਮਲ, ਉਦਾਰ ਅਤੇ ਸੁਚੱਜੇ ਢੰਗ ਚਾਲ ਵਾਲੇ ਹਨ, ਪਰ ਆਪਣੀ ਮਰਿਆਦਾ ਦੇ ਘੇਰੇ ਵਿਚ ਰਹਿੰਦੇ ਹਨ। ਆਮ ਕਰਕੇ, ਉਹਨਾਂ ਨੂੰ ਸਰੀਰ ਨਾਲ ਜੁੜਵੇਂ ਰੇਸ਼ਮੀ ਬਸਤਰਾਂ ਵਿਚ ਵੇਖੀਦਾ ਹੈ। ਉਨ੍ਹਾਂ ਵਿਚ ਬਹੁਤ ਸਾਰਾ ਹਿੱਸਾ ਪਿਤਾ ਜੀ ਦੇ ਸੁਭਾਅ ਅਤੇ ਸੂਰਤ ਦਾ ਹੈ। ਸਤਿਗੁਰੂ ਜੀ ਨਾਲ ਉਹਨਾਂ ਦਾ ਸਨੇਹ ਵੀ ਬਹੁਤ ਹੈ। ਉਨ੍ਹਾਂ ਦੇ ਖਰਚ-ਵਰਚ ਬਾਰੇ ਮੈਂ ਸਤਿਗੁਰਾਂ ਦੇ ਅਰਦਾਸੀਏ ਮਹਿੰਦਰ ਸਿੰਘ ਪੂਰਬਾ ਨੂੰ ਪੁੱਛਿਆ। ਉਸ ਕਿਹਾ: ਆਮ ਕਰਕੇ ਉਹ ਆਪਣੀਆਂ ਲੋੜਾਂ ਮਾਤਾ ਜੀ ਤੋਂ ਪੂਰੀਆਂ ਕਰਦੇ ਹਨ, ਜੇਕਰ ਲੋੜ ਪਵੇ ਤਾਂ 3-4 ਸੌ ਰੁਪੈਆ (ਮਹੀਨੇ ਵਿਚ) ਮੇਰੇ ਤੋਂ ਵੀ ਲੈ ਜਾਂਦੇ ਹਨ।

## ਤਸਕਰਾਂ...ਸਫ਼ਰ

ਕਾਰ ਦੀ ਆਗਿਆ ਤਾਂ ਮੈਂ ਸਤਿਗੁਰਾਂ ਪਾਸੋਂ ਲਈ ਹੋਈ ਸੀ, ਸੁ ਲੰਗਰ ਪਾਣੀ ਛਕ ਸੂਰਤ ਸਿੰਘ (ਸ.) ਦੇ ਘਰੋਂ ਫਿਰ ਫ਼ੀਰੋਜ਼ਪੁਰ ਜ਼ਿਲ੍ਹੇ ਦੇ ਲੋਹਗੜ੍ਹ ਪਿੰਡ ਦੇ ਖੇਤਾਂ ਵਿਚ ਖੂਹੇ ਸੂਰਤ ਸਿੰਘ ਨੂੰ ਮਿਲਣ ਤੁਰ ਪਿਆ। ਇਹ ਮੇਰਾ ਦੂਜੀ ਲੜਕੀਓਂ ਜੁਆਈ ਹੈ। ਪੁੱਤਰੀ ਅਵਿਨਾਸ਼ ਅਤੇ ਸੂਰਤ ਸਿੰਘ ਦੰਪਤੀ ਦਾ 14 ਵਰ੍ਹਿਆਂ ਦਾ ਇਕਲੌਤਾ ਲੜਕਾ, ਜਸਵਿੰਦਰ ਸਿੰਘ ਲਾਡੀ ਪਕਸ਼ਘਾਤ, ਅਰਥਾਤ ਅਧਰੰਗ ਦੇ ਹਮਲੇ ਦਾ ਸ਼ਿਕਾਰ ਸੀ, ਮੈਂ ਖ਼ਬਰ ਲੈਣ ਲਈ ਚੱਲਿਆ ਸਾਂ।

ਰਾਹ ਵਿਚ ਪੰਜਾਬ ਪ੍ਰਾਂਤ ਦੀ ਖੁਸ਼ਹਾਲੀ ਦੇ ਇਕ ਬਹੁਤ ਉੱਤਮ ਸਰੋਤ, ਹਾੜੀ ਦੀ ਫਸਲ ਨੂੰ ਵੀ ਵੇਖਿਆ। ਜਿਥੋਂ ਤਕ ਨਜ਼ਰ ਜਾਂਦੀ ਸੁਨਹਿਰੀ ਕਣਕਾਂ ਦੇ ਖੇਤ ਲਹਿਰਾਂਦੇ ਨਜ਼ਰ ਆਏ। ਬਹੁਤੇ ਖੇਤ 5-7 ਦਿਨਾਂ ਤਕ ਵਾਢੀ ਮੰਗਦੇ। ਕੁਝ ਵਿਚ ਕਟਾਈ ਸ਼ੁਰੂ ਵੀ ਹੋ ਚੁਕੀ ਸੀ। ਕਿਸਾਨਾਂ ਅੰਦਰ ਸੁਭਾਵਕ ਪ੍ਰਸੰਨਤਾ ਸੀ।

ਬਿਆਸ-ਸਤਿਲੁਜ ਦੁਮੇਲ ਹਰੀ ਕੇ ਪੱਤਣ ਤੇ ਪਹੁੰਚਿਆਂ ਵੇਖਿਆ ਕਿ ਸੈਂਕੜੇ ਟ੍ਰੈਕਟਰ, ਟਰਾਲੀਆਂ, ਟ੍ਰੱਕ ਆਦਿ ਵੈਸਾਖੀ ਦਾ ਪਵਿੱਤਰ 'ਇਸ਼ਨਾਨ ਕਰਨ ਲਈ ਲੋਕਾਂ



Sri Satguru Jagjit Singh Ji Elibrary NamdhariElibrary@gmail.com

ਨੂੰ ਢੱਕ ਰਹੇ ਸਨ। ਦਰਿਆ ਦੇ ਦੋਹੀਂ ਕਿਨਾਰੀਂ ਲੋਕਾਂ ਦੇ ਝੁਰਮਟ ਸਨ। ਮੌਜ-ਮੇਲੇ ਦਾ ਵਾਤਾਵਰਣ ਸੀ।

## 17 ਅਪਰੈਲ 1979, ਮੰਗਲਵਾਰ
## ਨਵੀਂ ਦਿੱਲੀ

### ਤਰੱਦਦ ਸਲਾਮਤ ਲਈ

ਮੈਂ ਕੱਲ੍ਹ ਸ਼ਾਮ ਦਾ ਆਪਣੇ ਘਰ, ਰਾਜੌਰੀ ਗਾਰਡਨ, ਪਹੁੰਚ ਗਿਆ। ਅੱਜ ਸ਼ਾਮੀਂ ਸ. ਹੰਸਪਾਲ ਨਾਲ ਮੇਲ ਹੋਇਆ ਤਾਂ ਉਹਨਾਂ ਦੱਸਿਆ ਕਿ ਬਹੁਤ ਤਰੱਦਦ ਕਰਕੇ ਉਸਤਾਦ ਸਲਾਮਤ ਅਲੀ ਦਾ ਵੀਜ਼ਾ ਚੰਡੀਗੜ੍ਹ ਲਈ ਪਰਵਾਨ ਕਰਵਾਇਆ ਹੈ। ਗੁਰਭਜਨ ਸਿੰਘ ਨੇ ਵੀ ਕਾਫ਼ੀ ਭੱਜ ਨੱਠ ਕੀਤੀ ਹੈ। ਸਰਕਾਰ ਅੱਜ ਕਲ ਪਾਕਿਸ-ਤਾਨੀਆਂ ਦਾ ਖ਼ਾਸ ਧਿਆਨ ਰਖ ਰਹੀ ਹੈ। ਜਿਥੇ ਜਾਣਾ ਹੋਵੇ ਉਸ ਦੀ ਮਨਜ਼ੂਰੀ ਅਧਿਕਾਰੀਆਂ ਕੋਲੋਂ ਲੈ ਕੇ ਥਾਣੇ ਇਤਲਾਹ ਦੇਣੀ ਪੈਂਦੀ ਹੈ। ਪਰ ਹੁਣ ਉਸਤਾਦ ਸਲਾਮਤ ਅਲੀ ਦੇ ਗਾਉਣ ਦਾ ਪ੍ਰੋਗਰਾਮ 18.4.79 ਨੂੰ ਚੰਡੀਗੜ੍ਹ ਹੋ ਸਕੇਗਾ। ਹੰਸਪਾਲ ਇਹ ਵੀ ਕਿਹਾ ਕਿ ਜੇ ਸਲਾਮਤ ਜੀ ਦੀ ਪਰਵਾਨਗੀ ਨਾ ਮਿਲਦੀ ਤਾਂ 18.4.79 ਨੂੰ ਕੁਲਦੇਵ ਸਿੰਘ (ਰਮੇਸ਼ ਨਗਰ) ਦੀ ਸਰੋਦ, ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਗੂੰਜਣੀ ਸੀ।

### ਦੁਖੀ ਬੱਚਾ ਮਿਰਤੂ ਦੀ ਗੋਦ ਵਿਚ

ਪਿਛਲੇ ਇਕ ਦੋ ਸਾਲ ਤੋਂ ਸੰਤ ਗੁਲਜ਼ਾਰ ਸਿੰਘ ਦਮਦਮਾ ਦਾ ਲੜਕਾ ਬਿਮਾਰ ਚਲਿਆ ਆ ਰਿਹਾ ਸੀ। ਦਿੱਲੀ ਦੇ ਹਸਪਤਾਲ ਉਸਨੂੰ ਰਾਜ਼ੀ ਨਹੀਂ ਕਰ ਸਕੇ। ਹੁਣ ਉਹ ਆਪਣੇ ਪਿੰਡ ਦਮਦਮਾ ਜ਼ਿ: ਸਰਸਾ ਵਿਚ ਲੈ ਗਿਆ ਸੀ। ਹੁਣੇ ਖ਼ਬਰ ਮਿਲੀ ਹੈ ਕਿ ਉਹ ਬੱਚਾ ਅੱਜ ਹੀ ਪੂਰਾ ਹੋ ਗਿਆ ਹੈ। ਇਹ ਸਮਾਚਾਰ ਦਿੰਦਿਆਂ ਸ. ਹਰਬਿੰਦਰ ਸਿੰਘ ਨੇ ਕਿਹਾ ਸੀ : ਗੁਲਜ਼ਾਰ ਸਿੰਘ, ਸਾਬਕਾ ਸੇਵਕ, ਨੇ ਸਤਿਗੁਰਾਂ ਨੂੰ ਅਰਜ਼ ਕੀਤੀ ਸੀ ਕਿ ਸਚਾਈ ਹੋਰ ਤੋਂ ਹੋਰ ਨਾ ਦਿਓ। ਜੇ ਲੜਕੇ ਨੂੰ ਇੰਜ ਹੀ ਰੱਖਣਾ ਹੈ ਤਾਂ ਉਸ ਨੂੰ ਮਿਰਤੂ ਦੇ ਹਵਾਲੇ ਕਰਨ ਦੀ ਕਿਰਪਾ ਕਰ ਦਿਓ। ਪੁਕਾਰ ਸੁਣੀ ਗਈ ਹੈ, ਦੁਖੀ ਬੱਚਾ ਮਿਰਤੂ ਦੇਵ ਦੀ ਗੋਦ ਵਿਚ ਪਹੁੰਚ ਗਿਆ ਹੈ।

## 18 ਅਪਰੈਲ 1979, ਬੁੱਧਵਾਰ
## ਨਵੀਂ ਦਿੱਲੀ

### ਚੰਗੇ ਬੂਟਾਟੇ

ਮੇਰੇ ਮਕਾਨ ਜੇ-3/199 ਰਾਜੌਰੀ ਗਾਰਡਨ ਦਾ ਸਬ ਡਵੀਜ਼ਨ ਦਾ ਕੇਸ ਪਿਛਲੇ 11 ਸਾਲ ਤੋਂ ਲਟਕਦਾ ਚਲਾ ਆ ਰਿਹਾ ਹੈ। ਇਸ ਸੰਬੰਧ ਵਿਚ ਮੈਂ ਆਪਣੇ ਇਕ ਮਿੱਤਰ ਪਾਸ ਸਲਾਹ ਲਈ ਗਿਆ।



Sri Satguru Jagjit Singh Ji Elibrary NamdhariElibrary@gmail.com

ਮਿੱਤਰ ਨੇ ਭਰਪੂਰ ਆਨੰਦ ਵਿਚ ਇਕ ਵਾਰਤਾ ਸੁਣਾਈ : ਮੇਰਾ ਕੁੜਮ ਇਕ ਤਕੜੇ ਫਾਰਮ ਦਾ ਮਾਲਿਕ ਹੈ । ਬੀਤੀ ਵੈਸਾਖੀ ਉਸਦੀ ਸਾਲੀ ਦੇ ਲੜਕੇ ਦਾ ਵਿਆਹ ਸਤਿਗੁਰਾਂ ਦੀ ਹਜ਼ੂਰੀ ਵਿਚ ਹੋਣਾ ਸੀ । ਉਸ ਨਾਲ ਵਿਆਹੀ ਜਾਣ ਵਾਲੀ ਲੜਕੀ ਖੁਲ੍ਹੇ ਪਰਵਾਰ ਦੀ ਸੀ । ਵਿਆਹ ਬਾਰੇ ਗਿਆ ਤਾਂ ਮੈਂ ਵੀ ਹੋਇਆ ਸਾਂ, ਪਰ ਸਤਿਗੁਰਾਂ ਦੇ ਸਨੇਹ ਕਾਰਨ ਮੈਂ ਹਾਜ਼ਰੀ ਲੁਆ ਕੇ ਛੇਤੀ ਮੁੜ ਆਇਆ ।

"ਮੇਰੇ ਕੁੜਮ ਦੇ ਪਿੰਡੋਂ ਇਕ ਚਿੱਠੀ ਆਈ । ਲਿਖਿਆ ਸੀ : ਸਰਦਾਰ ਜੀ ਬਤੀਆਂ ਡੀਂਗਾਂ ਮਾਰਦੇ ਸਨ ਕਿ ਜੇ ਮੈਨੂੰ ਸਤਿਗੁਰਾਂ ਵਿਆਹ ਬਾਰੇ ਕੁਝ ਕੁਰਕਣ-ਰੁਕਾਣ ਲਈ ਕਿਹਾ ਤਾਂ ਮੈਂ ਉਹਨਾਂ ਦੇ ਵੀ ਛੱਕੇ ਛੁੜਾ ਦਿਆਂਗਾ । ਪਰ ਜਦੋਂ ਉਹ ਸਾਧ ਸੰਗਤ ਅਤੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਇਆ ਤਾਂ ਛੱਕੇ ਸਤਿਗੁਰਾਂ ਉਹਦੇ ਛੁੜਾ ਦਿਤੇ । ਹਰ ਪੱਖੋਂ ਸਤਿਗੁਰਾਂ ਸ. ਜੀ ਨੂੰ ਨਿਰੁੱਤਰ ਕਰ ਦਿਤਾ ।"

## 19 ਅਪਰੈਲ 1979, ਵੀਰਵਾਰ
## ਚੰਡੀਗੜ੍ਹ

### ਰੁਝਾ ਹੈ

ਮੇਰੇ ਲਈ ਨਾਮਧਾਰੀ ਦਰਬਾਰ ਨੇ ਸੂਬਾ ਸਾਹਿਬ ਸਿੰਘ ਜੀ ਦੀ ਸ਼ਹੀਦੀ-ਸ਼ਤਾਬਦੀ ਨੂੰ ਮੁਖ ਰਖ, ਸੂਬਾ ਜੀ ਦੇ ਜੀਵਨ ਬਾਰੇ ਇਕ ਪੁਸਤਿਕਾ ਲਿਖਣ ਦੀ ਜ਼ਿੰਮੇਂ-ਵਾਰੀ ਲਗਾਈ ਹੋਈ ਸੀ । ਦਿੱਲੀ ਵਿਚ ਗਰਮੀ ਵੀ ਵਧ ਚੁਕੀ ਸੀ ਤੇ ਪਰਵਾਰ ਲਈ ਨਾ ਕਾਫ਼ੀ ਜਗਹ ਹੋਣ ਕਰਕੇ ਮੈਨੂੰ ਲੁੜੀਂਦੀ ਇਕਾਂਤ ਨਹੀਂ ਸੀ ਮਿਲ ਸਕਦੀ । ਮੈਂ ਸੁਪਤਨੀ ਗੁਰਬਚਨ ਕੌਰ ਨੂੰ ਨਾਲ ਲੈ, ਭੁੰਤਰ (ਕੁੱਲੂ-ਹਿਮਾਚਲ), ਆਪਣੇ ਧੀ-ਜੁਆਈ ਕੁਲਵੰਤ-ਹਮਰਾਹੀ ਪਾਸ ਜਾਣ ਲਈ, ਦਿੱਲੀਓਂ 10 ਵਜੇ ਟੁਰਿਆ ।

ਪੁਸਤਕ ਜੂਨ ਦੇ ਪਹਿਲੇ ਹਫ਼ਤੇ ਛਪ ਕੇ ਤਿਆਰ ਹੋਣੀ ਚਾਹੀਦੀ ਹੈ । 10 ਜੂਨ ਨੂੰ ਸੂਬਾ ਸਾਹਿਬ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਦੇ ਅਤੀ ਨਿਕਟੀ ਨੂੰ ਪੂਰੇ ਹੋਇਆਂ ਸੌ ਸਾਲ ਹੋ ਜਾਣਾ ਹੈ ।

ਮੇਰਾ ਦਾਮਾਦ ਸ. ਮੇਹਰ ਸਿੰਘ ਹਮਰਾਹੀ ਮੈਨੂੰ ਚਿਰੋਕਣਾ ਆਗ੍ਰਹਿ ਕਰ ਰਿਹਾ ਸੀ ਕਿ ਮੈਂ ਕੁਝ ਦਿਨ ਉਨ੍ਹਾਂ ਪਾਸ ਆ ਕੇ ਪਹਾੜਾਂ ਦੀ ਗੋਦੀ ਵਿਚ ਬੈਠ ਕੇ ਲਿਖਾਂ-ਪੜ੍ਹਾਂ ਅਤੇ ਹੁਣ ਮੇਰੇ ਲਈ ਮੁਨਾਸਬ ਬਹਾਨਾ ਸੀ ।

ਚੰਡੀਗੜ੍ਹ ਪਹੁੰਚ ਕੇ ਕਮਿਊਨਿਸਟ ਪਾਰਟੀ ਦੇ ਦਫ਼ਤਰ ਵਿਚ ਕਾਮਰੇਡ ਤੁਲਸੀ ਰਾਮ ਸਕੱਤਰ ਸੀ. ਪੀ. ਆਈ. ਨੂੰ ਮਿਲਿਆ ਕਿ ਮੇਰੇ ਛੋਟੇ ਲੜਕੇ ਸੁਖਬੀਰ ਸਿੰਘ ਦਾ ਧਿਆਨ, ਮਾਸਕੋ ਵਿਚ ਜਾ ਕੇ ਪੜ੍ਹਨ ਵਾਲੇ ਜੁਆਨਾਂ ਨਾਲ ਭੇਜਣ ਬਾਰੇ ਜ਼ਰੂਰ ਰਖਣ । ਉਨ੍ਹਾਂ ਦੱਸਿਆ ਕਿ ਸੁਖਬੀਰ ਸਿੰਘ ਨੰ : ਇਕ ਹੋਵੇਗਾ ।

### ਸੰਗੀਤ ਸਲਾਮਤ ਦਾ

ਜਦੋਂ ਅਸੀਂ ਦੰਪਤੀ ਰਾਤੀਂ 9.30 ਵਜੇ ਕੁੱਲੂ ਲਈ ਨਾਈਟ ਸਰਵਿਸ ਵਾਲੀ



Sri Satguru Jagjit Singh Ji Elibrary NamdhariElibrary@gmail.com

ਬੱਸ ਲੇਟ ਚੰਡੀਗੜ੍ਹ ਅੱਡੇ ਤੇ ਪਹੁੰਚੇ ਤਾਂ ਸਤਿਗੁਰਾਂ ਦਾ ਇਕ ਵਿਸ਼ਵਸਤ ਵਿਅਕਤੀ ਸ. ਭੁਪਿੰਦਰ ਸਿੰਘ ਭੁਰਜੀ ਆ ਮਿਲਿਆ। ਮੇਰੇ ਪੁੱਛਣ ਤੇ ਉਸ ਨੇ ਦੱਸਿਆ ਕਿ ਕੱਲ੍ਹ ਰਾਤ ਚੰਡੀਗੜ੍ਹ ਟੈਗੋਰ ਥੀਏਟਰ ਵਿਚ ਵਡਾ ਔਢਾ ਸੰਗੀਤ ਸਮਾਗਮ ਹੋ ਗਿਆ ਸੀ। ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿਤੇ। ਹਾਜ਼ਰੀ ਤਵੱਕੋ ਨਾਲੋਂ ਜ਼ਿਆਦਾ ਸੀ।

ਇੰਜ ਸੱਚੇ ਪਾਤਸ਼ਾਹ ਜੀ ਨੇ ਉਸਤਾਦ ਸਲਾਮਤ ਨੂੰ ਪਾਕਿਸਤਾਨ ਜਾਣ ਤੋਂ ਪਹਿਲੋਂ, ਇਕ ਵਾਰ ਫੇਰ ਸੁਣ ਲਿਆ। ਇਸ ਵਾਰ ਭੈਰਵੀ, ਦੇਸ ਅਤੇ ਪਹਾੜੀ ਸੁਣੀ ਗਈ।

## 20 ਅਪਰੈਲ 1979, ਸ਼ੁਕਰਵਾਰ
## ਭੁੰਤਰ (ਕੁੱਲੂ) ਹਿਮਾਚਲ

### ਸੂਬਾ ਸਾਹਿਬ ਸਿੰਘ ਜੀ

ਸਵੇਰੇ 9 ਵਜੇ, ਦਿੱਲੀਓਂ 500 ਕਿਲੋ ਮੀਟਰ ਦੇ ਫ਼ਾਸਲੇ ਤੇ ਪਰਬਤਾਂ ਦੀ ਦੁਨੀਆਂ ਵਿਚ, ਭੁੰਤਰ ਪਹੁੰਚ ਗਏ। ਭੁੰਤਰ ਹਵਾਈ ਅੱਡੇ ਵਾਲਾ ਇਕ ਪਹਾੜੀ ਕਸਬਾ ਹੈ। ਏਥੋਂ 10 ਕਿਲੋਮੀਟਰ ਦੂਰ ਹਿਮਾਚਲ ਦੇ ਕੁੱਲੂ ਜ਼ਿਲ੍ਹੇ ਦਾ ਇਹੋ ਹਵਾਈ ਅੱਡਾ ਹੈ। ਕੁਝ ਸਮਾਂ ਮੇਰੀ ਰਿਹਾਇਸ਼ਗਾਹ ਇਹੋ ਹੋਵੇਗਾ।

ਸੂਬਾ ਸਾਹਿਬ ਸਿੰਘ ਜੀ ਰਣਮਾਜਰੀ ਪੁਰ (ਚੈਕਾਲੀ ਪੁਰ) ਜ਼ਿ: ਅੰਮ੍ਰਿਤਸਰ ਵਾਲੇ ਜੁ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਹੀ 18 ਜਨਵਰੀ 1872 ਨੂੰ ਜਲਾਵਤਨ ਹੋਏ ਅਤੇ ਬਾਅਦ ਵਿਚ ਪਹਿਲਾਂ ਅਟਕ ਤੇ ਫੇਰ ਹਜ਼ਾਰੀ ਬਾਗ਼ (ਬਿਹਾਰ ਪਰ ਉਦੋਂ ਬੰਗਾਲ ਪ੍ਰਾਂਤ) ਵਿਚ ਲਿਆ ਕੇ ਨਜ਼ਰਬੰਦ ਕੀਤੇ ਗਏ, ਅੰਗਰੇਜ਼ੀ ਪ੍ਰਸ਼ਾਸਨ ਵਲੋਂ, ਉਨ੍ਹਾਂ ਦਾ ਸਿਮਰਨ ਦਿਨ ਉਸੇ ਜਗ੍ਹਾ 10 ਜੂਨ 1979 ਨੂੰ, ਸ਼ਹੀਦੀ ਸ਼ਤਾਬਦੀ ਵਜੋਂ ਬਿਹਾਰ ਪ੍ਰਾਂਤ ਦੇ ਨਾਮਧਾਰੀਆਂ ਅਤੇ ਸਤਿਗੁਰੂ ਜੀ ਦੇ ਸਮ੍ਰੰਬੀਆਂ ਸੰਗਤਾਂ ਵਲੋਂ ਮਨਾਇਆ ਜਾਣਾ ਹੈ, ਬੜੀ ਧੂਮ ਧਾਮ ਨਾਲ। ਇਸ ਬਾਰੇ ਪੁਸਤਕ ਤਿਆਰ ਕਰਨ ਲਈ ਮੈਂ ਭਾਈ ਸੰਤੋਖ ਸਿੰਘ ਦਾ ਟਾਈਪ ਹੋਇਆ ਖਰੜਾ ਸਤਿਗੁਰੂ ਬਿਲਾਸ, ਭਾਈ ਨਾਹਰ ਸਿੰਘ ਐਮ. ਏ. ਦਾ 'ਨਾਮਧਾਰੀ ਇਤਿਹਾਸ' ਸਤਿਜੁਗ ਦੇ ਸਾਲਾਨਾ ਤੇ ਵਿਸ਼ੇਸ਼ ਅੰਕ, ਅਤੇ ਸ. ਨਾਹਰ ਸਿੰਘ ਦੇ ਇਕੱਤਰ ਕਰ ਛਪਵਾਏ 1872 ਤੇ ਅਗੇ ਪਿਛੇ ਦੇ ਦਸਤਾਵੇਜ਼, ਨਾਮ, 'ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿਖਸ' 3 ਜਿਲਦਾਂ ਨਾਲ ਲੈ ਕੇ ਆਇਆ ਹਾਂ। ਇਹਨਾਂ ਨੂੰ ਪੜ੍ਹਾਂਗਾ, ਵਿਚਾਰਾਂਗਾ ਅਤੇ ਤੱਥ ਆਧਾਰਤ ਪੁਸਤਕ ਲਿਖਾਂਗਾ। ਮੇਰਾ ਖਿਆਲ ਹੈ ਇਸੇ ਨਵਾਂ ਕੰਮ ਪੱਲੇ ਸਿਰ ਭੁਗਤਾ ਲਵਾਂਗਾ।

### ਭੁੰਤਰ

ਪਰਬਤਾਂ ਘਿਰਿਆ ਭੁੰਤਰ, ਹਰਿਆਲੀ ਦਾ ਗੜ੍ਹ ਹੈ। ਬਿਆਸ ਦਾ ਅਨੰਤ ਜਲ ਮੈਦਾਨਾਂ ਵਲ ਦੌੜਦਾ ਇਕ ਅਨਹਦ ਨਾਦ ਕਰਦਾ ਰਹਿੰਦਾ ਹੈ। ਮੰਡੀਓਂ ਕੁੱਲੂ ਮਨਾਲੀ ਨੂੰ ਜਾਂਦੀ ਮੇਨ ਸੜਕ ਭੁੰਤਰ ਦੀ ਸ਼ੋਭਾ ਹੈ। ਇਸ ਤੇ ਸਵੇਰੇ ਕੁੱਲੂਓਂ ਜਾ



Sri Satguru Jagjit Singh Ji Elibrary NamdhariElibrary@gmail.com

ਮਨਾਲੀਓਂ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ ਨੂੰ ਬੱਸਾਂ ਚਲ ਪੈਂਦੀਆਂ ਹਨ ਅਤੇ ਲਉਢੇ ਪਹਿਰ ਤੋਂ ਕਲ੍ਹ ਦੀਆਂ ਗਈਆਂ ਦੀ ਵਾਪਸੀ ਸ਼ੁਰੂ ਹੋ ਜਾਂਦੀ ਹੈ। ਨਾਈਟ ਸਰਵਿਸ ਹੋਣ ਕਾਰਨ ਕੁਝ ਬਸਾਂ ਮੈਦਾਨਾਂ 'ਚੋਂ ਚੱਲੀਆਂ ਸਵੇਰੇ-ਸਵੇਰੇ ਵੀ ਏਥੇ ਪਹੁੰਚਦੀਆਂ ਹਨ।

ਪਿਛਲੇ ਸਾਲ ਤੋਂ ਹੁਣ ਤਕ ਭੁੰਤਰ ਵਿਚ ਇਹ ਵਾਧੇ ਹੋਏ ਹਨ : ਨਵਾਂ ਪੁਲ ਬਣ ਕੇ ਤਿਆਰ ਹੋ ਗਿਆ ਹੈ। ਇਹ ਬਿਆਸ ਨਾਲ ਮਿਲਦੀ ਪਾਰਬਤੀ ਦੇ ਸੰਗਮ ਦੇ ਨਜ਼ਦੀਕ ਲੋਹੇ ਦਾ ਮਜ਼ਬੂਤ ਪੁਲ ਹੈ, ਜਿਥੋਂ ਬੱਸਾਂ ਦੀ ਆਵਾਜਾਈ ਮਨੀਕਰਨ ਨੂੰ ਜਾਰੀ ਹੋ ਗਈ ਹੈ। ਭੁੰਤਰ ਦੋਹਾਂ ਕਿਨਾਰਿਆਂ ਤੇ ਵੱਸਿਆ ਹੋਣ ਕਰਕੇ ਇਕ ਲਕੜੀ ਤੇ ਲੋਹੇ ਦੇ ਰੱਸੇ ਨਾਲ ਬਣਿਆ ਪੁਲ, ਆਦਮੀਆਂ ਦੇ ਲਾਂਘੇ ਜੋਗ ਹੀ ਸੀ। ਸੜਕ ਤਿਆਰ ਹੋ ਰਹੀ ਹੈ ਵਾਦੀ ਪਾਸ। ਹਵਾਈ ਅੱਡੇ ਦੀ ਪਟੜੀ ਨਵੇਂ ਸਿਰੇ ਤੋਂ ਚੌੜੀ ਵਿਛਾ ਕੇ ਤਿਆਰ ਕੀਤੀ ਗਈ ਹੈ। ਅੱਧ ਮਈ ਤੋਂ ਹਵਾਈ ਸਰਵਿਸ ਚਾਲੂ ਹੋਵੇਗੀ—ਅਰਥਾਤ ਹਵਾਈ ਜਹਾਜ਼ ਆਉਣ ਜਾਣਗੇ।

ਸੇਬ, ਅਲੂਚੇ, ਪਲੱਮ ਆਦਿ ਦੇ ਬਾਗ਼ ਨਵਾਂ ਫਲ ਲੈ ਰਹੇ ਹਨ। ਇਸ ਵੇਲੇ ਚੈਰੀ ਵੀ ਫਲ ਤਿਆਰ ਨਹੀਂ। ਏਥੇ ਕਣਕਾਂ ਦੇ ਖੇਤ ਅਜੇ ਹਰੇ ਹਨ, ਭੁੰਤਰ ਵਿਚ ਪਰਬਤਾਂ ਦੇ ਮੁਕਾਬਲੇ ਖੁਲ੍ਹੇ ਖੇਤ, ਨਵੀਆਂ ਕਿਸਮਾਂ।

ਭੁੰਤਰ ਦੇ ਮੇਨ ਬਾਜ਼ਾਰ ਵਿਚ ਸਾਰਾ ਦਿਨ ਰੌਣਕ ਰਹਿੰਦੀ ਹੈ। ਮੁਖ ਸੜਕ ਵੀ ਤਾਂ ਅਜੇ ਬਾਜ਼ਾਰ ਵਿਚੋਂ ਹੀ ਗੁਜ਼ਰਦੀ ਹੈ।

## 22 ਅਪਰੈਲ 1979, ਐਤਵਾਰ
## ਭੁੰਤਰ (ਕੁਲੂ, ਹਿ: ਪ੍ਰ:)

ਅੱਜ ਦੇ ਰੋਜ਼ਾਨਾ 'ਨਵਾਂ ਜ਼ਮਾਨਾ', ਜਲੰਧਰ ਦੇ ਪੇਜ ਨੰ: ਦੋ ਤੇ ਲੱਗੀ ਖ਼ਬਰ ਅਨੁਸਾਰ 21 ਅਪਰੈਲ ਨੂੰ ਭੈਣੀ ਸਾਹਿਬ ਵਿਖੇ ਪੁੱਜੇ ਵੀਅਤਨਾਮੀ ਅਮਨ ਡੈਲੀਗੇਸ਼ਨ ਦਾ ਹਜ਼ਾਰਾਂ ਨਾਮਧਾਰੀਆਂ ਦੇ ਇਕੱਠ ਨੇ ਸਤਿਗੁਰਾਂ ਦੀ ਅਗਵਾਈ ਵਿਚ ਸੁਆਗਤ ਕੀਤਾ। ਸਤਿਗੁਰਾਂ ਨੇ ਸੁਆਗਤ ਕਰਦਿਆਂ ਆਖਿਆ : ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਵੀਅਤਨਾਮੀਆਂ ਨੂੰ ਘਰ ਵਿਚ ਹੀ ਮਦਦ ਪਹੁੰਚਾਈਏ, ਜਿਸ ਮੰਤਵ ਲਈ ਉਨ੍ਹਾਂ ਨੂੰ ਘੁੰਮਣਾ ਨਾ ਪਵੇ। ਵੀਅਤਨਾਮ ਨਾਲ ਸਾਡੀਆਂ ਸਭਿਆਚਾਰਕ ਸਾਂਝਾਂ ਹਨ। ਸਤਿਗੁਰਾਂ ਕਿਹਾ, ਸਾਮਰਾਜੀਆਂ ਵਲੋਂ ਨਾਮਧਾਰੀਆਂ ਨੂੰ ਵੀ ਸਮੁੰਦਰਾਂ ਵਿਚ ਡੋਬ ਡੋਬ ਮਾਰਿਆ ਗਿਆ ਸੀ। ਡੈਲੀਗੇਸ਼ਨ ਆਗੂ ਸ੍ਰੀ ਲੀ ਅਤੇ ਹੋਰਨਾਂ ਨੂੰ ਤੁਹਫ਼ੇ ਦਿਤੇ ਗਏ। 'ਨਵਾਂ ਜ਼ਮਾਨਾ' ਦੇ ਪੰਜਵੇਂ ਪੇਜ ਤੇ ਡੈਲੀਗੇਸ਼ਨ ਦੀ ਇਕ ਫੋਟੋ ਵੀ ਛਪੀ, ਸਤਿਗੁਰੂ ਜੀ ਨਾਲ।



Sri Satguru Jagjit Singh Ji Elibrary NamdhariElibrary@gmail.com

## 22 ਅਪਰੈਲ 1979, ਐਤਵਾਰ
## ਅੰਦਰੇਟਾ (ਹਿਮਾਚਲ)

**ਸ. ਸੋਭਾ ਸਿੰਘ ਆਰਟਿਸਟ**

ਐਤਵਾਰ ਦਾ ਦਿਨ ਹੋਣ ਕਰ ਕੇ, ਮੇਰੇ ਜੁਆਤਰੇ ਸ. ਕੇਹਰ ਸਿੰਘ ਹਮਰਾਹੀ ਨੇ ਪ੍ਰੇਰਨਾ ਦਿਤੀ ਕਿ ਇਕ ਵਾਰ ਪੰਜਾਬ ਦੇ ਮਾਣ, ਮਹਾਨ ਚਿੱਤਰਕਾਰ ਸ. ਸੋਭਾ ਸਿੰਘ ਨੂੰ ਅੰਦਰੇਟੇ ਜਾ ਕੇ ਜ਼ਰੂਰ ਮਿਲਿਆ ਜਾਵੇ। ਅਤੇ ਅਸੀਂ ਹਮਰਾਹੀ ਦੇ ਸਕੂਟਰ ਤੇ 150 ਕਿਲੋਮੀਟਰ ਸਫ਼ਰ ਕਰ ਕੇ 3 ਵਜੇ ਢਲਦੇ ਪਹਿਰ ਸ. ਸੋਭਾ ਸਿੰਘ ਨੂੰ ਜਾ ਮਿਲੇ।

78 ਸਾਲ ਦੀ ਆਯੂ, ਸਫ਼ੈਦ ਖੁਲ੍ਹੇ ਕੇਸ ਅਤੇ ਦਾੜ੍ਹਾ, ਉਚਾ ਲੰਮਾ ਕੱਦ, ਇਕਹਿਰਾ ਅਤੇ ਅਧਰੰਗ ਗ੍ਰਸਤ ਬਦਨ, ਸੁਚੇਤ ਦਿਮਾਗ, ਸਾਡੇ ਜਾਂਦਿਆਂ ਨੂੰ ਉਹ ਵੀਚਲ ਤੇ ਬੈਠਾ ਸਤਿਗੁਰੂ ਨਾਨਕ ਦੇਵ ਜੀ ਨਾਲ ਵਿਸਮਿਕ ਹੋਇਆ ਪਿਆ ਉਨ੍ਹਾਂ ਦੇ ਚਿੱਤਰ ਦੇ ਨਖ-ਸ਼ਿਖ ਸਵਾਰ ਰਿਹਾ ਸੀ।

ਪਹਾੜੀਆਂ ਦੀ ਗੋਦ ਵਿਚ ਉਹਦੀ ਕੋਠੀ ਹੈ, ਜੁ ਚਿੱਤਰਸ਼ਾਲਾ ਦੇ ਰੂਪ ਵਿਚ ਸੁਸੱਜਿਤ ਹੈ। ਏਥੇ ਉਸਦੇ ਇਕ ਸ਼ਾਗਿਰਦ ਦਾ ਪਰਵਾਰ ਮਦਦਗਾਰ ਹੈ। 1000/- ਮਹੀਨਾ ਉਸਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦਿੰਦੀ ਹੈ। ਬਾਕੀ ਉਹ ਆਪਣੇ ਚਿੱਤਰਾਂ ਤੋਂ ਰਾਇਲਟੀ ਪ੍ਰਾਪਤ ਕਰਦਾ ਹੈ, ਜਾਂ ਜੋ ਚਿੱਤਰ ਉਹ ਆਪ ਛਪਵਾ ਕੇ ਵੇਚਦਾ ਹੈ, ਉਸ ਨਾਲ ਨਿਰਵਾਹ ਕਰਦਾ ਹੈ।

ਸਾਡੇ ਨਾਲ ਬੜੀ ਖੜਕਵੀਂ ਆਵਾਜ਼ ਨਾਲ ਪੰਜਾਬ ਦਾ ਇਹ ਮੋਢੀ ਚਿੱਤਰਕਾਰ ਗੱਲਾਂ ਕਰਦਾ ਰਿਹਾ। ਉਹ ਕੁਝ ਯੋਰਪੀਨ ਫ਼ਲਾਸਫ਼ਰਾਂ ਦੇ ਵਿਚਾਰਾਂ ਤੋਂ ਪ੍ਰਭਾਵਤ ਹੈ। ਉਹ ਕਹਿੰਦਾ ਹੈ ਕਿ ਉਹਦੀ ਮਜ਼ਹਬਾਂ ਨਾਲ ਕੋਈ ਦਿਲਚਸਪੀ ਨਹੀਂ, ਪਰ ਚਿੱਤਰ ਉਸ ਦੇ ਆਮ ਕਰਕੇ ਸਿੱਖ ਗੁਰੂਆਂ ਦੇ ਹੀ ਹਨ। ਉਹਨਾਂ ਬਾਰੇ ਹੀ ਗੱਲਾਂ ਕਰਦਾ ਹੈ।

ਉਸ ਦੇ ਬਣਾਏ ਗੁਰੂ ਨਾਨਕ-ਗੋਬਿੰਦ ਸਿੰਘ ਜੀ ਦੇ ਚਿੱਤਰ ਸਾਰੇ ਹੀ ਵਡੇ ਸਿੱਖ ਘਰਾਣਿਆਂ ਦੀ ਸ਼ੋਭਾ ਹਨ। ਛਪ ਚੁਕੇ ਚਿੱਤਰ ਤਾਂ ਲਗਭਗ ਹਰ ਸਮਝਦਾਰ ਸਿੱਖ ਦੇ ਘਰ ਦੀਆਂ ਦੀਵਾਰਾਂ ਤੇ ਦ੍ਰਿਸ਼ਟੀਗੋਚਰ ਹੁੰਦੇ ਹਨ।

ਸੋਹਣੀ ਮਹੀਂਵਾਲ ਦੇ ਚਿੱਤਰ ਨੇ ਵੀ ਸ. ਸੋਭਾ ਸਿੰਘ ਦੀ ਖ਼ੁਸ਼ਬੋ ਖਿਲਾਰੀ। ਇਹ ਚਿੱਤਰ ਵੀ ਕਲਾ-ਪ੍ਰੇਮੀਆਂ ਦੇ ਘਰਾਂ ਵਿਚ ਮਿਲਦਾ ਹੈ। ਪਰਬਤਾਂ ਦੀ ਛਾਤੀ, ਮਹਾਰਾਣੀ ਜਿੰਦਾਂ ਆਦਿ ਦੇ ਚਿੱਤਰ ਵੀ ਉਸਦੀ ਧੁਰ ਗਹਿਰਾਈਆਂ ਪਰਖਣ ਦੀ ਸਮਰਥਾ ਦੇ ਸੂਚਕ ਹਨ। ਨਾਮਧਾਰੀਆਂ ਬਾਰੇ ਜੋ ਉਹਦੇ ਪ੍ਰਭਾਵ ਸਨ, ਸਤਿਗੁਰਾਂ ਨੂੰ ਜਿਵੇਂ ਉਸ ਯਾਦ ਕੀਤਾ, ਉਹ ਏਥੇ ਦੇਵਾਂਗਾ।

5.00 ਵਜੇ ਸ਼ਾਮੀਂ ਅਸੀਂ ਸ. ਸੋਭਾ ਸਿੰਘ ਜੋ ਇਸ ਵੇਲੇ ਰਿਸ਼ੀਆਂ ਜੈਸੇ ਹਨ, ਤੋਂ ਵਿਦਾ ਲਈ। 100 ਕਿਲੋਮੀਟਰ ਦਾ ਸਫ਼ਰ ਕਰਕੇ 9.30 ਵਜੇ ਰਾਤੀਂ ਸ. ਹਰਭਜਨ ਸਿੰਘ ਪ੍ਰਧਾਨ, ਸਾਈਕਲਾਂ ਵਾਲਿਆਂ ਦੇ ਘਰ ਮੰਡੀ ਜਾ ਰੁਕੇ। ਮੇਰੀ ਵੀ ਅੱਜ ਅਕਲੋ



Sri Satguru Jagjit Singh Ji Elibrary NamdhariElibrary@gmail.com

ਪ੍ਰੀਖਿਆ ਸੀ । 68 ਸਾਲਾਂ ਦਾ ਬੁੱਢਾ ਸਕੂਟਰ ਪਿਛੇ ਬੈਠ ਕੇ ਪਹਾੜੀ ਸੜਕਾਂ ਤੇ ਢਾਈ ਸੌ ਕਿਲੋਮੀਟਰ ਸਫਰ ਕਰੇ, ਕਿਆਂ ਬਾਤਾਂ ਨੇ ! ਅਜੇ ਮੇਰੀ ਦਿੱਲੀਓਂ ਆਉਣ ਦੀ ਥਕਾਵਟ ਵੀ ਖ਼ਤਮ ਨਹੀਂ ਹੋਈ ।

ਸੋੜਾ ਸਿੰਘ ਜੀ (78) ਨੇ ਆਖਿਆ :

1931 ਤੋਂ 1942 ਈ: ਤਕ ਮੈਂ ਦਿੱਲੀ ਕਰੋਲ ਬਾਗ਼ ਇਲਾਕੇ ਵਿਚ ਰਿਹਾ । ਇਸ ਮੌਕੇ ਜਦੋਂ ਵੀ ਮਹਾਰਾਜ ਪ੍ਰਤਾਪ ਸਿੰਘ ਦਿੱਲੀ ਆਉਂਦੇ, ਮੈਂ ਵੀ ਦਰਸ਼ਨਾਂ ਨੂੰ ਜਾਂਦਾ । ਏਥੇ ਨੇੜੇ ਹੀ ਕਿਤੇ ਉਹ ਆਪਣੇ ਰਾਮਗੜ੍ਹੀਆ ਸਿੱਖਾਂ ਦੇ ਠਹਿਰਿਆ ਕਰਦੇ ਸਨ । ਜਦੋਂ ਵੀ ਉਨ੍ਹਾਂ ਆਉਣਾ ਹੁੰਦਾ, ਮੈਨੂੰ ਖ਼ਬਰ ਭੇਜ ਦੇਣੀ । ਜੇਕਰ ਕਦੇ ਖ਼ਬਰ ਨਾ ਲਗ ਸਕਣੀ ਜਾਂ ਮੈਂ ਹੀ ਕਿਸੇ ਵਿਸ਼ੇਸ਼ ਕਾਰਣ ਨਾ ਜਾ ਸਕਣਾ ਤਾਂ ਖਲੋ ਖਲੋਤੇ, ਭਾਵੇਂ ਪੰਜ ਮਿੰਟ ਲਈ ਹੀ ਸਹੀ, ਦਰਸ਼ਨ ਹੋ ਜਾਣੇ ।

ਮੈਨੂੰ ਮਹਾਰਾਜ ਦੇ ਦਰਸ਼ਨ ਸ਼ਿਮਲੇ ਵੀ ਹੁੰਦੇ ਰਹਿੰਦੇ ਸਨ । ਸ਼ਿਮਲੇ ਵਿਚ 9-10 ਮਹੀਨੇ ਮੈਂ ਲੇਜੀ ਨੌਕਰੀ ਵੀ ਕੀਤੀ ਹੈ । ਮੇਰੀ ਕੋਠੀ ਓਥੇ ਸਮਰ ਹਿੱਲ 'ਤੇ ਸੀ । ਮਹਾਰਾਜ ਦੇ ਪ੍ਰੇਮੀ ਵੀ ਸਮਰ ਹਿਲ ਤੇ ਸਨ । ਆਪ ਜੀ ਉਨ੍ਹਾਂ ਕੋਲ ਠਹਿਰਦੇ । ਦਰਸ਼ਨਾਂ ਦਾ ਅਵਸਰ ਬਣਿਆ ਹੀ ਰਹਿੰਦਾ ।

ਇਕ ਵਾਰ ਕਿਸੇ ਨੇ ਮੇਰੇ ਬਾਰੇ ਸ਼ਿਕਾਇਤ ਕੀਤੀ, ਮਹਾਰਾਜ ਜੀ ਪਾਸ ਕਿ ਇਹ ਕੀਰਤਨ ਨਹੀਂ ਕਰਦਾ, ਛੈਣੇ ਨਹੀਂ ਵਜਾਂਦਾ । ਮਹਾਰਾਜ ਜੀ ਨੇ ਉਸਨੂੰ ਬੜਾ ਸੁੰਦਰ ਜਵਾਬ ਦਿਤਾ : ਸਾਰੇ ਲੋਕ ਇਕੋ ਜਿਹੇ ਨਹੀਂ ਹੁੰਦੇ । ਕੋਈ ਸੁਣਾਨ ਵਾਲੇ ਹੁੰਦੇ ਹਨ, ਕੋਈ ਸੁਣਨ ਵਾਲੇ । ਕੋਈ ਕੇਵਲ ਪਿਆਰ ਕਰਨ ਵਾਲੇ ਹੁੰਦੇ ਹਨ । ਇਹਦਾ ਸਾਡਾ ਸਾਥ ਪਿਆਰ ਦਾ ਹੈ । ਜਦੋਂ ਇਹ ਮੁਕ ਜਾਵੇਗਾ, ਓਦੋਂ ਨਾ ਉਹ ਆਵੇਗਾ ਅਤੇ ਨਾ ਹੀ ਅਸੀਂ ਜਾਵਾਂਗੇ ।

ਹੁਣ ਵਾਲੇ ਮਹਾਰਾਜ (ਜਗਜੀਤ ਸਿੰਘ) ਜੀ ਵੀ ਮੈਨੂੰ 3-4 ਵਾਰ ਏਥੇ ਆ ਕੇ ਦਰਸ਼ਨ ਦੇ ਗਏ ਹਨ । ਇਹ ਉਨ੍ਹਾਂ ਦੀ ਨਿਵਾਜ਼ਸ਼ ਹੀ ਹੈ ।

ਇਕ ਤੁਹਾਡੇ ਚਕ੍ਰਵਰਤੀ (ਇੰਦ੍ਰ ਸਿੰਘ) ਸਾਹਬ ਹੁੰਦੇ ਸਨ, ਉਹਨਾਂ ਨਾਲ ਮੇਲ ਗੇਲ ਵੀ ਹੋ ਜਾਂਦਾ । ਪ੍ਰੀਤ ਨਗਰ ਬਹੁਤ ਵਾਰ ਆਉਂਦੇ ਰਹਿੰਦੇ ਸਨ ।

ਇਕ ਭੂਰੀ ਵਾਲੇ ਸੰਤ (ਹਜ਼ੂਰਾ ਸਿੰਘ ਜੀ) ਵੀ ਹੁੰਦੇ ਸਨ । ਉਹ ਵੀ ਮਿਲਦੇ ਰਹਿੰਦੇ ਸਨ । ਏਨੇ ਕੁ ਨਾਮਧਾਰੀਆਂ ਨਾਲ ਮੇਰੇ ਸੰਬੰਧ ਹਨ ।

## 28 ਅਪਰੈਲ 1979, ਛਨੀਚਰਵਾਰ
## ਡੂੰਡਰ (ਚੰਨੂ)

### ਚਿੱਠੀ ਤਰਸੇਮ ਸਿੰਘ ਦੀ

ਡੂੰਡਰ ਆਉਂਦਿਆਂ ਹੀ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮੰਗਲ ਰੂਪ ਵਿਚ ਇਕ ਪੱਤਰ ਲਿਖਿਆ ਅਤੇ ਆਪਣੇ ਸਹੀ ਸਲਾਮਤ ਡੂੰਡਰ ਪਹੁੰਚਣ ਦੀ ਸੂਚਨਾ ਦਿਤੀ ।

Sri Satguru Jagjit Singh Ji Elibrary NamdhariElibrary@gmail.com

ਇਸ ਦੇ ਉੱਤਰ ਵਿਚ ਅੱਜ ਤੋਂ ਦੋ ਦਿਨ ਪਹਿਲਾਂ ਦੀ ਤਾਰੀਖ਼ ਦੀ ਭੈਣੀ ਸਾਹਿਬੋਂ ਲਿਖੀ ਚਿੱਠੀ ਮਿਲੀ।

ਤਰਸੇਮ ਸਿੰਘ ਨੇ ਦੱਸਿਆ ਕਿ ਸਤਿਗੁਰੂ ਜੀ 16.4.79 ਦੇ ਸ੍ਰੀ ਭੈਣੀ ਸਾਹਿਬ ਹੀ ਹਨ ਅਤੇ 4 ਮਈ ਤਕ ਉੱਥੇ ਹੀ ਦਰਸ਼ਨ ਦੇਣਗੇ। ਫੇਰ 5 ਕੁ ਦਿਨਾਂ ਲਈ ਜੀਵਨ ਨਗਰ ਇਲਾਕੇ ਵਿਚ ਵਿਚਰਨਗੇ।

ਗੁਰੂ ਕੇ ਸਰਵੱਤਰ ਨੇ ਇਹ ਵੀ ਲਿਖਿਆ ਕਿ ਇਹਨੀਂ ਦਿਨੀਂ ਠਾਕੁਰ ਦਲੀਪ ਸਿੰਘ ਜੀ ਦੇ ਸਹਿਯੋਗ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਨੂੰ ਰੀਟੇਪ (ਮੁੜ ਕੈਸੇਟ ਤਿਆਰ ਕਰਵਾਣੀ) ਕਰਵਾ ਰਹੇ ਹਨ। ਦੋ ਦੋ ਕਾਪੀਆਂ ਹੋ ਰਹੀਆਂ ਹਨ। ਸਤਿਗੁਰੂ ਜੀ ਦੀ ਆਪਣੀ ਮਿੰਨੀ ਟੇਪ ਰਿਕਾਰਡਰ ਲਈ ਮਿੰਨੀ ਕੈਸੇਟਾਂ ਵੀ ਸਤਿਗੁਰੂ ਜੀ ਦੇ ਉਪਦੇਸ਼ਾਂ ਨਾਲ ਭਰੀਆਂ ਪਈਆਂ ਹਨ, ਤਾਕਿ ਜਿੱਥੇ ਵੀ ਦਰਸ਼ਨ ਹੋਣ, ਪਹਿਲਾਂ ਵਾਂਗ ਨਿਤਨੇਮ ਦੇ ਸਮੇਂ ਸਾਧ ਸੰਗਤ ਨੂੰ ਬਚਨ ਸੁਣਾਂਦੇ ਰਹਿਣ।

## 1 ਮਈ 1979 ਮੰਗਲਵਾਰ
## ਭੁੰਤਰ (ਕੁੱਲੂ, ਹਿ: ਪ੍ਰ:)

ਸਵੇਰ ਦੇ ਅਖ਼ਬਾਰਾਂ ਵਿਚ 'ਨਵਾਂ ਜ਼ਮਾਨਾ' ਵੇਖ ਕੇ ਪ੍ਰਸੰਨਤਾ ਹੋਈ। ਇਸ ਦੇ ਛੇਵੇਂ ਪੇਜ ਤੇ ਇਕ ਫੋਟੋ ਛਪੀ ਹੈ, ਦੋ ਨਾਮਧਾਰੀ ਜਵਾਨਾਂ ਦੀ, ਜਿਸ ਵਿਚ ਪੰ: ਕਿਸ਼ਨ ਮਹਾਰਾਜ ਬਨਾਰਸ ਦੇ ਸੰਸਾਰ ਪ੍ਰਸਿਧ ਤਬਲਾਵਾਦਕ ਦਾ ਜਲੰਧਰੋਂ ਨਾਮਧਾਰੀ ਸ਼ਾਗਿਰਦ ਸ੍ਰੀ ਸੁਖਦੇਵ ਸਿੰਘ ਤਬਲਾਵਾਦਨ ਕਰ ਰਿਹਾ ਤੇ ਦੂਜਾ ਸ.ਬਲਬੀਰ ਸਿੰਘ ਵਾਜੇ 'ਤੇ ਨਗ਼ਮਾ ਦੇ ਰਿਹਾ ਹੈ। ਇਹ 'ਨਵਾਂ ਜ਼ਮਾਨਾ' ਦੇ ਦਫ਼ਤਰ ਵਲੋਂ ਪਹਿਲੀ ਮਈ ਮਜ਼ਦੂਰ ਦਿਹਾੜੇ ਦੇ ਉਪਲਕਸ਼ ਵਿਚ ਸੀ। ਸ. ਜਗਦੀਸ਼ ਸਿੰਘ ਸੰਪਾਦਕ 'ਵਰਿਆਮ' ਸੰਗਠ ਸਰਗਰਮੀਆਂ ਵਿਚ ਨਾਮਧਾਰੀ ਸੰਗਤ ਦੀ ਪ੍ਰਤੀਨਿਧਤਾ ਵੀ ਕਰਦਾ ਹੈ ਅਤੇ ਦੂਜੇ ਨਾਮਧਾਰੀਆਂ ਦਾ ਸਹਿਯੋਗ ਵੀ ਲੈਂਦਾ ਹੈ। ਇਹ ਸੋਲੋ ਵਾਦਨ ਉਸੇ ਦੇ ਉੱਦਮ ਦਾ ਸਿੱਟਾ ਹੈ।

## 2 ਮਈ 1979, ਬੁੱਧਵਾਰ
## ਭੁੰਤਰ (ਕੁੱਲੂ, ਹਿ: ਪ੍ਰ:)

### ਵਰਦੀ ਸਬੰਧੀ ਪੱਤਰ

ਆਪਣੇ ਲਿਖਣ ਪੜ੍ਹਨ ਦੇ ਕੰਮ ਲਈ ਭੁੰਤਰ, (ਕੁੱਲੂ ਦੇ ਹਵਾਈ ਅੱਡੇ) ਆਇਆਂ ਮੈਨੂੰ ਅੱਜ 13 ਦਿਨ ਹੋ ਗਏ ਹਨ। 'ਹਮਰਾਹੀ ਰੇਡੀਓਜ਼' ਦੁਕਾਨ ਦੇ ਮਾਲਿਕ ਸ. ਕੇਹਰ ਸਿੰਘ ਹਮਰਾਹੀ (ਮੇਰੇ ਦਾਮਾਦ) ਅਤੇ ਸ. ਰਜਨੀਕ ਸਿੰਘ ਮੰਡੀ ਵਾਲਿਆਂ ਦੇ ਭੁੰਤਰ ਵੱਸਦੇ ਅਤੇ ਸੋਨੇ ਚਾਂਦੀ ਦੀ ਦੁਕਾਨ ਕਰਦੇ ਸਪੁੱਤਰ ਸ. ਜਗਦੀਸ਼ ਸਿੰਘ ਸਰਾਫ਼ ਨੇ ਮੈਨੂੰ ਅੱਜ ਇਕ ਪੱਤਰ ਲਿਖਣ ਲਈ ਕਿਹਾ, ਗਵਰਨਮੈਂਟ ਹਾਈ ਸਕੂਲ ਭੁੰਤਰ ਦੇ ਮੁੱਖ ਅਧਿਆਪਕ ਨੂੰ ਕਿ ਉਹ ਨੀਲੀ ਵਰਦੀ ਦੀ ਥਾਂ ਨਾਮਧਾਰੀ ਬੱਚਿਆਂ ਲਈ ਸਫ਼ੇਦ



Sri Satguru Jagjit Singh Ji Elibrary NamdhariElibrary@gmail.com

ਵਰਦੀ ਪਰਵਾਨ ਕਰੇ । ਗੁਰਮਤ ਅਨੁਸਾਰ ਨੀਲਾ ਕਾਲਾ ਪਹਿਰਣ ਬੇਮੁਖਾਂ ਦਾ ਹੁੰਦਾ ਹੈ ।

ਸ਼ਾਮ ਤਕ ਨੂੰ ਉਹਨਾਂ ਵਲੋਂ ਮੈਨੂੰ ਦੱਸਿਆ ਗਿਆ ਕਿ ਮੁਖ ਅਧਿਆਪਕ ਨੇ ਬੇਨਤੀ ਪਰਵਾਨ ਕਰ ਲਈ ਹੈ ਅਤੇ ਨਾਮਧਾਰੀ ਬੱਚੇ ਸਫੇਦ ਵਰਦੀ ਹੀ ਪਹਿਨ ਕੇ ਸਕੂਲ ਜਾਇਆ ਕਰਨਗੇ ।

## ਗਿ: ਸਾਦੀ ਸਿੰਘ ਨਹੀਂ ਰਹੇ

ਮੈਨੂੰ ਭੁੱਤਰ ਵਿਖੇ ਹੀ ਪਤਾ ਲੱਗਾ ਹੈ ਕਿ ਰੋਜ਼ਾਨਾ ਪੰਜਾਬੀ ਅਖ਼ਬਾਰ 'ਅਕਾਲੀ ਪੱਤ੍ਰਿਕਾ' ਜਲੰਧਰ ਦੇ ਮਾਲਿਕ ਸੰਪਾਦਕ ਗਿ: ਸਾਦੀ ਸਿੰਘ 25.5.79 ਨੂੰ ਚੰਡੀਗੜ੍ਹ ਵਿਖੇ ਸੁਰਗਵਾਸ ਹੋ ਗਏ ਹਨ । ਪਾਠਕਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਪ ਨਾਲ ਹੋਈ ਅਖੀਰਲੇ ਦਿਨਾਂ ਦੀ ਗੱਲ ਬਾਤ ਪੜ੍ਹ ਲਈ ਹੋਵੇਗੀ ।

## ਕਾਮਰੇਡ ਸਹਿੰਸਰਾ ਵੀ ਗਏ

ਇਕ ਹੋਰ ਮੰਦੀ ਖ਼ਬਰ ਵੀ ਮੈਨੂੰ ਏਥੇ ਹੀ ਸੁਣਨ ਨੂੰ ਮਿਲੀ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਅਤੇ ਕਮਿਊਨਿਸਟ ਪਾਰਟੀ ਦੇ ਆਗੂ ਕਾਮਰੇਡ ਗੁਰਚਰਨ ਸਿੰਘ ਸਹਿੰਸਰਾ ਵੀ 72 ਸਾਲ ਦੀ ਆਯੂ ਭੋਗ ਕੇ 29.4.79 ਵਾਲੇ ਦਿਨ ਰੱਬ ਨੂੰ ਪਿਆਰੇ ਹੋ ਗਏ । ਉਹ ਬੜੇ ਕਰਮਨਿਸ਼ਠ ਦੇਸ਼ ਭਗਤ ਸਨ ।

## 4 ਮਈ 1979, ਸ਼ੁਕਰਵਾਰ
## ਭੂੰਤਰ (ਹਿ: ਪ੍ਰ:)

## ਬਰਨਾਲੇ ਵਿਚ ਸੰਗੀਤ ਸਮੇਲਨ

ਏਥੇ ਮਿਲੇ ਚੰਡੀਗੜ੍ਹ ਦੇ ਪ੍ਰਸਿਧ ਰੋਜ਼ਾਨਾ 'ਪੰਜਾਬੀ ਟ੍ਰਿਬਿਊਨ' ਵਿਚ ਕੱਲ ਦੀ ਇਕ ਖ਼ਬਰ ਲਗੀ ਹੈ ਜਿਸ ਅਨੁਸਾਰ 2 ਮਈ ਨੂੰ ਬਰਨਾਲੇ ਵਿਚ ਇਕ ਸ਼ਾਸਤਰੀ ਸੰਗੀਤ ਦਾ ਪ੍ਰੋਗਰਾਮ ਹੋਇਆ ਹੈ ਜਿਹੜਾ ਕਿ ਇਸ ਸ਼ਹਿਰ ਵਿਚ ਪਹਿਲੀ ਵਾਰ ਅਤੇ ਆਪਣੀ ਕਿਸਮ ਦਾ ਪ੍ਰੋਗਰਾਮ ਸੀ । ਇਸ ਵਿਚ ਮੁਖ ਮਹਿਮਾਨ ਵਜੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਰਸ਼ਨ ਦੇ ਰਹੇ ਸਨ । ਸਰੋਤਿਆਂ ਨੂੰ ਸਭ ਤੋਂ ਵੱਧ ਪ੍ਰਭਾਵਤ, ਭੈਣੀ ਸਾਹਿਬ ਤੋਂ ਆਏ ਬਾਲ-ਸਾਜ਼ਿੰਦਿਆਂ ਨੇ ਕੀਤਾ । ਇਹ ਸਾਰਾ ਉੱਦਮ ਸ੍ਰੀ ਰਾਮ ਸਰੂਪ ਸੰਗੀਤ ਸਦਨ ਵਲੋਂ ਸੀ । ਪ੍ਰੋਗਰਾਮ ਜੁ ਰਾਤ ਦੇ 12 ਵਜੇ ਤਕ ਚਲਿਆ, ਦੀ ਪ੍ਰਧਾਨਗੀ ਟੈਕਸੇਸ਼ਨ ਅਫ਼ਸਰ ਸ. ਪ੍ਰੀਤਮ ਸਿੰਘ ਨੁਸਰਤ ਨੇ ਕੀਤੀ । ਸਭਾ ਦਾ ਆਰੰਭ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ 'ਸੰਗੀਤ ਦੀ ਜੀਵਨ ਵਿਚ ਮਹੱਤਤਾ' ਉਤੇ ਪ੍ਰਵਚਨ ਨਾਲ ਹੋਇਆ ।



Sri Satguru Jagjit Singh Ji Elibrary NamdhariElibrary@gmail.com

## 12 ਮਈ 1979, ਸ਼ਨੀਵਾਰ
## ਨਵੀਂ ਦਿੱਲੀ

### ਪਰਬ ਸ੍ਰੀ ਗੁਰੂ ਅਮਰਦਾਸ ਜੀ

'ਸੂਬਾ ਸਾਹਿਬ ਸਿੰਘ' ਨਾਮੀ ਪੁਸਤਿਕਾ ਲਿਖ ਕੇ ਮੈਂ ਭੂਤਰੋਂ ਥੋੜੇ ਚੱਲ੍ਹ ਹੀ ਦਿੱਲੀ ਵਾਸਤੇ ਵਿਦਾ ਹੋਇਆ। ਇਸ ਦਿਨ ਅਰਥਾਤ 11 ਮਈ ਨੂੰ ਸਵੇਰੇ ਭੂੰਤਰ ਦੇ ਗੁਰਦੁਆਰੇ ਅਖੰਡ ਪਾਠ ਦਾ ਭੋਗ ਪਾ ਕੇ ਸ੍ਰੀ ਗੁਰੂ ਅਮਰਦਾਸ ਜੀ ਦਾ 300 ਸਾਲਾ ਜਨਮ ਦਿਨ ਮਨਾਇਆ ਗਿਆ। ਇਸ ਸਮੇਂ ਮੈਂ ਵੀ ਇਕ ਤਕਰੀਰ ਕੀਤੀ ਸੇਵਾ, ਸਿਮਰਨ ਅਤੇ ਸਿਦਕ ਉਤੇ।

ਫਿਰ ਸ਼ਾਮ ਨੂੰ 5.30 ਵਜੇ ਦੀ ਬਸ ਲੈ, ਰਾਤੀਂ 2 ਵਜੇ ਚੰਡੀਗੜ੍ਹ ਅਤੇ ਏਥੋਂ 4.10 ਸਵੇਰ ਦੀ ਬਸ ਤੇ 9 ਵਜੇ ਤਕ ਦਿੱਲੀ ਪਹੁੰਚ ਗਿਆ।

### ਦਿੱਲੀ ਵਿਚ ਆਮਦ

ਆਉਂਦਿਆਂ ਹੀ ਮਨਧੀਰ ਸਿੰਘ (ਸਪੁੱਤਰ) ਤੋਂ ਪਤਾ ਲੱਗਾ ਕਿ ਸਤਿਗੁਰੂ ਜੀ ਅੱਜ ਕਿਸੇ ਸਮੇਂ ਵੀ ਦਿੱਲੀ ਪਧਾਰ ਰਹੇ ਹਨ। ਸ੍ਰੀ ਗੁਰਦੇਵ ਸਿੰਘ ਸਰੋਚ ਨੂੰ ਮਿਲਣ ਤੇ ਮਾਲੂਮ ਹੋਇਆ ਕਿ ਦੀਨ ਦਿਆਲ ਜੀ ਕੱਲ੍ਹ ਦਿੱਲੀ ਦਰਸ਼ਨ ਦੇਣਗੇ। ਕੱਲ੍ਹ ਰਮੇਸ਼ ਨਗਰ ਵਿਖੇ ਦਿੱਲੀ ਦੇ ਸਿਹਤ ਮੰਤਰੀ ਸ੍ਰੀ ਮਦਨ ਲਾਲ ਖੁਰਾਣਾ ਐਗਜ਼ੈਕਟਿਵ ਕਾਊਂਸਲਰ ਲਈ ਆਸ਼ੀਰਵਾਦ ਸਮਾਗਮ ਹੈ।

### ਸ੍ਰੀ ਮਹਿੰਦਰ ਪ੍ਰਤਾਪ ਨਹੀਂ ਰਹੇ

ਭਾਰਤ ਭੂਮੀ ਦੇ ਮਹਾਨ ਸਪੂਤ, ਪ੍ਰਸਿੱਧ ਦੇਸ਼ ਭਗਤ ਅਤੇ ਉੱਚੇ ਆਦਰਸ਼ਾਂ ਦੇ ਮਾਲਿਕ ਸ੍ਰੀ ਮਹਿੰਦਰ ਪ੍ਰਤਾਪ ਜੀ 93 ਸਾਲ ਦੀ ਆਯੂ ਭੋਗ ਕੇ ਦਿੱਲੀ ਵਿਖੇ 6 ਮਈ 79 ਨੂੰ ਸਰੀਰ ਤਿਆਗ ਗਏ ਹਨ।

**ਅਸ਼ੀਰਵਾਦ ਸਮਾਗਮ**

## 13 ਮਈ 1979, ਐਤਵਾਰ
## ਨਵੀਂ ਦਿੱਲੀ

ਅੱਜ ਸ੍ਰੀ ਸਤਿਗੁਰੂ ਜੀ ਦਾ ਦਿੱਲੀ ਵਿਚ ਆਗਮਨ ਸੀ। ਪਰ ਆਪ ਜੀ ਨੇ ਸਵੇਰੇ ਹਿਸਾਰ ਦੇ ਸ੍ਰੀ ਮਾਨ ਸੰਤ ਨਿਹਾਲ ਸਿੰਘ 'ਨਾਮਧਾਰੀ ਟੇਲਰਜ਼' ਵਾਲਿਆਂ ਦੇ ਘਰ ਵਿਖੇ ਚਰਨ ਪਾ, ਦਰਸ਼ਨ ਦੇ, ਪ੍ਰਸ਼ਾਦਾ ਦਿੱਲੀ ਵਿਚ ਆ ਕੇ ਛਕਣਾ ਸੀ। ਅੰਦਾਜ਼ਾ ਸੀ ਕਿ 10.30 ਤਕ ਦਿੱਲੀ ਪਹੁੰਚ ਜਾਣਗੇ।

### ਪ੍ਰਾਗ੍ਰੈਸ ਪ੍ਰਿੰਟਰਜ਼

ਸ. ਕਰਤਾਰ ਸਿੰਘ ਬਾਲੀ ਨਗਰ, ਪ੍ਰਾਗ੍ਰੈਸ ਪ੍ਰਿੰਟਰ ਵਾਲਿਆਂ ਦੇ ਘਰ ਅੱਜ ਇਕ



Sri Satguru Jagjit Singh Ji Elibrary NamdhariElibrary@gmail.com

ਪਾਠ ਦਾ ਭੋਗ ਪੈਣਾ ਸੀ। ਕਰਤਾਰ ਸਿੰਘ ਨੇ ਸੁਪਤਨੀ ਅਮਰਜੀਤ ਦੀ ਢਿੱਲੀ ਹੁੰਦੀ ਜਾ ਰਹੀ ਸਿਹਤ ਬਾਰੇ ਸੁੱਖਿਆ ਹੋਇਆ ਸੀ। ਸੰਤ ਮੰਗਲ ਸਿੰਘ ਲਾਇਲਪੁਰੀ, ਮੇਰੇ ਘਨਿਸ਼ਟ ਮਿੱਤਰ ਦੀ ਸੰਤਾਨ ਹੋਣ ਕਰ ਕੇ ਇਸ ਪਰਵਾਰ ਨਾਲ ਮੈਨੂੰ ਮੋਹ ਹੈ। ਮੈਂ, ਸ. ਜਗਦੀਸ਼ ਸਿੰਘ 'ਵਰਿਆਮ' ਜੁ ਪਰਸੋਂ ਦੇ ਦਿੱਲੀ ਆਏ ਹੋਏ ਸਨ ਤੇ ਸਵੇਰੇ ਹੀ ਮੈਨੂੰ ਮਿਲਣ ਆ ਗਏ ਸਨ, ਨੂੰ ਨਾਲ ਲੈ ਕੇ ਕਰਤਾਰ ਸਿੰਘ ਦੇ ਘਰ ਪੁੱਜਾ। ਜਾਂਦਿਆਂ ਨੂੰ ਭੋਗ ਪੈ ਚੁਕਾ ਸੀ। ਸਾਰਾ ਮੰਗਲ ਸਿੰਘ ਪਰਵਾਰ ਇਕੱਤਰਤ ਸੀ ਅਤੇ ਲੰਗਰ ਪਾਣੀ ਚਲ ਰਿਹਾ ਸੀ। ਡਾ: ਅਮਰ ਭਾਰਤੀ ਤੇ ਐਸ. ਐਸ. ਮਨਧੀਰ ਨੂੰ ਮਿਲ ਕੇ ਸਾਨੂੰ ਸੰਤੁਸ਼ਟੀ ਹੋ ਗਈ।

**ਦਰਸ਼ਨ ?**

ਮੈਂ ਅਤੇ ਜਗਦੀਸ਼ ਸਿੰਘ 11 ਵਜੇ ਦੇ ਕਰੀਬ ਕੋਠੀ 1-6/ਬੀ, ਪੂਸਾ ਰੋਡ ਪਹੁੰਚ ਗਏ। ਜਾਂਦਿਆਂ ਨੂੰ ਸਤਿਗੁਰੂ ਪ੍ਰਸ਼ਾਦ ਛਕ ਕੇ ਥੋੜ੍ਹਾ ਚਿਰ ਆਰਾਮ ਲਈ ਬਿਰਾਜ ਗਏ ਸਨ। ਆਪ ਜੀ, ਸੰਤ ਤਰਸੇਮ ਸਿੰਘ ਨਿੱਜੀ ਸਕੱਤਰ ਅਤੇ ਸੇਵਕ ਸੰਤ ਮਹਿੰਦਰ ਸਿੰਘ ਪੁਰਬਾ ਨਾਲ ਸ੍ਰੀ ਗੁਰਮੁਖ ਸਿੰਘ ਦੁਆਰਾ ਚਲਾਈ ਗਈ ਕਾਰ ਤੇ 9 ਵਜੇ ਸਵੇਰ ਦੇ ਹੀ ਦਿੱਲੀ ਪਧਾਰੇ ਹੋਏ ਸਨ। ਹਿਸਾਰੋਂ ਸਵੇਰੇ 4 ਵਜੇ ਦੇ ਚੱਲੇ ਹੋਏ।

ਸਾਡੇ ਜਾਂਦਿਆਂ ਨੂੰ ਠਾਕੁਰ ਸ਼ਮਸ਼ੇਰ ਸਿੰਘ ਜੀ, ਉਨ੍ਹਾਂ ਦਾ ਮਾਮਾ ਸ. ਕਰਤਾਰ ਸਿੰਘ ਪੱਚਰਾਂ ਵਾਲੇ, ਸ. ਬੂਟਾ ਸਿੰਘ ਬੰਵਲ (ਹੈਦਰਾਬਾਦ) ਸ. ਪ੍ਰੀਤਮ ਸਿੰਘ ਬਾਲੀ ਨਗਰ, ਸ. ਅਜੀਤ ਸਿੰਘ ਥਾਈਲੈਂਡ, ਸ. ਸੁਰਿੰਦਰ ਸਿੰਘ ਮਨਚੰਦਾ, ਸੰਤ ਸੁਖ ਦਰਸ਼ਨ ਸਿੰਘ, ਇਸ ਦੀ ਸੁਪਤਨੀ ਬੀਬੀ ਸੁਰਜੀਤ ਕੌਰ, ਬੀਬੀ ਪ੍ਰੀਤਮ ਕੌਰ, ਬੀਬੀ ਕਿਰਪਾਲ ਕੌਰ, ਸੁਖਦਰਸ਼ਨ ਸਿੰਘ ਹੁਰਾਂ ਦੀ ਮਾਤਾ ਬੀਬੀ ਇੰਦਰ ਕੌਰ, ਸ. ਅਮਰ ਸਿੰਘ ਚੱਢਾ, ਸ. ਹਰਵਿੰਦਰ ਸਿੰਘ ਹੰਸਪਾਲ, ਸੇਠ ਕਰਤਾਰ ਸਿੰਘ ਚਾਵਲਾ ਅਤੇ ਇਸ ਦੀ ਪਤਨੀ ਥਾਈਲੈਂਡ ਤੋਂ, ਇਹਨਾਂ ਦੇ ਹੀ ਨੂੰਹ ਪੁੱਤਰ ਦੀ ਜੋੜੀ, ਸੰਤ ਸਵਰਨ ਸਿੰਘ ਨੌਕਰੀਆਂ, ਸ. ਕੰਵਲਜੀਤ ਸਿੰਘ, ਸੰਤ ਮਹਿੰਦਰ ਸਿੰਘ ਬਾਲੀਨਗਰ, ਗਿਆਨੀ ਬਲਬੀਰ ਸਿੰਘ ਆਦਿ ਦਰਸ਼ਨਾਂ ਦੀ ਤਲਬ ਵਿਚ ਫਿਰ ਰਹੇ ਸਨ।

ਕੁਝ ਸਮਾਂ ਉਡੀਕ ਅਸੀਂ ਕਰੋਲ ਬਾਗ ਚਲੇ ਗਏ।

**ਉਸਾਰੀ ਦੀ ਆਦਤ**

ਸੇਠ ਤਰਲੋਕ ਸਿੰਘ ਦੇ ਸੁਭਾਉ ਦਾ ਇਹ ਹਿੱਸਾ ਹੈ ਕਿ ਉਹ ਨਿਵਾਸ ਵਾਲੀ ਕੋਠੀ ਵਿਚ ਕੁਝ ਨਾ ਕੁਝ ਢਹੁੰਦੇ-ਬਣਾਉਂਦੇ ਰਹਿੰਦੇ ਹਨ। ਜਦੋਂ ਦੇ ਉਸ ਕੋਠੀ ਵਿਚ ਆਏ ਹਨ, ਤਦੋਂ ਤੋਂ ਹੀ ਬਲੀ-ਸਲੀ, ਰੰਗ-ਰੋਗਨ ਆਦਿ ਨਿਰੰਤਰ ਚਲ ਰਿਹਾ ਹੈ। ਐਂਜ ਕੱਲ੍ਹ, ਅੰਦਰ ਵਾਰ, ਇਕ ਹੋਰ ਨਵਾਂ ਬਰਾਂਡਾ ਥਮਲਿਆਂ ਤੇ ਖਲੋ ਕਿਆ ਹੈ। ਹਾਲਾਂਕਿ ਗਰਮੀਆਂ ਕਾਰਨ ਇਸ ਹੇਠ ਖਲੋਣਾ ਮੁਸ਼ਕਿਲ ਹੈ ਪਰ ਇਹ ਖ਼ੂਬਸੂਰਤ ਸਤੰਭਾਂ ਤੇ ਟਿਕਿਆ ਹੋਇਆ ਹੈ। ਉਪਰਲੀ ਛੱਤੇ ਸ੍ਰੀ ਸਤਿਗੁਰੂ ਜੀ ਦੇ



Sri Satguru Jagjit Singh Ji Elibrary NamdhariElibrary@gmail.com

ਕਮਰਿਆਂ ਵਿਚ ਵੀ ਚਿੱਤਰੇ ਹੋਏ ਪੱਥਰ-ਟੋਲਾਂ ਲਗ ਰਹੇ ਹਨ। ਇਸ ਕਾਰਨ ਗੁਰੂ ਕਾ ਨਿਵਾਸ ਅੱਜ ਕੱਲ੍ਹ ਹੇਠਾਂ ਸ਼ੇਰ ਸਿੰਘ ਵਾਲਿਆਂ ਕਮਰਿਆਂ ਵਿਚ ਹੈ।

## ਦਰਸ਼ਨ !

ਭਉਂ-ਭਉਂ ਕੇ ਜੋ ਅਸੀਂ ਭੋਰ ਵਲੇ ਵਾਪਸ ਪਰਤੇ ਤਾਂ ਪਤਾ ਲੱਗਾ ਕਿ ਸੱਚੇ ਪਾਤਸ਼ਾਹ ਇਸ਼ਨਾਨ ਕਰ ਰਹੇ ਹਨ। ਦਰਸ਼ਨ ਯਾਚਕ ਸੰਗਤ ਹੋਰ ਵੀ ਕਾਫ਼ੀ ਇਕੱਤਰ ਹੋ ਗਈ ਸੀ।

ਇਸ਼ਨਾਨ ਕਰ, ਵਸਤਰ ਪਹਿਨ, ਸਤਿਗੁਰੂ ਜੀ ਬਾਹਰ ਆਏ, ਤਾਂ ਸੰਗਤ ਝੱਟਾ ਧਰ-ਧਰ ਨਮਸਕਾਰ ਕਰਨ ਲਗੀ। ਦਰਸ਼ਨ ਕਰ-ਕਰ ਅੱਖਾਂ ਠਾਰਨ ਲੱਗੀ।

ਅੰਦਰ ਜਾ ਕੇ ਸਤਿਗੁਰੂ ਜੀ ਨੇ ਮੈਨੂੰ, ਭਾਟਰੀ, ਹੰਸਪਾਲ ਅਤੇ 'ਵਰਿਆਮ' ਨੂੰ ਬੁਲਾ ਘੱਲਿਆ। ਮੈਂ ਜਾ ਕੇ "ਸੂਬਾ ਸਾਹਿਬ ਸਿੰਘ" ਜੀ ਦੇ ਜੀਵਨ ਦਾ ਖਰੜਾ ਸਤਿਗੁਰੂ ਜੀ ਨੂੰ ਭੇਟ ਕਰ ਦਿਤਾ। ਨਿੱਤਨੇਮ ਦੀ ਅਰਦਾਸ ਹਿਤ ਪੁਰਖਾ ਨੂੰ ਉਡੀਕਿਆ ਜਾ ਰਿਹਾ ਸੀ। ਏਨੇ ਕੁ ਸਮੇਂ ਵਿਚ ਮੇਰੀ ਲਿਖਤ ਦੇ ਦੋ ਕੁ ਸਫ਼ੇ ਸੁਣ ਕੇ ਸਤਿਗੁਰਾਂ ਦਾਲ ਚੌਂ ਦਾਣਾ ਟੋਹ ਲਿਆ। ਪ੍ਰਸੰਨ ਹੋਏ। ਕਹਿਓ ਨੇ, "ਇਕ ਵਾਰ ਸਾਰਾ ਪੜ੍ਹ ਲੈਂਦੇ ਹਾਂ ਤਾਂ ਇਹਦੀ ਹਿੰਦੀ ਵੀ ਕਰਵਾ ਲਈ ਜਾਵੇ। ਬਿਹਾਰੀਆਂ ਲਈ ਤਾਂ ਹਿੰਦੀ ਹੀ ਠੀਕ ਰਹੇਗੀ।"

ਹੁਣ ਸਾਰੇ ਹੇਠਲੇ ਹਾਲ ਵਿਚ ਜੁੜ ਬੈਠੇ, ਘੰਟੇ ਭਰ ਲਈ ਨਾਮ ਸਿਮਰਨ ਵਾਸਤੇ। ਸਾਧ ਸੰਗਤ ਇਕੱਤਰ ਹੁੰਦੀ ਗਈ ਤੇ ਕਲੋਵੇਂ ਦਿਖਾਈ ਵਾਲਾ ਇਹ ਹਾਲ ਥੋੜੇ ਸਮੇਂ ਵਿਚ ਹੀ ਭਰਪੂਰ ਹੋ ਗਿਆ। ਸਾਧ ਸੰਗਤ ਦੇ ਹਿਰਦੇ ਗੁਰੂ ਦੇ ਦਰਸ਼ਨ ਕਰ-ਕਰ ਤ੍ਰਿਪਤ ਹੁੰਦੇ ਰਹੇ।

## ਸਹਿੰਸਰਾ ਕੌਣ ਹੈ ?

ਸ. ਜਗਦੀਸ਼ ਸਿੰਘ 'ਵਰਿਆਮ' ਨੇ ਸਤਿਗੁਰੂ ਜੀ ਨੂੰ ਦੱਸਿਆ ਕਿ ਜਦੋਂ ਡੀ. ਸੀ. ਅੰਮ੍ਰਿਤਸਰ ਦੇ ਦਫ਼ਤਰ ਵਿਚ ਕਰੀਬਨ ਡਾਇਰੈਕਟਰ, ਸ੍ਰੀ ਗੁਰਚਰਨ ਸਿੰਘ ਸਹਿੰਸਰੇ ਬਾਰੇ ਥਾਂ-ਟਿੱਕਾ ਦਾ ਪਤਾ ਕਰਨ ਗਏ ਤਾਂ ਡੀ. ਸੀ. ਦਫ਼ਤਰ ਵਾਲੇ ਸ੍ਰੀ ਸਤਿਗੁਰੂ ਜੀ ਵਲ ਚਿੱਠੀ ਲਿਖਣ ਰਹੇ ਸਨ ਕਿ ਦੱਸੋ ਸਹਿੰਸਰਾ ਕੌਣ ਹੈ ਅਤੇ ਕਿਥੇ ਹੈ। ਸਤਿਗੁਰੂ ਜੀ ਨੇ ਸ. ਬਾਦਲ ਮੁਖ ਮੰਤਰੀ ਪੰਜਾਬ ਨੂੰ ਚਿੱਠੀ ਕੀਤੀ ਸੀ ਕਿ ਉਹ ਪ੍ਰਸਿੱਧ ਦੇਸ਼ ਭਗਤ ਸ੍ਰੀ ਸਹਿੰਸਰਾ ਨੂੰ ਪੀ. ਜੀ. ਆਈ. ਚੰਡੀਗੜ੍ਹ ਵਿਖੇ ਜਗਹ ਦਿਵਾਣ ਅਤੇ ਉਨ੍ਹਾਂ ਦਾ ਇਲਾਜ ਤਸੱਲੀ ਨਾਲ ਹੋਵੇ। ਪਰ ਡੀ. ਸੀ. ਦਫ਼ਤਰ ਨੂੰ ਆਪਣੇ ਜ਼ਿਲ੍ਹੇ ਦੇ ਪਿੰਡ ਸਹਿੰਸਰੇ ਦਾ ਕੁਝ ਪਤਾ ਨਹੀਂ ਸੀ।

ਜਗਦੀਸ਼ ਸਿੰਘ ਨੇ ਗੱਲ ਮੁਕਾਈ ਕਿ ਰੋਜ਼ਾਨਾ "ਨਵਾਂ ਜ਼ਮਾਨਾ" ਜਲੰਧਰ ਅਖ਼ਬਾਰ ਨੇ ਸੁਰਖੀ ਜਮਾ ਕੇ "ਸਹਿੰਸਰਾ ਕੌਣ ?" ਪੰਜਾਬ ਸਰਕਾਰ ਦਾ ਮਖ਼ੌਲ ਉਡਾਇਆ ਤੇ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਤਾਂ ਪ੍ਰਸਿੱਧ ਦੇਸ਼ ਭਗਤ ਦੀ



Sri Satguru Jagjit Singh Ji Elibrary NamdhariElibrary@gmail.com

ਜਾਨ ਲਈ ਫ਼ਿਕਰਮੰਦੀ ਵਿਚ ਹੋਮ ਮਨਿਸਟਰ ਨੂੰ ਫੋਨ ਤੇ ਫੋਨ ਖੜਕਾ ਰਹੇ ਸਨ ਪਰ ਸਰਕਾਰੀ ਦਫ਼ਤਰ ਸੀ ਕਿ ਉਹ ਸਹਿੰਸਰੇ ਬਾਰੇ ਕੁਛ ਵੀ ਨਹੀਂ ਸੀ ਜਾਣਦਾ। ਉਸ ਵੇਲੇ ਦੇ,ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਪ੍ਰੋ: ਪ੍ਰੀਤਮ ਸਿੰਘ ਨੇ ਇਸ ਸਾਰੀ ਪ੍ਰਕਿਰਿਆ ਤੇ ਰੌਸਨੀ ਪਾਈ ਸੀ।

ਜਗਦੀਸ਼ ਸਿੰਘ ਨੇ ਇਹ ਵੀ ਦੱਸਿਆ ਕਿ ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਦੇ ਮੁਖੀਆਂ ਨੇ ਸ੍ਰੀ ਸਹਿੰਸਰਾ ਦੀ ਬਿਮਾਰੀ ਵਿਚ ਮਦਦ ਕਰਨ ਲਈ 1000/- ਭੇਜਿਆ ਸੀ ਪਰ ਇਹ ਰਕਮ ਦਫ਼ਤਰੀ ਕਾਰਵਾਈ ਅਧੀਨ ਚਲਦੇ-ਚਲਦੇ ਓਦੋਂ ਹੀ ਮਿਲ ਸਕੀ, ਅਤੇ ਉਹ ਵੀ ਕੇਂਦਰੀ ਲੇਖਕ ਸਭਾ ਨੂੰ, ਜਦੋਂ ਕਿ ਸਹਿੰਸਰਾ ਦਾ ਜੀਵਨ ਅੰਤ ਹੋ ਗਿਆ! ਕੇਂਦਰੀ ਲੇਖਕ ਸਭਾ ਨੇ ਇਸ ਰਕਮ ਨਾਲ ਸ੍ਰੀ ਸਹਿੰਸਰਾ ਦੀ ਅੰਤਮ ਕਿਰਿਆ ਕਰ ਦਿਤੀ। ਜਿਵੇਂ ਫ਼ਾਰਸੀ ਦੇ ਪ੍ਰਸਿੱਧ ਸ਼ਾਇਰ ਫ਼ਿਰਦੌਸੀ ਨਾਲ ਹੋਇਆ ਸੀ ਕਿ ਉਹ ਇਲਾਜ ਖੁਣੋਂ ਮਰ ਗਿਆ। ਉਹਦਾ ਜਨਾਜ਼ਾ ਜਾ ਰਿਹਾ ਸੀ ਅਤੇ ਸਰਕਾਰੀ ਅਸ਼ਰਫ਼ੀਆਂ ਦੇ ਲੱਦੇ ਖੋਤੇ ਫ਼ਿਰਦੌਸੀ ਲਈ ਆ ਰਹੇ ਸਨ।

## ਠਾਕੁਰ ਜੀ ਆਉਣ

ਹਰਵਿੰਦਰ ਸਿੰਘ ਹੰਸਪਾਲ ਹੁਰਾਂ ਸ੍ਰੀ ਸਤਿਗੁਰੂ ਜੀ ਦਾ ਵਿਸ਼ੇਸ਼ ਫੋਟੋਗ੍ਰਾਫੀ ਲਈ ਸਮਾਂ ਲੈਣਾ ਹੈ। ਅਤੇ ਇਹ ਪਰਵਾਨ ਹੋ ਗਿਆ ਹੈ, ਕੱਲ੍ਹ। ਪਰ ਇਸ ਮੌਕੇ ਤੇ ਠਾਕੁਰ ਦਲੀਪ ਸਿੰਘ ਜੀ ਵੀ ਜ਼ਰੂਰ ਚਾਹੀਦੇ ਹਨ ਕਿਉਂਕਿ ਉਹ ਇਸ ਕਲਾ ਵਿਚ ਡੂੰਘੀ ਦਿਲਚਸਪੀ ਲੈਂਦੇ ਹਨ। ਇਹ ਸੋਚ ਵੀ ਉਨ੍ਹਾਂ ਦੀ ਹੀ ਸੀ। ਉਹਨਾਂ ਖੁਦ ਫੋਟੋਗ੍ਰਾਫੀ ਕਰਨੀ ਹੈ, ਸਤਿਗੁਰੂ ਜੀ ਦੇ ਵਿਸ਼ੇਸ਼ ਫੋਟੋਗ੍ਰਾਫ਼ ਦੀ ਸਾਰੀਆਂ ਹਿਤਾਂ ਨੂੰ ਜ਼ਰੂਰਤ ਹੈ। ਸੋ ਆਗਿਆ ਲੈ ਕੇ ਸ. ਹੰਸਪਾਲ ਨੇ ਠਾਕੁਰ ਜੀ ਨੂੰ ਭੈਣੀ ਸਾਹਿਬ ਫੋਨ ਕਰ ਦਿਤਾ ਹੈ ਕਿ ਉਹ ਕੋਈ ਗੱਡੀ ਲੈ ਕੇ ਸਵੇਰੇ ਦਿੱਲੀ ਪੁਜ ਜਾਣ।

## ਨਵਾਂ ਡਰਾਈਵਰ

ਠਾਕੁਰ ਸ਼ਮਸ਼ੇਰ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਦੇ ਵਡੇ ਸਪੁੱਤਰ, ਨੂੰ ਸ੍ਰੀ ਸਤਿਗੁਰੂ ਜੀ ਵਲੋਂ ਇਕ ਕਾਰ ਅਤਾ ਫ਼ਰਮਾਈ ਗਈ ਹੈ। ਹੁਣ ਤਕ ਉਸ ਦਾ ਡਰਾਈਵਰ ਵੀ ਸ੍ਰੀ ਸਤਿਗੁਰੂ ਜੀ ਦਾ ਇਕ ਵਿਸ਼ਵਾਸਰ ਸੇਵਕ ਸੰਤ ਗੁਰਚਰਨ ਸਿੰਘ ਮਲੂਵਾਲੀ, ਰਮੇਸ਼ ਨਗਰ ਵਾਲਾ ਰਿਹਾ ਹੈ ਪਰ ਅੱਜ ਸਤਿਗੁਰਾਂ ਆਪਣੇ ਭਾਈ ਦੇ ਪੁੱਤਰ ਭਰਾ ਜੀ ਨੂੰ ਦੱਸਿਆ ਕਿ ਉਹਨਾਂ ਲਈ ਇਕ ਹੋਰ ਨੌਜਵਾਨ ਡਰਾਈਵਰ ਦਾ ਪ੍ਰਬੰਧ ਕਰ ਦਿਤਾ ਹੈ। ਅਤੇ ਇਹ ਹੈ ਵੀ ਉਹਨਾਂ ਦੇ ਜਾਣੇ ਪਛਾਣੇ ਪਰਵਾਰ ਦਾ ਮੈਂਬਰ!

## 'ਮੁੰਡਿਆਂ ਦਾ ਘਰ'

ਕੋਠੀ ਵਿਚ ਨਾਮ ਸਿਮਰਨ ਦੀ ਸਮਾਪਤੀ ਹੋਈ ਤਾਂ ਹਿਸਾਰ ਵਾਲਾ ਸਿਦਕੀ ਜੋੜਾ, 'ਨਾਮਧਾਰੀ ਟੇਲਰਜ਼' ਦੇ ਮਾਲਿਕ ਸੰਤ ਨਿਹਾਲ ਸਿੰਘ ਅਤੇ ਉਨ੍ਹਾਂ ਦੀ ਧਰਮਪਤਨੀ ਹੱਥ ਜੋੜ ਕੇ ਖੜੋ ਗਏ : ਸੱਚੇ ਪਾਤਸ਼ਾਹ ਜੀ, ਅਸੀਂ ਆਪ ਜੀ ਦਾ ਇੰਤਜ਼ਾਰ ਕਰਦੇ ਰਹੇ,



Sri Satguru Jagjit Singh Ji Elibrary NamdhariElibrary@gmail.com

ਪਰ ਆਪ ਜੀ ਸਾਨੂੰ ਦਰਸ਼ਨ ਪਿਆਸਿਆਂ ਨੂੰ ਰਾਹ ਵਿਚ ਹੀ ਛੱਡ ਅਗੇ ਲੰਘ ਆਏ ? ਸਤਿਗੁਰੂ ਜੀ ਨੇ ਬਚਨ ਕੀਤਾ : ਮੈਨੂੰ ਪਤਾ ਲੱਗਾ ਕਿ ਜਿਥੇ ਮੈਂ ਜਾਣਾ ਸੀ, ਉਹ ਘਰ ਤੁਹਾਡਾ ਨਹੀਂ, ਤੁਹਾਡੇ ਮੁੰਡਿਆਂ ਦਾ ਘਰ ਹੈ। ਉਨ੍ਹਾਂ ਨੇ ਗ਼ਲਤ ਵਿਆਹਵਾਂ ਵਿਚ ਸ਼ਮੂਲੀਅਤ ਕੀਤੀ ਸੀ, ਸੋ ਮੈਂ ਨਹੀਂ ਸੀ ਜਾਣਾ। ਉਨ੍ਹਾਂ ਦੇ ਤਾਂ ਮੈਂ ਓਦੋਂ ਹੀ ਜਾਵਾਂਗਾ ਜਦੋਂ ਉਹ ਮੇਰੇ ਪਾਸ ਆ ਕੇ ਗੱਲ ਮੁਕਾਣਗੇ।

ਸੰਤ ਨਿਹਾਲ ਸਿੰਘ ਜੀ ਅਤੇ ਉਨ੍ਹਾਂ ਦੀ ਪਤਨੀ ਨੇ ਤਰਲਾ ਲਿਆ : ਆਪ ਬਖਸ਼ਣਹਾਰ ਹੋ। ਬੱਚਿਆਂ ਨੇ ਗ਼ਲਤੀ ਕੀਤੀ ਹੈ। ਉਹ ਆਪ ਜੀ ਦੇ ਚਰਨੀਂ ਆ ਕੇ ਲੱਗਣਗੇ। ਸਾਡਾ ਆਪ ਜੀ ਬਿਨਾ ਹੋਰ ਕਿਹੜਾ ਥਾਂ ਹੈ। ਆਪ ਜੀ ਜ਼ਰੂਰ ਘਰ ਚਰਨ ਪਾਓ।

ਗੱਲ ਤੋੜ ਤੇ ਜਾ ਪਈ : ਪਹਿਲਾਂ ਬੱਚੇ ਅਵੱਗਿਆ ਦੀ ਖਿਮਾ ਮੰਗਣਗੇ। ਫਿਰ ਸਤਿਗੁਰੂ ਜੀ, ਸਮਾਂ ਮਿਲਣ ਤੇ ਘਰ ਚਰਨ ਪਾਉਣਗੇ।

## ਸਾਡੇ ਘਰ ਚਰਨ ਪਾਓ

ਕੋਲ ਹੀ ਇਕ ਹੋਰ ਸੱਜਣ, ਪਿਉ-ਪੁੱਤਰ ਖਲੋਤੇ ਸਨ। ਪੱਛਮ ਪੁਰੀ, ਨਵੀਂ ਦਿੱਲੀ ਦੇ ਇਸ ਸੱਜਣ ਨੇ ਬੇਨਤੀ ਕੀਤੀ : ਸੱਚੇ ਪਾਤਸ਼ਾਹ ! ਇਕ ਮੇਰੀ ਅਰਜ਼ ਹੈ। ਮੇਰੇ ਬੱਚੇ ਨੇ ਪੱਛਮ ਪੁਰੀ ਵਿਚ ਮਕਾਨ ਬਣਾਇਆ ਹੈ, ਓਥੇ ਚਰਨ ਪਾਉਣ ਦੀ ਕਿਰਪਾ ਕਰੋ।

ਸਤਿਗੁਰੂ ਜੀ ਨੇ ਹੰਸਪਾਲ ਨੂੰ ਕੋਲ ਨ. ਵੇਖ ਕੇ ਸਾਬਕਾ ਸਕੱਤਰ ਗੁਰਬਚਨ ਸਿੰਘ ਨੂੰ ਕਿਹਾ ਕਿ ਉਹ ਨਾਮ ਠਾਮ ਆਦਿ ਨੋਟ ਕਰ ਲਵੇ, ਫਿਰ ਸਮਾਂ ਦਿਤਾ ਜਾਵੇਗਾ।

ਸਾਹਿਬਪੁਰੇ ਦੇ ਸੰਤ ਬਚਨ ਸਿੰਘ ਨੇ ਵੀ ਘਰ ਚਰਨ ਪਾਉਣ ਦੀ ਅਰਜ਼ ਕੀਤੀ, ਉਸਨੂੰ ਵੀ ਹਰਵਿੰਦਰ ਸਿੰਘ ਹੰਸਪਾਲ ਨਾਲ ਮਿਲ ਕੇ ਸਮਾਂ ਤੈ ਕਰਵਾਣ ਦੀ ਆਗਿਆ ਹੋਈ।

## ਬੂਟਾ ਸਿੰਘ ਚੰਦਲ

ਸ. ਸੇਵਾ ਸਿੰਘ ਜੀਵਨ ਨਗਰ ਦਾ ਦੋਹਤਾ, ਸ. ਬੂਟਾ ਸਿੰਘ ਚੰਦਲ ਜੁ ਹੁਣ ਤਕ ਸ. ਸੇਵਾ ਸਿੰਘ ਦਿੱਲੀ ਵਾਲਿਆਂ ਦੀ ਨਾਮਧਾਰੀ ਏਜੰਸੀ ਲਈ ਹੈਦਰਾਬਾਦ ਵਿਖੇ ਕੰਮ ਕਰਦਾ ਸੀ, ਅਸਲ ਵਿਚ ਜੀਵਨ ਨਗਰ (ਸਰਸਾ) ਵਿਖੇ ਘਰ-ਜ਼ਮੀਨ ਦਾ ਮਾਲਿਕ ਹੈ। ਕਿਸੇ ਬੇਸੁਆਦੀ ਤੋਂ, ਹੁਕਮ ਮੰਨ ਕੇ, ਦਿੱਲੀ ਚਲਾ ਆਇਆ। ਸਤਿਗੁਰੂ ਜੀ ਦਾ ਵਿਚਾਰ ਸੀ ਸ. ਸੁਰਿੰਦਰ ਸਿੰਘ ਮਨਚੰਦਾ ਦੇ ਕਾਰੋਬਾਰ ਵਿਚ ਉਸਨੂੰ ਐਡਜਸਟ ਕਰਨ ਦਾ। ਸਤਿਗੁਰਾਂ ਲੈਣ-ਦੇਣ ਵੀ ਤੈਅ ਕਰ ਲਿਆ ਸੀ, ਪਰ ਬੂਟਾ ਸਿੰਘ ਨੂੰ ਇਹ ਗੱਲ ਵੀ ਰਾਸ ਨ ਬੈਠੀ। ਸਤਿਗੁਰੂ ਜੀ ਨੇ ਕਾਬਿਲ ਬੱਚੇ ਦਾ ਆਪਣਾ ਅਤੇ ਉਹਦੀ ਵਿਧਵਾ ਮਾਂ ਸਵਰਨ ਕੌਰ ਦਾ ਧਿਆਨ ਕਰਦਿਆਂ ਫੇਰ ਮਦਦ ਦਾ ਹੱਥ ਵਧਾਇਆ : ਤੂੰ ਸੁਤੰਤਰ ਕਾਰੋਬਾਰ ਲਈ ਸੋਚ ! ਮੈਂ ਸੰਭਵ ਸਹਾਇਤਾ ਕਰਾਂਗਾ।



Sri Satguru Jagjit Singh Ji Elibrary NamdhariElibrary@gmail.com

## ਇਕ ਹੋਰ ਦੁਖਦਾ ਫੋੜਾ

ਜੀਵਨ ਨਗਰ ਇਲਾਕੇ ਦੇ ਇਕ ਪਿੰਡ ਅੰਮ੍ਰਿਤਸਰ ਕਲਾਂ ਵਿਚ ਵੀ ਇਕ ਐਸਾ ਸ਼ਖਸ ਹੈ ਜੁ ਆਪਣੀ ਹੋਂਦ ਦਰਸਾਣ ਲਈ ਸਾਰੇ ਪਿੰਡ ਦੀ ਨੀਂਦ ਹਰਾਮ ਰਖਦਾ ਹੈ। ਇਸ ਦੌਰੇ ਸਮੇਂ ਏਥੋਂ ਦੇ ਵਿਰੋਧ ਰਖਦੇ ਬੰਦਿਆਂ ਵੀ ਸਤਿਗੁਰੂ ਦੀ ਦੀ ਸ਼ਰਣ ਅਖ਼ਤਿਆਰ ਕਰ ਲਈ ਹੈ। ਉਹਨਾਂ ਮੁਆਫ਼ੀ ਮੰਗ ਕੇ ਘਰੀਂ ਚਰਨ ਪੁਆਏ ਹਨ, 7 ਮਈ ਨੂੰ ਇਹ ਘਟਨਾ ਵਾਪਰੀ। ਸੰਤ ਤਰਸੇਮ ਸਿੰਘ ਨੇ ਦੱਸਿਆ ਕਿ ਹਠ ਦਾ ਕਿਲ੍ਹਾ ਇਕੋ ਰਹਿ ਗਿਆ ਹੈ। ਸਤਿਗੁਰੂ ਉਹਦੇ ਤੇ ਵੀ ਕਿਰਪਾ ਕਰਨ।

ਸੰਤ ਤਰਸੇਮ ਸਿੰਘ ਨੇ ਦੱਸਿਆ ਕਿ ਸੱਚੇ ਪਾਤਸ਼ਾਹ ਅੱਜ ਹੀ ਜੀਵਨ ਨਗਰੋਂ ਚੱਲ ਪਹਿਲਾਂ ਫ਼ਤਿਹਾਬਾਦ ਪਧਾਰੇ। ਏਥੇ ਇਕ ਸੱਜਣ ਦੀ ਖੂਹੀ ਦਾ ਟੱਪਾ ਲਗਾ ਕੇ ਦਿੱਲੀ ਨੂੰ ਤੁਰੇ। ਸੰਤ ਕਿਰਪਾਲ ਸਿੰਘ ਢੱਬਰ ਅਤੇ ਲਾਂਗਰੀ ਬਲਦੇਵ ਸਿੰਘ ਬੱਸ ਦੁਆਰਾ ਦਿੱਲੀ ਅਪੜੇ।

ਕੋਠੀ ਆਉਣ ਤੋਂ ਪਹਿਲੋਂ ਸਤਿਗੁਰੂ ਜੀ ਪੰਜਾਬੀ ਬਾਗ਼ ਵਿਚ ਪ੍ਰਸਿੱਧ ਨਾਮਧਾਰੀ ਬਾਇਓਵਿਦ ਸ: ਵਜ਼ੀਰ ਸਿੰਘ ਨੂੰ ਦਰਸ਼ਨ ਦੇ ਕੇ ਹਾਂਗਕਾਂਗ ਵਾਲੇ ਸ. ਗੁਰਚਰਨ ਸਿੰਘ ਜੀ ਘਰ ਚਰਨ ਪਾ 9 ਵਜੇ ਕੋਠੀ ਪਹੁੰਚੇ।

## ਟੈਂਪੂ ਸਵਰਨ ਸਿੰਘ ਦਾ

3.30 ਵਜੇ ਬਾਅਦ ਦੁਪਹਿਰੇ ਜਾਂ ਤਿਆਰ ਹੋ, ਬਸਤਰ ਸਜਾ, ਸਤਿਗੁਰੂ ਜੀ ਰਮੇਸ਼ ਨਗਰ ਜਾਣ ਵਾਸਤੇ ਕੋਠੀਓਂ ਬਾਹਰ ਨਿਕਲੇ ਤਾਂ ਸਵਰਗਵਾਸੀ ਮਿੱਤਰ ਸੰਤ ਮੰਗਲ ਸਿੰਘ ਲਾਇਲਪੁਰੀ ਦੀ ਵੱਡੀ ਸਪੁੱਤਰੀ ਬੀਬੀ ਬਲਬੀਰ ਕੌਰ ਤ੍ਰਿਸਗਰੀ ਨਗਰ (ਉਤਾਰ) ਆਪਣੇ ਪਤੀ ਸ. ਸਵਰਨ ਸਿੰਘ ਨਾਲ ਹੱਥ ਜੋੜੀ ਖਲੋਤੀ ਸੀ। ਦੋਵੇਂ ਵੀ ਬੋਲ ਸਨ। ਅਰਜ਼ ਇਹ ਸੀ ਕਿ ਸਵਰਨ ਸਿੰਘ ਹੁਰਾਂ ਟੈਂਪੂ ਚਲਾਣਾ ਸ਼ੁਰੂ ਕਰਨਾ ਹੈ। ਇਸ ਨਵੇਂ ਟੈਂਪੂ ਵਿਚ ਸਤਿਗੁਰੂ ਜੀ ਮਿਹਰਾਂ ਭਰੇ ਚਰਨ ਪਾਉਣ। ਇਸ ਨੂੰ ਪਵਿਤ੍ਰ ਪਾਵਨ ਚਰਨ ਪਾ ਕੇ ਪਵਿੱਤਰ ਵੀ ਕਰਨ ਅਤੇ ਇਹਨਾਂ ਦੇ ਕਾਰੋਬਾਰ ਵਿਚ ਬਰਕਤ ਵੀ ਪਾਉਣ।

ਸਤਿਗੁਰੂ ਜੀ ਨੇ ਬੇਨਤੀ ਪਰਵਾਨ ਕਰਦਿਆਂ ਸੇਵਕਾਂ ਨੂੰ ਟੈਂਪੂ ਵਿਚ ਚਰਨ ਪਾ ਕੇ ਨਿਵਾਜਿਆ।

## ਮਦਨ ਲਾਲ ਖੁਰਾਣਾ ਨੂੰ ਆਸ਼ੀਰਵਾਦ

ਮੋੜੇ, ਘਰੋਂ ਹੋ ਕੇ ਆਉਣ ਤਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਧਰਮਸਾਲਾ, ਰਮੇਸ਼ ਨਗਰ ਦੇ ਹਾਲ ਵਿਚ ਪ੍ਰਤਿਸ਼ਠਤ ਸੱਜਣਾਂ ਅਤੇ ਸਾਧ ਸੰਗਤ ਨਾਲ ਸ਼ੁਸ਼ੋਭਤ ਸਨ। ਸੰਗਤ ਦੀ ਇਕਤਰਤਾ ਨੂੰ ਮੁੱਖ ਰਖਦਿਆਂ ਜਥੇਦਾਰ ਦਲੀਪ ਸਿੰਘ ਸੰਤ ਨਗਰ ਅਤੇ ਫਿਰ ਜਥੇਦਾਰ ਕੁਲਦੀਪ ਸਿੰਘ ਦਿੱਲੀ ਨੇ ਹੱਲੇ ਦਾ ਦੀਵਾਨ ਸਜਾਈ ਰਖਿਆ। ਸਤਿਗੁਰੂ ਜੀ 4.30 ਤੋਂ ਹੀ ਆ ਕੇ ਦੀਵਾਨ ਵਿਚ ਦਰਸ਼ਨ ਦੇ ਰਹੇ ਸਨ। ਅਤੇ ਸੇਵਕਾਂ ਦੀਆਂ ਨਮਸਕਾਰਾਂ-ਭੇਟਾਵਾਂ ਪਰਵਾਨ ਕਰ ਰਹੇ ਸਨ।



Sri Satguru Jagjit Singh Ji Elibrary NamdhariElibrary@gmail.com

5.30 ਵਜੇ ਦਿੱਲੀ ਮੈਟਰੋਪਾਲੀਟਨ ਦੇ ਐਗਜ਼ੈਕਟਿਵ ਕਾਊਂਸਲਰ ਸ੍ਰੀ ਮਦਨ ਲਾਲ ਖੁਰਾਣਾ ਸਾਦਾ ਸਫੈਦ ਕੱਪੜਿਆਂ ਵਿਚ, ਆਪਣੇ ਹੋਰ ਸਾਥੀਆਂ ਨਾਲ ਆ ਗਏ। ਸ੍ਰੀ ਯੋਗ ਧਿਆਨ ਨਾਂ ਦੇ ਕਾਊਂਸਲਰ ਵੀ ਉਹਨਾਂ ਵਿਚ ਸਨ। ਸ੍ਰੀ ਖੁਰਾਣਾ ਨਾਲ ਸ. ਸੇਵਾ ਸਿੰਘ ਨਾਮਧਾਰੀ ਏਜੰਸੀਜ਼, ਜਿਹਨਾਂ ਦਾ ਲੜਕਾ ਸ੍ਰੀ ਭੁਪਿੰਦਰ ਸਿੰਘ ਅਤੇ ਭਣੇਵੇਂ ਸ. ਮਨਮੋਹਨ ਸਿੰਘ-ਚਰਨਜੀਤ ਸਿੰਘ ਆਏ। ਕੌਂਸਲਰਾਂ ਨੇ ਰੁਪਏ ਭੇਟਾ ਰਖ ਰਖ ਨਮਸਕਾਰ ਕੀਤੀ।

ਸਤਿਗੁਰੂ ਜੀ ਦੇ ਆਸਣ ਤੇ ਖੱਬੇ ਪਾਸੇ ਉਹਨਾਂ ਦੇ ਸਤਿਕਾਰ ਲਈ ਦਸਤਰ ਵਿਛਿਆ ਹੋਇਆ ਸੀ, ਉਹ ਸਾਰਾ ਜੱਥਾ ਬੈਠ ਗਿਆ। ਇਸ ਸਮੇਂ ਸਾਰਾ ਧਰਮਸ਼ਾਲਾ ਹਾਲ ਅਤੇ ਬਾਹਰ ਚਾਨਣੀਆਂ ਹੇਠ ਦਾ ਵਿਹੜਾ ਸੰਗਤ ਨਾਲ ਭਰਪੂਰ ਸੀ।

ਹੇਠ ਲਿਖੇ ਸਜਣਾਂ ਦਾ ਅਰਧ ਚੱਕਰ ਸ੍ਰੀ ਸਤਿਗੁਰੂ ਜੀ ਦੇ ਪਿੱਛੇ ਸੀ: ਸੇਠ ਤਰਲੋਕ ਸਿੰਘ, ਸੇਠ ਤਰਸੇਮ ਸਿੰਘ, ਸ. ਹੰਸਪਾਲ, ਸ੍ਰੀ ਪੁਰਬਾ, ਪ੍ਰੀਤਮ ਸਿੰਘ ਕਵੀ, ਗਿ: ਜਸਵੰਤ ਸਿੰਘ, ਡਾ: ਅਮਰ ਭਾਰਤੀ, ਸੇਠ ਹਰਬੰਸ ਸਿੰਘ ਸੇਠ ਨਗਰ, ਸੂਬਾ ਗੇੜਾ ਸਿੰਘ ਜੀ, ਸੇਠ ਜੋਗਿੰਦਰ ਸਿੰਘ ਜੈ ਸਨ, ਸੇਠ ਮਹਿੰਦਰ ਸਿੰਘ ਬਾਲੀ ਨਗਰ, ਸ: ਬੂਟਾ ਸਿੰਘ ਕਹਾਣੀਕਾਰ, ਸ੍ਰੀ ਬੂਟਾ ਸਿੰਘ ਚੰਦਲ, ਸ੍ਰੀ ਗੁਰਬਖਸ਼ ਸਿੰਘ।

ਸ੍ਰੀ ਸਤਿਗੁਰੂ ਜੀ ਨੇ ਸ੍ਰੀ ਮਦਨ ਲਾਲ ਖੁਰਾਣਾ ਦਾ ਸੁਆਗਤ ਉੱਨ ਦੀ ਅਠੋਤਰੀ ਮਾਲਾ ਬਖਸ਼ ਕੇ ਕੀਤਾ। ਉਹ ਅਜ ਆਸ਼ੀਰਵਾਦ ਲੈਣ ਆਏ ਸਨ।

5.40 ਤੇ ਸ਼ਬਦ ਕੀਰਤਨ ਦੀ ਸਮਾਪਤੀ ਹੋ ਗਈ ਅਤੇ ਆਰੰਭਕ ਜਾਣ ਪਛਾਣ ਸ: ਹਰਵਿੰਦਰ ਸਿੰਘ ਹੰਸਪਾਲ ਨੇ ਕਰਵਾਈ। ਖੁਰਾਣਾ ਜੀ ਦੀ ਸ਼ਖਸੀ ਵਾਕਫੀ ਕਰਵਾਂਦਿਆਂ ਹੰਸਪਾਲ ਨੇ ਨਾਮਧਾਰੀ ਹਿਸਟਰੀ ਕਹਿ ਸੁਣਾਈ। ਉਪ੍ਰੰਤ ਪ੍ਰੀਤਮ ਸਿੰਘ ਕਵੀ ਨੇ ਵੀ ਨਾਮਧਾਰੀਆਂ ਦੇ ਹਿੰਦੂ ਸਿੱਖਾਂ ਨਾਲ ਸੰਬੰਧਾਂ ਤੇ ਚਾਨਣਾ ਪਾਇਆ ਅਤੇ ਖੁਰਾਣਾ ਜੀ ਦੇ ਸਤਿਗੁਰੂ ਜੀ ਪਾਸੋਂ ਆਸ਼ੀਰਵਾਦ ਲੈਣ ਦੇ ਮਨੋਰਥ ਨਾਲ ਆਉਣ ਦੀ ਸ਼ਲਾਘਾ ਕੀਤੀ।

ਇਸੇ ਦੌਰਾਨ ਨਾਮਧਾਰੀ ਸੰਗਤ ਵਲੋਂ ਸ੍ਰੀ ਖੁਰਾਣਾ ਜੀ ਦਾ ਸੁਆਗਤ ਸ. ਸੇਵਾ ਸਿੰਘ ਦੁਆਰਾ ਪੁਸ਼ਪ ਹਾਰ ਪਹਿਨਾਅ ਕੇ ਕੀਤਾ ਗਿਆ। ਇਕ ਹਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਸੁਲੱਖਣ ਸਿੰਘ ਨੇ ਸ੍ਰੀ ਖੁਰਾਣਾ ਨੂੰ ਪਹਿਨਾਇਆ ਅਤੇ ਫਿਰ ਸ੍ਰੀ ਖੁਰਾਣਾ ਨੂੰ ਤਕਰੀਰ ਦਾ ਅਵਸਰ ਮਿਲਿਆ। ਸਰੋਤਿਆਂ ਵਿਚ ਥੋੜ੍ਹੇ ਕੁ ਹਿੰਦੂ, ਏਨੇ ਕੁ ਹੀ ਗੈਰ ਨਾਮਧਾਰੀ—ਪਰ ਨਾਮਧਾਰੀ ਸੰਗਤ ਦੀ ਇਕਤਰਤਾ ਭਾਰੂ ਰੂਪ ਵਿਚ ਸੀ।

ਸ੍ਰੀ ਖੁਰਾਣਾ ਨੇ ਸ. ਹੰਸਪਾਲ ਵਲੋਂ ਸੁਣਾਈ ਨਾਮਧਾਰੀ ਸ਼ਹੀਦਾਂ ਦੇ ਸ਼ਹੀਦੀ ਸਥਾਨਾਂ ਦੀ ਪ੍ਰਾਪਤੀ ਲਈ ਜਦੋਜਹਿਦ ਦਾ ਜ਼ਿਕਰ ਸੁਣ, ਉੱਤਰ ਵਿਚ ਆਖਿਆ ਕਿ ਇਹ ਦੁਰਭਾਗ ਹੀ ਹੈ ਕਿ ਰਾਜਨੀਤਕ ਲੋਕਾਂ ਪਾਸ ਧਾਰਮਿਕ ਲੋਕ ਕੁਝ ਮੰਗਣ ਜਾਣ। ਚਾਹੀਦਾ ਇਹ ਹੈ ਕਿ ਰਾਜਨੀਤਕ ਲੋਕਾਂ ਉੱਤੇ ਧਾਰਮਿਕ ਆਗੂਆਂ ਦਾ ਅੰਕੁਸ਼ ਰਹੇ ਅਤੇ ਸ੍ਰੀ ਖੁਰਾਣਾ ਨੇ 15 ਮਿੰਟ ਵਿਚ ਧਰਮ ਦੀ ਸਰਵੋਪਰਤਾ ਨੂੰ ਪਰਵਾਨ ਕਰਦਿਆਂ



Sri Satguru Jagjit Singh Ji Elibrary NamdhariElibrary@gmail.com

ਆਪਣੇ ਭਾਗਾਂ ਨੂੰ ਧੰਨਤਾ ਯੋਗ ਆਖਿਆ ਕਿ ਅਜ ਉਹਨਾਂ ਨੂੰ ਆਸ਼ੀਰਵਾਦ ਪ੍ਰਾਪਤ ਕਰਨ ਦਾ ਅਵਸਰ ਮਿਲਿਆ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਸ਼ੀਰਵਾਦ ਦਿੰਦਿਆਂ ਹੋਇਆਂ ਉਨ੍ਹਾਂ ਤੱਥਾਂ ਵਲ ਸਰੋਤਿਆਂ ਦਾ ਧਿਆਨ ਆਕਰਸ਼ਤ ਕੀਤਾ ਜਿਨ੍ਹਾਂ ਨੂੰ ਵਿਗਾੜ ਕੇ ਹਿੰਦੂ ਸਿੱਖਾਂ ਵਿਚ ਪਾੜ ਪਾਣ ਦਾ ਜਤਨ ਕੀਤਾ ਜਾਂਦਾ ਹੈ।

ਅਤੇ ਇਹ ਸ਼ਾਨਦਾਰ ਸਮਾਗਮ 7 ਵਜੇ ਸ਼ਾਮ ਤਕ ਸਮਾਪਤ ਹੋ ਗਿਆ। ਅੰਤ ਉੱਤੇ ਸ੍ਰੀ ਸਤਿਗੁਰੂ ਜੀ ਵਲੋਂ ਇਕ ਨਾਮਧਾਰੀ ਨਿਤਨੇਮ ਦਾ ਗੁਟਕਾ, ਮਹਾਰਾਜ ਬੀਰ ਸਿੰਘ ਰਚਿਤ 'ਗ੍ਰੰਥ ਗੁਰੂ ਵਿਚਾਰ' ਅਤੇ ਇਕ ਦਸਤਾਰ ਸਿਰੋਪਾਉ ਵਜੋਂ ਬਖਸ਼ ਕੇ ਮਾਣ ਦਿਤਾ। ਇੰਜ ਹੀ ਸ੍ਰੀ ਯੋਗ ਧਿਆਨ ਜੀ ਨੂੰ ਵੀ ਗੁਟਕਾ ਤੇ ਪੁਸਤਕ ਬਖਸ਼ ਕੇ ਨਿਵਾਜਿਆ।

## ਫ਼ਾਰਮ ਨੂੰ ਜਾਣ ਵਾਲੇ

ਆਸ਼ੀਰਵਾਦ ਸਮਾਗਮ ਐਂਝੀ ਤਰ੍ਹਾਂ ਖ਼ਤਮ ਹੋ ਗਿਆ ਅਤੇ ਸਤਿਗੁਰੂ ਜੀ ਸੇਵਕਾਂ ਨਾਲ ਕੋਠੀ ਚਲੇ ਗਏ। ਕੁਝ ਨੌਜਵਾਨ ਹਾਲ ਵਿਚ ਹੀ ਬੈਠੇ ਰਹੇ। ਜਿਵੇਂ ਉਹ ਬਾਹਰੋਂ ਆਏ ਹੋਣ ਅਤੇ ਉਨ੍ਹਾਂ ਏਥੇ ਹੀ ਰਹਿਣਾ ਹੋਵੇ। ਮੈਂ ਉਹਨਾਂ ਨੂੰ ਪੁੱਛਿਆ ਕਿ ਉਹ ਕਿਥੋਂ ਹਨ ਤੇ ਕੀ ਕੁਝ ਕਰਨ ਦੇ ਮਨੋਰਥ ਨਾਲ ਆਏ ਹਨ। ਉਹਨਾਂ ਦੱਸਿਆ ਕਿ ਉਹਨਾਂ ਨੂੰ ਯੂ. ਪੀ. ਵਿਚਲੇ ਨਾਮਧਾਰੀ ਫ਼ਾਰਮ ਬੀਲਾ ਵਿਖੇ ਜਾਣ ਦਾ ਹੁਕਮ ਹੋਇਆ ਹੈ ਅਤੇ ਉਹ ਜੀਵਨ ਨਗਰ ਇਲਾਕੇ ਦੇ ਸੰਤ ਨਗਰ ਆਦਿ ਪਿੰਡਾਂ 'ਚੋਂ ਆਏ ਹਨ। ਉਹਨਾਂ ਦੇ ਨਾਮ ਹਨ :

| | | | | |
|---|---|---|---|---|
| 1. | ਸਰਬ ਸ੍ਰੀ | ਸੁਰਿੰਦਰ ਸਿੰਘ | ਸਪੁੱਤਰ | ਬਖਸ਼ੀਸ਼ ਸਿੰਘ ਚੱਘਲ |
| 2. | | ਮੱਖਣ ਸਿੰਘ | ,, | ਹੀਰਾ ਸਿੰਘ ਸਰਪੰਚ |
| 3. | | ਗੁਰਦੇਵ ਸਿੰਘ | ,, | ਗਿਆਨ ਸਿੰਘ ਭਿੰਡਰ |
| 4. | | ਮੋਹਣ ਸਿੰਘ | ,, | ਅਜੈਬ ਸਿੰਘ ਸਮਰਾ |
| 5. | | ਗੁਰਨਾਮ ਸਿੰਘ | ,, | ਦਇਆ ਸਿੰਘ |
| 6. | | ਜਗਦੀਸ਼ ਸਿੰਘ | ,, | ਸਰਵਨ ਸਿੰਘ ਨਾਥ |
| 7. | | ਬਲਰਾਜ ਸਿੰਘ | ,, | ਮੋਹਰ ਸਿੰਘ |
| 8. | | ਹਰਦੇਵ ਸਿੰਘ | ,, | ਮੱਘਰ ਸਿੰਘ ਮਸ਼ੀਨ ਵਾਲਾ |
| 9. | | ਬਲਕਾਰ ਸਿੰਘ | ,, | ਸੁਰੈਣ ਸਿੰਘ |
| 10. | | ਜੈਮਲ ਸਿੰਘ | ,, | ਦਲੀਪ ਸਿੰਘ |

ਪੁੱਛਣ ਤੇ ਦੱਸਿਆ ਗਿਆ ਕਿ ਹੁਕਮ ਤਾਂ 8 ਦਿਨਾਂ ਦਾ ਹੋਇਆ ਹੈ ਪਰ ਮਹੀਨਾ ਤਾਂ ਲੱਗ ਹੀ ਜਾਵੇਗਾ।



Sri Satguru Jagjit Singh Ji Elibrary NamdhariElibrary@gmail.com

### ਗੁਰਦੇਵ ਸਿੰਘ ਨੂੰ ਬੁਲਾਵਾ

ਦੀਵਾਨ ਸਮੇਂ ਗੁਰਦੇਵ ਸਿੰਘ ਸਰੋਦ ਰਮੇਸ਼ ਨਗਰ ਨੂੰ ਕਿਹਾ ਗਿਆ ਸੀ ਕਿ ਉਹ ਪਤਨੀ ਸਮੇਤ ਕੋਠੀ ਆਵੇ। ਸਮਝ ਨਹੀਂ ਸੀ ਆ ਰਹੀ ਕਿ ਕਿਉਂ ਬੁਲਾਇਆ ਗਿਆ ਹੈ। ਇਕ ਗੱਲ ਜ਼ਰੂਰ ਸੀ ਕਿ ਗੁਰਦੇਵ ਸਿੰਘ ਸਰੋਦ ਦੀ ਸਾਲੀ ਨੂੰ ਸਹੁਰੇ ਘਰੋਂ ਜਾ ਕੇ ਲਿਆਉਣ ਦੀ ਤਿਆਰੀ ਪ੍ਰਤੀਤ ਦਿੰਦੀ ਸੀ ਕਿਉਂਕਿ ਇਹ ਲੋਕ ਕੁਝ ਲੀੜੇ ਕੱਪੜੇ ਨਾਲ ਲੈ ਕੇ ਗਏ ਸਨ । ਸ਼ਾਇਦ ਇਸੇ ਬਾਰੇ ਕੁਝ ਹਕੀਕਤ ਜਾਣਨੀ ਹੋਵੇ ।

### ਭਾਰਤੀ ਝੂਠਾ

ਉੱਧਰ ਭਾਰਤੀ ਹੁਰੀਂ ਹੰਸਪਾਲ ਨੂੰ ਕਹਿ ਰਹੇ ਸਨ ਕਿ ਸਤਿਗੁਰੂ ਜੀ ਨੇ ਅਜ ਕਾਫ਼ੀ ਬਿਰਾਜ ਲਿਆ ਹੈ। ਚੌਥੀ ਰਾਤ ਤਕ ਤੁਹਾਡੀਆਂ ਗੱਲਾਂ ਸੁਣਨਗੇ ਅਤੇ ਸਵੇਰੇ ਆਸਾ ਦੀ ਵਾਰ ਨੂੰ ਨੀ ਤੁਰਨਗੇ । ਪਰ ਜਦੋਂ ਅਸੀਂ—ਹੰਸਪਾਲ, ਭਾਰਤੀ, ਗੁਰਦੇਵ ਸਿੰਘ, ਹਰਭਜਨ ਸਿੰਘ, ਜਗਦੀਸ਼ ਸਿੰਘ ਕੋਠੀ ਪਹੁੰਚੇ ਤਾਂ ਅਜੇ ਸਤਿਗੁਰੂ ਜੀ ਖੂਬ ਸੁੱਤੇ ਪਏ ਸਨ ਸੋ ਸਾਨੂੰ ਜਿਉਂ ਜਾ ਤਿਉਂ ਵਾਪਸ ਆਉਣ ਦੀ ਮਜਬੂਰੀ ਸੀ। ਭਾਰਤੀ ਦਾ ਕਹਿਣ ਸਤਿਗੁਰੂ ਜੀ ਨੇ ਝੂਠਾ ਕਰ ਕੇ ਰਖ ਦਿਤਾ ।

## 14 ਮਈ 1979, ਸੋਮਵਾਰ

## ਨਵੀਂ ਦਿੱਲੀ

### ਸਵੇਰ ਦਾ ਸਮਾ

ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸੰਤ ਚਿਰਸਾ ਸਿੰਘ ਸ਼ਾਮ ਨਗਰ ਦੇ ਘਰ ਸੀ। ਗਾਇਕ ਸਨ, ਗੁਰਦੇਵ-ਹਰਭਜਨ ਸਿੰਘ । ਉਪ੍ਰੰਤ ਇਕ ਅਖੰਡ ਪਾਠ ਦਾ ਭੋਗ ਪਿਆ । ਹਲਕਾ ਜਲਪਾਨ ਕਰ ਕੇ ਸਤਿਗੁਰੂ ਜੀ ਵਲੋਂ ਪੱਛਮ ਪੁਰੀ ਵਾਲੇ ਸਿੰਘਾਂ ਦੇ ਘਰੀਂ ਚਰਨ ਪਾਉਣ ਦੀ ਕਿਰਪਾ ਕੀ ਹੋਈ । ਕੋਠੀ ਪਹੁੰਚ ਕੇ ਥੋੜ੍ਹਾ ਬਿਰਾਜੇ ਹੀ ।

ਮੈਂ 9 ਵਜੇ ਕੋਠੀ ਪਹੁੰਚਾ ਤਾਂ ਸਤਿਗੁਰੂ ਜੀ ਅਜੇ ਸ਼ੇਰ ਸਿੰਘ ਚਾਵਲਾ ਦੇ ਕਮਰੇ ਵਿਚ ਹੀ ਸਨ । ਬਾਹਰ ਦਰਸ਼ਨ ਅਭਿਲਾਖੀਆਂ ਦਾ ਇਕ ਚੋਖਾ ਸਮੂਹ ਇਕਤ੍ਰਿਤ ਸੀ । ਇਨ੍ਹਾਂ ਵਿਚ ਇਕ ਬਹੁਤ ਬਿਰਧ ਸਰੀਰ ਆਪਣੇ ਇਕ ਸਹਾਇਕ ਨਾਲ ਇਕ ਕੁਰਸੀ ਤੇ ਢੋਹ ਲਾਈ ਬੈਠਾ ਸੀ । ਇਹ ਸੀ ਪ੍ਰਸਿੱਧ ਦੇਸ਼ ਭਗਤ, ਗਾਂਧੀਵਾਦੀ ਅਤੇ ਸੁਲੇਖਕ ਪੰਡਿਤ ਸੁੰਦਰ ਲਾਲ । ਆਪਣੇ ਸਹਾਇਕ ਮੀਆਂ ਮਿਰਜ਼ਾ ਨਾਲ ਬੈਠੇ ਸਤਿਗੁਰਾਂ ਦੀ ਇੰਤਜ਼ਾਰ ਕਰ ਰਹੇ ਸਨ ।

ਸਤਿਗੁਰੂ ਜੀ ਨੂੰ ਪੰਡਿਤ ਜੀ ਬਾਰੇ ਪਤਾ ਲੱਗਾ ਤਾਂ ਹਾਲ ਵਿਚ ਬੈਠਣ ਯੋਗ ਥਾਂ ਤਿਆਰ ਕਰਨ ਲਈ ਸੇਵਕਾਂ ਨੂੰ ਕਹਿ ਕੇ ਆਪ, ਸ੍ਰੀ ਗੁਰਦੇਵ ਸਿੰਘ, ਉਸ ਦੀ ਪਤਨੀ ਗੁਰਮੀਤ ਕੌਰ, ਉਹਦਾ ਸਾਂਢੂ ਸ੍ਰੀ ਸੁਰਜੀਤ ਸਿੰਘ ਰਮੇਸ਼ ਨਗਰ ਅਤੇ ਉਹਦੀ ਸਾਲੀ ਧਰਮੋ ਨੂੰ ਨਾਲ ਲੈ ਕੇ ਦੂਜੇ ਅੰਦਰ ਗਏ ਅਤੇ 5-7 ਮਿੰਟ ਲਾ ਕੇ ਆਏ । ਸਾਂਢੂ ਨੂੰ



Sri Satguru Jagjit Singh Ji Elibrary NamdhariElibrary@gmail.com

ਤਾੜਿਆ ਗਿਆ ਸੀ ਕਿ ਉਹ ਸਹੁਰੇ ਘਰ (ਸੰਤ ਨਗਰ, ਜ਼ਿ: ਸਰਸਾ) ਤੋਂ ਸੂਟ ਆਦਿ ਕਿਉਂ ਲੈ ਕੇ ਆਏ ਸਨ ।

**ਵਾਰਤਾਲਾਪ ਪੰ: ਸੁੰਦਰ ਲਾਲ ਨਾਲ**

ਹੇਠਲੇ ਹਾਲ, ਜਿਸ ਵਿਚ ਗ਼ਲੀਚੇ ਵਿਛੇ ਤੇ ਸੋਫ਼ੇ ਪਏ ਸਨ, ਪੰਡਿਤ ਸੁੰਦਰ ਲਾਲ ਅਤੇ ਉਨ੍ਹਾਂ ਦੇ ਸਹਾਇਕ ਮੀਆਂ ਮਿਰਜ਼ਾ ਨੂੰ ਬੈਠਾ ਦਿੱਤਾ ਗਿਆ । ਸਤਿਗੁਰੂ ਜੀ ਦੀ ਆਗਿਆ ਠਾਕੁਰ ਦਲੀਪ ਸਿੰਘ, ਸੇਠ ਤਰਲੋਕ ਸਿੰਘ, ਸੰਤ ਤਰਸੇਮ ਸਿੰਘ, ਸ. ਹੰਸਪਾਲ ਅਤੇ ਮੈਂ ਵੀ ਪੰ: ਸੁੰਦਰ ਲਾਲ ਜੀ ਪਾਸ ਜਾ ਬੈਠੇ । ਨਮਸਕਾਰਾਂ ਉਪ੍ਰੰਤ ਪੰ: ਸੁੰਦਰ ਲਾਲ ਨੇ ਸਤਿਗੁਰਾਂ ਨੂੰ ਪ੍ਰਾਰਥਨਾ ਕੀਤੀ ਕਿ ਉਹਨਾਂ ਦੀ ਗੱਲਬਾਤ ਸਮੇਂ ਹੋਰ ਕੋਈ ਕੋਲ ਨਾ ਹੋਵੇ । ਸਾਰੇ ਬਾਹਰ ਨਿਕਲ ਆਏ । ਉਹ ਵੀ ਜੁ ਆਪਣੇ ਆਪ ਨੂੰ ਸਦਾ ਕੋਲ ਰਹਿਣ ਦੇ ਅਧਿਕਾਰੀ ਮੰਨਦੇ ਹਨ । ਮੈਂ ਤਾਂ ਆਮ ਕਰ ਕੇ ਘੱਟ ਹੀ, ਬਿਨਾ ਆਗਿਆ, ਕੋਲ ਬੈਠਦਾ ਹਾਂ, ਪਰ ਅੱਜ ਮੈਂ ਇਕ 'ਹੁਸ਼ਿਆਰੀ' ਜ਼ਰੂਰ ਕੀਤੀ । ਸਤਿਗੁਰੂ ਜੀ ਪਾਸ ਛੋਟੀ ਟੇਪ ਰਿਕਾਰਡ ਚੁੱਪ ਕਰ ਕੇ ਧਰ ਆਇਆ । ਸਤਿਗੁਰਾਂ ਵੀ ਨੋਟਿਸ ਨਾ ਲਿਆ । ਸੁੰਦਰ ਲਾਲ ਜੀ ਦਾ ਆਪਣਾ ਮਿਰਜ਼ਾ ਵੀ ਬਾਹਰ ਆ ਗਿਆ ।

ਅਗਲੀ ਸਾਰੀ ਵਾਰਤਾਲਾਪ ਜੁ 10 ਵਜੇ ਦੇ ਕਰੀਬ ਹੋਈ, ਟੇਪ ਰਿਕਾਰਡ ਤੋਂ ਲੈਂਦਾ ਹਾਂ ।

ਪੰ:ਸੁੰਦਰ ਲਾਲ : ਮੈਂ ਬਿਲਕੁਲ ਇਕਾਂਤ ਮੇਂ ਬਾਤ ਕਰਨਾ ਚਾਹਤਾ ਹੂੰ ।

ਸਤਿਗੁਰੂ ਜੀ : ਸਭ ਚਲੇ ਗਏ ਹੈਂ ।

ਪੰ: ਸੁੰ: : ਖਿਮਾ ਕੀਜੀਏਗਾ, ਦੇਖੀਏ, ਅਬ ਮੈਂ ਬਾਤ ਕਰੂੰ ? ਕੋਸ਼ਿਸ਼ ਕਰੂੰਗਾ 5-10 ਮਿੰਟ ਮੇਂ ਬਾਤ ਹੋ ਜਾਏ । ਵੈਸੇ ਫ਼ਿਕਰ ਕਿ ਮੈਂ ਹੋਸ਼ ਸੇ ਬਾਤ ਕਰੂੰਗਾ ।

ਸਤਿਗੁਰੂ : ਹਾਂ, ਕਰ ਦੀਜੀਏ ।

ਪੰ: ਸੁੰ: : ਮੇਰਾ ਨਾਮ ਸੁੰਦਰ ਲਾਲ ਹੈ ਆਪ ਜਾਨਤੇ ਹੀ ਹੈਂ । ਮੇਰੀ ਹਾਲਤ ਇਸ ਵਕਤ ਬਹੁਤ ਨਾਜ਼ੁਕ ਹੈ । ਨਾਇੰਟੀ ਥ੍ਰੀ (93) ਮੇਰੀ ਏਜ (ਆਯੂ) ਹੈ । 1886 ਮੇਂ ਮੈਂ ਪੈਦਾ ਹੂਆ ਥਾ । 8-10 ਦਫ਼ਾ ਜੇਲ੍ਹ ਭੀ ਗਇਆ । ਦੁਨੀਆ ਭਰ ਕਾ ਚੱਕਰ...

(ਏਨੇ ਵਿਚ ਠਾਕੁਰ ਦਲੀਪ ਸਿੰਘ ਜੀ ਸਤਿਗੁਰੂ ਜੀ ਦੇ ਛਕਣ ਲਈ ਜਲ ਲੈ ਕੇ ਆ ਗਏ । ਸਤਿਗੁਰੂ ਜੀ ਨੇ ਉਨ੍ਹਾਂ ਨੂੰ ਬਾਹਰ ਚਲੇ ਜਾਣ ਦਾ ਇਸ਼ਾਰਾ ਕੀਤਾ । ਪੰ: ਜੀ ਨੇ ਕਿਹਾ : ਪੀ ਲੀਜੀਏ, ਪੀ ਲੀਜੀਏ...ਸਤਿਗੁਰਾਂ ਸਹਜ ਭਾਵ ਠਾਕੁਰ ਜੀ ਨੂੰ ਬਾਹਰ ਕਰ ਦਿਤਾ ।)

ਸਾਰੀ ਦੁਨੀਆ ਕਾ ਚੱਕਰ 10-20 ਦਫ਼ਾ ਲਗਾ ਚੁੱਕਾ ਹੂੰ । ਚਾਰ ਦਫ਼ਾ ਰੂਸ ਵਗ਼ੈਰਾ...ਚਲੋ ਛੋੜੀਏ । ਮੇਰੀ ਹਾਲਤ ਇਸ ਵਕਤ...ਬਹੁਤ ਜ਼ਿਦ ਕੀ ਬਾਤ ਹੈ...ਆਪ ਕੇ ਸਭ ਸੇਵਕ ਹੈਂ...ਕੁਛ ਹਿੰਮਤ ਕਰੀ



Sri Satguru Jagjit Singh Ji Elibrary NamdhariElibrary@gmail.com

ਕਿ ਆਪ ਸੇ ਕਹਿ ਦੂ । ਵੁਹ ਯਿਹ, ਪਹਿਲੀ ਬਾਤ, ਮੈਂ ਪਰਮਾਨੈਂਟ ਪੇਸ਼ੈਂਟ (ਲਗਾਤਾਰ ਮਰੀਜ਼) ਹੂੰ, ਹਮੇਸ਼ਾ ਕੇ ਲੀਏ, ਪੱਕਾ ਬੀਮਾਰ ਹੂੰ । ਸ਼ਕਾਇਤ ਕੀ ਯਿਹ ਹਾਲਤ ਹੈ ਕਿ ਯਹਾਂ ਬੈਠਨਾ ਮੁਸ਼ਕਿਲ ਹੈ । ਡਰ ਲਗਤਾ ਹੈ...ਮੈਂ ਦਵਾਓਂ ਕੇ ਸਹਾਰੇ ਜੀ ਰਹਾ ਹੂੰ...ਚਲਨੇ ਮੇਂ ਦਿੱਕਤ ਪੜਤੀ ਹੈ ।

ਸਤਿਗੁਰੂ ਜੀ : ਆਪ ਕੋ ਚਾਹੀਏ ਕਿਆ ? ਬਤਾਈਏ ਆਪ, ਕੈਸੇ ਕਰਨਾ ਚਾਹੀਏ ? ਉਪਾਇ ਕਿਆ ਚਾਹੀਏ ?

ਪੰ: ਸੁੰ: : ਮੁਝੇ ਆਪ ਸੇ...ਹੈ ਤੋ ਬਦਤਮੀਜ਼ੀ, ਗੁਸਤਾਖ਼ੀ...

ਸਤਿਗੁਰੂ ਜੀ : ਨਹੀਂ, ਨਹੀਂ, ਬਤਾਈਏ ਆਪ, ਕੈਸੇ, ਕਿਤਨਾ ਖ਼ਰਚਾ ਆਪ ਕਾ ਮਹੀਨੇ ਕਾ ਹੋਤਾ ਹੈ, ਯਾ ਕਿਆ ਹੈ ਦਵਾਉਂ ਵਗ਼ੈਰਾ ਕਾ...

(ਸਤਿਗੁਰੂ ਜੀ ਨੂੰ ਬਹੁਤ ਉੱਚਾ ਬੋਲਣਾ ਪੈ ਰਿਹਾ ਹੈ । ਪੰਡਤ ਜੀ ਸ਼ਬਦ ਦੁਹਰਾਉਂਦੇ ਪੈਂਦੇ ਹਨ ।)

ਪੰ: ਸੁੰ: : ਯੂੰ ਤੋ ਮੁਝੇ ਫ੍ਰੀਡਮ ਫਾਈਟਰ ਪੈਨਸ਼ਨ ਮਿਲਤੀ ਹੈ, ਲੇਕਿਨ ਉਸ ਮੇਂ ਸੇ ਮਕਾਨ ਕਾ ਕਰਾਇਆ ਔਰ ਬਿਜਲੀ ਪਾਨੀ ਕਾ ਦੇ ਕੇ ਕੁਛ ਨਹੀਂ [illegible] ।

ਸਤਿਗੁਰੂ ਜੀ : ਵੁਹ ਕਿਤਨੀ ਪੈਨਸ਼ਨ ਦੇਤੇ ਹੈਂ ?

ਪੰ: ਸੁੰ: : ਵੁਹ ਤੋ ਮੁਝੇ ਪਾਂਚ ਸੌ ਰੁਪਏ ਮਹੀਨਾ ਦੇਤੇ ਹੈਂ, ਜਿਸ ਮੇਂ ਸੇ...
(ਪੰਡਿਤ ਜੀ ਖ਼ਰਚ ਗਿਣਨ ਦੀ ਕੋਸ਼ਿਸ਼ ਕਰਦੇ ਹਨ ।)

ਸਤਿਗੁਰੂ ਜੀ : ਠੀਕ ਹੈ, ਮੁਝੇ ਯਿਹ ਨ ਬਤਾਈਏ ਆਪ ਕਾ ਖ਼ਰਚ ਕਹਾਂ ਕਹਾਂ ਹੋਤਾ ਹੈ । ਯਿਹ ਬਤਾਈਏ, ਔਰ ਕਿਤਨਾ ਚਾਹੀਏ ਆਪ ਕੋ ?

ਪੰ: ਸੁੰ: : ਮਹੀਨੇ ਕੇ ਹਿਸਾਬ ਸੇ ਨਹੀਂ । ਏਕ ਦਫ਼ਾ । ਮੇਰਾ ਕਾਮ ਅਬ ਕਮ ਯਿਹ ਸਾਲ ਨਿਕਲ ਜਾਇ ।...

ਸਤਿਗੁਰੂ ਜੀ : ਵੁਹ ਕੈਸੇ ? ਕਿਤਨਾ ਹੋਗਾ ??

ਪੰ: ਸੁੰ: : (ਝਕਦੇ ਝਕਦੇ) ਵੁਹ ਕਹਿ ਦੂੰ ?

ਸਤਿਗੁਰੂ ਜੀ : (ਪ੍ਰਸੰਨਤਾ ਨਾਲ, ਮੁਸਕ੍ਰਾ ਕੇ) ਹਾਂ, ਕਹਿ ਦੀਜੀਏ, ਕਹਿ ਦੀਜੀਏ ।

ਪੰ:ਸੁੰਦਰ ਲਾਲ : ਉੱਨੀ ਸੌ, ਯਿਹ ਸਾਲ ਖ਼ਤਮ ਹੋ ਜਾਏ ਔਰ ਅਗਲਾ ਸ਼ੁਰੂ ਹੋ ਜਾਏ ਅਗਰ ਮੈਂ ਜ਼ਿੰਦਾ ਰਹੂੰ ਤੋ ਮੁਝੇ ਪਾਂਚ ਹਜ਼ਾਰ ਚਾਹੀਏ, ਕਮ ਸੇ ਕਮ ।

ਸਤਿਗੁਰੂ ਜੀ : ਠੀਕ ਹੈ ! (ਪੰ: ਜੀ ਫਿਰ ਪੁਛਿਆ, ਹੈਂ ?) ਠੀਕ ਹੈ ।

ਪੰ: ਸੁੰ: : ਤੋ ਮੈਂ ਅਗਲੇ ਸਾਲ ਤਕ ਜ਼ਿੰਦਾ ਰਹਿ ਜਾਊਂਗਾ । ਔਰ, ਏਕ ਤੋ ਯਿਹ ਮੇਰੀ ਮਾਂਗ ਹੈ । ਫਿਰ ਮੰਗਤਾ ਹੂੰ...

ਸਤਿਗੁਰੂ ਜੀ : ਐਸੀ ਬਾਤ ਨਹੀਂ ।



Sri Satguru Jagjit Singh Ji Elibrary NamdhariElibrary@gmail.com

ਪੰ: ਸੁੰ: : ਆਪ ਕੋ ਸ਼ਾਇਦ ਯਿਹ ਭੀ ਬਾਤ ਮਾਲੂਮ ਨ ਹੋ ਕਿ ਮੈਂ ਸੰਨਿਆਸ ਭੀ ਲੇ ਚੁੱਕਾ ਹੂੰ । ਸੁਆਮੀ ਸੋਮੇਸ਼੍ਵਰਾ ਨੰਦ ਮੇਰਾ ਨਾਮ ਥਾ ਔਰ ਮੈਂ ਕੋਈ 20 ਬਰਸ ਸੁਆਮੀ ਨਾਮ ਸੇ ਰਹਾ । ਗਾਂਧੀ ਜੀ ਨੇ ਮੁਝ ਸੇ ਕਹਾ : ਤੁਮ ਫਿਰ ਪੰਡਿਤ ਸੁੰਦਰ ਲਾਲ ਹੋ ਜਾਓ ? ਔਰ ਯਿਹ ਠੀਕ ਥਾ, ਪਹਿਲੇ ਰਹਿ ਹੀ ਚੁਕਾ ਥਾ । ਮੈਂ ਫਿਰ ਪਾਲਿਟਿਕਸ ਮੇਂ ਸੁੰਦਰ ਲਾਲ ਨਾਮ ਸੇ ਆ ਗਇਆ । ਸੁਆਮੀ ਸੋਮੇਸ਼੍ਵਰਾਨੰਦ ਰਿਸ਼ੀ ਕੇਸ਼ ਮੇਂ ਥਾ । ਮੈਨੇ ਗੁਸਤਾਖ਼ੀ ਕੀ ਕਿ ਆਪ ਸੇ ਹਿੰਮਤ ਕੀ ਕਹਿਨੇ ਕੀ ਕਿ ਯਿਹ ਸਾਲ ਮੇਰਾ ਅੱਛੀ ਤਰਹ ਗੁਜ਼ਰ ਜਾਇਗਾ । ਜੋ ਮੁਝੇ ਯਿਹ ਰਕਮ ਜੇਬ ਮੇਂ ਡਾਲਨੇ ਕੋ, ਵਹੀਂ ਘਰ ਪੇ ਮਿਲ ਜਾਇਆ ਕਰੇ ।

ਸਤਿਗੁਰੂ ਜੀ : ਆਪ ਕੋ ਮਿਲ ਜਾਇਗੀ । (ਪੰ: ਜੀ : ਹੈਂ ?) ਮਿਲ ਜਾਇਗੀ ।

ਪੰ:ਸੁੰਦਰ ਲਾਲ : ਮਿਲ ਜਾਇਗੀ, ਅੱਛਾ ! ਅਬ ਦੂਸਰੀ ਬਦਤਮੀਜ਼ੀ ਕਰੂੰ ?

ਸਤਿਗੁਰੂ ਜੀ : (ਖੁਲ੍ਹ ਕੇ ਹੱਸ ਪਏ) ਨਹੀਂ, ਬਤਾਈਏ ਆਪ !

ਪੰ: ਸੁੰ: : ਤੋ ਆਪ ਕਹੇਂਗੇ ਪਕੜ ਹੀ ਲੀਆ ?

ਸਤਿਗੁਰੂ ਜੀ : ਨਹੀਂ, ਨਹੀਂ, ਕੋਈ ਪਕੜ ਨਹੀਂ ਲੀਆ...(ਮੁਸਕਰਾ ਕੇ) ਪਕੜਾ ਤੋ ਪਹਿਲੇ ਹੀ ਹੂਆ ਹੈ । ਅਬ ਨਇਆ ਪਕੜਨੇ ਵਾਲੀ ਕੌਨ ਸੀ ਬਾਤ ਹੈ ।

ਪੰ: ਸੁੰ: : ਤੋ ਸੁਨੀਏ । ਦੂਸਰੀ ਯਿਹ ਬਾਤ ਹੈ । ਮੁਝੇ ਆਜ ਬੋਲੂ...ਇਸ ਝਗੜੇ ਮੇਂ ਕਿਉਂ ਪੜੇਂ ? ਮਕਾਨੋਂ ਕੀ ਬੜੀ ਦਿੱਕਤ ਪੜ ਰਹੀ ਹੈ । ਸਰਕਾਰੀ ਮਕਾਨ ਲੋਗੋਂ ਸੇ ਛਿਨ ਰਹੇ ਹੈਂ । ਅਬ ਯਿਹ ਕਹਨੇ ਕੀ ਬਾਤ ਨਹੀਂ, ਮੁਰਾਰ ਜੀ (ਪ੍ਰਧਾਨ ਮੰਤਰੀ) ਗ਼ਜ਼ਬ ਕਰ ਰਹਾ ਹੈ, ਔਰ ਬਹੁਤ ਦਿੱਕਤ ਪੜ ਰਹੀ ਹੈ ।

ਮੇਰੇ ਪਾਸ ਏਕ ਮੁਸਲਮਾਨ ਲੜਕਾ, ਇਲਾਹਾਬਾਦ ਮੇਂ, ਸੈਕ੍ਰੇਟਰੀ ਕੇ ਤੌਰ ਪਰ ਕਾਮ ਕਰਤਾ ਥਾ, ਜਬ ਗਾਂਧੀ ਜੀ ਕੇ ਸਾਥ ਮੈਂ ਯਹਾਂ ਰਹਿਤਾ ਥਾ ਤੋ ਵੁਹ ਮੁਸਲਮਾਨ ਲੜਕਾ ਬਾਕਰ, ਵੁਹ ਭੀ ਮੇਰੇ ਸਾਥ ਹੀ...

ਸਤਿਗੁਰੂ ਜੀ : (ਉੱਚੀ ਆਵਾਜ਼ ਵਿਚ, ਅਸਲ ਵਿਚ ਪੰ: ਜੀ ਨਾਲ ਬੋਲਣਾ ਸਤਿਗੁਰਾਂ ਨੂੰ ਬਹੁਤ ਔਖਾ ਹੋ ਰਿਹਾ ਸੀ ।) ਮੁਹੰਮਦ ਬਾਕਰ ਹੈ ਉਸ ਕਾ ਨਾਮ ?

ਪੰ: ਸੁੰ: : ਦੇਖੀਏ, ਅਪਨੇ ਸਾਥ ਕੇ ਲੜਕੇ ਕਾ ਨਾਮ ਭੂਲ ਰਹਾ ਹੂੰ...(ਯਾਦ ਕਰਦਿਆਂ)

ਸਤਿਗੁਰੂ ਜੀ : ਚਲੋ, ਛੋੜੀਏ ਇਸ ਬਾਤ ਕੋ, ਕੋਈ ਬਾਤ ਨਹੀਂ ।

ਸੁੰਦਰ ਲਾਲ ਜੀ : (ਯਾਦ ਆ ਗਿਆ) ਨਕਵੀ, ਨਾ ਕਾ ਔਰ ਕੀ, ਮੁਹੰਮਦ ਨਕਵੀ । ਤੋ ਨਕਵੀ ਮੇਰੇ ਸਾਥ ਰਹਿ ਰਹਾ ਹੈ, ਬਾਲ ਬੱਚੋਂ ਕੋ ਲੀਏ ।...



Sri Satguru Jagjit Singh Ji Elibrary NamdhariElibrary@gmail.com

ਉਸਨੇ ਚਾਹਾ ਮੈਂ ਏਕ ਮਕਾਨ ਬਨਾ ਲੂੰ। ਕਿਉਂਕਿ ਮੇਰੇ ਮਰਨੇ ਕੇ ਬਾਅਦ ਮਕਾਨ ਸਰਕਾਰੀ ਮਿਲੇਗਾ ਹੀ ਨਹੀਂ, ਕਿਸੀ ਕਾਸਟ ਪਰ ਭੀ। ਮੁਝੇ ਤੋ ਸਰਕਾਰੀ ਮਿਲਾ ਹੂਆ ਹੈ ਨ। ਕਰਾਇਆ ਮੈਂ ਦੇ ਦੇਤਾ ਹੂੰ ਦੋ ਸੌ ਰੁਪਏ ਕੇ ਕਰੀਬ।...ਉਸ ਬਿਚਾਰੇ ਨੇ ਜ਼ਮੀਨ ਲੇ ਕਰ, ਪਾਸ ਮੇਂ ਹੀ, ਮਕਾਨ ਬਨਾ ਰਹਾ ਹੈ। ਮਕਾਨ ਮੇਂ ਛੋਟੇ ਮੀਆਂ ਸੇ, ਇਧਰ ਸੇ ਉਧਰ ਸੇ, ਕੁਛ ਪੈਸੇ ਉਸ ਕੇ ਲੀਏ ਕਰ ਦੀਏ। ਅਗਰ ਮੁਮਕਿਨ ਹੋ ਸਕੇ ਤੋ ਉਸ ਕੇ ਮਕਾਨ ਕੇ ਲੀਏ। ਜਿਸ ਦਿਨ ਮਕਾਨ ਪੂਰਾ ਹੋ ਜਾਇ ਮੈਂ ਜਾਕਰ ਵਹੀਂ ਰਹਿਨੇ ਲਗੂੰ। ਉਸੇ ਭੀ ਆਸਾਨੀ, ਮੁਝੇ ਭੀ ਆਸਾਨੀ, ਵਹੀਂ ਪਾਸ ਹੀ ਹੈ। ਤੋ ਮੈਨੇ ਤੋ ਆਪ ਸੇ ਮਾਂਗ ਬਹੁਤ ਕੀ ਹੈ ਅਬ ਆਪ ਜੋ ਕਰ ਦੇਂ। ਅਪਨੇ ਲੀਏ ਤੋਂ ਪਾਂਚ, ਅਪਨੇ ਦਵਾ ਦਾਰੂ ਕਾ, ਖਾਨੇ ਪੀਨੇ ਕਾ, ਔਰ ਉਸਕੇ ਮਕਾਨ ਕੇ ਲੀਏ, ਆਪ ਕੋ ਅਜੀਬ ਲਗੇਗਾ...

**ਸਤਿਗੁਰੂ ਜੀ :** ਬਤਾਈਏ ਆਪ, (ਪੰ: ਜੀ ਸੰਕੋਚ ਕਰਦੇ ਹਨ) ਬਤਾਈਏ ਆਪ ਕਿਤਨਾ ਹੈ, ਜੋ ਹੋ ਸਕੇਗਾ, ਦੇਂਗੇ ਜ਼ਰੂਰ!

**ਪੰ: ਸੁੰਦਰ ਲਾਲ :** ਦਸ!

**ਸਤਿਗੁਰੂ ਜੀ :** ਠੀਕ ਹੈ, ਹੋ ਜਾਇਗਾ।

**ਸੁੰਦਰ ਲਾਲ ਜੀ :** ਦਸ ਹਜ਼ਾਰ, ਹੋ ਜਾਇਗਾ ?

**ਸਤਿਗੁਰੂ ਜੀ :** ਯਿਹ ਭੀ ਹੋ ਜਾਇਗਾ; (ਹੈਂ ?)-(ਉੱਚੀ) ਹੋ ਜਾਇਗਾ।

**ਸੁੰਦਰ ਲਾਲ ਜੀ :** ਤੋ ਮੈਂ ਆ ਕੇ ਆਪ ਕੇ ਪਾਓਂ ਪਕੜ ਲੂੰਗਾ।

**ਸਤਿਗੁਰੂ ਜੀ :** ਨਹੀਂ, ਨਹੀਂ! ਆਪ ਕੋ ਆਨੇ ਕੀ ਜ਼ਰੂਰਤ ਨਹੀਂ, ਸਬ ਆਪ ਕੇ ਪਾਸ ਪਹੁੰਚ ਜਾਇਗਾ।

**ਪੰ: ਸੁੰਦਰ ਲਾਲ :** ਦਸ ਯਿਹ, ਔਰ ਪਾਂਚ ਵੋਹ ? (ਪੱਕਾ ਕਰਦਿਆਂ)

**ਸਤਿਗੁਰੂ ਜੀ :** ਹਾਂ ਸਬ ਪਹੁੰਚ ਜਾਇਗਾ। ਠੀਕ ਹੈ-(ਪ੍ਰਸੰਨ ਹੋ ਕੇ) ਔਰ ਬਤਾਈਏ ?

**ਪੰ: ਸੁੰ: :** ਗੁਰੂ ਜੀ ਆਪ ਹੀ ਹੈਂ ਨ ?

**ਸਤਿਗੁਰੂ ਜੀ :** ਬੋਲ ਰਹਾ ਹੂੰ ਜੀ।

**ਪੰ: ਸੁੰ: :** ਪੱਕੀ ਬਾਤ, ਦੋਨੋਂ।

**ਸਤਿਗੁਰੂ ਜੀ :** ਹਾਂ ਜੀ, ਦੋਨੋਂ ਹੋ ਜਾਇੰਗੇ।

**ਪੰ: ਸੁੰ: :** ਮੈਂ ਘਰ ਪੇ ਬੈਠੂੰ ?

**ਸਤਿਗੁਰੂ ਜੀ :** ਆਪ ਆਰਾਮ ਸੇ ਘਰ ਮੇਂ ਬੈਠੀਏ, ਆਪ ਕੇ ਪਾਸ ਪਹੁੰਚ ਜਾਇੰਗੇ।

**ਪੰ: ਸੁੰ: :** ਏਕ ਦੋ ਦਿਨ ਮੇਂ ?

**ਸਤਿਗੁਰੂ ਜੀ :** ਹਾਂ, ਏਕ ਦੋ ਦਿਨ ਮੇਂ ਹੀ ਆਇੰਗੇ। ਸਾਰਾ ਇਕੱਠਾ ਨਹੀਂ ਆਇਗਾ ਦੋ ਦੋ ਚਾਰ ਮੇਂ ਆ ਜਾਇਗਾ।



Sri Satguru Jagjit Singh Ji Elibrary NamdhariElibrary@gmail.com

ਪੰ: ਸੁ: : ਕਬ ?

ਸਤਿਗੁਰੂ ਜੀ : ਥੋੜੇ ਦਿਨੋਂ ਮੇ ਹੀ ਆ ਜਾਇਗਾ ।...

ਪੰ: ਸੁ: : ਮੇਰਾ ਯਿਹ ਸਾਲ ਤੋਂ ਅੱਛੀ ਤਰਹ ਕਟ ਜਾਇਗਾ ਔਰ ਉਮਰ ਬੜ੍ਹ ਜਾਇਗੀ...ਆਇ ਹਾਇ !...ਆਪ ਮੇਰੇ ਸੇ ਛੋਟੇ ਹੈਂ, ਕੇ ਬਰਸ ?

ਸਤਿਗੁਰੂ ਜੀ : ਮੇਰੀ ਤੋ ਬਹੁਤ ਥੋੜ੍ਹੀ ਆਯੂ ਹੈ ।

ਪੰ: ਸੁ: : ਕਿਤਨੀ ?

ਸਤਿਗੁਰੂ ਜੀ : ਸਾਠ ਬਰਸ ਕੇ ਕਰੀਬ ਹੈ ।

ਪੰ: ਸੁ: : ਸਾਠ ? ਅਰੇ ਮੈਂ ਤੋ ਤਿਰਾਨਵੇਂ ਕਾ ਹੂੰ !

ਸਤਿਗੁਰੂ ਜੀ : ਆਪ ਤੇਤੀ ਚੌਂਤੀਸ ਸਾਲ ਮੇਰੇ ਸੇ ਬੜੇ ਹੈਂ ।

ਪੰ: ਸੁ: : ਤਬ ਤੋ ਮੁਝੇ ਹੱਕ ਹੈ (ਅਤੇ ਭਾਵਾਵੇਸ਼ ਵਿਚ ਆ ਰੋ ਪਏ) ਹਾਇ ਪਿਆਰੇ ! ਤੋ ਫਿਰ ਮੈਂ ਆਊਂ ਸ਼ਾਮ ਕੋ ।

ਸਤਿਗੁਰੂ ਜੀ : ਆਪ ਕੋ ਇਸ ਬਾਤ ਕੇ ਲੀਏ ਆਨੇ ਕੀ ਜ਼ਰੂਰਤ ਨਹੀਂ । ਮੈਂਨੇ ਤੋ ਆਪ ਕੋ ਪੂਛਨੇ ਕੇ ਲੀਏ ਖ਼ੁਦ ਹੀ ਜਾਨਾ ਥਾ ਆਪ ਕੇ ਘਰ ਮੇਂ । ਯਹੀ ਮੇਰਾ ਕਾਮ ਬਨਤਾ ਥਾ ਕਿ ਮੈਂ ਕੁਛ ਮਦਦ ਕਰਤਾ...

ਪੰ: ਸੁ: : ਫਿਰ ਮੁਝੇ ਕਿਸੀ ਦੂਸਰੇ ਸੇ...(ਮਾਂਗਨੇ ਕੀ ਜ਼ਰੂਰਤ ਨਹੀਂ) ਵੁਹ ਮੁਝੇ ਪਹਿਚਾਨਨੇ ਵਾਲਾ ਹੈ ? ਯਿਹ ਨ ਹੋ ਕਿ ਜਾਇ ਮੁਝੇ ਦੇਨੇ ਔਰ ਦੇ ਕਿਸੀ ਔਰ ਕੋ ਆਏ ।

ਸਤਿਗੁਰੂ ਜੀ : ਨਹੀਂ, ਐਸਾ ਨਹੀਂ ਹੋਗਾ । ਆਪ ਕੋ ਹੀ ਮਿਲੇਂਗੇ ।...

ਪੰ: ਸੁ: : ਸਤਿਗੁਰੂ ਜੀ, ਮੈਂ ਆਪ ਕਾ ਸ਼ੁਕਰੀਆ ਕੈਸੇ ਅਦਾ ਕਰੂੰ !

ਸਤਿਗੁਰੂ ਜੀ : ਸ਼ੁਕਰੀਏ ਕੀ ਕੋਈ ਬਾਤ ਨਹੀਂ । ਸ਼ੁਕਰੀਏ ਵਾਲੀ ਬਾਤ ਤੋ ਤਬ ਹੋਤੀ ਹੈ ਜਬ ਕਿਸੀ ਕੇ ਲੀਏ ਕਰਨਾ ਹੋ, ਅਪਨੇ ਲੀਏ ਹੀ ਕਰ ਰਹੇ ਹੈਂ ਹਮ ਲੋਗ ।

ਪੰ: ਸੁ: : ਦਸ ਔਰ ਪਾਂਚ ?

ਸਤਿਗੁਰੂ ਜੀ : ਹਾਂ, ਹਾਂ !

ਪੰ: ਸੁ: : ਤੋ ਮੈਂ ਚਲੂੰ ?

ਅਤੇ ਫਿਰ ਸਤਿਗੁਰੂ ਜੀ ਬਾਹਰ ਆ ਕੇ ਮੀਆਂ ਮਿਰਚਾ ਨੂੰ ਲੈ ਗਏ ਜੁ ਪੰਡਿਤ ਜੀ ਦੇ ਨਾਲ ਆਇਆ ਸੀ ।

### ਅਨਮਣੀ 'ਹਾਂ'

ਪੰ: ਜੀ ਵਿਦਾ ਹੋਏ ਤਾਂ ਠਾਕੁਰ ਦਲੀਪ ਸਿੰਘ ਜੀ ਨੇ, ਜੁ ਸਵੇਰ ਦੇ ਹੀ ਦਿੱਲੀ



Sri Satguru Jagjit Singh Ji Elibrary NamdhariElibrary@gmail.com

ਪਹੁੰਚੇ ਹੋਏ ਸਨ, ਸਤਿਗੁਰੂ ਜੀ ਨਾਲ ਉਨ੍ਹਾਂ ਦੇ ਫੋਟੋ ਸਨੈਪ ਲੈਣ ਲਈ ਵਕਤ ਨਿਰਧਾਰਣ ਦੀ ਗੱਲ ਕੀਤੀ। ਸਤਿਗੁਰੂ ਜੀ 9 ਤੋਂ 10 ਵਜੇ ਸਵੇਰ ਦਾ ਸਮਾਂ ਦੇਣ ਬਾਰੇ ਪਰਵਾਨਗੀ ਦਿਤੀ। ਤਦ ਠਾਕੁਰ ਜੀ ਨੇ ਫੋਟੋਗ੍ਰਾਫਰ ਦੀ ਕੋਈ ਮਜਬੂਰੀ ਦੱਸ ਕੇ ਬਾਅਦ ਦੁਪਹਿਰ ਦਾ ਸਮਾਂ ਨਿਸਚਿਤ ਕਰਨ ਲਈ ਅਰਜ਼ ਕੀਤੀ। ਸਤਿਗੁਰੂ ਜੀ ਨੇ ਅਨਮਨੇ ਮਨ ਪਰਵਾਨਗੀ ਦੇ ਦਿਤੀ।

ਆਈ ਹੋਈ ਸੰਗਤ ਨੂੰ ਦਰਸ਼ਨ ਦੇ, ਪਾਠ ਕਰ, ਭੋਜਨ ਛਕ ਕੁਝ ਸਮਾਂ ਆਰਾਮ ਨੂੰ ਦਿਤਾ ਅਤੇ 2 ਤੋਂ 3 ਤਕ ਸਾਧ ਸੰਗਤ ਨਾਲ ਬੈਠ ਕੇ ਹਾਲ ਵਿਚ ਨਾਮ ਸਿਮਰਨ ਕੀਤਾ।

## ਫੋਟੋ ਧੰਧੇ ਵਿਚ

ਠਾਕੁਰ ਜੀ ਅਤੇ ਹੰਸਪਾਲ ਹੋਰਾਂ ਦੀ ਇੱਛਾ ਸੀ ਕਿ ਸਤਿਗੁਰੂ ਜੀ ਦੀ ਕੋਈ ਜ਼ੋਰਦਾਰ ਤਸਵੀਰ ਤਿਆਰ ਹੋ ਸਕੇ ਜੁ ਸਾਧ ਸੰਗਤ ਦੇ ਘਰੀਂ ਲਗਵਾਣ ਲਈ ਪ੍ਰਿੰਟ ਕਰਵਾਈ ਜਾ ਸਕੇ। ਅਜ ਸਵੇਰ ਵਾਸਤੇ ਤਾਂ ਸਤਿਗੁਰੂ ਜੀ ਤਿਆਰ ਸਨ। ਦੁਪਹਿਰ ਬਾਅਦ ਦੀ ਪਰਵਾਨਗੀ ਅਣਚਾਹਿਆਂ ਹੀ ਦਿਤੀ। ਅਗੋਂ ਸਬਬ ਅਜਿਹਾ ਬਣਿਆ ਕਿ ਬੱਤੀ ਬੰਦ ਹੋ ਗਈ। ਫੇਰ ਨਵੀਂ ਸੜਕ ਵਾਲੇ ਚੁਰਾਂਹੇ ਉੱਤੇ ਸ੍ਰੀ ਮਦਨ ਲਾਲ ਮਾਣਾ ਫੋਟੋਗ੍ਰਾਫਰ ਨੂੰ ਸੱਦ ਕੇ ਫੋਟੋਗ੍ਰਾਫੀ ਲਈ ਤਿਆਰੀ ਹੋਣ ਲੱਗੀ।

ਸ੍ਰੀ ਮਦਨ ਲਾਲ ਜੀ ਫੋਟੋਗ੍ਰਾਫੀ ਵਿਚ ਠਾਕੁਰ ਦਲੀਪ ਸਿੰਘ ਜੀ ਦੇ ਉਸਤਾਦ ਹਨ। 60 ਸਾਲਾਂ ਦੇ ਨੇੜੇ ਦੀ ਉਮਰ ਦਾ ਇਹ ਵਿਅਕਤੀ ਚਿੱਤਰ ਉਪਯੁਕਤ ਸਥਾਨ ਤਿਆਰ ਕਰਦਾ ਰਿਹਾ। ਅੱਜ ਗਰਮੀ ਵੀ ਪਹਿਲਾਂ ਤੋਂ ਵਧੇਰੇ ਸੀ। ਸਾਧ ਸੰਗਤ ਨੂੰ ਬੇਨਤੀ ਕੀਤੀ ਗਈ ਸੀ ਕਿ ਸ਼ਾਮੀਂ 6 ਵਜੇ ਤੋਂ ਪਿੱਛੋਂ ਹੀ ਦਰਸ਼ਨ ਦੇਵੇ। ਬੂਹੇ ਬੰਦ ਕਰ ਦਿਤੇ ਗਏ। ਅਤੇ ਜਦੋਂ ਹਰ ਪਰਕਾਰ ਦੀ ਤਿਆਰੀ ਹੋ ਗਈ ਤਾਂ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਗਈ। ਇਸ ਚੁਰਾਂਹੇ ਨੂੰ ਅਜੇ ਕੋਈ ਚੀਨਾ ਨਹੀਂ ਸੀ। ਇਕ ਬਾਂਸ ਦੀ ਪੌੜੀ ਦੁਆਰਾ ਹੀ ਸਤਿਗੁਰੂ ਜੀ ਫੋਟੋ ਸਥਾਨ ਤਕ ਪਹੁੰਚੇ।

ਫੋਟੋਕਾਰੀ ਦੇ ਦਰਸ਼ਨ ਠਾਕੁਰ ਜੀ, ਹੰਸਪਾਲ, ਪੁਰਬਾ, ''ਵਰਿਆਮ'', ਭੁਪਿੰਦਰ ਸਿੰਘ ਚਾਵਲਾ, ਅਜੀਤ ਸਿੰਘ ਵਾਈਲੈਂਡ ਹੀ ਕਰ ਰਹੇ ਸਨ। ਮਦਨ ਲਾਲ ਜੀ ਡਾਕਟਰ ਦੇ ਮਰੀਜ਼ ਨੂੰ ਵੇਖਣ ਵਾਂਗ, ਕਦੇ ਕੁਰਸੀ ਤੇ, ਕਦੇ ਤਿਪਾਈ ਤੇ, ਕਦੇ ਓਵਰਕੋਟ ਪਹਿਨਾਅ, ਕਦੇ ਚੱਦਰ ਦੀ ਬੁੱਕਲ ਮਾਰ, ਕਦੀ ਗਰਮੀ ਦੇ ਮੌਸਮ ਦੇ ਕੱਪੜਿਆਂ ਵਿਚ, ਗੱਲ ਕੀ ਅਨੇਕ ਪਰਕਾਰ ਦੀਆਂ ਪੋਜ਼ੀਸ਼ਨਾਂ ਦੇ ਪੋਜ਼ ਲੈਂਦੇ ਰਹੇ। ਮਦਨ ਲਾਲ ਜੀ ਬਿਨਾ ਠਾਕੁਰ ਜੀ, ਭੁਪਿੰਦਰ ਸਿੰਘ ਅਤੇ ਅਜੀਤ ਸਿੰਘ ਵੀ ਕਦੇ ਕਦੇ ਆਪਣੇ ਕੈਮਰਿਆਂ ਦੀ ਵਰਤੋਂ ਕਰਦੇ ਰਹੇ.। ਸਮਾਧੀ ਲੁਆ, ਗਾਤਰੇ ਪਉੜੇ ਕੋਲ ਰਖ, ਦਿਲਰੁਬਾ ਨੂੰ ਵਜਾਉਂਦਿਆਂ ਜਾਂ ਸਾਹਮਣੇ ਸਜਾ ਫੋਟੋ ਉਤਾਰਦੇ ਰਹੇ ਮਦਨ ਲਾਲ ਜੀ। 3.30 ਤੋਂ 4.30 ਤਕ ਭਾਰੀ ਗਰਮੀ ਵਿਚ ਆਗਿਆਕਾਰੀਆਂ ਵਾਂਗ ਸਤਿਗੁਰੂ ਜੀ ਨੇ ਮੁਖੀਆਂ ਦੀ ਫੋਟੋ ਸੰਬੰਧਤ ਇੱਛਾ ਪੂਰਤੀ ਕੀਤੀ।

ਅੰਤ ਉੱਤੇ ਲੀਡਰਾਂ ਦੀ ਲੋੜ ਸੀ ਇਕ ਸਾਂਝੀ ਫੋਟੋ ਦੀ। ਹੰਸਪਾਲ ਜੀ ਨੇ



Sri Satguru Jagjit Singh Ji Elibrary NamdhariElibrary@gmail.com

ਸੇਠ ਜੀ ਨੂੰ ਉਪਰ ਆਉਣ ਲਈ ਆਵਾਜ਼ ਮਾਰੀ। ਤਰਲੋਕ ਸਿੰਘ ਹੁਰੀਂ ਪੌੜੀ ਕੋਲ ਆਏ ਤਾਂ ਸਤਿਗੁਰਾਂ ਫ਼ਰਮਾਇਆ : ਹੇਠਾਂ ਹੀ ਰਹੋ, ਮੈਂ ਵੀ ਏਥੇ ਆਉਂਦਾ ਹਾਂ।

ਸਤਿਗੁਰੂ ਜੀ ਪੌੜੀ ਉੱਤਰੇ। ਪਰ ਉਹ ਕਾਫੀ ਥਕਾਨ ਅਨੁਭਵ ਕਰ ਰਹੇ ਸਨ, ਭਾਵੇਂ ਉਨ੍ਹਾਂ ਕਿਸੇ ਪ੍ਰੋਗਰਾਮ ਵਿਚ ਵਿਘਨ ਨਹੀਂ ਪੈਣ ਦਿਤਾ।

[illegible]

ਅੰਦਰੋਂ ਜਾ ਕੇ ਸਤਿਗੁਰੂ ਜੀ ਨੇ ਇਕ ਵਧੀਆ ਪਲਾਸਟਿਕ ਨਾਲ ਤਿਆਰ ਹੋਈ ਸਫੈਦ ਰੰਗ ਦੀ ਮਾਈਕਰੋ ਟਿਪ ਪੈੱਨ, ਸਮੇਤ ਉਸ ਦੇ ਪਾਰਦਰਸ਼ੀ ਢੱਕਣ ਦੇ ਮੈਨੂੰ ਇਹ ਕਹਿੰਦਿਆਂ ਦਿਤੀ : ਜਗਦੀਸ਼ (ਵਰਿਆਮ) ਵੇਖਦਾ ਹੈ। ਉਸ ਨੂੰ ਅੰਗੂਠਾ ਵਿਖਾਇਆ ਸੀ (ਨਾਂਹ ਦੇ ਰੂਪ ਵਿਚ) ਪਰ ਇਸ ਦਾ ਇਹ ਅਰਥ ਵੀ ਹੈ ਕਿ "ਠੀਕ ਕੀਤਾ ਜਾ ਰਿਹਾ ਹੈ।" ਇਹ ਕਲਮ ਬਿਨਾਂ ਜ਼ੋਰ ਲਾਇਓਂ ਤੁਹਾਡੇ ਹੱਥ ਵਿਚ ਚਲੇਗੀ। ਇਸ ਦੀ ਇਕ ਸਾਲ ਚਲਦੇ ਰਹਿਣ ਦੀ ਗਾਰੰਟੀ ਹੈ।

ਅਸਲ ਵਿਚ ਇਹਦੇ ਨਾਲ ਦੀ ਕਲਮ ਸਤਿਗੁਰੂ ਜੀ ਪਾਸ ਮੈਂ ਦੋ ਤਿੰਨ ਦਿਨ ਤੋਂ ਵੇਖ ਰਿਹਾ ਸਾਂ। ਮੇਰੇ ਮਨ ਵਿਚ ਇਹ ਲਾਲਚ ਵੀ ਬਾਰ ਬਾਰ ਅੰਗੜਾਈਆਂ ਲੈਂਦਾ ਸੀ, ਕਿਸੇ ਤਰ੍ਹਾਂ ਮੈਨੂੰ ਵੀ ਇਹਦੇ ਵਰਗੀ ਕਲਮ ਮਿਲ ਜਾਏ ਨ!

ਕਲਮ ਪ੍ਰਾਪਤ ਕਰ ਕੇ ਸੁਭਾਵਕ ਹੀ ਮੈਂ ਬਾਗ਼ ਬਾਗ਼ ਹੋ ਗਿਆ।

ਮਹਾਰਾਣੀ ਬਾਗ਼ ਦੇ ਸ. ਸਤਿਪਾਲ ਸਿੰਘ ਨੇ ਆਪਣੇ ਘਰ ਚਰਨ ਪਾਉਣ ਦੀ ਬੇਨਤੀ ਕੀਤੀ। ਸਤਿਗੁਰੂ ਜੀ ਨੇ ਸ. ਹੇਮਪਾਲ ਨੂੰ ਨੋਟ ਕਰਵਾਣ ਲਈ ਕਿਹਾ।

ਏਨੇ ਚਿਰ ਨੂੰ ਸ. ਗੁਰਚਰਨ ਸਿੰਘ ਦੀ ਭੈਣ ਬੀਬੀ ਚਰਨਜੀਤ ਕੌਰ ਸੁਪਤਨੀ ਸ੍ਰੀ ਡੱਕਰ ਵਿਸ਼ੇਸ਼ਰ ਸਿੰਘ ਜੀ ਆ ਗਈ। ਮਹਾਰਾਜ ਨਿਹਾਲ ਸਿੰਘ ਜੀ ਦੇ ਇਸ ਛੋਟੇ ਲੜਕੇ ਦੀ ਸ਼ਾਦੀ ਸਤਿਗੁਰੂ ਜੀ ਦੀ ਇੱਛਾ ਅਨੁਸਾਰ ਹੋਈ ਸੀ। ਕੁਝ ਸਮਾਂ ਉਸ ਨਾਲ ਵਿਚਾਰ ਵਟਾਂਦਰਾ ਹੋਈ।

### 8 ਮੁਰੱਬੇ ਸਫ਼ੈਦਾ

ਠਾਕੁਰ ਦਲੀਪ ਸਿੰਘ ਜੀ ਨੇ ਦੱਸਿਆ ਕਿ ਐਤਕੀਂ ਉਹ ਦੋ ਚਾਰ ਦਿਨਾਂ ਲਈ, ਜਦੋਂ ਸਤਿਗੁਰੂ ਜੀ ਆਪ ਵੀ ਜੀਵਨ ਨਗਰ ਇਲਾਕੇ ਵਿਚ ਸਨ, ਜੀਵਨ ਨਗਰ ਦੇ ਪ੍ਰਬੰਧ ਦੇ ਸਿਲਸਿਲੇ ਵਿਚ ਗਏ ਰਹੇ ਹਨ। ਸਤਿਗੁਰੂ ਜੀ ਨੇ ਇਸ ਵਾਰ ਆਗਿਆ ਕੀਤੀ ਹੈ ਕਿ ਇਕ ਲੱਖ ਬੂਟਾ ਸਫ਼ੈਦੇ ਦਾ ਲਗਾਣਾ ਹੈ, ਚਾਰ ਮੁਰੱਬੇ ਸਕੂਲ ਵਾਲੀ ਜ਼ਮੀਨ ਵਿਚ, ਚਾਰ ਮੁਰੱਬੇ ਮਸਤਾਨਗੜ੍ਹ ਦੀ ਧਰਤੀ ਤੇ। ਹਰਿਆਣਾ ਗਵਰਨਮੈਂਟ ਇਸ ਕਾਰਜ ਲਈ ਪਨੀਰੀ ਅਤੇ ਰਖਵਾਲੀ ਦੀ ਜ਼ਿੰਮੇਵਾਰੀ ਲਵੇਗੀ। ਅਸਾਂ ਜ਼ਮੀਨ ਦੇਣੀ ਤੇ ਬੂਟੇ ਲਗਵਾਣੇ ਹਨ। ਅਵਤਾਰ ਸਿੰਘ ਜੁ ਸੰਤ ਪੂਰਨ ਸਿੰਘ ਅੰਮ੍ਰਿਤਸਰ ਕਲਾਂ ਦਾ ਲੜਕਾ ਹੈ, ਠਾਕਰ ਜੀ ਉਸ ਦੇ ਜ਼ਿੰਮੇ ਇਹ ਕੰਮ ਲਾ ਆਏ ਹਨ।

### "ਵਰਿਆਮ" ਦੀ ਸੇਵਾ

ਜਗਦੀਸ਼ ਸਿੰਘ ਨੂੰ ਮੇਰੇ ਤੇ ਨਾ ਵੇਖ ਕੇ ਸ. ਹਰਵਿੰਦਰ ਸਿੰਘ ਨੇ ਸਤਿਗੁਰੂ ਜੀ ਨੂੰ



Sri Satguru Jagjit Singh Ji Elibrary NamdhariElibrary@gmail.com

ਬੇਨਤੀ ਕੀਤੀ : ਸੱਚੇ ਪਾਤਸ਼ਾਹ, ਅਜੇ ਤਕ ਸੰਤ ਅਵਤਾਰ ਸਿੰਘ ਨਾਮਧਾਰੀ ਪ੍ਰਿੰਟਿੰਗ ਵਰਕਸ ਵਾਲਿਆਂ "ਵਰਿਆਮ" ਨੂੰ ਇਸ਼ਤਿਹਾਰ ਨਹੀਂ ਦਿਤਾ। ਸਤਿਗੁਰੂ ਜੀ ਉਸ ਘੜੀ ਧਰਮ ਸਿੰਘ, ਸ਼ੇਰ ਸਿੰਘ ਚਾਵਲਾ ਦੇ ਦਫ਼ਤਰ ਵਿਚ ਸਨ ਜੁ ਏਸੇ ਕੋਠੀ ਵਿਚ ਸਥਿਤ ਸੀ। ਸਤਿਗੁਰੂ ਜੀ ਨੇ ਤੁਰਤ ਹੰਸਪਾਲ ਨੂੰ ਅਵਤਾਰ ਸਿੰਘ ਹੁਰਾਂ ਦਾ ਫ਼ੋਨ ਨੰ: ਡਾਇਲ ਕਰਨ ਲਈ ਕਿਹਾ। ਚੋਂਗਾ ਹੱਥ ਵਿਚ ਲੈਂਦਿਆਂ ਹੀ ਸਤਿਗੁਰੂ ਜੀ ਬੋਲੇ :

ਅਵਤਾਰ ਸਿੰਘ ?...ਤੁਹਾਨੂੰ 'ਵਰਿਆਮ' ਵਿਚ ਇਸ਼ਤਿਹਾਰ ਦੇਣ ਲਈ ਆਖਿਆ ਸੀ, ਕਿੰਨੇ ਇਸ਼ਤਿਹਾਰ ਦਿੱਤੇ ਨੇ ?...(ਮੁਸਕਰਾ ਕੇ) ਧੰਨ ਹੋ ਤੁਸੀਂ, ਬਖ਼ਸ਼ਸ਼ ਤਾਂ ਹੁੰਦੀ ਹੈ ਜੇ ਤੁਸੀਂ 'ਵਰਿਆਮ' ਨੂੰ ਇਸ਼ਤਿਹਾਰ ਦਿਓ।...ਹੈਂ ਹੈਂ... ਚੋਖੇ ਸਾਰੇ ਇਸ਼ਤਿਹਾਰ ਦਿਆ ਕਰੋ...ਮੈਂ ਸੋਚਿਆ ਸੀ ਤੁਸਾਂ ਬੰਦ ਕਰ ਦਿਤਾ ਹੋਣੈ !...ਐਡਾ ਹੀ ਗਿਆ ?... ਮੈਂ ਇਸ ਤਰ੍ਹਾਂ ਨਹੀਂ ਮੰਨਣਾ। ਜਦੋਂ 'ਵਰਿਆਮ' ਵਿਚ ਇਸ਼ਤਿਹਾਰ ਤੁਹਾਡਾ ਛਪ ਜਾਵੇਗਾ, ਉਸ ਨੂੰ ਪੈਸੇ ਮਿਲ ਜਾਣਗੇ ਤਾਂ ਸਮਝਾਂਗਾ।...ਹਾਂ ਠੀਕ ਹੈ। ਠੀਕ ਹੈ।...ਚੰਗਾ, ਸਤਿ ਸ੍ਰੀ ਅਕਾਲ।

ਫਿਰ ਸਤਿਗੁਰੂ ਜੀ ਨੇ ਬਲਵੰਤ ਸਿੰਘ, ਅਵਤਾਰ ਸਿੰਘ ਦੇ ਛੋਟੇ ਭਾਈ ਨੂੰ ਯਾਦ ਕੀਤਾ। ਉਹ ਨਿਤਨੇਮ ਦੇ ਸਮੇਂ ਆਇਆ ਅਤੇ ਭੋਗ ਪੈਣ ਸਮੇਂ ਚਲਾ ਗਿਆ ਸੀ। ਸਤਿਗੁਰੂ ਮੁਸਕਰਾਏ : ਮੈਂ ਤਾਂ ਅਜੇ ਉਸ ਨੂੰ 'ਦਰਸ਼ਨ ਦੇਣਾ' ਸੀ, ਉਹ ਪਹਿਲਾਂ ਹੀ ਚਲਿਆ ਗਿਆ।

## ਅਣ ਵਿਆਹਿਆ 'ਸੁਮਨ'

ਨਾਮਧਾਰੀਆਂ ਦਾ ਇਕ ਉੱਤਮ ਗਾਇਕ ਮੁੰਡਾ, ਸ੍ਰੀ ਸੁਰਿੰਦਰ ਸਿੰਘ 'ਸੁਮਨ' ਸਪੁੱਤਰ ਸੰਤ ਊਧਮ ਸਿੰਘ ਅਜੇ ਤਕ ਅਣਵਿਆਹਿਆ ਤੁਰਿਆ ਫਿਰਦਾ ਹੈ। ਇਸ ਬਾਰੇ ਇਕ ਸਾਰ ਜਗਦੀਸ਼ ਸਿੰਘ ਵੀ ਪੁੱਛਦਾ ਫਿਰਦਾ ਸੀ। ਇਹ ਪਿਛਲੇ ਹੌਲੇ ਤੋਂ ਭੈਣੀ ਸਾਹਿਬ ਹੀ ਸੀ। ਉਸ ਦੇ ਵਿਆਹ ਬਾਰੇ ਮੈਂ ਸਤਿਗੁਰਾਂ ਨੂੰ ਪੁੱਛਿਆ। ਸਤਿਗੁਰੂ ਜੀ ਨੇ ਦੱਸਿਆ : ਪਿਛਲੇ ਦਿਨੀਂ ਉਸ ਵਾਸਤੇ ਦੋ ਵਾਰ ਜਤਨ ਕੀਤੇ ਪਰ ਉਹ ਐਨ ਸਮੇਂ ਸਿਰ ਭੱਜ ਖਲੋਂਦਾ ਹੈ। "ਇਹ ਵੀ ਨਹੀਂ ਕਰਨਾ। ਇਹ ਮੇਰੇ ਪਸੰਦ ਨਹੀਂ।" ਅਜਿਹੇ ਆਦਮੀ ਦਾ ਅਸੀਂ ਕੀ ਕਰ ਸਕਦੇ ਹਾਂ।

## ਪ੍ਰੋਗਰਾਮਾਂ ਦਾ ਹਾਲ

ਸ੍ਰੀ ਸਤਿਗੁਰੂ ਜੀ ਦੇ ਪ੍ਰੋਗਰਾਮ ਨਾਂਹ-ਨਾਂਹ ਕਰਦਿਆਂ ਵੀ ਬੜੇ ਪੇਚਵੇਂ ਹੋ ਜਾਂਦੇ ਹਨ। ਇਹ ਮਜਬੂਰੀ ਦਸਦਿਆਂ, ਇਕ ਕਿਸੇ ਦੀ ਗੱਲ ਸੁਣਾਈ ਕਿ ਉਹ ਕਿਵੇਂ ਟੱਬੇ ਤੇ ਟੱਬਾ ਦੇਂਦਾ ਜਾਂਦਾ ਹੈ :

"ਗਾਰਦਵਾਸ ਨੂੰ ਕਿਸੇ ਪੁੱਛਿਆ, ਕਲਕੱਤੇ ਗਿਆ ਸੈਂ ?"

"ਹਾਂ ਗਿਆ ਸਾਂ, ਜਦੋਂ ਮੈਂ ਜਾਪਾਨ ਤੋਂ ਹੋ ਕੇ ਆਇਆ ਸਾਂ !"

"ਜਾਪਾਨ ਵੀ ਗਿਆ ਸੈਂ ?"



Sri Satguru Jagjit Singh Ji Elibrary NamdhariElibrary@gmail.com

"ਹਾਂ ! ਹਾਂਗਕਾਂਗ ਗਿਆ ਮੈਂ ਸੋਚਿਆ ਏਥੋਂ ਵੀ ਹੋਈ ਹੀ ਜਾਈਏ !"

"ਇਹਦਾ ਮਤਲਬ ਹੈ ਤੇਰਾ ਹਾਂਗਕਾਂਗ ਵੀ ਜਾਣਾ ਹੋ ਗਿਆ !"

"ਆਹੋ, ਜਿਸ ਆਦਮੀ ਨੇ ਥਾਈਲੈਂਡ ਜਾਣਾ ਹੋਵੇ, ਉਹਦੇ ਲਈ ਉਹ ਕੋਈ ਦੂਰ ਨਹੀਂ ਰਹਿੰਦਾ ।"

"ਇਸ ਦਾ ਮਤਲਬ ਕਿ ਤੂੰ ਥਾਈਲੈਂਡ ਵੀ ਵੇਖਿਆ ਹੋਇਆ ਹੈ !"

"ਇੰਜ ਪ੍ਰੋਗਰਾਮ 'ਚੋਂ ਪ੍ਰੋਗਰਾਮ ਨਿਕਲੀ ਆਉਂਦਾ ਹੈ । ਮੇਰੇ ਪ੍ਰੋਗਰਾਮ ਇਸ ਤਰ੍ਹਾਂ ਬਣਦੇ ਹਨ ਕਿ ਦਿੱਲੀ ਤਾਂ ਤੁਸੀਂ ਆਏ ਹੀ ਓ, ਗਾਂਧੀ ਨਗਰ (ਜਮਨਾ ਪਾਰ) ਦਰਸ਼ਨ ਦੇ ਦਿਓ । ਗਾਂਧੀ ਨਗਰ ਗਿਆਂ, ਬਸ ਜੀ ਏ ਬਾਜ਼ਾਰ ਛੱਡ ਕੇ ਸਾਡੀ ਦੁਕਾਨ ਹੈ, ਓਥੇ ਜ਼ਰੂਰ ਕਿਰਪਾ ਕਰੋ ਅਤੇ ਇਸ ਤਰ੍ਹਾਂ ਚੱਲ ਸੁ ਚੱਲ ।"

## ਸੱਤਿ ਸ੍ਰੀ ਅਕਾਲ

ਵਿਦਵਾਨਾਂ ਵਿਚੋਂ ਇਕ ਸੱਜਣ ਪ੍ਰੋ: ਸੁਖਬੀਰ ਸਿੰਘ ਕੁਲਾਟੀ ਹਨ । ਇਹ ਵੀ ਇਸ ਮੌਕੇ ਉਪਸਥਿਤ ਸਨ ਅਤੇ ਸਭ ਕੁਝ ਸੁਣਦੇ ਆਤਮਸਾਤ ਕਰੀ ਜਾ ਰਹੇ ਸਨ । ਉਨ੍ਹਾਂ ਨੂੰ ਸੁਣਾ ਕੇ ਸਤਿਗੁਰੂ ਜੀ ਨੇ ਆਖਿਆ : ਔਂਠਾ ਜੀ ਸੌਂਤਿਅ ਸ੍ਰੀ ਅਕਾਲ !

ਇਹ ਨਿੱਕਾ ਜਿਹਾ ਤੇ ਪਿਆਰਾ ਵਿਅੰਗ-ਵਿਨੋਦ ਸੀ । ਕਿਉਂਕਿ ਪ੍ਰੋ: ਕੁਲਾਟੀ ਸੰਗੀਤ ਕਾਨਫਰੰਸਾਂ ਦੀ ਮੰਚ ਸਕੱਤਰੀ ਕਰਦਿਆਂ ਕੁਝ ਨਿਵੇਂ ਤਰੀਕੇ ਨਾਲ ਸਤਿ ਸ੍ਰੀ ਅਕਾਲ ਕਿਹਾ ਕਰਦੇ ਸਨ । ਸਿੰਘ ਜੀ ਏਨੇ ਕੁ ਕਹੇ ਨਾਲ ਹੀ ਨਿਹਾਲ ਹੋ ਗਏ ।

## ਚੂੜੀ ਵਾਲੀ ਸੁੱਥਣ

ਸਾਰੀ ਗੱਲ ਬਾਤ ਟੈਲੀਫੋਨ ਕਮਰੇ ਵਿਚ ਹੀ ਹੋ ਰਹੀ ਸੀ ਕਿ ਸਤਿਗੁਰੂ ਜੀ ਇਸ ਘਰ ਦੀਆਂ ਦੋ ਮੁਟਿਆਰਾਂ, ਨੂੰਹ-ਧੀ, ਨੂੰ ਬੁਲਾ ਘੱਲਿਆ । ਉਹ ਆਈਆਂ ਤਾਂ ਉਨ੍ਹਾਂ ਨੂੰ ਪ੍ਰੋ: ਸੁਖਬੀਰ ਸਿੰਘ ਕੁਲਾਟੀ ਦੀ ਮਾਤਾ ਦੇ ਦਰਸ਼ਨ ਕਰਵਾ ਕੇ ਕਿਹਾ : ਇਹ ਹੈ ਚੂੜੀ ਵਾਲੀ ਸੁੱਥਣ ਜੁ ਇਸ ਮਾਤਾ ਨੇ ਪਹਿਨੀ ਹੋਈ ਹੈ । ਤੁਹਾਡੀ ਕੋਸ਼ਿਸ਼ ਹੁੰਦੀ ਹੈ, ਪਾਈ ਸੁੱਥਣ ਹੋਵੇ, ਛੱਗੇ ਸਲਵਾਰ ਵਾਂਗੂੰ । ਇਹ ਬਿਰਧ ਮਾਤਾ ਬਸੰਤ ਕੌਰ (84) ਸੁਪਤਨੀ ਸੰਤ ਕੰਨ੍ਹਈਆ ਸਿੰਘ (72 ਚੱਕ ਫੈਨੀਆਂ, ਜ਼ਿ: ਲਾਇਲਪੁਰ) ਅੱਜ ਉਚੇਚਿਆਂ ਦਰਸ਼ਨ ਕਰਨ ਆਈ ਸੀ । ਸਤਿਗੁਰੂ ਜੀ ਨੇ ਇਸ ਕੋਠੀ ਦੀਆਂ ਮੁਟਿਆਰਾਂ ਨੂੰ ਹਦਾਇਤ ਕੀਤੀ ਕਿ ਅੱਜ ਹੀ ਅਜਿਹੀਆਂ ਸੁੱਥਣਾਂ ਸਿਉਂ ਕੇ ਪਾਓ ਅਤੇ ਵਖਾਓ । ਬੀਬੀਆਂ "ਸਤਿ ਬਚਨ ਜੀ" ਕਹਿ ਕੇ ਤੁਰ ਗਈਆਂ ।

ਪਿਛੋਂ ਮੈਨੂੰ ਪ੍ਰੋ: ਕੁਲਾਟੀ ਨੇ ਦੱਸਿਆ ਕਿ ਦਿੱਲੀ ਵਿਚ ਇਕ ਵਾਰ ਇਹਨਾਂ ਦੀ ਮਾਤਾ ਕੋਲ ਕੇਵਲ ਪੰਜ ਆਨੇ ਸਨ, ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮੱਥਾ ਟੇਕਣ ਲਈ । ਇਹ ਜੱਕੋਤੱਕਿਆਂ ਵਿਚ ਹੀ ਸਨ ਕਿ ਰੁਪਏ ਤੋਂ ਘੱਟ ਕੀ ਮੱਥਾ ਟੇਕਣ ਕਿ·ਜਾਣ



Sri Satguru Jagjit Singh Ji Elibrary NamdhariElibrary@gmail.com

ਲੱਗਿਆਂ ਸਤਿਗੁਰਾਂ ਭਾਈ ਵਜ਼ੀਰ ਸਿੰਘ ਨੂੰ ਆਖਿਆ ਬੀਬੀ ਕੋਲੋਂ ਪੰਜ ਆਨੇ ਜ਼ਰੂਰ ਲੈ ਲੈਣੇ। ਇਹ ਆਨੇ ਪੈਸੇ ਨਹੀਂ, ਮੋਹਰਾਂ ਹਨ।

ਪ੍ਰੋ. ਸੁਖਬੀਰ ਸਿੰਘ ਨੇ ਇਹ ਵੀ ਦੱਸਿਆ ਕਿ ਉਹਦੇ ਮਾਤਾ ਜੀ ਛੋਟੇ ਹੁੰਦੇ ਵਰਤਮਾਨ ਸਤਿਗੁਰੂ ਜੀ ਨਾਲ ਖੇਡਦੇ ਵੀ ਰਹੇ ਹਨ।

## ਸ. ਜਸਵੰਤ ਸਿੰਘ ਸੇਠੀ

5.20 ਸ਼ਾਮ ਦੇ ਹੋਏ ਤਾਂ ਗੁਰੂ ਦਰਸਨਾਂ ਲਈ ਸ. ਜਸਵੰਤ ਸਿੰਘ ਸੇਠੀ ਸ. ਸੁਲੱਖਣ ਸਿੰਘ ਸੂਰਾ ਨਾਲ ਪਹੁੰਚ ਗਏ। ਸ. ਜਸਵੰਤ ਸਿੰਘ ਸੇਠੀ, ਹੁਣੇ ਹੁਣੇ ਹੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੌਦੇਬਾਜ਼ੀ ਭਰੀ ਚੋਣ ਹਾਰ ਕੇ, ਸਿੱਧੇ ਮਸੂਰੀਓਂ ਹੀ ਸੇਠ ਜੀ ਦੀ ਕੋਠੀ ਆਏ। ਲਾਲ ਗਲੀਚਿਆਂ ਵਿਛੇ ਹਾਲ ਵਿਚ ਬੈਠ ਕੇ ਇਹਨਾਂ ਉਹ ਸਾਰੀ ਰਾਮ ਕਹਾਣੀ ਸਤਿਗੁਰੂ ਜੀ ਨੂੰ ਸੁਣਾਈ, ਜਿਸ ਤੋਂ ਪਤਾ ਲੱਗਦਾ ਸੀ ਕਿ ਕਮੇਟੀ ਮੈਂਬਰਾਂ ਦਾ ਕੋਈ ਦੀਨ ਧਰਮ ਨਹੀਂ ਅਤੇ ਕਿਸੇ ਵੇਲੇ ਵੀ ਅਤੇ ਕੋਈ ਵੀ ਕਿਸ ਦੂਜੇ ਦਾ ਵਿਸ਼ਵਾਸਘਾਤ ਕਰ ਸਕਦਾ ਹੈ। ਸੁਣ ਕੇ ਇਹ ਪਤਾ ਲੱਗਦਾ ਸੀ ਕਿ ਉੱਚਾ ਸਿੱਖ ਅਦਾਰਾ ਪ੍ਰਧਾਨਗੀ ਸਕੱਤਰੀ ਦੀਆਂ ਕੁਰਸੀਆਂ ਪਿਛੇ ਚਰਿੱਤਰ ਹੀਣਤਾ ਦੀਆਂ ਸਿਖਰਾਂ ਛੂਹ ਸਕਦਾ ਹੈ।

ਸ. ਸੁਲੱਖਣ ਸਿੰਘ ਨੇ ਦੱਸਿਆ ਕਿ ਕਿਵੇਂ ਜਥੇਦਾਰ ਟੌਹੜਾ ਸ. ਸੇਠੀ ਨੂੰ ਆਪਣੇ ਸੌਦੇ ਵਿਚ ਭਾਈਵਾਲ ਬਣਾਉਣਾ ਚਾਹੁੰਦਾ ਸੀ, ਪਰ ਇਹ ਆਪਣੀ ਗੱਲ 'ਤੇ ਡਟੇ ਰਹੇ। ਸਤਿਗੁਰੂ ਜੀ ਨੇ ਬਚਨ ਕੀਤਾ : ਹਾਰ ਜਿੱਤ ਤਾਂ ਬਣੀ ਹੀ ਹੋਈ ਹੈ ਪਰ ਜਿਹੜਾ ਆਪਣੇ ਬਚਨ ਤੇ ਡਟਦਾ ਹੈ, ਉਹ ਹਾਰਿਆ ਹੋਇਆ ਵੀ ਜੇਤੂ ਹੈ।

ਇਹ ਗੱਲਬਾਤ 20-25 ਮਿੰਟ ਤਕ ਚਲੀ।

## ਮੁਸੱਵਰ ਦਰਿਆਮ ਸਿੰਘ ਜੀ

ਇਹਨਾਂ ਤੋਂ ਪਹਿਲੇ ਜੋ ਸਤਿਗੁਰੂ ਜੀ ਹਾਲ 'ਚੋਂ ਬਾਹਰ ਆਏ ਤਾਂ ਨਾਮਧਾਰੀ ਇਤਿਹਾਸ ਦੇ ਚਿੱਤਰਕਾਰ ਮੁਸੱਵਰ ਦਰਿਆਮ ਸਿੰਘ (72) ਜੀ ਨਮਸਕਾਰ ਕਰਕੇ ਅਰਜ਼ ਕਰਨ ਲਗੇ ਕਿ 'ਸਤਿਜੁਗ' ਦੇ 'ਸੂਬਾ ਸਾਹਿਬ ਸਿੰਘ ਅੰਕ' ਦੀਆਂ ਤਸਵੀਰਾਂ ਬਾਬਤ ਬਾਰੇ ਮਹਾਰਾਜ ਜੀ ਮੈਨੂੰ ਕੁਝ ਦੱਸਦੇ ਹਨ ਅਤੇ ਸੰਪਾਦਕ ਸਨਖਤਰਾ ਕੁਝ ਹੋਰ ਦੱਸਦਾ ਹੈ। ਮੈਂ ਬੁੱਢਾ ਹਾਂ, ਸਮਝ ਨਹੀਂ ਆਉਂਦੀ ਕੀ ਕਰਾਂ ਤੇ ਕੀ ਨਾ ਕਰਾਂ!

ਸਤਿਗੁਰੂ ਜੀ ਨੇ ਉਨ੍ਹਾਂ ਦੀਆਂ ਵੰਨ-ਸੁਵੰਨੀਆਂ ਗੱਲਾਂ ਸੁਣ ਕੇ ਆਖਿਆ : ਤੁਸੀਂ ਕੁਝ ਨ ਕਰੋ, ਆਰਾਮ ਕਰੋ। ਨਵੇਂ ਬੱਚਿਆਂ ਨੂੰ ਚਿੱਤਰ ਕਲਾ ਸਿਖਾਓ।

ਮੁਸੱਵਰ ਜੀ ਕਾਹਲੇ ਪੈ ਗਏ : ਨਵੇਂ ਕੀ ਸਿੱਖਣਗੇ ? ਕਦੋਂ ਸਿੱਖਣਗੇ ??

ਸਤਿਗੁਰੂ ਜੀ ਮੁਸਕਰਾ ਕੇ ਬੋਲੇ : ਫਿਰ ਨਾ ਸਿਖਾਓ। ਦੁਖੀ ਤਾਂ ਨ ਹੋਵੋ। ਮੇਰੀ ਲੋੜ ਹੈ ਕਿ ਤੁਸੀਂ ਦੁਖੀ ਨ ਹੋਵੋ।

ਹਾਜ਼ਰ ਸੰਗਤ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਫਿਰ ਆਪ ਜਲਪਾਨ ਲਈ ਅੰਦਰ ਚਲੇ ਗਏ। ਮੈਂ ਘਰ ਨੂੰ ਪਰਤ ਆਇਆ। ਸ਼ਾਮ ਦੇ 7 ਵਜ ਚੁਕੇ ਸਨ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰਾਂ ਆਪਣੇ ਸੇਵਕਾਂ ਸਮੇਤ ਅੱਜ ਸ਼ਾਮ ਨੂੰ ਭੈਣੀ ਸਾਹਿਬ ਲਈ ਚਲਣਾ ਸੀ, ਪਰ ਫਿਰ ਇਹ ਫੈਸਲਾ ਕਰ ਲਿਆ ਗਿਆ ਕਿ ਸਵੇਰੇ 4 ਵਜੇ ਹੀ ਭੈਣੀ ਸਾਹਿਬ ਲਈ ਪ੍ਰਸਥਾਨ ਕੀਤਾ ਜਾਇ।

## 15 ਮਈ 1979, ਮੰਗਲਵਾਰ
## ਨਵੀਂ ਦਿੱਲੀ

### ਗਿਆਨੀ ਭੁਪਿੰਦਰ ਸਿੰਘ ਜੀ

ਅੱਜ ਇਕ ਮਿਲਣੀ ਸਮੇਂ, ਚੱਲਦੀ ਗੱਲੇ, ਸ. ਹਰਵਿੰਦਰ ਸਿੰਘ ਹੰਸਪਾਲ ਨੇ ਦੱਸਿਆ ਕਿ ਅੰਮ੍ਰਿਤਸਰ, ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਅਤੇ ਫਿਰ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੇ ਜਥੇਦਾਰ ਗਿਆਨੀ ਭੁਪਿੰਦਰ ਸਿੰਘ ਇਕ ਵਾਰ ਬਹੁਤ ਬਿਮਾਰ ਅਤੇ ਆਰਥਿਕ ਔਕੜਾਂ ਅਧੀਨ ਸਨ। ਸ੍ਰੀ ਸਤਿਗੁਰੂ ਜੀ ਉਹਨੀਂ ਦਿਨੀਂ ਥਾਈਲੈਂਡ ਵਿਚ ਸਨ। ਜਦੋਂ ਆਪ ਜੀ ਨੂੰ ਗਿਆਨੀ ਜੀ ਦੀ ਮੁਸ਼ਕਲ ਦਾ ਪਤਾ ਲਗਾ। ਸਤਿਗੁਰੂ ਜੀ ਨੇ ਬੈਂਕਾਕ ਤੋਂ ਫੋਨ ਕੀਤਾ ਕਿ ਗਿਆਨੀ ਜੀ ਨੂੰ ਜਾ ਕੇ ਮਿਲਿਆ ਜਾਏ, ਉਹਨਾਂ ਦੀ ਸੁਖ-ਸਿਹਤ ਬਾਰੇ ਪਤਾ ਕਰਕੇ ਥਾਈਲੈਂਡ ਫੋਨ ਕੀਤਾ ਜਾਏ ਅਤੇ 1000/- ਉਨ੍ਹਾਂ ਦੀ ਸਹਾਇਤਾ ਹਿਤ ਦਿਤਾ ਜਾਏ, ਨਾਲ ਹੀ 4 ਕਿਲੋ ਦੇਸੀ ਘਿਉ ਅਤੇ ਚਾਵਲਾਂ ਦਾ ਥੈਲਾ ਪੁਚਾਏ ਜਾਣ।

ਹੰਸਪਾਲ ਨੇ ਦੱਸਿਆ : ਜਦੋਂ ਅਸੀਂ—ਮੈਂ ਅਤੇ ਸੇਠ ਤਰਲੋਕ ਸਿੰਘ—ਗਿਆਨੀ ਜੀ ਪਾਸ ਇਹ ਸਮੱਗਰੀ ਲੈ ਕੇ ਪੁੱਜੇ ਤਾਂ ਉਹਨਾਂ ਦੀਆਂ ਸਤਿਗੁਰੂ ਸਤਿਕਾਰ ਵਿਚ ਅੱਖਾਂ ਭਰ ਆਈਆਂ। ਉਹ ਲੰਮੇ ਚੌੜੇ ਕਰਜ਼ਾਈ ਹੋਏ ਪਏ ਸਨ। ਉਨ੍ਹਾਂ ਨੇ ਆਪਣੀਆਂ ਕੁਝ ਹੋਰ ਮੁਸ਼ਕਲਾਂ ਦੱਸੀਆਂ ਜੁ ਸੇਠ ਤਰਲੋਕ ਸਿੰਘ ਹੁਰਾਂ ਵਲੋਂ ਨਵਿਰਤ ਕੀਤੀਆਂ ਗਈਆਂ।

ਸ. ਜਗਦੀਸ਼ ਸਿੰਘ "ਵਰਿਆਮ", ਡਾ: ਅਮਰ ਭਾਰਤੀ, ਸ. ਹੰਸਪਾਲ ਅਤੇ ਮੈਂ ਅੱਜ ਇਸ ਵਿਚਾਰ ਵਿਚ ਬੈਠੇ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 60ਵੇਂ ਜਨਮ ਦਿਨ ਤੇ ਇਸ ਸਾਲ ਇਕ ਸਤਿਕਾਰ ਗ੍ਰੰਥ ਪ੍ਰਕਾਸ਼ਤ ਕੀਤਾ ਜਾਇ। ਕੁਝ ਲੇਖਕਾਂ ਦੇ ਨਾਮ ਲਿਖੇ, ਕੁਝ ਰੂਪ ਰੇਖਾ ਤਿਆਰ ਕੀਤੀ।

## 16 ਮਈ 1979, ਬੁੱਧਵਾਰ
## ਨਵੀਂ ਦਿੱਲੀ

### ਸ੍ਰੀ ਬਿਰਜੂ ਮਹਾਰਾਜ ਦੀ ਮਦਦ

ਅੱਜ ਜਦੋਂ ਮੈਨੂੰ ਸ੍ਰੀ ਕੁਲਦੇਵ ਸਿੰਘ ਸਰੋਦ ਮਿਲਿਆ ਤਾਂ ਉਸ ਮੁਤਾਬਕ ਹੀ ਗੱਲ ਕੀਤੀ ਕਿ ਪ੍ਰਸਿਧ ਕੱਥਕ ਨਿਰਤਕਾਰ, ਬਿਰਜੂ ਮਹਾਰਾਜ ਦੀ ਲੜਕੀ, ਕਵਿਤਾ, ਦੀ ਸ਼ਾਦੀ ਹੋਣੀ ਹੈ। ਇਹ ਸ਼ਾਦੀ ਸਤਿਗੁਰੂ ਜੀ ਦੇ ਨਿਵਾਜੇ ਸੰਗੀਤਕਾਰ ਰਾਜਨ ਦੇ ਛੋਟੇ



Sri Satguru Jagjit Singh Ji Elibrary NamdhariElibrary@gmail.com

ਸ਼ਾਦੀ ਸਾਜਨ ਮਿਸਰਾ ਨਾਲ ਹੋਣੀ ਤੈ ਪਾਈ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਿਰਜੂ ਮਹਾਰਾਜ ਦੇ ਘਰ 4 ਬੋਰੀਆਂ ਕਣਕ, ਇਕ ਕਨਸਤਰ ਦੇਸੀ ਘਿਉ ਦਾ ਅਤੇ ਇਕ ਬੋਰੀ ਚਾਵਲਾਂ ਦੀ ਇਸ ਦੇ ਹਥੀਂ ਪੁਚਾਈ ਹੈ। ਸੰਤ ਸਵਰਨ ਸਿੰਘ ਨੌਕਰੀਆਂ ਹਥੀਂ ਇਹ ਸਮਾਨ ਭੈਣੀ ਸਾਹਿਬ ਤੋਂ ਆਇਆ ਹੈ। ਇਹ ਸ਼ਾਦੀ ਅਗਲੇ ਮਹੀਨੇ ਕਿਸੇ ਦਿਨ ਹੋਣੀ ਹੈ।

## ਉਸਤਾਦ ਪਿਆਰਾ ਸਿੰਘ

ਠਾਕਰ ਉਦੈ ਸਿੰਘ ਜੀ ਅਤੇ ਸ੍ਰੀ ਕੁਰਵੰਤ ਸਿੰਘ ਸਰੋਦ ਦੇ ਦਿਲਰੁਬਾ ਦੇ ਉਸਤਾਦ ਸ. ਪਿਆਰਾ ਸਿੰਘ ਆਲ ਇੰਡੀਆ ਰੇਡੀਓ ਦਿੱਲੀ ਅਜੇ ਵੀ ਰੋਗ ਗ੍ਰਸੀਆ ਹੋ ਹਨ। ਉਨ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤਕ ਅਰਦਾਸ ਪੁਚਾਈ ਹੈ ਕਿ ਉਨ੍ਹਾਂ ਦੀ ਨੌਕਰੀ ਵਲੋਂ ਤਾਂ ਅਜੇ ਕੋਈ ਤਨਖਾਹ ਨਹੀਂ ਮਿਲ ਰਹੀ, ਕਿਉਂਕਿ ਉਹ ਚਿਰੋਕਣੇ ਰੋਗੀ ਹਨ, ਇਸ ਲਈ, ਜਦ ਤਕ ਇਹ ਠੀਕ ਨ ਹੋ ਜਾਣ, ਤਦ ਤਕ ਉਨ੍ਹਾਂ ਦੀ ਲਗਾਤਾਰ ਕੁਝ ਮਦਦ ਕੀਤੀ ਜਾਂਦੀ ਰਹੇ।

## ਪੰਡਿਤ ਸੁੰਦਰ ਲਾਲ ਨਾਲ ਮੇਰੀ ਮਿਲਣੀ

ਮੈਂ ਅੱਜ ਆਪਣੇ ਤੌਰ ਤੇ ਪ੍ਰਸਿਧ ਸੁਤੰਤਰਤਾ ਸੰਗਰਾਮੀ ਅਤੇ "ਭਾਰਤ ਮੇਂ ਅੰਗਰੇਜ਼ੀ ਰਾਜਿਆ" ਦੇ ਲੇਖਕ ਪੰ: ਸੁੰਦਰ ਲਾਲ (93) ਨੂੰ ਮਿਲਣ ਉਨ੍ਹਾਂ ਦੀ ਰਿਹਾਇਸ਼ਗਾਹ ਤੇ ਗਿਆ ਤਾਂ ਉਨ੍ਹਾਂ ਦੱਸਿਆ ਕਿ ਉਹ ਸਤਿਗੁਰੂ ਜੀ ਵਲੋਂ ਰਕਮ ਦੀ ਇੰਤਜ਼ਾਰ ਕਰ ਰਹੇ ਹਨ। ਮੈਂ ਦੱਸਿਆ ਕਿ ਉਹ ਚਿੰਤਾ ਨ ਕਰਨ, ਅਗਲੇ 3–4 ਦਿਨਾਂ ਤਕ ਰਕਮ ਅਵੱਸ਼ ਪਹੁੰਚੇਗੀ। ਮੈਨੂੰ ਪਤਾ ਹੈ ਕਿ ਉਹ ਰਕਮ ਪੁਚਾਣੀ ਸਤਿਗੁਰਾਂ ਕਿਸ ਦੇ ਜ਼ਿੰਮੇ ਲਗਾਈ ਹੈ। ਮੈਂ ਆਪ ਆਵਾਂਗਾ ਰਕਮ ਲੈ ਕੇ। ਪੰ: ਜੀ ਨੂੰ ਏਹੀ ਕਾਹਲ ਰਹੀ ਸੀ ਜਿਵੇਂ ਉਨ੍ਹਾਂ ਨੂੰ ਜਲਦੀ ਪ੍ਰਾਣ ਅੰਤ ਦਾ ਅਹਿਸਾਸ ਹੋਵੇ।

ਪੰਡਿਤ ਸੁੰਦਰ ਲਾਲ : ਮੇਰੇ ਦਿਲ ਮੇਂ ਗੁਰੂ ਜੀ ਕੀ ਬੜੀ ਇੱਜ਼ਤ ਹੈ, ਯਿਹ ਤੋ ਆਪ ਕੋ ਮਾਲੂਮ ਹੋਗਾ। ਮੈਂ ਤੋ ਉਨ (ਗੁਰੂ ਰਾਮ ਸਿੰਘ ਜੀ) ਕੋ ਗਾਂਧੀ ਜੀ ਕਾ ਗੁਰੂ ਮਾਨਤਾ ਹੂੰ। ਅੰਗਰੇਜ਼ ਕੋ ਨਾਨ ਕੋਆਪਰੇਸ਼ਨ, (ਨਾਮਿਲਵਰਤਣ) ਨਾਨਵਾਇਓਲੈਂਸ (ਅਹਿੰਸਾ) ਸੇ ਦੇਸ਼ ਮੇਂ ਸੇ ਅੰਗਰੇਜ਼ੋਂ ਕੋ ਨਿਕਾਲਨਾ ਯਿਹ ਤੋ ਗੁਰੂ ਰਾਮ ਸਿੰਘ ਜੀ ਕਾ (ਸਿਖਾਇਆ ਹੂਆ ਥਾ।) ਮੈਂ ਨੇ ਆਦਿ ਗ੍ਰੰਥ ਭੀ, ਦਸਮ ਗ੍ਰੰਥ ਭੀ (ਪੜ੍ਹਾ ਹੂਆ ਹੈ)। ਭੈਣੀ ਸਾਹਿਬ ਮੈਂ ਭੀ (ਜੇਹੀ ਹੋਤਾ ਹੈ)। ਮੈਂ ਸੌਂ ਨਮਸਕਾਰ ਕਰਤਾ ਹੂੰ ਸਬ ਕੋ।

## ਰਾਜਾ ਮਹਿੰਦਰ ਪ੍ਰਤਾਪ ਬਾਰੇ

ਹੋਰ ਹੋਰ ਗੱਲਾਂ ਤੋਂ ਬਾਦ ਪੰਡਿਤ ਜੀ ਬੋਲੇ : ਰਾਜਾ ਮਹਿੰਦਰ ਪ੍ਰਤਾਪ ਮਰ ਗਏ, ਮੁਝ ਸੇ ਤੀਨ ਮਹੀਨੇ ਛੋਟੇ ਥੇ। ਲੇਕਿਨ ਹਮ ਏਕ ਦੂਸਰੇ ਕੋ ਜਾਨਤੇ ਥੇ। ਸਾਥ ਸਾਥ ਕਾਮ ਭੀ ਕੀਆ ਥਾ। 1906 (ਈ:) ਮੇਂ ਮੈਂ ਲਾਅ ਪੜਤਾ ਥਾ। ਯੇਹ ਕੌਲੀ ਕੇ ਫੋਮਰ (ਦਾਖ਼ਿਲ) ਥੇ। 1905 ਕੀ ਬੰਗ ਭੰਗ ਤਹਿਰੀਕ ਚਲ ਰਹੀ ਸੀ। ਯਿਹ ਬਿੰਦ੍ਰਾਬਨ



Sri Satguru Jagjit Singh Ji Elibrary NamdhariElibrary@gmail.com

ਅਪਨੇ ਘਰ ਸੇ ਚਲ ਕਰ ਅਲਾਹਾਬਾਦ ਆਏ। ਚੂੰਕਿ ਬੜੇ ਘਰ ਕੇ ਆਦਮੀ ਥੇ, ਮਾਲਵੀਆ ਜੀ ਕੇ ਯਹਾਂ ਠਹਿਰੇ। ਮਾਲਵੀਆ ਜੀ ਨੇ ਕਹਿਲਾ ਭੇਜਾ ਕਿ ਵੁਹ ਆਏ ਹੈਂ। ਤੁਮ ਸੇ ਮਿਲਨਾ ਚਾਹਤੇ ਹੈਂ। ਮੇਰਾ ਨਾਮ ਮਸ਼ਹੂਰ ਹੋ ਚੁਕਾ ਥਾ। ਮੈਂ ਗਇਆ ਮਾਲਵੀਆ ਜੀ ਕੇ ਮਕਾਨ ਪਰ, ਉਨ ਤੀਨ ਦਿਨੋਂ ਮੇਂ ਹਮਨੇ ਜਿਹ ਤੈ ਕਰ ਲੀਆ, ਦੋਨੋਂ ਨੇ। ਮੈਂਨੇ ਕਹਾ ਮੈਂ ਅਪਨੀ ਵਕਾਲਤ ਛੋੜੀ ਤੂ ਅਪਣੀ ਰਾਜਗੱਦੀ ਛੋੜ। ਕਹਿਨੇ ਲਗੇ, ਅੱਛਾ। ਮੇਰੀ ਫੀਸ ਚਲੀ ਗਈ ਥੀ ਐਲ. ਐਲ. ਬੀ. ਕੇ ਇਮਤਿਹਾਨ ਕੀ, ਮੈਂ ਗਇਆ ਨਹੀਂ। ਇਨ੍ਹੋਂ ਨੇ ਭੀ ਗੱਦੀ ਕਾ ਖ਼ਿਆਲ ਛੋੜ ਦੀਆ। ਅਮਰੀਕਾ, ਅਫ਼ਰੀਕਾ, ਯੋਰਪ ਜਾਤੇ ਰਹੇ।

ਆਪ ਕੋ ਸ਼ਾਇਦ ਮਾਲੂਮ ਨਾ ਹੋ, ਜਬ ਗਾਂਧੀ ਜੀ ਨੇ ਮੂਵਮੈਂਟ ਸ਼ੁਰੂ ਕੀ ਤੋ ਜਿਹ ਅਫ਼ਗਾਨਿਸਤਾਨ ਸੇ ਆਏ। ਅਫ਼ਗਾਨਿਸਤਾਨ ਕੇ ਬਾਦਸ਼ਾਹ (ਸ਼ਾਇਦ ਅਮਾਨੁੱਲਾ) ਕੋ ਅਪਨੀ ਤਰਫ਼ ਖੇਂਚ ਲੀਆ। ਔਰ 92000 ਘੁੜ ਸਵਾਰ ਜਮ੍ਹਾ ਕੀਏ ਔਰ 15000 ਹਥਿਆਰਬੰਦ ਘੁੜ ਸਵਾਰੋਂ ਕੀ ਫੌਜ ਲੀਏ (ਉਨ੍ਹੇਂ ਬਾਰਡਰ ਪਰ ਛੋੜ) ਜਿਹ ਦਿੱਲੀ ਆ ਰਹੇ ਥੇ। ਦੇਸ਼ ਕੋ ਆਜ਼ਾਦ ਕਰਵਾਨਾ ਚਾਹਤੇ ਥੇ। ਫੌਜ ਤੋ ਉਨ੍ਹੋਂ ਨੇ ਰਖੀ ਫਰੰਟੀਅਰ ਮੇਂ। ਆਕੇ ਗਾਂਧੀ ਜੀ ਸੇ ਕਹਾ ਕਿ ਮੇਰੀ ਪੰਦਰਹ ਹਜ਼ਾਰ ਕੀ ਫੌਜ ਤਈਆਰ ਹੈ। ਗਾਂਧੀ ਜੀ ਨੇ ਮੇਰੇ ਸਾਮਨੇ ਬਾਤ ਚੀਤ ਕੀ। ਗਾਂਧੀ ਜੀ ਨੇ ਕਹਾ : ਨਾ। ਚੁੱਪ ਰਹੋ। ਜਾਓ ਘਰ। ਮੁਝੇ ਫੌਜ ਨਹੀਂ ਚਾਹੀਏ। ਇਸ ਕਾ ਨਾਮ ਨ ਲੇਨਾ। ਸੁਭਾਸ਼ ਨੇ ਭੀ ਫੌਜ ਜਮ੍ਹਾ ਕੀ। ਉਸੀ ਤਰਜ਼ ਸੇ ਜਮ੍ਹਾ ਹੁਈ। ਵੁਹ ਤੋ ਏਕ ਮੁਅਜਜ਼ਾ ਥਾ, ਹੋ ਗਇਆ। ਮਹਿੰਦਰ ਪ੍ਰਤਾਪ ਤੋ ਐਸਾ ਥਾ।

## ਦੇਸ਼ ਦੀ ਹਾਲਤ

ਮਹਿੰਦਰ ਪ੍ਰਤਾਪ ਜੀ ਦੀ ਗੱਲ ਖ਼ਤਮ ਹੋਣ ਤੇ ਮੈਂ ਸੁੰਦਰ ਲਾਲ ਜੀ ਨੂੰ ਸਵਾਲ ਕੀਤਾ : ਜਿਸ ਤਰ੍ਹਾਂ ਹੁਣ ਦੇਸ਼ ਦੀ ਹਾਲਤ ਹੈ, ਤੁਸੀਂ ਸੰਤੁਸ਼ਟ ਹੋ ? ਪੰ: ਜੀ ਨੇ ਕਿਹਾ : ਤਸੱਲੀ ? ਬਿਲਕੁਲ ਨਹੀਂ। ਬਹੁਤ ਗ਼ਲਤ ਜਾ ਰਹੇ ਹੈਂ ਹਮ। ਅਭੀ ਪਰਸੋਂ ਮੇਰੇ ਪਾਸ ਬੈਠੇ ਹੂਏ ਥੇ ਕਲਕੱਤੇ ਕੇ ਮੰਡਲ, ਵਹਾਂ ਕੇ ਸੈਕ੍ਰੇਟਰੀ, ਮਨਿਸਟਰ। ਯਹਾਂ ਆਤੇ ਰਹਿਤੇ ਹੈਂ। ਮੈਂ ਨੇ ਉਨ ਸੇ ਕਹਾ : ਭਈਆ ਸਾਰੀ ਕਮਿਊਨਿਸਟ ਪਾਰਟੀਓਂ ਕੋ ਮਿਲਾ ਕਰ ਏਕ ਕਰੋ। ਜਿਹ ਯੂਨਾਈਟਿਡ ਕਮਿਊਨਿਸਟ, ਜੈਸੇ ਚਾਈਨਾ ਮੇਂ ਹੂਆ, ਰੂਸ ਮੇਂ ਹੂਆ, ਔਰ ਯੂ ਹਮਾਰੇ ਸਾਥ ਮਿਲ ਕੇ ਚਲ ਸਕੇਂ। ਅਮਰੀਕਾ ਕਾ ਪਿੱਠੂ ਨਹੀਂ, ਮੁਰਾਰ ਜੀ ਤੋ ਅਮਰੀਕਾ ਕਾ ਪਿੱਠੂ ਹੈ...ਸਮਝ ਗਏ ਸਾਰੀ ਬਾਤੋਂ ਕੋ, ਕਰ ਰਹੇ ਹੈਂ। ਮੁਲਕ ਆਜ਼ਾਦ ਤੋ ਹੂਆ ਲੇਕਿਨ ਮੁਰਾਰਜੀ ਜੈਸੋਂ ਸੇ ਨਹੀਂ। ਮੁਰਾਰਜੀ ਸੇ ਤੋ ਚਰਨ ਸਿੰਘ ਬਹੁਤ ਬਿਹਤਰ ਹੈ। ਜਗਜੀਵਨ ਰਾਮ ਬਹੁਤ ਬਿਹਤਰ ਹੈ। ਲੇਕਿਨ ਜਿਹ ਸਬ ਮੁਸੀਬਤੇਂ ਹਲ ਹੋਨੇ ਵਾਲੀ ਹੈਂ। ਹਮੇਂ ਭੀ ਦੁਨੀਆ ਕਾ ਤਜਰੁਬਾ ਹੈ। ਮੈਂ ਸਾਰੀ ਦੁਨੀਆ ਕੇ 8–10 ਚੱਕਰ ਲਗਾ ਚੁਕਾ ਹੂੰ। ਚਾਰ ਦਫ਼ੇ ਰੂਸ ਜਾ ਚੁੱਕਾ ਹੂੰ।

## ਜੈ ਪ੍ਰਕਾਸ਼ ਨਾਰਾਇਣ ਬਾਰੇ

ਮੇਰੇ ਪੁਛਣ ਤੇ ਪੰ: ਸੁੰਦਰ ਲਾਲ ਜੀ ਨੇ ਦੱਸਿਆ : ਜੈਸਾ ਵਿਕਾਸ ਹੋਨਾ ਚਾਹੀਏ



Sri Satguru Jagjit Singh Ji Elibrary NamdhariElibrary@gmail.com

ਥਾ, ਨਹੀਂ ਹੋ ਰਹਾ ।...ਜੈ ਪ੍ਰਕਾਸ਼ ਕੋ ਮੈਂ ਖ਼ੂਬ ਜਾਨਤਾ ਹੂੰ । ਜਿਸ ਤਰਹ ਜੈ ਪ੍ਰਕਾਸ਼ ਸ਼ੁਰੂ ਕਰੇ ।...ਮੈਂ ਨਹੀਂ ਕਰ ਸਕਤਾ । ਜੈ ਪ੍ਰਕਾਸ਼ ਤੋ ਮੁਰਾਰਜੀ ਸੇ ਸਮਝੌਤਾ ਕਰ ਸਕਤਾ ਹੈ—ਯੇਹ ਅਪਨੇ ਤਕ ਰਖੀਏ—ਸੁੰਦਰ ਲਾਲ ਤੋ ਮਰ ਜਾਏਗਾ, ਨਹੀਂ ਕਰ ਸਕਤਾ ਹੈ ।

## ਬ੍ਰੈਜ਼ਨੇਵ ਨਾਲ

—ਚੀਨ ਕੇ ਬਾਰੇ—ਜਵਾਹਰ ਲਾਲ ਕੇ ਸਾਥ ਜਿਤਨੀ ਬਾਤੇਂ ਹੂਈ, ਮੇਰੀ ਮੌਜੂਦਗੀ ਮੇਂ ਹੂਈਂ । ਚਾਈਨਾ ਹਮਾਰੇ ਖ਼ਿਲਾਫ਼ ਨਹੀਂ ਜਾਏਗਾ ਕਭੀ । ਚਾਈਨਾ ਔਰ ਹਮ ਏਕ ! ਰੂਸ ਔਰ ਚਾਈਨਾ ਮੇਂ ਜ਼ਰਾ ਗੜਬੜ ਹੋ ਗਈ ਹੈ । ਖ਼ਤਮ ਹੋ ਜਾਏਗੀ । ਚਾਰ ਘੰਟੇ ਮੈਨੇ ਬਾਤ ਚੀਤ ਕੀ ਥੀ ਬ੍ਰੈਜ਼ਨੇਵ ਸੇ । ਐਟ ਏ ਸਟ੍ਰੇਚ ਫ਼ੌਰ ਆਵਰਜ਼ । (ਚਾਰ ਘੰਟੇ ਲਗਾਤਾਰ) ਜਬ ਯਹਾਂ ਆਇਆ ਥਾ । ਇੰਡੀਆ, ਚਾਈਨਾ ਔਰ ਰਸ਼ਾ ਵਿਲ ਵਰਕ ਟੂਗੇਦਰ (ਮਿਲ ਕੇ ਕੰਮ ਕਰਨਗੇ) । ਜਬ ਤਕ ਯਿਹ ਮੁਲਕ ਮਿਲ ਨਾ ਜਾਏਂਗੇ ਮੈਂ ਮਰੂੰਗਾ ਨਹੀਂ ।

## ਅਮਰੀਕਾ ਬਾਰੇ

ਅਮਰੀਕਾ ਕਾ ਚੱਕਰ ਚਲ ਰਹਾ ਹੈ ਕੁਛ ਦੇਸ਼ ਮੇਂ । ਲੇਕਿਨ ਅਮਰੀਕਾ ਮਰ ਗਇਆ । ਖ਼ਤਮ । ਅਮਰੀਕਾ ਮੇਂ ਹਮ ਹੋਤਾ ਤੋ ਨ ਜਾਨੇ ਕਿਆ ਕਰ ਡਾਲਤਾ । ਅਬ ਨਹੀਂ । ਦੋ ਚਾਰ ਦਸ ਬਰਸ ਮੇਂ ਅਮਰੀਕਾ ਗੋ'ਡ ਸੈਂਕੀਅਰ ਬੀਕਮ ਮਾਰਕਸਿਸਟ । ਮੈ ਵਾਕਿਫ਼ ਹੂੰ । ਅਮਰੀਕਾ ਹੋ ਆਇਆ ਹੂੰ ।

## ਫੇਰ 15 ਹਜ਼ਾਰ ਬਾਰੇ

ਸੁੰਦਰ ਲਾਲ ਜੀ ਨੂੰ ਸਤਿਗੁਰਾਂ ਵਲੋਂ ਪ੍ਰਵਾਨਤ ਰਕਮ ਦਾ ਚੇਤਾ ਆ ਗਿਆ : ਹਮ ਤੋ ਭਿਕਸ਼ੁਕ (ਮੰਗਤੇ) ਹੈਂ ।

ਲੇਖਕ : ਜਿਨ੍ਹੋਂ ਨੇ ਆਪ ਕੇ ਸਾਥ ਵਚਨ ਕੀਆ ਹੈ, ਵੁਹ ਆਪ ਕੋ ਭਿਕਸ਼ੁਕ ਨਹੀਂ ਮਾਨਤੇ । ਵੁਹ ਆਪ ਕੋ ਇਸ ਦੇਸ਼ ਕੋ ਬਨਾਨੇ ਵਾਲਾ ਮਾਨਤੇ ਹੈਂ ।

ਪੰ: ਸੁੰਦਰ ਲਾਲ : ਅੱਛੀ ਬਾਤ । ਤੋ ਮੈਂ ਫਿਰ ਔਰ ਕਿਸੀ ਸੇ ਕੁਛ ਨਹੀਂ ਪੂਛੂੰ । ਅਤੇ ਪੰ: ਜੀ ਨੇ ਮੇਰਾ ਪਤਾ ਨੋਟ ਕਰ ਲਿਆ ।

ਮੈਂ ਉਨ੍ਹਾਂ ਨੂੰ ਯਕੀਨ ਦਿਵਾਇਆ : ਨਿਸਚਿੰਤ ਰਹੋ । ਰਕਮ ਆਪ ਕੋ ਅਵੱਸ਼ ਮਿਲੇਗੀ । ਮੈਂ ਲਾ ਕਰ ਦੂੰਗਾ ।

## 19 ਮਈ 1979, ਸ਼ਨੀਵਾਰ

### ਨਵੀਂ ਦਿੱਲੀ

### ਪਹਿਲੀ ਕਿਸ਼ਤ

ਮੈਨੂੰ ਪਤਾ ਲਗਾ ਸੀ ਕਿ ਪੰ: ਸੁੰਦਰ ਲਾਲ ਜੀ ਨੂੰ ਰਕਮ ਸੇਠ ਤਰਲੋਕ ਸਿੰਘ ਪਾਸੋਂ ਮਿਲਣੀ ਹੈ । ਮੈਂ ਉਨ੍ਹਾਂ ਨੂੰ ਅੱਜ, ਦੁਪਹਿਰੇ ਹੀ ਜਾ ਮਿਲਿਆ । ਉਨ੍ਹਾਂ ਕਿਹਾ :



Sri Satguru Jagjit Singh Ji Elibrary NamdhariElibrary@gmail.com

ਰਕਮ ਤਾਂ ਪਈ ਹੋਈ ਸੀ, ਤੁਸੀਂ ਉਸ ਦਿਨ ਮਿਲ ਕੇ ਹੀ ਨਾ ਗਏ । ਉਨ੍ਹਾਂ 5000/- ਦੇ ਨੋਟਾਂ ਦੀ ਇਕ ਥਹੀ ਮੇਰੇ ਹੱਥ ਫੜਾਂਦਿਆਂ ਕਿਹਾ : ਅਸਲ ਵਿਚ ਸੱਚੇ ਪਾਤਸ਼ਾਹ ਬਾਦਸ਼ਾਹ ਜੁ ਹੋਏ । ਮੈਂ ਸਮਝਦਾ ਹਾਂ ਇਸ ਤਰ੍ਹਾਂ ਸਾਲ ਭਰ ਦੀ ਇਕੱਠੀ ਰਕਮ ਦੇਣੀ ਠੀਕ ਨਹੀਂ । ਨਾਲੇ ਨਾਲ ਦਵਾਈ ਦੇ ਬਿਲਾਂ ਅਨੁਸਾਰ ਦਿੱਤੀ ਜਾਇ ।

## ਪਖਤੂਨ ਨੂੰ 200/- ਮਹੀਨਾ

"ਅਜੇ 200/- ਮਹੀਨਾ, ਦੇਸ਼ ਭਗਤ ਸ. ਗਣੇਸ਼ਾ ਸਿੰਘ ਪਖਤੂਨ ਨੂੰ ਮਿਲ ਰਿਹਾ ਹੈ । ਹੋਰ ਵੀ ਕਈ ਲੋਕਾਂ ਨੂੰ ਇੰਜ ਹੀ ਰਕਮਾਂ ਜਾ ਰਹੀਆਂ ਹਨ । ਜੇ ਪੰ: ਸੁੰਦਰ ਲਾਲ ਪਰਸੋਂ ਮਰ ਜਾਇ ਤਾਂ ਰਕਮ ਤਾਂ ਬੈਂਕ ਦੇ ਹੀ ਵਰਤ ਗਏ ਨ ! ਅਜੇ 10,000/- ਮਕਾਨ ਬਾਰੇ ਵੀ ਦੇਣਾ ਹੈ ।"

ਭਾਵੇਂ ਸੇਠ ਜੀ ਦੀ ਰਾਇ ਠੀਕ ਵੀ ਹੋਵੇ ਪਰ ਸਤਿਗੁਰੂ ਜੀ ਨਾਲ ਜਿਵੇਂ ਸੁੰਦਰ ਲਾਲ ਜੀ ਦੀ ਗੱਲ ਬਾਤ ਹੋਈ ਅਤੇ ਜਿਵੇਂ ਸਤਿਗੁਰੂ ਜੀ ਨੇ ਸੁਭਾਵਿਕ ਉਦਾਰਤਾ ਨਾਲ, "ਹੋਰ ਦੱਸੋ" ਕਹਿ ਕੇ ਪੁੱਛਿਆ, ਉਸ ਨੂੰ ਵੇਖਦਿਆਂ ਤਾਂ ਸਤਿਗੁਰਾਂ ਦੀ ਇੱਛਾ ਅਨੁਸਾਰ ਹੀ ਕਾਰਜ ਹੋਣਾ ਚਾਹੀਦਾ ਹੈ ।

## ਸੁੰਦਰ ਲਾਲ ਜੀ ਨੂੰ 5000/-

ਮੈਂ ਤਿੱਖੜ ਦੁਪਹਿਰੀਂ ਪੰ: ਸੁੰਦਰ ਲਾਲ ਜੀ ਪਾਸ ਗਿਆ । ਉਹ 10'×10' ਦੇ ਇਕ ਬਿਰ ਪੁਰਾਣੇ ਕਮਰੇ ਵਿਚ ਪਏ ਸਨ । ਉਨ੍ਹਾਂ ਦੀ ਮੰਜੀ ਵਾਲੀ ਦੀਵਾਰ ਨਾਲ ਉਨ੍ਹਾਂ ਨੂੰ ਮਿਲੇ ਪ੍ਰਮਾਣ ਪੱਤਰ ਤੇ ਇਕ ਦੋ ਨਵੇਂ ਪੁਰਾਣੇ ਕੈਲੰਡਰ ਲਟਕ ਰਹੇ ਸਨ । ਉਹ ਇਕ ਮੈਲੇ ਜਿਹੇ ਬਿਸਤਰ ਵਿਚ ਲੇਟੇ ਹੋਏ ਸਨ । ਮੈਂ ਜਾ ਕੇ 5000/- ਦੇ ਨੋਟ ਦਿੱਤੇ । ਨੋਟ ਲੈ ਕੇ ਪੰ: ਜੀ ਨੇ ਪੁੱਛਿਆ : ਪਾਂਚ ਹਜ਼ਾਰ ਕੇ ਹੈਂ ? ਉਨ੍ਹਾਂ ਆਪਣੇ ਸਹਾਇਕ ਨੂੰ ਆਵਾਜ਼ ਮਾਰੀ : ਮਿਰਜ਼ਾ ! ਮਿਰਜ਼ਾ !! ਮਿਰਜ਼ਾ !!! ਉਹ ਖ਼ਰਬੂਜ਼ੇ ਦੇ ਟੁਕੜੇ ਖਾ ਕੇ ਹਟੇ ਸਨ ਕਿ ਮਿਰਜ਼ੇ ਤੋਂ ਕੁਲਾ ਕਰਨ ਲਈ ਪਾਣੀ ਮੰਗਿਆ । ਉਪਰੰਤ ਇਕ ਇਕ ਕਰ ਕੇ ਨੋਟ ਗਿਣੇ । ਗਿਣ ਕੇ ਆਪਣੀ ਜੇਬ ਵਿਚ ਪਾ ਲਏ ।

ਮੇਰਾ ਜੀ ਕਰ ਆਇਆ, ਪੰਡਿਤ ਜੀ ਨੂੰ ਪੁੱਛਾਂ, ਜੇ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮਿਲੇ ਹੋਣ । ਪੰਡਿਤ ਜੀ : ਬਹੁਤ ਅੱਛੀ ਤਰ੍ਹਾਂ ਜਾਨਤਾ ਹੂੰ । ਬਹੁਤ ਇੰਟੀਮੇਸੀ ਥੀ (ਪਹਿਚਾਣ ਸੀ), ਛੋਟੀ ਸਾਹਿਬ ਕਈ ਦਫ਼ਾ, ਕਈ ਦਫ਼ਾ ਲਾਹੌਰ ਮੇਂ । ਵੋਹ ਹਮਾਰੇ ਲੀਏ ਖ਼ਾਸ ਤੌਰ ਪਰ ਸਤਿਸੰਗ ਕਰਤੇ ਥੇ । ਵਹਾਂ ਕੀ ਪੁਸਤਕੇਂ ਪੜ੍ਹੀਂ ।

ਸੁੰਦਰ ਲਾਲ ਜੀ ਬਹੁਤ ਉੱਚਾ ਸੁਣਦੇ ਸਨ ਅਤੇ ਉਨ੍ਹਾਂ ਨੂੰ ਕਈ ਵਾਰ ਹੈਂ ? ਹੈਂ ? ਹਾਂ, ਹਾਂ, ਕਹਿ ਕੇ ਗੱਲ ਪੱਲੇ ਪੈਂਦੀ ਸੀ । ਆਪਣੀ ਸਿਹਤ ਲਈ ਸਤਿਗੁਰਾਂ ਵਲੋਂ ਮਿਲੀ ਰਕਮ ਤੇ ਜਜ਼ਬਾਤੀ ਹੋ ਗਏ : ਪਾਂਚ ਹਜ਼ਾਰ ਤੋ ਮੇਰੇ ਅਪਨੇ ਲੀਏ ਹੈਂ । ਦਵਾਈ ਕੇ ਲੀਏ, ਅਭੀ ਔਰ ਲੇਨੇ ਹੈਂ । ਮੈਂ ਦੱਸਿਆ ਕਿ ਇਕ ਹੋਰ ਆਦਮੀ ਆਵੇਗਾ ਤੇ ਦੂਜੀ ਰਕਮ ਦੇ ਜਾਵੇਗਾ । ਪੰ: ਜੀ ਨੂੰ ਭਰੋਸਾ ਹੋ ਗਿਆ ।



Sri Satguru Jagjit Singh Ji Elibrary NamdhariElibrary@gmail.com

ਉਹ ਆਪਣੇ ਸੇਵਕ ਅਤੇ ਸਕੱਤਰ ਮੁਹੰਮਦ ਨਕਵੀ ਵਾਸਤੇ ਫ਼ਿਕਰਮੰਦ ਸਨ। ਜਿਉਂਦੇ ਜੀ ਉਸ ਨੂੰ ਮਕਾਨ ਬਣਵਾ ਕੇ ਦੇ ਜਾਣਾ ਉਨ੍ਹਾਂ ਦਾ ਅੰਤਮ ਮਨੋਰਥ ਸੀ। ਪੰ: ਜੀ ਨੇ ਕਿਹਾ : ਇਸ (ਪਾਂਚ ਹਜ਼ਾਰ) के लीए तो ਮੈਂ ਬਹੁਤ ਮਸ਼ਕੂਰ ਹੂੰ ਸਤਿਗੁਰੂ ਜੀ ਕਾ, ਆਪ ਕਾ ਔਰ ਊਪਰ ਵਾਲੇ ਕਾ।

ਮੈਂ ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਾਰੇ ਪੁੱਛਿਆ। ਉਨ੍ਹਾਂ ਕਿਹਾ : ਸੱਚੇ, ਨੇਕ ਦਿਲ, ਅਬ ਹੈ ਬਦਤਮੀਜ਼ੀ ਜਿਹ ਕਹਿਨਾ, ਗੁਰੂਓਂ ਮੇਂ ਸਭ ਸੇ ਬੜ੍ਹ ਕੇ, ਛੋਟੀ ਸਾਹਿਬ ਕੇ ਗੁਰੂਓਂ ਨੇ ਤੋ ਸਿੱਖ ਧਰਮ ਕੀ ਇੱਜ਼ਤ ਰਖ ਲੀ। ਅਹਿੰਸਾਤਮਕ ਅਸਹਿਯੋਗ! ਅੰਗਰੇਜ਼ ਕੇ ਡੰਡੇ ਸੇ ਨਹੀਂ ਨਿਕਾਲਨਾ, ਨੌਕਰੀ ਨਹੀਂ ਕਰਨੀ, ਸਕੂਲ ਮੇਂ ਨਹੀਂ ਪੜ੍ਹਨਾ, ਉਨ ਕੀ ਰੇਲ ਮੇਂ ਨਹੀਂ ਬੈਠਨਾ। ਨਾਮ ਜਪਨੇ ਕੋ ਮਾਲਾ 108 ਦਾਨੇ ਕੀ, ਜਿਹ ਸੁ ਮੇਰੇ ਗਲੇ ਮੇਂ ਹੈ। ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ ਕੇ ਬਾਰੇ ਮੇਂ ਲਿਖ ਕੇ ਭੇਜ ਦੂੰਗਾ।

ਅਤੇ ਮੈਂ ਵਾਪਸ ਆਪਣੇ ਘਰ ਨੂੰ ਆ ਗਿਆ।

## 21 ਮਈ 1979, ਸੋਮਵਾਰ
## ਨਵੀਂ ਦਿੱਲੀ

### ਕਲਾਕਾਰ ਸਨਮਾਨਤ

ਮਿਸ਼ਰਾ ਬੰਧੂ, ਸ੍ਰੀ ਰਾਜਨ ਸਾਜਨ ਜਿਨ੍ਹਾਂ ਦੇ ਸੰਗੀਤ ਤੋਂ ਪ੍ਰਭਾਵਤ ਹੋ ਕੇ ਅਤੇ ਉਨ੍ਹਾਂ ਦੀਆਂ ਵਡੇਰੀਆਂ ਸੰਭਾਵਨਾਵਾਂ ਨੂੰ ਤਕ ਸ੍ਰੀ ਸਤਿਗੁਰੂ ਜੀ ਹਰ ਮਹੀਨੇ ਉਨ੍ਹਾਂ ਦੇ ਮਕਾਨ ਕਰਾਏ ਦੀ ਰਕਮ ਅਤਾ ਫ਼ਰਮਾਂਦੇ ਸਨ। ਸਤਿਗੁਰੂ ਜੀ ਵਲੋਂ ਕਰਵਾਏ ਜਾਂਦੇ ਸ਼ਾਸਤਰੀ ਸੰਗੀਤ ਸਮੇਲਨਾਂ ਵਿਚ ਉਨ੍ਹਾਂ ਨੂੰ ਦਿਤੇ ਜਾਂਦੇ ਪ੍ਰੋਗਰਾਮਾਂ ਅਤੇ ਦਿੱਤੀ ਪ੍ਰਸੰਸਾ ਕਾਰਨ ਉਹ ਦੂਜੀ ਕਤਾਰ ਦੇ ਸੰਗੀਤ ਕਲਾਕਾਰ ਦੇ ਤੌਰ ਤੇ ਸਥਾਪਤ ਹੋ ਚੁੱਕੇ ਹਨ।

ਅੱਜ ਉਨ੍ਹਾਂ ਦੀ ਜੋੜੀ ਨੂੰ ਦਿੱਲੀ ਸਰਕਾਰ ਵਲੋਂ 5000/- ਦੇ ਕੇ ਸਥਾਪਤ ਹੋ ਰਹੇ ਕਲਾਕਾਰਾਂ ਦੇ ਤੌਰ ਤੇ ਸਨਮਾਨਤ ਕੀਤਾ ਗਿਆ। ਇਹ ਸੂਚਨਾ ਮੈਨੂੰ ਗੁਰਦੇਵ ਸਿੰਘ, ਹਰਭਜਨ ਸਿੰਘ ਨੇ ਦਿਤੀ ਕਿਉਂਕਿ ਉਹ ਦੋਵੇਂ ਇਸ ਸਨਮਾਨ ਸਮਾਰੋਹ ਵਿਚ ਨਿਮੰਤ੍ਰਿਤ ਸਨ।

### ਗੁਰਦੇਵ ਸਰੋਦ ਵਲ ਧਿਆਨ

ਗੁਰਦੇਵ ਸਿੰਘ ਸਰੋਦ ਦੀ ਪਤਨੀ ਗੁਰਮੀਤ ਕੌਰ ਨੇ ਮੈਨੂੰ ਦੱਸਿਆ ਕਿ ਪਿਛਲੀ ਵਾਰ ਜਦੋਂ ਸਤਿਗੁਰੂ ਜੀ ਦਿੱਲੀ ਪਧਾਰੇ ਸਨ ਤਾਂ ਉਸ ਨੇ ਆਪ ਜੀ ਨੂੰ ਅਰਜ਼ ਕੀਤੀ ਸੀ : ਸਾਨੂੰ ਆਪਣੇ ਘਰ ਬਿਨਾਂ ਬੜੀ ਮੁਸ਼ਕਲ ਹੈ, ਰੋਜ਼ ਕਰਾਏਦਾਰਾਂ ਨਾਲ ਕਲਹ ਰਹਿੰਦੀ ਹੈ। ਸਤਿਗੁਰਾਂ ਬਚਨ ਕੀਤਾ : ਦੱਸੋ, ਕਿਸ ਇਲਾਕੇ ਵਿਚ ਮਕਾਨ



Sri Satguru Jagjit Singh Ji Elibrary NamdhariElibrary@gmail.com

ਚਾਹੀਦਾ ਹੈ, ਪ੍ਰਬੰਧ ਕਰ ਦਿਆਂਗੇ, ਮੇਰੇ ਪਾਸ ਥੋੜੀ ਕੁ ਰਕਮ ਤਾਂ ਹੈ, ਥੋੜੀ ਕੁ ਹੋਰ ਕਿਧਰੋਂ ਆ ਜੁੜਨ ਨਾਲ ਤੁਹਾਨੂੰ ਮਕਾਨ ਲੈ ਦਿਆਂਗੇ।

ਗੁਰਮੀਤ ਦੱਸਿਆ ਕਿ ਫਿਰ ਉਸ ਦੇ ਪਤੀ ਦੇਵ ਨੇ ਅਰਜ਼ ਕੀਤੀ : ਆਪ ਜੀ ਵਲੋਂ ਜੋ 500/-ਨਕਦ + 200/- ਕਰਾਏ ਦਾ 700/- ਜੋ ਮਿਲਦਾ ਹੈ, ਇਸ ਨਾਲ ਹੁਣ ਸ਼ਹਿਰ ਵਿਚ ਰਲਿਆ ਨਹੀਂ ਜਾਂਦਾ 1000/- ਦਾ ਹਰ ਮਹੀਨੇ ਪ੍ਰਬੰਧ ਹੋਣਾ ਚਾਹੀਦਾ ਹੈ।

ਸਤਿਗੁਰੂ ਜੀ ਬਚਨ ਕੀਤਾ, ਹਰਵਿੰਦਰ ਸਿੰਘ ਨਾਲ ਗੱਲ ਕਰ ਕੇ ਅਗਲੇ ਮਹੀਨੇ ਇਹਦਾ ਵੀ ਪ੍ਰਬੰਧ ਕਰ ਦਿਆਂਗੇ।

ਗੁਰਮੀਤ ਕੌਰ ਨੇ ਹੀ ਦੱਸਿਆ ਕਿ ਅੱਜ ਭੈਣੀ ਸਾਹਿਬੋਂ ਫੋਨ ਆਇਆ ਹੈ ਕਿ ਹਰਭਜਨ ਸਿੰਘ (ਸਿਤਾਰ) ਫੋਰਨ ਭੈਣੀ ਸਾਹਿਬ ਪਹੁੰਚ ਜਾਵੇ। ਅਤੇ ਇਹ ਅੱਜ ਰਾਤ ਦੀ ਬਸ ਫੜ ਕੇ ਕਲ੍ਹ ਸਵੇਰ ਤਕ ਭੈ: ਸਾ: ਪਹੁੰਚ ਜਾਵੇਗਾ। ਸ੍ਰੀ ਸਤਿਗੁਰੂ ਜੀ ਕਲ੍ਹ ਦੇ ਭੈਣੀ ਸਾਹਿਬ ਪਹੁੰਚ ਚੁਕੇ ਹੋਣਗੇ।

## 22 ਮਈ 1979, ਮੰਗਲਵਾਰ
## ਨਵੀਂ ਦਿੱਲੀ

**ਸ. ਸੁਰਜੀਤ ਸਿੰਘ ਯੂ. ਕੇ.**

ਮੈਨੂੰ ਅੱਜ ਸ. ਹੰਸਪਾਲ ਦੇ ਦਫ਼ਤਰ, ਕੂਕਾ ਐਂਟਰਪ੍ਰਾਈਜ਼, ਝੰਡੇ ਵਾਲਾਨ ਗਿਆਂ ਸ. ਸੁਰਜੀਤ ਸਿੰਘ ਸਪੁੱਤ੍ਰ ਸ. ਸੂਰਤ ਸਿੰਘ ਅੰਮ੍ਰਿਤਸਰੀ ਮਿਲੇ। ਉਨ੍ਹਾਂ ਨੇ ਦੱਸਿਆ ਕਿ ਉਹਨਾਂ ਦਾ ਦਿਲ ਭਾਰਤ ਵਿਚ ਨਹੀਂ ਲੱਗ ਰਿਹਾ। ਏਥੇ ਕੋਈ ਆਪਣਾ ਬਿਜ਼ਨੈਸ ਆਰੰਭ ਕਰਨ ਲਈ ਬਹੁਤ ਰਕਮ ਦੀ ਲੋੜ ਹੈ। ਸਤਿਗੁਰੂ ਜੀ ਵਲੋਂ ਵੀ ਭਾਰਤ ਵਿਚ ਥੋੜਾ ਧਿਆਨ ਮਿਲਦਾ ਹੈ। ਜੇ ਇੰਗਲੈਂਡ ਹੋਵੀਏ ਤਾਂ ਵੱਧ ਤੋਂ ਵੱਧ ਸਮਾਂ ਨਾਲ ਰਹੀਦਾ ਹੈ। ਸੋ ਉਹ ਹੁਣ ਇੰਗਲੈਂਡ ਜਾਣ ਦੀ ਸੋਚ ਰਹੇ ਹਨ। ਦਿੱਲੀ ਵਿਚ ਉਹ ਆਪਣੇ ਸਪੁੱਤਰ ਸ੍ਰੀ ਧਰਮਵੀਰ ਸਿੰਘ (ਸਿਤਾਰ ਵਾਦਕ) ਦਾ ਬ੍ਰਿਟਿਸ਼ ਪਾਸਪੋਰਟ ਬਣਵਾ ਰਹੇ ਹਨ, ਉਸ ਨੂੰ ਨਾਲ ਹੀ ਇੰਗਲੈਂਡ ਲੈ ਜਾਣਗੇ। ਅੱਜ ਵੀ ਉਨ੍ਹਾਂ ਬ੍ਰਿਟਿਸ਼ ਐਂਬੈਸੀ ਦੇ ਚੱਕਰ ਕੱਢੇ ਹਨ।

ਮੈਨੂੰ ਸ. ਸੁਰਜੀਤ ਸਿੰਘ ਹੁਰਾਂ ਅਫਰੀਕਾ ਜ਼ਰੂਰ ਜਾਣ ਲਈ ਆਖਿਆ। ਓਥੇ ਮੇਰੇ ਵੇਖਣ ਵਾਲਾ ਬਹੁਤ ਕੁਝ ਹੈ। ਇਹ ਆਪ ਵੀ ਅਫਰੀਕਾ ਵਿਚੋਂ ਹੀ ਇੰਗਲੈਂਡ ਗਏ ਸਨ। ਮੈਂ ਸ. ਸੁਰਜੀਤ ਸਿੰਘ ਨੂੰ ਦੱਸਿਆ : ਜਦੋਂ ਸਤਿਗੁਰੂ ਚਾਹੁਣਗੇ, ਮੈਂ ਚਲਾ ਜਾਵਾਂਗਾ। ਪਰ ਉਨ੍ਹਾਂ ਦਾ ਮੇਰੇ ਨਾਲ 1974 ਦਾ ਇਕਰਾਰ ਹੈ। ਜਦੋਂ ਮੈਂ ਆਪ ਜੀ ਨਾਲ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦਾ ਚੱਕਰ ਲਾ ਕੇ ਢਾਈ ਮਹੀਨੇ ਪਿਛੋਂ ਦੇਸ਼ ਪਰਤਿਆ ਤਾਂ ਦਿੱਲੀ ਉਤਰਦਿਆਂ ਹੀ ਆਪ ਜੀ ਨੇ ਮੇਰੇ ਕੰਨ ਵਿਚ ਫੂਕ ਮਾਰੀ : ਹੁਣ ਤੁਹਾਨੂੰ ਅਫਰੀਕਾ ਵਿਖਾਉਣਾ ਹੈ। ਇਸ ਲੰਮੀ ਯਾਤਰਾ ਅਤੇ ਨਵੇਂ



Sri Satguru Jagjit Singh Ji Elibrary NamdhariElibrary@gmail.com

ਇਕਰਾਰ ਪਿੱਛੇ 'ਸਿਮਰਨ' (ਮੇਰੀ ਰੁਬਾਈਆਂ ਦੀ ਪੁਸਤਕ) ਵਿਚ ਮੇਰੀ ਇਕ ਨਜ਼ਮ ਦੀ ਸਤਿਗੁਰਾਂ ਵਲੋਂ ਸਵੀਕ੍ਰਿਤੀ ਸੀ । 182 ਰੁਬਾਈਆਂ ਵਿਚ ਦੋ ਖ਼ਾਸ ਗੱਲਾਂ ਸਤਿਗੁਰਾਂ ਚੁਣ ਲਈਆਂ ਸਨ :

ਬਾਲ ਪ੍ਰੀਤਮ ਠੰਡੀ ਹੱਥ ਧਰ, ਧਰ ਤੇ ਲੰਮਾ ਪੈ ਕੇ
ਸੁਣਦਾ ਰਿਹਾ ਕਹਾਣੀ ਕੁਦਰਤ, ਰੋਜ਼ ਬਰੋਗੋਂ ਰਹਿ ਕੇ
ਤਖ਼ਤ ਬਖ਼ਤ ਦਾ ਮਾਲਿਕ ਬਣ ਹੁਣ ਸੈਰ ਜਗਤ ਦੀ ਕਰਦਾ :
ਕਥਾਕਾਰ ਵਿੰਹਦਾ ਹੀ ਰਹਿੰਦਾ ਕਦ ਜਾਵੇਗਾ ਲੈ ਕੇ ।

ਸ. ਸੁਰਜੀਤ ਸਿੰਘ ਨੇ ਮੈਨੂੰ ਉਤਸਾਹਤ ਕੀਤਾ : ਸੱਚੇ ਪਾਤਸ਼ਾਹ ਯਾਦ ਕਰਵਾਣ ਵਾਸਤੇ ਵੀ ਕਹਿੰਦੇ ਰਹਿੰਦੇ ਹਨ । ਤੁਸਾਂ ਕਦੇ ਯਾਦ ਕਰਵਾਇਆ ? ਮੈਂ ਆਖਿਆ : ਜਿਹੜਾ ਆਪਣੇ ਆਪ ਹੀ ਸਭ ਕੁਝ ਯਾਦ ਰਖਦਾ ਹੋਵੇ ਉਹਨੂੰ ਯਾਦ ਕੀ ਕਰਵਾਈਏ ।

## 26 ਮਈ 1979, ਸ਼ਨੀਵਾਰ
## ਨਵੀਂ ਦਿੱਲੀ

### ਆਗਾਮੀ ਕਾਰਜ ਕਰਮ

ਕਿਸੇ ਆਪਣੇ ਕੰਮ ਨਿਕਲਿਆ ਸਾਂ, ਦੁਪਹਿਰੇ ਸ. ਸੁਰਿੰਦਰ ਸਿੰਘ ਮਨਚੰਦਾ ਦੇ ਦਫ਼ਤਰ ਕਰੋਲ ਬਾਗ਼ ਗਿਆ ਤਾਂ ਉਸ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਗਲੇ ਪ੍ਰੋਗਰਾਮ ਦਾ ਪਤਾ ਲੱਗਾ । ਉਸ ਮੈਨੂੰ ਸਤਿਗੁਰਾਂ ਦੇ ਨਿਜੀ ਸਕੱਤਰ ਸੰਤ ਤਰਸੇਮ ਸਿੰਘ ਦੀ ਉਹ ਚਿੱਠੀ ਵਿਖਾਈ ਜੋ ਹੁਣੇ ਹੀ ਆਈ ਸੀ । ਸਕੱਤਰ ਦੇ ਪੱਤਰ ਅਨੁਸਾਰ ਪ੍ਰੋਗਰਾਮ ਇੰਜ ਹੈ :

28.5.79 ਤਕ ਰਾਤ ਵੀ ਸ੍ਰੀ ਭੈਣੀ ਸਾਹਿਬ

29.5.79 ਲੰਗਰ ਸ੍ਰੀ ਜੀਵਨ ਨਗਰ

30.5.79 ਰਾਤ ਤਕ ਜੀਵਨ ਨਗਰ ਹੀ

2.6.1979 ਰਾਤ ਤਕ ਦਿੱਲੀ

3.6.79 ਸ਼ਾਮੀਂ 4 ਵਜੇ ਜਹਾਜ਼ ਰਾਹੀਂ ਬੰਬਈ ਰਵਾਨਾ

4.6.79 ਬੰਬਈ ਤੋਂ ਔਰੰਗਾਬਾਦ
ਬਾਦ ਦੁਪਹਿਰ 3 ਤੋਂ 4 ਵਜੇ ਤਕ ਉਦਘਾਟਨ ਸ. ਹਰਭਜਨ ਸਿੰਘ ਲਖਨਊ ਦੇ ਨਵੇਂ ਠੇਕੇ ਦਾ

5.6.79 ਔਰੰਗਾਬਾਦ ਤੋਂ ਬੰਬਈ, ਬੰਬਈ ਤੋਂ ਕਲਕੱਤਾ ਹਵਾਈ ਸਫ਼ਰ

6.6.79 ਕਲੱਕਤਾ ਤੋਂ ਰਾਂਚੀ (ਬਿਹਾਰ)

7-8-9 ਜੂਨ, ਡਾਲਟਨ ਗੰਜ (ਬਿਹਾਰ)



Sri Satguru Jagjit Singh Ji Elibrary NamdhariElibrary@gmail.com

10 ਜੂਨ 79 ਹਜ਼ਾਰੀ ਬਾਗ਼ ਸ਼ਹੀਦੀ ਸ਼ਤਾਬਦੀ ਸੂਬਾ ਸਾਹਿਬ ਸਿੰਘ ਜੀ

11 „ ਰਾਂਚੀ ਤੋਂ ਫਿਰ ਹਵਾਈ ਸਫ਼ਰ ਦੁਆਰਾ 6 ਵਜੇ ਸ਼ਾਮੀਂ ਦਿੱਲੀ

12 „ ਦਿੱਲੀ

16 ਜੂਨ ਤੋਂ ਅਫ਼ਰੀਕਾ ਦਾ ਦੌਰਾ।

## ਨਵਾਂ ਕਾਰੋਬਾਰ

ਸੁਰਿੰਦਰ ਸਿੰਘ ਮਨਚੰਦਾ ਨੇ ਦੱਸਿਆ ਕਿ ਅੱਜ ਉਹ ਗੈਸ ਵੇਚਣ ਵਾਲਿਆਂ ਦੀ ਜਥੇਬੰਦੀ ਨੂੰ ਏਥੇ ਬੁਲਾ ਕੇ ਮੀਟਿੰਗ ਕਰਵਾ ਰਿਹਾ ਹੈ। ਗੈਸ ਦੇ ਮਸਲਿਆਂ ਤੇ ਵਿਚਾਰ ਹੋਵੇਗੀ। ਮਨਚੰਦਾ ਨੇ ਇਹ ਵੀ ਦੱਸਿਆ ਕਿ ਉਹ 'ਕਿੰਗਜ਼ ਟ੍ਰੈਵਲਜ਼' ਦੇ ਨਾਂ ਨਾਲ ਏਥੇ ਇਕ ਟੂਰਿੰਗ ਏਜੰਸੀ ਸ਼ੁਰੂ ਕਰ ਰਿਹਾ ਹੈ। ਇਕ ਨਵੀਂ ਐਂਬੈਸਡਰ ਕਾਰ ਉਸ ਨੇ ਖ਼ਰੀਦੀ ਹੈ ਅਤੇ 3-4 ਹੋਰ ਖ਼ਰੀਦੇਗਾ। ਸਿਰਫ਼ ਵਿਦੇਸ਼ੀ ਪਰਜਟਕਾਂ ਦੀ ਸੇਵਾ ਹੀ ਕਰੇਗਾ।

ਨਵੀਂ ਖ਼ਰੀਦੀ ਗੱਡੀ ਨੂੰ ਪਹਿਲਾਂ ਸਤਿਗੁਰੂ ਜੀ ਦੀ ਸੇਵਾ ਹਿਤ ਵਰਤਿਆ ਜਾਵੇਗਾ। ਇਹ ਗੱਡੀ ਨਾਮਧਾਰੀ ਸਵਾਰੀਆਂ ਲੈ ਕੇ ਡਾਲਟਨ ਗੰਜ ਜਾਵੇਗੀ।

## ਸ੍ਰੀ ਧਰਮਵੀਰ ਸਿੰਘ

ਵਾਪਸੀ ਸਮੇਂ, ਜਦੋਂ ਮੈਂ ਗੁਰਦੇਵ ਸਿੰਘ ਸਰੋਚ ਦੇ ਘਰ ਰਮੇਸ਼ ਨਗਰ ਉਤਰਿਆ ਤਾਂ ਸਿਤਾਰਵਾਦਕ ਧਰਮਵੀਰ ਸਿੰਘ ਮਿਲਿਆ। ਉਸ ਨੇ ਦੱਸਿਆ ਕਿ ਉਸ ਦਾ ਬ੍ਰਿਟਿਸ਼ ਪਾਸਪੋਰਟ ਵਾਲਾ ਕੰਮ ਕੁਝ ਲਟਕ ਗਿਆ ਹੈ। ਪਰ ਠੀਕ ਹੋ ਜਾਵੇਗਾ, ਭਾਵੇਂ ਟੈਂਪਰੇਰੀ ਪਾਸਪੋਰਟ ਲੈ ਕੇ ਯੂ. ਕੇ. ਨ ਜਾ ਕੇ ਕਰਵਾਣਾ ਪਵੇ!

ਧਰਮਵੀਰ ਸਿੰਘ ਨੇ ਦੱਸਿਆ ਕਿ ਇਸ ਵਾਰ ਸਤਿਗੁਰੂ ਜੀ ਦੇ ਅਫ਼ਰੀਕਾ ਟੂਰ ਸਮੇਂ ਇਕ ਕੁਸ਼ਤੀ ਟੀਮ ਨਾਲ ਜਾ ਰਹੀ ਹੈ। ਸਤਿਗੁਰੂ ਜੀ ਦਾ ਚੀਰਿਆਂ ਵਾਲਾ ਸੰਗੀਤ ਜੱਥਾ ਅਤੇ ਹੋਰ ਕਈ। ਉਸ ਇਹ ਵੀ ਦੱਸਿਆ ਕਿ ਜਾਣ ਵਾਲੇ ਜੱਥੇ ਵਿਚ ਮੇਰਾ (ਪ੍ਰੀਤਮ ਸਿੰਘ ਕਵੀ) ਅਤੇ ਰਾਗੀਆਂ ਦਾ ਨਾਂ ਵੀ ਹੈ।

ਹਾਂ, ਸਤਿਗੁਰੂ ਜੀ ਨੇ ਮੈਨੂੰ ਚੇਤੇ ਰੱਖਿਆ। ਮੇਰਾ ਵਿਸ਼ਵਾਸ ਠੀਕ ਨਿਕਲਿਆ।

## ਹਰਭਜਨ ਦੀ ਜ਼ਬਾਨੀ

ਏਨੇ ਨੂੰ ਰਾਗੀ ਹਰਭਜਨ ਸਿੰਘ ਸਿਤਾਰ ਨੇ ਵੀ ਆ ਸਤਿ ਸ੍ਰੀ ਅਕਾਲ ਗਜਾਈ। ਉਹ ਹੁਣੇ-ਹੁਣੇ ਭੈਣੀ ਸਾਹਿਬੋਂ ਆਇਆ ਸੀ। ਉਸ ਨੇ ਦੱਸਿਆ ਕਿ ਭੈਣੀ ਸਾਹਿਬ ਵਿਚ ਸੇਠ ਤਰਲੋਕ ਸਿੰਘ ਦੇ ਲੜਕਿਆਂ, ਸ਼ੇਰ ਸਿੰਘ, ਭੁਪਿੰਦਰ ਸਿੰਘ ਅਤੇ ਸੰਤੋਖ ਸਿੰਘ ਨੂੰ ਆਸਾ ਦੀ ਵਾਰ ਕੰਠ ਕਰਵਾਈ ਜਾ ਰਹੀ ਹੈ। ਨੌਜਵਾਨ ਤਕਲੀਫ਼ ਤਾਂ ਮਹਿਸੂਸ ਕਰਦੇ ਹੀ ਹਨ ਪਰ ਸਤਿਗੁਰੂ ਜੀ ਵੀ ਵਾਰ ਕੰਠ ਕਰਵਾ ਕੇ ਹੀ ਛੱਡਣਗੇ।



Sri Satguru Jagjit Singh Ji Elibrary NamdhariElibrary@gmail.com

ਹਰਭਜਨ ਸਿੰਘ ਨੂੰ ਭੇਟਾ ਸਾਹਿਬ ਸੌਂਪਿਆ ਗਿਆ ਸੀ ਕਿ ਸ. ਮਹਿੰਦਰ ਸਿੰਘ ਅੰਮ੍ਰਿਤਸਰੀ ਸਮੇਂ ਸਿਰ ਨਹੀਂ ਸੀ ਆਇਆ ਪਰ ਬੱਚਿਆਂ ਦੀ ਸੰਗੀਤ ਸਿੱਖਿਆ ਜਾਰੀ ਰੱਖੀ ਜਾਣੀ ਸੀ।

ਸਤਿਗੁਰੂ ਜੀ ਨੇ ਇਹਨਾਂ ਬੱਚਿਆਂ ਨੂੰ ਨਾਲ ਲੈ ਜਾ ਕੇ ਜਲੰਧਰ ਸ਼ਹਿਰ ਦੇ ਮਿਤ ਉਜਾਗਰ ਸਿੰਘ ਦੇ ਉੱਦਮ ਨਾਲ ਇਕ ਸੰਗੀਤ ਸਭਾ ਦਾ ਆਯੋਜਨ ਕੀਤਾ। ਇਸ ਵਿਚ ਸ਼ਹਿਰ ਦੇ ਪਤਵੰਤਿਆਂ, ਅਤੇ ਚੰਗੇ ਕਲਾਕਾਰਾਂ ਤੇ ਨਾਮਧਾਰੀ ਬੱਚਿਆਂ ਭਾਗ ਲਿਆ। ਦੇਰ ਭਾਵੇਂ ਹਨੇਰੀ ਨੇ ਸ਼ਾਮਿਆਨੇ ਤਕ ਉਡਾ ਦਿਤੇ।

## ਸਾਬਕਾ ਸੇਵਕ

ਸੇਠ ਸਪੁਤਰ ਭੁਪਿੰਦਰ ਸਿੰਘ ਚਾਵਲਾ ਤੋਂ ਪਤਾ ਲੱਗਾ ਕਿ ਸ੍ਰੀ ਸਤਿਗੁਰੂ ਜੀ ਦੇ ਪਹਿਲੇ ਨਿੱਜੀ ਸੇਵਕ ਸੇਠ ਗੁਲਜ਼ਾਰ ਸਿੰਘ ਦਮਦਮਾ ਨੇ ਇਕ ਕੋਠੀ ਕਰੋਲ ਬਾਗ, ਨਵੀਂ ਦਿੱਲੀ ਵਿਚ ਖਰੀਦੀ ਹੋਈ ਹੈ ਜਿਸ ਦਾ ਉਹ ਕਰਾਇਆ ਵਧੇਰਾ ਆ ਕੇ ਲੈ ਜਾਂਦਾ ਹੈ। ਗੁਰਦੇਵ ਸਿੰਘ ਦਾ ਵਿਚਾਰ ਸੀ ਕਿ ਸਤਿਗੁਰੂ ਜੀ ਦੇ ਨਾਲ ਰਹਿਣ ਵਾਲੇ ਪਦਾਰਥ ਦਾ ਦਾਧਾ ਕਰਨਾ ਜ਼ਰੂਰੀ ਸਮਝਣ ਲਗ ਪੈਂਦੇ ਹਨ। ਅਜਿਹੇ ਸਮੇਂ ਸਤਿਗੁਰੂ ਜੀ ਵਲੋਂ ਸਹਾਇਤਾ ਵੀ ਵਧੁਰ ਸਕਦੀ ਹੈ ਅਤੇ ਨਿੱਜੀ ਜੀਵਨ ਦੇ ਹਸੂਖ ਵੀ ਉੱਨਤ ਹੋ ਜਾਂਦੇ ਹਨ।

ਦੂਜੇ ਨਿੱਜੀ ਸੇਵਕ ਸੇਠ ਬਲਵੰਤ ਸਿੰਘ ਨੇ ਸਮਰਾਲੇ ਤੋਂ ਆਪਣੀ ਕੋਠੀ ਵੇਚ ਕੇ ਹੁਣ ਲੁਧਿਆਣੇ ਜਾ ਨਿਵਾਸ ਕੀਤਾ ਹੈ। ਮਾਛੀਵਾੜੇ ਕੋਲ ਜੁ ਉਸ ਦੀ ਜ਼ਮੀਨ ਸੀ ਉਸ ਦੀ ਕੀਮਤ 50 ਹਜ਼ਾਰ ਰੁਪਏ ਕਿੱਲਾ ਹੋ ਗਈ ਹੈ ਅਤੇ ਉਹ ਛੇਤੀ ਹੀ ਕੋਈ ਹੋਰ ਪਲੈਨ ਬਣਾਏਗਾ। ਇਸ ਬਾਰੇ ਵੀ ਭੇਟਾ ਸਾਹਿਬੋਂ ਆਏ ਸਰੀਰ ਨੇ ਦੱਸਿਆ।

## ਔਰੰਗਾਬਾਦ ਨੂੰ

ਪੰ: ਗੋਪਾਲ ਸਿੰਘ, ਜਥੇਦਾਰ ਸੇਵਾ ਸਿੰਘ ਜਗਾਧਰੀ ਅਤੇ ਚਾਰ ਹੋਰ ਸਰੀਰ ਔਰੰਗਾਬਾਦ (ਮਹਾਰਾਸ਼ਟਰ ਪ੍ਰਦੇਸ਼) ਨੂੰ ਜਾਣ ਲਈ ਅੱਜ ਏਥੇ ਆਏ। ਗੁਰਪੁਰਬ ਗੁਰੂ ਅਰਜਨ ਦੇਵ ਜੀ ਦਾ ਆਯੋਜਨ ਵੀ ਨਾਮਧਾਰੀ ਸੰਗਤ ਵਲੋਂ ਦਿੱਲੀ ਵਿਚ ਹੈ।

ਔਰੰਗਾਬਾਦ ਵਿਖੇ 6.6.79 ਨੂੰ ਸ. ਹਰਭਜਨ ਸਿੰਘ ਠੇਕੇਦਾਰ ਠਪਲਈ ਵਾਲਿਆਂ ਦੇ ਵਡੇਰੇ ਠੇਕੇ ਦਾ ਸ਼ੁਭਾਰੰਭ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਾ ਕੇ ਕਰਨਾ ਹੈ। ਇਸ ਤੋਂ ਪਹਿਲਾਂ ਉਪ੍ਰੋਕਤ ਦੋਵੇਂ ਜਥੇਦਾਰ ਕੁਝ ਦਿਨ ਹੱਲੇ ਦੇ ਦੀਵਾਨ ਸਜਾਣਗੇ।

ਨਾਮਧਾਰੀ ਸੰਗਤ ਵਲੋਂ ਧਰਮਸਾਲਾ ਰਮੇਸ਼ ਨਗਰ ਵਿਖੇ ਗੁਰਪੁਰਬ ਸਾਰੇ ਦਿਨ ਦੇ ਕੀਰਤਨ ਨਾਲ ਮਨਾਇਆ ਗਿਆ। ਪੰ: ਜੀ ਨੇ ਵੀ ਦੁਪਹਿਰੇ ਤੇ ਰਾਤੀਂ ਆਪਣੇ ਕੀਰਤਨ ਤੇ ਵਿਆਖਿਆ ਨਾਲ ਸੰਗਤ ਨੂੰ ਨਿਹਾਲ ਕੀਤਾ। ਕੱਲ੍ਹ ਦਿਨੇ 11 ਵਜੇ ਦੀ ਗੱਡੀ ਇਹ ਦੋਵੇਂ ਜਥੇ ਔਰੰਗਾਬਾਦ ਲਈ ਚੜ੍ਹਨਗੇ।



Sri Satguru Jagjit Singh Ji Elibrary NamdhariElibrary@gmail.com

## 30 ਮਈ 1979, ਬੁੱਧਵਾਰ
## ਨਵੀਂ ਦਿੱਲੀ

### ਝਗੜਾ

ਦਿੱਲੀ ਦੇ ਦੋ ਮਿੱਤਰ, ਜਿਨ੍ਹਾਂ ਦੀਆਂ ਕਲ ਦੋ ਕੁੜਮਾਈਆਂ ਸਨ, 23.5.79 ਨੂੰ ਆਪਸ ਵਿਚਦੀ ਖਹਿਬੜ ਪਏ। ਇਹ ਬੇਸੁਆਦੀ ਵੇਖਣ ਦਾ ਮੈਨੂੰ ਵੀ ਮੌਕਾ ਮਿਲਿਆ। ਇਕ ਦੀ ਘਰ ਵਾਲੀ ਨੇ ਮੈਨੂੰ ਕੋਲ ਵੇਖ ਆਖਿਆ : ਤੁਸੀਂ ਵੀ ਇਹਨਾਂ ਨੂੰ ਰੋਕਦੇ ਨਹੀਂ ? ਮੈਂ ਥੋੜਾ ਦੂਸਰੇ ਰਉਂ ਵਿਚ ਸਾਂ। ਉੱਤਰ ਵਿਚ ਬੋਲਿਆ : ਮੈਂ ਤਾਂ ਅਨੰਦ ਲੈ ਰਿਹਾ ਹਾਂ ਸਗੋਂ। ਇਹ ਦੋਵੇਂ ਘਨਿਸ਼ਟ ਮਿੱਤਰ ਹਨ। ਬੇਸੁਆਦੀ ਤਾਂ ਸੁਆਰਥ ਹੀ ਕਰਦਾ ਰਿਹਾ ਹੈ।

ਦੋਵੇਂ ਖ਼ਾਸ ਸਨ। ਹੌਲੀ ਹੌਲੀ ਗੱਲ ਸਤਿਗੁਰਾਂ ਪਾਸ ਗਈ। ਆਪ ਜੀ ਨੇ ਆਪਣੇ ਇਕ ਵਿਸ਼ਵਾਸਤ ਸੇਵਕ ਹੱਥ ਦੋਹਾਂ ਨੂੰ ਸੁਨੇਹਾ ਭੇਜਿਆ। ਸ਼ਬਦ ਨੋਟ ਕਰੋ। ਨੰਬਰ ਇਕ ਵਾਸਤੇ : ਸਮਾਈ ਕਰੋ। ਧੀਰਜ ਰਖੋ। ਨੰ: ਦੋ ਵਾਸਤੇ : ਮੈਂ ਆਪ ਹੀ ਆਪ ਗੱਲ ਕਰਾਂਗਾ।

ਬੜੇ ਮੁੱਲਵਾਨ ਸੰਦੇਸ਼ ਸਨ। ਨੰਬਰ ਇਕ ਨੂੰ ਪਤਾ ਸੀ ਕਿ ਉਸ ਨੂੰ ਸਤਿਗੁਰੂ ਜੀ ਮੁਆਫ਼ੀ ਮੰਗਣ ਤਕ ਵੀ ਲੈ ਜਾ ਸਕਦੇ ਹਨ। ਸੋ ਉਸ ਨੇ ਆਪਣੀ ਲੜਾਈ ਵਿਚ ਸਤਰਕਤਾ ਵਰਤੀ। ਦੂਜੇ ਦਾ ਰੋਹ ਵਧੇਰੇ ਜ਼ਿਕਰੀ ਦਾ ਸੀ। ਸਤਿਗੁਰਾਂ ਆਪਣੇ ਸੰਦੇਸ਼ ਵੀ ਦੋਨੋ ਛੋਟੇ ਪਰ ਬੜੇ ਭਾਵ ਰਖਦੇ ਭੇਜੇ।

## 2 ਜੂਨ 1979, ਸ਼ਨੀਵਾਰ
## ਨਵੀਂ ਦਿੱਲੀ

### ਉਸਤਾਦ ਪਿਆਰਾ ਸਿੰਘ

ਬਹੁਤ ਥੋੜੇ ਨਾਮਧਾਰੀਆਂ ਨੂੰ ਪਤਾ ਹੈ ਕਿ ਸ੍ਰੀ ਸਤਿਗੁਰੂ ਜੀ ਅੱਜ ਰਾਤੀਂ ਕਿਸੇ ਵੇਲੇ ਵੀ ਆ ਰਹੇ ਹਨ ਤਾਂ ਵੀ ਜਾਣਕਾਰ ਹਲਕੇ ਵਾਰ ਵਾਰ ਫੋਨ ਕਰ ਕੇ ਆਮਦ ਦਾ ਸਮਾਂ ਪਤਾ ਕਰਨਾ ਚਾਹ ਰਹੇ ਹਨ।

ਬਾਅਦ ਦੁਪਹਿਰ ਜਦੋਂ ਮੈਂ ਸ੍ਰੀ ਹਰਭਜਨ ਸਿੰਘ ਸਿਤਾਰ ਨੂੰ ਮਿਲਿਆ ਤਾਂ ਉਨ ਦੱਸਿਆ ਕਿ ਪਰਸੋਂ 6-7 ਵਜੇ ਕੁਲਦੇਵ ਸਿੰਘ ਦੇ ਘਰ ਰਮੇਸ਼ ਨਗਰ ਠਾਕੁਰ ਉਦੈ ਸਿੰਘ ਜੀ ਆ ਗਏ ਅਤੇ ਫਿਰ ਇਹ ਤਿੰਨੇ ਉਸਤਾਦ ਪਿਆਰਾ ਸਿੰਘ ਦੇ ਘਰ ਸਰੋਜਨੀ ਨਗਰ, ਨਵੀਂ ਦਿੱਲੀ ਮਿਲਣ ਵਾਸਤੇ ਗਏ। ਸ. ਪਿਆਰਾ ਸਿੰਘ ਤਾਰ ਸ਼ਹਿਨਾਈ, ਸਰੀਰ ਕਰਕੇ ਏਨੇ ਨਰੋਏ ਨਹੀਂ-ਰਹੇ ਕਿ ਆਲ ਇੰਡੀਆ ਰੇਡੀਓ ਦੀ ਨੌਕਰੀ ਭੁਗਤਾ ਸਕਣ। ਰੋਗਾਂ ਨਾਲ ਘੇਰਿਆ ਹੋਇਆ ਸਰੀਰ ਥੋੜਾ ਵੀ ਹਰਕਤ ਵਿਚ ਆਇਆਂ ਪੀੜੋ ਪੀੜ ਹੋ ਜਾਂਦਾ ਹੈ। ਰੁਪੈ ਪੈਸੇ ਦੀ ਤੰਗੀ ਨੂੰ ਮੁਖ ਰਖ ਉਨ੍ਹਾਂ ਆਪਣੇ



Sri Satguru Jagjit Singh Ji Elibrary NamdhariElibrary@gmail.com

ਸ਼ਾਗਿਰਦ ਠਾਕੁਰ ਊਦੇ ਸਿੰਘ ਜੀ ਨੂੰ ਲਿਖਿਆ ਸੀ ਕਿ ਉਹ ਮਦਦ ਲਈ ਬਹੁੜਨ। ਅਤੇ ਅੱਜ ਠਾਕੁਰ ਜੀ ਆਪਣੇ ਵਸੀਲਿਆਂ ਨਾਲ 1000/- ਇਕੱਠਾ ਕਰ ਕੇ, ਸਤਿਗੁਰੂ ਜੀ ਵਲੋਂ ਉਨ੍ਹਾਂ ਦੀ ਸਹਾਇਤਾ ਹਿਤ ਦੇ ਆਏ ਹਨ।

## ਉਡੀਕਾਂ

ਸ਼ਾਮੀਂ 6.30 ਵਜੇ ਜਦੋਂ ਅਸੀਂ ਘੜੀ ਸਾਜ਼ ਸੰਤ ਕੁੰਮਣ ਸਿੰਘ ਅਤੇ ਸ੍ਰੀ ਜਸਵੰਤ ਸਿੰਘ ਨਾਮਧਾਰੀ ਟੇਲਰਜ਼ ਨੂੰ ਕਰੋਲ ਬਾਗ਼ੋਂ ਮਿਲ ਕੇ ਕੋਠੀ 1-6/ਬੀ ਪੂਸਾ ਰੋਡ ਵਲ ਆ ਰਹੇ ਸਾਂ ਤਾਂ ਸ੍ਰੀ ਹਰਪਾਲ ਸਿੰਘ ਭੌਲੀ ਅਤੇ ਸ੍ਰੀ ਧਰਮਵੀਰ ਸਿੰਘ ਅਜਮਲ ਸਾਂ ਰੋਡ ਤੇ ਹੀ ਮਿਲ ਪਏ। ਉਨ੍ਹਾਂ ਦੱਸਿਆ ਕਿ ਸੱਚੇ ਪਾਤਸ਼ਾਹ ਜੀ ਤਾਂ ਅਜੇ ਵੀ ਨਹੀਂ ਆਏ।

ਸਹਿਜੇ ਸਹਿਜੇ ਤੁਰ ਕੇ ਕੋਠੀ ਜਾਂਦਿਆਂ ਨੂੰ ਸੂਰਜ ਡੁੱਬ ਚੁਕਾ ਸੀ। ਅੰਦਰ ਕੋਠੀ ਦੇ ਘਾਹ ਪਿੱਤੇ ਵਿਚ, ਸਤਿਗੁਰਾਂ ਦੀ ਉਡੀਕ ਵਿਚ ਮਾਈ ਰੱਖੀ ਹੁਜਰਾ ਸ਼ਾਹ ਵਾਲੀ 2-3 ਹੋਰ ਬੀਬੀਆਂ ਨਾਲ ਬੈਠੀ ਸੀ। ਨਾਲ ਹੀ ਜ਼ਰਾ ਕੁ ਪਰ੍ਹਾਂ ਸੇਠ ਕਰਤਾਰ ਸਿੰਘ ਖਾਲਸਾ ਥਾਈਲੈਂਡ, ਸ. ਮਹਿੰਦਰ ਸਿੰਘ ਡਾਲਟਨ ਗੰਜ, ਸੰਤ ਅਵਤਾਰ ਸਿੰਘ ਨਾਮਧਾਰੀ ਪ੍ਰਿੰਟਿੰਗ ਵਰਕਸ ਅਤੇ 5-7 ਮੇਰੀ ਪਛਾਣੋਂ ਬਾਹਰੇ ਸੱਜਣ ਇੰਤਜ਼ਾਰ ਕਰ ਰਹੇ ਸਨ। ਥੋੜ੍ਹੇ ਚਿਰ ਨੂੰ ਸ. ਸੁਰਿੰਦਰ ਸਿੰਘ ਮਨਚੰਦਾ ਅਤੇ ਸੇਠ ਜਸਪਾਲ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਥਾਈਲੈਂਡ ਵੀ ਆ ਗਏ। ਥਾਈਲੈਂਡ ਦੇ ਹੀ ਸੇਠ ਰਤਨ ਸਿੰਘ ਖਾਲਸਾ ਵੀ ਪਹੁੰਚ ਗਏ। ਹੋਰ ਵੀ ਅਨੇਕਾਂ ਸੱਜਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਏਧਰ ਓਧਰ ਉਠਦੇ-ਬੈਠਦੇ, ਫਿਰਦੇ-ਤੁਰਦੇ ਨਜ਼ਰ ਪੈ ਰਹੇ ਸਨ। ਪਰ ਸਤਿਗੁਰੂ ਜੀ ਤਾਂ ਰਾਤੀਂ 9 ਵਜੇ ਤਕ ਨਹੀਂ ਪਹੁੰਚੇ।

ਨਾਮਧਾਰੀ ਸੰਗਤ ਨੂੰ, ਆਸਾ ਦੀ ਵਾਰ ਸਵੇਰੇ ਕਿਥੇ ਲਗਣੀ ਹੈ, ਦਾ ਪਤਾ ਨਹੀਂ ਲੱਗ ਰਿਹਾ। ਪਰ ਮੈਨੂੰ ਇਹ ਸੁਣਨ ਨੂੰ ਮਿਲਿਆ ਕਿ ਅੱਜ ਆਸਾ ਦੀ ਵਾਰ ਸ੍ਰੀ ਜੀਵਨ ਨਗਰ ਸੁਣ ਕੇ, ਸਰਸੇ ਵਿਖੇ ਜਥੇਦਾਰ ਇੰਦਰ ਸਿੰਘ ਦੇ ਘਰ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇ ਕੇ, ਫਿਰ ਹਿਸਾਰ ਵਿਖੇ ਸੇਠ ਨਿਹਾਲ ਸਿੰਘ ਨਾਮਧਾਰੀ ਟੇਲਰਜ਼ ਦੇ ਘਰ ਚਰਨ ਪਾਉਂਦਿਆਂ ਸ੍ਰੀ ਸਤਿਗੁਰੂ ਜੀ ਨੇ ਦਿੱਲੀ ਪਧਾਰਨਾ ਹੈ। ਸਵੇਰੇ ਕਰੋਲ ਬਾਗ਼ ਵਿਖੇ ਸੰਤ ਹਰਨਾਮ ਸਿੰਘ ਕਾਮੇ ਕੇ ਦੇ ਮਕਾਨ 'ਤੇ ਅਖੰਡ ਪਾਠ ਦਾ ਭੋਗ ਹੈ, ਸ਼ਾਇਦ ਆਸਾ ਦੀ ਵਾਰ ਦਾ ਕੀਰਤਨ ਵੀ ਏਥੇ ਹੋਵੇ।

## 3 ਜੂਨ 1979, ਐਤਵਾਰ
## ਨਵੀਂ ਦਿੱਲੀ

### ਆਸਾ ਦੀ ਵਾਰ!

ਸਵੇਰੇ, ਇਹ ਸੋਚ ਕੇ ਕਿ ਰਮੇਸ਼ ਨਗਰ ਵਿਖੇ ਆਸਾ ਦੀ ਵਾਰ ਦੇ ਸਮੇਂ ਸ਼ਾਇਦ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਹੋ ਸਕਣ, ਮੇਰੀ ਰਾਣੀਆਂ ਵਾਲੀ ਲੜਕੀ ਉਪਦੇਸ਼,



Sri Satguru Jagjit Singh Ji Elibrary NamdhariElibrary@gmail.com

ਉਸਦਾ ਲੜਕਾ ਜਾਗੀਰ ਸਿੰਘ, ਮੇਰੇ ਨੂੰਹ ਪੁਤ ਕੁਲਵਿੰਦਰ ਕੌਰ ਤੇ ਮਨਧੀਰ ਸਿੰਘ ਅਤੇ ਮੇਰੇ ਮਿਤਰ ਸੰਤ ਅਵਤਾਰ ਸਿੰਘ ਨਾ: ਪ੍ਰਿੰ: ਵ: 3 ਵਜੇ ਉਠ ਕੇ ਸਵੇਰ ਇਸ਼ਨਾਨ ਕਰਕੇ ਚਲੇ, ਜਦੋਂ ਕਿ ਸਪੱਸ਼ਟ ਹੋ ਗਿਆ ਕਿ ਸਤਿਗੁਰੂ ਜੀ ਕਰੌਲ ਬਾਗ ਅਖੰਡ ਪਾਠ ਵਾਲੇ ਘਰ ਕੀਰਤਨ ਸਮੇਂ ਹੋਣਗੇ, ਪਰ ਗੱਲ ਇਹ ਵੀ ਠੀਕ ਨਾ ਨਿਕਲੀ।

### ਆਮਦ

ਦੀਨਾ ਬੇਪੂ, ਮੇਰੇ 8.55 ਕੋਠੀ ਵਿਖੇ ਪੁੱਜਣ ਤੇ ਕੋਠੀ 10-15 ਮਿੰਟ ਪਹਿਲਾਂ ਦੇ ਹੀ ਪਹੁੰਚੇ ਸਨ। ਨਿਜੀ ਸੇਵਕ ਪੂਰਬਾ ਨੇ ਦੱਸਿਆ ਕਿ ਸਤਿਗੁਰੂ ਜੀ ਸਵੇਰੇ 4.20 ਦੇ ਜੀਵਨ ਨਗਰੋਂ ਚਲ ਕੇ ਏਥੇ ਪਹੁੰਚੇ ਹਨ। ਗੁਰਮੁਖ ਸਿੰਘ ਦੁਆਰਾ ਚਲਾਈ ਕਾਰ ਤੇ ਆਪ ਜੀ ਦੀ ਤਾਬਿਆ ਪੂਰਬਾ, ਤਰਸੇਮ ਸਿੰਘ, ਕਿਰਪਾਲ ਸਿੰਘ ਭੱਬਰ ਅਤੇ ਬਲਦੇਵ ਸਿੰਘ ਲਾਂਗਰੀ ਆਏ।

ਸੰਗਤ ਸਵੇਰ ਦੀ ਹੀ ਜੁੜਨੀ ਸ਼ੁਰੂ ਹੋਈ-ਹੋਈ ਸੀ। ਅਨੇਕਾਂ ਵੀਰ ਭੈਣਾਂ ਇੰਤਜ਼ਾਰ ਵਿਚ ਸਨ। ਸੰਤ ਤਰਲੋਕ ਸਿੰਘ ਦੀ ਕੋਠੀ 1/6 ਬੀ ਪੂਸਾ ਰੋਡ ਵਿਖੇ ਉਸ ਵਕਤ ਬਹਾਰ ਆ ਜਾਂਦੀ ਹੈ, ਜਦੋਂ ਸ੍ਰੀ ਸਤਿਗੁਰੂ ਜੀ ਏਥੇ ਦਰਸ਼ਨ ਦੇਣ। ਸਤਿਗੁਰੂ ਜੀ ਨੇ ਕਾਰ ਵਿਚ ਹੀ ਪੂਰਬਾ ਤੋਂ ਸਵੇਰੀ ਕੀਰਤਨ ਸੁਣਿਆ।

ਇਹ ਵੀ ਪਤਾ ਲਗਾ ਕਿ ਹਿਸਾਰ ਸ਼ਹਿਰ ਵਿਚ ਨਾਮਧਾਰੀ ਸੰਗਤ ਨੇ ਰਾਤੀਂ ਵੀ ਦੀਵਾਨ ਲੰਬਾ ਰਖਿਆ ਸੀ ਅਤੇ ਅੱਜ ਸਵੇਰੇ ਵੀ। 'ਇਕ ਜਾਗੰਦੇ ਨਾ ਲਹਨਿ ਇਕਨਾ ਸੁਤਿਆ ਦੇਇ ਉਠਾਲਿ' ਵਾਲੀ ਗੱਲ ਬਣ ਗਈ। ਦਰਸ਼ਨ ਯਾਚਕਾਂ ਦੀ ਇਛਾ ਪੂਰੀ ਨਾ ਹੋਈ।

### ਟਿੱਬਿਆਂ ਉਤੇ ਕਿਰਪਾ

ਸੰਤ ਤਰਸੇਮ ਸਿੰਘ ਨੇ ਮੈਨੂੰ ਦੱਸਿਆ, ਐਤਕਾਂ ਸੱਚੇ ਪਾਤਸ਼ਾਹ ਸੁਆਹਰੇ ਚਾਰ ਦਿਨ ਜੀਵਨ ਨਗਰ ਰਹੇ ਹਨ। ਅਤੇ ਟਿੱਬੇ ਵਾਲੇ ਖੂਹ ਦੇ ਦੁਆਲੇ ਦੇ ਟਿੱਬੇ ਕਰਾਹ ਕੇ ਪੱਧਰੇ ਕਰ ਦਿਤੇ ਹਨ। ਇੱਕੋ ਟਿੱਬਾ ਰਹਿਣ ਦਿਤਾ ਗਿਆ ਹੈ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਪ੍ਰਯੋਗ ਮੇਲਾ ਹੋਇਆ ਸੀ। ਟਰੈਕਟਰ ਕੱਲ ਇਕੱਠੇ ਹੀ ਕੰਮ ਕਰ ਰਹੇ ਸਨ। ਉਸ ਇਲਾਕੇ ਵਿਚ ਏਨੇ ਕਦੇ ਵੀ ਇਕੱਠੇ ਟਰੈਕਟਰ ਨਹੀਂ ਵਰਤੇ ਗਏ। ਮਸਤਾਨ ਗੜ੍ਹ ਦੀ ਜ਼ਮੀਨ ਪੱਧਰੀ ਕਰਨ ਤੇ ਓਥੇ ਮਿੱਟੀ ਪਾਉਣ ਦੇ ਦਿਨਿਆਂ ਵਿਚ ਵੀ ਏਨਾ ਜ਼ਬਰਦਸਤ ਉੱਦਮ ਨਹੀਂ ਸੀ ਹੋਇਆ। ਸ੍ਰੀ ਸਤਿਗੁਰੂ ਜੀ ਨੇ ਹਰ ਮਹੀਨੇ 3-4 ਦਿਨ ਜੀਵਨ ਨਗਰ ਲਈ ਰਖਣ ਦਾ ਹੁਕਮ ਕੀਤਾ ਹੈ।

### ਸ਼ਤਾਬਦੀ ਮੇਲਾ ਦੌਰ ਤੇ

ਨਿਜੀ ਸਕੱਤਰ ਨੇ ਹੋਰ ਦੱਸਿਆ ਕਿ ਸੂਬਾ ਸਾਹਿਬ ਸਿੰਘ ਸ਼ਹੀਦੀ-ਸ਼ਤਾਬਦੀ ਮੇਲਾ ਜੋ 10 ਜੂਨ 1979 ਨੂੰ ਬਿਹਾਰ ਦੇ ਸ਼ਹਿਰ ਹਜ਼ਾਰੀ ਬਾਗ਼ ਹੋਣਾ ਸੀ, ਜਿਥੇ ਸੂਬਾ ਜੀ ਦਾ ਸਰੀਰ ਸ਼ਾਂਤ ਹੋਇਆ, ਉਹ ਹੁਣ ਅਗੇ ਤੇ ਜਾ ਪਿਆ ਹੈ। ਡਾਲਟਨ ਗੰਜ ਵਿਖੇ



Sri Satguru Jagjit Singh Ji Elibrary NamdhariElibrary@gmail.com

ਇਕ ਜਨਸੰਘੀ ਗਰੁਪ ਸਾਡੇ ਵਿਰੋਂ ਉਭਰ ਰਿਹਾ ਹੈ, ਜਿਸ ਨਾਲ ਇਕਸੁਰਤਾ ਗੁਆਚੇਗੀ । ਉਂ, ਸੱਚੇ ਪਾਤਸ਼ਾਹ 6-7-8 ਜੂਨ ਨੂੰ ਡਾਲਟਨ ਗੰਜ ਵਿਖੇ ਦਰਸ਼ਨ ਦੇਣਗੇ । ਫਿਰ ਉਥੋਂ ਦੇ ਹਾਲਾਤ ਵੇਖ ਕੇ ਤਾਰੀਖ਼ ਤੈ ਕੀਤੀ ਜਾਵੇਗੀ । ਨਾਲ ਹੀ ਇਹ ਵੀ ਧਿਆਨ ਵਿਚ ਰਖਿਆ ਜਾਵੇਗਾ ਕਿ ਅਫਰੀਕਾ ਦੇ ਦੌਰੇ ਸਮੇਂ ਭੱਜ ਨੱਠ ਨਾ ਪਵੇ । ਅਫਰੀਕਾ ਦਾ ਦੌਰਾ ਤਿੰਨ ਹਫ਼ਤੇ ਦਾ ਹੈ ।

## ਗੱਲਾਂ ਲਾਂਗਰੀ ਤੇ ਲੰਗਰ ਦੀਆਂ

ਸੰਤ ਤਰਸੇਮ ਸਿੰਘ ਤੋਂ ਮੈਂ ਸਤਿਗੁਰੂ ਜੀ ਦੇ ਨਿੱਜੀ ਲਾਂਗਰੀ ਬਾਰੇ ਵੀ ਜਾਣ-ਕਾਰੀ ਲਈ ਜੁ ਖੜਵੀਆਂ ਮੁੱਛਾਂ ਅਤੇ ਤੇਜ਼ ਅੱਖਾਂ ਵਾਲਾ, ਨਾਮ ਵਲੋਂ ਸ੍ਰੀ ਬਲਦੇਵ ਸਿੰਘ ਹੈ । ਜਿਸ ਨੂੰ ਸਤਿਗੁਰੂ ਜੀ ਦੀ ਸੇਵਾ ਵਿਚ ਆਇਆਂ 6 ਸਾਲ ਹੋ ਗਏ ਹਨ ਅਤੇ ਇਹ ਉੱਦਮੀ ਸੁਭਾਉ ਦਾ ਹੈ । ਅੱਠੇ ਪਹਿਰ ਤਿਆਰ ਬਰ ਤਿਆਰ ਰਹਿੰਦਾ ਹੈ । ਇਹ ਰਾਜਸਥਾਨ ਦੇ ਜ਼ਿਲਾ ਗੰਗਾ ਨਗਰ ਦੇ ਇਕ ਪਿੰਡ ਜੋਤਸੀਆਂ ਦਾ ਜੰਮ ਪਲ ਹੈ । ਇਸ ਦੇ ਪਿਤਾ ਦਾ ਨਾਮ ਸੰਤ ਰਣਜੀਤ ਸਿੰਘ ਅਤੇ ਮਾਤਾ ਦਾ ਬੀਬੀ ਅਜਾਇਬ ਕੌਰ ਹੈ ।

ਸਤਿਗੁਰੂ ਜੀ ਦੀ ਖਾਧ ਖ਼ੁਰਾਕ ਬਾਰੇ ਤਰਸੇਮ ਸਿੰਘ ਨੇ ਦੱਸਿਆ : ਸੱਚੇ ਪਾਤਸ਼ਾਹ ਜੀ ਬਹੁਤ ਥੋੜੀ ਮਾਤਰਾ ਵਿਚ ਅੰਨ ਛਕਦੇ ਹਨ । ਅਜ ਕੱਲ੍ਹ ਸਾਰੇ ਦਿਨ ਵਿਚ ਇਕੋ ਵਾਰ ਭੋਜਨ ਛਕਿਆ ਜਾਂਦਾ ਹੈ । ਦੋ ਜਾਂ ਤਿੰਨ ਵਾਰੀ ਜਲਪਾਨ ਹੁੰਦਾ ਹੈ । ਟੀਂਡਾ ਜਦੋਂ ਤੋਂ ਮਾਰਕਿਟ ਵਿਚ ਆਉਣਾ ਸ਼ੁਰੂ ਹੁੰਦਾ ਹੈ, ਗੁਰੂ ਕੇ ਲੰਗਰ ਦਾ ਅੰਗ ਬਣ ਜਾਂਦਾ ਹੈ ਅਤੇ ਜਦ ਤਕ ਮੰਡੀਓਂ ਗਾਇਬ ਹੀ ਨ ਹੋ ਜਾਵੇ ਤਦ ਤਕ ਉਬਲਵਾਂ ਛਕਦੇ ਰਹਿੰਦੇ ਹਨ । ਸਤਿਗੁਰੂ ਜੀ ਨਾ ਬਾਹਲੇ ਮਿਠੇ ਦੇ ਸ਼ੌਕੀਨ ਹਨ ਨ ਨਮਕੀਨ ਦੇ । ਆਮ ਕਰਕੇ ਗੁਰੂ ਕੀ ਰਸੋਈ ਦਾ ਸ਼ਿੰਗਾਰ ਅਲੂਣੀਆਂ ਸਬਜ਼ੀਆਂ ਹੁੰਦੀਆਂ ਹਨ ।

## ਦਰਸ਼ਨ ਪ੍ਰੇਮੀ

ਗੁਰੂ ਕੇ ਦਰਸ਼ਨਾਂ ਦੇ ਵਿਸ਼ੇਸ਼ ਚਾਹਵਾਨ ਅੱਜ ਹੇਠ ਲਿਖੇ ਵਿਅਕਤੀ ਸਨ : ਸੰਤ ਅਵਤਾਰ ਸਿੰਘ ਨਾਮਧਾਰੀ ਪ੍ਰਿੰਟਿੰਗ ਵਰਕਸ, ਸੰਤ ਬਲਬੀਰ ਸਿੰਘ ਸ਼ਾਮ ਨਗਰ, ਗੁਜਰਾਂਵਾਲਾ ਤੋਂ ਸੰਤ ਸਰੂਪ ਸਿੰਘ ਸਮੇਤ ਪਤਨੀ ਅਤੇ ਪੁਤਰੀ, ਸੇਠ ਕਰਤਾਰ ਸਿੰਘ ਚਾਵਲਾ ਸੇਠ ਬੈਂਕਾਕ ਤੋਂ, ਨਾਮਧਾਰੀ ਸੰਗਤ ਬੈਂਕਾਕ ਦੇ ਪ੍ਰਧਾਨ ਜਸਪਾਲ ਸਿੰਘ, ਸ. ਦਰਸ਼ਨ ਸਿੰਘ ਸਰਦੇਵਾ ਬੈਂਕਾਕ, ਇਸ ਦੀ ਸੁਪਤਨੀ, ਅਤੇ ਬੱਚੇ, ਸੰਤ ਮੰਗਲ ਸਿੰਘ ਲਾਇਲਪੁਰੀ ਦੀ ਵਡੀ ਲੜਕੀ ਬਲਬੀਰ ਕੌਰ ਇਹਦਾ ਪਤੀ ਸ. ਸਵਰਨ ਸਿੰਘ ਤੇ ਬੱਚੇ, ਮੇਰਾ ਪਰਵਾਰ ਬਿਨਾ ਪਤਨੀ ਤੇ ਛੋਟੇ ਪੁੱਤਰ ਤੋਂ, ਸ. ਸੁਲੱਖਣ ਸਿੰਘ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਨਾਮਧਾਰੀ ਏਜੰਸੀ ਵਾਲੇ ਸ. ਸੇਵਾ ਸਿੰਘ -ਮਨਮੋਹਨ ਸਿੰਘ ਸਮੇਤ ਪਰਵਾਰ, ਸੂਬਾ ਗੰਡਾ ਸਿੰਘ ਜੀ, ਗਿ: ਜਸਵੰਤ ਸਿੰਘ, ਸੰਤ ਬਲਵੰਤ ਸਿੰਘ-ਮਹਿੰਦਰ ਸਿੰਘ ਬਾਲੀ ਨਗਰ, ਸੰਤ ਅਵਤਾਰ ਸਿੰਘ-ਆਤਮਾ ਸਿੰਘ ਪਨਿਵ ਰਮੇਸ਼ ਨਗਰ, ਠਾਕੁਰ ਸ਼ਮਸ਼ੇਰ ਸਿੰਘ ਜੀ, ਸ. ਸੁਰਿੰਦਰ ਸਿੰਘ ਮਨਚੰਦਾ ਪਿਤਾ ਜੀ ਦੇ



Sri Satguru Jagjit Singh Ji Elibrary NamdhariElibrary@gmail.com

ਭਾਈ ਨਰਿੰਦਰ ਸਿੰਘ ਸਮੇਤ, ਸ. ਜੁਗਿੰਦਰ ਸਿੰਘ ਸਪੁੱਤਰ ਸ. ਮੋਤਾ ਸਿੰਘ, ਸੰਗੀਤ-ਕਾਰਾਂ ਦਾ ਗਰੁੱਪ : ਸ੍ਰੀ ਹਰਪਾਲ ਸਿੰਘ ਭੋਲੀ (ਤਬਲਾ), ਸ੍ਰੀ ਧਰਮਵੀਰ ਸਿੰਘ (ਸਿਤਾਰ), ਸ੍ਰੀ ਹਰਭਜਨ ਸਿੰਘ (ਸਿਤਾਰ) ਸ੍ਰੀ ਮੋਹਣ-ਸੁਖਦੇਵ-ਪਿੰਕੀ, ਸ. ਸੁਰਜੀਤ ਸਿੰਘ ਯੂ. ਕੇ., ਸ. ਮਨਜੀਤ ਸਿੰਘ ਬਨਾਰਸ ਸਮੇਤ ਪਤਨੀ, ਅਤੇ ਲੰਗਰ ਕਰਨ ਵਾਲੀਆਂ ਬੀਬੀਆਂ ਦਾ ਗਰੁੱਪ। ਕੁਝ ਸਰੀਰ ਐਸੇ ਵੀ ਦਰਸ਼ਨਾਰਥੀ ਹਨ ਜਿਨ੍ਹਾਂ ਨੂੰ ਮੈਂ ਜਾਣਦਾ ਨਹੀਂ।

ਸ੍ਰੀ ਸਤਿਗੁਰੂ ਜੀ ਆਉਂਦਿਆਂ ਹੀ ਥੋੜਾ ਜਲਪਾਨ ਕਰ, ਆਰਾਮ ਕਰਨ ਹਿਤ ਆਪਣੇ ਕਮਰੇ ਵਿਚ ਚਲੇ ਗਏ ਸਨ ਜਿਥੋਂ ਆਪ 9.15 ਵਜੇ ਬਾਹਰ ਆਏ। ਸੰਗਤ ਦੀਆਂ ਨਮਸਕਾਰਾਂ ਕਬੂਲ ਕੀਤੀਆਂ ਫਿਰ ਹੈਦਰਾਬਾਦ ਵਾਲੇ ਸ. ਲਾਭ ਸਿੰਘ ਤੇ ਉਹਦੇ ਸਾਥੀ ਨਾਲ ਕੁਝ ਸਮਾਂ ਵਿਚਾਰ ਲਈ ਅਤੇ ਹੋਰ ਕਈਆਂ ਨੂੰ ਇੰਜ ਹੀ ਨਿਵਾਜਿਆ।

2.25 ਵਜੇ ਸਵੇਰੇ ਬੈਂਗਲੋਰ ਤੋਂ ਸ. ਸੁਰਿੰਦਰ ਸਿੰਘ ਲੁਧਿਆਣਾ ਦਾ ਫੋਨ ਆ ਗਿਆ। ਸਤਿਗੁਰੂ ਫੋਨ ਕਮਰੇ ਵਿਚ ਗਏ। ਸੁਰਿੰਦਰ ਸਿੰਘ ਪੁਛ ਰਿਹਾ ਸੀ ਕਿ ਦੱਖਣ ਦੇ ਕਿਸ ਭਾਗ ਨੂੰ ਕੇ ਕਦੋਂ ਦਰਸ਼ਨ ਹੋਣਗੇ ਤਾਕਿ ਇਹ ਫਿਰ ਸੰਪਰਕ ਕਰ ਸਕੇ। ਸਾਧ ਸੰਗਤ ਨੂੰ ਦਰਸ਼ਨ ਮੇਲੇ ਦਾ ਸਿਲਸਿਲਾ 11.30 ਵਜੇ ਤਕ ਜਾਰੀ ਰਿਹਾ।

## ਫੌਲ ਪੌੜੀ ਦਰਬਾਰ ਦੀ

ਪ੍ਰਭਾਤ ਫਰਕ ਲਈ ਇਸ਼ਨਾਨ ਕਰਨ ਜਾਂਦਿਆਂ ਸ੍ਰੀ ਸਤਿਗੁਰੂ ਜੀ ਦੀ ਦ੍ਰਿਸ਼ਟੀ ਸੰਤ ਅਵਤਾਰ ਸਿੰਘ ਨਾਮ: ਪ੍ਰਿੰ: ਕਰਕਸ ਤੇ ਪਈ। ਸਤਿਗੁਰਾਂ ਨੇ ਸੰਤ ਮਹਿੰਦਰ ਸਿੰਘ ਪੁਰਬੇ ਦੇ ਕੰਨ ਵਿਚ ਕੁਝ ਕਿਹਾ, ਉਸਨੇ ਜਾ ਕੇ ਅਵਤਾਰ ਸਿੰਘ ਹੁਰਾਂ ਨਾਲ ਗੱਲ ਕੀਤੀ। ਅਵਤਾਰ ਸਿੰਘ ਹੁਰਾਂ ਮਿੱਤਰ ਹੋਣ ਦੇ ਨਾਤੇ ਮੈਨੂੰ ਦੱਸਿਆ ਕਿ ਸੱਚੇ ਪਾਤਸ਼ਾਹ ਜੀ ਨੇ ਅੰਦੇਸ਼ਾ ਪਰਗਟ ਕੀਤਾ ਹੈ ਕਿ ਜਿਸ ਸੱਜਣ ਦੇ ਜ਼ਿੰਮੇ ਇਹਨਾਂ ਦੀ ਰਕਮ 35000/- ਦੀ ਵਾਪਸੀ ਲਈ ਪੱਕੀ ਕੀਤੀ ਗਈ ਸੀ, ਉਹ ਕੰਡਾਹੀ ਕਰ ਗਿਆ ਹੈ, ਇਸ ਕਾਰਨ ਇਹਨਾਂ ਨੂੰ ਪਰੇਸ਼ਾਨੀ ਹੋਈ ਹੋਵੇਗੀ। ਹੁਣ 11 ਜੂਨ ਨੂੰ ਵਾਪਸੀ ਤੇ ਇਸ ਦਾ ਪ੍ਰਬੰਧ ਕੀਤਾ ਜਾਇਆ, ਭਰੋਸਾ ਰਖਣ।

## ਸਤਿਗੁਰ ਤਿਸੁ ਕਾ ਨਾਉ

ਕੋਠੀ ਦੇ ਹੇਠਲੇ ਲਾਲ ਗਲੀਚਿਆਂ ਵਾਲੇ ਹਾਲ ਵਿਚ 3 ਤੋਂ 4 ਤਕ ਨਾਮ ਸਿਮਰਨ ਹਾਲ ਤੋਂ ਵੱਧ ਸੰਗਤ ਦੀ ਹਾਜ਼ਰੀ ਵਿਚ ਹੋਇਆ। ਅਰਦਾਸ ਹੋਈ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਸ ਹੀ ਬੈਠੇ ਹੋਏ ਨਵਯੁਗ ਪ੍ਰੈਸ, ਪਲਟੀਅਰ ਕਾਰਡਨ, ਚਾਂਦਨੀ ਚੌਕ ਦੇ ਮਾਲਿਕ ਭਾਪਾ ਪ੍ਰੀਤਮ ਸਿੰਘ ਹੁਰਾਂ 5 ਪੁਸਤਕਾਂ, ਡਿਮਈ ਆਕਾਰ ਦੀਆਂ, ਸੁੰਦਰ ਜਿਲਦ, ਸੁਨਹਿਰੀ ਚੋਲੀ ਅਤੇ ਅੰਦਰੋਂ ਵਧੀਆ ਛਪਾਈ ਵਾਲੀਆਂ, ਜਿਨ੍ਹਾਂ ਦਾ ਨਾਮ 'ਸਤਿਗੁਰ ਤਿਸਕਾ ਨਾਉ' ਸਤਿਗੁਰੂ ਜੀ ਨੂੰ ਭੇਟਾ ਕੀਤੀਆਂ। ਇਹਦੇ ਪਬਲਿਸ਼ਰ ਤਾਂ ਭਾਪਾ ਜੀ ਆਪ ਹੀ ਹਨ, ਲੇਖਕ, ਨਾਮਧਾਰੀਆਂ ਵਿਚ ਜਾਣਿਆ ਪਛਾਣਿਆ, ਡਾ: ਅਮਰ ਭਾਰਤੀ ਹੈ। ਸਤਿਗੁਰੂ ਜੀ ਪੁਸਤਕ ਨੂੰ ਚਾਹ ਨਾਲ ਵੇਖ,



Sri Satguru Jagjit Singh Ji Elibrary NamdhariElibrary@gmail.com

ਉਲਟਾਅ-ਪਲਟਾਅ, ਅੰਦਰੋਂ ਛਪਾਈ ਆਦਿ ਵਲ ਵੇਖ ਪ੍ਰਸੰਨ ਹੋ ਕੇ ਭਾਪਾ ਜੀ ਨੂੰ ਕਿਹਾ : ਤੁਹਾਨੂੰ ਵਧਾਈ ਅਤੇ ਮੇਰੀ ਵਧਾਈ ਭਾਰਤੀ ਜੀ ਤਕ ਵੀ ਭੇਜਣਾ।

ਫੇਰ ਮੈਨੂੰ ਆਗਿਆ ਹੋਈ ਕਿ ਮੈਂ ਸੰਗਤ ਵਿਚ ਇਸ ਪੁਸਤਕ ਬਾਰੇ ਕੁਝ ਆਖਾਂ। ਮੈਂ ਸੰਖੇਪ ਵਿਚ ਸੰਗਤ ਨੂੰ ਦੱਸਿਆ ਕਿ ਡਾ: ਅਮਰ ਭਾਰਤੀ ਨੇ ਸ਼ਾਸਤਰ, ਵੇਦ-ਪੁਰਾਣ, ਇਤਿਹਾਸ, ਮਿਥਿਹਾਸ ਅਤੇ ਗੁਰਬਾਣੀ ਦਾ ਗਹਿਨ ਅਧਿਐਨ ਕਰ ਅਤੇ ਸਭ ਕੁਝ ਨੂੰ ਰਿੜਕ ਕੇ ਪੁਸਤਕ ਤਿਆਰ ਕੀਤੀ ਹੈ ਜੁ ਬਹੁਤ ਸਾਰੇ ਭਰਮ ਭੁਲੇਖੇ ਦੂਰ ਕਰੇਗੀ ਅਤੇ ਸਚਾਈ ਲਈ ਉਤਸੁਕਤਾ ਜਗਾਏਗੀ। ਜਿੰਨੀ ਮਿਹਨਤ ਲੇਖਕ ਨੇ ਕੀਤੀ ਹੈ ਉਹੋ ਜਿਹੀ ਹੀ ਲਗਨ ਤੇ ਮਿਹਨਤ ਨਾਲ ਭਾਪਾ ਪ੍ਰੀਤਮ ਸਿੰਘ ਜੀ ਨੇ ਇਹ ਪੁਸਤਕ ਛਾਪੀ ਤੇ ਪ੍ਰਕਾਸ਼ਤ ਕੀਤੀ ਹੈ। ਕੇਵਲ 30/- ਵਿਚ ਇਹ ਪੁਸਤਕ ਅਸਲੋਂ ਸਸਤੀ ਹੈ।

ਫਿਰ ਸਤਿਗੁਰੂ ਜੀ ਨੇ ਵੀ ਪੰਜ ਮਿੰਟ ਪੁਸਤਕ ਬਾਰੇ ਚਰਚਾ ਕੀਤੀ।

## ਕਲਾ ਵਿਦਿਆਰਥਣਾਂ

ਏਥੇ ਬੈਠਿਆਂ ਸ੍ਰੀ ਸਤਿਗੁਰੂ ਜੀ ਨੂੰ ਗਿ: ਜਸਵੰਤ ਸਿੰਘ ਰਾਜੌਰੀ ਗਾਰਡਨ ਦੀਆਂ ਪੁੱਤਰੀਆਂ ਸਤਵੰਤ ਅਤੇ ਸ਼ਰਨਜੀਤ ਨੇ ਆਪਣੀਆਂ ਕਲਾ-ਕਾਪੀਆਂ ਵਿਖਾਈਆਂ, ਜਿਨ੍ਹਾਂ ਵਿਚ ਉਨ੍ਹਾਂ ਮੁਸੱਵਰ ਕਰਿਆਮ ਸਿੰਘ ਜੀ ਦੀ ਸ਼ਾਗਿਰਦਗੀ ਅਧੀਨ ਕਈ ਪਰਕਾਰ ਦੇ ਚਿੱਤਰ ਬਣਾਏ ਹੋਏ ਸਨ। ਅੱਛਾ ਪ੍ਰਜਤਨ ਸੀ!

ਸਤਿਗੁਰੂ ਜੀ ਨੂੰ ਆਪਣੀ ਐਗਜ਼ੇਕਟਿਵ ਨਾਲ ਵੀ ਅਜ ਕਾਫੀ ਬੈਠਕਾਂ ਲੈਣੀਆਂ ਪਈਆਂ। ਕਦੇ ਸੇਠ ਤਰਲੋਕ ਸਿੰਘ, ਕਦੇ ਸ. ਸੇਵਾ ਸਿੰਘ, ਕਦੇ ਹੰਸਪਾਲ, ਕਦੇ ਗੁਰਸੁਜਨ ਸਿੰਘ ਨਾਲ। ਮਸਲੇ ਦੀ ਸਮਝ ਨਹੀਂ ਲਗੀ।

## ਵਿੰਗਜ਼ ਟ੍ਰੈਵਲਜ਼ ਦੀ ਐਂਬੈਸੇਡਰ

6 ਵਜਣ ਦੇ ਨਾਲ ਹੀ ਇੰਤਜ਼ਾਰ ਵਿਚ ਖੜੀਆਂ ਤਿਆਰ ਕਾਰਾਂ ਵਿਚੋਂ ਸ੍ਰੀ ਸਤਿਗੁਰੂ ਜੀ ਨੇ ਸ. ਸੁਰਿੰਦਰ ਸਿੰਘ ਮਨਚੰਦਾ ਦੀ ਖ਼ਰੀਦੀ ਹੋਈ ਨਵੀਂ ਕਾਰ ਸਫ਼ੈਦ ਐਂਬੈਸੇਡਰ ਨੂੰ ਨਿਵਾਜਿਆ। ਸਾਰਾ ਸਾਮਾਨ ਏਸ ਗੱਡੀ ਵਿਚ ਰਖਕੇ ਮਨਚੰਦਾ ਦੀ ਡਰਾਈਵਿੰਗ ਨਾਲ ਸ੍ਰੀ ਸਤਿਗੁਰੂ ਜੀ, ਸੇਠ ਜੀ, ਹੰਸਪਾਲ ਅਤੇ ਸਰੱਬਤ ਤਰਸੇਮ ਸਿੰਘ ਪਾਲਮ ਏਅਰ ਪੋਰਟ ਲਈ ਚਲ ਪਏ।

ਇਸ ਐਂਬੈਸੇਡਰ ਨਾਲ ਮਨਚੰਦਾ ਨੇ ਨਵੇਂ ਕਾਰੋਬਾਰ 'ਵਿੰਗਜ਼ ਟ੍ਰੈਵਲਜ਼'. ਵਾਸਤੇ ਪਹਿਲ ਕਰਨੀ ਕੀਤੀ ਸੀ।

## ਡਾ: ਐਸ. ਬੀ. ਸਿੰਘ

ਡਾ: ਸ਼ਮਸ਼ੇਰ ਬਹਾਦਰ ਸਿੰਘ, ਜੁ ਜਲੰਧਰ ਦੇ ਰਾਜਾ ਹਸਪਤਾਲ ਦੇ ਰੂਹੇ ਰਵਾਂ ਸਨ, ਉਹ ਡੈਂਟਲ ਸਰਜਨ ਸਨ। ਸਧਾਰੇ ਕੱਦ ਤੇ ਸਫ਼ੈਦ ਪਹਿਰਾਵੇ ਵਾਲਾ ਇਹ ਵਿਅਕਤੀ ਦੰਦ ਚਕਿਤਸਾ ਤੇ ਨਵੇਂ ਡੇਂਚਰ ਦੀ ਸਿਰਜਨਾ ਵਿਚ ਮਾਹਰ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਵਰਤਮਾਨ ਸਤਿਗੁਰੂ ਜੀ ਏਦਾਂ ਦੁਆਰਾ ਦਿਤੀ ਕਿਸੇ



Sri Satguru Jagjit Singh Ji Elibrary NamdhariElibrary@gmail.com

ਵੀ ਪਰੇਸ਼ਾਨੀ ਬਾਰੇ ਡਾ. ਐਸ. ਬੀ. ਸਿੰਘ ਦੀ ਸੰਗਤਾ ਦੀ ਉਪਸੰਕਤਾ ਕੀਤਾ, ਕਰਦੇ ਸਨ ।

ਅੱਜ ਸਵੇਰੇ ਜਾਂ ਮੈਂ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਘਰੋਂ ਨਿਕਲਿਆ ਤਾਂ ਨਹਿਰੂ ਮਾਰਕਿਟ, ਰਾਜੌਰੀ ਗਾਰਡਨ ਤੋਂ ਟੈਗੋਰ ਗਾਰਡਨ ਜਾਂਦੀ ਪੂਰਬੀ ਸੜਕ ਤੇ ਸ. ਮੇਹਰ ਸਿੰਘ (76) ਹੰਸਪਾਲ ਮਿਲੇ । ਸ. ਜੀ ਦੇ ਘਰ ਡਾ. ਐਸ. ਬੀ. ਸਿੰਘ ਦੀ ਭੈਣ ਬੀਬੀ ਮਹਿੰਦਰ ਕੌਰ ਹੈ । ਇਹਨਾਂ ਦੱਸਿਆ ਕਿ ਡਾ: ਸਾਹਿਬ 15.5.79 ਨੂੰ ਜਲੰਧਰ ਵਿਖੇ 4 ਵਜੇ ਸਵੇਰੇ ਸੁਰਗਵਾਸ ਹੋ ਗਏ । ਡਾ: ਐਮ. ਬੀ. ਬੀ. ਐਸ (1927) ਡੀ. ਬੀ. ਐਸ. (ਆਨਰ), ਮੇਜਰ ਐਕਸ. ਆਈ. ਐਮ. ਐਸ. ਸਨ । ਇਕਲੌਤੇ ਬੇਟੇ ਦੀ ਉਡੀਕ ਕਰਦਿਆਂ ਉਨ੍ਹਾਂ ਦਾ ਸਸਕਾਰ 18.5.79 ਨੂੰ ਕੀਤਾ ਗਿਆ ਅਤੇ ਭੋਗ 27.5.79 ਨੂੰ ਉਨ੍ਹਾਂ ਦੀ ਰਿਹਾਇਸ਼ਗਾਹ ਜਲੰਧਰ ਵਿਖੇ ਪਾਇਆ ਗਿਆ ।

ਭੋਗ ਦੇ ਅਵਸਰ ਤੇ ਸ੍ਰੀ ਸਤਿਗੁਰੂ ਜੀ ਵਲੋਂ ਇਕ ਵਿਸ਼ੇਸ਼ ਪ੍ਰਤੀਨਿਧ ਭੇਜਿਆ ਗਿਆ, ਜਿਸ ਨੇ ਸ੍ਰੀ ਹਜ਼ੂਰ ਵਲੋਂ ਇਕ ਦਸਤਾਰ, ਇਕ ਮਾਲਾ ਅਤੇ ਇਕ ਨਾਮਧਾਰੀ ਨਿਤਨੇਮ ਦਾ ਗੁਟਕਾ ਉਹਨਾਂ ਦੇ ਮਾਣ ਲਈ ਦਿਤਾ । ਪਰ ਇਸ ਤੋਂ ਪਹਿਲਾਂ ਘਰ ਖਰਚਾਂ ਵਿਚ ਸਹਾਇਕ ਹੋਣ ਵਾਸਤੇ ਦੀਨ ਦਿਆਲ ਜੀ ਨੇ ਇਕ ਟੀਨ ਦੇਸੀ ਘਿਉ ਅਤੇ ਇਕ ਬੋਰੀ ਘਰ ਦੀ ਕਣਕ ਦਾ ਆਟਾ ਭੇਜਿਆ ।

ਠਾਕੁਰ ਸ਼ਮਸ਼ੇਰ ਸਿੰਘ ਜੀ ਨੇ ਵੀ ਮੈਨੂੰ ਅੱਜ ਹੀ ਦੱਸਿਆ ਸੀ ਕਿ ਉਹ ਵੀ ਇਸ ਗੁਰੂ ਪਿਆਰੇ ਡਾਕਟਰ ਨਮਿੱਤ ਰਖੇ ਭੋਗ ਤੇ ਜਲੰਧਰ ਪਹੁੰਚੇ ਸਨ ।

## 5 ਜੂਨ 1979, ਮੰਗਲਵਾਰ
## ਨਵੀਂ ਦਿੱਲੀ

ਕੱਲ੍ਹ ਮੇਰਾ ਨੂੰਹ-ਪੁੱਤਰ ਅਤੇ ਵਡੀ ਲੜਕੀ ਸ. ਕੇਵਲ ਸਿੰਘ ਉਲਤ ਪੁਰੀ ਹੁ ਲੈਸਟਰ (ਸ਼ਹਿਰ) ਯੂ.ਕੇ. ਤੋਂ ਆ ਰਿਹਾ ਸੀ, ਉਹਦੀ ਅਗਵਾਨੀ ਲਈ ਪਾਲਮ ਹਵਾਈ ਅੱਡੇ ਤੇ ਪੁੱਜੇ, ਮੈਂ ਵੀ ਨਾਲ ਸਾਂ । ਅਤੇ ਮੈਨੂੰ ਬਾਰ ਬਾਰ ਸਤਿਗੁਰੂ ਜੀ ਯਾਦ ਆ ਰਹੇ ਸਨ ਕਿ ਉਨ੍ਹਾਂ ਕਾਰਨ ਸੈਂਕੜੇ ਵਾਰ ਏਅਰਪੋਰਟ ਤੇ ਜਾਣ ਆਉਣ ਹੁੰਦਾ ਹੈ, ਪਰ ਅੱਜ ਅਸੀਂ ਬਿਨਾਂ ਉਨ੍ਹਾਂ ਦੇ ਸੁਆਗਤ ਤੋਂ ਏਅਰਪੋਰਟ ਤੇ ਪੁਜੇ ਹੋਏ ਹਾਂ ।

### ਅਸੁਖਾਵੀਂ ਖ਼ਬਰ

ਅੱਜ ਬਾਅਦ ਦੁਪਹਿਰ ਮੇਰੇ ਘਰ ਗੁਰਦੇਵ-ਹਰਭਜਨ ਸਿੰਘ ਅਤੇ ਡਾ: ਅਮਰ ਭਾਰਤੀ ਆਏ । ਮੈਂ ਪੁੱਤਰੀ ਉਪਦੇਸ਼ ਨੂੰ ਬਸ ਤੇ ਚੜ੍ਹਾਉਣ ਲਈ ਅੰਤਰ ਰਾਜੀਆ ਬਸ ਅੱਡੇ ਤੇ ਕਾਫੀ ਖੱਜਲ ਖੁਆਰੀ ਦਾ ਸ਼ਿਕਾਰ ਹੋਇਆ ਸਾਂ । ਥਕਾਵਟ ਅਨੁਭਵ ਕਰਦਿਆਂ ਬਿਸਤਰ ਤੇ ਲੇਟਿਆ ਪਿਆ ਹੋਇਆ ਸਾਂ ਕਿ ਉਪ੍ਰੋਕਤ ਪਾਰਟੀ ਨੇ ਆ ਖ਼ਬਰ ਦਿੱਤੀ : ਸਤਿਗੁਰੂ ਜੀ ਬਿਮਾਰ ਹੋ ਗਏ ਹਨ ਅਤੇ ਆਪ ਜੀ ਅਗਲਾ ਸਾਰਾ ਪ੍ਰੋਗਰਾਮ ਕੈਂਸਲ ਕਰ ਕੇ ਅੱਜ 2.30 ਵਜੇ ਦਿੱਲੀ ਪਹੁੰਚ ਰਹੇ ਹਨ । ਸਮਝ ਨਹੀਂ ਸੀ ਆ



Sri Satguru Jagjit Singh Ji Elibrary NamdhariElibrary@gmail.com

ਰਹੀ ਕਿ ਇਹ ਅਚਾਨਕ ਉਨ੍ਹਾਂ ਨੂੰ ਕੀ ਹੋ ਗਿਆ। ਪਰ ਕੋਈ ਡੋਰੀ ਵਸੀਲਾ ਜਾਣਨ ਦਾ ਵੀ ਨਹੀਂ ਸੀ।

ਟੈਲੀਫੋਨ ਕਰ ਕੇ ਪੂਸਾ ਰੋਡ ਕੋਠੀਓਂ ਪਤਾ ਕੀਤਾ ਤਾਂ 'ਰਾਜਾ' ਵਜ਼ੀਰ ਸਿੰਘ ਨੇ ਜਵਾਬ ਦਿਤਾ : ਸਤਿਗੁਰੂ ਜੀ ਬਾਰੇ ਏਥੇ ਕੋਈ ਇਤਲਾਹ ਨਹੀਂ।

ਸਮਾਂ ਲਗਭਗ ਪਹਿਰ ਦੇ 4 ਦਾ ਸੀ। ਜਕੋਤਕਿਆਂ ਵਿਚ ਹੀ ਅਸੀਂ ਸਭ ਵਿਚਰ ਗਏ : ਕਿਵੇਂ ਪਤਾ ਲੱਗੇ ਸਤਿਗੁਰੂ ਜੀ ਕਿਥੇ ਅਤੇ ਕਿਵੇਂ ਹਨ!

### ਸਫਲਤਾ ਗੁਰਦੇਵ ਦੀ

ਗੁਰਦੇਵ ਸਿੰਘ ਨੇ ਦੱਸਿਆ ਕਿ ਉਸ ਦਾ ਬੀਕਾਨੇਰ ਵਿਚ ਸਰੋਦ ਦਾ ਕਾਰਜ ਕਰਮ ਬਹੁਤ ਵਧੀਆ ਹੋਇਆ ਹੈ। ਉਹ ਅੱਜ ਸਵੇਰੇ ਹੀ ਬੀਕਾਨੇਰੋਂ ਪਰਤਿਆ ਹੈ। ਤਿੰਨ ਦਿਨਾਂ ਦੇ ਪ੍ਰੋਗਰਾਮ ਵਿਚ, ਸਕੂਲ ਵਾਲਿਆਂ—ਜਿਥੇ ਫੰਕਸ਼ਨ ਸੀ—ਸਾਡੇ ਨਾਮਧਾਰੀ ਸਰੋਦ-ਕਲਾਕਾਰ ਨੂੰ ਅੰਤਮ ਸਮੇਂ ਵਜਾਣ ਦਾ ਮਾਣ ਦਿਤਾ। ਸਰੋਤਿਆਂ ਨੇ ਗੁਰਦੇਵ ਸਿੰਘ ਦੇ ਸਰੋਦ ਨੂੰ ਖੂਬ ਸਲਾਹਿਆ। 500/- ਨਾਲ ਸਨਮਾਨਤ ਕੀਤਾ ਗਿਆ ਅਤੇ ਦਰਜਨਾਂ ਮਿੱਤਰ ਬਣੇ। ਮਿੱਤਰਾਂ 'ਚੋਂ ਕਿਸੇ ਜੋਧਪੁਰੀ ਜੁੱਤੀ, ਕਿਸੇ ਪੈੱਨ ਆਦਿ ਦੇ ਕੇ ਸਾਡੇ ਕਲਾਕਾਰ ਨੂੰ ਪਿਆਰਿਆ।

### ਭਾਈ ਨਿਹਾਲ ਸਿੰਘ

ਹਰਭਜਨ ਸਿੰਘ ਸਿਤਾਰ ਨੇ ਦੱਸਿਆ ਕਿ ਜਿਸ ਭਾਈ ਨਿਹਾਲ ਸਿੰਘ ਦਾ ਪਿਛਲੀ 30-40 ਵਰ੍ਹਿਆਂ ਦੀ ਉਮਰ ਦਾ ਧਿਆਨ ਸ੍ਰੀ ਸਤਿਗੁਰੂ ਜੀ ਨੇ ਉਸ ਨੂੰ ਭੈਣੀ ਸਾਹਿਬ ਅਥਵਾ ਜੀਵਨ ਨਗਰ ਵਿਖੇ ਰੱਖ ਕੇ, ਹਰ ਪਰਕਾਰ ਨਾਲ ਰੱਖਿਆ, ਉਹਦੀ ਉਦਰ ਪੂਰਤੀ, ਉਹਦੇ ਲੀੜੇ ਕਪੜੇ ਦਾ ਖਰਚਾ ਉਠਾਇਆ। ਉਸ ਦਾ ਅ-ਨਾਮਧਾਰੀਪਣ ਰੰਗ ਲਿਆਇਆ। ਉਹ ਆਦਮੀ ਪਿੰਡ ਵਿਚ ਕੁਝ ਵਿਰੋਧੀ ਅੰਸ਼ਾਂ ਦੀ ਹਮਦਰਦੀ ਅਤੇ ਉਹਨਾਂ ਲਈ ਜਾਸੂਸੀ ਕਰਦਾ ਰਿਹਾ। ਉਹ ਸਾਡੇ ਇਥੇ ਦੇ ਬੱਚਿਆਂ ਦਾ ਤਬਲਾ-ਉਸਤਾਦ ਸੀ। ਉਸ ਨੂੰ ਭੈਣੀ ਸਾਹਿਬੋਂ ਵਿਦਾ ਕਰ ਦਿਤਾ ਗਿਆ ਹੈ, ਸਤਿਕਾਰ ਪੂਰਵਕ।

ਹਰਭਜਨ ਸਿੰਘ ਤੋਂ ਇਹ ਵੀ ਪਤਾ ਲੱਗਾ ਕਿ ਸ੍ਰੀ ਪ੍ਰੇਮ ਵਲਭ, ਜਲੰਧਰ ਨੂੰ 300/- ਦੀ ਪੇਸ਼ਕਸ਼ ਕੀਤੀ ਗਈ ਹੈ ਕਿ ਉਹ ਮਹੀਨੇ ਵਿਚ ਕੁਝ ਦਿਨ ਆ ਕੇ ਭੈਣੀ ਸਾਹਿਬ ਦੇ ਬੱਚਿਆਂ ਨੂੰ ਤਬਲਾ ਸਿਖਾਏ।

## 6 ਜੂਨ 1979, ਬੁੱਧਵਾਰ

**ਨਵੀਂ ਦਿੱਲੀ**

### ਸਤਿਗੁਰੂ ਜੀ ਭੈਣੀ ਸਾਹਿਬ ਨੂੰ

ਵੱਡੀ ਲੜਕੀ ਊਸ਼ਮੇਸ਼ ਨੂੰ ਜਾਂ ਰਾਣੀਆਂ (ਸਰਸਾ) ਵਾਸਤੇ ਬਸ ਚੜ੍ਹਾਉਣ ਸਵੇਰੇ 6 ਵਜੇ 'ਜੈਨਰਲ ਸਟੋਰ' ਦੇ ਸਟਾਪ ਤੇ ਗਿਆ ਤਾਂ ਜ. ਹੰਸਪਾਲ ਦਾ ਡਰਾਈਵਰ



Sri Satguru Jagjit Singh Ji Elibrary NamdhariElibrary@gmail.com

'ਫੋਨੀ' ਮਿਲਿਆ। ਉਸ ਦੱਸਿਆ ਕਿ ਅੱਧੀ ਰਾਤੀਂ ਸੱਚੇ ਪਾਤਸ਼ਾਹ ਦਿੱਲੀ ਪਹੁੰਚ ਗਏ ਸਨ ਤੇ ਹੁਣੇ ਆਪ ਜੀ ਭੈਣੀ ਸਾਹਿਬ ਜਾ ਰਹੇ ਹਨ। ਗੁਰਮੁਖ ਸਿੰਘ ਡਰਾਈਵਰ ਆਪ ਜੀ ਨੂੰ ਭੈ: ਸਾ: ਲੈ ਜਾਣ ਲਈ ਹਿਸਾਰੋਂ ਆ ਰਿਹਾ ਹੈ।

ਜਾਂ ਮੈਂ 6 30 ਵਜੇ ਹੰਸਪਾਲ ਨੂੰ ਮਿਲਿਆ ਤਾਂ ਉਸ ਕਿਹਾ : ਕੋਠੀ ਜਾਣ ਦਾ ਕੋਈ ਲਾਭ ਨਹੀਂ, ਸਤਿਗੁਰੂ ਜੀ ਤਾਂ ਹੁਣ ਤਕ ਚਲੇ ਵੀ ਗਏ ਹੋਣਗੇ। 9.30 ਵਜੇ ਸ: ਭੁਪਿੰਦਰ ਸਿੰਘ ਭੂਰਜੀ ਮਿਲਿਆ, ਉਸ ਦੱਸਿਆ ਕਿ ਦੀਨ ਦਿਆਲ ਜੀ ਤਾਂ 8 ਵਜੇ ਦੇ ਹੀ ਏਥੋਂ ਚੱਲੇ ਹੋਏ ਹਨ। ਸਤਿਗੁਰੂ ਜੀ ਦੀ ਗੱਡੀ ਏਅਰ ਕੰਡੀਸ਼ਨ ਹੈ। ਇਸ ਲਈ, ਬੁਖ਼ਾਰ ਅਤੇ ਗਰਮੀ ਵਲੋਂ ਸੁਰਖਿਅਤ ਹੋਣਾ ਸੋਚ ਕੇ ਹੀ ਆਪ ਜੀ ਨੇ ਪ੍ਰਸਥਾਨ ਕੀਤਾ ਹੈ।

ਸਤਿਗੁਰੂ ਜੀ ਨੂੰ ਲਗਾਤਾਰ ਬੁਖ਼ਾਰ ਹੋ ਰਿਹਾ ਹੈ। ਬੁਖ਼ਾਰ ਤਾਂ ਥੋੜ੍ਹਾ ਬ੍ਹ ਦਿੱਲੀਓਂ ਹੀ ਲੈ ਕੇ ਗਏ ਸਨ। ਉਸ ਨੇ 105 ਡਿਗਰੀ ਤਕ ਆਪਣੀ ਜ਼ੋਰ ਅਜ਼ਮਾਈ ਕਰ ਲਈ। ਦੀਨਾ ਬੰਧੂ ਕਲਕੱਤੇ ਜਾਣ ਦੀ ਥਾਂ ਦਿੱਲੀ ਪਹੁੰਚ ਗਏ।

## ਥਾਈਲੈਂਡ ਸੰਗਤ ਦੇ ਪ੍ਰਧਾਨ ਨੂੰ ਦਰਸ਼ਨ

ਮੈਨੂੰ ਦੱਸਿਆ ਗਿਆ ਕਿ ਪ੍ਰਧਾਨ ਜਸਪਾਲ ਸਿੰਘ ਏਅਰ ਪੋਰਟ ਤੇ ਚੈਕਿੰਗ ਆਦਿ ਕਰਵਾਕੇ ਅੱਧੀ ਰਾਤ ਦੇ ਜਹਾਜ਼ ਤੇ ਬੈਂਕੋਕ ਨੂੰ ਉੱਡਣ ਲੱਗਾ ਸੀ ਕਿ ਉਸ ਨੂੰ ਪਤਾ ਲੱਗਾ, ਸਤਿਗੁਰੂ ਜੀ ਜਹਾਜ਼ ਤੋਂ ਉਤਰੇ ਹਨ। ਸੇਠ ਹੁਰਾਂ ਦੇ ਦੱਸਣ ਤੇ ਸਤਿਗੁਰੂ ਜੀ ਨੇ ਪ੍ਰਧਾਨ ਜੀ ਨੂੰ ਜਾ ਕੇ ਦਰਸ਼ਨ ਦਿਤੇ। ਉਸ ਨੇ ਗਲ ਵਿਚ ਮਾਲਾ ਪਹਿਨਾਅ ਕੇ ਆਪ ਜੀ ਦਾ ਸੁਆਗਤ ਸਤਿਕਾਰ ਕੀਤਾ ਅਤੇ ਧੰਨ ਭਾਗ ਸਾਡੇ ਜੁ ਆ ਕੇ ਸ੍ਰੀ ਹਜ਼ੂਰ ਨੇ ਦਰਸ਼ਨ ਬਖ਼ਸ਼ੇ ਹਨ।

## ਜਗਦੀਸ਼ ਸਿੰਘ ਦੀ ਚਿੱਠੀ

ਜਗਦੀਸ਼ ਸਿੰਘ ਸੰਪਾਦਕ "ਵਰਿਆਮ" ਦੀ ਕੱਲ੍ਹ ਆਈ ਇਕ ਚਿੱਠੀ ਜੁ ਉਸ ਨੇ 1.6.79. ਨੂੰ ਜਲੰਧਰੋਂ ਲਿਖੀ, ਸੰਭਾਲਣ ਜੋਗ ਹੈ। ਉਸ ਲਿਖਿਆ : ਵਿੱਦਿਅਕ ਸਮੇਲਨ ਦੀ ਤਿਆਰੀ ਵਾਸਤੇ, ਪਰਸੋਂ, ਸ੍ਰੀ ਭੈਣੀ ਸਾਹਿਬ ਠਾਕੁਰ ਜੀ ਦੇ ਸੱਦੇ ਤੇ ਗਿਆ ਸਾਂ। ਸ੍ਰੀ ਮਹਾਰਾਜ (ਬੀਰ ਸਿੰਘ) ਜੀ ਬਿਮਾਰ ਸਨ ਖੂਬ, ਵਾਰੀ ਦੇ ਬੁਖ਼ਾਰ ਨਾਲ। ਬੜੇ ਚਿਰਾਂ ਪਿਛੋਂ ਉਹਨਾਂ ਕੋਲ ਬੈਠ ਕੇ ਸ਼ਾਂਤੀ ਨਾਲ ਬਚਨ ਬਿਲਾਸ ਕਰਨ ਦਾ ਅਵਸਰ ਮਿਲਿਆ। ਬੜੀ ਕ੍ਰਿਪਾ ਕੀਤੀ ਨੇ।

## ਮੇਲਾ ਮੁਲਤਵੀ

ਚਿੱਠੀ ਵਿਚ ਅਗੇ ਲਿਖਿਆ ਹੈ, "ਸ੍ਰੀ ਮਹਾਰਾਜ ਜੀ ਤੋਂ ਪਤਾ ਲੱਗਾ ਹੈ ਕਿ (ਹਜ਼ਾਰੀ ਬਾਗ਼ ਦਾ) ਮੇਲਾ ਮੁਲਤਵੀ ਹੋ ਗਿਆ ਹੈ। ਬਿਹਾਰ ਵਿਚ ਗਰਮੀ ਬਹੁਤ ਹੈ, ਆਦਮੀ ਮਰ ਰਹੇ ਹਨ। ਠੰਢੇ ਮੌਸਮ ਵਿਚ ਕਰਾਂਗੇ। ਚਲੋ ਕੰਮ ਮੁੱਕਾ ਬੁਝਾਰਤੀ ਵਾਲਾ।

"ਜਲੰਧਰ ਵਿਚ ਸੰਗੀਤ ਤੋਂ ਬਾਅਦ ਜੋ ਝੱਖੜ (ਤੂਫ਼ਾਨ) ਝੁੱਲਿਆ ਸੀ,



Sri Satguru Jagjit Singh Ji Elibrary NamdhariElibrary@gmail.com

ਹਰਭਜਨ ਸਿੰਘ ਜੀ ਤੋਂ ਪਤਾ ਲੱਗ ਹੀ ਗਿਆ ਹੋਵੇਗਾ। ਥੋੜੇ ਸਮੇਂ ਵਿਚ ਹੀ ਅਸਾਂ ਇਕ ਛੋਟੀ ਕਾਨਫਰੰਸ ਦਾ ਅਨੰਦ ਲੈ ਲਿਆ ਸੀ।...

"ਕਾਗ਼ਜ਼ ਨੇ ਭੂਤਣੀ ਭਵਾ ਦਿਤੀ ਹੈ। ਸੈਂਪ ਕਿਥੇ ਤਾਂ ਲੱਭਦਾ ਹੀ ਨਹੀਂ, ਪਰ 'ਵਰਿਆਮ' 44 ਸਫ਼ੇ ਦਾ ਆ ਰਿਹਾ ਜੇ। ਹੈ ਨ ਬੇਪਰਵਾਹੀਆਂ!"

## ਸਤਿਗੁਰ ਤਿਸੁ ਕਾ ਨਾਉ

ਸ਼ਾਮੀਂ 6 ਵਜੇ ਜਦੋਂ ਮੈਂ ਆਪਣੇ ਘਰ ਲਿਖਣ-ਪੜ੍ਹਨ ਦੇ ਨਿਕੇ-ਮੋਟੇ ਕੰਮਾਂ ਵਿਚ ਵਿਅਸਤ ਸਾਂ ਕਿ ਭਾਰਤੀ ਜੀ ਦਾ ਮੋਟਰ ਸਾਈਕਲ ਮੇਰੇ ਦੁਆਰ ਤੇ ਆ ਕੇ ਰੁਕਿਆ। ਉਹ ਮੇਰੇ ਪਾਸ ਆਏ ਅਤੇ ਕਾਗ਼ਜ਼ਾਂ ਵਿਚ ਵਲ੍ਹੇਟੀਆਂ ਪੁਸਤਕਾਂ ਵਿਚੋਂ ਇਕ ਪੁਸਤਕ 'ਸਤਿਗੁਰ ਤਿਸੁਕਾ ਨਾਉ' ਮੈਨੂੰ ਦਿਤੀ। ਪੁਸਤਕ ਦੇ ਪਹਿਲੇ ਪੇਜ਼ ਤੇ ਲਿਖਿਆ ਸੀ:

> "ਸ੍ਰੀ ਪ੍ਰੀਤਮ ਸਿੰਘ ਜੀ ਕਵੀ ਨੂੰ ਜਿਨ੍ਹਾਂ ਨੇ ਮੇਰੀ ਉਮਰ ਦੇ ਕਹੂਰੇ ਦਿਨਾਂ ਵਿਚ ਆਪਣਾ ਪਿਆਰ ਦਿਤਾ ਹੀ ਦਿਤਾ ਹੈ।
>
> —ਅਮਰ ਭਾਰਤੀ
> ੬ ਜੂਨ ੧੯੭੯"

ਕੱਲ੍ਹ ਜਦੋਂ ਭਾਰਤੀ ਹੁਰਾਂ ਨੂੰ ਹਰਭਜਨ ਸਿੰਘ (ਸਿਤਾਰ) ਵਲੋਂ ਇਹ ਦੱਸਿਆ ਗਿਆ ਕਿ ਮੈਂ (ਕਵੀ) ਉਨ੍ਹਾਂ ਦੀ ਰਚਨਾ ਬਾਰੇ, ਬਹੁਤ ਵਧੀਆ ਤਰੀਕੇ ਨਾਲ ਸੰਗਤ ਨੂੰ ਆਖਿਆ ਹੈ ਤਾਂ ਉਹ ਮੇਰਾ ਧਨਵਾਦ ਵੀ ਕੱਲ੍ਹ ਕਰ ਗਏ ਸਨ।

### 7 ਜੂਨ 1979, ਵੀਰਵਾਰ
### ਨਵੀਂ ਦਿੱਲੀ

## ਸੂਬਾ ਸਾਹਿਬ ਸਿੰਘ ਜੀ

ਭਾਵੇਂ ਇਸ ਵਾਰ ਤੇਜ਼ ਲੂਆਂ ਅਤੇ ਲੋਹੜੇ ਦੀ ਗਰਮੀ, ਅਤੇ ਬਿਹਾਰ ਪ੍ਰਾਂਤ ਵਿਚ ਤਾਂ ਇਸ ਤੋਂ ਵੀ ਵੱਧ ਕਹਿਰ ਵਾਪ੍ਰੇ ਕਾਰਨ 10.6.79 ਨੂੰ ਹਜ਼ਾਰੀ ਬਾਗ਼ ਵਿਖੇ ਸੂਬਾ ਸਾਹਿਬ ਸਿੰਘ ਸ਼ਤਾਬਦੀ ਸਮਾਗਮ ਨਹੀਂ ਕੀਤਾ ਜਾਵੇਗਾ, ਅੱਗੇ ਵੇਲ ਤੇ ਜਾ ਪਈ ਹੈ। ਪਰ ਥੋੜੇ ਕੱਲ੍ਹ ਮੇਰੀ ਲਿਖੀ ਪੁਸਤਿਕਾ 'ਸੂਬਾ ਸਾਹਿਬ ਸਿੰਘ' ਛਪ ਕੇ ਤਿਆਰ ਹੋ ਗਈ। ਅੱਜ ਮੈਨੂੰ ਉਸ ਦੀਆਂ 10 ਕਾਪੀਆਂ ਸ. ਭੂਪਿੰਦਰ ਸਿੰਘ ਭੂਰਜੀ ਹੱਥੀਂ ਮਿਲ ਗਈਆਂ।

ਅੱਜ ਜੂਨ ਦੇ ਮਹੀਨੇ ਦੀ, ਇਸ ਵਰ੍ਹੇ ਦੀ ਗਰਮੀ ਦਾ ਕਾਫ਼ੀ ਤੱਤਾ ਦਿਨ ਹੈ, 44 ਡਿਗਰੀ ਸੈਲਸੀਅਸ ਤੋਂ ਵੱਧ। ਪੱਖੇ ਦੀ ਹਵਾ ਸਾੜਦੀ ਹੈ, ਮੁੜ੍ਹਕਾ-ਇਸ਼ਨਾਨ ਬਾਰ ਬਾਰ ਹੋ ਰਿਹਾ ਹੈ।



Sri Satguru Jagjit Singh Ji Elibrary NamdhariElibrary@gmail.com

## 10 ਜੂਨ 1979, ਐਤਵਾਰ
## ਨਵੀਂ ਦਿੱਲੀ

### ਸਹਾਇਤਾ ਕਲਾਕਾਰ ਦੀ

ਸ੍ਰੀ ਗੁਰਦੇਵ ਸਿੰਘ ਸਰੋਦ ਨੇ ਉਹਦੇ ਘਰ ਗਿਆਂ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ, ਬਿਨਾ ਆਪਣੇ ਨੇੜੇ ਦੇ ਸਰਕਲ ਨੂੰ ਪਤਾ ਲੱਗਣੋਂ ਅਤੇ ਪਤਾ ਨਹੀਂ ਕਿਦ੍ਹੇ ਕੋਲੋਂ ਅਤੇ ਕਿਸ ਤਰ੍ਹਾਂ 15000/-ਲੈਕੇ ਮੇਰੇ ਸਾਥੀ ਹਰਭਜਨ ਸਿੰਘ ਨੂੰ ਬਖਸ਼ਿਆ ਹੈ। ਰਕਮ ਉਸ ਨੇ ਮੰਗੀ ਜਾਂ ਸਤਿਗੁਰਾਂ ਹੀ ਸੁਭਾਵਕ ਉਦਾਰਤਾ ਵੱਸ ਦਿਤੀ, ਇਹ ਤਾਂ ਗੁਰੂ ਜਾਣੇ ਪਰ ਹਰਭਜਨ ਸਿੰਘ ਦਾ ਸਾਹ ਸੌਖਾ ਹੋ ਗਿਆ ਹੈ।

### ਕੁਝ ਹੋਰ ਖ਼ਬਰਾਂ

ਗੁਰਦੇਵ ਸਿੰਘ ਦੇ ਘਰ ਹੀ ਸ. ਦੂਰਜੀ ਮਿਲਿਆ। ਉਸ ਨੇ ਦੱਸਿਆ ਕਿ ਦਿੱਲੀ ਵਾਲੇ ਸੰਤ ਸਤਨਾਮ ਸਿੰਘ, ਰਮੇਸ਼ ਨਗਰ ਨੂੰ ਜੁ ਅੱਜ ਕੱਲ੍ਹ ਭੈਣੀ ਸਾਹਿਬ ਹੀ ਰਹਿੰਦਾ ਹੈ, ਸਿਮ੍ਰਤੀ ਮੰਦਰ ਦੀ ਸੇਵਾ ਤੋਂ ਮੁਕਤ ਕਰ ਦਿਤਾ ਗਿਆ ਹੈ। ਉਹ ਕੇਵਲ ਠਾਕੁਰ ਦਲੀਪ ਸਿੰਘ ਜੀ ਨਾਲ ਸੰਬੰਧਤ ਹੈ ਤੇ ਉਨ੍ਹਾਂ ਦੀ ਇੱਛਾ ਅਨੁਸਾਰ ਕੰਮ ਕਰਦਾ ਹੈ।

ਸਿਮ੍ਰਤੀ ਮੰਦਰ ਦਾ ਸਾਰਾ ਹਿਸਾਬ-ਕਿਤਾਬ ਸਤਿਗੁਰਾਂ ਦੇ ਨਿੱਜੀ ਸਕੱਤਰ ਸੰਤ ਤਰਸੇਮ ਸਿੰਘ ਪਾਸ ਰਹਿੰਦਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੇਸ਼-ਵਿਦੇਸ਼ ਵਿਚ ਭ੍ਰਮਣ ਦੇ ਸਾਰੇ ਪ੍ਰੋਗਰਾਮ ਮਹਾਰਾਜ ਬੀਰ ਸਿੰਘ ਜੀ ਵਲੋਂ ਹੀ ਬਣਾਏ ਜਾਂਦੇ ਹਨ, ਸੰਤ ਤਰਸੇਮ ਸਿੰਘ ਉਨ੍ਹਾਂ ਅਨੁਸਾਰ ਸਾਧ ਸੰਗਤ ਵਿਚ ਸਤਿਗੁਰੂ ਜੀ ਦਾ ਵਿਚਰਣ ਅਤੇ ਪਰਸਾਰਣ ਕਰਦਾ ਹੈ।

ਬੀਬੀ ਭਾਗਵੰਤੀ ਸੁਪਤਨੀ ਸਵ: ਸੰਤ ਮੰਗਲ ਸਿੰਘ ਜਾਦਿਲਪੁਰੀ ਜੋ ਆਪਣੀ ਭੈਣ ਨਮਿਤ ਪਏ ਭੋਗ ਤੇ ਭੈਣੀ ਸਾਹਿਬ ਗਈ ਸੀ ਅਤੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਮਾ: ਨਿਹਾਲ ਸਿੰਘ ਮੈਨੂੰ ਰਮੇਸ਼ ਨਗਰ ਮਿਲੇ ਤਾਂ ਇਨ੍ਹਾਂ ਦੱਸਿਆ ਕਿ ਇਹ ਸਵੇਰੇ ਹੀ ਭੈਣੀ ਸਾਹਿਬ ਤੋਂ ਆਏ ਹਨ। ਸ੍ਰੀ ਸਤਿਗੁਰੂ ਜੀ ਦੀ ਸਿਹਤ ਠੀਕ ਹੈ, ਚਿੰਤਾ ਦੀ ਲੋੜ ਨਹੀਂ। ਗਰਮੀ ਤੋਂ ਬੁਖਾਰ ਹੋ ਗਿਆ ਸੀ, ਸਰੀਰ ਉਸ ਤੋਂ ਪ੍ਰਭਾਵਤ ਸੀ।

### ਅਫਰੀਕਾ ਜਾਣਾ ਵੀ ਮੁਲਤਵੀ

ਕੱਲ੍ਹ 'ਯੂਨਿਕ ਟ੍ਰੈਵਲਜ਼' ਗੁਰਭਜਨ ਸਿੰਘ ਦੇ, ਕਰੋਲ ਬਾਗ਼ ਗਿਆਂ ਮੈਨੂੰ ਯੂ. ਕੇ. ਵਾਲੇ ਸ. ਸੁਰਜੀਤ ਸਿੰਘ ਅੰਮ੍ਰਿਤਸਰੀ ਮਿਲੇ। ਉਨ੍ਹਾਂ ਦੱਸਿਆ ਕਿ ਸਤਿਗੁਰੂ ਜੀ ਦੇ ਸਰੀਰ ਤੇ ਗਰਮੀ ਦੇ ਪ੍ਰਕੋਪ ਨੂੰ ਮੁਖ ਰਖ ਕੇ ਸੱਚੇ ਪਾਤਸ਼ਾਹ ਜੀ ਦਾ ਅਫਰੀਕਾ ਜਾਣ ਦਾ ਪ੍ਰੋਗਰਾਮ ਇਕ ਮਹੀਨਾ ਹੋਰ ਲੇਟ ਕਰ ਦਿਤਾ ਗਿਆ ਹੈ, ਹੁਣ ਅਗਸਤ ਵਿਚ ਅਫਰੀਕਾ ਦੌਰਾ ਹੋਵੇਗਾ।

### ਸਭਨਾਂ ਦਾ ਧਿਆਨ ਭੈਣੀ ਸਾਹਿਬ ਨੂੰ

ਸਤਿਗੁਰਾਂ ਦੀ ਸਿਹਤ ਦਾ ਬਿਹਤਰ ਹੋਣਾ ਤੇ ਸਾਰੇ ਕਾਰਜ ਕਰਮਾਂ ਦਾ



Sri Satguru Jagjit Singh Ji Elibrary NamdhariElibrary@gmail.com

ਮੁਲਤਵੀ ਹੋ ਜਾਣਾ ਸੁਣ, ਮੈਂ ਭੈਣੀ ਸਾਹਿਬ ਜਾ ਕੇ ਸਤਿਗੁਰਾਂ ਦੇ ਦਰਸ਼ਨ ਕਰਨ ਦਾ ਮਨ ਬਣਾ ਲਿਆ। ਹੋਰ ਵੀ ਜਿਨ ਜਿਨ ਸੁਣਿਆ, ਉਹ ਭੈਣੀ ਸਾਹਿਬ ਦੀ ਯਾਤਰਾ ਨੂੰ ਚੱਲ ਪਿਆ ਹੈ। ਜਿਹੜੇ ਨਹੀਂ ਜਾ ਰਹੇ ਜਾਂ ਨਹੀਂ ਜਾ ਸਕਦੇ, ਉਹਨਾਂ ਸ੍ਰੀ ਸਤਿਗੁਰੂ ਜੀ ਦੀ ਸਿਹਤ ਬਾਰੇ ਵਰਨੀਆਂ, ਸ਼ਹੀਦੀਆਂ ਅਤੇ ਸਾਧਾਰਨ ਪਾਠ ਕਰਨੇ ਸ਼ੁਰੂ ਕਰ ਦਿਤੇ ਹਨ। ਮਾਲਾ ਦੁਆਰਾ ਭਜਨ ਤੇ ਭਗਉਤੀਆਂ ਕਰਨੀਆਂ ਵੀ ਜਾਰੀ ਹੋ ਗਈਆਂ ਹਨ। ਸੰਤ ਖਿਆਲ ਸਿੰਘ ਮਾਹੂਵਾਲ ਨੇ ਵੀ ਵਰਨੀ ਕਰਵਾਈ ਹੈ। ਨਾਮਧਾਰੀ ਏਜੰਸੀ ਵਾਲੇ ਦਰਸ਼ਨ ਕਰ ਵੀ ਆਏ ਹਨ।

ਰਾਤੀਂ 11 ਵਜੇ ਮੈਂ ਘਰੋਂ ਨਿਕਲ ਆਇਆ ਅਤੇ 12 ਵਜੇ ਦੀ ਬੱਸ ਚੰਡੀਗੜ੍ਹ ਨੂੰ ਅੰਤਰ ਰਾਜੀਅ ਬੱਸ ਅੱਡੇ ਤੋਂ ਲੈ, ਭੈਣੀ ਸਾਹਿਬ ਪਹੁੰਚਣ ਲਈ ਤੁਰ ਗਿਆ।

ਤਾਪਮਾਨ ਅਜ ਵੀ 44 ਡਿਗਰੀ ਸੈਲਸੀਅਸ ਹੈ।

## 11 ਜੂਨ 1979, ਸੋਮਵਾਰ
## ਸ੍ਰੀ ਭੈਣੀ ਸਾਹਿਬ

5.30 ਵਜੇ ਸਵੇਰ ਤਕ ਚੰਡੀਗੜ੍ਹ ਪਹੁੰਚ ਗਿਆ। ਆਪਣੇ ਮਿੱਤਰ ਸ. ਤੀਰਥ ਸਿੰਘ ਹੰਸਪਾਲ ਨੂੰ ਮਿਲਣ ਦੀ ਗਰਜ ਨਾਲ ਅਤੇ ਇਸ਼ਨਾਨ ਪਾਣੀ ਉਪਰੰਤ ਅਗੇ ਚਲਣ ਦੇ ਖ਼ਿਆਲ ਨਾਲ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ ਗਿਆ। ਸ. ਤੀਰਥ ਸਿੰਘ ਤਾਂ ਕਲਾਇਤੋਂ ਆਈ ਵੱਡੀ ਭੈਣ ਨੂੰ ਲੈ ਕੇ ਅਜ ਸਵੇਰ ਦੇ ਅੰਮ੍ਰਿਤਸਰ ਗਏ ਹੋਏ ਸਨ। ਮੈਂ ਉਨ੍ਹਾਂ ਦੇ ਘਰੋਂ ਥੋੜ੍ਹੇ ਪਾਸੋਂ ਨਾਸ਼ਤਾ ਕਰ ਕੇ ਭੈਣੀ ਸਾਹਿਬ ਲਈ ਬੱਸ ਫੜ ਲਈ।

### ਸਿਹਤ ਠੀਕ ਹੈ

ਕਟਾਣੀ ਅੱਡੇ ਤੇ ਉਤਰਿਆ ਤਾਂ ਸ. ਸੁੱਚਾ ਸਿੰਘ ਸੇਖੋਂ ਆਰਾਮ ਬਾਗ ਰੋਡ ਨਵੀਂ ਦਿੱਲੀ ਵਾਲੇ ਮਿਲ ਪਏ। ਸੰਤ ਗੁਰਮੀਤ ਸਿੰਘ ਸਪੁੱਤਰ ਸੰਤ ਉਜਾਗਰ ਸਿੰਘ ਮਾਲੀ ਜੀਵਨ ਨਗਰੋਂ ਖ਼ਬਰਗੀਰੀ ਲਈ ਆਇਆ ਸੀ। ਇਹ ਵਾਪਸ ਜਾਣ ਲਈ ਬੱਸ ਉਡੀਕ ਰਹੇ ਸਨ। ਇਹਨਾਂ ਦੱਸਿਆ ਕਿ ਸਤਿਗੁਰੂ ਜੀ ਠੀਕ ਠਾਕ ਹਨ।

ਭੈਣੀ ਸਾਹਿਬ ਗਿਆਂ ਮਾਲੂਮ ਹੋਇਆ ਕਿ ਪਰਸੋਂ ਤੋਂ ਹੀ ਸਤਿਗੁਰਾਂ ਨੂੰ ਬੁਖ਼ਾਰ ਹੋ ਗਿਆ ਹੈ। ਪਰ ਕਮਜ਼ੋਰੀ ਤਕੜੀ ਹੈ। 11 ਵਜੇ ਪੁੱਜਾ ਸਾਂ, ਉਸ ਸਮੇਂ ਸਤਿਗੁਰੂ ਜੀ ਬਿਰਾਜ ਰਹੇ ਸਨ। ਬਹੁਤ ਸਾਰੇ ਸੱਜਣ ਬਾਹਰੋਂ ਸੱਚੇ ਪਾਤਸ਼ਾਹ ਜੀ ਦੀ ਸਿਹਤ ਦਾ ਪਤਾ ਕਰਨ ਫ਼ਿਕਰਮੰਦੀ ਨਾਲ ਆਏ ਹੋਏ ਸਨ। ਸੁਖ ਸਾਂਦ ਜਾਣ ਘਰਾਂ ਨੂੰ ਪਰਤ ਵੀ ਰਹੇ ਸਨ। ਮੇਰੇ ਗਿਆਂ ਸੰਤ ਗੁਰਚਰਨ ਸਿੰਘ ਲਖਨਊ ਤੋਂ, ਸੰਤ ਦਲੀਪ ਸਿੰਘ ਹਿਸਾਰ ਤੋਂ ਸੰਤ ਹੀਰਾ ਸਿੰਘ ਅੰਮ੍ਰਿਤਸਰੋਂ ਅਤੇ ਸੰਤ ਠਿਕਾਣਾ, ਰਾਜਿੰਦਰ ਸਿੰਘ ਨਿਰਾਲਾ ਮੇਰੇ ਜਾਣਕਾਰਾਂ ਵਿਚੋਂ ਖ਼ਬਰ ਸਾਰ ਲੈਣ ਆਏ ਸਨ।

### ਮਹਾਰਾਜ ਦੀ ਚਿੰਤਾ

ਸ੍ਰੀ ਮਹਾਰਾਜ ਬੀਰ ਸਿੰਘ ਜੀ ਦੀ ਅਰਧਾਂਗਣੀ ਬੇਬੇ ਦਲੀਪ ਕੌਰ ਮਿਲੇ ਤਾਂ ਮੈਂ



Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਤੋਂ ਮਹਾਰਾਜ ਜੀ ਦੀ ਸਿਹਤ ਬਾਰੇ ਪੁੱਛਿਆ। ਬੇਬੇ ਜੀ ਨੇ ਦੱਸਿਆ ਕਿ ਸੱਤ ਅੱਠ ਦਿਨ ਤਾਂ ਮਹਾਰਾਜ ਜੀ ਨੇ ਵੀ ਬੁਖ਼ਾਰ ਨੂੰ ਵਾਰੀਆਂ ਦਿੱਤੀਆਂ ਹਨ। ਹੁਣ ਉਹ ਜੀਵਨ ਨਗਰ ਗਏ ਹਨ। ਵੱਡੇ ਠਾਕੁਰ ਜੀ ਵੀ ਆਪ ਜੀ ਨਾਲ ਜੀਵਨ ਨਗਰ ਪਹੁੰਚੇ ਹਨ। ਏਥੇ ਗੁਰੂ ਪਰਵਾਰ 'ਚੋਂ ਕੇਵਲ ਸ੍ਰੀ ਮਾਤਾ ਚੰਦ ਕੌਰ ਜੀ, ਬੀਬਾ ਸਾਹਿਬ ਕੌਰ ਜੀ ਅਤੇ ਬੇਬੇ ਜੀ ਹਨ। ਸਤਿਗੁਰੂ ਜੀ ਦੀ ਸਿਹਤ ਬਾਰੇ ਹੋਰ ਸਿੱਖਾਂ ਸਾਧਾਂ ਤੋਂ ਇਲਾਵਾ ਇਹ ਘਰ ਦੇ ਜੀਅ ਵੀ ਦਿਨ ਰਾਤ ਭੱਜ ਨੱਠ ਵਿਚ ਰਹੇ ਹਨ।

## ਉਸਾਰੀ ਦਾ ਹਾਲ

ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਦੀ ਉਸਾਰੀ ਦਾ ਹਾਲ ਚਾਲ ਵੇਖਣ ਮੈਂ ਹਰਭਜਨ ਸਿੰਘ ਸਿਤਾਰ, ਆਪਣੇ ਜਵਾਨ ਮਿੱਤਰ, ਨਾਲ ਗਿਆ। ਸਿਮ੍ਰਤੀ ਮੰਦਰ ਦੀ ਛੱਤ ਤਾਂ ਮੁਕੰਮਲ ਹੋ ਚੁੱਕੀ ਹੈ। ਦੱਖਣੀ ਬਾਹੀ ਦੇ ਹਾਲ ਨਾਲ ਸੰਬੰਧਤ ਕਮਰਿਆਂ ਦੀ ਤਿਆਰੀ ਚਲ ਰਹੀ ਹੈ। ਇਸ ਵੇਲੇ 25-30 ਸਰੀਰ ਸੇਵਾ ਵਿਚ ਵਿਅਸਤ ਹਨ।

ਗੁਰੂ ਪਰਵਾਰ ਨਿਵਾਸ ਦੀ ਤਿਆਰੀ ਵੀ ਹੋ ਰਹੀ ਹੈ। ਬਿਲਡਿੰਗ ਤਾਂ ਤਿੰਨ ਛੱਤੀ ਉਸਰੀ ਖੜੀ ਹੈ, ਬੂਹੇ ਬਾਰੀਆਂ ਵੀ ਤਿਆਰ ਪਏ ਹਨ। ਅੰਦਰੋਂ ਕਮਰਿਆਂ ਨੂੰ ਰੰਗ ਰੋਗਨ ਹੋਣ ਵਾਲਾ ਹੈ ਪਰ ਵਿਚਕਾਰਲੀ ਛੱਤ ਦੇ ਕਮਰੇ ਕੁਝ ਰੰਗੇ ਜਾ ਚੁੱਕੇ ਹਨ। ਅਜੇ ਰਿਹਾਇਸ਼ ਵਾਲੀ ਕੋਈ ਗੱਲ ਨਹੀਂ। ਮਕਾਨ ਦੀ ਤਿਆਰੀ ਨੂੰ ਕੁਝ ਮਹੀਨੇ ਲਗਣ ਗੇ ਹੀ।

ਸ੍ਰੀ ਸਤਿਗੁਰੂ ਜੀ ਇਹਨੀਂ ਦਿਨੀਂ ਪਹਿਲੀ, ਗੁਰੂ ਹਰੀ ਸਿੰਘ ਜੀ ਦੇ ਸਮੇਂ (1897 ਈ:) ਵਾਲੀ ਕੋਠੀ ਵਿਚ ਹੀ ਨਿਜੀ ਨਿਵਾਸ ਰਖਦੇ ਹਨ। ਏਥੇ ਆਪ ਨੂੰ ਜ਼ਰਾ ਸੁਖਦ ਅਤੇ ਹਵਾਦਾਰ ਆਲਾ ਦੁਆਲਾ ਪ੍ਰਾਪਤ ਹੈ।

## ਡਾ: ਤ੍ਰਿਲੋਕ ਸਿੰਘ ਸਵਰਗਵਾਸ

ਹਰਭਜਨ ਸਿੰਘ ਸਿਤਾਰ ਜੁ ਦਿੱਲੀ ਤੋਂ 8.6.79 ਦਾ, ਬੱਚਿਆਂ ਨੂੰ ਮੁੱਢਲੀ ਸੰਗੀਤ ਸਿੱਖਿਆ ਦੇਣ ਲਈ ਆਇਆ ਹੋਇਆ ਹੈ, ਨੇ ਦੱਸਿਆ ਕਿ ਪਰਸੋਂ 11.05 ਦਾ, ਸ੍ਰੀ ਸਤਿਗੁਰੂ ਜੀ ਦਾ ਜਾਂ ਕਹਿ ਲਓ ਗੁਰੂ ਪਰਵਾਰ ਦਾ ਨਿਜੀ ਨੇਚਰੋਪੈਥ ਡਾਕਟਰ ਅਰਥਾਤ ਸ਼ਾਹੀ ਵੈਦ, 85 ਸਾਲ ਦੀ ਉਮਰ ਭੋਗ ਕੇ ਪੂਰਾ ਹੋ ਗਿਆ ਹੈ। ਉਸ ਨੇ ਆਪਣੀ ਮਿਰਤੂ ਦੀ ਪੂਰਵ ਸੂਚਨਾ ਦੇ ਦਿਤੀ ਸੀ। ਇਹਨਾਂ ਦਿਨਾਂ ਵਿਚ ਸਾਰਾ ਗੁਰੂ ਪਰਵਾਰ ਆਪਣੇ ਸੰਤ ਵੈਦ ਦੀ ਤੀਮਾਰਦਾਰੀ ਆਪ ਕਰਦਾ ਰਿਹਾ। ਸਾਰੇ ਪਰਵਾਰ ਨੇ ਸਤਿਕਾਰ ਪੂਰਵਕ ਆਪਣੇ ਵੈਦ ਦਾ ਧਿਆਨ ਰਖਿਆ।

## ਨਾਮ ਸਿਮਰਨ ਸਮੇਂ ਦਰਸ਼ਨ

ਮੈਨੂੰ ਇਸ ਗੱਲ ਦਾ ਇਲਮ ਹੈ ਕਿ ਜਦੋਂ ਸਰੀਰਕ ਕਾਰਨਾਂ ਕਰ ਕੇ ਸਤਿਗੁਰੂ ਜੀ ਢਿੱਲੇ ਹੋਣ ਤਾਂ ਆਪ ਇਕਦਮ ਇਕਾਂਤ ਚਾਹੁੰਦੇ ਹਨ ਅਤੇ ਕਦੇ ਕਦੇ ਮਨ ਭਾਉਂਦੇ ਵਿਅਕਤੀਆਂ ਨਾਲ ਕੁਝ ਘੜੀਆਂ ਗੁਜ਼ਾਰਦੇ ਹਨ। ਸੋ ਮੈਂ ਵਿਸ਼ੇਸ਼



Sri Satguru Jagjit Singh Ji Elibrary NamdhariElibrary@gmail.com

ਦਾਹਸ਼ਨਾਂ ਦੀ ਕੋਸ਼ਸ਼ ਹੀ ਨਹੀਂ ਕੀਤੀ । ਮੈਨੂੰ ਤਸੱਲੀ ਸੀ ਕਿ ਚੀਨ ਵਿਆਂਗ ਨਿਤਨੇਮ ਸਮੇਂ ਸਮੂਹ ਸੰਗਤਾਂ ਨੂੰ ਸਿਮਰਨ ਵਿਚ ਬੈਠ ਦਰਸ਼ਨ ਦੇਣਗੇ ।

ਜਦੋਂ 3.30 ਵਜੇ ਹਰੀ ਮੰਦਰ ਵਿਚ ਸਜੇ ਦੀਵਾਨ ਵਿਚ ਗਿਆ ਤਾਂ ਸੰਗਤ ਨੂੰ, ਸਤਿਗੁਰਾਂ ਨੂੰ ਸਿਮਰਨ ਕਰਦਿਆਂ, ਅੱਧਾ ਘੰਟਾ ਹੋ ਚੁੱਕਾ ਸੀ। ਲਗਭਗ 300 ਇਸਤਰੀ ਪੁਰਸ਼ ਸਿਮਰਨ ਸਮੇਂ ਦਰਸ਼ਨ ਲਾਭ ਲੈ ਰਹੇ ਸਨ। ਸਤਿਗੁਰੂ ਜੀ ਆਪਣੇ ਆਸਣ ਤੇ ਵਿਰਾਜਮਾਨ ਸਨ। ਮੁੱਖ ਮੰਡਲ ਕਮਜ਼ੋਰ ਨਜ਼ਰ ਆ ਰਿਹਾ ਸੀ, ਪਰ ਉਹ ਇਕਚਿੱਤਤਾ ਨਾਲ ਸਿਮਰਨ ਕਰਦਿਆਂ ਚੌਂਕੜੇ ਦੇ ਆਸਣ ਵਿਚ ਸਨ।

ਮੇਰੀ ਨਮਸਕਾਰ ਸਮੇਂ ਵੀ ਆਪ ਨਿਰਭਾਵ ਅਤੇ ਬਿਨਾਂ ਹਿਲਜੁਲ ਦੇ ਸਮਾਧੀ ਵਿਚ ਸਨ। ਮੈਂ ਰਾਗੀਆਂ ਦੇ ਪਾਸ ਬੈਠਾਇਆ ਗਿਆ । ਨਿਰਮਲੇ ਸੰਤ ਨਿਰਾਲਾ ਰਾਜਿੰਦਰ ਸਿੰਘ ਵੀ ਮੇਰੇ ਨਾਲ ਹੀ ਬੈਠੇ ਸਨ। 5 ਵਜੇ ਸਿਮਰਨ ਦੀ ਅਰਦਾਸ ਉਪਰੰਤ ਸੰਤ ਹਰਭਜਨ ਸਿੰਘ, ਹਰਬੰਸ ਸਿੰਘ ਘੁੱਲੇ ਦਾ ਸੁਕੀਰਤਨ ਹੋਇਆ ਜਿਸ ਵਿਚ ਸਤਿਗੁਰੂ ਜੀ ਵੀ ਦਿਲਰੁਬਾ ਨਾਲ ਅਡੋਲ ਸਹਾਇਕ ਰਹੇ।

## ਚਲੋ ਬੁਲਾਵਾ ਆਇਆ ਹੈ

ਸੰਤ ਮੇਲਾ ਸਿੰਘ ਜਥੇਦਾਰ ਨੇ ਆਣ ਸੁਨੇਹਾ ਦਿਤਾ : ਸਤਿਗੁਰਾਂ ਯਾਦ ਕੀਤਾ ਹੈ ਚਲੋ। ਜਾਂ ਮੈਂ ਕੋਠੀ ਨੰ: 1 ਵਿਚ ਪਹੁੰਚਿਆ ਤਾਂ ਸ੍ਰੀ ਸਤਿਗੁਰੂ ਜੀ ਗੁਰਭਜਨ ਸਿੰਘ 'ਗੁਇਕ ਟ੍ਰੈਵਲਜ਼' ਨਾਲ ਬਚਨ ਕਰ ਰਹੇ ਸਨ। ਆਪ ਜੀ ਘਾਹ ਉਪਰ ਹੀ ਫੁੱਲਾਂ ਦੀਆਂ ਕਿਆਰੀਆਂ ਦੇ ਵਿਚਾਲੇ ਜਿਹੇ ਬੈਠ ਗਏ । ਹੋਰ ਵੀ ਪਾਸ ਆ ਬੈਠੇ : ਜਥੇਦਾਰ ਮੇਲਾ ਸਿੰਘ, ਸ. ਸੁਰਿੰਦਰ ਸਿੰਘ ਲੁਧਿਆਣਾ, ਗੁਰਭਜਨ ਸਿੰਘ ਅਤੇ ਸੰਤ ਮਹਿੰਦਰ ਸਿੰਘ ਪੁਰਬਾ।

ਮੈਨੂੰ ਪੁੱਛਿਓ ਨੇ : ਕਿਵੇਂ ਆਏ ? ਮੈਂ ਆਪ ਜੀ ਦੀ ਸਿਹਤ ਬਾਰੇ ਫ਼ਿਕਰ ਦੱਸਿਆ। ਦੱਸਿਆ ਗਿਆ : ਹੁਣ ਠੀਕ ਹਾਂ। ਮੈਂ ਪੁੱਛਿਆ : ਕੀ ਤੰਗ ਹੋ ਗਈ ਸੀ ? ਉੱਤਰ ਮਿਲਿਆ : ਬੁਖਾਰ ! 10 ਸਕਿੰਟ ਦਾ ਵਕਫ਼ਾ ਦੇ ਬਾਕੀ ਫਿਕਰਾ ਪੂਰਾ ਕੀਤਾ : ਛੇ ਸੱਤ ਘੰਟੇ ਸੇਵਾ ਕਰ ਕੇ ਫੇਰ ਹੀ ਕਿਤੇ ਹਟਦਾ ਸੀ । ਸਤਿਗੁਰਾਂ ਦੀ ਰਚਨਾ ਹੀ ਕੁਝ ਇਸ ਤਰ੍ਹਾਂ ਦੀ ਸੀ।

ਸਤਿਗੁਰੂ ਜੀ ਨੇ ਦੱਸਿਆ ਕਿ ਰਾਤ ਦੇ ਹਰਵਿੰਦਰ ਸਿੰਘ ਹੁੰਦੀ' ਵੀ ਆਏ ਹੋਏ ਹਨ ਕਿਉਂਕਿ ਆਸਾ ਦੀ ਵਾਰ ਦੇ ਕੀਰਤਨ ਸਮੇਂ ਉਹ ਵੀ ਦੀਵਾਨ ਵਿਚ ਬੈਠੇ ਸਨ।

## ਸਤਿਗੁਰੂ ਜੀ ਦੀ ਸੇਵਾ ਵਿਚ

ਸਤਿਗੁਰੂ ਜੀ ਦੇ ਕਰ-ਕੰਵਲਾਂ ਵਿਚ ਇਸ ਸਮੇਂ ਦੋ ਰਜਿਸਟਰ ਸਨ । ਜੋ ਫੋਲਣੇ ਸ਼ੁਰੂ ਕੀਤੇ ਤਾਂ ਵੇਖਿਆ ਕਿ ਇਹ ਸੰਤ ਰਾਜਿੰਦਰ ਸਿੰਘ 'ਨਿਰਾਲਾ' ਨਿਰਮਲੇ ਸੰਤ ਦੀ ਪੁਸਤਕ ਦਾ ਖਰੜਾ ਸੀ। ਪੁਸਤਕ ਦਾ ਵਿਸ਼ਾ ਸੀ : ਗੁਰਮਤ ਵਿਚ ਗ੍ਰਿਸਤ ਅਤੇ ਤਿਆਗ ਇਕ ਜੈਸਾ ਹੀ ਸਥਾਨ ਰਖਦੇ ਹਨ। ਇਨ੍ਹਾਂ ਰਜਿਸਟਰਾਂ ਦੇ ਵਰਕੇ ਉਲੱਦਣ-ਪੁਲੱਦਣ ਸਮੇਂ ਜਦੋਂ ਕਿਤੇ ਸਤਿਗੁਰਾਂ ਦਾ ਜੀਅ ਕਰਦਾ ਸੁਨਾਣ ਹਿਤ ਉੱਚਾ



Sri Satguru Jagjit Singh Ji Elibrary NamdhariElibrary@gmail.com

ਪੜ੍ਹਦੇ । ਆਪ ਨੇ ਗੁਰਬਾਣੀ ਦੀ ਇਕ ਤੁਕ ਉੱਚੀ ਬੋਲ ਕੇ ਸੁਣਾਈ : 'ਮਾਇਆ ਜੇਵਡ ਦੁਖ ਨਹੀ ਸਭ ਭਵਿ ਥਕੇ ਸੰਸਾਰੁ । (੩੯) ਸਾਡਾ (ਅਰਥਾਤ ਗੁਰਮੁਖਾਂ ਦਾ) ਲੋਕਾਂ ਨਾਲੋਂ ਏਹੋ ਫਰਕ ਹੈ ਕਿ ਅਸੀਂ ਮਾਇਆ ਨੂੰ ਦੁਖ ਰੂਪ ਮੰਨ ਕੇ ਚਲਦੇ ਹਾਂ ਪਰ ਲੋਕ ਇਸ ਨੂੰ 'ਸੁਖ' ਮੰਨ ਕੇ ਦੁਖੀ ਹੁੰਦੇ ਹਨ । ਫੇਰ ਹੋਰ ਤੁਕ ਪੜ੍ਹੀ : ਮਾਇਆ ਕੇ ਸਨਬੰਧ ਸੈਨ ਸਾਕ ਕਿਤ ਹੀ ਕਾਮਿ ਨ ਆਇਆ । (੪੯੧)... ਫਿਰ ਉਚਾਰਿਆ : ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ । ਹੋਨੁ ਨ ਪਾਈਐ ਰਾਮ ਕੇ ਦਾਸਾ । (੧੮੦)

## ਕਥਾ ਬ੍ਰਹਮ ਗਿਆਨੀ ਤਿਆਗੀ ਦੀ

ਸੰਤ ਨਿਰਾਲਾ ਦੀ ਪੁਸਤਕ ਦੇ ਖਰੜੇ ਨੂੰ ਵਿਚੋਂ ਵਿਚੋਂ ਫਰੋਲਦਿਆਂ ਉਸ ਦੇ ਬ੍ਰਹਮ ਗਿਆਨੀ ਤਿਆਗੀਆਂ ਦੇ ਹਵਾਲੇ ਤੇ ਆ ਕੇ ਸਤਿਗੁਰੂ ਜੀ ਨੇ ਇਕ ਹਕੀਕੀ ਵਾਰਤਾ ਸੁਣਾਈ : ਲੋਪੋਕਿਆਂ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਇਕ ਨਾਮਧਾਰੀ ਸਿੰਘ ਸੀ । ਨਾਮ ਇਸ ਵੇਲੇ ਯਾਦ ਨਹੀਂ । ਉਹਨਾਂ ਵਿਆਹ ਆਰੰਭਿਆ ਹੋਇਆ ਸੀ ਲੜਕੀ ਦਾ । ਜੰਞ ਆਉਣ ਤੋਂ ਥੋੜ੍ਹਾ ਚਿਰ ਹੀ ਪਹਿਲਾਂ ਉਸ ਦਾ ਜੁਆਨ ਪੁੱਤਰ ਚੜ੍ਹਾਈ ਕਰ ਗਿਆ । ਸਿੰਘ ਨੇ ਸਾਰੇ ਮੇਲ ਨੂੰ ਅਰਜ਼ ਕੀਤੀ ਕਿ ਕੋਈ ਇਸ ਮਿਰਤੂ ਬਾਰੇ ਜ਼ਿਕਰ ਨਾ ਕਰੇ । ਵਿਆਹੁਣ ਵਾਲੇ ਆਉਣ ਉਹ ਖੁਸ਼ੀ ਖੁਸ਼ੀ ਲੜਕੀ ਵਿਆਹ ਕੇ ਲੈ ਜਾਣ । ਜੰਞ ਆਈ । ਲੜਕੀ ਦੇ ਫੇਰੇ ਹੋਏ । ਡੋਲੀ ਤੁਰ ਜਾਣ ਪਿੱਛੋਂ ਸਿੰਘ ਨੇ ਲੜਕੇ ਦੀ ਅਰਥੀ ਕੱਢੀ । ਲੋਕਾਂ ਨੇ ਪੁੱਛਿਆ : ਇਸ ਲੜਕੇ ਨੂੰ ਕਿਉਂ ਰੱਖ ਛੱਡਿਆ ? ਸਿੰਘ ਨੇ ਉੱਤਰ ਦਿਤਾ, ਲੜਕੇ ਦੇ ਸਵਾਸ ਤਾਂ ਪੂਰੇ ਹੋ ਹੀ ਚੁੱਕੇ ਸਨ, ਮੈਂ ਸੋਚਿਆ, ਆਉਣ ਵਾਲੇ ਪ੍ਰਾਹੁਣਿਆਂ ਦੀ ਬੇਸੁਆਦੀ ਕਿਉਂ ਕਰੀਏ ? ਕਾਰਜ ਖੁਸ਼ੀ ਖੁਸ਼ੀ ਹੋ ਜਾਵੇ, ਸਸਕਾਰ ਫਿਰ ਕਰ ਲਵਾਂਗੇ । ਕੋਈ ਰੋਣ ਧੋਣ ਨਹੀਂ । ਕੋਈ ਪਿੱਟ-ਕੁਟੱਣਾ ਨਹੀਂ । ਭਾਣਾ ਮਿੱਠਾ ਕਰ ਕੇ ਮੰਨਣਾ ਇਸੇ ਅਵਸਥਾ ਨੂੰ ਕਹਿੰਦੇ ਹਨ । ਮਾਇਆ ਮੋਹ ਤੋਂ ਉਠੇ ਹੋਏ ਲੋਕਾਂ ਦੀ ਇਹੋ ਨਿਸ਼ਾਨੀ ਹੈ ।

## ਸੰਤ ਨਿਧਾਨ ਸਿੰਘ ਆਲਿਮ

ਆਪ ਜੀ ਦੀ ਕਮਜ਼ੋਰ ਸਿਹਤ ਦਾ ਖ਼ਿਆਲ ਨਾ ਕਰਦਿਆਂ, ਸਤਿਗੁਰੂ ਜੀ ਦੇ ਹਲਕੇ ਫੁਲਕੇ ਰਉਂ ਨੂੰ ਵੇਖ, ਮੈਨੂੰ ਇਕ ਬੜੀ ਜ਼ਰੂਰੀ ਗੱਲ ਪੁਛਣੀ ਯਾਦ ਆ ਗਈ । ਸਾਡੇ ਵੇਲਿਆਂ ਦੇ ਜੋ ਵੱਡੇ ਨਾਮਧਾਰੀ ਆਗੂਆਂ ਵਿਚੋਂ ਨਿਧਾਨ ਸਿੰਘ ਆਲਿਮ ਬਾਰੇ ਕੁਝ ਜਾਣਨ ਦੇ ਖ਼ਿਆਲ ਨਾਲ ਪੁੱਛਿਆ : 'ਆਲਿਮ ਜੀ ਬਾਰੇ ਜਾਣਕਾਰੀ ਕਿਥੋਂ ਮਿਲੇ ? ਆਪ ਜੀ ਨੇ ਦੱਸਿਆ : 'ਆਲਿਮ ਜੀ ਨੇ 'ਸਤਿਜੁਗ' ਦੇ 'ਸੰਤ ਅੰਕ' ਵਿਚ ਸਵੈ ਜੀਵਨੀ ਲਿਖੀ ਹੈ ।

"ਆਲਿਮ ਜੀ ਦੇ ਪਿੰਡ, ਲੋਪੋਕੇ, (ਮੈਨੂੰ ਧਿਆਨ ਕੀ ਆਲਿਮ ਜੀ ਦਾ ਏਸੇ ਪਿੰਡ ਵਾਲੀ ਪਹਿਲੀ ਵਾਰਤਾ ਵਿਚੋਂ ਆਇਆ ਸੀ ।) ਇਕ ਵਾਰ ਸੰਤ ਕੇਸਰ ਸਿੰਘ ਜੀ ਮੁਹਾਵੇ ਵਾਲੇ ਆਏ । ਇਹਨਾਂ ਨੂੰ ਕੇਸਰ ਕਿੱਲੀ ਵੀ ਕਿਹਾ ਜਾਂਦਾ ਸੀ ।



Sri Satguru Jagjit Singh Ji Elibrary NamdhariElibrary@gmail.com

ਆਲਿਮ ਜੀ ਇਕ ਫੌਜੀ ਸਰਦਾਰ ਸਨ, ਦਫੇਦਾਰ ਕਿ ਸੂਬੇਦਾਰ। ਚਿੱਟੀ ਬਾਂਕੀ ਪੱਗ, ਅੱਚਕਨ ਠਟਾਈ ਹੋਈ ਤੰਗ ਪਜਾਮੇ ਨਾਲ। ਆਕੜੇ ਹੋਏ ਖਲੋਤੇ ਸਨ। ਆਲਿਮ ਜੀ ਦੀ ਮਾਤਾ ਨੇ ਸੰਤਾਂ ਕੇਸਰ ਕਿੱਲੀ ਚੂਰਾਂ ਦੇ ਪਾਸ ਜਾ, ਉਨ੍ਹਾਂ ਨੂੰ ਘਰ ਲੈ ਆਉਣ ਦੀ ਪੱਕੀ ਕੀਤੀ ਸੀ।

"ਸੰਤਾਂ ਨੂੰ ਪੁੱਛਣ ਗਏ ਤਾਂ ਨਿਧਾਨ ਸਿੰਘ ਸੂਬੇਦਾਰ ਜੀ ਆਕੜੇ ਆਕੜੇ ਹੀ ਬੋਲੇ, "ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ !" ਸੰਤਾਂ ਵਲ ਵੇਖ ਨਿਧਾਨ ਸਿੰਘ ਦੇ ਮਨ ਵਿਚ ਨਫ਼ਰਤ ਦੇ ਭਾਵ ਜਾਗੇ : ਇਹ ਭੀ ਬਾਦਰੀਆਂ ਜਿਹੀਆਂ ਲਟਕਾਈ ਫਿਰਦਾ ਹੈ। ਦੇਹਧਾਰੀ ਗੁਰੂ ਨੂੰ ਮੰਨਦਾ ਹੈ। ਮਾਂ ਮੇਰੀ ਨੂੰ ਵੀ ਸੰਤਾਂ ਸਾਧਾਂ ਦੀ ਸੇਵਾ ਦਾ ਸ਼ੌਕ ਰਹਿੰਦਾ ਹੈ! ਸੰਤ ਮੁਹਾਵੇ ਵਾਲੇ ਇਕ ਮੰਜੇ ਤੇ ਬੈਠੇ ਸਨ, ਪੈਂਦ ਵਾਲੇ ਪਾਸੇ ਰੋਲੇ ਕਿਆਂ (ਜ਼ਿਲ੍ਹਾ ਅੰਮ੍ਰਿਤਸਰ) ਵਾਲੇ ਦਾ ਇਕ ਨਾਮਧਾਰੀ ਕਿਸ਼ਨ ਸਿੰਘ ਬੈਠਾ ਸੀ।

"ਸੰਤਾਂ ਨੇ ਭਰ ਕੇ ਇਕ ਨਜ਼ਰ 'ਆਲਿਮ' ਜੀ ਵਲ ਕੀਤੀ। ਅਤੇ ਮੂੰਹੋਂ ਆਖਿਆ : ਪੁੱਤ ! ਆ ਗਿਆ ਏਂ ? ਏਨਾ ਸੁਣਦਿਆਂ ਹੀ ਆਲਿਮ ਜੀ ਧੜੱਮ ਕਰ ਕੇ ਧਰਤੀ ਤੇ ਜਾ ਪਏ ਅਤੇ ਬੇਹੋਸ਼, ਅਰਥਾਤ ਮਸਤਾਨੇ ਹੋ ਗਏ। ਏਸੇ ਹਾਲਤ ਵਿਚ ਉਨ੍ਹਾਂ ਦੇ ਕੰਨ ਵਿਚ (ਵਾਹਿਗੁਰੂ) ਮੰਤਰ ਦਿਤਾ ਗਿਆ। ਜਦੋਂ ਕੁਝ ਸਮੇਂ ਪਿਛੋਂ ਹੋਸ਼ ਆਈ ਤਾਂ ਉਨ੍ਹਾਂ (ਆਲਿਮ ਜੀ) ਨੇ ਦੱਸਿਆ ਕਿ ਬੇਹੋਸ਼ ਹਾਲਤ ਵਿਚ ਤਾਂ ਉਨ੍ਹਾਂ ਛੁਕਿਆਂ ਦਾ ਭਜਨ ਮੁੱਕਦਾ ਹੀ ਨਹੀਂ ਸੀ। ਠਾਕਰ ਜੀ ਨੇ ਪ੍ਰਸੰਨ ਹੋ ਕੇ ਆਲਿਮ ਜੀ ਨੂੰ ਕਿਹਾ : ਕਾਕਾ ਤੇਰੇ ਤੇ ਛੱਤਰ ਝੂਲੇਗਾ।

"ਸਮਾ ਆਉਣ ਤੇ ਆਲਿਮ ਜੀ ਕਾਂਗ੍ਰਸ ਦੀਆਂ ਸਰਗਰਮੀਆਂ ਵਿਚ ਨਾਮਧਾਰੀਆਂ ਵਲੋਂ ਸ਼ਾਮਲ ਹੋ ਗਏ। ਉਨ੍ਹਾਂ ਨੂੰ ਕਾਂਗ੍ਰਸ ਦੇ ਕਿਸੇ ਵਿੰਗ ਦਾ ਪ੍ਰਧਾਨ ਵੀ ਬਣਾ ਦਿਤਾ ਗਿਆ। ਇਕ ਵਾਰ ਮੁਕਤਸਰ ਵਿਚ ਲਾਲਾ ਲਾਜਪਤ ਰਾਇ ਅਤੇ ਆਲਿਮ ਜੀ ਦਾ ਜਲੂਸ ਨਿਕਲਿਆ। ਉਹਨਾਂ ਉਤੇ ਛੱਤਰ ਝੂਲ ਰਿਹਾ ਸੀ। ਉਨ੍ਹਾਂ ਨੂੰ ਯਾਦ ਆਇਆ ਕੇਸਰ ਕਿੱਲੀ ਜੀ ਦਾ ਬਚਨ। ਖ਼ੁਸ਼ੀ ਅਤੇ ਪ੍ਰੇਮ ਦੇ ਹੰਝੂ ਅੱਖੀਆਂ 'ਚੋਂ ਡਲਕ ਪਏ। ਉਨ੍ਹਾਂ ਨੂੰ 'ਸਾਧ ਬਚਨ ਅਟਲਾਧਾ' ਦਾ ਅਹਿਸਾਸ ਹੋਇਆ।"

ਸਤਿਗੁਰੂ ਜੀ ਨੇ ਇਹ ਵੀ ਦੱਸਿਆ : ਜਦੋਂ ਠਾਕਰ ਜੀ ਮੁਹਾਵੇ ਵਾਲਿਆਂ ਆਖਿਆ ਨ, ਦੇ ਦੇ ਕਿਸ਼ਨ ਸਿੰਘ, ਸੂਬੇਦਾਰ ਦੇ ਕੰਨ ਵਿਚ ਭਜਨ ਤਾਂ ਭਜਨ ਦੇ ਅੱਖਰ ਕੰਨਾਂ ਵਿਚ ਜਾਂਦਿਆਂ ਹੀ ਆਲਿਮ ਜੀ ਨੇ ਆਪਣੇ ਪਿਛਲੇ ਜਨਮਾਂ ਦੇ ਵਿਰਤਾਂਤ ਸੁਣਾਉਣੇ ਸ਼ੁਰੂ ਕਰ ਦਿਤੇ। ਉਨ੍ਹਾਂ ਨੂੰ ਸਭ ਕੁਝ ਹੀ ਇਉਂ ਦਿਸਦਾ ਪਿਆ ਸੀ, ਜਿਵੇਂ ਹੁਣੇ ਉਨ੍ਹਾਂ ਜਨਮਾਂ ਵਿਚਦੀ ਨਿਕਲ ਕੇ ਆਏ ਹੋਣ।

"ਸਰਕਾਰੀ ਨੌਕਰੀ ਸਮੇਂ ਇਹਨਾਂ ਉਪਰ ਕੋਈ ਕੇਸ ਸੀ। ਉਹ ਵੀ ਕਾਗਜ਼ ਇਹਨਾਂ (ਆਲਿਮ ਜੀ) ਦੇ ਹੱਕ ਵਿਚ ਬਦਲ ਗਏ। ਦੁਨੀਆ ਦੇ ਵੀ ਅਰਥ ਕੁਝ ਹੋਰ ਹੋ ਗਏ।"



Sri Satguru Jagjit Singh Ji Elibrary NamdhariElibrary@gmail.com

## ਅਲੋਚੀਆਂ ਦਾ ਸ਼ਰਬਤ

ਇਸ ਘਾਹ ਕਿੱਤੇ ਦੁਆਲੇ, ਜਿਥੇ ਅਸੀਂ ਸ੍ਰੀ ਸਤਿਗੁਰੂ ਜੀ ਨਾਲ ਬੈਠੇ ਸਾਂ, ਭਾਂਤ ਭਾਂਤ ਦੇ ਫੁੱਲ ਖਿੜੇ ਹੋਏ ਸਨ। ਦੂਰ ਨੇੜੇ ਰੁੱਖਾਂ ਦੀ ਹਰਿਆਲੀ ਸੀ। ਅਸੀਂ ਸਾਰੇ ਚੀਲ ਦੀ ਛਾਵੇਂ ਬੈਠੇ ਸਾਂ। ਕਦੇ ਕਦੇ ਮੋਰਾਂ ਦੀ ਦਰਦ ਭਿੰਨੀ ਕਿਆਉ-ਕਿਆਉ ਨਾਲ ਚੁਗਿਰਦਾ ਗੂੰਜ ਉਠਦਾ। ਕਦੇ ਕਦੇ ਕੋਇਲ ਦੀ ਕੂਹੂ ਕੂਹੂ ਤੇ ਕੂਹਕ ਇੰਜ ਸੁਰ ਤੋਂ ਸੁਰ ਉਚੀ ਹੋਈ ਜਾਂਦੀ ਜਿਵੇਂ ਕੋਈ ਸਵੱਰਕਾਰ ਸਰਗਮ ਵਿਚ ਆਰੋਹੀ ਨੂੰ ਜਾ ਰਿਹਾ ਹੋਵੇ। ਇਸ ਸੁਖਦ, ਸੁਹਾਣੇ ਅਤੇ ਇਕਾਂਤ ਵਾਤਾਵਰਣ ਵਿਚ ਸਤਿਗੁਰੂ ਜੀ ਦੇ ਨਿਕਟ ਬੈਠਣਾ ਬੜਾ ਅਰੌਜ ਸੁਖ ਮਾਲੂਮ ਦੇ ਰਿਹਾ ਸੀ।

ਏਨੇ ਵਿਚ ਕਿਸ਼ੋਰੀ ਚੀਧਾ ਜੀ ਆ ਗਏ। ਰੇਸ਼ਮੀ ਚਾਦਰ ਪਹਿਨੀ, ਹੱਥ ਵਿਚ ਸੁਮਾਲੀ ਚਮੁੰਟਿਆ ਸਟੀਲ ਦਾ ਗਿਲਾਸ। ਸਹਿਜ ਨਾਲ ਸਤਿਗੁਰੂ ਜੀ ਦੇ ਪਿਛੇ ਬੈਠ ਕੇ "ਸੱਚੇ ਪਾਤਸ਼ਾਹ ਜੀ, ਸੱਚੇ ਪਾਤਸ਼ਾਹ ਜੀ" ਕਹਿ ਕੇ ਧੀਮੀ ਆਵਾਜ਼ ਵਿਚ ਨਿਵੇਦਨ ਕਰਨ ਲੱਗੇ। ਸਤਿਗੁਰੂ ਜੀ ਨੇ ਆਪਣੀ ਸਪੁੱਤਰੀ ਦੀ ਆਵਾਜ਼ ਚੌਥੀ ਵਾਰ ਕਹਿਣ ਤੇ ਸੁਣੀ। ਪਿਛੇ ਪਰਤ ਕੇ ਵੇਖਿਆ! ਗਲਾਸ ਲੈ ਲਿਆ। ਵਿਚਲਾ ਪਦਾਰਥ ਛਕਿਆ। ਸਤਿਗੁਰੂ ਜੀ ਨੇ ਸਾਡੇ ਸਭ ਵਲ ਤਕ ਕੇ ਜਿਵੇਂ ਮਨ ਦੀਆਂ ਬੁਝ ਕੇ ਕਿਹਾ: ਇਹ ਸ਼ਰਬਤ ਅਲੋਚੀਆਂ ਦਾ ਹੈ। ਸੰਤ ਬਲਵੰਤ ਸਿੰਘ (ਬਾਲੀ ਨਗਰ, ਨਵੀਂ ਦਿੱਲੀ) ਉਚੇਚਿਆਂ ਬਣਾ ਕੇ ਲਿਆਏ ਸਨ।

## ਮਾਟਾਡੋਰ

ਅੱਜ ਦੁਪਹਿਰੇ, ਗੁਰਬਚਨ ਸਿੰਘ ਸਾਬਕਾ ਸਕੱਤਰ ਆਪਣੀ ਪਤਨੀ ਸਤਪਾਲ ਅਤੇ ਇਸ ਦੁਆਰਾ ਪ੍ਰਾਪਤ ਬੱਚੇ ਨੂੰ ਨਾਲ ਲੈ ਸ. ਸੁਰਿੰਦਰ ਸਿੰਘ ਮਨਚੰਦਾ ਦੀ ਮਾਟਾ-ਡੋਰ ਤੇ ਦਿੱਲੀਓਂ ਚੱਲ ਭੈਣੀ ਸਾਹਿਬ ਦਰਸ਼ਨ ਕਰਨ ਆਏ ਸਨ। ਆਪ ਸੁਰਿੰਦਰ ਸਿੰਘ ਅੱਜ ਹੀ ਜਰਮਨੀ ਵਾਸਤੇ ਉਡਿਆ ਸੀ। ਸਤਿਗੁਰੂ ਜੀ ਦੇ ਮਨ ਵਿਚ ਕੁਝ ਆਇਆ। ਗੁਰਬਚਨ ਸਿੰਘ ਨੂੰ ਫ਼ਰਮਾਇਆ: ਤੁਹਾਨੂੰ ਰੇਲ ਚੜ੍ਹਨ ਦੀ ਜਾਚ ਹੈ ਕਿ ਨਹੀਂ? ਸੁਰਿੰਦਰ ਦੀ ਗੱਡੀ ਨਾਲ ਕੋਈ ਡਰਾਈਵਰ ਆਇਐ?? ਅਤੇ ਆਪ ਜੀ ਨੇ ਆਪਣੇ ਸਫ਼ਰ ਬਾਰੇ ਹਿਸਾਬ ਕਿਤਾਬ ਲਾਇਆ ਅਤੇ ਅਖੀਰ ਵਿਚ ਗੱਲ ਜਿਉਂ ਦੀ ਤਿਉਂ ਰਹਿਣ ਦਿਤੀ। ਫ਼ਰਮਾਇਆ: ਮਾਟਾਡੋਰ ਨੇ ਸਾਡੀ ਕਸ਼ਮੀਰ ਵਿਚ ਮਦਦ ਕਰਨੀ ਹੈ, ਇਸ ਲਈ, ਇਸ ਨੂੰ ਹੁਣ ਜਾਣ ਦਿਓ।

## ਹੋਰ ਕੋਈ ਗੱਲ

ਸਤਿਗੁਰੂ ਜੀ ਨੂੰ ਸਾਡੇ ਪਾਸ ਨੰਗੇ ਘਾਹ ਤੇ ਬੈਠਿਆਂ 15 ਕੁ ਮਿੰਟ ਹੋ ਗਏ ਸਨ। ਹੁਣ ਆਪ ਜੀ ਜਾਣਾ ਚਾਹੁੰਦੇ ਸਨ। ਮੇਰੇ ਵਲ ਤਕ ਕੇ ਕਹਿਓ ਨੇ: ਹੋਰ ਕੋਈ ਗੱਲ? ਮੈਂ ਅਰਜ਼ ਕੀਤੀ ਕਿ 3.6.79 ਨੂੰ ਨਾ ਦਿੱਲੀ ਵਿਚ ਸੁਖ ਨਾਲ ਜੋਤਰ ਮਿਲੇ, ਨਾ ਬਚਨ ਹੋਇਆ, ਮਨ ਖ਼ਾਲੀ ਖ਼ਾਲੀ ਜਿਹਾ ਸੀ। ਇਹ ਸੋਚ ਕੇ ਕਿ ਨਾਲੇ ਖ਼ਬਰ ਲੈ ਆਵਾਂ, ਨਾਲੇ ਦਰਸ਼ਨ ਕਰ ਆਵਾਂ, ਆ ਗਿਆ ਹਾਂ। ਸਤਿਗੁਰਾਂ ਚੇਤਾ ਕੀਤਾ: ਪਰਮਜੀਤ ਸਿੰਘ



Sri Satguru Jagjit Singh Ji Elibrary NamdhariElibrary@gmail.com

(ਦਿੱਲੀ) ਵਾਲੀ ਗੱਲ ! ਤੁਸਾਂ ਉਸ ਨੂੰ ਕਿਹਾ, ਆ ਕੇ ਮੱਥਾ ਟੇਕ ਲਓ । ਉਸ ਕਿਹਾ, ਨਹੀਂ ਦੋ ਮਿੰਟ ਗੱਲ ਕਰ ਬੈਠਣਾ ਹੈ । ਫੇਰੋਂ ਗੁਰਭਜਨ ਸਿੰਘ ਬੋਲਿਆ : ਜਿਸ ਦਿਨ (3.6.79) ਆਪ ਜੀ ਰਾਤੀਂ ਨਹੀਂ ਆਏ (ਦਿੱਲੀ) ਉਸ ਦਿਨ ਇਕ ਵਾਰ ਰਾਤੀਂ 9 ਵਜੇ ਆਇਆ ਪਤਾ ਕਰਨ, ਫੇਰ 11 ਵਜੇ ਆਇਆ । ਆਪ ਜੀ ਦੇ ਦਰਸ਼ਨ ਨਾ ਹੋਣ ਕਾਰਨ ਨਿਰਾਸ਼ ਪਰਤਿਆ ।

## ਕਸ਼ਮੀਰ ?

ਸਤਿਗੁਰੂ ਜੀ ਉਠ ਕੇ ਜਾਣ ਨੂੰ ਤਿਆਰ ਸਨ ਕਿ ਮੈਂ ਇਕ ਸਵਾਲ ਕਰ ਦਿਤਾ : ਕੱਲ੍ਹ ਤੋਂ ਆਪ ਜੀ ਦਾ ਕੀ ਪ੍ਰੋਗਰਾਮ ਹੈ ? ਮੰਡੀ ਜਾ ਰਹੇ ਹੋ ਆਪ ?? ਸਤਿਗੁਰੂ ਵਿਗਸੇ : ਮੈਂ ਮਨਾਲੀ ਜਾ ਰਿਹਾ ਹਾਂ । ਕਿਉਂਕਿ ਮੰਡੀ ਰਾਹ ਵਿਚ ਪੈਂਦੀ ਹੈ, ਸੁ ਮੰਡੀ ਵੀ ਜਾਵਾਂਗੇ ।

ਅਤੇ ਏਨੀ ਗੱਲ ਤੋਂ ਸ੍ਰੀ ਹਜ਼ੂਰ ਨੂੰ ਆਪਣੇ ਇਕ ਸੰਨਿਆਸੀ ਸੰਤ ਅਧਿਆਪਕ ਮਹਿਤਾ ਚੇਲਾ ਰਾਮ ਯਾਦ ਆ ਗਏ । ਫ਼ਰਮਾਇਆ : ਕਥਨ ਦਾ ਇਹ ਮਹਿਤਾ ਜੀ ਦਾ ਢੰਗ ਹੈ । ਇਕ ਵਾਰ ਮੈਂ ਪੁਛਿਆ, ਮਹਿਤਾ ਜੀ ਕਦੇ ਆਪ ਹਵਾਈ ਜਹਾਜ਼ ਤੇ ਵੀ ਚੜ੍ਹੇ ਓ ? ਜਵਾਬ ਸੀ, ਨਹੀਂ ਭਾਈ, ਜਦੋਂ ਮੈਂ ਲੰਡਨ ਗਿਆ ਸਾਂ, ਓਦੋਂ ਜਹਾਜ਼ੋਂ ਉਤਰਿਆ ਸਾਂ । ਇਹ ਸੁਣਾ ਕੇ ਸਤਿਗੁਰਾਂ ਦੱਸਿਆ ਕਿ ਆਪ ਜੀ ਸਾਰਾ ਪਰਵਾਰ ਕਲ੍ਹ ਮਨਾਲੀ ਜਾ ਰਹੇ ਹਨ । ਇਕ ਗੱਡੀ ਵਿਚ ਸ੍ਰੀ ਸਤਿਗੁਰੂ ਜੀ, ਮਾਤਾ ਜੀ ਅਤੇ ਪੂਰਬਾ ਜਾਣਗੇ । ਦੂਜੀ ਗੱਡੀ ਵਿਚ, ਜੋ ਜਥਾ ਮਗਰੋਂ ਤੁਰੇਗੀ, ਬੀਬਾ ਜੀ ਅਤੇ ਹੋਰ ਸਰੀਰ ਜਾਣਗੇ । 20 ਜੂਨ ਰਾਤ ਤਕ ਭੈਣੀ ਸਾਹਿਬ ਵਾਪਸੀ ਹੋਵੇਗੀ । 21 ਦੀ ਰਾਤ ਤਕ ਜੰਮੂ ਅਤੇ 22 ਨੂੰ ਹਵਾਈ ਜਹਾਜ਼ ਦੁਆਰਾ ਸ੍ਰੀ ਨਗਰ (ਕਸ਼ਮੀਰ ਦੀ ਰਾਜਧਾਨੀ) ਜਾ ਕੇ 27 ਜਾਂ 28 ਨੂੰ ਪਰਤਿਆ ਜਾਵੇਗਾ ।

ਸਤਿਗੁਰੂ ਜੀ ਨੇ ਦੱਸਿਆ : ਸਾਡੇ ਸਾਰੇ ਪਰਵਾਰ ਤੋਂ ਇਲਾਵਾ ਅਵਤਾਰ ਸਿੰਘ (ਕਰੀ ਵਾਲਾ) ਅਮਰ ਸਿੰਘ (ਨੰਬਰਦਾਰ ਜੀਵਨ ਨਗਰ) ਅਤੇ ਸੁਰਿੰਦਰ ਸਿੰਘ (ਮਨਚੰਦਾ) ਵੀ ਜਾਣਗੇ । ਸੁਰਿੰਦਰ ਨੇ ਕਿਹਾ ਸੀ ਕਿ, ਜਦੋਂ ਕਸ਼ਮੀਰ ਜਾਓਗੇ, ਮੈਨੂੰ (ਜਰਮਨੀ ਵਿਚ) ਤਾਰ ਦੇ ਦੇਣੀ, ਮੈਂ ਆ ਜਾਵਾਂਗਾ ।

ਮੇਰੇ ਮਨ ਵਿਚ ਆ ਰਹੀ ਸੀ ਕਿ ਕਸ਼ਮੀਰ ਤਾਂ ਮੈਂ ਵੀ ਵੇਖਣਾ ਚਾਹੁੰਦਾ ਹਾਂ । ਕਈ ਵਾਰ ਚਾਨਸ ਬਣਿਆ ਹੈ ਪਰ ਇਹੋ ਜੀ ਚੀਤਾ ਹੈ, ਸਤਿਗੁਰਾਂ ਨਾਲ ਜਾਈਏ । ਸਤਿਗੁਰਾਂ ਅਵਤਾਰ ਸਿੰਘ-ਅਮਰ ਸਿੰਘ ਹੁਰਾਂ ਨੂੰ ਖਾਸ ਨਿਵਾਜਣਾ ਹੋਵੇਗਾ, ਚਲੋ ਫੇਰ ਸਹੀ ।

## ਨਹਿਰ ਵਾਲੋਂ ਡੇਰੇ ?

5 ਵਜੇ ਤਕ ਸਤਿਗੁਰੂ ਜੀ ਆਪਣੇ ਆਰਾਮ ਕਮਰੇ ਨੂੰ ਤੁਰ ਪਏ । ਆਪ ਜੀ ਆਪਣੇ ਰਥਵਾਹੀਏ ਗੁਰਮੁਖ ਸਿੰਘ ਦੀ ਗੱਡੀ ਸਮੇਤ ਉਡੀਕ ਕਰ ਰਹੇ ਸਨ । ਗੁਰਮੁਖ ਸਿੰਘ ਫਗਵਾੜੇ ਸੰਤ ਲਛਮਣ ਸਿੰਘ ਪਾਸ ਗੱਡੀ ਠੀਕ ਕਰਵਾਣ ਗਿਆ ਹੋਇਆ ਸੀ ।

Sri Satguru Jagjit Singh Ji Elibrary NamdhariElibrary@gmail.com

ਅੱਧੇ ਘੰਟੇ ਬਾਅਦ ਵੇਖਿਆ ਸਤਿਗੁਰੂ ਜੀ ਕਿਸੇ ਹੋਰ ਸਿੰਘ ਦੀ ਕਾਰ (ਸ਼ਾਇਦ ਅਜੀਤ ਸਿੰਘ ਸਾਹਪੁਰੀ, ਹੁਣ ਲੁਧਿਆਣਾ) ਵਿਚ ਭਰਪੂਰ ਸਵਾਰੀਆਂ ਨਾਲ ਨਹਿਰ ਸਰਹੰਦ ਤੇ ਆਪਣੇ ਡੇਰੇ ਨੂੰ ਜਾ ਰਹੇ ਸਨ । ਗੁਰਚਰਨ ਸਿੰਘ ਉਪਨਾਮ ਟਹੂੜਾ ਨੇ ਦੋ ਨੌਜੁਆਨ ਸ੍ਰੀ ਹਜੂਰ ਦੇ ਪੇਸ਼ ਕੀਤੇ : ਸੱਚੇ ਪਾਤਸ਼ਾਹ, ਇਹ ਨਹਿਰ ਤੇ ਅੰਬਾਂ ਦੀ ਰਾਖੀ ਕਰਨਗੇ । ਸਤਿਗੁਰੂ ਜੀ ਨੇ ਇਹਨਾਂ ਦੀ ਨਮਸਕਾਰ ਪਰਵਾਨ ਕਰਦਿਆਂ ਵਿਅੰਗ ਕੀਤਾ : ਰਾਖੀ ? ਚਲੋ ਰਾਖੀ ਵੀ ਕਰ ਲੈਣ !

ਅਤੇ ਗੱਡੀ ਅਹੁ ਗਈ ।

## 12 ਜੂਨ 1979, ਮੰਗਲਵਾਰ
## ਸ੍ਰੀ ਭੈਣੀ ਸਾਹਿਬ

### ਜ਼ਬਰਦਸਤ ਅਨ੍ਹੇਰੀ

ਰਾਤੀਂ ਮੈਂ ਆਪਣੇ ਮਿੱਤਰ, ਹਰਭਜਨ ਸਿੰਘ ਸਿਤਾਰ ਦੇ ਡੇਰੇ ਟੀਚਰਾਂ ਦੇ ਕੁਆਰਟਰਾਂ ਦੀ ਛੱਤ ਉਤੇ ਸੁੱਤਾ । ਨਾਲ ਦੀਆਂ ਮੰਜੀਆਂ ਤੇ ਹਰਭਜਨ ਸਿੰਘ ਅਤੇ ਘੁੱਲਾ ਹਰਬੰਸ ਸਿੰਘ ਸਨ । ਮੱਠੀ ਚਾਲੇ ਵਗਦੀ ਪੌਣ ਇਕਦਮ ਅਨ੍ਹੇਰੀ ਦੀ ਸ਼ਕਲ ਵਿਚ ਵਟ ਗਈ । ਸ਼ਾਂ ਸ਼ਾਂ ਹੋ ਰਹੀ ਸੀ । ਰੁੱਖਾਂ (ਨਾਲ ਨਾਲ ਉੱਗੀਆਂ ਜਾਮਣਾਂ) ਦੇ ਸ਼ਾਂ ਦੀ ਵਟ ਗਈ । ਸਾਨੂੰ ਜਾਪਿਆ ਮੰਜੀਆਂ ਸਮੇਤ ਉਡ ਜਾਵਾਂਗੇ । ਘੁੱਲਾ ਪਹਿਲਾਂ ਹੀ ਹੇਠਾਂ ਉਤਰ ਗਿਆ । ਅੱਧਾ ਘੰਟਾ ਬੀਤ ਹੀ ਕੇ ਹਨੇਰੀ ਦਾ ਟਾਕਰਾ ਕਰਦੇ, ਅਸੀਂ ਵੀ ਮੰਜਲ ਕੇ ਹੇਠਾਂ ਉਤਰ ਗਏ । ਜਾਪਦਾ ਸੀ ਦਿਨ ਚੜ੍ਹੇ ਬੇਹਿਸਾਬੇ ਨੁਕਸਾਨ ਦੀਆਂ ਖ਼ਬਰਾਂ ਆਉਣਗੀਆਂ । ਸਵੇਰ ਸਾਰ ਭਰਪੂਰ ਬਾਰਸ਼ ਨਾਲ ਹਨੇਰੀ ਰੁਕ ਗਈ । ਸਾਰੀ ਰਾਤ ਹੀ ਬੇਆਰਾਮੀ ਦਾ ਸੁਖ ਮਾਣਿਆ ।

### ਦਰਸ਼ਨ

ਆਸਾ ਦੀ ਵਾਰ ਤੋਂ ਮਹਿਰੂਮ ਰਹਿ ਗਿਆ । ਦਿੱਲੀ ਨੂੰ ਵਾਪਸ ਜਾਣਾ ਚਾਹੁੰਦਾ ਸਾਂ । ਸ. ਜਗਦੀਸ਼ ਸਿੰਘ 'ਵਰਿਆਮ' ਦੁਆਰਾ ਕੁਝ (ਸੰਗੀਤ) ਉਸਤਾਦਾਂ ਨੂੰ ਸਤਿਗੁਰੂ ਜੀ ਵਲੋਂ ਪੈਸੇ ਮਿਲਦੇ ਹਨ ਹਰ ਮਹੀਨੇ । 'ਵਰਿਆਮ' ਨੇ ਇਸ ਰਕਮ ਬਾਰੇ ਚਿੱਠੀ ਲਿਖੀ ਸੀ, ਪੂਰਬਾ ਨੇ ਮੈਨੂੰ ਦੱਸ ਦਿਤਾ ਸੀ । ਮੈਂ ਕਿਹਾ, ਜਾਣਾ ਤਾਂ ਮੈਂ ਹੈ ਹੀ ਜਲੰਧਰੋਂ ਹੁੰਦੀ ਜਾਵਾਂਗਾ । ਸੁ ਪੂਰਬੇ ਨੂੰ ਲੱਭਦਾ ਮੈਂ 9 ਕੁ ਵਜੇ ਕੋਠੀ ਪਹੁੰਚਾ ਤਾਂ ਘਾਹ ਕਿੱਤੇ ਵਿਚ ਬੋਹੜ੍ਹ ਵਾਲੇ ਪਾਸੇ ਅਣਕੱਜੇ ਘਾਹ ਉਤੇ ਸ੍ਰੀ ਸਤਿਗੁਰੂ ਜੀ ਸਮਾਧੀ ਸਥਿਤ ਨਜ਼ਰ ਪਏ । ਆਪ ਜੀ ਦੇ ਅਗੇ ਇਕ ਨਵਾਂ, ਦੁਮੂਹਾਂ ਨੇਕਾ ਚੱਪੂ ਪਿਆ ਹੋਇਆ ਸੀ । ਸ੍ਰੀ ਹਜ਼ੂਰ ਦੀ ਸਮਾਧੀ ਵੇਖ ਅੱਗੇ ਜਾਣੋਂ ਝਕਦਾ ਵੀ ਸਾਂ, ਕਿਉਂਕਿ, ਨਜ਼ਰ ਪੈ ਗਏ ਸਨ ਸੁ ਪਾਸ ਜਾ ਕੇ ਨਮਸਕਾਰ ਕਰਨ ਨੂੰ ਵੀ ਜੀ ਕਰਦਾ ਸੀ । ਏਨੇ ਨੂੰ ਸੇਠ ਸਪੂੱਰਣ ਸ਼ੇਰ ਸਿੰਘ, ਭੁਪਿੰਦਰ ਸਿੰਘ, ਲਾਲ ਜੀ ਵੀ ਆ ਗਏ ।

ਸਾਰੇ ਸੁਰਤੇ ਖੜਿਆਂ ਨੂੰ ਸਤਿਗੁਰੂ ਜੀ ਨੇ ਚੜ੍ਹਦੇ ਵਲ ਮੂੰਹ ਕਰ ਉਠ ਕੇ ਅਰਦਾਸ ਕਰਨੀ ਸ਼ੁਰੂ ਕਰ ਦਿਤੀ । ਸੀਸ ਤੇ ਹਲਕਾ ਜਿਹਾ ਸਫ਼ੇਦ ਪਰਨਾ, ਗਲ ਵਿਚ



Sri Satguru Jagjit Singh Ji Elibrary NamdhariElibrary@gmail.com

ਰੇਸ਼ਮੀ ਕੁਰਤਾ, ਤੇੜ ਰਫਹਿਰਾ ਅਤੇ ਚਰਨੀਂ ਜੁਰਾਬਾਂ ਸਨ। ਗਲੇ ਦੁਆਲੇ ਰੁਮਾਲੀ ਪਾ ਕੇ, ਦੋਹੀਂ ਹੱਥੀਂ ਕੰਨੀਆਂ ਪਕੜ, ਦੋਵੇਂ ਹੱਥ ਜੋੜ, ਅਰਦਾਸ ਕਰ, ਜ਼ਮੀਨ ਤੇ ਹੱਥ ਲਾ ਸਤਿਗੁਰੂ ਜੀ ਨਮਸਕਾਰ ਕੀਤੀ ਤਾਂ ਅਸੀਂ ਵੀ ਮੱਥਾ ਟੇਕਣ ਲਈ ਅਗੇ ਵਧੇ। ਨਮਸਕਾਰ ਕਰ ਮੈਂ ਅਰਜ਼ ਕੀਤੀ : ਆਪ ਜੀ ਚਾਂ ਉੱਕਾ ਹੀ ਸਾਦਗੀ ਅਖ਼ਤਿਆਰ ਕੀਤੀ ਜਾਂਦੇ ਹੋ! ਬਚਨ ਕੀਤਾ : ਮੇਰਾ ਤਾਂ, ਦੀਵਾਨ ਵਿਚ ਵੀ ਤੁਹਾਡੇ ਨਾਲ, ਤੁਹਾਡੇ ਵਾਲੀਆਂ ਸਫਾਂ ਤੇ ਬੈਠਣ ਤੇ ਜੀ ਕਰਦਾ ਹੈ, ਪਰ, ਦੂਜੇ ਇਸ ਨੂੰ ਕਿਵੇਂ ਪਰਵਾਨ ਕਰਨ। ਮੈਂ ਕਿਹਾ : ਸਰਬ ਸ਼੍ਰੇਸ਼ਟ, ਸਰਬੋਤਮ ਅਤੇ ਸਰਵੁੱਚ ਜੁ ਹੋਏ, ਕਿਉਂ ਨ ਆਪ ਨੂੰ ਮੁਨਾਸਬ ਸਤਿਕਾਰ ਮਿਲੇ।

## ਨਿਰਾਲੇ ਦੀ ਪੁਸਤਕ

ਮੈਂ ਸਤਿਗੁਰੂ ਜੀ ਨੂੰ ਰੀਪੋਰਟ ਕੀਤਾ : ਕੱਲ ਜੋ ਸੰਤ ਰਜਿੰਦਰ ਸਿੰਘ ਨਿਰਾਲੇ ਦੀ ਪੁਸਤਕ ਦਾ ਖਰੜਾ ਮੈਨੂੰ ਪੜ੍ਹਨ ਲਈ ਦਿਤਾ ਗਿਆ ਸੀ, ਮੈਂ ਉਸਨੂੰ ਪੜ੍ਹ ਲਿਆ ਹੈ। ਲਗਭਗ ਦਰੁਸਤ ਹੀ ਲਗੀ ਹੈ। ਸਤਿਗੁਰੂ ਜੀ ਨੇ ਪੁਛਿਆ, ਉਸ ਵਿਚ ਇਹ ਤੁਕ ਵੀ ਆਈ ਹੈ?

ਕਬੀਰ ਜਉ ਗ੍ਰਿਹਿ ਕਰਹਿ ਤ ਧਰਮੁ ਕਰੁ
ਨਾਹੀ ਤ ਕਰਿ ਬੈਰਾਗੁ।
ਬੈਰਾਗੀ ਬੰਧਨ ਕਰੈ
ਤਾਕੋ ਬਡੋ ਅਭਾਗੁ।

ਮੈਂ ਦੱਸਿਆ ਕਿ ਪੁਸਤਕ ਦਾ ਆਧਾਰ ਹੀ ਇਹੋ ਤੁਕ ਹੈ।

## ਅੰਬਾਂ ਦੀ ਰਾਖੀ

ਏਨੇ ਚਿਰ ਨੂੰ ਸੰਤ ਗੁਰਚਰਨ ਸਿੰਘ 'ਟਹੂਕਾ' ਨਾਲ ਦੋ ਤਿੰਨ ਹੋਰ ਜੁਆਨ ਨਮਸਕਾਰ ਕਰਨ ਆ ਗਏ। ਇਹ ਨਹਿਰ ਸਰਹੰਦ ਦੇ ਅੰਬਾਂ ਦੀ ਰਾਖੀ ਲਈ ਪੇਸ਼ ਕੀਤੇ ਗਏ ਸਨ। ਸਤਿਗੁਰਾਂ ਇਕ ਜਵਾਬ ਇਨ੍ਹਾਂ ਨੂੰ ਕੱਲ੍ਹ ਦਿਤਾ ਸੀ, ਅੱਜ ਫਿਰ ਮੁਸਕਰਾਂਦਿਆਂ ਫਰਮਾਇਆ : ਕੱਲ੍ਹ ਤੋਂ ਪਿਛੋਂ ਦੀ ਬਾਕੀ ਰਾਖੀ ਤਾਂ ਰਾਤ ਵਾਲੀ ਅਨ੍ਹੇਰੀ ਕਰ ਗਈ ਹੋਵੇਗੀ। ਪਰ ਚਲੋ, ਚੱਲ ਵੇਖਾਂਗੇ ਅੰਬ। ਤਿਆਰ ਰਹਿਓ। ਜਾਂਦਾ ਹੋਇਆ ਨਾਲ ਲੈ ਜਾਵਾਂਗਾ। ਉਹ ਨਮਸਕਾਰ ਕਰਕੇ ਚਲੇ ਗਏ।

## ਸ. ਨਾਹਰ ਸਿੰਘ ਐਮ. ਏ.

ਸਤਿਗੁਰਾਂ ਨਾਲ ਮੈਂ ਇਕ ਦ੍ਰਿਸ਼ ਸਾਂਝਾ ਕੀਤਾ ਜੋ ਇਕ ਲੇਖਕ ਤੇ ਇਕ ਰਾਜਨੀਤਕ ਵਿਅਕਤੀ ਦੀ ਲੜਾਈ ਦਾ ਸੀ। ਇਹ ਜੋ ਕਦੇ ਘਨਿਸ਼ਠ ਮਿੱਤਰ ਸਨ, ਲੜਨ ਲੱਗਿਆਂ ਦੂਰ ਦੂਰ ਤਕ ਪਹੁੰਚੇ। ਸਤਿਗੁਰੂ ਜੀ ਨੇ ਚਲਦੇ ਸੰਦਰਭ ਵਿਚ ਇਕ ਹੋਰ ਲੇਖਕ ਦਾ ਜ਼ਿਕਰ ਕੀਤਾ ਜੁ ਆਪਣੀ ਇਤਿਹਾਸ ਸੰਬੰਧੀ ਪੁਸਤਕ ਲਿਖਦਿਆਂ ਪਹਿਲਾਂ ਤਾਂ ਨਾਮਧਾਰੀਆਂ ਬਾਰੇ ਠੀਕ ਠੀਕ ਲਿਖ ਗਿਆ। ਸ਼੍ਰੋਮਣੀ ਪ੍ਰਬੰਧਕ ਕਮੇਟੀ



Sri Satguru Jagjit Singh Ji Elibrary NamdhariElibrary@gmail.com

ਨੂੰ ਪਤਾ ਲੱਗਾ, ਤਾਂ ਕਿਹਾ ਜਾਂਦਾ ਹੈ, ਉਸਨੇ ਲੇਖਕ ਨੂੰ 5000/- ਦੇ ਕੇ ਆਪਣੀ ਮਰਜ਼ੀ ਦਾ ਲਿਖਣ ਲਈ ਮਨਾ ਲਿਆ। ਸਤਿਗੁਰੂ ਜੀ ਨੇ ਦੱਸਿਆ ਪਰ ਸ. ਨਾਹਰ ਸਿੰਘ M. A. ਨੇ ਜਦੋਂ ਤੋਂ ਨਾਮਧਾਰੀਆਂ ਬਾਰੇ ਸਰਕਾਰੀ ਦਸਤਾਵੇਜ਼ ਵੇਖੇ ਅਤੇ ਸੰਗ੍ਰਹਿ ਕੀਤੇ ਨੇ, ਕਿਸੇ ਦਾ ਕੋਈ ਲਾਲਚ ਸਵੀਕਾਰ ਨਹੀਂ ਕੀਤਾ। ਜੋ ਕੁਝ ਕਾਗਜ਼ਾਤ ਕਹਿੰਦੇ ਹਨ, ਖਾਸ ਕਰ ਅੰਗਰੇਜ਼ ਕੂਕਿਆਂ ਬਾਰੇ ਕਿਵੇਂ ਸੋਚਦੇ ਸਨ, ਉਹ ਉਸ ਤੋਂ ਸਦਕੇ ਜਾਂਦਾ ਤੇ ਉਹੋ ਲਿਖਦਾ ਹੈ। ਨਾਹਰ ਸਿੰਘ ਕਹਿੰਦਾ ਹੈ ਕਿ ਸਿੰਘ ਸਭਾਈਆਂ, ਚੀਫ਼ ਖਾਲਸਈਆਂ ਨੇ ਇਕ ਵਾਰ ਅੰਗਰੇਜ਼ ਸਰਕਾਰ ਨੂੰ ਅਰਜ਼ਦਾਸ਼ਤ ਲਿਖੀ ਸੀ ਕਿ ਕੂਕਿਆਂ ਨੇ ਬਰਤਾਨਵੀ ਹਕੂਮਤ ਦੇ ਖ਼ਿਲਾਫ਼ ਬਗਾਵਤ ਦੀ ਕਰਤੂਤ ਕਰਕੇ ਉਨ੍ਹਾਂ (ਸਿੰਘ ਸਭਾ, ਚੀਫ਼ ਖਾਲਸਾ ਦੀਵਾਨ) ਦਾ ਨੱਕ ਵੱਢ ਦਿਤਾ ਹੈ ਅਤੇ ਉਨ੍ਹਾਂ ਕੁਰਬਾਨੀਆਂ ਨੂੰ ਕਲੰਕਿਤ ਕਰ ਦਿਤਾ ਹੈ ਜੋ ਇਨ੍ਹਾਂ ਨੇ ਬਰਤਾਨਵੀ ਸਰਕਾਰ ਦੇ ਪੈਰ ਪੱਕੇ ਕਰਨ ਲਈ ਕੀਤੀਆਂ।

ਸ਼੍ਰੋਮਣੀ ਕਮੇਟੀ ਵਾਲੇ ਹਰ ਥਾਂ ਪਹੁੰਚਦੇ ਹਨ। ਅੱਜ 5000/- ਦਾ ਮੁੱਲ ਭਾਵੇਂ ਤੁੱਛ ਜਾਪੇ ਪਰ ਉਨ੍ਹਾਂ ਦਿਨਾਂ ਵਿਚ ਤਾਂ ਇਹ ਰਕਮ ਅੱਜ ਦੇ ਲੱਖਾਂ ਵਰਗੀ ਸੀ।

### ਉਦਾਰਤਾ ਤੇ ਯਥਾਰਥ

ਸ੍ਰੀ ਸਤਿਗੁਰੂ ਜੀ ਨੂੰ ਏਥੇ ਬੈਠਿਆਂ ਹੀ ਸੂਚਿਤ ਕੀਤਾ ਕਿ ਪੰ: ਸੁੰਦਰ ਲਾਲ ਜੀ ਨੂੰ 15000/-ਕਿਵੇਂ ਦੁੱਟਵਾਂ ਦਿਤਾ ਜਾ ਰਿਹਾ ਹੈ। ਸਤਿਗੁਰੂ ਜੀ ਨੇ ਕਾਰਨ ਦੱਸਿਆ : ਪੰਡਿਤ ਜੀ ਨੂੰ 'ਹਾਂ' ਤਾਂ ਕਰ ਗਿਆ, 'ਨਾਂਹ' ਮੈਂ ਕਰ ਨਹੀਂ ਸਾਂ ਸਕਦਾ। ਇਹ ਮੇਰੇ ਸੁਭਾਅ ਦਾ ਅੰਗ ਨਹੀਂ ਸੀ ਅਤੇ ਪੰ: ਸੁੰਦਰ ਲਾਲ ਜੀ ਦਾ ਦੇਸ਼ ਪ੍ਰੇਮ, ਉਚਕੋਟੀ ਦਾ ਲੇਖਕ ਹੋਣਾ ਅਤੇ ਉਨ੍ਹਾਂ ਦੀ ਆਯੂ ਮੇਰੇ ਸਾਹਮਣੇ ਸਨ। ਇਕ ਹੋਰ ਤੱਥ ਵੀ ਸੀ, ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕਿੰਨਾ ਨੇੜੇ ਅਤੇ ਗੁਰੂ ਰਾਮ ਸਿੰਘ ਜੀ ਦੇ ਕਿੰਨੇ ਪ੍ਰੇਮੀ ਸਨ। ਸੋ 'ਨਾਂਹ' ਦੀ ਤਾਂ ਕਿਸੇ ਪਾਸਿਓਂ ਵੀ ਗੁੰਜਾਇਸ਼ ਨਹੀਂ ਸੀ। ਦੂਜੇ ਪਾਸੇ ਪੈਸਾ ਮੈਨੂੰ ਕਿਤੇ ਦਿਸਦਾ ਨਹੀਂ ਸੀ। ਸੇਠ (ਤਰਲੋਕ ਸਿੰਘ, ਖ਼ਜ਼ਾਨਚੀ) ਹੁਰਾਂ ਕੋਲ ਵੀ ਪੈਸਿਆਂ ਵਲੋਂ ਪ੍ਰੋਗਰਾਮ ਕਰਾ ਦਿੱਤਾ ਸੀ। ਕੁਦਰਤੀ ਹੀ, ਇਕ ਸਿੰਘ ਪੰਜ ਹਜ਼ਾਰ ਦੇ ਗਿਆ। ਉਹ ਮੈਂ ਉਸੇ ਵੇਲੇ ਸੇਠ ਹੁਰਾਂ ਨੂੰ ਭੇਜਿਆ। ਦੂਜੇ ਦਸ ਬਾਰੇ ਵੀ ਸੇਠ ਹੁਰਾਂ ਨੂੰ ਪੱਕੀ ਕਰਕੇ ਆਇਆ ਸਾਂ। ਸੈਨੇਟਰੀ ਫ਼ਿਟਿੰਗ ਤੇ 3000/- ਲਗਣਾ ਸੀ, ਉਹ ਵਖਰਾ ਭੇਜ ਦਿਤਾ ਸੀ। ਬਾਕੀ ਦਾ ਵੀ ਪਹੁੰਚ ਹੀ ਗਿਆ ਹੋਵੇਗਾ ਜਾਂ ਪਹੁੰਚ ਜਾਏਗਾ।

ਇਸ ਦਾ ਮਤਲਬ ਇਹ ਨਿਕਲਿਆ ਕਿ ਪੰ: ਸੁੰਦਰ ਲਾਲ ਜੀ 18000/- ਤਕ ਪਹੁੰਚ ਗਏ ਸਨ।

ਵਿਰਲੇ ਵਿਰਲੇ ਫੁੱਲਾਂ ਦੇ ਚੌਗਿਰਦੇ ਵਿਚ, ਹਰੇ-ਹਰੇ ਘਾਹ ਉਤੇ, ਕੁਦਰਤੀ ਜਹੇ ਵਾਤਾਵਰਣ ਅੰਦਰ ਸਾਦਗੀ ਦਾ ਸੂਰਜ ਲਿਸ਼ਕਾਂ ਮਾਰ ਰਿਹਾ ਸੀ। ਕਦੇ ਮੋਰਾਂ-ਕੋਇਲਾਂ ਦੀਆਂ ਕੂਕਾਂ, ਚਿੜੀਆਂ ਦੀ ਚੂਹਕ, ਵਰਨੀਆਂ ਵਾਲੇ ਵੱਡੇ ਘੜਿਆਲ ਦੀ ਟਾਈਮ ਦੱਸਦੀ ਟੁਣਕਾਰ ਸਮੇਂ ਨੂੰ ਬੜਾ ਸੁਹਾਣਾ ਬਣਾ ਜਾਂਦੀ।



Sri Satguru Jagjit Singh Ji Elibrary NamdhariElibrary@gmail.com

## 'ਸਤਿਗੁਰ ਭਿਖਿਆ ਨਾਉ'

ਮੇਰੀਆਂ ਗੱਲਾਂ ਨਾਲ ਆਪਣਾ ਬਚਨ ਜੋੜਦਿਆਂ ਸਤਿਗੁਰਾਂ ਆਖਿਆ : ਭਾਰਤੀ ਦੀ ਕਿਤਾਬ ਛਪ ਗਈ ਹੈ। ਪਰ ਪਰਕਾਸ਼ਕ ਨੂੰ ਅਜੇ ਨਾਮਧਾਰੀ ਦਰਬਾਰ 20,000/- 'ਚੋਂ ਕੇਵਲ 10,000/- ਦੇ ਸਕਿਆ ਹੈ। ਬਾਕੀ ਦੀ ਰਕਮ ਅਜੇ ਦੇਣੀ ਹੈ।.

## ਕਸ਼ਮੀਰ ਨੂੰ ਕਵੀ ਜੀ

ਕਸ਼ਮੀਰ ਦੌਰੇ ਦਾ ਜ਼ਿਕਰ ਕਰਦਿਆਂ ਸਤਿਗੁਰਾਂ ਬਚਨ ਕੀਤਾ : ਪਹਿਲਾਂ ਮੈਂ ਕਵੀ ਹੁਰਾਂ ਨੂੰ ਆਪਣੇ ਨਾਲ ਕਸ਼ਮੀਰ ਨੂੰ ਨਹੀਂ ਸਾਂ ਲਜਾ ਸਕਿਆ। ਹੁਣ ਮੇਰਾ ਮਨ ਕੁਝ ਘਟਦਾ ਜਾਂਦਾ ਹੈ। ਜਦੋਂ ਮੈਂ ਹਵਾਈ ਜਹਾਜ਼ ਦਾ ਕਰਾਇਆ ਸੁਣਿਆ ਕਿ ਏਨਾ ਥੋੜ੍ਹਾ ਹੈ, ਜੰਮੂਓਂ ਸ੍ਰੀਨਗਰ ਦਾ ਸਾਰਾ ਹੀ 88/- ਤਾਂ ਮੈਂ ਸੋਚਿਆ ਕਿ ਕਵੀ ਹੁਰੀਂ ਵੀ ਕਿਉਂ ਨ ਨਾਲ ਜਾਣ। ਜਿੰਨੇ ਮੇਰੇ ਨਾਲ ਚੱਲੇ ਹਨ, ਸਾਰੇ ਉਹ ਹਨ ਜਿਨ੍ਹਾਂ ਨੇ ਆਪਣਾ ਕਰਾਇਆ ਨਹੀਂ ਦੇਣਾ। 20 ਦੇ ਕਰੀਬ ਜਾਂ ਇਸ ਤੋਂ ਵੱਧ ਨਾਲ ਜਾਣ ਵਾਲੇ ਹਨ। ਜੇ ਕੱਠਿਆਂ ਜਾਣਾ ਹੋਵੇ ਤਾਂ, ਸਤਿਗੁਰ ਕਿਰਪਾ ਕਰਨ ਏਨੇ ਕੁ ਪੈਸੇ ਹੋਣ, ਜੇ ਜਾਂ ਕੇ 50-60 ਹਜ਼ਾਰ ਰੁਪੈ ਦਾ ਪੁੱਜਾ ਵੀ ਲੈਣਾ ਪੈ ਜਾਵੇ ਤਾਂ ਸੰਕੋਚ ਨਾ ਹੋਵੇ, ਸਗੋਂ ਖਰਚਦਿਆਂ ਖ਼ੁਸ਼ੀ ਹੋਵੇ।

ਮੈਂ ਆਖਿਆ : ਇਹ ਤਾਂ ਕਿਰਪਾ ਹੈ ਹੀ। ਜੋ ਚਾਹੁੰਦੇ ਹੋ, ਜਿਥੇ ਚਾਹੁੰਦੇ ਹੋ, ਜਿੰਨਾ ਚਾਹੁੰਦੇ ਹੋ ਖਰਚ ਹੋ ਹੀ ਜਾਂਦਾ ਹੈ।'

ਸਤਿਗੁਰੂ ਜੀ : ਇਹ ਤਾਂ ਠੀਕ ਹੈ। ਮੈਂ ਜੋ ਜੋ ਸੋਚੀਆਂ ਹਨ, ਸਤਿਗੁਰਾਂ ਨੇ ਪੂਰੀਆਂ ਕਰ ਦਿਤੀਆਂ ਹਨ।

## ਸਿਮ੍ਰਤੀ ਮੰਦਰ

ਸਤਿਗੁਰਾਂ ਆਪਣਾ ਬਚਨ ਜਾਰੀ ਰਖਦਿਆਂ ਅਗੇ ਕਿਹਾ : ਅਹਿ ਜਿਹੜਾ ਮੰਦਰ ਹੈ, ਅਸੀਂ ਸੋਚ ਸਕਦੇ ਸਾਂ ਕਿ ਕਦੋਂ ਬਣੇਗਾ! ਇਕ ਵੇਰਾਂ ਏਨਾ ਦਿਲ ਵਿਚ ਆਇਆ ਸੀ ਕਿ ਜਦੋਂ ਵੱਡਾ ਮੇਲਾ ਹੁੰਦਾ ਹੈ, ਹਵਾ ਹਨੇਰੀ, ਮੀਂਹ, ਬਾਰਸ਼ ਨਾਲ ਤੰਬੂਆਂ ਕਨਾਤਾਂ ਆਦਿ ਸਾਰੇ ਪੁੱਟੇ ਜਾਂਦੇ ਹਨ। ਸਤਿਗੁਰਾਂ ਏਨੀ ਕਿਰਪਾ ਕੀਤੀ ਹੈ ਕਿ ਹੁਣ ਇਕ ਏਕੜ ਦੇ ਕਰੀਬ ਜਗਾਹ ਛੱਤੀ ਗਈ ਹੈ।

ਮੈਨੂੰ (ਲੇਖਕ ਨੂੰ) ਚੇਤਾ ਆਇਆ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਇਕ ਵਾਰ, ਮੇਰੇ ਨਾਲ ਬਚਨ ਕਰਦਿਆਂ ਆਖਿਆ ਸੀ : ਜੋ ਕਦੇ ਸੋਚਿਆ ਹੈ, ਸਤਿਗੁਰਾਂ ਨੇ ਪੂਰਾ ਕਰ ਦਿਤਾ ਹੈ। ਪਹਿਲੀ ਵੇਰ, ਲੁਧਿਆਣੇ ਦੇ ਸਟੇਸ਼ਨ ਤੇ ਮਾਲ ਗੱਡੀ ਉਤੇ ਇਕ ਰੋਲਜ਼ ਰਾਇਸ ਕਾਰ ਜਾਂਦੀ ਵੇਖੀ ਸੀ, ਮਨ ਵਿਚ ਆਈ, ਕਦੇ ਮੇਰੇ ਪਾਸ ਹੋਵੇ ਨ। ਥੋੜੇ ਦਿਨਾਂ ਵਿਚ ਐਸੀ ਸਥਿਤੀ ਬਣ ਗਈ ਕਿ ਮਹਾਰਾਜਾ ਨਾਭਾ (ਗੁਰਚਰਨ ਸਿੰਘ) ਨੇ ਉਹੋ ਕਾਰ ਆ ਭੇਟਾ ਕੀਤੀ।



Sri Satguru Jagjit Singh Ji Elibrary NamdhariElibrary@gmail.com

## ਕਸ਼ਮੀਰ ਨੂੰ ਹੋਰ ਕੌਣ ਕੌਣ ?

ਕਸ਼ਮੀਰ ਦਾ ਜ਼ਿਕਰ ਫੇਰ ਛਿੜ ਪਿਆ । ਸਤਿਗੁਰਾਂ ਆਗਿਆ ਕੀਤੀ : ਗੁਰਬਚਨ ਨੂੰ ਇੰਤਜ਼ਾਮ ਕਰ ਦੇਣਾ ਚਾਹੀਦਾ ਹੈ ਕਿ ਕਵੀ ਜੀ, ਹਰਪਾਲ ਸਿੰਘ ਭੌਲੀ, ਬਲਦੇਵ ਸਿੰਘ ਬਲੀ ਸਿੰਘ ਦਾ (ਮਾਤਾ ਜੀ ਦਾ ਭਤੀਜਾ) ਆਦਿ ਲਈ ਟਿਕਟਾਂ ਵਗੈਰਾ ਦੀ ਰੀਜ਼ਰਵੇਸ਼ਨ ਕਰਵਾ ਲਏ । ਐਸ ਵੇਲੇ ਏਨੇ ਕੁ ਹੀ ਹੋਰ ਮਨ ਵਿਚ ਹਨ । ਜੰਮੂ ਤੋਂ ਜਾਣਾ ਹੈ 22 ਜੂਨ ਨੂੰ, ਵਾਪਸ ਆਉਣਾ ਹੈ 28 ਜੂਨ ਨੂੰ ।

ਇੰਜ ਬਚਨ ਕਰਦਿਆਂ ਏਥੇ ਹੀ 12 ਵਜ ਗਏ । ਸਤਿਗੁਰੂ ਜੀ ਉੱਠੇ ਅਤੇ ਆਪਣੇ ਕਮਰੇ ਨੂੰ ਚਲੇ ਗਏ । ਇਕ ਵਜੇ ਕੁਝ ਸਿੰਘਾਂ ਨੂੰ ਨਾਲ ਲੈ ਨਹਿਰ ਸਰਹੰਦ ਤੇ ਪਹੁੰਚੇ ।

ਪਰ ਜਦੋਂ ਸੱਚੇ ਪਾਤਸ਼ਾਹ ਸਾਡੇ ਨਾਲ ਬੈਠੇ ਸਨ ਓਦੋਂ ਸੰਤ ਪ੍ਰੀਤਮ ਸਿੰਘ ਪੱਦੀ ਵਾਲਿਆਂ ਦਾ ਦਾਮਾਦ ਸੰਤ ਕੁਲਦੀਪ ਸਿੰਘ ਆਇਆ ਤਾਂ ਉਸ ਨੂੰ ਵੀ ਨਹਿਰ ਤੇ ਨਾਲ ਜਾਣ ਲਈ ਆਗਿਆ ਕੀਤੀ । ਨਹਿਰ ਵਾਲੇ ਡੇਰੇ ਤੇ ਪਈ ਕਿਸ਼ਤੀ ਨੂੰ ਵੀ ਉਸ ਕੁਝ ਦਰੁਸਤ ਕਰਨਾ ਸੀ ।

ਫੇਰ ਮੈਂ ਸ਼ਾਮੀਂ 5 ਕੁ ਵਜੇ ਕੋਠੀ ਗਿਆ । ਸਤਿਗੁਰੂ ਜੀ ਮੈਨੂੰ ਆਉਂਦਾ ਵੇਖ ਪਿਆਰਨ-ਸਤਿਕਾਰਨ ਅਤੇ ਮਾਣ ਬਖਸ਼ਣ ਲਈ ਅੱਗੇ ਵਧ ਆਏ । ਨਮਸਕਾਰ ਕਰ ਮੈਂ ਆਗਿਆ ਮੰਗੀ ਤੇ ਦੱਸਿਆ ਕਿ ਤਿੰਨ ਕੁ ਦਿਨਾਂ ਤਕ ਦਿੱਲੀ ਪਹੁੰਚ ਜਾਵਾਂਗਾ ।

## ਖ਼ਜ਼ਾਨੇ ਖ਼ਾਲੀ ?

ਜਦੋਂ ਮੈਂ ਸੰਤ ਮਹਿੰਦਰ ਸਿੰਘ ਪੁਰਬਾ ਨੂੰ, ਜਗਦੀਸ਼ ਸਿੰਘ ਦੁਆਰਾ ਸੰਗੀਤ ਵਿਦਿਆਲਾ ਜਲੰਧਰ ਦੇ ਉਸਤਾਦਾਂ ਲਈ ਰਕਮ ਬਾਰੇ ਪੁਛਿਆ ਤਾਂ ਪੁਰਬਾ ਮੁਸਕਰਾ ਕੇ ਬੋਲਿਆ : ਕਵੀ ਜੀ, ਅਜੇ ਤਾਂ ਕੇਵਲ ਦੋ ਤਿੰਨ ਸੌ ਰੁਪੈਆ ਹੀ ਕੋਲ ਹੈ । ਜਗਦੀਸ਼ ਸਿੰਘ ਨੂੰ ਵਧੇਰੇ ਪੈਸੇ ਚਾਹੀਦੇ ਹਨ । ਅਤੇ ਅਸਾਂ ਆ ਕੇ ਮੰਡੀ ਲਈ ਵੀ ਚਲਣਾ ਹੈ । ਮੈਂ ਖਿਮਾ ਹੀ ਮੰਗ ਲੈਣੀ ।

ਇੰਜ ਗੁਰੂ ਕਾ ਖ਼ਜ਼ਾਨਾ, ਕਈ ਵੇਰ ਥੁੜਦਾ-ਥੁੜਦਾ ਥੱਲੇ ਦੀ ਸਿਖਰ ਤੇ ਵੀ ਜਾ ਅੱਪੜਦਾ ਹੈ । ਪਰ ਕੀ ਜਾਣੀਏ ਦੂਜੇ ਖ਼ਜ਼ਾਨਚੀ ਹੀ ਕੁਝ ਸਮਰਥ ਹੋਣ । ਮਾਤਾ ਜੀ ਅਤੇ ਠਾਕੁਰ ਦਲੀਪ ਸਿੰਘ ਜੀ ਵੀ ਤਾਂ ਖ਼ਜ਼ਾਨਚੀ ਹਨ ।

### 13 ਜੂਨ 1979, ਬੁੱਧ ਵਾਰ
### ਜਲੰਧਰ

## ਚਿੱਠੀ ਪ੍ਰਸੰਸਾ ਦੀ

ਜਲੰਧਰ ਮੈਂ ਰਾਤ ਹੀ ਆ ਗਿਆ ਸਾਂ । ਪੰਥਕ ਮਾਮਲਿਆਂ ਤੇ ਜਗਦੀਸ਼ ਸਿੰਘ 'ਵਰਿਆਮ' ਨਾਲ ਵਿਚਾਰ ਵੀ ਹੋਈ ਅਤੇ 'ਨਵਾਂ ਜ਼ਮਾਨਾ' ਰੋਜ਼ਾਨਾ ਅਖ਼ਬਾਰ ਦੇ ਕਾਮਰੇਡ ਮਿੱਤਰਾਂ ਨੂੰ ਵੀ ਮਿਲ ਲਿਆ ।



Sri Satguru Jagjit Singh Ji Elibrary NamdhariElibrary@gmail.com

ਏਥੇ ਮੈਂ 8.6.79 ਨੂੰ ਮੇਰੇ ਨਾਂ ਦੀ ਲਿਖੀ ਚਿੱਠੀ ਵਿਚ 'ਵਰਿਆਮ' ਦੀਆਂ ਕੁਝ ਟੂਕਾਂ ਮੇਰੀ ਪੁਸਤਿਕਾ 'ਸੂਬਾ ਸਾਹਿਬ ਸਿੰਘ' ਬਾਰੇ ਲਿਖੀਆਂ ਨੋਟ ਕਰਦਾ ਹਾਂ :

"ਅੱਜ 'ਆਰਸੀ' ਦੇ ਲਿਫ਼ਾਫ਼ੇ ਵਿਚ ਲੁਕੀ ਤੁਹਾਡੀ ਛਾਪਿ ਪਈ ਘਾਲ ਦੇ ਦਰਸ਼ਨ ਕਰ ਕੇ ਨਿਸਚੇ ਹੀ ਆਨੰਦ ਵਿਭੋਰ ਹੋ ਗਿਆ ਹਾਂ...। ਏਥੇ ਸਭ ਨੇ ਤੁਹਾਡੀ ਕ੍ਰਿਤ ਨੂੰ ਪਹਿਲੀ ਨਜ਼ਰੇ ਹੀ ਸਲਾਹਿਆ ਹੈ। ਬਹੁਤ ਬਹੁਤ ਵਧਾਈਆਂ ਕਬੂਲ ਕਰਨੀਆਂ।...

"ਤੁਹਾਡੀ ਇਸ ਪੁਸਤਿਕਾ ਨੇ ਸੂਬਾ ਸਾਹਿਬ ਸਿੰਘ ਬਾਰੇ ਜਮੂਦ ਨੂੰ ਤੋੜਿਆ ਹੈ।

"ਸਹੀ ਅਰਥਾਂ ਵਿਚ ਤੁਹਾਡੀ ਇਹ ਪੁਸਤਕ ਸ਼ਤਾਬਦੀ ਸੰਬੰਧੀ ਵੱਡੀ ਗੱਲ ਹੈ ਜਿਨ੍ਹੇ ਵਿਦਿਅਕ ਜਥੇ ਦੇ ਆਗਾਮੀ ਸਮਾਗਮ ਨੂੰ ਵੀ ਨਵੇਂ ਅਰਥ ਦਿੱਤੇ ਹਨ। ਛੋਟੀ ਜਿਹੀ ਪੁਸਤਕ ਵੱਡਾ ਕੰਮ ਕਰ ਗਈ ਹੈ। ਕੇਵਲ ਪੇਸ਼ਕਾਰੀ ਦੇ ਢੰਗ ਕਰਕੇ ਵੀ। ਇਸ ਤਰ੍ਹਾਂ ਜਿਥੇ ਤੁਸਾਂ ਇਹ ਪੁਸਤਕ ਲਿਖ ਕੇ ਸੂਬਾ (ਸਾਹਿਬ ਸਿੰਘ) ਜੀ ਬਾਰੇ ਅਦਬੀ ਕ੍ਰਿਤ ਵੀ ਕੀਤੀ ਹੈ ਅਤੇ ਪ੍ਰਬੰਧਕੀ ਖ਼ਾਮੀਆਂ ਨੂੰ ਵੀ ਨਕੇਲ ਦਿੱਤਾ ਹੈ।

"ਮੈਂ 'ਵਰਿਆਮ' ਦਾ ਸੂਬਾ ਸਾਹਿਬ ਸਿੰਘ ਅੰਕ ਅਜੇ ਪ੍ਰਕਾਸ਼ਤ ਨਹੀਂ ਕੀਤਾ ਪਰ ਇਹ ਸਮਝ ਕੇ ਕਿ ਉਸ ਦਿਨ ਨੂੰ ਯਾਦ ਕੀਤਿਆਂ ਬਿਨਾ ਹੀ ਨ ਲੰਘਾ ਦੇਵੀਏ, ਸੂਬਾ ਜੀ ਦਾ ਸਕੈੱਚ ਬਣਵਾਇਆ, 'ਵਰਿਆਮ' ਦੇ ਟਾਈਟਲ ਤੇ ਲਾਇਆ। ਅਤੇ ਆਪਣੇ ਇਕ ਪੁਰਾਣੇ ਲੇਖ ਨੂੰ ਮੁੜ ਛਾਪਿਆ। ਇਹ ਦੋਵੇਂ ਚੀਜ਼ਾਂ ਰੋਜ਼ਾਨਾ ਅਖ਼ਬਾਰਾਂ ਵਿਚ ਲਾਉਣ ਦਾ ਯਤਨ ਕੀਤਾ ਹੈ।

..."ਇਹ ਪੁਸਤਕ ਪਹਿਲਾਂ ਛਪੀ ਹੁੰਦੀ ਜਾਂ ਇਸ ਤਸਵੀਰ ਦਾ ਸਾਨੂੰ ਪਤਾ ਹੁੰਦਾ, ਇਹ ਤਸਵੀਰ ਏਥੇ ਪੁੱਜੀ ਹੁੰਦੀ ਤਾਂ ਇਕ ਹੀ ਤਸਵੀਰ ਛਪਦੀ ਅਤੇ ਮਜ਼ਮੂਨਾਂ ਦੀ ਵੀ ਸਹੂਲਤ ਹੁੰਦੀ। ਹਿੰਦੀ ਵਿਚ ਵੀ ਮਜ਼ਮੂਨ ਆਉਂਦੇ। ਪਰ ਜਾਪਦਾ ਹੈ ਆਪ ਜੀ ਦੀ ਪੁਸਤਕ ਵੀ ਸਿੱਧੀ ਪ੍ਰੈਸ ਵਿਚੋਂ ਆਈ ਹੈ।

"ਤੁਹਾਡੀ ਪੁਸਤਕ ਨੂੰ ਸਾਕਾਰ ਰੂਪ ਵਿਚ ਵੇਖ ਕੇ ਅਤੇ ਇਹ ਜਾਣਕੇ ਕਿ ਇਹ ਕਿੰਨੀ ਤੇਜ਼ ਰਫ਼ਤਾਰੀ ਨਾਲ ਛਪੀ ਹੋਵੇਗੀ, ਖ਼ਿਆਲ ਆਇਆ ਹੈ ਕਿ ਸਾਡੇ ਕੋਲ ਤਾਂ ਸੋਚਣ ਨੂੰ ਬਹੁਤ ਕੁਝ ਹੈ।"

## ਭਾਰਤ ਵਿਚ ਭਰਪੂਰ ਫ਼ਸਲ

ਪੰਜਾਬ ਦਾ ਚੱਕਰ ਲਗਾਇਆਂ ਅਤੇ ਭਾਰਤ ਦੀਆਂ ਰੋਜ਼ਾਨਾ ਅਖ਼ਬਾਰਾਂ ਵਾਚਿਆਂ ਮਾਲੂਮ ਹੋਇਆ ਹੈ ਕਿ ਸਾਰੀਆਂ ਕੁਦਰਤੀ ਆਫ਼ਤਾਂ ਦੇ ਬਾਵਜੂਦ ਇਸ ਸਾਲ ਕਿਸਾਨਾਂ ਰੀਕਾਰਡ ਫ਼ਸਲ ਪ੍ਰਾਪਤ ਕੀਤੀ ਹੈ। ਮੈਂ ਆਪਣੇ ਪੰਜਾਬ ਵਿਚਲੇ ਸੰਬੰਧੀਆਂ ਤੋਂ ਪਤਾ ਕੀਤਾ ਹੈ ਹਰੇਕ ਨੂੰ ਪਹਿਲਾਂ ਤੋਂ ਡਿਊਢੇ ਦੂਣੇ ਦਾਣੇ ਨਸੀਬ ਹੋਏ। ਪੰਜਾਬ ਵਿਚ ਤਾਂ ਪੂਰੀ ਤਰ੍ਹਾਂ ਫ਼ਸਲ ਸੰਭਾਲ ਲਈ ਗਈ ਹੈ। ਛੋਲਿਆਂ ਅਤੇ ਮੱਕੀ ਲਈ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ। ਇਸ ਸਾਲ ਕਣਕ 115/- ਕੁਇੰਟਲ ਜਾਂ 5-5 ਰੁਪੈ ਵੱਧ ਜਾਂ ਘੱਟ ਤੇ ਵਿਕ ਰਹੀ ਹੈ।



Sri Satguru Jagjit Singh Ji Elibrary NamdhariElibrary@gmail.com

## 16 ਜੂਨ 1979, ਸ਼ਨੀਵਾਰ
## ਨਵੀਂ ਦਿੱਲੀ

### ਪ੍ਰੋਗਰਾਮ ਵਿਚ ਕੁਝ ਤਬਦੀਲੀ

'ਕੁਇਕ ਟ੍ਰੈਵਲਜ਼' ਵਾਲੇ ਗੁਰਭਜਨ ਸਿੰਘ ਪਾਸ ਗਿਆਂ ਮਾਲੂਮ ਹੋਇਆ ਕਿ ਜੰਮੂ ਜਿਥੋਂ ਸ੍ਰੀ ਨਗਰ ਜਾਣ ਦਾ ਕਰਾਇਆ 80/- ਸੀ ਓਥੋਂ ਹਵਾਈ ਜਹਾਜ਼ ਲਈ ਬੁਕਿੰਗ ਨਹੀਂ ਹੋ ਸਕੀ। ਜੰਮੂ ਦੀ ਥਾਂ ਅੰਮ੍ਰਿਤਸਰੋਂ 25 ਸੀਟਾਂ ਕਸ਼ਮੀਰ ਲਈ ਬੁਕ ਕਰਵਾ ਲਈਆਂ ਗਈਆਂ ਹਨ। ਏਥੋਂ ਸ੍ਰੀ ਨਗਰ ਜਾਣ ਦਾ ਕਰਾਇਆ ਪ੍ਰਤੀ ਵਿਅਕਤੀ 165/- ਰੁਪਏ ਹੈ। ਸਤਿਗੁਰੂ ਜੀ ਅਤੇ ਨਾਲ ਜਾਣ ਵਾਲੇ ਹੋਰ ਸਰੀਰ ਹੁਣ ਮਨਾਲੀ ਤੋਂ ਭੈਣੀ ਸਾਹਿਬ ਆ ਕੇ ਅੰਮ੍ਰਿਤਸਰ ਜਾਣਗੇ ਅਤੇ 22 ਜੂਨ ਨੂੰ ਡੇਢ ਦੋ ਵਜੇ ਦੇ ਕਰੀਬ ਸ੍ਰੀ ਨਗਰ ਨੂੰ ਉਡ ਸਕਣਗੇ।

### ਸੂਬਾ ਸਾਹਿਬ ਸਿੰਘ ਸ਼ਤਾਬਦੀ

10 ਜੂਨ 1979 ਨੂੰ ਸੂਬਾ ਸਾਹਿਬ ਸਿੰਘ ਜੀ ਦੀ ਸ਼ਹੀਦੀ ਸ਼ਤਾਬਦੀ ਬਾਰੇ ਸ. ਜਗਦੀਸ਼ ਸਿੰਘ ਸੰਪਾਦਕ "ਵਰਿਆਮ" ਦਾ ਲੇਖ ਹੇਠ ਲਿਖੇ ਰੋਜ਼ਾਨਾ ਅਖ਼ਬਾਰਾਂ ਵਿਚ ਤਸਵੀਰ ਨਾਲ ਛਪਿਆ :

1. 'ਨਵਾਂ ਜ਼ਮਾਨਾ' ਜਲੰਧਰ, ਸੀ. ਪੀ. ਆਈ. ਦਾ ਰੋਜ਼ਾਨਾ
2. ਅਜੀਤ ਜਲੰਧਰ, ਸ. ਸਾਧੂ ਸਿੰਘ ਹਮਦਰਦ ਦਾ
3. ਅਕਾਲੀ ਪਤ੍ਰਿਕਾ, ਜਲੰਧਰ, ਸ. ਅਮਰ ਸਿੰਘ ਦੁਸਾਂਝ ਦਾ
4. 'ਅਕਾਲੀ ਟਾਈਮਜ਼' ਜਲੰਧਰ, ਅਕਾਲੀਆਂ ਦਾ ਆਫੀਸ਼ਲ
5. ਪੰਜਾਬ ਕੇਸਰੀ ਜਲੰਧਰ (ਹਿੰਦੀ ਰੋਜ਼ਾਨਾ) ਲਾਲਾ ਜਗਤ ਨਰਾਇਣ ਦਾ
6. ਹਿੰਦ ਸਮਾਚਾਰ ,, (ਉਰਦੂ ਰੋਜ਼ਾਨਾ) ,,
7. ਜਗ ਬਾਣੀ ,, ਪੰਜਾਬੀ ,,
8. "ਮਿਲਾਪ" ,, ਉਰਦੂ-ਹਿੰਦੀ ਸ੍ਰੀ ਯਸ਼ (ਕਾਂਗ੍ਰਸੀ)
9. "ਪ੍ਰਤਾਪ" ,, ਜਨ ਸੰਘ, ਮਹਾਸ਼ਾ ਕ੍ਰਿਸ਼ਨ ਦਾ

## 17 ਜੂਨ 1979, ਐਤਵਾਰ
## ਨਵੀਂ ਦਿੱਲੀ

### ਸਾਖਰਾ ਸਬੇਦਾਰ

ਸ. ਹਰਵਿੰਦਰ ਸਿੰਘ ਕੇ-17 ਦੇ ਘਰ ਸ. ਪ੍ਰੀਤਮ ਸਿੰਘ ਬਾਲੀ ਨਗਰ, ਗੁਰਦੇਵ ਸਹੋਦ, ਪੰ: ਜਗਮੋਹਣ ਸਿੰਘ ਅਤੇ ਮੈਂ ਬੈਠੇ ਹੋਏ ਸਾਂ ਕਿ ਗੱਲੀਂ ਬਾਤੀਂ ਸ. ਹੰਸਪਾਲ ਨੇ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਨੇ ਸਿੰਘ ਸਾਹਿਬ ਗਿਆਨੀ ਭੁਪਿੰਦਰ



Sri Satguru Jagjit Singh Ji Elibrary NamdhariElibrary@gmail.com

ਸਿੰਘ ਦੀ ਸਿਹਤ ਬਾਰੇ ਪਤਾ ਕਰਨ ਉਸ ਨੂੰ ਭੇਜਿਆ ਸੀ ਅਤੇ ਉਹ 4 ਜੂ ਦਿਨੇ ਦੇਸੀ ਘਿਉ ਦੀ ਪੀਪੀ ਸ੍ਰੀ ਸਤਿਗੁਰੂ ਜੀ ਵਲੋਂ ਬਖਸ਼ਸ਼ ਕਰ ਸੁਖ ਆਨੰਦ ਜਾਣ ਕੇ ਆਏ ਹਨ।

ਗਿਆਨੀ ਜੀ ਨੇ ਗੱਲ ਬਾਤ ਕਰਦਿਆਂ ਦੱਸਿਆ ਕਿ ਵੋਟ ਖ਼ਰਚੇ ਏਨੇ ਵਧ ਚੁਕੇ ਹਨ ਕਿ ਫ਼ੀਰੋਜ਼ਪੁਰ ਜ਼ਿਲ੍ਹੇ ਵਿਚ ਇਕ ਵੋਟ ਹਲਕੇ ਵਿਚ ਇਕ ਪਾਰਟੀ ਨੂੰ ਜਿਤਾਣ ਹਿਤ, ਦੂਜੀ ਦੇ ਹਮਾਇਤੀਆਂ ਉਸ ਨੂੰ 80,00,000/- ਕੱਠਾ ਕਰ ਕੇ ਦਿੱਤਾ।

ਹੰਸਪਾਲ ਹੁਰਾਂ ਦੱਸਿਆ ਕਿ ਡਾ: ਤਰਲੋਕ ਸਿੰਘ ਨਮਿੱਤ ਭੋਗ 3 ਜੁਲਾਈ ਨੂੰ ਭੈਣੀ ਸਾਹਿਬ ਪਾਇਆ ਜਾਏਗਾ। ਵਿਦਿਅਕ ਜਥੇ ਦੇ ਸਰਬ ਭਾਰਤੀ ਸਮੇਲਨ ਵਿਚ ਇਸ ਭੋਗ ਪੈਣ ਬਾਰੇ ਅਖ਼ਬਾਰਾਂ ਨੂੰ ਖ਼ਬਰ ਦਿੱਤੀ ਜਾਵੇਗੀ।

## ਦਿੱਲੀ ਵਿਚ ਵਿਦਿਅਕ ਜਥਾ

ਅੱਜ ਰਾਤੀਂ ਸ. ਹੰਸਪਾਲ ਦੀ ਪਹਿਲਕਦਮੀ ਨਾਲ 15-20 ਨੌਜਵਾਨ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਵਿਚ ਇਕੱਤਰ ਹੋਏ। ਇਨ੍ਹਾਂ ਨੂੰ ਪ੍ਰੇਰਿਆ ਗਿਆ ਕਿ ਉਹ ਦਿੱਲੀ ਵਿਚਲੇ ਵੱਖ ਵੱਖ ਖੇਤਰਾਂ ਵਿਚ ਨੌਜਵਾਨਾਂ ਦੇ ਵਿਦਿਅਕ ਜਥੇ ਬਣਾ ਕੇ ਹੋਣਹਾਰ ਜਵਾਨੀ ਨੂੰ ਲਾਮਬੰਦ ਕਰਨ ਅਤੇ ਭੈਣੀ ਸਾਹਿਬ ਵਿਖੇ ਹੋ ਰਹੇ ਸਰਬਹਿੰਦ ਨਾਮਧਾਰੀ ਵਿਦਿਅਕ ਜਥਿਆਂ ਦੇ ਸਮੇਲਨ ਵਿਖੇ 1 ਜੁਲਾਈ ਤੋਂ 6 ਜੁਲਾਈ 79 ਤਕ ਭਾਗ ਲੈਣ।

## 19 ਜੂਨ 1979, ਮੰਗਲਵਾਰ
## ਨਵੀਂ ਦਿੱਲੀ

## ਭੈਣੀ ਸਾਹਿਬ ਤੇ ਹਮਲਾ

ਤਿੱਖੀ ਦੁਪਹਿਰੀਂ ਆਪਣੇ ਪੋਤਰੇ ਯਾਦਵਿੰਦਰ ਸਿੰਘ ਦੀ ਪੜ੍ਹਾਈ ਬਾਰੇ ਪਤਾ ਕਰਨ ਮੈਂ, ਸ਼ਾਸਤਰੀ ਨਗਰ, ਜਮਨਾ ਪਾਰ ਪ੍ਰੀਤਮ ਸਿੰਘ ਪੰਛੀ ਦੇ ਘਰ ਪੁੱਜਾ। ਇਹ ਭੈਣੀ ਸਾਹਿਬ ਵਿਦਿਆਲੇ ਦਾ ਸਾਬਕਾ ਵਿਦਿਆਰਥੀ ਅਤੇ ਮੇਰਾ ਲੰਗੋਟੀਆ ਹੈ। ਇਸ ਨੇ ਮੈਨੂੰ ਦੋ ਤਿ ਚਾਰ ਦਿਨ ਪਹਿਲਾਂ ਦੀ ਇਕ ਹਸਦੀਸ਼ਨਾਕ ਖ਼ਬਰ ਸੁਣਾਈ। ਉਸ ਨੇ ਦੱਸਿਆ ਕਿ ਡਾ: ਤਰਲੋਕ ਸਿੰਘ ਸਵਰਗਵਾਸੀ ਦੇ ਪੁੱਤਰ ਡਾ: ਜਗਦੀਸ਼ ਸਿੰਘ ਸੰਤ ਨਗਰ (ਸਰਸਾ) ਵਲੋਂ ਭੈਣੀ ਸਾਹਿਬ ਉਤੇ ਪੁਲਿਸ ਨੂੰ ਨਾਲ ਲੈ ਕੇ ਚੜ੍ਹਾਈ ਕੀਤੀ ਗਈ। ਡਾ: ਤਰਲੋਕ ਸਿੰਘ ਦੇ ਪੂਰਾ ਹੋ ਜਾਣ ਪਿਛੋਂ, ਚੰਦ ਦਿਨਾਂ ਬਾਅਦ, (ਇਹ ਗੱਲ 15 ਜਾਂ 16 ਜੂਨ ਨੂੰ ਵਾਪਰੀ ਹੋਵੇਗੀ) ਉਨ੍ਹਾਂ ਦਾ ਲੜਕਾ ਜਗਦੀਸ਼ ਸਿੰਘ ਐਸ. ਪੀ. ਅਤੇ ਇਕ ਤਕੜਾ ਦਸਤਾ ਪੁਲਿਸ ਦਾ, ਕੁਝ ਨਿਹੰਗ ਅਤੇ ਕੁਝ ਅਕਾਲੀ ਨਾਲ ਲੈ ਕੇ ਭੈਣੀ ਸਾਹਿਬ ਪਹੁੰਚਾ।

ਪ੍ਰਬੰਧਕਾਂ ਨੇ ਇਸ ਚੜ੍ਹਾਈ ਦਾ ਕਾਰਨ ਪੁੱਛਿਆ। ਪਤਾ ਇਹ ਲੱਗਾ ਕਿ ਜਗਦੀਸ਼ ਸਿੰਘ ਪੁਲਿਸ ਨੂੰ ਇਹ ਕਹਿ ਕੇ ਨਾਲ ਲਿਆਇਆ ਹੈ ਕਿ ਉਸ ਦੇ ਪਿਤਾ ਡਾ: ਤਰਲੋਕ



Sri Satguru Jagjit Singh Ji Elibrary NamdhariElibrary@gmail.com

ਸਿੱਖ ਨੂੰ ਗੁਰੂ ਕਿਆਂ ਵਲੋਂ ਕਤਲ ਕਰਾ ਦਿੱਤਾ ਗਿਆ ਹੈ ਅਤੇ ਗੁਰੂ ਕਿਆਂ ਨੇ ਉਸ ਦੀ ਜ਼ਮੀਨ ਆਪਣੇ ਨਾਂ ਲੁਆ ਲਈ ਹੈ ।

ਪਿੰਡ ਦਾ ਸਰਪੰਚ ਬੁਲਾਇਆ ਗਿਆ । ਹੋਰ ਮੁਅਤਬਰ ਆਏ । ਸਭ ਨੇ ਦੱਸਿਆ ਕਿ ਡਾ: ਤਰਲੋਕ ਸਿੰਘ ਦਾ ਸਤਿਗੁਰੂ ਜੀ ਨਾਲ ਬਹੁਤ ਪ੍ਰੇਮ ਸੀ । ਏਥੇ ਉਨ੍ਹਾਂ ਦੀ ਲੰਮੇ ਸਮੇਂ ਤੋਂ ਸੇਵਾ ਹੁੰਦੀ ਰਹੀ ਹੈ । ਉਸ ਦਾ ਅੰਤ ਸਮਾਂ ਨੇੜੇ ਆਇਆ ਜਾਣ, ਗੁਰੂ ਪਰਵਾਰ ਉਹਦੇ ਨਾਲ ਪਿਆਰ ਕਰ ਕੇ ਓਨੇ ਦਿਨ ਕੋਲ ਰਿਹਾ । ਡਾ: ਸਾਹਿਬ ਨੇ ਆਪ ਆਪਣੇ ਹਿੱਸੇ ਦੀ ਜ਼ਮੀਨ ਗੁਰੂ ਕੇ ਲੰਗਰ ਦੇ ਨਾਮ ਲੁਆਈ ਹੈ । ਨਾ ਉਸ ਨਾਲ ਕਿਸੇ ਜ਼ਬਰਦਸਤੀ ਕੀਤੀ ਹੈ ਨਾ ਉਸ ਨੂੰ ਕਿਸੇ ਮਾਰਿਆ-ਮਰਵਾਇਆ ਹੈ ।

ਸਾਰੀ ਹਕੀਕਤ ਜਾਣ ਕੇ ਪੁਲਿਸ ਵਾਲੇ ਅਤੇ ਹਮਾਇਤੀ ਨਿਹੰਗ-ਅਕਾਲੀ ਵਾਪਸ ਹੋ ਗਏ ।

## ਯੂ. ਕੇ. ਵਾਲੇ ਯੂ. ਕੇ. ਨੂੰ

ਅੱਜ ਸਵੇਰ ਦੇ ਸ. ਸੁਰਜੀਤ ਸਿੰਘ ਸਪੁੱਤ੍ਰ ਸ. ਸੂਰਤ ਸਿੰਘ ਅੰਮ੍ਰਿਤਸਰੀ ਜੋ ਸਤਿਗੁਰੂ ਜੀ ਦੇ ਘਨਿਸ਼ਟ ਮਿੱਤਰ-ਸੇਵਕ ਹਨ, ਇੰਗਲੈਂਡ ਲਈ ਹਵਾਈ ਜਹਾਜ਼ ਤੇ ਚੜ੍ਹ ਗਏ । ਪਰਸੋਂ ਰਾਤੀਂ ਉਨ੍ਹਾਂ ਦਾ ਲੜਕਾ ਧਰਮਵੀਰ ਸਿੰਘ ਵੀ ਯੂ. ਕੇ. ਨੂੰ ਚਲਾ ਜਾਏਗਾ ।

## ਸਾਜਨ ਦੀ ਸ਼ਾਦੀ

ਸਤਿਗੁਰੂ ਜੀ ਦੇ ਪਸੰਦ ਦੇ ਗਾਇਕ ਰਾਜਨ-ਸਾਜਨ ਦੀ ਜੋੜੀ ਵਿਚੋਂ ਛੋਟੇ ਸਾਜਨ ਦੀ ਬੀਤੀ ਰਾਤ ਸ਼ਾਦੀ ਹੋਈ । ਉਹ ਪੰ: ਬਿਰਜੂ ਮਹਾਰਾਜ ਦਾ ਦਾਮਾਦ ਬਣਿਆ । ਉਹਨਾਂ ਦੀ ਪੁੱਤਰੀ ਕਵਿਤਾ ਇਸ ਦੀ ਪਤਨੀ ਬਣ ਕੇ ਆਈ ਹੈ । ਕਾਰਡ ਤਾਂ ਉਨ੍ਹਾਂ ਮੈਨੂੰ ਵੀ ਭੇਜਿਆ ਸੀ, ਮੈਂ ਤਾਂ ਨ ਜਾ ਸਕਿਆ ਪਰ ਸ੍ਰੀ ਕੁਲਦੇਵ ਸਿੰਘ ਸਮੇਤ ਸ. ਸੁਰਜੀਤ ਸਿੰਘ—ਅਵਤਾਰ ਸਿੰਘ, ਸ. ਧਰਮਵੀਰ ਸਿੰਘ, ਸ. ਹਰਵਿੰਦਰ ਸਿੰਘ ਹੰਸਪਾਲ ਆਦਿ ਨੇ ਨਾਮਧਾਰੀਆਂ ਵਲੋਂ ਸ਼ਾਦੀ ਵਿਚ ਪ੍ਰਤੀਨਿਧਤਾ ਕੀਤੀ ।

## ਕਵੀ ਨੂੰ ਤੁਹਫ਼ਾ

ਸਤਿਗੁਰੂ ਜੀ ਦੇ ਮਹਾ ਪ੍ਰੇਮੀ, ਕਾਰੋਬਾਰੀ, ਪਰ ਰਾਗੀ ਦੇ ਤੌਰ ਤੇ ਤਬਲਾ ਵਾਦਨ ਕਰਨ ਵਾਲੇ ਸ. ਅਵਤਾਰ ਸਿੰਘ ਅੰਮ੍ਰਿਤਸਰੀ ਨੇ ਅੱਜ ਰਾਤੀਂ ਇਕ ਸੁਨਹਿਰੀ ਪਾਰਕਰ ਕਲਮ ਮੈਨੂੰ ਤੁਹਫ਼ੇ ਦੇ ਤੌਰ ਤੇ ਦਿੱਤੀ । ਇਹ ਉਹ ਅਮਰੀਕਾ ਵਿਚੋਂ ਲਿਆਏ ਸਨ । ਮੈਨੂੰ ਸਨੇਹ ਭੇਟ ਕਰਦਿਆਂ ਕਲਾਕਾਰ ਨੇ ਕਿਹਾ : ਅਮਰੀਕਾ ਵਿਚ, ਮੇਰੇ ਨਾਂ ਲਈ, ਤੁਹਾਡੇ ਵਲੋਂ ਪਿਆਰ ਭਰੀ ਚਿੱਠੀ ਨੇ ਇਹ ਪ੍ਰੇਮ ਭੇਟ ਕਰਨ ਲਈ ਮੈਨੂੰ ਉਕਸਾਇਆ ਹੈ ।



Sri Satguru Jagjit Singh Ji Elibrary NamdhariElibrary@gmail.com

## 20 ਜੂਨ 1979, ਬੁਧਵਾਰ
## ਨਵੀਂ ਦਿੱਲੀ

### ਕਸ਼ਮੀਰ ਜਾਣਾ ਖ਼ਤਮ

ਤੀਜੇ ਪਹਿਰ ਜਾਂ ਮੈਂ ਰਮੇਸ਼ ਨਗਰ ਗਿਆ ਤਾਂ ਸ. ਭੁਪਿੰਦਰ ਸਿੰਘ ਭੁਰਜੀ ਨੇ ਮੈਨੂੰ ਦੱਸਿਆ ਕਿ ਸਤਿਗੁਰੂ ਜੀ ਦਾ ਕਸ਼ਮੀਰ ਜਾਣ ਦਾ ਪ੍ਰੋਗਰਾਮ ਕੈਂਸਲ ਹੋ ਗਿਆ ਹੈ। ਅੱਜ ਕੋਈ ਸੱਜਣ ਭੈਣੀ ਸਾਹਿਬੋਂ ਆਇਆ ਹੈ ਜਿਸ ਨੇ ਅੰਮ੍ਰਿਤਸਰ-ਸ੍ਰੀ ਨਗਰ ਹਵਾਈ ਸਫ਼ਰ ਦੀਆਂ ਟਿਕਟਾਂ ਦੀ ਵਾਪਸੀ ਲਈ 'ਕੁਇਕ ਟ੍ਰੈਵਲਜ਼' ਵਾਲਿਆਂ ਨੂੰ ਕਿਹਾ ਹੈ। ਇਹ ਟਿਕਟਾਂ ਗਿਣਤੀ ਵਿਚ 23 ਸਨ।

ਕਾਰਨ ਦਾ ਪਤਾ ਸਪੱਸ਼ਟ ਤੌਰ ਤੇ ਤਾਂ ਨਹੀਂ ਲੱਗਾ ਪਰ ਇਹਨਾਂ ਦੋ ਗੱਲਾਂ ਵਿਚੋਂ ਕੋਈ ਇਕ ਕਾਰਨ ਹੋ ਸਕਦਾ ਹੈ : (1) ਭੈਣੀ ਸਾਹਿਬ ਤੇ ਡਾ: ਜਗਦੀਸ਼ ਸਿੰਘ ਦਾ ਪੁਲਿਸ ਲੈ ਕੇ ਹਮਲਾ (ਪਰ ਸਤਿਗੁਰੂ ਜੀ ਤੇ ਇਸ ਗੱਲ ਦਾ ਕੋਈ ਪ੍ਰਭਾਵ ਨਹੀਂ।), (2) ਕਸ਼ਮੀਰ ਵਿਚ ਪੁਲਿਸ ਦਾ ਹੜਤਾਲ ਤੇ ਨਿਕਲ ਆਉਣਾ। ਇਸ ਨਾ ਜਾਣ ਪਿਛੇ ਆਰਥਕ ਕਾਰਨ ਕੋਈ ਨਹੀਂ।

## 21 ਜੂਨ 1979, ਵੀਰਵਾਰ
## ਨਵੀਂ ਦਿੱਲੀ

### ਗੁਰੂ ਜੀ ਮੁੜ ਮਨਾਲੀ

ਅੱਜ ਸਵੇਰੇ ਸ. ਅਵਤਾਰ ਸਿੰਘ-ਪਰਮਵੀਰ ਸਿੰਘ (ਚਾਚਾ ਭਤੀਜਾ) ਜੋ ਰਾਤੀਂ ਹੀ ਭੈਣੀ ਸਾਹਿਬੋਂ ਆਏ ਸਨ, ਨੂੰ ਮਿਲਣ ਅਤੇ ਨਵੀਆਂ ਖ਼ਬਰਾਂ ਸੁਣਨ ਬੀ-17 ਰਾਜੌਰੀ ਗਾਰਡਨ ਗਿਆ ਤਾਂ ਮੈਨੂੰ ਘਰ ਵਿਚ ਕੇਵਲ ਹੰਸਪਾਲ ਪਤਨੀ ਬੀਬੀ ਚਰਨਜੀਤ ਹੀ ਮਿਲੀ। ਪਹਿਲੇ ਦੋਵੇਂ ਪਾਲਮ ਹਵਾਈ ਅੱਡੇ ਤੇ ਪਹੁੰਚੇ ਹੋਏ ਸਨ, ਇਕ ਆਪਣੀ ਭੈਣ ਨੂੰ ਲੈਣ, ਦੂਜਾ ਭੂਆ ਨੂੰ।

ਹੰਸਪਾਲ ਪਤਨੀ ਨੇ ਦੱਸਿਆ : ਸੱਚੇ ਪਾਤਸ਼ਾਹ ਜੀ ਕੱਲ੍ਹ ਤੱਕ ਭੈਣੀ ਸਾਹਿਬ ਹੀ ਸਨ ਪਰਸੋਂ ਓ ਆਏ, ਅੱਜ ਆਪ ਮਨਾਲੀ ਵਾਸਤੇ ਤੁਰ ਪਏ ਹੋਣਗੇ। ਆਪ ਜੀ ਨਾਲ ਸਾਰਾ ਗੁਰੂ ਪਰਵਾਰ ਵੀ ਜਾਵੇਗਾ।

### ਲਾਇਲਪੁਰੀ ਪਰਵਾਰ ਦੀ ਪਰਬਤ ਯਾਤਰਾ

ਦੁਪਹਿਰ ਦੇ ਸਮੇਂ ਸਾਡੇ ਘਰ ਸੰਤ ਮੰਗਲ ਸਿੰਘ ਲਾਇਲਪੁਰੀ ਦਾ ਜੇਠਾ ਸਪੁੱਤਰ ਸ. ਜਸਬੀਰ ਸਿੰਘ ਅਤੇ ਇਸ ਦੀ ਪਤਨੀ ਬੀਬੀ ਮਹਿੰਦਰ ਕੌਰ ਸਪੁੱਤਰੀ ਸੰਤ ਨਿਹਾਲ ਸਿੰਘ 'ਨਾਮਧਾਰੀ ਟੇਲਰਜ਼' ਹਿਸਾਰ ਆਏ, ਤਾਂ ਉਨ੍ਹਾਂ ਦੱਸਿਆ ਕਿ ਸੰਤ ਮੰਗਲ ਸਿੰਘ ਲਾਇਲਪੁਰੀ, ਬਾਨੀ ਨਵਾਂ ਹਿੰਦੁਸਤਾਨ (ਰੋਜ਼ਾਨਾ ਅਖ਼ਬਾਰ) ਦੇ ਖ਼ਾਨਦਾਨ ਦੇ ਕੋਈ 17 ਮੈਂਬਰ ਪਹਾੜਾਂ ਦੀ ਯਾਤਰਾ ਨੂੰ ਨਿਕਲੇ ਸਨ। ਦਸ ਗਿਆਰਾਂ ਦਿਨ, ਸੁੰਦਰ



Sri Satguru Jagjit Singh Ji Elibrary NamdhariElibrary@gmail.com

ਨਗਰ, ਮੰਡੀ, ਭੂੰਤਰ, ਮਨੀਕਰਨ, ਕੁੱਲੂ, ਮਨਾਲੀ ਅਤੇ ਸ਼ਿਮਲੇ ਤਕ ਦਾ ਭਰਮਣ ਕਰ ਕੇ ਵਾਪਸ ਪਰਤੇ ਹਨ।

ਬਖਸ਼ੀਸ਼ ਸਿੰਘ ਦੱਸਿਆ ਕਿ ਸਤਿਗੁਰੂ ਜੀ ਭੂੰਤਰ ਵਿਚਲੇ ਆਪਣੇ ਸਿੱਖਾਂ ਨੂੰ ਦਰਸ਼ਨ ਦੇਣ, ਉਹਨਾਂ ਦੇ ਪਾਠਾਂ, ਅਖੰਡ ਪਾਠਾਂ ਦੇ ਭੋਗਾਂ ਸਮੇਂ ਪਧਾਰਨ ਲਈ ਲਗਾਤਾਰ 3-4 ਦਿਨ ਭੂੰਤਰ ਵਿਖੇ ਹੀ ਵਿਰਾਜੇ।

ਉਪ੍ਰੋਕਤ ਜੋੜਾ ਮੇਰੀ ਪੁੱਤਰੀ ਕੁਲਵੰਤ ਕੌਰ ਅਤੇ ਦਾਮਾਦ ਸ. ਕੇਹਰ ਸਿੰਘ ਨਮਧਾਰੀ ਵਲੋਂ ਉਨ੍ਹਾਂ ਪ੍ਰਤੀ ਕੀਤੇ ਗਏ ਸੇਵਾ ਸੰਮਾਨ ਦਾ, ਮੇਰੇ ਪਾਸ ਜ਼ਿਕਰ ਕਰਨ ਆਇਆ ਸੀ।

## 22 ਜੂਨ 1979, ਸ਼ੁਕਰਵਾਰ
## ਨਵੀਂ ਦਿੱਲੀ

### ਭੁਲਾਵੇ

ਨਵੀਂ ਜਾਣਕਾਰੀ ਪਤਾ ਕਰਨ ਜਾਂ ਮੈਂ ਸ੍ਰੀ ਹੰਸਪਾਲ ਕੇ ਘਰ ਗਿਆ ਤਾਂ ਜਲਦੀ ਹੀ ਕੁਲਦੇਵ ਸਿੰਘ ਸਰੋਦ ਅਤੇ ਸ. ਅਵਤਾਰ ਸਿੰਘ (ਤਬਲਾ) ਵੀ ਆ ਪਹੁੰਚੇ। 8 ਕੁ ਵਜੇ ਦਾ ਵਕਤ ਸੀ। ਨਵੇਂ ਹਾਲਾਤ ਨੂੰ ਜਾਣਨ ਲਈ ਹੰਸਪਾਲ ਵੀ ਸਾਡੇ ਵਾਂਗ ਉਤਾਵਲਾ ਸੀ। ਉਸ ਦੇ ਭਰਤ ਪੁਰ ਹੋਣ ਦੇ ਕਾਰਨ ਨਵੀਂ ਗਤੀਵਿਧੀ ਦਾ ਉਸ ਨੂੰ ਵੀ ਕੁਝ ਪਤਾ ਨਹੀਂ ਸੀ।

ਸ. ਸੁਰਿੰਦਰ ਸਿੰਘ ਮਨਚੰਦਾ ਨੂੰ ਬਮੁਸ਼ਕਲ ਕੰਟੈਕਟ ਕੀਤਾ, ਉਸ ਤੋਂ ਫੋਨ ਦੁਆਰਾ ਪਤਾ ਲੱਗਾ ਕਿ ਸਤਿਗੁਰੂ ਜੀ ਅਜੇ ਨਾ ਮੰਡੀ ਗਏ ਹਨ, ਨਾ ਮਨਾਲੀ ਅਤੇ ਨਾ ਕੋਈ ਹੋਰ ਪ੍ਰੋਗਰਾਮ ਹੀ ਨਿਸ਼ਚਿਤ ਹੈ। ਸਤਿਗੁਰੂ ਜੀ ਨੇ ਸਵੇਰੇ ਸਵੇਰੇ ਸੁਰਿੰਦਰ ਸਿੰਘ ਨੂੰ ਕੰਟੈਕਟ ਕੀਤਾ ਹੈ ਅਤੇ ਉਸਨੂੰ ਭੈਣੀ ਸਾਹਿਬ ਬੁਲਾਇਆ ਹੈ ਅਤੇ ਉਹ ਆਪਣੀ ਐਂਬੈਸੇਡਰ ਲੈ ਜਾ ਰਿਹਾ ਹੈ। ਸੇਠ ਤਰਲੋਚ ਸਿੰਘ ਨੂੰ ਵੀ ਸੱਦਿਆ ਗਿਆ ਹੈ।

### ਧੁਪੀਆ ਸੁਰਗਵਾਸ

ਸ. ਹੰਸਪਾਲ ਨੂੰ ਸੂਚਨਾ ਮਿਲੀ ਕਿ ਰਾਤ ਦਾ ਸ. ਮੇਹਰਬਾਨ ਸਿੰਘ ਧੁਪੀਆ ਚੜ੍ਹਾਈ ਕਰ ਗਿਆ ਹੈ। ਦਿੱਲੀ ਦਾ ਬੜਾ ਧਨੀ ਮਾਨੀ ਵਿਅਕਤੀ ਤਾਂ ਸੀ ਹੀ ਟ੍ਰੇਡਰਜ਼ ਬੈਂਕ ਦਾ ਇਕ ਡਾਇਰੈਕਟਰ ਵੀ ਸੀ। ਹੁਣ ਸ਼ਾਇਦ ਸਤਿਗੁਰੂ ਜੀ ਤੋਂ ਪਰਵਾਨਗੀ ਲੈ ਕੇ ਸੇਠ ਸਾਹਿਬ ਵੀ ਭੈਣੀ ਸਾਹਿਬ ਨਾ ਜਾਣ। ਸ੍ਰ. ਧੁਪੀਏ ਦੇ ਕਿਰਿਆ ਕਰਮ ਸਮੇਂ ਨਾਲ ਹੋਣਾ ਚਾਹੁਣਗੇ।



Sri Satguru Jagjit Singh Ji Elibrary NamdhariElibrary@gmail.com

## 24 ਜੂਨ 1979, ਐਤਵਾਰ
## ਨਵੀਂ ਦਿੱਲੀ

### ਜਵਾਹਰ ਸਿੰਘ ਕਾਮੋਕੇ

ਸਾਡੇ ਸਹਿਪਾਠੀ, ਸ੍ਰੀ ਭੈਣੀ ਸਾਹਿਬ ਵਿਦਿਆਲਾ ਦੇ ਸਾਬਕਾ ਵਿਦਿਆਰਥੀ ਸ. ਜਵਾਹਰ ਸਿੰਘ ਕਾਮੋਕੇ ਵਲੋਂ, ਪਰਸੋਂ, ਮੈਨੂੰ ਟੈਲੀਫੋਨ ਦੁਆਰਾ ਪੱਕੀ ਕੀਤੀ ਗਈ ਸੀ ਕਿ ਮੈਂ ਉਨ੍ਹਾਂ ਦੇ ਘਰ 6/86 WEA ਕਰੋਲ ਬਾਗ਼ ਵਿਖੇ ਸਵੇਰੇ 8.30 ਤਕ ਜ਼ਰੂਰ ਪਹੁੰਚ ਜਾਵਾਂ, ਅਖੰਡ ਪਾਠ ਦਾ ਭੋਗ ਪੈਣਾ ਹੈ। ਸ. ਜਵਾਹਰ ਸਿੰਘ, ਇਕ ਪੁਰਾਣੇ ਨਾਮਧਾਰੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰੇਮੀ ਸੰਤ ਹਰਨਾਮ ਸਿੰਘ ਕਾਮੋਕੇ ਦਾ ਵੱਡਾ ਲੜਕਾ ਹੈ। ਦੂਜੇ ਦੋ ਹਨ, ਸ. ਸੰਤੋਖ ਸਿੰਘ ਦਿੱਲੀ ਅਤੇ ਸ. ਜੰਗ ਸਿੰਘ ਲਖਨਊ।

ਜਾਂ ਮੈਂ ਸ੍ਰੀਮਤੀ ਗੁਰਚਰਨ ਕੌਰ ਨਾਲ ਆਪਣੇ ਸਹਿਪਾਠੀ ਦੇ ਘਰ ਪਹੁੰਚਾ ਤਾਂ ਅੱਗੇ ਨਾਮਧਾਰੀ ਮਰਿਆਦਾ ਅਨੁਸਾਰ, ਧੂਪ, ਦੀਪ, ਜੋਤ ਆਦਿ ਨਾਲ ਅਖੰਡ ਪਾਠ ਹੋ ਰਿਹਾ ਸੀ। ਸੰਤ ਸਵਰਨ ਸਿੰਘ ਸੋਧੀ ਪਾਠ ਮੁਖੀ ਸਨ। ਭੋਗ ਪੈਣ ਸਮੇਂ ਕਾਫ਼ੀ ਸੰਗਤ ਜੁੜ ਗਈ। ਏਥੇ ਮੈਨੂੰ ਸੰਤ ਕਰਤਾਰ ਸਿੰਘ ਜਾਵਲਾ ਸੇਠ, ਸ. ਸੇਵਾ ਸਿੰਘ ਰਾਣੀ ਸਿਲਕ (ਹੁਣੇ ਬੈਂਕਾਕ ਤੋਂ), ਸੰਤ ਅਮਰ ਸਿੰਘ ਨਿਰਮਾਣ, ਪ੍ਰੋ: ਸੁਖਬੀਰ ਸਿੰਘ ਭੁਗਾਣੀ, ਸੰਤ ਹੀਰਾ ਸਿੰਘ ਪੀ. ਐਚ. ਡੀ., ਸ. ਮਹਿੰਦਰ ਸਿੰਘ-ਦਰਸ਼ਨ ਸਿੰਘ ਡਾਲਟਨ ਗੰਜ ਵਾਲੇ ਅਤੇ ਹੋਰ ਕਈ ਜਾਣਕਾਰ ਮਿਲੇ।

ਸੰਤ ਹਰਨਾਮ ਸਿੰਘ ਰੱਤਸ ਨੇ ਅਰਦਾਸਾ ਕਰਦਿਆਂ ਦੱਸਿਆ ਕਿ ਤਿੰਨ ਅਖੰਡ ਪਾਠ ਬੱਚਿਆਂ ਦੀ ਵਿਦਿਅਕ ਯੋਗਤਾ ਅਤੇ ਕਾਰੋਬਾਰ ਦੀ ਸਫਲਤਾ ਵਿਚ ਸਹਾਈ ਹੋਣ ਵਾਸਤੇ ਕਰਵਾਏ ਗਏ ਹਨ। ਜਥੇਦਾਰ ਸੇਵਾ ਸਿੰਘ ਜੀ ਦੇ ਪਹੁੰਚ ਨਾ ਸਕਣ ਕਰਕੇ 10-10 ਮਿੰਟ ਮੈਂ ਅਤੇ ਸੰਤ ਹੀਰਾ ਸਿੰਘ ਨੇ ਬੋਲ ਕੇ ਬੁੱਤਾ ਸਾਰਿਆ। ਅਸਾਂ ਸਤਿਗੁਰੂ ਰਾਮ ਸਿੰਘ ਜੀ ਦੀ ਪੰਜਾਬ ਅਤੇ ਦੇਸ਼ ਦੇ ਲੋਕਾਂ ਉੱਤੇ ਕ੍ਰਿਪਾ ਦਾ ਜ਼ਿਕਰ ਕੀਤਾ।

ਉਪਰੰਤ ਲੰਗਰ ਪਾਣੀ ਨਾਲ ਆਈ ਸਾਧ ਸੰਗਤ ਦੀ ਸੇਵਾ ਕੀਤੀ ਗਈ।

## 26 ਜੂਨ 1979, ਮੰਗਲਵਾਰ
## ਨਵੀਂ ਦਿੱਲੀ

### ਹਾਲ ਬੈਂਕਾਕ ਦੀ ਸੰਗਤ ਦਾ

ਅੱਜ ਮੈਨੂੰ ਸ. ਸੇਵਾ ਸਿੰਘ ਰਾਣੀ ਸਿਲਕ, ਜੋ ਮੇਰਾ ਚਿਰ ਮਿੱਤਰ ਹੈ, ਕਰੋਲ ਬਾਗ਼ ਵਿਚ ਮਿਲਿਆ। ਉਸਨੇ ਦੱਸਿਆ ਕਿ ਬੈਂਕਾਕ ਵਿਚ ਪ੍ਰਧਾਨ ਜਸਪਾਲ ਸਿੰਘ ਵਿਰੋਧੀ ਗਰੁਪ ਉਸ ਦੁਆਰਾ ਪਰਵਾਨ ਕਰਵਾਇਆ ਗਿਆ ਹੈ। ਉਹ ਸੰਗਤ ਦਾ ਵਿਵਾਦ ਖ਼ਤਮ ਕਰਵਾਣ ਵਿਚ ਸਫਲ ਹੋ ਗਿਆ ਹੈ ਅਤੇ ਪ੍ਰਧਾਨ ਜਸਪਾਲ ਸਿੰਘ ਨੇ ਸੁਖੁਮਵਿਟ



Sri Satguru Jagjit Singh Ji Elibrary NamdhariElibrary@gmail.com

ਰੋਡ ਤੇ ਨਾਮਧਾਰੀ ਧਰਮਸ਼ਾਲਾ ਸੇਵਿ ਅਸ਼ੋਕ ਨੂੰ ਤਾਲੇ ਲਗਾ ਦਿਤੇ ਹਨ। ਸਤਿਗੁਰੂ ਜੀ ਵਿਚ ਆਸਥਾ ਰਖਣ ਵਾਲੇ, ਪਹਿਲੀ, ਛੋਟੀ ਧਰਮਸਾਲਾ ਵਿਚ ਕਥਾ ਕੀਰਤਨ ਕਰਦੇ ਹਨ ਤੇ ਦੂਸਰਾ ਗਰੁਪ ਜੋ ਸਤਿਗੁਰੂ ਜੀ ਨੂੰ ਸਰਵੋਪਰ ਤਾਂ ਮੰਨਦਾ ਹੈ, ਪਰ ਪਹਿਲੇ ਪ੍ਰਧਾਨ ਨਾਲ ਟਕਰਾਉ ਵਿਚ ਹੈ, ਗਿਆਨੀ ਹਰਬੰਸ ਸਿੰਘ ਦੇ ਭਰਾ ਸ. ਗੁਰਮੁਖ ਸਿੰਘ ਦੀ ਕੋਠੀ ਵਿਚ ਕਥਾ ਕੀਰਤਨ ਦਾ ਪ੍ਰਬੰਧ ਕਰਨ ਜਾ ਰਿਹਾ ਹੈ।

## ਕਸ਼ਮੀਰ ਦੌਰਾ ਕੈਂਸਲ ਹੋਣ ਤੇ ਖ਼ਰਚ

ਆਪਣਾ ਪਾਸਪੋਰਟ ਰਿਨੀਊ ਕਰਵਾਣ ਦੇ ਸੰਬੰਧ ਵਿਚ ਮੈਂ 'ਕੁਇਕ ਟ੍ਰੈਵਲਜ਼' ਕਰੋਲ ਬਾਗ਼ ਗਿਆ। ਸ੍ਰੀ ਗੁਰਭਜਨ ਸਿੰਘ ਨੇ ਦੱਸਿਆ ਕਿ ਸਤਿਗੁਰੂ ਜੀ ਦਾ ਕਸ਼ਮੀਰ ਦੌਰਾ ਪ੍ਰੋਗਰਾਮ ਖ਼ਤਮ ਹੋ ਜਾਣ ਕਾਰਨ ਘੱਟੋ ਘੱਟ 5-6 ਹਜ਼ਾਰ ਰੁਪਇਆ ਖ਼ਰਚ ਆ ਗਿਆ ਹੈ। ਕਸ਼ਮੀਰ ਵਿਚ ਉਹ 'ਹੱਟਸ' ਕਰਾਏ ਤੇ ਲਈਆਂ ਗਈਆਂ ਸਨ ਜਿਨ੍ਹਾਂ ਵਿਚ ਵਜ਼ੀਰ, ਪਾਰਲੀਮੈਂਟ ਮੈਂਬਰ, ਅਤੇ ਕੇਵਲ ਵਿਧਾਨ ਸਭਾਵਾਂ ਦੇ ਮੈਂਬਰ ਹੀ ਠਹਿਰ ਸਕਦੇ ਹਨ। ਇਹ ਬਹੁਤ ਚਿਰ ਪਹਿਲਾਂ ਦੀਆਂ ਬੁਕ ਕਰਵਾਈਆਂ ਗਈਆਂ ਸਨ। ਏਅਰ ਟ੍ਰੈਵਲ ਦੇ ਟਿਕਟ ਵੀ 23 ਖ਼ਰੀਦੇ ਗਏ ਸਨ।

ਗੁਰਭਜਨ ਸਿੰਘ ਨੇ ਕਸ਼ਮੀਰ ਦੌਰੇ ਦੀ ਕੈਂਸਲੇਸ਼ਨ ਦਾ ਕਾਰਨ ਨਹੀਂ ਦੱਸਿਆ। ਇਸ ਦਾ ਪਤਾ ਉਹਨੂੰ ਵੀ ਨਹੀਂ ਸੀ।

**29 ਜੂਨ 1979, ਸ਼ੁਕਰਵਾਰ**
**ਨਵੀਂ ਦਿੱਲੀ**

## ਦਿੱਲੀ ਵਾਲਿਆਂ ਦੀ ਵਾਪਸੀ

ਓਦੋਂ ਮੈਂ ਨਵਯੁਗ ਪ੍ਰੈਸ ਦੇ ਮਾਲਿਕ ਭਾਪਾ ਪ੍ਰੀਤਮ ਸਿੰਘ ਹੁਰਾਂ ਦੇ ਦਫ਼ਤਰ ਵਿਚ ਹੀ ਸਾਂ ਜਦੋਂ ਭਾਪਾ ਜੀ ਦੁਆਰਾ ਫ਼ੋਨ ਮਿਲਾਣ ਤੋਂ ਪਤਾ ਲਗਾ ਕਿ ਸੇਠ ਤਰਲੋਕ ਸਿੰਘ ਪਰਵਾਰ ਅਤੇ ਸ. ਹੰਸਪਾਲ ਪਰਵਾਰ ਸ੍ਰੀ ਸਤਿਗੁਰੂ ਜੀ ਨੂੰ ਮਨਾਲੀ ਹੀ ਛੱਡ, ਆਪ ਅੱਧੀ ਰਾਤ ਦੇ ਦਿੱਲੀ ਵਿਖੇ ਪਹੁੰਚੇ ਹੋਏ ਹਨ।

## ਸ੍ਰੀ ਲਾਲ ਚੰਦ ਪ੍ਰਾਰਥੀ

ਸਵੇਰੇ ਸ੍ਰੀ ਹੰਸਪਾਲ ਭਰਤਪੁਰ ਨੂੰ ਜਾਣ ਵਾਲੇ ਹੀ ਸਨ ਕਿ ਮੈਂ ਉਨ੍ਹਾਂ ਦੇ ਘਰ ਜਾ ਪੁਜਾ। ਉਨ੍ਹਾਂ ਨੇ ਦੱਸਿਆ ਕਿ ਤੁਹਾਡੇ ਵਾਸਤੇ ਤੁਹਾਡੇ ਦਾਮਾਦ ਹਮਰਾਹੀ ਨੇ ਕੂਕਰ ਤੋਂ ਸ਼ਹਿਦ ਦੀ ਇਕ ਬੋਤਲ ਭੇਜੀ ਹੈ। ਹੰਸਪਾਲ ਹੁਰਾਂ ਦੱਸਿਆ : ਤੁਹਾਡੇ ਜੁਆਈ ਕੇਹਰ ਸਿੰਘ ਹਮਰਾਹੀ ਤੇ ਸਤਿਗੁਰੂ ਜੀ ਬੜੇ ਪ੍ਰਸੰਨ ਹਨ। ਕੇਹਰ ਸਿੰਘ, ਨਗਰ (ਹਿਮਾਚਲ ਪ੍ਰਦੇਸ) ਵਿਖੇ ਕਾਂਗ੍ਰਸ ਦੇ ਇਕ ਸਾਬਕਾ ਮੰਤਰੀ ਸ੍ਰੀ ਲਾਲ ਚੰਦ ਪ੍ਰਾਰਥੀ ਨਾਲ ਮਿਲੌਣੀ ਦਾ ਕਾਰਨ ਬਣਿਆ। ਉਸਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਅਤੇ



Sri Satguru Jagjit Singh Ji Elibrary NamdhariElibrary@gmail.com

ਮੁਰਾਦ ਹੋ ਗਿਆ । ਉਸ ਨੇ ਆਪ ਅਤੇ ਘਰ ਦੀਆਂ ਦੋ ਇਸਤਰੀਆਂ ਨੇ ਭਜਨ ਪੁੱਛ ਲਿਆ । ਲਾਲ ਚੰਦ ਜੀ ਨੇ ਸਤਿਗੁਰਾਂ ਨਾਲ ਘਣਾ ਪ੍ਰੇਮ ਕੀਤਾ ।

ਸ੍ਰੀ ਸਤਿਗੁਰੂ ਜੀ ਨਗਰ ਵਿਖੇ ਰੂਸੀ ਚਿੱਤਰਕਾਰ ਸ੍ਰੀ ਰੋਰਿਖ ਦੀ ਚਿੱਤਰ ਗੈਲਰੀ ਵੇਖਣ ਪਧਾਰੇ ਸਨ । ਬਹੁਤ ਸਾਰਾ ਸਮਾਂ ਸ. ਕੇਹਰ ਸਿੰਘ ਨੇ ਸ੍ਰੀ ਸਤਿਗੁਰੂ ਜੀ ਨਾਲ ਬਿਤਾਇਆ ਅਤੇ ਹਿਮਾਚਲ ਪ੍ਰਦੇਸ਼ ਦੀਆਂ ਖ਼ਾਸ ਖ਼ਾਸ ਵਿਅਕਤੀਆਂ ਨੂੰ ਸਤਿਗੁਰੂ ਜੀ ਨਾਲ ਮਿਲਾਇਆ । ਸ੍ਰੀ ਹਮਰਾਹੀ ਜ਼ਿਲਾ ਕੁੱਲੂ ਵਿਚ ਖ਼ਾਸ ਕਰਕੇ ਤੇ ਹਿਮਾਚਲ ਪ੍ਰਦੇਸ਼ ਵਿਚ ਆਮ ਕਰਕੇ ਅਪਣਾ ਪੁੰਨ ਪਰਤਾਪ ਰਖਦਾ ਹੈ ।

□



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਸੰਦਰਭ


ੳ

1. ਉਦੈ ਸਿੰਘ ਠਾਕੁਰ-9,10,17,18, 32,34,43,53,58,59,87,138,140, 163,177,248,283,293,
2. ਉਜਾਗਰ ਸਿੰਘ ਮਾਲੀ-42,303,
3. ਉਮੇਸ਼ ਚੰਦ੍ਰ ਸ਼ਰਮਾ-77,78,
4. ਓਅੰਕਾਰ ਸਿੰਘ ਗ੍ਯਾ: ਜੈ: 98, 5. ਓਅੰਕਾਰ ਨਾਥ ਠਾਕੁਰ-126, 6. ਉਰਮਿਲਾ ਅਨੰਦ-154, 7. ਉਜਾਗਰ ਸਿੰਘ ਢਿਲਵਾਂ-158, 162, 8. ਉੱਤਮ ਸਿੰਘ ਜੜਾਂ ਵਾਲੀਆ-166,174,175, 9. ਊਧੋ ਰਾਮ ਲੀਡਰ-171, 10. ਊਧਮ ਸਿੰਘ-279, 11. ਉਜਾਗਰ ਸਿੰਘ ਜਲੰਧਰ-291, 12. ਉਪਦੇਸ਼-293,298, 299,

ਅ

1. ਅਮਰ ਭਾਰਤੀ-9,14,16,17,19, 20,24,137,138,146,208,215, 269,296,297,298,301, 2. ਅਵਤਾਰ ਸਿੰਘ ਗਿ: ਪ੍ਰਿੰ: ਵ:-11,13,14,15, 279,293,294,296, 3. ਅਮਰ ਸਿੰਘ ਛੱਡ-13, 4. ਅਮਰ ਸਿੰਘ ਨੰਬਰਦਾਰ-18,19,20,34,35,39,40,41,43, 142,309, 5. ਅਮਰਜੀਤ ਕੌਰ ਡੈ: ਪ੍ਰ: 33, 6. ਅਜਮੇਰ ਸਿੰਘ/ਕੁਲਦੇਵ ਸਿੰਘ-35, 7. ਆਤਮਾ ਸਿੰਘ ਸਨਖਤਰਾ-36,40,48,51,160,164,176,252, 8. ਅਮਜਦ ਅਲੀ ਉਸਤਾਦ-30,86, 87,94,97,102,103,108,147,148, 150,152,156,209,214, 9. ਅਮਰ ਕੌਰ ਚੱਟੀਆਂ-39, 10. ਅਜਰ ਸਿੰਘ ਮਹੰਤ ਲਖ:-50, 11. ਅਵਤਾਰ ਸਿੰਘ (ਤਬਲਾ)-54,57,59,86,90,91,104, 106,115,120,122,136,177,247, 249,250,251,319,320, 12. ਅੰਮ੍ਰਿਤਪਾਲ ਸਿੰਘ-54,115,251, 13. ਅਜਾਇਬ ਸਿੰਘ ਜਥੇ:-57, 14. ਆਤਮਾ ਸਿੰਘ ਮਨਿਸਟਰ-65, 15. ਅਜੀਤ ਸਿੰਘ ਚੱਢਾ ਹਾਕਮ-65, 16. ਅਮਰ ਸਿੰਘ ਭਾਜ: ਜੈਲ-76, 17. ਅਵਤਾਰ ਸਿੰਘ ਘੁੰਮਣ-79,278, 18. ਅੱਲਾ ਰੱਖਾ ਉਸਤਾਦ-82, 104, 19. ਅਮਰ ਸਿੰਘ ਅੰਬਾ-84, 86, 149, 20. ਅਮਰੀਕ ਸਿੰਘ ਲਖਨਊ-110, 21. ਆਲੋਕਾ ਕਲਕੱਤਾ-119, 22. ਅਬਦੁੱਲ ਕਰੀਮ ਉਸਤਾਦ-126, 23. ਅਮੀਰ ਖਾਂ ਉਸਤਾਦ-126, 24. ਅਮਜਦ ਖਾਂ ਉਸਤਾਦ-126, 25. ਅਵਤਾਰ ਸਿੰਘ ਰਮੇਸ਼ ਨਗਰ-138,139,206,214, 295, 26. ਅਵਤਾਰ ਸਿੰਘ ਮਿਤ-146, 147,236,237, 27. ਅਮੀਰ ਸਿੰਘ ਰੰਧਾਵਾ-171, 172, 28. ਅਜਰ ਸਿੰਘ




Sri Satguru Jagjit Singh Ji Elibrary NamdhariElibrary@gmail.com

ਖਿਲਚੀਵਾਲ-173, 29. ਅਪਾਰ ਸਿੰਘ ਘੀੜ-174,
30. ਅਮਰ ਸਿੰਘ ਜੜਾਂਵਾਲੀਆ-174, 31. ਅਮਰੀਕ ਸਿੰਘ ਹਾਂਗਕਾਂਗ-177, 180,247, 32. ਅਲਾਉੱਦੀਨ ਵਿਸ-ਰਾਜੀਆ-184,185, 33. ਅਮਰੀਕ ਸਿੰਘ ਸੂਬਾ ਜੀ-193,244,251, 34. ਅਰਜਨ ਸਿੰਘ ਭਾਈ ਸਾਹਿਬ-200, 35. ਆਰ. ਕੇ. ਧਵਨ-203, 36. ਅਮਰ ਸਿੰਘ ਦੁਸਾਂਝ-219, 37. ਅਬਦੁੱਲ ਹਮੀਦ-225, 38. ਆਜ਼ਾ ਸਿੰਘ-ਹਜ਼ਾਰਾ ਸਿੰਘ ਜਲਾਪਰੀ-227, 39. ਅਮਰੀਕ ਸਿੰਘ ਜੰਮੂ-251, 40. ਅਮਰ ਸਿੰਘ ਰੱਖ-252, 41. ਅਮਰਜੀਤ/ਕਰਤਾਰ ਸਿੰਘ-264, 42. ਅਜੀਤ ਸਿੰਘ ਕਾਈਲੈਂਡ-264,277, 43. ਅਜਾਇਬ ਕੌਰ ਜੈਤਕੀਆਂ-295, 44. ਅਵਤਾਰ ਸਿੰਘ ਚੱਢਰ-309, 45. ਆਤਮਾ ਸਿੰਘ ਪੰਨਵ-295, 46. ਅਮਰ ਸਿੰਘ ਨਿਰਮਾਣ-321,

ੲ

1. ਈਸ਼ਰ ਸਿੰਘ ਠੇਕੇਦਾਰ-15, 2. ਇੰਦਰ ਸਿੰਘ ਚੱਲੇਵਾਲੀਆ-33, 293, 3. ਇੰਦਰ ਕੌਰ ਮਾਈ-34, 4. ਇੰਦਰ ਭਾਗ (ਸਾਰੰਗੀ)-74, 80, 83, 88, 92, 94, 5. ਈਸ਼ਮ ਸਿੰਘ-100,218, 6. ਇਲੀਆਸ ਖ਼ਾਂ-101, 7. ਇਮਰਤ ਖ਼ਾਂ (ਸਿਤਾਰ)-116,122,123,124,125, 149, 8. ਇਰਸ਼ਾਦ-124, 9. ਇਨਾਇਤ ਖ਼ਾਂ ਉਸਤਾਦ-126, 10. ਇੰਦਰ ਸਿੰਘ ਕੰਤਾ ਸਿੰਘ-144, 11. ਇਕਬਾਲ ਸਿੰਘ ਜੰਮੂ-168, 12. ਇੰਦ੍ਰ ਸਿੰਘ ਚਕ੍ਰਵਰਤੀ-172, 199,244,260, 13. ਈਸ਼ਰ ਸਿੰਘ ਭੜਹੇੜੀ-182, 14. ਇੰਦਰਜੀਤ ਸਿੰਘ ਕੈਨੇਡਾ-195,15, ਈਸ਼ਰ ਸਿੰਘ ਤੇ: ਸਾ:-200, 16. ਇੰਦ੍ਰਾ ਗਾਂਧੀ-203, 17. ਇੰਦਰ ਸਿੰਘ ਖਨਾਗਾ-231, 232, 18. ਇੰਦਰਜੀਤ ਸਿੰਘ ਪੰ: ਸਿ: ਬੋ:-233, 235, 19. ਇੰਦਰ ਸਿੰਘ ਜਥੇਦਾਰ-253, 20. ਇੰਦਰ ਕੌਰ ਲੰਗਰ ਸੇਵਿਕਾ-264,

ਸ .

1. ਸਵਰਨ ਸਿੰਘ ਵਿਸਨੂੰ ਗਾ:-11, 2. ਸੁਖਦੇਵ ਸਿੰਘ ਰੋ: ਮਾ: 18, 3. ਸੁਰਿੰਦਰ ਸਿੰਘ ਮਲਕੰਡਾ-18,78,105,110, 116,127,137,147,156,165,207, 227,233,264,267,289,290,293, 295,297,308,309 320, 4. ਸੁਸ਼ੀਲਾ ਮਿਸਰਾ-23,24,49,50,53,66,117, 134, 5. ਸੁੱਚਾ ਸਿੰਘ ਸੇਖੀ-27, 6. ਸਾਹਿਬ ਸਿੰਘ ਸੂਬਾ ਜੀ-29,248,256, 257,265,281,290,294,301,315, 316, 7. ਸੁਚਾਰ ਭਾ:-31, 8. ਸੇਵਾ ਸਿੰਘ ਸੂਬਾ ਜੀ-34,51,53,57,291, 9. ਸੁੰਦਰ ਸਿੰਘ ਫਰੀਦ-34, 10. ਸੁਰਜਨ ਸਿੰਘ ਮਹਾਜਾ-35,39,42, 11. ਸੇਵਾ ਸਿੰਘ ਸਰਸਾ-41, 12. ਸਾਹਿਬ ਕੌਰ ਬੀਬਾ ਜੀ-42,54,177,202,254, 13. ਸੁਖਦੇਵ ਸਿੰਘ ਕਾਇਬ-47,80,84,89, 110,121,128,177,296, 14. ਸੁਰਿੰਦਰ ਸਿੰਘ ਕਵੀਸ਼ਰ-48, 15. ਸੰਤਾ ਸਿੰਘ ਕੁੰਬੀ-51,112, 16. ਸੁਰਿੰਦਰ ਕੌਰ/ ਸੰਤ ਸਿੰਘ-51, 17. ਸੁਖਵਿੰਦਰ ਪੂਰਬਾ-53, 18. ਸੇਵਾ ਸਿੰਘ ਜਥੇ: ਮੰਡੀ-57. 165, 19. ਸੰਤੋਖ ਸਿੰਘ ਠੇਕੇਦਾਰ-58, 73,321, 20. ਸੰਤੋਖ ਸਿੰਘ ਲਾਲਜੀ-64, 137,290,310, 21. ਸੁਖਵੰਤ ਕੌਰ ਜੰਮੂ-



Sri Satguru Jagjit Singh Ji Elibrary NamdhariElibrary@gmail.com

65, 22. ਸਵਰਨ ਸਿੰਘ/ਕੇਸਰ ਸਿੰਘ-65, 23. ਸੋਹਣ ਸਿੰਘ ਅਠਵਾਲ-65, 24. ਸੰਤੋਖ ਸਿੰਘ ਨਾਗਦਾ-68, 25. ਸੁਖਵਿੰਦਰ ਸਿੰਘ ਪਿੰਕੀ-71,84,89,110,111,116, 121,177, 26. ਸੁਭਾਸ਼ਚੰਦ੍ਰ ਨੇਤਾ ਜੀ-71, 27. ਸੁਰਿੰਦਰ ਸਿੰਘ ਲੁਧਿਆਣਾ-71,138,161,226,296,305,

28. ਸੁਖਦਰਸ਼ਨ ਸਿੰਘ ਆਰਕੀਟੈਕਟ, 72, 79,133,138,151,264,

29. ਸੁਖਬੀਰ ਸਿੰਘ ਗੁਲਾਟੀ-72,80,81, 82,104,227,280,281,321, 30. ਸੁਰਜੀਤ ਸਿੰਘ ਯੂ.ਕੇ.-79,205,247, 288,289,296,302,318, 31. ਸੰਤੋਖ ਸਿੰਘ ਸੰਤ ਨਗਰ-79,251, 32. ਸੰਤੋਖ ਸਿੰਘ ਬਨਾਰਸ-91,110,113, 33. ਸੁਖਦੇਵ ਸਿੰਘ ਸੁਖੀ-93, 34. ਸੁਰਜੀਤ ਸਿੰਘ (ਸਾਰੰਗੀ)-93,98,132, 133,137,138,143,250,271, 35. ਸਾਬਿਰ ਖਾਂ (ਤਬਲਾ)-94, 36. ਸਲਾਮਤ ਅਲੀ ਉਸਤਾਦ-95,137,147,148, 150,152,153,154,161,173,174, 177,178,179,180,181,182,183, 184,185,186,187,188,189,191, 206,209,214,247,255,256, 257, 37. ਸ਼ਵਿੰਦਰ ਸਿੰਘ ਪੰਪੂ-98,132,133,137,143,149, 151,207, 38. ਸੁਖਦੇਵ ਸਿੰਘ ਜਲੰਧਰੀ-98,261, 39. ਸੁਰਿੰਦਰ ਸਿੰਘ ਸੁਮਨ-106,170,177,279, 40. ਸ਼ਾਮਤਾ ਪ੍ਰਸਾਦ-104,106,107, 41. ਸਰਬਜੀਤ ਸਿੰਘ ਲਖਨਊ-113, 42. ਸੁਖਦੇਵ ਸਿੰਘ/ਹਰਭਜਨ ਸਿੰਘ-113, 43. ਸਵਰਨ ਸਿੰਘ ਡਾਲਟਨ ਗੰਜ-114, 118,127, 44. ਸੁਰਿੰਦਰ ਸਿੰਘ ਯੂਨੀਕੋ-115,209, 45. ਸੁਰਜੀਤ ਕੌਰ/ ਸੁਖਦਰਸ਼ਨ ਸਿੰਘ-115,129,151,207, 226,264, 45. ਸੁਰਜੀਤ ਸਿੰਘ ਮੰਜੂ-115, 46. ਸੁਰਜੀਤ ਸਿੰਘ ਸੇਠੀ-116, 47. ਸਰਨਜੀਤ ਕੌਰ/ਹਰਭਜਨ ਸਿੰਘ-119, 48. ਸੰਤ ਕੌਰ ਬੇਬੇ ਜੀ-124, 125,140, 49. ਸੰਤੋਖ ਸਿੰਘ ਮੁਠੜਾ-124, 50. ਸਾਹਿਬ ਦਾਸ-125, 51. ਸਰਵਣ ਸਿੰਘ ਸੰਤ ਦਮਦਮਾ-140, 52. ਸੁਲੱਖਣ ਸਿੰਘ ਸੂਰ-146,147,236, 281,295, 53. ਸਬਰ ਸ਼ਬਦੀਆਨ-146. 54. ਸੇਵਾ ਸਿੰਘ ਜਾ: ਦੇ:-148, 211,221,229,231,267,295,297, 55. ਸੁਰਜੀਤ ਕੌਰ ਪ੍ਰਧਾਨ-159, 56. ਸਤਪਾਲ ਸਿੰਘ ਲੈਂਪਾਕ-159, 57. ਸਵਰਨ ਸਿੰਘ ਲੈਂਡ-161, 58. ਸੁਰਜੀਤ ਸਿੰਘ ਘੁਲਾਮ-161,

59. ਸਤਨਾਮ ਸਿੰਘ ਦਿੱਲੀ-161,252, 302, 60. ਸੇਵਾ ਸਿੰਘ ਜਥੇਦਾਰ ਦਿੱਲੀ-167,210, 61. ਸਾਧਾ ਸਿੰਘ ਸੰਧੂ-168, 62. ਸੁਰਿੰਦਰ ਮੋਹਨ-174, 63. ਸੰਤੋਖ ਸਿੰਘ ਜਲ੍ਹਾਂ ਵਾਲੀਆ-174, 64. ਸਾਧੂ ਸਿੰਘ ਜਲੰਧਰ-174,175, 65. ਸੰਤੋਖ ਸਿੰਘ ਪੰ:ਕ-182, 66. ਸੁਖਦੇਵ ਸਿੰਘ ਵਿੱਟੀ-192, 67.ਸੇਵਾ ਸਿੰਘ ਅਕਾਲੀਆ-196, 68. ਸੁਰਿੰਦਰ ਸਿੰਘ ਮੱਲ੍ਹਵਾਲੀ-201,213, 69. ਸੁਰਜੀਤ ਸਿੰਘ ਮੁੰਡਲ-203, 70. ਸੇਵਾ ਸਿੰਘ ਇੰਜ:-212, 267, 71. ਸੁਰਿੰਦਰ ਸਿੰਘ/ਪ੍ਰਤਾਪ ਸਿੰਘ-215, 72. ਸਵਰਨ ਸਿੰਘ ਨੇਸਰੀਆਂ-216,264,283, 73. ਸਰਿੰਸਰਾ (ਡਾ:) ਗੁਰਚਰਨ ਸਿੰਘ-220,265,266, 74.



Sri Satguru Jagjit Singh Ji Elibrary NamdhariElibrary@gmail.com

ਸੁੰਦਰ ਸਿੰਘ ਵਾਜਿਆਂ ਵਾਲਾ-221, 75. ਸੁਖਬੀਰ ਸਿੰਘ ਸੰਧੂ-223,224,225, 76. ਸੁਖਪਾਲ ਸਿੰਘ ਵਿਣਕ-227, 77. ਸਰਦਾਰਾ ਸਿੰਘ ਪੰਥਕ ਏਕਤਾ-235,236, 78. ਸੁੰਦਰ ਲਾਲ ਪੰਡਿਤ-237,238, 239,271,272,273,283,285,286, 312, 79. ਸੰਤੋਖ ਦਾਸ ਮਹੰਤ-243, 80. ਸੰਤੋਸ਼ਾਨੰਦ ਮਹੰਤ-244, 81. ਸੂਰਤ ਸਿੰਘ ਅੰਮ੍ਰਿਤਸਰ-246,253,254,318, 82. ਸੰਤੋਖ ਸਿੰਘ ਰਾਗੀ-257, 83. ਸੰਤਾ ਸਿੰਘ ਆਰਟਿਸਟ-259,260, 84. ਸਵਰਨ ਕੌਰ ਜੀ: ਜ:-267, 85. ਸਵਰਨ ਸਿੰਘ ਸ਼ਾਸਤ੍ਰੀ ਨਕਾਰ-268,295, 86. ਸੁਹਿੰਦਰ ਸਿੰਘ ਬੈਂਸਲ-270, 87. ਸੋਮੇਸ਼ਵਰਾ ਨੰਦ-274, 88. ਸਤਿਪਾਲ ਸਿੰਘ ਮਹਾਰਾਣੀ ਬਾਗ਼-278, 89. ਸੁਰਿੰਦਰ ਸਿੰਘ ਡਾ: ਕੈ:-293, 90. ਸਰੂਪ ਸਿੰਘ ਕੁਲਕਾਰਾ-295, 91. ਸਤਵੰਤ/ਜਸਵੰਤ ਸਿੰਘ-297, 92. ਸੁੱਖਾ ਸਿੰਘ ਸੇਖੀ-303, 93. ਸਾਹਿਬ ਕੌਰ ਬੀਬਾ ਜੀ-304,308, 94. ਸੇਵਾ ਸਿੰਘ ਰਾਗੀ ਸਿਰਸਾ-321.

ਹ

1. ਹਰੀ ਸਿੰਘ ਸਤਿਗੁਰੂ ਜੀ-14,34,42, 59,79,195,304, 2. ਹਰਭਜਨ ਸਿੰਘ ਸਿਤਾਰ-9,12,47,55,56,57,70,74, 84,87,92,106,110,116,120,121, 129,137,138,147,157,173,174, 177,178,179,180,210,211,214, 217,219,226,234,271,287,288, 290,291,292,296,298,299,301, 302,304,305,310, 3. ਹਰਭਜਨ ਸਿੰਘ ਸੰਧਵ-10, 4. ਹਰਦਿਆਲ ਸਿੰਘ ਕਾਕਾ-10, 5. ਹਰਵਿੰਦਰ ਸਿੰਘ ਹੰਸਪਾਲ-9,16,17,24,47,64,70,73, 77,94,134,141,147,169,193,202, 203,206,214,255,264,267,278, 287,288,305,316,318, 6. ਹੁਕਮ ਸਿੰਘ ਸ਼ਾਹ-14, 7. ਹਰਮਹਿੰਦਰ ਸਿੰਘ ਸੇਠੀ-18, 8. ਹਰਪਿਂਦ ਸਿੰਘ ਘੰਗੀ-20, 9. ਹਰਭਜਨ ਸਿੰਘ ਠੇਕੇਦਾਰ-24,47,48, 50,51,52,57,59,61,66,72,73,75, 76,77,86,93,97,98,99,109,110, 111,112,113,116,134,289,291, 10. ਹਰਮੀਤ ਸਿੰਘ ਠੇਕੇਦਾਰ-24,51, 61,109,113, 11. ਹਜ਼ੂਰ ਸਿੰਘ ਉਦਾਸ-31,35,46,74,110,129, 155, 12. ਹਰਬੰਸ ਸਿੰਘ ਸੰਤ-34, 13. ਹਰਬੰਸ ਸਿੰਘ ਮੈਂਬਰ-35,163,269, 14. ਹਰਬੰਸ ਸਿੰਘ ਘੁੱਲਾ-36,39,54, 56,76,84,110,166,176,177,251, 305,310, 15. ਹਰਮੀਤ ਸਿੰਘ ਸਰਪੰਚ-39,41, 16. ਹਰਪਾਲ ਕੌਰ/ਇਕਬਾਲ ਸਿੰਘ-39, 17. ਹਰਵੇਲ ਸਿੰਘ ਕਵੀਸ਼ਰ-48, 18. ਹਰਦੀਪ ਸਿੰਘ ਠੇਕੇਦਾਰ-51,113,
19. ਹਰਪਾਲ ਸਿੰਘ ਬੱਲੂਆ-54,110,247, 249,293,296,314, 20. ਹਜ਼ਾਰਾ ਸਿੰਘ ਜ:-55,61,148,253, 21. ਹਰਜਿੰਦਰ ਸਿੰਘ ਸੰਧੂਰ-62,63,70,82,22 ਹਰਦੀਪ ਸਿੰਘ ਕਦਾ:-65, 23. ਹਰਜੀਤ ਸਿੰਘ ਚੱਢਾ ਫਾਰਮ-65,66, 24. ਹਰਕੀਰਤ ਸਿੰਘ-79, 25. ਹਜ਼ੂਰ ਸਿੰਘ ਕੁਲਾਣੀ-91, 26. ਹਰੀ ਸ਼ੰਕਰ ਰਾਇ (ਸ਼ਾਇਰ)-95, 27. ਹਜ਼ੂਰਾ ਸਿੰਘ ਚੂਹੀ ਵਾਲੇ-96, 260, 28. ਹਰਬੰਸ ਸਿੰਘ ਸੂਬਾ ਜੀ-97, 98,111,113, 29. ਹਰੀ ਸਿੰਘ ਸੇਵਕ-



Sri Satguru Jagjit Singh Ji Elibrary NamdhariElibrary@gmail.com

115, 30. ਹਨੂਮੰਤ ਬੀਰ ਸਿੰਘ-117, 118, 31. ਹਰਬੰਸ ਕੌਰ/ਗੁਰਦਿਤ ਸਿੰਘ-118,127,130,137, 32. ਹਰਬੰਸ ਸਿੰਘ ਫਲੌਰ-118, 33. ਹਰਭਜਨ ਸਿੰਘ ਸਾਹਪੁਰੀ-118, 34. ਹਰਨਾਮ ਸਿੰਘ ਉਸਤਾਦ-120, 35. ਹਾਫ਼ਿਜ਼ ਅਲੀ ਖ਼ਾਂ ਸਾਹਿਬ-126,137,148,181, 36. ਹਰਭਜਨ ਸਿੰਘ ਸੰਧੂ-136,151, 37. ਹਰਪਾਲ ਸਿੰਘ/ਟਹਿਲ ਸਿੰਘ-155, 38. ਹਰਨਾਮ ਦਾਸ ਉਦਾਸੀ-158,159,162, 208,251, 39. ਹਰਚਰਨ ਸਿੰਘ ਰੋਦਾਵਾ-159,177,182, 40. ਹਰੀ ਸਿੰਘ ਸ਼ੌਕਰ-159,173, 41. ਹਜ਼ਾਰਾ ਸਿੰਘ ਮਾਛੀ-177, 42. ਹੀਰਾ ਦਾਸ ਜੀ ਚਿੰਟੋ-193,242, 43. ਹਰੀ ਸਿੰਘ ਸੇਖਲ-193, 44. ਹਰਭਜਨ ਸਿੰਘ ਨਿਰਮਲ-193, 45. ਹਰਬੰਸ ਸਿੰਘ ਰੇਡੂ-195, 46. ਹਰਚਰਨ ਸਿੰਘ ਬਾਜਵਾ, ਡੈਟ:-246, 47. ਹਰਦਿਆਲ ਸਿੰਘ ਐਸ.ਡੀ.ਓ-247, 48. ਹਰਵਿੰਦਰ/ਹਰਦਿਆਲ ਸਿੰਘ-247, 49. ਹਰਭਜਨ ਸਿੰਘ ਸੇਠ ਨਗਰ-251, 50. ਹਰਭਜਨ ਸਿੰਘ ਸਪਲਾਈ ਮੰਤਰੀ-253, 51. ਹਰਭਜਨ ਸਿੰਘ ਪ੍ਰਧਾਨ-259, 52. ਹਰਦੇਵ ਸਿੰਘ/ਮਘਰ ਸਿੰਘ-260, 53. ਹਰਨਾਮ ਸਿੰਘ ਕਾਮੋਕਾ-293,321, 54. ਹੀਰਾ ਸਿੰਘ ਅੰਮ੍ਰਿਤਸਰੀ-303,321, 55. ਹਰਨਾਮ ਸਿੰਘ ਚੰਡਾਸ-321, 56. ਹਰਬੰਸ ਸਿੰਘ ਗਿਆਨੀ-322,

■

1. ਕਰਮ ਸਿੰਘ ਕਪੂਰ-9, 2. ਕਿਰਪਾਲ ਸਿੰਘ ਚੱਕਰ-10,34,251,268,294, 3. ਕੁਲੌਂਗਿਆ ਮਲੋਟ-18, 4. ਕਰਤਾਰ ਸਿੰਘ ਸੇਖੀ-27, 5. ਕ੍ਰਾਫ਼ਰਡ ਮਿ:-27, 6. ਕਰਮ ਸਿੰਘ (ਕਰਮ ਚੰਦ) 28, 7. ਕਨਿੰਘਮ-30, 8. ਕਰਨੈਲ ਸਿੰਘ ਕੈਲਟਪੁਰ-33, 9. ਕਾਹਨਾ ਸਿੰਘ ਨੌਕਲ-34, 10. ਕਸ਼ਮੀਰ ਸਿੰਘ ਜੀ: ਨ:-39,93, 11. ਕਪੂਰ ਸਿੰਘ ਮਾ:-40, 12. ਕੁਲਦੀਪ ਸਿੰਘ ਸੇਠੀ-48,55,57, 62,70,87,111,112, 13. ਕਪੂਰ ਸਿੰਘ ਭਾ:-48,55,56,57, 58, 14. ਕੇ. ਪੀ. ਸਕਸੈਨਾ-50, 15. ਕੇ. ਕੇ. ਮਾਥੁਰ-50,53, 16. ਕਰਮਜੀਤ ਸਿੰਘ ਲਖਨਊ-58,59,60,64,68,69,73,92, 97,98,99,108, 17. ਕਿਰਨਪਾਲ ਸਿੰਘ-62,70,82, 18. ਕਾਨ੍ਹ ਸਿੰਘ ਨਾਭਾ-62, 19. ਕੇਸਰ ਸਿੰਘ ਚੱਢਾ ਡਾਰਮ-65,66, 20. ਕਿਰਪਾਲ ਸਿੰਘ ਡਾਲਟਨ ਗੰਜ-76,98,163, 21. ਕਾਦਰ ਬਖ਼ਸ਼ (ਤਬਲਾ)-85, 22. ਕਿਸ਼ਨ ਮਹਾਰਾਜ (ਤਬਲਾ)-87,90,95,96,104,108, 111,261, 23. ਕੁਮਾਰ ਗੰਧਰਵ-88, 24. ਕੁਲਦੀਪ ਸਿੰਘ/ਹਰਭਜਨ ਸਿੰਘ-119, 25. ਕਮਲਦੀਪ ਸਿੰਘ/ਹਰਭਜਨ ਸਿੰਘ-119, 26. ਕੁਲਦੀਪ ਸਿੰਘ-146, 27. ਕਰਤਾਰ ਸਿੰਘ ਪ੍ਰਾਗੋਸ-146,264, 28. ਕ੍ਰਿਸ਼ਨ ਭਾਰਦ੍ਵਾਜ-154, 29. ਕੇਵਲਜੀਤ ਸਿੰਘ-159,264, 30. ਕਰਤਾਰ ਸਿੰਘ ਜੰਮੂ-168, 31. ਕੇਸਰ ਸਿੰਘ ਗਿ:-169, 32. ਕਿਰਪਾਲ ਸਿੰਘ ਕਸੇਲ-169, 33. ਕਰਤਾਰ ਸਿੰਘ ਬਿਜਲੀਵਾਲ-173, 34. ਕਰਮ ਕੌਰ-ਬਿਜਲੀਵਾਲ-173, 35. ਕਰਤਾਰ ਸਿੰਘ ਜਬਾਂਵਾਲੀਆ-174,175, 36. ਕੁਲਵੰਤ ਕੌਰ ਧਰੂ-200,256,320, 37. ਕੇਸਰ ਸਿੰਘ ਕਾਨ੍ਹਪੁਰ-204,205, 38. ਕ੍ਰਿਪਾਲ ਸਿੰਘ ਨਾਰੰਗ-209, 39. ਕੇ. ਐਸ. ਕਾਮਰਾ-



Sri Satguru Jagjit Singh Ji Elibrary NamdhariElibrary@gmail.com

218, 40. ਕਸ਼ਮੀਰਾ ਸਿੰਘ ਮਿ:-220, 41. ਕਰਤਾਰ ਸਿੰਘ ਹੈਦਰਾਬਾਦ-233, 42. ਕਰਤਾਰ ਸਿੰਘ ਗਿਆਨੀ-235, 43: ਕ੍ਰਿਸ਼ਨ ਸਿੰਘ ਬਾਜਵਾ-246, 44. ਕਰਤਾਰ ਸਿੰਘ ਸੂਬਾ ਜੀ-252, 45. ਕੇਹਰ ਸਿੰਘ ਹਮਰਾਹੀ-256,259,261, 323, 46. ਕਰਤਾਰ ਸਿੰਘ ਪਥਰਾਂ ਵਾਲਾ-264, 47. ਕਿਰਪਾਲ ਕੌਰ/ਕਿਰਪਾਲ ਸਿੰਘ-264, 48. ਕਰਤਾਰ ਸਿੰਘ ਰਾਏਕਾ-264,293,295,321, 49. ਕਨ੍ਹਈਆ ਸਿੰਘ ਕੁਲਾਣੀ-280, 50. ਕੇਸਰ ਸਿੰਘ ਸੰਤ ਮੁਹਾਣਾ-305, 51. ਕੁਲਦੀਪ ਸਿੰਘ ਕਕਰਾਲਾ-314, 52. ਕਵਿਤਾ-318,

ਖ

1. ਖਜ਼ਾਨ ਸਿੰਘ ਰਾਗੀ-36,39,54,56, 76,110,166,171,176,251, 2. ਖਜ਼ਾਨ ਸਿੰਘ ਕੈਂਥਲ-66, 3. ਖਜ਼ਾਨ ਸਿੰਘ ਖਾਰਾ-165,

ਗ

* ਗੋਬਿੰਦ ਸਿੰਘ ਸਤਿਗੁਰੂ ਜੀ-29,30, 89,147,164,239,241,243,259, 1. ਗੁਰਦੇਵ ਸਿੰਘ ਸਰੌਦ-9,10,12,16, 23,47,48,49,50,53,54,55,59,61, 64,70,71,72,87,92,94,97,98, 110,112,117,132,133,134,137, 138,147,151,177,178,179,180, 210,211,214,217,226,255,271, 282,283,287,290,291,292,298, 299,302,316,320, 2. ਗੁਰਬਖਸ਼ ਸਿੰਘ ਪ੍ਰੀਤਮ-10,79, 3. ਗੁਰਦੀਪ ਸਿੰਘ ਰਾਵਲਾ-10, 4. ਗੁਰਦਿਆਲ ਸਿੰਘ ਕੂੰਬੀ-15, 5. ਗੁਰਦੀਪ ਸਿੰਘ ਢੇਲਾ-15, 6. ਗੋਪਾਲ ਸਿੰਘ ਪੰ ਸ਼ਿਤ-15,40,44,46,48,51,57,152,160, 161,163,174,176,183,192,195, 251,252,253,291, 7. ਗਿਆਨ ਸਿੰਘ ਖਾਰੇਵਾਲਾ-15, 8. ਗੁਰਭਜਨ ਸਿੰਘ-16,47,87,137,138,203,267, 269,297,305,308,314,316,322, 9 ਗੁਰਮੁਖ ਸਿੰਘ ਤਰਾਈਵਰ-16,18,19, 23,158,200,264,294,300,309, 10. ਗੁਲਜ਼ਾਰ ਸਿੰਘ-19,20,34,35, 42,70,142,174,229,255,291, 11. ਗੁਰਚੇਨ ਸਿੰਘ ਕਲੇਰਾ-20,21,22,278, 12. ਗੁਰਦੇਵ ਸਿੰਘ ਮਦਾਨ-34,55,79, 13. ਗੁਰਬਚਨ ਸਿੰਘ ਚੱਟੀਆਂ-39, 14. ਗੁਰਦਿਆਲ ਸਿੰਘ ਮਿਸਤਰੀ-41, 15. ਗੁਰਦਿਆਲ ਕੌਰ/ਮੇਤਾ ਸਿੰਘ-48, 51; 16. ਗੁਰਬਚਨ ਸਿੰਘ ਮੌਨਾ-50, 17. ਗੁਰਨਾਮ ਸਿੰਘ ਲਾਂਗਰੀ-50,51,115, 18. ਗੁਰਬਖਸ਼ ਸਿੰਘ ਮੇਤ ਨਗਰ-50, 19. ਗਿਆਨ ਸਿੰਘ-ਦਾਨ ਸਿੰਘ-51,66, 141,160,251, 20. ਗੁਰਬਖਸ਼ ਸਿੰਘ ਹਰਸੀ-51, 21. ਗੁਰਮੁਖ ਸਿੰਘ ਖਾਰਾ-51, 22. ਗੁਰਦੇਵ ਕੌਰ ਮੌਜੂਖੇੜਾ-53, 23. ਗੁਰਨਾਮ ਕੌਰ ਬੀਬੀ-53,115, 24. ਗੁਲਾਮ ਕਿਬਰੀਆ-64, 25. ਗਿਆਨ ਸਿੰਘ ਕੈਥਲ-66,67, 26. ਗੁਲਾਬ ਸਿੰਘ ਸ਼ਾਹਜਹਾਨਪੁਰ-67,68, 27. ਗੁਰਬਖਸ਼ ਸਿੰਘ ਪੰਜਲ-69, 28. ਗੁਰਪ੍ਰੀਤ ਸਿੰਘ ਪੰਜਲ-70, 29. ਗੋਪਾਲ ਚੱਟੋਪਾਧਿਆਇ-80, 30. ਗੁਰਦੀਪ ਸਿੰਘ ਢੰਡਾ-91, 31. ਗੋਪਾਲ ਸਿੰਘ ਬਨਾਰਸ-91,110, 32. ਗੁਰਚਰਨ ਸਿੰਘ ਤਰਾਈਵਰ-92,266, 33. ਗੁਰਦੇਵ ਸਿੰਘ ਡਾਸਟਨ ਕੇਜ-94; 34. ਗੋਪਾਲ ਚਕਰਵਰਤੀ (ਸਿਤਾਰ)-95, 35. ਗੋਪਾਲ ਕ੍ਰਿਸ਼ਨ (ਵੀਣਾ)-105, 36. ਗੁਰਮੀਤ



Sri Satguru Jagjit Singh Ji Elibrary NamdhariElibrary@gmail.com

ਸਿੰਘ/ਹਰਭਜਨ ਸਿੰਘ-113, 37. ਗੁਰਬਖਸ਼ ਸਿੰਘ ਸੇਕ-118, 38. ਗੁਰਬਚਨ ਕੌਰ/ਹਰਭਜਨ ਸਿੰਘ-118, 39. ਗੁਰਦੀਪ ਸਿੰਘ/ਹਰਭਜਨ ਸਿੰਘ-119, 40. ਗੁਲਾਮ ਅਲੀ ਖਾਂ ਬੜੇ-126, 41. ਗੁਰਮੁਖ ਸਿੰਘ ਲੁਹਾਰਾ-137, 42. ਗੋਭਾ ਸਿੰਘ ਸੂਬਾ ਜੀ-139, 219, 269, 295, 43. ਗੁਰਦਰਸ਼ਨ ਸਿੰਘ ਰਾਜੌਰੀ ਗਾਰਡਨ-139, 44. ਗੁਰਬਖਸ਼ ਸਿੰਘ ਸੂਬਾ ਜੀ-140, 45. ਗੁਰਦੀਪ ਸਿੰਘ ਹੁਸ਼ਿਹਰਾ-142, 46. ਗੁਰਮੀਤ/ਗੁਰਦੇਵ ਸਿੰਘ-151,271, 288, 47. ਗੁਰਦੀਪ ਸਿੰਘ ਬੱਲ-153, 48. ਗੁਰਮੀਤ ਕੌਰ/ਬੱਲ-153, 49. ਗੁਰਬਖਸ਼ ਸਿੰਘ ਪ੍ਰੀਤ ਲੜੀ-154,245, 50. ਗਿਆਨ ਸਿੰਘ ਰਾੜੇਵਾਲਾ-159,

51. ਗੁਰਮੁਖ ਸਿੰਘ ਜੜ੍ਹਾਂਵਾਲੀਆ-160, 174, 52. ਗੁਰਦੀਪ ਸਿੰਘ ਜਥੇ: ਦਿੱਲੀ-167,268, 53. ਗੁਰਿੰਦਰ/ਸ਼ਮਸ਼ੇਰ ਸਿੰਘ-172, 54. ਗੋਪਾਲ ਸਿੰਘ ਬਿਜਲੀਵਾਲ-173, 55. ਗੁਰਬਚਨ ਕੌਰ/ਕਵੀ-204,256,321, 56. ਗੁਰਮੁਖ ਸਿੰਘ/ਰੇਸ਼ਮ ਸਿੰਘ-209, 57. ਗਿਆਨ ਸਿੰਘ ਮੰਡੀ-222, 58. ਗੌਰੀ ਸ਼ੰਕਰ ਵੈਦ-231, 59. ਗਾਂਧੀ ਮਹਾਤਮਾ-240,274,284, 60. ਗੋਬਨ-240, 61. ਗੁਰਦਿਆਲ ਸਿੰਘ ਮਹਾਰਾਜ-243, 244, 62. ਗੰਗੇਸ਼ਵਰਾਨੰਦ ਪੰ:-244, 63. ਗੁਰਚਰਨ ਸਿੰਘ ਠੇਕੇਦਾਰ-247, 249,253, 62. ਗੁਰਮੇਜ ਸਿੰਘ ਐਮ. ਐਲ. ਏ.-249, 63. ਗੁਰਬਚਨ ਸਿੰਘ ਰੰਡੇ-251, 64. ਗੁਰਬਚਨ ਸਿੰਘ ਜਥੇਦਾਰ-253, 65. ਗੁਰਚਰਨ ਸਿੰਘ ਹਾਂਗਕਾਂਗ-268, 66. ਗੁਰਦੇਵ ਸਿੰਘ ਕਿੰਗਰ-270, 67. ਗੁਰਨਾਮ ਸਿੰਘ/ਦਇਆ ਸਿੰਘ-270, 68. ਗਣੇਸ਼ਾ ਸਿੰਘ ਪਖਤੂਨ-286, 69. ਗੁਰਮੀਤ/ਉਜਾਗਰ ਸਿੰਘ-303, 70. ਗੁਰਚਰਨ ਸਿੰਘ ਲਖਨਊ-303, 71. ਗੁਰਚਰਨ ਸਿੰਘ ਵੋਹਰਾ (ਸੇਵਕ)-310,311, 72. ਗੁਰਚਰਨ ਸਿੰਘ ਨਾਭਾ ਮਹਾਰਾਜ-213, 73. ਗੁਰਮੁਖ ਸਿੰਘ ਸਚਦੇਵ-322,

ਚ

1. ਚੰਦ ਕੌਰ ਮਾਤਾ ਜੀ-10,32,51, 60, 140,167,304, 2. ਚਰਨ ਸਿੰਘ ਭਾਈ ਨਗਰ-15, 3. ਚਰਨਜੀਤ ਕੌਰ/ਹੰਸਪਾਲ-16,319, 4. ਚਾਰਲਸ ਨੇਨੇ-20,21,24, 5. ਚਤਰ ਸਿੰਘ ਰੂਪ-34, 160,163,169, 6. ਚਰਨ ਸਿੰਘ ਚੱਢਾ ਕਾਰਮ-63,66, 7. ਚੰਦ੍ਰ ਮੋਹਨ (ਡਾਬਲਾ)-80, 8. ਚਤੁਰ ਭੁਜ ਰਾਠੌਰ-81,82,83,84,85,93, 9. ਚਰਨ ਸਿੰਘ ਜੰਮੂ-115,177, 10. ਚਰਨਜੀਤ/ਸ਼ੇਰ ਸਿੰਘ-207, 11. ਚੇਨਣ ਸਿੰਘ ਰਘੁ: ਨਗਰ-233, 12. ਚਰਨਜੀਤ ਸਿੰਘ/ਨਿਹਾਲ ਸਿੰਘ-240, 269, 13. ਚਰਨ ਸਿੰਘ ਚੌਧਰੀ-284,

ਛ

1. ਛੈਣਿਆਂ ਵਾਲਾ ਬਾਬਾ-78, 2. ਛੱਲੀ-300,

ਜ

1. ਜਗਜੀਤ ਸਿੰਘ ਸਤਿਗੁਰੂ ਜੀ-9,14,15,24,25,28,31,32,39,49, 52,54,56,61,66,73,74,86,92, 109,112,116,125,128,136,152, 159,166,169,173,184,193,195, 202,204,205,212,215,216,223, 235,244,245,246,260,265,268,



Sri Satguru Jagjit Singh Ji Elibrary NamdhariElibrary@gmail.com

270,283,289,291,293,296,302, 2. ਜੁਗਿੰਦਰ ਸਿੰਘ ਖਿਆਲਾ-11, 3. ਜਸਵੰਤ ਸਿੰਘ ਗਿਆਨੀ-19,64,115, 120,129,130,131,139,146,149, 219,269,295,297, 4. ਜੋਧੇ ਰਹਿਆਣਾ-21, 5. ਜਗਦੀਸ਼ ਸਿੰਘ 'ਵਰਿਆਮ'-31,43,62,73,77,152, 153,154,218,241,242,247,251, 253,261,264,265,271,278,279, 282,300,310,314, 6. ਜੀਊਣ ਸਿੰਘ ਕਵੀਸ਼ਰ-40,42,48, 7. ਜਸਵੰਤ ਸਿੰਘ ਕੱਲ੍ਹਾ-54,115,127,141,177, 8. ਜੰਗ ਸਿੰਘ ਲਖਨਊ-55,58,79,98, 111,321, 9. ਜਸਬੀਰ ਸਿੰਘ ਲਖਨਊ-67, 10. ਜਸਬੀਰ ਕੌਰ/ ਕਰਤਾਰ ਸਿੰਘ-67, 11. ਜਸਬੀਰ ਸਿੰਘ ਧੰਜਲ-70, 12. ਜਿਊਣ ਸਿੰਘ ਸਿਰਹਾਲੀ-78, 13. ਜਸਪਾਲ ਸਿੰਘ ਖਿੱਲਾ-84,177, 14. ਜੁਗਿੰਦਰ ਸਿੰਘ/ ਕਰਮਜੀਤ ਸਿੰਘ-99, 15. ਜਸਬੀਰ ਸਿੰਘ ਕਾਨ੍ਹਪੁਰ-113, 16. ਜਸਬੀਰ ਸਿੰਘ ਡਾ: ਬਨਾਰਸ-113, 17. ਜਸਮੀਤ ਕੌਰ ਕਲਕੱਤਾ-114,115,117,122, 124,126,130, 18. ਜਗਦੀਸ਼ ਕੌਰ/ ਹਰਭਜਨ ਸਿੰਘ, 19. ਜਗਜੀਤ ਸਿੰਘ ਪੁਰਮੇਨ-128, 20. ਜਸਪਾਲ ਸਿੰਘ ਪ੍ਰਧਾਨ-132,293,295,300,321, 21. ਜੀਤ ਕੌਰ/ਪਿਆਰਾ ਸਿੰਘ-133, 22. ਜਗਜੀਵਨ ਰਾਮ ਕੇਂਦਰੀ ਮੰਤਰੀ-136; 215,216,233,234,235,236,284, 23. ਜਗਤ ਸਿੰਘ-ਮਖਣ ਸਿੰਘ ਅਜਨਾਲਾ-139, 25. ਜਵਾਹਰ ਸਿੰਘ ਮਿਰਗੇਵਾਲੀਏ-143, 26. ਜਸਵੰਤ ਸਿੰਘ ਜੱਜ-145, 27. ਜਗਜੀਤ ਸਿੰਘ ਡਾ:-147 28. ਜੁਗਿੰਦਰਕੌਰ/ਮਨਜੀਤ ਸਿੰਘ-151, 214, 294. 29. ਜਗਤ ਸਿੰਘ ਖੱਡੂਵਾਲੀਏ-152,155, 30. ਜਗਜੀਤ ਸਿੰਘ ਅਨੰਦ-154,235. 31. ਜਸਵੰਤ ਰਾਇ "ਰਾਇ"-158. 32. ਜਿਊਣ ਸਿੰਘ ਚਿੱਟੀ-169, 33. ਜਾਗੀਰ ਸਿੰਘ ਅਮਰੀਕਾ-174,175, 34. ਜਗਦੀਪ ਕੌਰ ਕੈਨੇਡਾ-195, 35. ਜਗਤਾਰ ਸਿੰਘ ਪਨਿਹਾਰੀ-202,206,211,227,229, 233, 36. ਜਸਵਿਰਣ/ਗੁਰਦੇਵ ਸਿੰਘ-214, 37. ਜੀਤੋ-216, 38. ਜਸਪਾਲ ਸਿੰਘ ਵਿਦਰ-227, 39. ਜਰਨੈਲ ਸਿੰਘ-236, 40. ਜੈ ਪ੍ਰਕਾਸ਼ ਨਰਾਇਣ-245,284,285, 41. ਜਸਵਿੰਦਰ ਸਿੰਘ ਐਮ. ਏ.-253, 42. ਜਗਦੀਸ਼ ਸਿੰਘ ਸਰਾਫ਼-261, 43. ਜੁਗਿੰਦਰ ਸਿੰਘ ਜੈਮਨ-269, 44. ਜਗਦੀਸ਼ ਸਿੰਘ ਨਾਗ-270, 45. ਜੈਮਲ ਸਿੰਘ/ਦਲੀਪ ਸਿੰਘ-270, 46. ਜੁਗਿੰਦਰ ਸਿੰਘ ਹੰਸਪਾਲ-296, 47. ਜਸਬੀਰ ਸਿੰਘ ਦਿੱਲੀ-294, 48. ਜਸਵੰਤ ਸਿੰਘ ਹੈਲਥ-293, 49. ਜਗਮੋਹਣ ਸਿੰਘ ਪੰਡਿਤ-316, 50. ਜਗਦੀਸ਼ ਸਿੰਘ ਡਾਕਟਰ-317, 319, 51. ਜਵਾਹਰ ਸਿੰਘ ਕਾਲੇਕਾ-321,


ਟ-ਡ


1, ਟੈਗਨ ਡੇਰੇਵਾਲ-113,116, 2. ਟਹਿਲ ਸਿੰਘ ਜੈ: ਸਾ:-155,220,

1. ਡੈਨੀਅਲ ਆਰਪ ਮੋਈ-19,20,21,


ਤ


0 ਤੇਗ ਬਹਾਦਰ ਸਤਿਗੁਰੂ ਜੀ-228, 1. ਤਰਲੋਕ ਸਿੰਘ ਸੇਠ-10,64,79,136, 137,148,160,163,171,193,194, 196,198,203,207,213,215,217,




Sri Satguru Jagjit Singh Ji Elibrary NamdhariElibrary@gmail.com

224,227,233,234,264,269,270, 272,278,282,285,290,312,317, 320,322, 2. ਤਰਸੇਮ ਸਿੰਘ ਸਕੱਤਰ-10, 26,34,35,42,53;59,60,62,67,73, 107,153,161,165,220,229,251, 253,260,261,264,268,269,270, 272,289,294,295,297,302, 3. ਤੁਲਸੀ ਰਾਮ ਡੀ ਪੀ.ਆਈ -31, 4. ਤੀਰਥ ਰਾਮ ਸ਼ਰਮਾ-38,147,182, 5. ਤਾਰਾ ਸਿੰਘ ਐਡਵੋਕੇਟ-42, 6. ਤਾਰਾ ਸਿੰਘ ਬਰਮਿੰਘਮ-159,161,218, 7. ਤਰਲੋਕ ਸਿੰਘ ਆਰੇ ਵਾਲਾ-206,210, 8. ਤਾਰਾ ਸਿੰਘ ਮਾਸਟਰ-209, 9. ਤਰਲੋਕ ਸਿੰਘ ਡਾ:-231,304,317,318, 10. ਤਰਨ ਸਿੰਘ ਵਹਿਮੀ-241, 11. ਤਰਨ ਸਿੰਘ ਭਾਵਲਾ-293, 12. ਤੀਰਥ ਸਿੰਘ ਹੰਸਪਾਲ-303.

ਦ

* ਦਰਸ਼ਨ ਸਿੰਘ ਜੀ ਮਹਾਰਾਜ-59,62, 1. ਦਲੀਪ ਸਿੰਘ ਠਾਕੁਰ-10,16,17,22, 23,43,53,54,56,68,79,92,115, 120,127,128,137,149,151,155, 157,161,167,177,231,233,261, 266,272,276,302,314, 2. ਦੀਪ ਸਿੰਘ-13,15, 3. ਦਰਸ਼ਨ ਸਿੰਘ ਸਰਵੇਕ-18,211,295, 4. ਦਰਸ਼ਨ ਸਿੰਘ ਸੂਬਾ ਜੀ-21, 5. ਦਇਆਨੰਦ ਸਵਾਮੀ-29, 6. ਦਲੀਪ ਸਿੰਘ 'ਨਿਰੀਖਿਅਕ'-31, 7. ਦਲੀਪ ਕੌਰ ਬੇਬੇ ਜੀ-32,53,115,233,303, 8. ਦਰਸ਼ਨ ਸਿੰਘ ਰਾਗੀ-36, 9. ਦੇਵੀ ਲਾਲ ਚੌਧਰੀ-37, 10 ਦਲੀਪ ਸਿੰਘ ਜਥੇਦਾਰ-39, 46,51,65,163,165,192,268, 11. ਦਲੀਪ ਸਿੰਘ ਜਮਨਾ ਨਗਰ-51,53, 12. ਦਰਸ਼ਨ ਸਿੰਘ ਲਖਨਊ-85, 13. ਦੀਪਕ ਸਰੂਪ (ਰਾਮਲਾ)-88, 14. ਦੀਵਾਨ ਸਿੰਘ ਸੂਬਾ ਜੀ-113, 15. ਦਿੱਪੀ/ਚਰਨ ਸਿੰਘ-115, 16. ਦੇਵਿੰਦਰ ਸਿੰਘ ਕਲਕੱਤਾ-118, 17.ਦਲਜੀਤ ਕੌਰ/ ਹਰਭਜਨ ਸਿੰਘ-119, 18. ਦਲੀਪ ਸਿੰਘ ਲੁਧਿ:-138, 19. ਦੀਵਾਨ ਸਿੰਘ-146, 20 ਦਲਬੀਰ ਸਿੰਘ ਸ਼ਾਂਤੀ ਨਗਰ-206, 207, 21. ਦਰਸ਼ਨ ਸਿੰਘ ਡਾ: ਜੰ:-211, 321, 22. ਦਲਬੀਰ ਸਿੰਘ (ਡਾਰ ਬੁਕ)-219,226, 23. ਦਲੀਪ ਸਿੰਘ ਸਹਿਮਤਾ-220, 24. ਦਿਆਲ ਸਿੰਘ ਮਿਸਤਰੀ-220, 25. ਦਰਸ਼ਨ ਸਿੰਘ ਧਾਲੀਵਾਲ-229,230, 26. ਦੇਵਿੰਦਰ ਸਿੰਘ/ਮੋਹਣ ਸਿੰਘ-230, 27. ਦਇਆ ਨੰਦ ਚਿੱਟੀ-242,243, 28. ਦਸੌਂਧਾ ਸਿੰਘ ਸੂਬਾ ਜੀ-244, 29. ਦਲਬੀਰ/ਹਰਦਿਆਲ ਸਿੰਘ-247, 30. ਦਰਸ਼ਨ ਬਬਰ-247,249, 251,254, 31. ਦਰਸ਼ਨ ਸਿੰਘ ਮੰਤਰੀ-250, 32. ਦਿਆਲ ਸਿੰਘ ਮਹੂੰਵਾਲ-303, 33. ਦਲੀਪ ਸਿੰਘ ਹਿਸਾਰ-303,

ਧ

1. ਧਰਮ ਸਿੰਘ ਭਾਵਲਾ-10,20,125, 137,163,206,229,279, 2. ਧਰਮਵੀਰ ਸਿੰਘ-79,80,107,137, 138,149,205,206,247,248,288, 290,293,318,319, 3. ਧਿਆਨ ਕੌਰ/ਸ਼ੇਰ-118,122,127,137, 4. ਧਿਆਨ ਚੰਦ-122, 5. ਧੰਨਾ ਸਿੰਘ ਭੁਚਰਕ-193,194,196,197,199,200,202, 6. ਧਰਮ ਸਿੰਘ ਸੂਬਾ ਜੀ-252, 7. ਧਰਮੋ/ਸੁਰਜੀਤ ਸਿੰਘ-271.

ਨ

* ਨਾਨਕ ਜੀ ਸਤਿਗੁਰੂ-259, 1. ਨੰਦਿਪ



Sri Satguru Jagjit Singh Ji Elibrary NamdhariElibrary@gmail.com

ਸਿੰਘ ਸੇਠ-10, 2. ਨਿਰਮਲ ਸਿੰਘ ਦਿੱਲ.-10,11, 3. ਨੇਮੀ ਸ਼ਰਣ ਮਿੱਤਲ-16, 4. ਨਰਿੰਦਰ ਸਿੰਘ ਸੋਢੀ-18, 5. ਨਿਹਾਲ ਸਿੰਘ ਜੀ ਮਹਾਰਾਜ-23,266,278, 6. ਨਿਰੰਜਨ ਸਿੰਘ ਬਾਵਾ-33, 7. ਨੱਥਾ ਸਿੰਘ ਉਮਰਾਵ-34,192, 8. ਨਾਨਕ ਸਿੰਘ-35, 9. ਨਿਰੰਜਨ ਸਿੰਘ ਕੱਕੜ-40,46,50,55,57,63,140,251, 10. ਨਰਾਇਣ ਸਿੰਘ ਜਲੰਧਰ-43, 11. ਨਰਿੰਦਰ ਸਿੰਘ ਪ੍ਰਕਾਸ਼ ਪ੍ਰੈਸ-50, 12. ਨਰਿੰਦਰ ਕੌਰ/ਸੰਤ ਸਿੰਘ-51, 13. ਨਰਿੰਜਨ ਬੀਬੀ-54,115,141,148,177,249, 14. ਨਿਹਾਲ ਸਿੰਘ ਭਾਈ (ਤਬਲਾ)-57,74,85,89,92,93,106,177,299, 15. ਨਾਹਰ ਸਿੰਘ ਜਥੇ:-57,64, 16. ਨਰਾਇਣ ਸਿੰਘ ਬਾਬੂ-68, 17. ਨੰਦਾ ਕਲਕੱਤਾ-119, 18. ਨਰਿੰਦਰ ਕੌਰ ਭਾਣੀ-129,130, 19. ਨੰਦ ਸਿੰਘ ਜਲੰਧਰ-153, 20. ਨਿਰਲੇਪ ਕੌਰ-159, 21. ਨਿਰੰਜਨ ਸਿੰਘ ਕਹੋਰ-159, 22. ਨਸੀਰ ਭਾਈ-179,182, 23. ਨਜਾਕਰ ਅਲੀ (ਕਾਦਿਰ)-181,182, 24. ਨਿਰੰਜਨ ਸਿੰਘ ਰੇਤੂ-195, 25. ਨਿਧਾਨ ਸਿੰਘ ਆਲਿਮ-199,244,306, 26. ਨਰਿੰਦਰ ਸਿੰਘ ਮਨਚੰਦਾ-206,296, 27. ਨਿਹਾਲ ਸਿੰਘ ਮਾਸਟਰ-227,302, 28. ਨਰਾਇਣ ਸਿੰਘ ਢੇਰਾ-227, 29. ਨਰਿੰਦਰ ਸਿੰਘ ਕਰਨਲ ਕੋਰਟ-233, 30. ਨਿਰੰਕਾਰ ਸਿੰਘ ਚੇਤਨ-244, 31. ਨਾਹਰ ਸਿੰਘ ਐਮ.ਏ.-257,311,312, 32. ਨਿਹਾਲ ਸਿੰਘ ਹਿਸਾਰ-266,267,

ਪ

1. ਪ੍ਰਤਾਪ ਸਿੰਘ ਸਤਿਗੁਰੂ ਜੀ11,12,14,-23 27,28,34,36,38,40,47,49,54,59,62,64,66,69,71,72,73,79,86,95,108,109,125,135,143,145,159,167,169,173,176,182,195,196,199,208,221,222,224,243,244,247,260,261,280,287,288,294,297,312,313, 2. ਪਿਆਰਾ ਸਿੰਘ ਸੇਠ-10,23,210, 3. ਪ੍ਰੀਤਮ ਸਿੰਘ ਕਵੀ-14,17,23,32,44,88,98,110,127,129,253,269,290,301, 4. ਪ੍ਰਕਾਸ਼ ਕੌਰ/ਨਰੂਲਾ-23,210, 5. ਪੂਰਾ ਸਿੰਘ-35, 6. ਪ੍ਰੀਤਮ ਸਿੰਘ ਪੱਦਰੀ-42,160, 7. ਪ੍ਰੀਤਮ ਸਿੰਘ ਡਰਾਈਵਰ-42 43, 8. ਪਿਆਰਾ ਸਿੰਘ ਨਾਗ-46, 9. ਪ੍ਰੀਤਮ ਸਿੰਘ ਪੰਛੀ-47,56,64,88,134,174,317, 10. ਪ੍ਰਹਿਲਾਦ ਨਾਰਾਇਣ ਮਿਸਰਾ-49, 11. ਪਾਲਾ ਸਿੰਘ ਲਾਂਗਰੀ-50, 12. ਪ੍ਰੇਮ ਸਿੰਘ-53, 13. ਪ੍ਰੀਤਮ ਸਿੰਘ ਦੀਪਕ-64, 14. ਪ੍ਰਦੀਪ ਕੌਰ-65, 15. ਪ੍ਰੇਮ ਚਲਤ (ਤਬਲਾ)-74,92,105,299, 16. ਪੁਰਸ਼ੋਤਮ ਸਿੰਘ ਸੈ: ਨੈ:-79, 17. ਪਾਗਲ ਦਾਸ ਸਵਾਮੀ-81,82,83,84,85,86,92, 18. ਪ੍ਰਕਾਸ਼ ਠੇਕੇਦਾਰ-113, 19. ਪਿਆਰਾ ਸਿੰਘ ਨਾਗ ਸ਼ਹਿਨਾਈ-133,283,292, 20. ਪਿਆਰਾ ਸਿੰਘ ਰਮੇਸ਼ ਨਗਰ-133,250, 21. ਪਾਲ/ਸਿੰਧੂ-136,151, 22. ਪ੍ਰੀਤਮ ਸਿੰਘ ਬਾਲੀ ਨਗਰ-138,206,207,214,264,316, 23. ਪਿਆਰਾ ਸਿੰਘ ਰਾਣੀ ਪਿੰਡ-140, 24. ਪ੍ਰਿਥੀਪਾਲ ਸਿੰਘ ਰਾਮਗੜ੍ਹ-143,145,



Sri Satguru Jagjit Singh Ji Elibrary NamdhariElibrary@gmail.com

25. ਪਾਲਾ ਸਿੰਘ ਫੇਨੋਆਂ-146, 26. ਪ੍ਰਤਿਭਾ ਸੰਧੂ-151, 27. ਪਿਆਰਾ ਸਿੰਘ ਨਾਥ-161, 28. ਪ੍ਰਭੂ ਦੱਤ ਬ੍ਰਹਮਚਾਰੀ-162, 29. ਪ੍ਰੀਤਮ ਸਿੰਘ ਸਾਦੀਪੁਰ-173,210, 30. ਪ੍ਰਤਾਪ ਸਿੰਘ ਮੁੱਲਾ-203,204,215,216, 31. ਪ੍ਰੀਤਮ ਸਿੰਘ ਰੁਬਦੀ-253, 32 ਪਿਆਰੀ/ਸੁਰਜੀਤ ਸਿੰਘ ਸੇਠੀ, 33. ਪੂਰਨ ਕੌਰ/ਮਹਿੰਦਰ ਸਿੰਘ-226, 34. ਪਰਮਜੀਤ ਸਿੰਘ (ਚੌਲਾ ਸੂਟ)-219,226,309, 35. ਪ੍ਰੀਤਮ ਦਾਸ ਮਹੰਤ-243, 36. ਪ੍ਰੀਤਮ ਸਿੰਘ ਐਸ. ਡੀ. ਓ.-249,350, 37. ਪ੍ਰੀਤਮ ਕੌਰ ਲੰਗਰ ਜੀਵਿਕਾ-264, 38. ਪ੍ਰੀਤਮ ਸਿੰਘ ਪ੍ਰੋਫੈਸਰ-266 39. ਪੂਰਨ ਸਿੰਘ ਘੁੰਮਣ-278, 40, ਪ੍ਰੀਤਮ ਸਿੰਘ ਭਾਪਾ ਜੀ-281, 296,297, 41. ਪ੍ਰੀਤਮ ਸਿੰਘ ਪੰਥੀ-314,

ਫ

1. ਫੁੰਮਣ ਸਿੰਘ ਫੈਰਲ-12,293, 2. ਫੂਲਾ ਸਿੰਘ ਚਾਵਲਾ-79, 3. ਫਿਰਦੌਸੀ-266, 4. ਫਕੀਰ ਸਿੰਘ ਰਾਜਾ-298,

ਬ

1. ਬੀਰ ਸਿੰਘ ਮਹਾਰਾਜ-10,17,32, 34,36,39,42,56,59,61,70,72,73, 74,85,92,104,106,108,121,125, 127,137,139,158,160,162,171, 173,176,177,196,199,216,225, 233,234,270,300,302,303, 2. 2. ਬਲਵੰਤ ਸਿੰਘ ਸਾ: ਬਾਦ-13,279, 3. ਬੂਟਾ ਸਿੰਘ ਮਿੱਤਰ-13, 4. ਬਿਰਜੂ ਮਹਾਰਾਜ-16,86,95,96,149, 8. ਬਿਸ਼ਨ ਸਿੰਘ ਹਿਸਟੋਰੀਅਨ-33,34, 9. ਬੀਬਾ ਸਿੰਘ-35, 10. ਬਘੇਲ ਸਿੰਘ (ਸੰਤ)-40,41, 11. ਬਲਦੇਵ ਸਿੰਘ ਖੇੜੂ-43, 12. ਬਲਦੇਵ ਸਿੰਘ ਰਾਣੀਆਂ-43,83,110, 13. ਬਲਦੇਵ ਸਿੰਘ ਡਾ: ਕੈ:-40,53,57,76,98, 14. ਬੁੱਧਾ ਵਿਤਾ ਮੁਕਰਜੀ-53,64,70,75, 15. ਬੁੱਧ ਸਿੰਘ ਸ਼ੇਖੂਪੁਰ-58,204 16. ਬਖ਼ਤੌਰ ਸਿੰਘ ਧੰਜਲ-69, 17. ਬੇਅੰਤ ਕੌਰ/ਸੰਗ ਸਿੰਘ-79,98,111, 18. ਬਲਜੀਤ ਸਿੰਘ ਤਾਰ ਸ਼ਹਿਨਾਈ-80,83, 94,110,121,127,177, 19. ਬੈਰਨ ਚਾਰਲਸ ਹਿਊਗਲ-89, 20. ਬਚਨ ਸਿੰਘ ਕਲਸੀ-91, 21. ਬਲੋਗਨ ਬੇਗਮ-101, 22. ਬਲਵਿੰਦਰ ਸਿੰਘ ਠੇਕੇਦਾਰ-109,113, 23. ਬਲਦੇਵ ਸਿੰਘ ਸੇਵਕ-115,163,268,294, 295, 24. ਬਲਬੀਰ ਸਿੰਘ ਕਲਕੱਤਾ-118, 25. ਬੁੱਢਾ ਸਿੰਘ ਬੂਰੇ ਜੱਟ-139, 26. ਬਲਬੀਰ ਕੌਰ/ਸਵਰਨ ਸਿੰਘ-146,268, 27. ਬਲਬੀਰ ਕੌਰ/ ਟਹਿਲ ਸਿੰਘ-155, 28. ਬਲਕਾਰ ਸਿੰਘ ਸੇਵਕ-160,174,221,291, 29. ਬਲਵੰਤ ਸਿੰਘ ਲੁਹਾਰਾ-165, 30. ਬਸੰਤ ਸਿੰਘ ਬਾਜਵਾ-168,169, 31. ਬੇਅੰਤ ਸਿੰਘ ਸੇਖਲ-193, 32. ਬਲਵੰਤ ਸਿੰਘ ਸੰਧੀ-195, 33. ਬੂਟਾ ਸਿੰਘ ਸਾਬਕਾ ਮੰਤਰੀ-203, 35. ਬਲਵੰਤ ਸਿੰਘ ਬਾਲੀ ਨਗਰ-206,295,300, 36. ਬੂਟਾ ਸਿੰਘ ਬੰਦਲ-206,212,264, 267, 269, 37. ਬੀਰ ਸਿੰਘ ਮਹੰਤ-220, 38. ਬਲਵੰਤ ਸਿੰਘ/ਸੁੰਦਰ ਸਿੰਘ-221, 39. ਬਲਵੰਤ ਸਿੰਘ ਸੁੰਦਰ ਨਗਰ-232, 40. ਬ੍ਰਹਮ ਪ੍ਰਕਾਸ਼ ਚੌਧਰੀ-233, 234, 41. ਬਨਾਰਸੀ ਦਾਸ ਚਤੁਰਵੇਦੀ-240, 41. ਬਲਬੀਰ ਸਿੰਘ ਸਰੋ:-261,



Sri Satguru Jagjit Singh Ji Elibrary NamdhariElibrary@gmail.com

42. ਬਲਬੀਰ ਸਿੰਘ ਗਿਆਨੀ-264, 43. ਬਚਨ ਸਿੰਘ ਸਾਹਿਬਪੁਰਾ-267, 44. ਬੂਟਾ ਸਿੰਘ ਕਹਾਣੀਕਾਰ-269, 45. ਬਲਰਾਜ ਸਿੰਘ/ਮੋਹਰ ਸਿੰਘ-270, 46. ਬਲਬਾਰ ਸਿੰਘ/ਸੁਰੈਣ ਸਿੰਘ-270, 47. ਬਾਕਰ-274, 48. ਬਲਜੀਤ ਕੌਰ/ਢੱਲਣ ਜੀ-278, 49. ਬਸੰਤ ਕੌਰ/ਕਨ੍ਹੀਆ ਸਿੰਘ-280, 50. ਬਲਦੇਵ ਸਿੰਘ/ਬਲੀ ਸਿੰਘ-314, 51. ਬੂਕਨੇਦ (ਬੂਸੀ)-285, 52. ਬਲਬੀਰ ਸਿੰਘ ਸ਼ਾਮ ਨਗਰ-295, 53. ਬਿਸ਼ਨ ਸਿੰਘ ਬੇਲੇ ਕੇ-307, 54. ਬਖਸ਼ੀਸ਼ ਸਿੰਘ/ਮੰਗਲ ਸਿੰਘ-319, 320.

ਭ

1. ਭਗਵਾਨ ਸਿੰਘ-36, 2. ਭੁਪਿੰਦਰ ਕੌਰ ਸਪੁ: ਹਰਭਜਨ ਸਿੰਘ-50, 3. ਭੁਪਿੰਦਰ ਸਿੰਘ ਭੁਰਜੀ-114,115, 127,206,257,300,301,319, 4. ਭਾਗਵੰਤੀ/ਮੰਗਲ ਸਿੰਘ-146,302, 5. ਭੁਪਿੰਦਰ ਸਿੰਘ ਨਾ: ਚੌ:-227,269. 6. ਭਗਵਾਨ ਸਿੰਘ ਪਹੇਵਾ-246, 7. ਭਜਨੀਕ ਸਿੰਘ ਮੰਗੀ-261, 8. ਭੁਪਿੰਦਰ ਸਿੰਘ ਭਾਵੜਾ-277,290,291,310, 9. ਭੁਪਿੰਦਰ ਸਿੰਘ, ਸਿੰਘ ਸਾਹਿਬ 282, 316, 10. ਭੈਣਾ ਨਾਥ ਮਹਿਤਾ-309,

ਮ

1. ਮਨਧੀਰ ਸਿੰਘ ਜੇਠੂ-9,153,214, 294, 2. ਮਹਿੰਦਰ ਸਿੰਘ ਪੁਰਬਾ-10, 19,33,34,35,53,69,73,87,94, 98,105,116,139,156,163,231, 264,296,305,314, 3. ਮਨਜੀਤ ਕੌਰ/ਅਵਤਾਰ ਸਿੰਘ-13, 4. ਮੰਗਲ ਸਿੰਘ ਲਾਇਲਪੁਰੀ-14,264,268,319, 5. ਮਨਧੀਰ ਐਸ. ਐਸ.-14, 6. ਮਾਇਆ ਪਟਨਾ-14, 7. ਮੁਨੱਵਰ ਅਲੀ ਗਾਇਕ-16,74, 8. ਮਹਿੰਦਰ ਸਿੰਘ ਜੀ: ਨ.-39,41,141, 9. ਮੇਲਾ ਸਿੰਘ ਸੂਬਾ ਜੀ-40,44,51,55,253,305, 10. ਮਸਤਾਨ ਸਿੰਘ ਮੱਦੋਵਾਲੀ-40, 11. ਮੇਵਾ ਸਿੰਘ ਜਥੇਦਾਰ-42, 12. ਮਹਿੰਦਰ ਸਿੰਘ 17 ਓ-42,202, 13. ਮਹਿੰਦਰ ਸਿੰਘ ਹਲਵਾਈ-46,50, 14. ਮੋਹਣ ਸਿੰਘ ਗਾਇਕ-47,80,84,94, 110,127, 15. ਮਨਜੀਤ ਕੌਰ/ਸੰਤ ਸਿੰਘ-51, 16. ਮੋਹਰ ਸਿੰਘ ਸੇਵਕ-52,88,89,148, 17. ਮਹਿੰਦਰ ਸਿੰਘ ਸੂਬਾ ਜੀ-52,55, 18. ਮੋਹਣ ਸਿੰਘ ਗਿਆਨੀ-63, 19. ਮੇਲਾ ਸਿੰਘ ਸਬਲਪੁਰ-63, 20. ਮਹਿੰਦਰ ਸਿੰਘ ਭਿੱਠ-64,70,71,73, 21. ਮੋਹਣ ਸਿੰਘ ਜੇਨਰਲ-71, 22. ਮਹਿੰਦਰ ਸਿੰਘ ਡਾਲਟਨ ਗੰ:-76,321, 23. ਮਿਠਨ ਲਾਲ-80,83,
24. ਮਹਿੰਦਰ ਸਿੰਘ ਹੁਮਰੀ-84,92, 104,105,177,291, 25. ਮੁਸ਼ਤਾਕ ਅਹਿਮਦ-85, 26. ਮੁਕੁਲ ਸ਼ਿਵਪੁੱਤ੍ਰਾ-88, 27. ਮਨਜੀਤ ਸਿੰਘ ਸਚਦੇਵ-114, 28. ਮੋਹਣ ਸਿੰਘ ਪੁਲਮੈਨ-118,127, 128, 29. ਮੁਅਈਊਦੀਨ ਡਾਗਰ-119, 30. ਮਨਸਾ ਕੌਰ/ਪਿਆਰਾ ਸਿੰਘ-133, 31. ਮਹਿੰਦਰ ਸਿੰਘ ਬਾਲੀ ਨਗਰ-138,264,269,295, 32. ਮਹਿੰਗਾ ਸਿੰਘ ਕਾਨਪੁਰ-141, 33. ਮੋਹਨ ਜੀ ਸੰਤ-141, 34. ਮੱਘਰ ਸਿੰਘ ਨੁਸ਼ਹਿਰਾ-142, 35. ਮਹਿਰਾਜ ਸਿੰਘ-147, 36. ਮਲਕੀਤ ਸਿੰਘ ਕੈਨੇਡਾ-148, 37. ਮੋਹਾਂ ਸਿੰਘ ਸੂਬਾ ਜੀ-155, 38. ਮਹਿੰਦਰ ਕੌਰ ਗਿਆਨਣ-159, 39. ਮਹਿੰਦਰ ਸਿੰਘ



Sri Satguru Jagjit Singh Ji Elibrary NamdhariElibrary@gmail.com

ਯੂ.ਕੇ.-161, 40. ਮਹਿੰਦਰ ਸਿੰਘ ਨਲਕੀ-161, 41. ਮਨਭਦਰ ਸਿੰਘ-174, 42. ਮੇਲਾ ਰਾਮ ਮੁੰਡਲ-203, 204, 43. ਮਹਿੰਦਰ ਸਿੰਘ ਜਗਾਧਰੀ (ਬ: ਗ:)-206,226, 44. ਮਹਿੰਦਰ ਕੌਰ ਸਿਠਾਣੀ-207,213, 45. ਮੁਕੰਦ ਸਿੰਘ ਬੈਂਕਾਕ-210, 46. ਮੁਹੰਮਦ ਅਹਿਮਦ ਕਸੂਰੀ-216, 47. ਮਦਨ ਲਾਲ ਖੁਰਾਣਾ-227,228,229,268,269, 48. ਮਨਮੋਹਣ ਸਿੰਘ ਡਾ: ਦੇ:-227,269, 295, 49. ਮਨਜੀਅਤ ਕੌਰ/ਮਨਜੀਅਤ ਸਿੰਘ-230, 50. ਮੋਹਨ ਸਿੰਘ ਰੈਣ-ਬੈਕਸੀ-230, 51. ਮਹਿੰਦਰ ਸਿੰਘ ਬੌਂਡਾ-231, 52. ਮਾਇਆ ਦੇਵੀ/ਵਿਨਣ ਸਿੰਘ-233, 53. ਮਿਰਚਾ-240,271, 272, 273,276,286, 54. ਮੰਗਲ ਸਿੰਘ ਮਸਤਾਨਾ-244, 55. ਮਨੋਹਰ ਸਿੰਘ ਮੋਤੀ ਨਗਰ-251, 56. ਮੱਖਣ ਸਿੰਘ/ਹੀਰਾ ਸਿੰਘ-270, 57. ਮੋਹਣ ਸਿੰਘ ਸਮਰਾ-270, 58. ਮੁਹੰਮਦ ਨਬਵੀ-274,287, 59. ਮਦਨ ਲਾਲ ਮਾਂਦਾ-277,278, 60. ਮਹਿੰਦਰ ਪ੍ਰਤਾਪ ਰਾਜਾ-283,284, 61. ਮਦਨ ਮੋਹਨ ਮਾਲਵੀਆ-284, 62. ਮੁਰਾਰਜੀ ਡਾਈ-284, 63. ਮਨਜੀਤ ਸਿੰਘ ਕਨਾਗਨ-296, 64. ਮੋਤਾ ਸਿੰਘ ਹੰਸਪਾਲ-298, 65. ਮਹਿੰਦਰ ਕੌਰ/ਬਖਸ਼ੀਸ਼ ਸਿੰਘ-319, 66. ਮੇਹਰਬਾਨ ਸਿੰਘ ਧੁਪੀਆਂ-320,

ਯ

1. ਯਮਨ-102,151, 2. ਯੰਗ ਪਿਆਰ-227,228, 229,269,270, 3. ਯਾਦ-ਵਿੰਦਰ ਸਿੰਘ ਸੰਧੂ-317,

ਰ

1. ਰਾਮ ਸਿੰਘ ਸਤਿਗੁਰੂ ਜੀ-21,27,29, 34,42,53,57,59,62,65,74,78,79, 122,147,195,197,222,224,235, 239,240,243,257,283,287,312; 2. ਰਾਜਨ ਮਿਸ਼ਰਾ-12,71,80,282, 283,313, 3. ਰਘੁਬੀਰ ਸਿੰਘ ਭਰਾਈਦਰ-18,53,94,98,137,140,141, 4. ਰਾਜਿੰਦਰ ਸਿੰਘ ਭਾਟੀਆ-22,235, 5. ਰਘੁਬੀਰ ਕੌਰ/ਬਲਬੀਰ ਸਿੰਘ-39, 6 ਰਛਪਾਲ ਸਿੰਘ ਸੇਵਕ-39, 7. ਰੇਸ਼ਮ ਸਿੰਘ ਸੂਬਾ ਜੀ-43,53,69,159,209, 8. ਰਾਣੀ/ਰੇਸ਼ਮ ਸਿੰਘ ਜੀ-43,53,69, 159,209, 9. ਰਛਪਾਲ ਕੌਰ/ਸੇਠੀ-48, 55,62,70,111, 10. ਆਰ. ਜੀ. ਜਾਇਸਵਾਲ-50, 11. ਰਾਮ ਸਰਨ ਪ੍ਰੇਮ-64, 12. ਰਾਮ ਨਰੇਸ਼ ਯਾਦਵ ਮੁਖ ਮੰ:-72,73,74, 13. ਰਾਮ ਨਰਾਇਣ (ਸਾਰੰਗੀ)-85,86,90,91,92,93,250, 14. ਰਾਮ ਲਖਨ ਯਾਦਵ (ਤਬਲਾ)-95, 15. ਰਵੀ ਸ਼ੰਕਰ ਪੰ: (ਸਿਤਾਰ)-104, 16. ਰਛਪਾਲ ਸਿੰਘ/ਹਰਭਜਨ ਸਿੰਘ-113, 17. ਰਣਜੀਤ ਸਿੰਘ ਪੁਲਮੈਨ-118,127, 128,129,130, 18. ਰਾਮ ਕ੍ਰਿਸ਼ਨ ਪਰਮਹੰਸ-129, 19. ਰੈਦੂ/ਰਣਜੀਤ ਸਿੰਘ-129,130, 20. ਰਤਨ ਸਿੰਘ ਬਾਂਦਰਾਂ ਵਾਲੀ ਖੂਹੀ-139, 21. ਰਾਜਿੰਦਰ ਸਿੰਘ ਨਿਰਾਲਾ-158,303,305,311, 22. ਰਣਜੀਤ/ਸੁਰਿੰਦਰ ਸਿੰਘ-139,209, 23. ਰਜ਼ਾਕਤ ਅਲੀ-181, 24. ਰਤਨ ਸਿੰਘ/ਰੇਸ਼ਮ ਸਿੰਘ ਜੀ-209, 25. ਰਤਨ ਸਿੰਘ ਸੂਬਾ ਜੀ-227,236, 26. ਰਣਜੀਤ ਸਿੰਘ ਬਾਜਵਾ-246, 27. ਰਣਜੀਤ ਸਿੰਘ ਜੋਸ਼ਕੀਆਂ-295, 28. ਰਾਮ ਰੱਖੀ ਮਾਈ-293, 29. ਰੈਰਿਖ-323,



Sri Satguru Jagjit Singh Ji Elibrary NamdhariElibrary@gmail.com

ਲ

1. ਲੇਲੇ ਮਧੂਕਰ, ਰੇਡੀਓ ਇੰਚਾਰਜ-24, 55, 2. ਲਾਲ ਸਿੰਘ ਭੰਡਣਪੁਰ-33, 3. ਲਕਸ਼ਮਣ ਭੇਖਰੀ-157, 4. ਲੀਲਾ-ਵੰਤੀ ਸਰਦਾਰਨੀ-211, 5. ਲਛਮਣ ਦਾਸ ਮਹੰਤ-244, 6. ਲੀ ਸ਼੍ਰੀ (ਵੀਅਤ-ਨਾਮ)-258, 7. ਲਾਭ ਸਿੰਘ ਹੈਦਰਾਬਾਦ-296, 8. ਲਾਜਪਤ ਰਾਇ ਲਾਲਾ-307, 9. ਲਛਮਣ ਸਿੰਘ ਰਜਵਾੜਾ-309, 10. ਲਾਲ ਚੰਦ ਪੂਰਬੀ-322,323,

ਵ

1. ਵਿਸ਼ੇਸ਼ਰ ਸਿੰਘ ਵੈਲਸ਼-23,278, 2. ਵਿਰਜਾ ਨੰਦ ਸਵਾਮੀ-29, 3. ਵਲਾਇਤ ਖਾਂ ਉਸਤਾਦ-53,61,80,100,101, 102,103,104,106,109,122,137, 148;150,151,205,206,247,248, 4. ਵਰਿਆਮ ਸਿੰਘ ਮੁਸੱਵਰ-72,102, 281,297, 5. ਵਿਰਸਾ ਸਿੰਘ ਵਿਛੂ ਡਾ:-72,271, 6. ਵਰਿੰਦਰ ਕੌਰ/ਹਰਭਜਨ ਸਿੰਘ-113, 7. ਵੀਣਾ-115, 8. ਵਲੀ ਖਾਂ ਉਸਤਾਦ-124, 9. ਵਿਵੇਕਾ ਨੰਦ ਸਵਾਮੀ-129, 10. ਵਣਜਾਰ ਸਿੰਘ ਖਾਲਸਾ-164, 11. ਵੀਰ ਸਿੰਘ ਮਿਜਲੀ-ਵਾਲ-173, 12. ਵਲਾਇਤ ਅਲੀ ਉਸਤਾਦ-178,179, 13. ਵਿਨੋਬਾ ਭਾਵੇ ਸੰਤ-197, 14. ਵਜ਼ੀਰ ਸਿੰਘ ਪੰ: ਡਾ:-221,222,223,268, 15. ਵਜ਼ੀਰ ਸਿੰਘ ਭਾਈ-281,

ਸ਼

1. ਸ਼ਿਵਲਾਲ (ਲੇਖਕ)-25,26,27,28, 29,30,31, 2. ਸ਼ੇਰ ਸਿੰਘ ਕਰੋਲਿਆਂ ਵਾਲੀ-36, 3. ਸ਼ਿਆਮ ਸੁੰਦਰ ਦਿੱਲੀ-39, 4. ਸ਼ਰਨ ਸਿੰਘ ਸੰਤ-40, 5. ਸ਼ਾਮ ਸਿੰਘ ਸਰਹਾਲੀ-42, 6. ਸ਼ਿਵਾਨੀ (ਲੇਖਿਕਾ)-49,50, 7. ਸ਼ਿੰਗਾਰਾ ਸਿੰਘ ਸ: ਕ:-58,91,92,96,108, 8. ਸ਼ਿਵ ਕੁਮਾਰ ਸੰਤੂਰ-62,81,84, 9. ਸ਼ੇਰ ਸਿੰਘ ਰਾਬਲਾ-64,107,137,149,150,163, 206,207,265,266,271,279,290, 310, 10. ਸ਼ੁਜਾਤ-103, 11. ਸ਼ਿੰਗਾਰਾ ਸਿੰਘ ਪਿਆਰਾ ਸਿੰਘ-140, 12. ਸ਼ਿਆਮਲ ਚੌਧਰੀ-105, 13. ਸ਼ੇਰ ਸਿੰਘ ਗੁਜਰਾਂ ਵਾਲਾ-145, 14. ਸ਼ਮਸ਼ੇਰ ਸਿੰਘ ਪਟਿਆਲਾ-172, 15. ਸ਼ਰਾਫ਼ਤ ਅਲੀ (ਗਾਇਕ)-177,181, 16. ਸ਼ਮਸ਼ੇਰ ਸਿੰਘ ਠਾਕੁਰ ਜੀ-177,200,206,207,264, 295, 17. ਸ਼ੇਰ ਸਿੰਘ (ਤਬਲਾ)-177, 18. ਸ਼ਫ਼ਕਤ ਅਲੀ-181, 19. ਸ਼ਕੁੰਤਲਾ ਭੁਟਾਨੀ-211,212, 20. ਸ਼ਾਦੀ ਸਿੰਘ ਗਿਆਨੀ-219,245, 21. ਸ਼ਬੀਰ ਹੁਸੈਨ ਖੰਡਾਲ-225, 22. ਸ਼ਰਨਜੀਤ (ਜਸਵੰਤ ਸਿੰਘ ਗਿ:)-297, 23. ਸ਼ਮਸ਼ੇਰ ਬਹਾਦਰ ਸਿੰਘ ਡਾਕਟਰ-297,298,

ਗ਼

1. ਗ਼ੁਲਾਮ ਅੱਬਾਸ (ਤਬਲਾ)-184,185,

ਜ਼

1. ਜ਼ਾਕਿਰ ਹੁਸੈਨ (ਤਬਲਾ)-82,84, 2. ਜ਼ਿਲਾ-102,151, 3. ਜ਼ੁਲਫ਼ਕਾਰ ਅਲੀ ਭੁੱਟੋ-216,217, 4. ਜ਼ਿਆਉਲ-ਹੱਕ ਪ੍ਰੈਜ਼ੀਡੈਂਟ-216,217,

ਫ਼

1. ਫ਼ੱਯਾਜ਼ ਖਾਂ ਉਸਤਾਦ-126, 2. ਫ਼ੈਯਾਜ਼ ਹੁਸੈਨ-225,

□



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ਮੇਰੀ ਕਿਰਤ ਇਹ ਦਾਅਵਾ ਨਹੀਂ ਕਰ ਸਕਦੀ ਕਿ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜੀਵਨੀ ਦੇ ਸਾਰੇ ਪੱਖ ਸੰਜੋਅ ਰਖੇ ਹਨ। ਸਗੋਂ, ਹਕੀਕਤ ਇਹ ਹੈ ਕਿ ਜਦ ਕਦੇ ਸ੍ਰੀ ਸਤਿਗੁਰੂ ਜੀ ਦੀ ਨਿਕਟਤਾ ਨਸੀਬ ਹੋਈ ਹੈ, ਉਸ ਵੇਲੇ ਦੇ, ਮੇਰੇ ਸਨਮੁਖ ਬੀਤੇ ਪਲਾਂ ਨੂੰ ਸੰਭਾਲਣ ਦਾ ਹੀ ਯਤਨ ਹੈ ਮੇਰੀ ਇਹ ਲਿਖਤ।

ਸਤਿਗੁਰੂ ਜੀ ਦੀਆਂ ਵਿਸ਼ਾਲ ਸਰਗਰਮੀਆਂ, ਉਹਨਾਂ ਦਾ ਅਧਿਆਤਮ ਖੇਤਰ ਮੇਰਾ ਵਿਸ਼ਾ ਨਹੀਂ ਰਿਹਾ—ਮੈਂ ਤਾਂ ਉਨ੍ਹਾਂ ਦੀ ਸੰਸਾਰਿਕਤਾ ਹੀ ਸਵੀਕਾਰੀ ਹੈ।

ਥੋੜ੍ਹੇ ਪਲਾਂ ਦੀ ਇਕੱਤਰਤਾ ਹੀ ਉਨ੍ਹਾਂ ਦੇ ਚਰਿਤਰ ਦੇ ਅਨੇਕਾਂ ਪੱਖ ਉਜਾਗਰ ਕਰਦੀ ਤੇ ਇਕ ਇਤਿਹਾਸਕਤਾ ਸਿਰਜੀ ਜਾਂਦੀ ਹੈ। ਮੇਰੇ ਕਰਮ ਦਾ ਕੇਂਦਰੀ ਬਿੰਦੂ ਸਤਿਗੁਰੂ ਹਨ, ਫੇਰ ਸਮਾਜ ਅਤੇ ਫਿਰ ਦੀਨ ਦੁਨੀਆਂ... ਮੇਰੀ ਹੋਂਦ ਤਾਂ ਨਾਲ ਨਾਲ ਬਣੀ ਹੀ ਰਹਿੰਦੀ ਹੈ।

—ਪ੍ਰੀਤਮ ਸਿੰਘ ਕਵੀ

Sri Satguru Jagjit Singh Ji Elibrary NamdhariElibrary@gmail.com